# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਜਿਲਦ ਸਤਵੀਂ

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ

ਭਾਸ਼ਾ ਵਿਭਾਗ, ਪੰਜਾਬ

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਜਿਲਦ ਪਹਿਲੀ

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਦੀ ਪ੍ਰਸਤਾਵਨਾ)

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ

ਭਾਸ਼ਾ ਵਿਭਾਗ, ਪੰਜਾਬ

**SRI GUR PARTAP SURAJ GRANTH VOL. I** (in Punjabi)

**Kavi Churamani Bhai Santokh Singh**

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ ਪਹਿਲੀ

**ਕਵੀ ਚੂੜਾਮਣੀ ਭਾਈ ਸੰਤੋਖ ਸਿੰਘ**

© ਭਾਸ਼ਾ ਵਿਭਾਗ, ਪੰਜਾਬ

ਪਹਿਲੀ ਐਡੀਸ਼ਨ : 1989
ਦੂਜੀ ਐਡੀਸ਼ਨ : 2011
ਕਾਪੀਆਂ : 5000
ਕੀਮਤ : 129/- ਰੁਪਏ

1120 - ਹ.ਪੁ. - 1570

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ
ਛਾਪਕ : ਰਾਹਤ ਆਫਸੈਟ ਪ੍ਰਿੰਟਰਜ਼, ਸ਼ਾਪ ਨੰ: 5-6-7, ਆਜ਼ਾਦ ਮਾਰਕੀਟ, ਬੜਹੇੜੀ, ਸੈਕਟਰ 41-ਡੀ, ਚੰਡੀਗੜ੍ਹ
ਰਾਹੀਂ : ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ

# ਦੋ ਸ਼ਬਦ

ਇਹ ਗੱਲ ਸਰਵ-ਪ੍ਰਵਾਨਤ ਹੈ ਕਿ ਸਿਰਫ਼ ਉਹ ਭਾਸ਼ਾ ਹੀ ਸਦੀਵ ਕਾਲ ਤੱਕ ਰਹਿ ਸਕਦੀ ਹੈ ਜਿਸ ਦਾ ਆਪਣਾ ਅਮੀਰ ਸਾਹਿਤਕ ਵਿਰਸਾ ਹੋਵੇ। ਮਹਾਨ ਸਾਹਿਤਕਾਰਾਂ ਦੀਆਂ ਸ਼ਾਹਕਾਰ ਰਚਨਾਵਾਂ, ਜਿੱਥੇ ਉਸ ਭਾਸ਼ਾ ਨੂੰ ਪ੍ਰਣਾਏ ਜਨ-ਸਮੂਹ ਦੇ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਵਿਚ ਅਹਿਮ ਯੋਗਦਾਨ ਪਾਉਂਦੀਆਂ ਹਨ, ਉੱਥੇ ਇਤਿਹਾਸ ਨੂੰ ਵੀ ਇਕ ਅਤਿ-ਅਮੋਲਕ ਵਸਤੂ ਵਾਂਗ ਸਾਂਭਕੇ ਅਗਲੇਰੀਆਂ ਪੀੜ੍ਹੀਆਂ ਤੱਕ ਪਹੁੰਚਾਉਂਦੀਆਂ ਹਨ।

ਭਾਸ਼ਾ ਵਿਭਾਗ, ਪੰਜਾਬ ਨੇ ਆਪਣੇ ਮੁੱਢਲੇ ਦੌਰ ਤੋਂ ਹੀ, ਆਪਣੇ ਫਰਜ਼ਨੂੰ ਪਹਿਚਾਣ ਕੇ ਪੰਜਾਬੀ ਸਾਹਿਤ, ਸਭਿਆਚਾਰ ਅਤੇ ਇਤਿਹਾਸ ਦੇ ਵਿਕਾਸ ਦੇ ਨਾਲ ਨਾਲ ਪੰਜਾਬੀਅਤ ਦੇ ਪਾਸਾਰ ਵਿਚ ਵੀ ਅਹਿਮ ਯੋਗਦਾਨ ਪਾਇਆ ਹੈ। ਜਿੱਥੇ ਵਿਭਾਗੀ ਪੱਧਰ ਉਤੇ ਕਈ ਅਹਿਮ ਕੋਸ਼ ਤਿਆਰ ਕਰਕੇ ਪ੍ਰਕਾਸ਼ਿਤ ਕੀਤੇ ਗਏ ਹਨ ਅਤੇ ਕਈ ਤਿਆਰੀ/ਛਪਾਈ ਅਧੀਨ ਹਨ, ਉੱਥੇ ਪੰਜਾਬੀ ਸਾਹਿਤ ਦਾ ਥੰਮ ਕਹੇ ਅਤੇ ਪ੍ਰਵਾਨੇ ਜਾਂਦੇ ਲੇਖਕਾਂ ਦੀਆਂ, ਮੌਲਿਕ ਅਤੇ ਬੁਨਿਆਦੀ ਪੁਸਤਕਾਂ ਦਾ ਰੁਤਬਾ ਰੱਖਣ ਵਾਲੀਆਂ ਮਹੱਤਵਪੂਰਨ ਅਨੁਵਾਦਿਕ ਅਤੇ ਸੰਪਾਦਿਤ ਪੁਸਤਕਾਂ ਦਾ ਵੀ ਪ੍ਰਕਾਸ਼ਨ ਅਤੇ ਪੁਨਰ ਪ੍ਰਕਾਸ਼ਨ ਕਰਨ ਦਾ ਉਪਰਾਲਾ ਕੀਤਾ ਜਾਂਦਾ ਹੈ। ਇਸ ਪਾਸੇ ਕੰਮ ਕਰਦਿਆਂ, ਵਿਭਾਗ ਨੇ ਬਹੁਤ ਸਾਰੀਆਂ ਦੁਰਲੱਭ ਅਤੇ ਸ਼ਾਹਕਾਰ ਪੁਸਤਕਾਂ ਦਾ ਪ੍ਰਕਾਸ਼ਨ ਕਰਕੇ ਪੰਜਾਬੀ ਸਾਹਿਤ ਦੇ ਵਿਦਵਾਨ ਪਾਠਕਾਂ ਤੱਕ ਪਹੁੰਚਾਇਆ ਹੈ।

'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ', ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਦੀ ਕਲਮ 'ਚੋਂ ਉਪਜੀ ਵੱਡਮੁੱਲੀ ਪੁਸਤਕ ਹੈ। ਭਾਈ ਸਾਹਿਬ ਖੋਜੀ ਬਿਰਤੀ ਵਾਲੇ ਉੱਚ-ਪ੍ਰਤਿਭਾਸ਼ਾਲੀ ਅਤੇ ਮਹਾਂ-ਵਿਦਵਾਨ ਕਵੀ ਸਨ। ਕਈ ਭਾਸ਼ਾਵਾਂ ਦੇ ਗਿਆਤਾ ਭਾਈ ਸੰਤੋਖ ਸਿੰਘ ਜੀ ਜਿੱਥੇ ਆਪਣੀਆਂ ਰਚਨਾਵਾਂ ਨੂੰ ਕਲਾਤਮਕ ਚਮਤਕਾਰਾਂ ਨਾਲ ਭਰ ਦਿੰਦੇ ਸਨ ਉਥੇ ਹਰ ਤੱਥ ਦੇ ਅੰਤਿਮ ਸਿਰੇ ਤੱਕ ਪਹੁੰਚ ਕੇ ਉਸ ਦੀ ਖੋਜ ਪੜਤਾਲ ਕਰਦੇ ਸਨ। ਉਨ੍ਹਾਂ ਦੀ ਪ੍ਰਤਿਭਾ ਦੇ ਅਜਿਹੇ ਕਮਾਲ ਕਾਰਨ ਹੀ ਉਨ੍ਹਾਂ ਦੀਆਂ ਰਚਨਾਵਾਂ ਨੂੰ ਗ੍ਰੰਥ ਦਾ ਦਰਜਾ ਹਾਸਲ ਹੈ।

'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਭਾਈ ਵੀਰ ਸਿੰਘ ਜੀ ਦੁਆਰਾ ਸੰਪਾਦਿਤ ਕੀਤਾ ਗਿਆ ਧਾਰਮਿਕ, ਸਾਹਿਤਕ ਅਤੇ ਇਤਿਹਾਸਕ ਮਹੱਤਤਾ ਰੱਖਣ ਵਾਲਾ ਮੁੱਲਵਾਨ ਗ੍ਰੰਥ ਹੈ। ਇਹ ਗ੍ਰੰਥ, ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ ਕੀਤੇ ਗਏ 'ਗੁਰੂ ਨਾਨਕ ਪ੍ਰਕਾਸ਼' ਅਤੇ 'ਗੁਰ ਪ੍ਰਤਾਪ ਸੂਰਜ' ਦੋ ਮਹਾਨ ਰਚਨਾਵਾਂ ਨੂੰ ਸੰਗਠਿਤ ਕਰਕੇ ਤਿਆਰ ਕੀਤਾ ਗਿਆ ਹੈ। ਇਸ ਗ੍ਰੰਥ ਨੂੰ ਸ਼ਬਦੀਜਾਮਾ ਪਹਿਨਾਉਣ ਲਈ, ਭਾਈ ਸੰਤੋਖ ਸਿੰਘ ਜੀ ਹੋਰਾਂ ਨੂੰ ਵੀਹ ਵਰ੍ਹੇ ਲੱਗੇ ਸਨ।

ਭਾਸ਼ਾ ਵਿਭਾਗ, ਪੰਜਾਬ ਵੱਲੋਂ ਪੰਜਾਬੀ ਸਾਹਿਤ, ਸਭਿਆਚਾਰ ਅਤੇ ਇਤਿਹਾਸ ਦੇ ਖੋਜੀਆਂ, ਵਿਦਵਾਨਾਂ ਅਤੇ ਪਾਠਕਾਂ ਦੀ ਮੰਗ ਅਤੇ ਲੋੜ ਨੂੰ ਮੁੱਖ ਰੱਖਕੇ, 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦੀ ਇਹ ਐਡੀਸ਼ਨ ਮੁੜ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਇਸ ਗ੍ਰੰਥ ਦੀਆਂ 14 ਜਿਲਦਾਂ ਉਪਲੱਬਧ ਹਨ। ਉਮੀਦ ਹੈ ਪਾਠਕ ਵਿਭਾਗ ਦੇ ਇਸ ਉਪਰਾਲੇ ਤੋਂ ਭਰਪੂਰ ਲਾਭ ਉਠਾਉਣਗੇ।

ਬਲਬੀਰ ਕੌਰ
ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਸੂਚੀ ਪੱਤ੍ਰ


| ਵਿਸ਼ਯ | ਪੰਨਾ | ਵਿਸ਼ਯ | ਪੰਨਾ |
|---|---|---|---|
| **ਮੁੱਢਲੀ ਗੱਲ** | ੧ | ੧੦. ਕਵੀ ਜੀ ਦਾ ਮਹਾਰਾਜ ਭਾਈ ਉਦਯ ਸਿੰਘ ਜੀ ਨਾਲ ਸਨੇਹ। | ੧੨੨ |
| **੧. ਭੂਮਿਕਾ ਪਹਿਲੀ ਵੇਰ ਦੀ।** | ੯ | ੧੧. ਦੁੱਧੀਂ ਨਹਾਉਣਾ। | ੧੨੩ |
| ਭੂਮਿਕਾ ਦੂਜੀ ਵਾਰ ਦੀ। | ੨੩ | ੧੨. ਗ੍ਰੰਥ। | ੧੨੪ |
| ਭੂਮਿਕਾ ਤੀਜੀ ਵਾਰ ਦੀ। | ੨੫ | ੳ. ਨਾਮ ਕੋਸ਼। ਅ. ਨਾਨਕ ਪ੍ਰਕਾਸ਼। | ੧੨੪ |
| | | ੲ. ਗਰਬ ਗੰਜਨੀ। | ੧੨੫ |
| **੨. ਮੁਖਬੰਧ।** | ੨੭ | ਸ. ਵਾਲਮੀਕੀ ਰਾਮਾਯਣ। | ੧੨੬ |
| | | ਹ. ਆਤਮ ਪੁਰਾਣ ਦਾ ਟੀਕਾ। | ੧੩੩ |
| ਸਿੱਖ ਈਮਾਨ ਇਤਿਹਾਸ ਆਸ਼੍ਰਿਤ ਨਹੀਂ। | ੨੭ | ਕ. ਗੁਰ ਪ੍ਰਤਾਪ ਸੂਰਜ। | ੧੩੫ |
| | | ੧੩. ਕਵੀ ਜੀ ਦੇ ਹੋਰ ਰੁਝੇਵੇਂ। | ੧੩੫ |
| ਸਿਖ ਧਰਮ ਵਿਚ ਇਤਿਹਾਸ। | ੩੪ | ੧੪. ਦਿਨ ਚਰ੍ਯਾ। | ੧੩੬ |
| ਇਤਿਹਾਸ ਦੇ ਰੂਪ। | ੩੫ | ੧੫. ਚਰਚਾ। | ੧੩੭ |
| ੧. ਸਾਰੰਸ਼ਿਕ ਇਤਿਹਾਸ। | ੩੬ | ੧੬. ਗੁਰ ਪ੍ਰਤਾਪ ਸੂਰਜ ਗ੍ਰੰਥ। | ੧੩੮ |
| ੨. ਸਵਿਸਥਾਰਿਕ ਇਤਿਹਾਸ। | ੫੨ | | |
| ੩. ਵਿਗਯਾਨਿਕ ਇਤਿਹਾਸ। | ੫੬ | ੧੭. ਕਥਾ। | ੧੪੩ |
| ੪. ਕੋਮਲ ਉਨਰੀ ਇਤਿਹਾਸ। | ੫੭ | ੧੮. ਗੁ: ਪ੍ਰ: ਸੂ: ਕਿਸ ਪ੍ਰਭਾਵ ਹੇਠ ਲਿਖਿਆ ਗਿਆ? | ੧੪੬ |
| ੫. ਸਰਵ ਪ੍ਰਿਯ ਇਤਿਹਾਸ। | ੭੭ | | |
| ਜੀਵਨ ਕਥਾ ਸੰਬੰਧੀ। | ੮੪ | ੧੯. ਗ੍ਰੰਥ ਰਚਨਾਂ ਵਿਚ ਈਮਾਨਦਾਰੀ | ੧੫੧ |
| **੩. ਕਵੀ ਜੀ ਦਾ ਜੀਵਨ।** | ੮੬ | ੨੦. ਕਵੀ ਜੀ ਦੇ ਸਫਰ। | ੧੫੩ |
| ੧. ਜਨਮ ਭੂਮਿ। | ੮੬ | ੨੧. ਰਾਮਰਾਇ ਦੀਆਂ ਕਰਾਮਾਤਾਂ। | ੧੫੫ |
| ੨. ਵਿਦ੍ਯਾ-ਅੰਮ੍ਰਿਤਸਰ ਨਿਵਾਸ। | ੮੯ | ੨੨. ਗੁਰੂ ਆਰਾਧਨਾ। | ੧੫੭ |
| ੩. ਕਵੀ ਜੀ ਦਾ ਵਿਦ੍ਯਾ ਦਾੜਾ। | ੯੦ | ੨੩. ਕੈਥਲ ਦੀ ਲੁੱਟ। | ੧੫੮ |
| ੪. ਸੰਸਕ੍ਰਿਤ ਵਿਦ੍ਯਾ। | ੯੩ | ੨੪. ਸ੍ਰੀ ਹਰਿਮੰਦਰ ਜੀ ਦੀ ਅੰਤਮ ਯਾਤ੍ਰਾ। | ੧੫੯ |
| ੫. ਬੂੜੀਏ ਨਿਵਾਸ। | ੯੩ | | |
| ੬. 'ਨਾਮ ਕੋਸ਼' ਤੇ 'ਨਾ: ਪ੍ਰਕਾਸ਼'। | ੯੬ | ੨੫. ਕਵੀ ਜੀ ਦਾ ਚਲਾਣਾ। | ੧੬੦ |
| ੭. ਪਟਿਆਲਾ ਨਿਵਾਸ। | ੯੯ | ੨੬. ਕਵੀ ਜੀ ਦੀ ਯਾਦਗਾਰ ਤੇ ਸਿੱਖਾਂ ਦੀ ਅਨਗਹਿਲੀ। | ੧੬੧ |
| ੮. ਕੈਥਲ ਨਿਵਾਸ। | ੧੦੪ | | |
| ੯. ਕੈਥਲ ਤੇ ਮਹਾਰਾਜ ਭਾਈ ਉਦਯ ਸਿੰਘ। | ੧੦੭ | ੨੭. ਕਵੀ ਜੀ ਦੀ ਇਸ਼ਟ ਪਤੀ। | ੧੬੨ |
| | | ੨੮. ਕਵੀ ਜੀ ਦਾ ਪਰਿਵਾਰ। | ੧੬੮ |

| ਵਿਸ਼ਯ | ਪੰਨਾ | ਵਿਸ਼ਯ | ਪੰਨਾ |
|---|---|---|---|
| ੨੯. ਕਵੀ ਜੀ ਦੇ ਜਮਾਤੀ ਤੇ ਸ਼ਾਗਿਰਦ। | ੧੭੦ | ੮. ਨਗਰ ਸ਼ੋਭਾ। | ੨੨੮ |
| | | ੯. ਸਤੋਤ੍ਰ। | ੨੨੯ |
| ੩੦. ਅਸਲੀ ਗੁ: ਪ੍ਰ: ਸੂਰਜ। | ੧੭੪ | ੧੦. ਸਮੱਸਯਾ ਪੂਰਤੀ। | ੨੩੧ |
| ੩੧. ਗੁ: ਪ੍ਰ: ਸੂ: ਗ੍ਰੰਥ ਦੇ ਸੋਮੇ। | ੧੭੬ | ੧੧. ਆਮ ਵਾਕਫੀਅਤ। | ੨੩੩ |
| **੪. ਕਵੀ ਜੀ ਦੀ ਕਵਿਤਾ।** | ੧੯੩ | ੧੨. ਧਿਆਨ ਮੂਰਤਿ। | ੨੪੩ |
| ੧. ਬੋਲੀ। | ੧੯੩ | ੧੩ ਗੁਰਜਸ ਦੇ ਦੁਰਲਭ ਛੰਦ। | ੨੪੬ |
| ੨. ਛੰਦ। | ੧੯੫ | **੫. ਜ਼ਰੂਰੀ ਗਲਾਂ।** | ੨੫੨ |
| ੩. ਰਸ। | ੨੦੧ | ੧. ਪਾਠਾਂਤ੍ਰ ਭੇਦ। | ੨੫੨ |
| ੪. ਅਲੰਕਾਰ। | ੨੦੮ | ੨. ਛੇਵੇ ਜਾਂ ਵਿਰਾਮ। | ੨੫੩ |
| ੫. ਵਿਸ਼ੇਸ਼ ਚਮਤਕਾਰ। | ੨੧੪ | ੩. ਪ੍ਰਯਾਯ। | ੨੫੪ |
| ੬. ਰੁਤ ਵਰਣਨ। | ੨੧੮ | ੪. ਪਦ ਜੋੜ, ਸੰਕੇਤ। | ੨੫੪ |
| ੭. ਕੁਦਰਤੀ ਨਜ਼ਾਰੇ। | ੨੨੩ | | |


—o—

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਗੁਰੂਜਯੋਤੀ

## ਸਾਹਿਬ ਸ੍ਰੀ ਗੁਰੂ ਨਾਨਕ ਦੇਵ
## ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ

ਜੀ ਦੀ

## ਪਰਮ ਪਵਿੱਤ੍ਰ ਸੇਵਾ ਵਿਚ

# ਸਮਰਪਨ

ਆਪਨੀ ਸ਼ੈ ਕੁਈ ਅਰ੍ਪੀਏ ਤਾਂ ਓ 'ਸਮਰ੍ਪਣ' ਹੋਇ;
ਅੱਗੇ ਹੀ ਜੋ ਆਪ ਦੀ ਅਰਪਣ ਕਿਂਵ ਹੋ ਸੋਇ!
ਐਪਰ ਮਾਲੀ ਦੇਖੀਏ ਮਾਲਿਕ-ਚਿਮਨੋਂ ਤੋੜਿ
ਫੁਲ ਮਾਲਿਕ ਨੂੰ ਅਰਪਦਾ ਸਿਰ ਨਿਵਾਇ ਹਥ ਜੋੜਿ।
ਮਾਲਿਕ ਸਭ ਕੁਛ ਜਾਣਦਾ ਪਰ ਲੈ ਹੋਇ ਨਿਹਾਲ,
ਰੀਝੇ 'ਅਰਪਨ ਅਦਾਅ' ਤੇ ਬਿਰਦ ਆਪਣਾ ਪਾਲ।
ਤਰੋਂ ਹੱਥ ਜੋੜੇ, ਸਿਰ ਨਿਵੇਂ, ਲਾਜ ਭਰੇ ਦਿਲ ਨੈਣ,
ਚਾਉ-ਸਮਰਪਨ ਉਠ ਰਿਹਾ ਤੇਰਾ ਤੁਧ ਨੂੰ ਦੇਣ।
ਚਾਉ-ਸਮਰਪਨ ਰੁਕੇ ਨਾਂ, ਲਾਜ ਨ ਆਗਜ਼ਾ ਦੇਇ,
ਮੁਗਧ ਦਿਲਾਂ ਦੇ ਜਾਣੂਆ! ਆਪੇ ਹੀ ਲਖਿ ਲੇਇ।

ਸੰਪਾਦਿਕ

# ਗ੍ਰੰਥਾਵਲੀ ਦੀ ਸੂਚੀ ਪਤ੍ਰਿਕਾ।


| ਜਿਲਦ ਨੰ: | ਵਿਭਾਗ | ਕਥਾ | ਅੰਤਲਾ ਪੰਨਾ |
|---|---|---|---|
| ੧ | ਪ੍ਰਸਤਾਵਨਾ | ਭੂਮਿਕਾ, ਮੁਖਬੰਧ, ਕਵੀ ਜੀਵਨੀ ਕਵੀ ਕਾਵ੍ਯ ਆਦਿ | ੨੫੬* |
| ੨ | ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ ਦੇ ਪਹਿਲੇ ੩੦ ਅਧ੍ਯਾਯ। | ਸ੍ਰੀ ਗੁਰ ਨਾਨਕ ਦੇਵ ਜੀ। | ੩੯੬ |
| ੩ | ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ ਦੇ ਪਿਛਲੇ ੪੩ ਅਧ੍ਯਾਯ। | ,, | ੭੬੮ |
| ੪ | ਸ੍ਰੀ ਗੁਰ ਨਾਨਕ ਪ੍ਰਕਾਸ਼ ਉਤਰਾਰਧ ਸਮੱਗ੍ਰ। | ,, | ੧੨੬੦ |
| ੫ | ਸ੍ਰੀ ਗੁਰ ਪ੍ਰਤਾਪ ਸੂਰਜ ਰਾਸ਼ਿ ੧ ਤੇ ੨ ਦੇ ਅੰਸੂ ੨੮। | ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ। | ੧੭੬੦ |
| ੬ | ਸ੍ਰੀ ਗੁਰ ਪ੍ਰਤਾਪ ਸੂਰਜ ਰਾਸ਼ਿ ੨ ਦੇ ਅੰਸੂ ੨੯ ਤੋਂ ਰਾਸ ੪ ਦੇ ਅੰਸੂ ੧੮। | ਸ੍ਰੀ ਗੁਰੂ ਅਰਜਨ ਦੇਵ ਜੀ। | ੨੩੦੦ |
| ੭ | ਸ੍ਰੀ ਗੁਰ ਪ੍ਰਤਾਪ ਸੂਰਜ ਰਾਸ਼ਿ ੪ ਦੇ ਅੰਸੂ ੧੯ ਤੋਂ ਰਾਸ਼ਿ ੫ ਸਮਾਪਤ। | ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਹਰਿਗੋਵਿੰਦ ਜੀ। | ੨੭੭੬ |
| ੮ | ਸ੍ਰੀ ਗੁਰ ਪ੍ਰਤਾਪ ਸੂਰਜ ਰਾਸਿ ਛੇਵੀਂ ਤੇ ਸੱਤਵੀਂ। | ਸ੍ਰੀ ਗੁਰੂ ਹਰਿਗੋਵਿੰਦ ਜੀ। | ੩੩੦੬ |
| ੯ | ਸ੍ਰੀ ਗੁਰ ਪ੍ਰਤਾਪ ਸੂਰਜ ਰਾਸ਼ਿ ਅੱਠਵੀਂ ਤੋਂ ਦਸਵੀਂ ਦੇ ਅੰਸੂ ੧੪। | ਸ੍ਰੀ ਗੁਰੂ ਹਰਿਗੋਵਿੰਦ ਜੀ ਤੇ ਸ੍ਰੀ ਗੁਰੂ ਹਰਿ ਰਾਇ ਜੀ। | ੩੮੨੨ |
| ੧੦ | ਸ੍ਰੀ ਗੁਰ ਪ੍ਰਤਾਪ ਸੂਰਜ ਰਾਸ਼ਿ ੧੦ ਦੇ ਅੰਸੂ ੧੫ ਤੋਂ ਰਾਸ਼ਿ ੧੨ ਦੇ ਅੰਸੂ ੩੧। | ਸ੍ਰੀ ਗੁਰੂ ਹਰਿ ਰਾਇ ਜੀ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ। | ੪੩੫੦ |
| ੧੧ | ਸ੍ਰੀ ਗੁਰ ਪ੍ਰਤਾਪ ਸੂਰਜ ਰਾਸ਼ਿ ੧੨ ਦੇ ਅੰ: ੩੨ ਤੋਂ ਰੁਤ ੨ ਦੇ ਅੰ: ੩੨। | ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਸ੍ਰੀ ਗੁਰੂ ਗੋਵਿੰਦ ਸਿੰਘ ਜੀ। | ੪੮੨੬ |
| ੧੨ | ਸ੍ਰੀ ਗੁਰ ਪ੍ਰਤਾਪ ਸੂਰਜ ਰੁਤਿ ੨ ਦੇ ਅੰਸੂ ੩੩ ਤੋਂ ਰੁਤਿ ੪ ਦੇ ਅੰਸੂ ੩੭। | ਸ੍ਰੀ ਗੁਰੂ ਗੋਵਿੰਦ ਸਿੰਘ ਜੀ। | ੫੩੬੦ |
| ੧੩ | ਸ੍ਰੀ ਗੁਰ ਪ੍ਰਤਾਪ ਸੂਰਜ ਰੁਤਿ ੪ ਦੇ ਅੰਸੂ ੩੮ ਤੋਂ ਰੁਤ ੬ ਦੇ ਅੰ: ੩੩। | ,, | ੫੮੬੮ |
| ੧੪ | ਸ੍ਰੀ ਗੁਰ ਪ੍ਰਤਾਪ ਸੂਰਜ ਰੁਤਿ ੬ ਦੇ ਅੰਸੂ ੩੪ ਤੋਂ ਦੂਜਾ ਐਨ ਸਮਾਪਤ। | ,, | ੬੪੧੨ |


*ਪ੍ਰਸਾਵਨਾ ੨੫੬ ਪੰਨੇ ਤੇ ਸਮਾਪਤ ਹੋ ਜਾਂਦੀ ਹੈ, ਅਗੋਂ ਜਿਲਦ ਨੰਬਰ ੨ ਪੰਨਾ ੨੫੭ ਤੋਂ ਨਹੀਂ ਪਰ ਪੰਨਾ ੧ ਤੋਂ ਆਰੰਭ ਹੋ ਜਾਂਦੀ ਹੈ, ਇਹ ਪੰਨਾ ਫਿਰ ੧੪ਵੀਂ ਪੋਥੀ ਦੇ ਅੰਤ ਤਕ ਲਗਾਤਾਰ ਜਾਰੀ ਰਹਿੰਦਾ ਹੈ। ਸੋ ਸਮਗ੍ਰ ਗ੍ਰੰਥ ਦੇ ਪੰਨੇ ਹੋਏ ੬੪੧੨+੨੫੬=੬੬੬੮।

# ਮੁੱਢਲੀ ਗੱਲ

ਪੰਜਾਬੀ ਭਾਸ਼ਾ, ਸਾਹਿੱਤ, ਸਭਿਆਚਾਰ ਅਤੇ ਇਤਿਹਾਸ ਦੇ ਵਿਕਾਸ ਲਈ ਭਾਸ਼ਾ ਵਿਭਾਗ ਸ਼ੁਰੂ ਤੋਂ ਹੀ ਯਤਨ ਕਰਦਾ ਆ ਰਿਹਾ ਹੈ। ਪੰਜਾਬ ਦੇ ਸਾਹਿਤ, ਸਭਿਆਚਾਰ ਅਤੇ ਇਤਿਹਾਸ ਨਾਲ ਸਬੰਧਤ ਮੌਲਿਕ, ਸੰਪਾਦਿਤ ਅਤੇ ਅਨੁਵਾਦਿਤ ਪੁਸਤਕਾਂ ਦਾ ਪ੍ਰਕਾਸ਼ਨ ਅਤੇ ਪੁਨਰ-ਪ੍ਰਕਾਸ਼ਨ, ਇਨ੍ਹਾਂ ਉਪਰਾਲਿਆਂ ਵਿਚੋਂ ਇਕ ਹੈ। ਵਿਭਾਗੀ ਪੱਧਰ ਤੇ ਸ਼ਬਦ ਕੋਸ਼ ਅਤੇ ਵਿਸ਼ਵਕੋਸ਼ ਤਿਆਰ ਕਰਨ ਦੀਆਂ ਸਕੀਮਾਂ ਨੂੰ ਵੀ ਸਫਲਤਾ ਨਾਲ ਨੇਪਰੇ ਚਾੜ੍ਹਿਆ ਜਾ ਰਿਹਾ ਹੈ। ਇਨ੍ਹਾਂ ਤੋਂ ਇਲਾਵਾ ਦੁਰਲੱਭ ਅਤੇ ਪੁਰਾਤਨ ਪ੍ਰਕਾਸ਼ਿਤ ਅਤੇ ਅਣ-ਪ੍ਰਕਾਸ਼ਿਤ ਪੁਸਤਕਾਂ ਦੇ ਪ੍ਰਕਾਸ਼ਨ ਅਤੇ ਮੁੜ ਛਾਪਣ ਵਲ ਵੀ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਭਾਈ ਕਾਨ੍ਹ ਸਿੰਘ ਰਚਿਤ 'ਮਹਾਨ ਕੋਸ਼', ਗੁਰੂ ਗ੍ਰੰਥ ਸਾਹਿਬ ਦਾ ਫ਼ਰੀਦਕੋਟ ਵਾਲਾ ਟੀਕਾ ਮੁੜ-ਪ੍ਰਕਾਸ਼ਿਤ ਕੀਤੇ ਗਏ ਕੁਝ ਕੁ ਅਣਮੋਲ ਸਾਹਿਤਕ ਰਤਨ ਹਨ। ਹੁਣ ਇਸ ਹੀ ਸਕੀਮ ਅਧੀਨ 'ਗੁਰ ਪ੍ਰਤਾਪ ਸੂਰਜ ਗ੍ਰੰਥ' ਪੁਨਰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਭਾਈ ਵੀਰ ਸਿੰਘ ਜੀ ਦੁਆਰਾ ਸੰਥਯਾ ਪੋਥੀਆਂ ਦੇ ਰੂਪ ਵਿਚ ਪ੍ਰਕਾਸ਼ਤ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਇਸ ਲੜੀ ਦਾ ਅਗਲਾ ਸੁੱਚਾ ਮੋਤੀ ਹੈ। ਭਾਵੇਂ ਉਹ ਟੀਕਾ ਅਧੂਰਾ ਹੈ, ਪਰ ਅਨੁਭਵੀ ਮਹਾਂਪੁਰਸ਼ ਦੁਆਰਾ ਤਿਆਰ ਕੀਤਾ ਗਿਆ ਹੋਣ ਕਾਰਨ ਟੀਕਾ-ਸਾਹਿਤ ਵਿਚ ਵਿਸ਼ੇਸ਼ ਥਾਂ ਰੱਖਦਾ ਹੈ।

'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਦੀਆਂ ਦੋ ਰਚਨਾਵਾਂ-'ਗੁਰੂ ਨਾਨਕ ਪ੍ਰਕਾਸ਼'ਅਤੇ 'ਗੁਰ ਪ੍ਰਤਾਪ ਸੂਰਜ' ਦਾ ਮਿਲਵਾਂ ਸੰਗ੍ਰਹਿ ਹੈ। ਇਹ ਇਤਿਹਾਸਕ ਅਤੇ ਸਾਹਿਤਕ ਮਹੱਤਵ ਵਾਲੇ ਗ੍ਰੰਥ ਕਵੀ ਜੀ ਦੇ 20 ਵਰ੍ਹਿਆਂ ਦੀ ਘਾਲਣਾ ਦਾ ਸਿੱਟਾ ਹਨ।

ਭਾਈ ਸੰਤੋਖ ਸਿੰਘ ਇਤਿਹਾਸਕ ਖੋਜ ਦੀ ਬਿਰਤੀ ਵਾਲੇ ਸ੍ਰੇਸ਼ਠ ਅਤੇ ਗੰਭੀਰ ਵਿਦਵਾਨ ਕਵੀ ਸਨ। ਉਨ੍ਹਾਂ ਨੂੰ ਕਈਆਂ ਭਾਸ਼ਾਵਾਂ ਦਾ ਗਿਆਨ ਸੀ ਅਤੇ ਹਰ ਤੱਥ ਦੀ ਤਹਿ ਤਕ ਪਹੁੰਚਣ ਦੀ ਉਨ੍ਹਾਂ ਵਿਚ ਕਮਾਲ ਦੀ ਪ੍ਰਤਿਭਾ ਸੀ। ਉਨ੍ਹਾਂ ਦਾ ਜਨਮ ਭਾਈ ਦੇਵਾ ਸਿੰਘ ਦੇ ਘਰ ਰਾਜਦੇਵੀ ਦੀ ਕੁਖੋਂ ਸੰਮਤ 1845 ਬਿ: ਵਿਚ ਹੋਇਆ। ਉਨ੍ਹਾਂ ਦਾ ਪਰਿਵਾਰ ਨੂਰਦੀ (ਜ਼ਿਲ੍ਹਾ ਅੰਮ੍ਰਿਤਸਰ) ਦਾ ਨਿਵਾਸੀ ਸੀ। ਪਿਤਾ ਦੇਵਾ ਸਿੰਘ ਦੀ ਤੀਬਰ ਇੱਛਾ ਸੀ ਕਿ ਉਨ੍ਹਾਂ ਦਾ ਪੁੱਤਰ ਪੜ੍ਹ ਲਿਖ ਕੇ ਵਿਦਵਾਨ ਬਣੇ ਅਤੇ ਗੁਰਮਤਿ ਅਤੇ ਸਿੱਖ ਇਤਿਹਾਸ ਦੀ ਖੋਜ ਤੇ ਗੁਰਬਾਣੀ ਦੀ ਵਿਆਖਿਆ ਕਰੇ। ਇਸ ਲਈ ਉਨ੍ਹਾਂ ਨੇ ਕੋਸ਼ਿਸ਼ ਕਰ ਕੇ ਨਿਰਮਲ ਪੰਥ ਵਿਚ ਉਸ ਵਕਤ ਪ੍ਰਸਿੱਧ ਵਿਦਵਾਨ ਗਿਆਨੀ ਸੰਤ ਸਿੰਘ ਪਾਸ ਬਾਲਕ ਸੰਤੋਖ ਸਿੰਘ ਨੂੰ ਪੜ੍ਹਨ ਲਈ ਛੱਡ ਦਿੱਤਾ। ਪੰਦਰ੍ਹਾਂ ਵਰ੍ਹੇ ਉਥੇ ਰਹਿ ਕੇ ਸੰਤੋਖ ਸਿੰਘ ਨੇ ਭਾਰਤੀ ਦਰਸ਼ਨ, ਕਾਵਿ ਸ਼ਾਸਤਰ ਅਤੇ ਗੁਰਮਤਿ ਦਾ ਗੰਭੀਰ ਅਧਿਐਨ ਕੀਤਾ। ਫਿਰ ਉਹ ਬੂੜੀਆ (ਜ਼ਿਲ੍ਹਾ ਅੰਬਾਲਾ) ਚਲੇ ਗਏ ਅਤੇ ਉਥੇ ਰਹਿ ਕੇ ਕਾਵਿ-ਸਿਰਜਨ ਵਿਚ ਪ੍ਰਵਿੱਤ ਹੋਏ। ਉਥੇ ਹੀ ਉਨ੍ਹਾਂ ਦੇ ਮਨ ਵਿਚ ਸਿੱਖ ਇਤਿਹਾਸ ਲਿਖਣ ਦੀ ਰੁੱਚੀ

ਪੈਦਾ ਹੋਈ । ਇਸ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਨੇ 1880 ਬਿ: ਦੇ ਨੇੜੇ ਤੇੜੇ ਬੂੜੀਆ ਛੱਡ ਦਿੱਤਾ ਅਤੇ ਚਾਰ ਸਾਲ ਅਨੇਕ ਥਾਵਾਂ ਤੇ ਘੁੰਮਦੇ ਘੁੰਮਾਂਦੇ ਅਤੇ ਸਿੱਖ ਇਤਿਹਾਸ ਬਾਰੇ ਸਮਗ੍ਰੀ ਇਕੱਠੀ ਕਰਦੇ ਰਹੇ ਅਤੇ ਫਿਰ ਪਟਿਆਲੇ ਆ ਗਏ । ਉਨ੍ਹਾਂ ਦੀ ਵਿਦਵੱਤਾ ਦੀ ਪ੍ਰਸਿੱਧੀ ਤੋਂ ਪ੍ਰਭਾਵਿਤ ਹੋ ਕੇ ਕੈਥਲ ਰਿਆਸਤ ਦੇ ਰਾਜਾ ਉਦਯ ਸਿੰਘ ਨੇ ਉਨ੍ਹਾਂ ਨੂੰ ਆਪਣੇ ਪਾਸ ਬੁਲਾ ਲਿਆ ਅਤੇ ਕਵੀ ਜੀ ਆਪਣੇ ਅੰਤਿਮ ਛਿਣਾਂ ਤਕ ਉਥੇ ਹੀ ਰਹੇ । ਉਨ੍ਹਾਂ ਦਾ ਦੇਹਾਂਤ ਸੰਮਤ, 1900 ਵਿਚ ਹੋਇਆ । ਹੁਣ ਉਨ੍ਹਾਂ ਦੀ ਸੰਤਾਨ ਕੈਥਲ ਤੋਂ ਇਲਾਵਾ ਪਟਿਆਲੇ ਆਦਿ ਨਗਰਾਂ ਵਿਚ ਵੀ ਰਹਿੰਦੀ ਹੈ ।

ਭਾਈ ਸੰਤੋਖ ਸਿੰਘ ਦੀਆਂ ਪ੍ਰਮਾਣਿਕ ਰੂਪ ਵਿਚ ਛੇ ਰਚਨਾਵਾਂ ਉਪਲਬਧ ਹਨ, ਜਿਵੇਂ: ਨਾਮਕੋਸ਼, ਗਰਬ ਗੰਜਨੀ ਟੀਕਾ, ਬਾਲਮੀਕੀ ਰਾਮਾਇਣ, ਆਤਮ ਪੁਰਾਣ ਟੀਕਾ, ਗੁਰ ਨਾਨਕ ਪ੍ਰਕਾਸ਼ ਅਤੇ ਗੁਰਪ੍ਰਤਾਪ ਸੂਰਜ । ਇਨ੍ਹਾਂ ਵਿਚੋਂ ਪਹਿਲੀਆਂ ਚਾਰ ਅਨੁਵਾਦਿਤ ਜਾਂ ਆਧਾਰਿਤ ਰਚਨਾਵਾਂ ਹਨ ਅਤੇ ਅੰਤਲੇ ਦੋ ਪ੍ਰਬੰਧ-ਕਾਵਿ ਇਤਿਹਾਸ ਦੇ ਗੌਰਵ ਗ੍ਰੰਥ ਹਨ । ਇਨ੍ਹਾਂ ਦੋਹਾਂ ਪੁਸਤਕਾਂ ਨੂੰ ਹਥਲੇ ਗ੍ਰੰਥ ਵਿਚ ਇਕੱਠਿਆਂ ਸੰਕਲਿਤ ਕੀਤਾ ਗਿਆ ਹੈ । ਇਨ੍ਹਾਂ ਰਚਨਾਵਾਂ ਦੀ ਸੰਖੇਪ ਜਾਣਕਾਰੀ ਇਥੇ ਦੇ ਦੇਣਾ ਅਸੰਗਤ ਨਹੀਂ ਹੋਵੇਗਾ ।

**1) ਨਾਮਕੋਸ਼ :**

ਮਹਾਂਕਵੀ ਦੀ ਇਹ ਪਹਿਲੀ ਪੁਸਤਕ ਸੰਸਕ੍ਰਿਤ ਦੇ ਸੁਪ੍ਰਸਿੱਧ ਕੋਸ਼ਕਾਰ ਅਮਰ ਸਿੰਘ ਦੀ 'ਅਮਰ ਕੋਸ਼' ਨਾਂ ਦੀ ਰਚਨਾ ਦਾ ਅਨੁਵਾਦ ਹੈ । ਇਸ ਦੀ ਰਚਨਾ ਦੀ ਸਮਾਪਤੀ 1878 ਬਿ: ਵਿਚ ਹੋਈ ਸੀ । ਅਨੁਵਾਦ ਹੁੰਦੇ ਹੋਇਆਂ ਵੀ ਇਸ ਵਿਚ ਕਵੀ ਦੀ ਮੌਲਿਕਤਾ ਝਲਕਦੀ ਹੈ । ਅਲੰਕਾਰ-ਵਿਧਾਨ ਵੀ ਉੱਤਮ ਹੈ । ਭਾਸ਼ਾ ਅਤੇ ਛੰਦ ਉਤੇ ਕਵੀ ਨੂੰ ਪੂਰਾ ਅਧਿਕਾਰ ਹਾਸਲ ਹੈ ।

**2) ਗੁਰੂ ਨਾਨਕ ਪ੍ਰਕਾਸ਼ :**

ਇਹ ਕਵੀ ਦੀ ਪਹਿਲੀ ਮੌਲਿਕ ਰਚਨਾ ਹੈ ਜਿਸ ਨੂੰ ਕਵੀ ਨੇ ਬੂੜੀਆ ਵਿਚ 1880 ਬਿ: ਵਿਚ ਮੁਕੰਮਲ ਕੀਤਾ । ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿਖਿਆ ਤੇ ਆਧਾਰਿਤ ਇਸ ਪ੍ਰਬੰਧਾਤਮਕ ਰਚਨਾ ਵਿਚ ਕੁਲ 9700 ਬੰਦ ਹਨ । ਇਹ ਅਗੋਂ ਦੋ ਭਾਗਾਂ ਵਿਚ ਵੰਡੀ ਹੋਈ ਹੈ । ਪੂਰਵਾਧਿਆਇ ਵਿਚ 73 ਅਤੇ ਉਤਰਾਧਿਆਇ ਵਿਚ 57 ਅਧਿਆਇ ਹਨ । ਇਸ ਗ੍ਰੰਥ ਲਈ ਕਵੀ ਨੇ ਜ਼ਿਆਦਾਤਰ ਸਮਗ੍ਰੀ ਜਨਮਸਾਖੀਆਂ ਅਤੇ 'ਮਹਿਮਾ ਪ੍ਰਕਾਸ਼' ਤੋਂ ਲਈ ਹੈ, ਪਰ ਜਿਥੇ ਕਿਤੇ ਕੋਈ ਤੱਥ ਉਨ੍ਹਾਂ ਦੀ ਬੁੱਧੀ ਨੂੰ ਨਹੀਂ ਜਚਿਆ, ਉਥੇ ਪੁਣਛਾਣ ਕੇ ਸਹੀ ਢੰਗ ਨਾਲ ਤੱਥ ਪੇਸ਼ ਕਰਨ ਦਾ ਯਤਨ ਕੀਤਾ ਹੈ । ਕਵੀ ਜੀ ਗੁਰੂ ਨਾਨਕ ਸਾਹਿਬ ਤੇ ਅਥਾਹ ਸ਼ਰਧਾ ਰਖਦੇ ਸਨ । ਇਸ ਲਈ ਇਸ ਇਤਿਹਾਸਿਕ ਕਾਵਿ-ਪ੍ਰਬੰਧ ਵਿਚ ਗੁਰੂ ਚਰਿਤ ਨੂੰ ਸ਼ਰਧਾਲੂ ਕਵੀ ਨੇ ਪੌਰਾਣਿਕ ਰੰਗਤ ਦੇ ਕੇ ਚਿਤਰਣ ਦੀ ਕੋਸ਼ਿਸ਼ ਕੀਤੀ ਹੈ । ਇਸ ਤਰ੍ਹਾਂ ਗੁਰੂ ਨਾਨਕ ਦੇਵ ਇਤਿਹਾਸ ਪੁਰਸ਼ ਹੁੰਦੇ ਹੋਇਆਂ ਵੀ ਅਵਤਾਰੀ ਸ਼ਕਤੀਆਂ ਵਾਲੇ ਧਰਤੀ ਤੇ ਉਤਰੇ ਖ਼ੁਦ ਬ੍ਰਹਮ ਰੂਪ ਸਨ । ਕਵੀ ਨੇ ਇਸ ਰਚਨਾ ਵਿਚ ਵਸਤੂ ਵਰਣਨ ਰਾਹੀਂ ਉਤਰੀ ਭਾਰਤ ਅਤੇ ਖ਼ਾਸ ਕਰਕੇ ਪੰਜਾਬ ਦੇ ਸਭਿਆਚਾਰ ਨੂੰ ਬੜੀ ਬਾਰੀਕੀ ਨਾਲ ਚਿਤਰਿਆ ਹੈ । ਇਸ ਵਿਚ ਭਾਈ ਜੀ ਨੇ ਨਵ-ਸਮਾਜਿਕ ਚੇਤਨਾ ਦਾ ਸੰਚਾਰ ਕਰਨ ਲਈ ਅਧਿਆਤਮਿਕ ਅਤੇ ਨੈਤਿਕ ਆਦਰਸ਼ਾਂ ਦੀ ਵਿਸਤਾਰ ਸਹਿਤ ਵਿਆਖਿਆ ਕੀਤੀ ਹੈ ਅਤੇ ਲੋਕ ਕਲਿਆਣ ਲਈ ਇਕ ਨਵੀਂ

ਸਾਂਸਕ੍ਰਿਤਕ ਜਾਗ੍ਰਤੀ ਨੂੰ ਉਤਸਾਹਿਤ ਕੀਤਾ ਹੈ । ਕਵੀ ਨੇ ਗੁਰੂ ਚਰਿਤ ਨੂੰ ਪੇਸ਼ ਕਰਦਿਆਂ ਬੜੇ ਕਲਾਤਮਕ ਢੰਗ ਨਾਲ ਆਦਿ ਤੋਂ ਅੰਤ ਤਕ ਸ਼ਾਂਤ ਰਸ ਦਾ ਇਕਸਾਰ ਪ੍ਰਵਾਹ ਚਲਦਾ ਰਖਿਆ ਹੈ । ਮੰਗਲਾਚਰਣ ਆਦਿ ਕੁਝ ਪ੍ਰਸੰਗਾਂ ਨੂੰ ਛੱਡ ਕੇ ਬਾਕੀ ਸਾਰੀ ਰਚਨਾ ਵਿਚ ਕਵੀ ਦੀ ਭਾਸ਼ਾ ਅਤੇ ਸ਼ੈਲੀ ਬੜੀ ਸੁਭਾਵਿਕ, ਸਰਲ ਅਤੇ ਉਮਾਹ ਭਰੀ ਹੈ । ਇਸ ਪ੍ਰਬੰਧ-ਕਾਵਿ ਵਿਚ ਜ਼ਿਆਦਾਤਰ ਦੋਹਰਾ ਅਤੇ ਚੌਪਈ ਦੀ ਵਰਤੋਂ ਕੀਤੀ ਗਈ ਹੈ, ਪਰ ਇਨ੍ਹਾਂ ਤੋਂ ਇਲਾਵਾ ਲਗਭਗ 20 ਪ੍ਰਕਾਰ ਦੇ ਹੋਰ ਛੰਦ ਵੀ ਵਰਤੇ ਗਏ ਹਨ । ਇਸ ਗ੍ਰੰਥ ਦੀ ਰਚਨਾ ਨਾਲ ਭਾਈ ਸੰਤੋਖ ਸਿੰਘ ਨੂੰ ਸ੍ਰੇਸ਼ਠ ਕਵੀ ਦੇ ਰੂਪ ਵਿਚ ਮਾਨਤਾ ਪ੍ਰਾਪਤ ਹੋਈ ।

**3) ਗਰਬ ਗੰਜਨੀ ਟੀਕਾ :**

ਇਹ ਇਕ ਪ੍ਰਕਾਰ ਦਾ ਵਿਸਤਰਿਤ ਟੀਕਾ ਹੈ ਜਿਸ ਵਿਚ 'ਜਪੁਜੀ ਸਾਹਿਬ' ਦੇ ਅਧਿਆਤਮਿਕ ਅਤੇ ਸਾਹਿਤਕ ਪੱਖ ਨੂੰ ਬੜੀ ਗੰਭੀਰਤਾ ਨਾਲ ਵਿਚਾਰਿਆ ਗਿਆ ਹੈ । ਉਦਾਸੀ ਮਤ ਦੇ ਸੁਆਮੀ ਆਨੰਦਘਨ ਦੇ ਟੀਕੇ ਵਿਚ ਦਰਜ ਹੰਕਾਰ ਭਰੇ ਬਚਨਾਂ ਦੇ ਪ੍ਰਤੀਕਰਮ ਵਜੋਂ ਰਾਜਾ ਉਦਯ ਸਿੰਘ ਨੇ ਭਾਈ ਸੰਤੋਖ ਸਿੰਘ ਨੂੰ ਜਪੁਜੀ ਦਾ ਇਕ ਵਿਲੱਖਣ ਅਤੇ ਵਿਦਵੱਤਾ-ਪੂਰਣ ਟੀਕਾ ਤਿਆਰ ਕਰਨ ਲਈ ਪ੍ਰੇਰਨਾ ਦਿੱਤੀ । ਇਸ ਦੇ ਫਲਸਰੂਪ 1886 ਬਿ: ਵਿਚ ਕਵੀ ਜੀ ਨੇ ਇਹ ਟੀਕਾ ਮੁਕੰਮਲ ਕੀਤਾ । ਵਿਚਾਰਧਾਰਕ ਦ੍ਰਿਸ਼ਟੀ ਤੋਂ ਜਪੁਜੀ ਦੀ ਵਿਆਖਿਆ ਕਵੀ ਨੇ ਵੇਦਾਂਤ ਦੇ ਸੰਦਰਭ ਵਿਚ ਹੀ ਕੀਤੀ ਹੈ । ਪਰ ਇਸ ਦਾ ਵਿਸ਼ੇਸ਼ ਮਹੱਤਵ ਇਸ ਗੱਲ ਵਿਚ ਹੈ ਕਿ ਕਵੀ ਨੇ ਪਹਿਲੀ ਵਾਰ ਜਪੁਜੀ ਦੀ ਸਾਹਿਤਕ ਮਹਾਨਤਾ ਨੂੰ ਸਪਸ਼ਟ ਕੀਤਾ ਹੈ । ਕਵੀ ਨੇ ਜਪੁਜੀ ਦੀ ਹਰ ਤੁੱਕ ਵਿਚੋਂ ਕੋਈ ਨ ਕੋਈ ਅਲੰਕਾਰ ਲਭਿਆ ਹੈ ਅਤੇ ਉਨ੍ਹਾਂ ਅਲੰਕਾਰਾਂ ਦੇ ਲੱਛਣ ਦੇ ਕੇ ਵਿਆਖਿਆ ਵੀ ਕੀਤੀ ਹੈ । ਇਸ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਨੇ ਕਈ ਭਾਰਤੀ ਕਾਵਿ ਸ਼ਾਸਤ੍ਰੀ ਗ੍ਰੰਥਾਂ ਤੋਂ ਵੀ ਸਹਾਇਤਾ ਲਈ ਹੈ । ਅਲੰਕਾਰਾਂ ਤੋਂ ਇਲਾਵਾ ਕਾਵਿ-ਗੁਣਾਂ, ਸ਼ਬਦ-ਸ਼ਕਤੀਆਂ ਦਾ ਵੀ ਵਿਸ਼ਲੇਸ਼ਣ ਕੀਤਾ ਹੈ । ਇਸ ਤਰ੍ਹਾਂ ਪੰਜਾਬ ਵਿਚ ਲਿਖੀ ਗਈ ਇਹ ਪਹਿਲੀ ਰਚਨਾ ਹੈ ਜਿਸ ਵਿਚ ਕਿਸੇ ਰਚਨਾ ਦਾ ਕਾਵਿ ਸ਼ਾਸਤ੍ਰੀ ਅਧਿਐਨ ਕੀਤਾ ਗਿਆ ਹੈ । ਇਸ ਰਾਹੀਂ ਕਵੀ ਸੰਤੋਖ ਸਿੰਘ ਇਕ ਸਾਹਿੱਤ ਆਚਾਰਯ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ ।

**4) ਬਾਲਮੀਕੀ ਰਾਮਾਇਣ :**

'ਗਰਬ ਗੰਜਨੀ' ਦੀ ਰਚਨਾ ਤੋਂ ਬਾਅਦ ਭਾਈ ਸੰਤੋਖ ਸਿੰਘ ਨੇ ਰਾਜਾ ਉਦਯ ਸਿੰਘ ਦੀ ਪ੍ਰੇਰਣਾ ਦੇ ਫਲਸਰੂਪ 'ਬਾਲਮੀਕੀ ਰਾਮਾਇਣ' ਦਾ ਕਵਿਤਾ ਵਿਚ ਅਨੁਵਾਦ ਕੀਤਾ । ਇਸ ਦਾ ਕਥਾ-ਵਸਤੂ, ਚਰਿਤਰ-ਚਿਤਰਣ, ਵਸਤੂ-ਵਰਣਨ ਅਤੇ ਭਾਵ ਅਭਿਵਿਅਕਤੀ ਮੂਲ ਅਨੁਸਾਰ ਹੀ ਰਹੀ ਹੈ, ਪਰ ਕਵੀ ਦੀ ਸਰਸ ਅਤੇ ਸਰਲ ਭਾਸ਼ਾ ਤੇ ਸ਼ੈਲੀ ਨੇ ਇਸ ਨੂੰ ਮੌਲਿਕ ਰਚਨਾ ਦਾ ਰੂਪ ਪ੍ਰਦਾਨ ਕਰ ਦਿੱਤਾ ਹੈ । ਇਹ ਕਵੀ ਦੀ ਪ੍ਰਤਿਭਾ ਦਾ ਉਜਲਾ ਨਮੂਨਾ ਹੈ ।

**(5) ਆਤਮ ਪੁਰਾਣ ਟੀਕਾ :**

'ਆਤਮ ਪੁਰਾਣ' ਦਾ ਟੀਕਾ ਤਿਆਰ ਕਰਨ ਲਈ ਵੀ ਕਵੀ ਨੂੰ ਰਾਜਾ ਉਦਯ ਸਿੰਘ ਤੋਂ ਉਤਸ਼ਾਹ ਮਿਲਿਆ ਅਤੇ ਇਸ ਦੇ ਸ਼ੁਕਰਾਨੇ ਵਜੋਂ ਕੈਥਲ-ਪਤੀ ਨੇ ਕਵੀ ਜੀ ਨੂੰ

ਮੋਰਥਲੀ ਨਾਂ ਦਾ ਪਿੰਡ ਜਾਗੀਰ ਵਜੋਂ ਦਿੱਤਾ । ਇਸ ਵਿਚ ਵੀ ਕਵੀ ਨੇ ਬੜੀ ਰੀਝ ਨਾਲ ਮੂਲ ਗ੍ਰੰਥ ਦੀ ਵਿਸ਼ੇ-ਸਮਗ੍ਰੀ ਨੂੰ ਪ੍ਰਸਤੁਤ ਕਰਨ ਦਾ ਸ਼ਲਾਘਾਯੋਗ ਉਦਮ ਕੀਤਾ ਹੈ, ਪਰ ਕਾਵਿਕਤਾ ਦੀ ਦ੍ਰਿਸ਼ਟੀ ਤੋਂ ਇਸ ਵਿਚ ਉਹ ਸ੍ਰੇਸ਼ਠਤਾ ਨਹੀਂ ਆ ਸਕੀ ਅਤੇ ਨ ਹੀ ਆਪ ਇਸ ਦੀਆਂ ਉਹ ਸਿਖਰਾ ਛੂਹ ਸਕੇ ਹਨ ਜੋ ਉਨ੍ਹਾਂ ਨੇ 'ਬਾਲਮੀਕੀ ਰਾਮਾਇਣ' ਦੇ ਟੀਕੇ ਵਿਚ ਛੁਹੀਆਂ ਸਨ । ਹੁਣ ਇਹ ਟੀਕਾ ਉਪਲਬਧ ਨਹੀਂ ਹੈ ।

**(6) ਗੁਰ ਪ੍ਰਤਾਪ ਸੂਰਜ :**

ਇਹ ਕਵੀ ਦੀ ਅੰਤਿਮ ਅਤੇ ਸਰਬ-ਸ੍ਰੇਸ਼ਠ ਰਚਨਾ ਹੈ । ਇਸ ਨੂੰ ਕਵੀ ਦਾ ਸ਼ਾਹਕਾਰ ਵੀ ਕਿਹਾ ਜਾ ਸਕਦਾ ਹੈ । 51829 ਬੰਦਾਂ ਦੀ ਇਹ ਵੱਡ ਆਕਾਰੀ ਰਚਨਾ ਪੰਜਾਬ ਵਿਚ ਲਿਖਿਆ ਇਕ ਮਹਾਨ ਪ੍ਰਬੰਧ-ਕਾਵਿ ਹੈ । ਸ਼ਾਸਤ੍ਰੀ ਢੰਗ ਨਾਲ ਲਿਖੇ ਇਸ ਗ੍ਰੰਥ ਵਿਚ ਕੁਲ 20 ਅਧਿਆਇ ਹਨ ਜੋ ਅੱਗੋਂ 1151 ਅੰਸੂਆਂ ਵਿਚ ਵੰਡੇ ਹੋਏ ਹਨ। ਇਸ ਦੇ ਨਾਂ ਤੋਂ ਹੀ ਸਪਸ਼ਟ ਹੈ ਕਿ ਕਵੀ ਗੁਰੂ ਸਾਹਿਬਾਨ ਦੇ ਪ੍ਰਤਾਪ ਰੂਪੀ ਸੂਰਜ ਦਾ ਪ੍ਰਕਾਸ਼ ਸਭਨੀ ਥਾਈਂ ਕਰਨਾ ਚਾਹੁੰਦਾ ਹੈ। ਇਸ ਲਈ ਸੂਰਜ ਦੀ ਗਤੀ ਦੇ ਆਧਾਰ ਤੇ ਇਸ ਪ੍ਰਬੰਧ-ਕਾਵਿ ਨੂੰ 12 ਰਾਸ਼ੀਆਂ, 6 ਰੁੱਤਾਂ ਅਤੇ 2 ਅਯਨਾਂ ਵਿਚ ਵੰਡਿਆ ਗਿਆ ਹੈ। ਇਥੇ ਕਵੀ ਦੀ ਰੂਪਕ-ਕਲਪਨਾ ਵੀ ਸਪਸ਼ਟ ਹੈ। ਕਵੀ ਨੇ ਸਵੀਕਾਰ ਕੀਤਾ ਹੈ ਕਿ ਗੁਰੂ ਸਾਹਿਬਾਨ ਦੇ ਗਿਆਨ ਰੂਪੀ ਸੂਰਜ ਦੀਆਂ ਕਿਰਨਾਂ ਹਰ ਯੁਗ ਵਿਚ ਉਸ ਅੰਧਕਾਰ ਨੂੰ ਦੂਰ ਕਰਨ ਵਿਚ ਸਮਰਥ ਹਨ ਜੋ ਧਾਰਮਿਕ ਅੰਧ ਵਿਸ਼ਵਾਸਾਂ, ਪਾਖੰਡਾਂ, ਭਰਮਾਂ, ਅਨਿਆਂ ਅਤੇ ਅਸਹਿਨਸ਼ੀਲਤਾ ਤੋਂ ਪੈਦਾ ਹੁੰਦਾ ਹੈ। ਇਹ ਕਿਰਨਾਂ ਸਜਣ ਪੁਰਸ਼ਾਂ ਨੂੰ ਕਮਲ ਵਾਂਗ ਖਿੜਾ ਦਿੰਦੀਆਂ ਹਨ। ਇਸ ਤਰ੍ਹਾਂ ਇਹ ਇਕ ਰੂਪਕਾਤਮਕ ਪ੍ਰਬੰਧ-ਕਾਵਿ ਹੈ ਜਿਸ ਵਿਚ ਚਰਿਤ-ਨਾਇਕ ਲੋਕ-ਕਲਿਆਣਕਾਰੀ ਭਾਵਨਾਵਾਂ ਨੂੰ ਜਨ-ਮਾਨਸ ਤਕ ਪਹੁੰਚਾਂਦੇ ਹਨ। ਇਸ ਚਰਿਤ-ਕਾਵਿ ਵਿਚ ਗੁਰੂ ਨਾਨਕ ਦੇਵ ਦੇ ਪਰਵਰਤੀ ਉਤਰਾਧਿਕਾਰੀ ਗੁਰੂਆਂ ਅਤੇ ਬੰਦਾ ਬਹਾਦਰ ਦਾ ਜੀਵਨ ਬਿਰਤਾਂਤ ਬੜੇ ਵਿਸਤਾਰ ਅਤੇ ਸ਼ਰਧਾ ਸਹਿਤ ਚਿਤਰਿਆ ਗਿਆ ਹੈ। ਕਵੀ ਨੇ ਸਿੱਖ ਇਤਿਹਾਸ ਸਬੰਧੀ ਉਦੋਂ ਤਕ ਉਪਲਬਧ ਲਗਭਗ ਸਾਰੀ ਸਮਗ੍ਰੀ ਨੂੰ ਆਧਾਰ ਬਣਾਇਆ ਹੈ ਅਤੇ ਗੁਰ-ਇਤਿਹਾਸ ਦੀ ਇਧਰ ਉਧਰ ਖਿੰਡੀ ਪਈ ਸਮਗ੍ਰੀ ਨੂੰ ਇਕ ਵਿਵਸਥਿਤ ਰੂਪ ਦੇ ਕੇ ਇਸ ਪ੍ਰਬੰਧ ਵਿਚ ਸਮੋਇਆ ਹੈ। ਇਤਿਹਾਸ ਦੇ ਨਾਲ ਨਾਲ ਗੁਰਮਤਿ ਦੀ ਵਿਆਖਿਆ ਵੀ ਕਵੀ ਦੇ ਰਚਨਾ-ਉਦੇਸ਼ ਵਿਚ ਸ਼ਾਮਲ ਹੈ। ਗੁਰੂ ਸਾਹਿਬਾਨ ਦੇ ਧਾਰਮਿਕ ਅਤੇ ਨੈਤਿਕ ਆਦਰਸ਼ਾਂ ਦੀ ਵਿਆਖਿਆ ਕਰਦਿਆਂ ਭਾਰਤੀ ਸੰਸਕ੍ਰਿਤੀ ਦੇ ਮੁੱਖ ਤੱਤਾਂ ਨੂੰ ਵੀ ਪੇਸ਼ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਇਹ ਗ੍ਰੰਥ ਭਾਰਤੀ ਸੰਸਕ੍ਰਿਤੀ ਦੀ ਪੁਨਰ-ਸੰਸਥਾਪਨਾ ਕਰਦਾ ਹੋਇਆ ਗੁਰੂ ਸਾਹਿਬਾਨ ਦੁਆਰਾ ਲਿਆਂਦੀ ਸੰਸਕ੍ਰਿਤਕ ਪੁਨਰ-ਜਾਗਰਣ ਨੂੰ ਰੂਪਮਾਨ ਕਰਦਾ ਹੈ। ਪੌਰਾਣਿਕ ਪ੍ਰਵ੍ਰਿੱਤੀ ਦੇ ਫਲਸਰੂਪ ਇਸ ਵਿਚ ਕੁਝ ਤੱਤ ਅਜਿਹੇ ਵੀ ਸ਼ਾਮਲ ਹੋ ਗਏ ਹਨ ਜੋ ਗੁਰਮਤਿ ਦੀਆਂ ਮਾਨਤਾਵਾਂ ਨਾਲ ਮੇਲ ਨਹੀਂ ਖਾਂਦੇ । ਪਰੰਤੂ ਇੰਜ ਪ੍ਰਤੀਤ ਹੁੰਦਾ ਹੈ ਕਿ ਅਜਿਹਾ ਹੋਣਾ ਉਸ ਯੁਗ ਦੀਆਂ ਭਾਵਨਾਵਾਂ ਦੀ ਦੇਣ ਹੈ। ਉਸ ਵਕਤ ਦੀ ਪੁਜਾਰੀ ਪ੍ਰਵ੍ਰਿੱਤੀ ਨੇ ਵੀ ਕਵੀ ਨੂੰ ਜ਼ਰੂਰ ਪ੍ਰਭਾਵਿਤ ਕੀਤਾ ਹੋਵੇਗਾ । ਨਾਲੇ ਕਵੀ ਨੇ ਆਪਣੇ ਦ੍ਰਿਸ਼ਟੀਕੋਣ ਤੋਂ ਹੀ ਗੁਰੂ-ਚਰਿਤਾਂ ਨੂੰ ਵੇਖਿਆ ਹੈ। ਇਸ ਲਈ ਅਜਿਹਾ ਅੰਤਰ ਉਪਸਥਿਤ ਹੋ ਜਾਣਾ ਮਾਨਵ ਮਨ ਦੀ ਸੁਭਾਵਿਕ ਕਮਜ਼ੋਰੀ ਹੈ । ਲੇਕਿਨ ਪਾਠ ਵਿਚ ਜਿਥੇ ਕਿਤੇ ਕੋਈ ਗੁਰਮਤਿ ਵਿਰੋਧੀ ਜਾਂ ਅਜਿਹੀ ਗੱਲ ਆਈ ਹੈ, ਜਿਸ ਦੀ ਸਾਖੀ ਇਤਿਹਾਸ ਨਹੀਂ ਭਰਦਾ, ਉਥੇ ਡਾ. ਭਾਈ ਵੀਰ ਸਿੰਘ

ਜੀ ਨੇ ਫ਼ੁਟ ਨੋਟ ਦੇ ਕੇ ਗੱਲ ਨੂੰ ਸਪਸ਼ਟ ਕਰ ਦਿੱਤਾ ਹੈ ਜਿਸ ਨਾਲ ਕਈ ਭਰਮ ਭੁਲੇਖੇ ਦੂਰ ਹੋ ਜਾਂਦੇ ਹਨ।

ਇਸ ਵਿਚ ਕਵੀ ਨੇ ਪਹਿਲਾਂ ਆਰੰਭ ਵਿਚ ਅਤੇ ਫਿਰ ਹਰ ਰਾਸਿ ਜਾਂ ਰੁੱਤ ਦੇ ਆਰੰਭ ਵਿਚ ਮੰਗਲਾਚਰਣ ਅਤੇ ਆਪਣੇ ਇਸ਼ਟ ਅਕਾਲ ਪੁਰਖ ਅਤੇ ਗੁਰੂ ਸਾਹਿਬਾਨ ਦੀ ਬੰਦਨਾਂ ਕੀਤੀ ਹੈ ਅਤੇ ਉਸ ਸਮੇਂ ਦੀ ਪ੍ਰਵ੍ਰਿੱਤੀ ਦੀ ਫਲਸਰੂਪ ਹੋਰ ਦੇਵੀ-ਦੇਵਤਿਆਂ ਪ੍ਰਤੀ ਵੀ ਆਦਰ ਦੀ ਭਾਵਨਾ ਪਰਗਟ ਕੀਤੀ ਹੈ, ਪਰ ਕਵੀ ਦੀ ਇਸ਼ਟ-ਬੁੱਧੀ ਅਕਾਲ-ਪੁਰਖ ਅਤੇ ਗੁਰੂ ਸਾਹਿਬਾਨ ਤਕ ਸੀਮਿਤ ਹੈ। ਇਹ ਮੰਗਲਾਚਾਰਣ ਕਵੀ ਦੀ ਵਿਦਵੱਤਾ ਦੇ ਲਖਾਇਕ ਹਨ।

ਇਸ ਰਚਨਾ ਦਾ ਮੁੱਖ ਕਥਾਨਕ ਭਾਵੇਂ ਦੂਜੇ ਤੋਂ ਦਸਵੇਂ ਗੁਰੂ ਅਤੇ ਬੰਦਾ ਬਹਾਦਰ ਨਾਲ ਸਬੰਧਿਤ ਹੈ ਪਰ ਕਵੀ ਨੇ ਛੇਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਦੇ ਚਰਿਤਾਂ ਨੂੰ ਅਧਿਕ ਵਿਸਤਾਰ ਅਤੇ ਰੁਚੀ ਨਾਲ ਚਿਤਰਿਆ ਹੈ। ਕਥਾਨਕ ਵਿਚ ਕਿਤੇ ਕਿਤੇ ਕਵੀ ਨੇ ਕੁਝ ਪੌਰਾਣਿਕ ਅਤੇ ਕਾਲਪਨਿਕ ਪ੍ਰਸੰਗਾਂ ਨੂੰ ਵੀ ਜੋੜਿਆ ਹੈ, ਪਰ ਮੁੱਖ ਕਥਾਨਕ ਦਾ ਇਹ ਅੰਗ ਹੀ ਬਣੇ ਹਨ ਅਤੇ ਉਸ ਨੂੰ ਵਿਕਸਿਤ ਹੋਣ ਵਿਚ ਸਹਾਇਕ ਹੋਏ ਹਨ। ਇਤਿਹਾਸ-ਪ੍ਰਧਾਨ ਰਚਨਾ ਹੁੰਦੇ ਹੋਇਆਂ ਵੀ ਇਸ ਵਿਚ ਆਧੁਨਿਕ ਇਤਿਹਾਸ-ਦ੍ਰਿਸ਼ਟੀ ਦੀ ਸ਼ਾਇਦ ਸਾਨੂੰ ਕਮੀ ਜਾਪੇ, ਪਰ ਸਿੱਖ ਇਤਿਹਾਸ ਸਬੰਧੀ ਇਸ ਦੀ ਸਥਾਨ-ਪੂਰਤੀ ਕਿਤੋਂ ਹੋਰੋਂ ਨਹੀਂ ਹੋ ਸਕਦੀ। ਅਸਲ ਵਿਚ ਮਹਾਂਪੁਰਸ਼ਾਂ ਦੇ ਇਤਿਹਾਸ ਨਿਰੇ ਪੁਰੇ ਤੱਥਾਂ ਤੇ ਆਧਾਰਿਤ ਨਹੀਂ ਹੁੰਦੇ, ਉਨ੍ਹਾਂ ਵਿਚ ਲੋਕ-ਮਨ ਤੇ ਪਏ ਉਨ੍ਹਾਂ ਦੇ ਪ੍ਰਭਾਵ ਰਚਨਾਕਾਰ ਦੀ ਲੇਖਣੀ ਤੋਂ ਹੀ ਪਰਗਟ ਹੁੰਦੇ ਹਨ। ਇਸ ਤਰ੍ਹਾਂ ਸਪਸ਼ਟ ਹੈ ਕਿ ਮਹਾਂਪੁਰਸ਼ ਇਤਿਹਾਸਕ ਪੁਰਸ਼ ਹੋਣ ਦੇ ਨਾਲ ਨਾਲ ਇਸ਼ਟ-ਦੇਵ ਵੀ ਹੁੰਦੇ ਹਨ; ਉਨ੍ਹਾਂ ਦੇ ਚਰਿਤਾਂ ਵਿਚ ਸ਼ਰਧਾ ਦਾ ਸਮਾਵੇਸ਼ ਹੋਣਾ ਸੁਭਾਵਿਕ ਹੈ। ਇਹੀ ਸਥਿਤੀ 'ਗੁਰਪ੍ਰਤਾਪ ਸੂਰਜ' ਦੀ ਹੈ। ਸਿੱਖ ਇਤਿਹਾਸ ਸਬੰਧੀ ਇਸ ਮਹੱਤਵਪੂਰਣ ਰਚਨਾ ਦੀ ਮਹਾਨਤਾ ਕਦੇ ਘਟ ਨਹੀਂ ਸਕਦੀ। ਗੁਰਦੁਆਰਿਆਂ ਵਿਚ ਇਸ ਦੀ ਕਥਾ ਹੁੰਦੀ ਹੈ, ਇਤਿਹਾਸਕਾਰਾਂ ਲਈ ਇਹ ਇਕ ਮਹੱਤਵਪੂਰਣ ਸਰੋਤ ਗ੍ਰੰਥ ਹੈ, ਅਤੇ ਉਤਰੀ ਭਾਰਤ ਦਾ ਇਹ ਸਭਿਆਚਾਰਕ ਦਰਪਣ ਹੈ, ਅਤੇ ਵਿਚਾਰਧਾਰਕ ਪੱਖ ਤੋਂ ਇਲਾਵਾ ਇਸ ਦਾ ਸਾਹਿਤਿਕ ਗੌਰਵ ਵੀ ਕੁਝ ਘੱਟ ਮਹੱਤਵ ਨਹੀਂ ਰਖਦਾ। ਜਿਤਨਾ ਲੀਨ ਹੋ ਕੇ ਵਿਆਪਕ ਅਤੇ ਰੂਪ ਵਿਚ ਇਸ ਦਾ ਵਸਤੂ-ਵਰਣਨ ਹੋਇਆ ਹੈ, ਉਹੋ ਜਿਹਾ ਬਹੁਤ ਘੱਟ ਪ੍ਰਬੰਧਾਂ ਵਿਚ ਵੇਖਿਆ ਗਿਆ ਹੈ। ਯੁਧ-ਵਰਣਨ ਵਿਚ ਕਵੀ ਦੀ ਵਿਸ਼ੇਸ਼ ਰੁਚੀ ਰਹੀ ਹੈ। ਗੁਰੂ ਗੋਬਿੰਦ ਸਿੰਘ ਦੇ ਚਰਿਤ-ਵਰਣਨ ਵੇਲੇ ਯੁੱਧ ਦਾ ਜੋ ਵਾਤਾਵਰਣ ਸਿਰਜਿਆ ਗਿਆ ਹੈ, ਉਸ ਤੋਂ ਕਵੀ ਦੀ ਯੁੱਧ ਪ੍ਰਬੀਨਤਾ ਦਾ ਅਹਿਸਾਸ ਹੁੰਦਾ ਹੈ। ਸੁੰਦਰ ਅਲੰਕਾਰ ਵਿਧਾਨ ਅਤੇ ਛੰਦ ਯੋਜਨਾ ਵਿਚਲੀ ਵਿਵਿਧਤਾ ਇਸ ਗ੍ਰੰਥ ਦੀਆਂ ਹੋਰ ਉਲੇਖਯੋਗ ਵਿਸ਼ੇਸ਼ਤਾਵਾਂ ਹਨ। ਸਰਲ ਤੇ ਸੁਬੋਧ ਬ੍ਰਿਜ ਭਾਸ਼ਾ ਵਿਚ ਲਿਖਿਆ ਗਿਆ ਇਹ ਗ੍ਰੰਥ ਪੰਜਾਬ ਵਿਚ ਰਚੇ ਗਏ ਚਰਿਤ-ਕਾਵਿ ਦੀ ਅਦੁੱਤੀ ਪ੍ਰਾਪਤੀ ਹੈ।

'ਗੁਰੂ ਨਾਨਕ ਪ੍ਰਕਾਸ਼' ਅਤੇ 'ਗੁਰਪ੍ਰਤਾਪ ਸੂਰਜ' ਇਨ੍ਹਾਂ ਦੋਹਾਂ ਰਚਨਾਵਾਂ ਵਿਚ ਕ੍ਰਮ-ਬੱਧ ਢੰਗ ਨਾਲ ਗੁਰੂ-ਇਤਿਹਾਸ ਨੂੰ ਵਰਣਨ ਕੀਤਾ ਹੋਣ ਕਾਰਣ ਇਹ ਅਸਲੋਂ ਇਕ ਹੀ ਰਚਨਾ ਪ੍ਰਤੀਤ ਹੁੰਦੀ ਹੈ। ਇਨ੍ਹਾਂ ਦੇ ਕਈ ਹੱਥ-ਲਿਖਤ ਜਾਂ ਛਪੇ ਹੋਏ ਸੰਸਕਰਣ-ਉਪਲਬਧ ਸਨ, ਪਰ ਉਨ੍ਹਾਂ ਵਿਚਲੀਆਂ ਤਰੁੱਟੀਆਂ, ਲਿਖਾਰੀਆਂ ਵਲੋਂ ਉਤਾਰਾ ਕਰਨ

ਵੇਲੇ ਪਾਈਆਂ ਗਲਤੀਆਂ, ਕਠਿਨ ਸ਼ਬਦਾਂ ਨੂੰ ਸਮਝਣ ਦੀ ਔਖਿਆਈ ਨੇ ਭਾਈ ਵੀਰ ਸਿੰਘ ਜੀ ਨੂੰ ਇਸ ਦਾ ਸੰਪਾਦਨ ਕਰਨ ਦੀ ਪ੍ਰੇਰਨਾ ਦਿੱਤੀ ਅਤੇ 1926 ਈ: ਵਿਚ ਉਨ੍ਹਾਂ ਨੇ ਇਸ ਕੰਮ ਨੂੰ ਆਰੰਭ ਕੀਤਾ ਅਤੇ 1934 ਵਿਚ ਇਸ ਦੀ ਪਹਿਲੀ ਛਾਪ ਸਾਹਮਣੇ ਆਈ ਅਤੇ ਬਾਅਦ ਵਿਚ ਤਿੰਨ ਹੋਰ ਸੰਸਕਰਣ ਵੀ ਛਪ ਚੁੱਕੇ ਹਨ ।

ਭਾਈ ਸੰਤੋਖ ਸਿੰਘ ਵਰਗੇ ਮਹਾਨ ਕਵੀ ਦੀ ਰਚਨਾ ਨੂੰ ਸਮਝਣ ਅਤੇ ਸੰਪਾਦਿਤ ਕਰਨ ਦਾ ਕੰਮ ਉਸੇ ਪੱਧਰ ਦਾ ਮਹਾਨ ਵਿਦਵਾਨ ਹੀ ਹੱਥ ਵਿਚ ਲੈ ਸਕਦਾ ਹੈ ਅਤੇ ਇਸ ਦੀ ਜ਼ਿੰਮੇਵਾਰੀ ਆਧੁਨਿਕ ਪੰਜਾਬੀ ਸਾਹਿੱਤ ਦੇ ਪਿਤਾਮਾ ਭਾਈ ਵੀਰ ਸਿੰਘ ਜੀ ਨੇ ਸੰਭਾਲੀ । ਭਾਈ ਵੀਰ ਸਿੰਘ ਦਾ ਜਨਮ ਡਾ: ਚਰਨ ਸਿੰਘ ਦੇ ਘਰ ਸੰਨ 1872 ਈ. ਵਿਚ ਹੋਇਆ । ਉਹ ਦੀਵਾਨ ਕੌੜਾ ਮਲ ਦੇ ਵੰਸ਼ ਵਿਚੋਂ ਸਨ । ਔਕੜ ਵੇਲੇ ਸਿੱਖਾਂ ਦੀ ਮਦਦ ਕਰਨ ਕਰਕੇ ਦੀਵਾਨ ਜੀ ਨੇ ਸਿੱਖ ਭਾਈਚਾਰੇ ਵਿਚ ਆਦਰਯੋਗ ਸਥਾਨ ਪ੍ਰਾਪਤ ਕੀਤਾ ਹੋਇਆ ਸੀ । ਇਸ ਖਾਨਦਾਨ ਵਿਚ ਬਾਬਾ ਕਾਨ੍ਹ ਸਿੰਘ ਸਭ ਤੋਂ ਪਹਿਲੇ ਸਿੰਘ ਸਜੇ । ਬਾਬਾ ਕਾਨ੍ਹ ਸਿੰਘ ਬੜੇ ਤਿਆਗੀ ਅਤੇ ਗੁਰਮਤਿ ਦੇ ਚੰਗੇ ਵਿਦਵਾਨ ਸਨ । ਫਿਰ ਉਨ੍ਹਾਂ ਦੇ ਸਪੁੱਤਰ ਸ੍ਰੀ ਚਰਨ ਸਿੰਘ ਨੇ ਵੀ ਨਾ ਕੇਵਲ ਸਿੱਖ ਧਰਮ ਅਤੇ ਸਮਾਜ ਵਿਚ ਚੰਗੀਆਂ ਰੀਤਾਂ ਪ੍ਰਚਲਤ ਕਰਨ ਦਾ ਉਦਮ ਕੀਤਾ, ਸਗੋਂ ਬ੍ਰਿਜ ਭਾਸ਼ਾ ਵਿਚ ਕਵਿਤਾ ਕਰ ਕੇ ਆਪਣੇ ਧਾਰਮਿਕ ਵਿਚਾਰਾਂ ਨੂੰ ਪ੍ਰਗਟ ਕੀਤਾ । ਉਨ੍ਹਾਂ ਦੇ ਹੀ ਘਰ ਭਾਈ ਵੀਰ ਸਿੰਘ ਦਾ ਜਨਮ ਹੋਇਆ । ਨਾਨਕੇ ਪਾਸੋਂ ਭਾਈ ਵੀਰ ਸਿੰਘ ਨੂੰ ਵਿਦਵੱਤਾ ਅਤੇ ਸਿੱਖ ਧਰਮ-ਪ੍ਰਚਾਰ ਵਿਰਸੇ ਵਿਚ ਮਿਲਿਆ ਸੀ। ਉਨ੍ਹਾਂ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਆਪਣੇ ਵਕਤ ਦੇ ਗੁਰਬਾਣੀ ਦੇ ਪ੍ਰਤਿਸ਼ਠਿਤ ਵਿਆਖਿਆਕਾਰ ਸਨ । ਭਾਈ ਵੀਰ ਸਿੰਘ ਨੇ ਮੁੱਢਲੀ ਵਿਦਿਆ ਤਾਂ ਘਰ ਵਿਚ ਹੀ ਰਹਿ ਕੇ ਪ੍ਰਾਪਤ ਕੀਤੀ, ਫਿਰ ਦਸਵੀਂ ਤਕ ਸਕੂਲ ਵਿਚ ਪੜ੍ਹੇ । ਇਸ ਉਪਰੰਤ ਉਨ੍ਹਾਂ ਨੇ ਭਾਰਤੀ ਸੰਸਕ੍ਰਿਤੀ, ਦਰਸ਼ਨ ਅਤੇ ਸਾਹਿੱਤ ਗ੍ਰੰਥਾਂ ਦਾ ਗੰਭੀਰ ਅਧਿਐਨ ਕੀਤਾ ਅਤੇ ਅੰਗਰੇਜ਼ੀ ਵੀ ਪੜ੍ਹੀ । 20 ਵਰ੍ਹਿਆਂ ਦੀ ਉਮਰ ਵਿਚ ਉਨ੍ਹਾਂ ਨੇ ਲਿਖਣ ਦਾ ਕੰਮ ਸ਼ੁਰੂ ਕਰ ਦਿੱਤਾ ਅਤੇ 1898 ਈ. ਵਿਚ ਉਨ੍ਹਾਂ ਦੀ ਪ੍ਰਸਿੱਧ ਉਪਨਿਆਸਿਕ ਰਚਨਾ 'ਸੁੰਦਰੀ' ਦਾ ਪ੍ਰਕਾਸ਼ਨ ਹੋਇਆ ਤੇ ਇਸ ਤਰ੍ਹਾਂ ਉਨ੍ਹਾਂ ਦੀ ਸਾਹਿਤਿਕ ਪ੍ਰਤਿਭਾ ਦਾ ਵਿਕਾਸ ਉਨ੍ਹਾਂ ਦੇ ਦੇਹਾਂਤ (1957 ਈ:) ਤਕ ਨਿਰੰਤਰ ਚਲਦਾ ਰਿਹਾ ।

ਭਾਈ ਵੀਰ ਸਿੰਘ ਬੁਨਿਆਦੀ ਤੌਰ ਤੇ ਕਵੀ ਸਨ । ਉਨ੍ਹਾਂ ਨੇ ਪੰਜਾਬੀ ਵਿਚ ਨਿੱਕੀ ਕਵਿਤਾ ਲਿਖਣ ਦੀ ਪਿਰਤ ਪਾਈ ਅਤੇ ਕਈ ਕਾਵਿ-ਸੰਗ੍ਰਹਿ ਪੰਜਾਬੀ ਜਗਤ ਦੇ ਭੇਟਾ ਕੀਤੇ । ਸਿੱਖ ਸਿਧਾਤਾਂ ਅਤੇ ਮਰਯਾਦਾਵਾਂ ਦੇ ਪ੍ਰਤਿਪਾਦਨ ਲਈ 'ਰਾਣਾ ਸੂਰਤ ਸਿੰਘ' ਨਾਂ ਦੇ ਮਹਾਂ-ਕਾਵਿ ਦੀ ਰਚਨਾ ਕੀਤੀ । ਸਿੱਖੀ ਚਲਨ ਦੀ ਅਜ਼ਮਤ ਨੂੰ ਪ੍ਰਗਟਾਉਣ ਲਈ ਚਾਰ ਨਾਵਲ ਲਿਖੇ । ਤਿੰਨ ਚਮਤਕਾਰਾਂ ਦੀ ਰਚਨਾ ਦੁਆਰਾ ਗੁਰੂ ਸਾਹਿਬਾਨ ਦੇ ਜੀਵਨ ਉਤੇ ਝਾਤ ਪਈ। ਕਈ ਲੇਖ ਵੀ ਲਿਖੇ ਅਤੇ ਛਾਪੇ । ਉਨ੍ਹਾਂ ਦੀ ਵਾਰਤਕ ਉਤੇ ਉਨ੍ਹਾਂ ਦੀ ਕਾਵਿ-ਪ੍ਰਤਿਭਾ ਦੀ ਛਾਪ ਹਰ ਪਾਸੇ ਲਗੀ ਪ੍ਰਤੀਤ ਹੁੰਦੀ ਹੈ । ਇਨ੍ਹਾਂ ਤੋਂ ਇਲਾਵਾ ਭਾਈ ਵੀਰ ਸਿੰਘ ਜੀ ਨੇ ਪੰਜਾਬੀ ਪੱਤਰਕਾਰੀ, ਟੀਕਾਕਾਰੀ, ਕੋਸ਼ਕਾਰੀ ਅਤੇ ਸੰਪਾਦਨ ਦੇ ਕੰਮ ਵਿਚ ਬਹੁਤ ਰੁਚੀ ਵਿਖਾਈ ਅਤੇ ਕਈ ਗ੍ਰੰਥਾਂ ਦਾ ਪ੍ਰਕਾਸ਼ਨ ਕੀਤਾ । ਉਨ੍ਹਾਂ ਦੀਆਂ ਲਗਭਗ ਤਿੰਨ ਦਰਜਨ ਰਚਨਾਵਾਂ ਉਪਲਬਧ ਹਨ। ਉਨ੍ਹਾਂ ਨੂੰ ਅਨੇਕ ਵਿਦਿਅਕ ਸੰਸਥਾਵਾਂ, ਧਾਰਮਿਕ ਅਦਾਰਿਆਂ ਵਲੋਂ ਸਨਮਾਨਿਤ ਕੀਤਾ ਗਿਆ । ਸੰਨ 1951 ਵਿਚ ਭਾਸ਼ਾ ਵਿਭਾਗ (ਉਦੋਂ ਮਹਿਕਮਾ ਪੰਜਾਬੀ) ਵਲੋਂ ਉਨ੍ਹਾਂ ਨੂੰ ਸ਼ਿਰੋਮਣੀ ਸਾਹਿਤਕਾਰ ਘੋਸ਼ਿਤ ਕੀਤਾ ਗਿਆ । 'ਮੇਰੇ

ਸਾਈਆਂ ਜੀਓ' ਉਤੇ ਉਨ੍ਹਾਂ ਨੂੰ ਸਾਹਿਤ ਅਕਾਡਮੀ, ਨਵੀਂ ਦਿੱਲੀ ਦਾ ਪੁਰਸਕਾਰ ਪ੍ਰਾਪਤ ਹੋਇਆ। ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮ-ਭੂਸ਼ਨ ਨਾਲ ਸਨਮਾਨਿਆ ਅਤੇ ਪੰਜਾਬ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਡੀ. ਲਿਟ ਦੀ ਆਨਰਸਕਾਸਾ ਡਿਗਰੀ ਨਾਲ ਸੁਸ਼ੋਭਿਤ ਕੀਤਾ। ਇਸ ਤਰ੍ਹਾਂ ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਸਾਹਿੱਤ ਜਗਤ ਦੇ ਇਕ ਅਜਿਹੇ ਚਮਕਦੇ ਸਿਤਾਰੇ ਹਨ ਜਿਸ ਦੀ ਲੋ ਵਿਚ ਕਈਆਂ ਦੀ ਸਾਹਿਤਿਕ ਪ੍ਰਤਿਭਾ ਨੇ ਵਿਕਾਸ ਕੀਤਾ। ਸੱਚਮੁਚ ਭਾਈ ਸੰਤੋਖ ਸਿੰਘ ਦੇ ਰਚੇ ਗੁਰੂ ਇਤਿਹਾਸ ਨਾਲ ਸਬੰਧਿਤ ਗ੍ਰੰਥਾਂ ਦੇ ਸੰਪਾਦਨ ਦਾ ਮਹਾਨ ਕੰਮ ਭਾਈ ਵੀਰ ਸਿੰਘ ਜੀ ਵਰਗੇ ਵਿਦਵਾਨ ਨੂੰ ਹੀ ਸੋਭਦਾ ਸੀ ਅਤੇ ਉਨ੍ਹਾਂ ਨੇ ਹੀ ਇਸ ਨੂੰ ਸਹੀ ਢੰਗ ਨਾਲ ਪੇਸ਼ ਕਰ ਕੇ ਇਨ੍ਹਾਂ ਗ੍ਰੰਥਾਂ ਨੂੰ ਅਧਿਕ ਲੋਕ-ਉਪਯੋਗੀ ਬਣਾਇਆ ਅਤੇ ਇਨ੍ਹਾਂ ਨੂੰ ਪੜ੍ਹਨ ਲਈ ਲੋਕਾਂ ਦੇ ਮਨ ਵਿਚ ਚਾਅ ਪੈਦਾ ਕੀਤਾ।

ਇਸ ਸੰਪਾਦਨ-ਕਾਰਜ ਵਿਚ ਭਾਈ ਵੀਰ ਸਿੰਘ ਨੇ ਪਹਿਲਾਂ 'ਗੁਰ ਨਾਨਕ ਪ੍ਰਕਾਸ਼' ਅਤੇ 'ਗੁਰ ਪ੍ਰਤਾਪ ਸੂਰਜ' ਦੇ ਛਪੇ ਹੋਏ ਅਤੇ ਹੱਥ-ਲਿਖਤ ਖਰੜੇ ਇਕੱਠੇ ਕੀਤੇ। ਫਿਰ ਉਨ੍ਹਾਂ ਦਾ ਮਿਲਾਨ ਕੀਤਾ ਅਤੇ ਪੈਰ ਟਿਪਣੀਆਂ ਵਿਚ ਪਾਠਾਂਤਰ ਲਿਖੇ ਗਏ। ਜਿਥੇ ਭਾਈ ਸਾਹਿਬ ਨੂੰ ਆਧਾਰ ਪਾਠ ਵਿਚ ਕੋਈ ਉਕਾਈ ਨਜ਼ਰ ਪਈ, ਉਸਨੂੰ ਭਾਵੇਂ ਉਵੇਂ ਰਹਿਣ ਦਿੱਤਾ ਪਰ ਪੈਰ-ਟਿਪਣੀ ਵਿਚ ਉਸ ਦਾ ਸਹੀ ਪਾਠ ਲਿਖ ਦਿੱਤਾ ਤਾਂ ਜੋ ਕਿਸੇ ਪ੍ਰਕਾਰ ਦਾ ਭੁਲੇਖਾ ਨ ਰਹਿ ਜਾਏ। ਮੰਗਲਾਂ ਦਾ ਵਿਸਤਾਰ ਸਹਿਤ ਟੀਕਾ ਲਿਖਿਆ ਅਤੇ ਲਿਖਾਰੀਆਂ ਦੁਆਰਾ ਉਨ੍ਹਾਂ ਦੇ ਵਿਗਾੜੇ ਹੋਏ ਪਾਠ ਦੀ ਸਥਿਤੀ ਵੀ ਪੈਰ-ਟਿੱਪਣੀਆਂ ਵਿਚ ਸਪਸ਼ਟ ਕੀਤੀ। ਦਾਰਸ਼ਨਿਕ ਕਥਨਾਂ ਨੂੰ ਵੀ ਸਮਝਣ ਯੋਗ ਬਣਾਉਣ ਦਾ ਉਦਮ ਕੀਤਾ। ਬਿਸਰਾਮ ਚਿੰਨ੍ਹਾਂ-ਨਾਲ ਪਾਠ ਨੂੰ ਅਧਿਕ ਤੋਂ ਅਧਿਕ ਸਪਸ਼ਟ ਬਣਾਇਆ।

ਗੁਰ-ਇਤਿਹਾਸ ਨਾਲ ਸਬੰਧਿਤ ਹੋਣ ਕਰਕੇ ਭਾਈ ਸਾਹਿਬ ਨੇ ਇਨ੍ਹਾਂ ਰਚਨਾਵਾਂ ਦੀ ਇਤਿਹਾਸਕਤਾ ਵਲ ਵਿਸ਼ੇਸ਼ ਧਿਆਨ ਦਿੱਤਾ। ਲੋੜ ਅਨੁਸਾਰ ਪੂਰੀ ਛਾਣਬੀਨ ਕਰ ਕੇ ਵਾਸਤਾਵਿਕਤਾ ਨੂੰ ਸਪਸ਼ਟ ਕੀਤਾ। ਬਾਬਾ ਬੰਦਾ ਬਹਾਦਰ ਬਾਰੇ ਪੂਰੀ ਖੋਜ ਕਰਕੇ ਉਸ ਦੇ ਇਤਿਹਾਸਿਕ ਪਿਛੋਕੜ ਤੋਂ ਪਾਠਕਾਂ ਨੂੰ ਜਾਣੂ ਕਰਵਾਇਆ। ਕੌਲਾਂ ਦਾ ਪ੍ਰਸੰਗ, ਦੇਵੀ-ਪੂਜਾ ਦਾ ਪ੍ਰਸੰਗ ਆਦਿ ਨੂੰ ਵੀ ਉਨ੍ਹਾਂ ਨੇ ਸਹੀ ਪਿਛੋਕੜ ਵਿਚ ਪੇਸ਼ ਕੀਤਾ। ਰਾਗਮਾਲਾ ਬਾਰੇ ਵੀ ਰਚਨਾ ਕੀਤੀ ਅਤੇ ਹੋਰ ਅਨੇਕ ਵਿਸਤਰਿਤ ਪੈਰ-ਟਿਪਣੀਆਂ ਦੇ ਕੇ ਅਨੇਕ ਪੇਚੀਦਾ ਮਸਲੇ ਹਲ ਕੀਤੇ। ਇਹ ਟਿੱਪਣੀਆਂ ਕਿਤੇ ਕਿਤੇ ਇਤਨੀਆਂ ਵਿਸ਼ਾਲ ਹਨ ਕਿ ਉਨ੍ਹਾਂ ਨੂੰ ਸੁਤੰਤਰ ਪੁਸਤਕ ਰੂਪ ਵੀ ਦਿੱਤਾ ਜਾ ਸਕਦਾ ਹੈ।

ਇਹ ਸਾਰਾ ਕੁਝ ਕਰਨ ਤੇ ਵੀ ਭਾਈ ਵੀਰ ਸਿੰਘ ਨੇ ਭੂਮਿਕਾ ਵਿਚ ਲਿਖਿਆ ਹੈ ਕਿ ਹਰੇਕ ਇਤਿਹਾਸ ਗ੍ਰੰਥ ਆਪਣੇ ਆਪ ਵਿਚ ਅਚੁੱਕ ਨਹੀਂ। ਉਨ੍ਹਾਂ ਵਿਚ ਵੀ ਕਈ ਤੱਥ ਗ਼ਲਤ ਹੋ ਸਕਦੇ ਹਨ। ਭੂਮਿਕਾ ਤੋਂ ਇਲਾਵਾ ਮੁਖਬੰਧ ਵਿਚ ਭਾਈ ਸਾਹਿਬ ਨੇ ਸਿੱਖ ਧਰਮ ਦਾ ਨਿਰਾਪੁਰਾ ਇਤਿਹਾਸ ਆਧਾਰਿਤ ਹੋਣਾ ਨਹੀਂ ਮੰਨਿਆ, ਸਗੋਂ ਇਸਦੀਆਂ ਆਪਣੀਆਂ ਹੀ ਜਿਉਂਦੀਆਂ ਜਾਗਦੀਆਂ ਪਰੰਪਰਾਵਾਂ ਹਨ। ਕਵੀ ਦੇ ਜੀਵਨ ਬ੍ਰਿਤਾਂਤ ਨੂੰ ਵੀ ਬੜੀ ਬਾਰੀਕੀ ਨਾਲ ਖੋਜ ਕੇ ਅਤੇ ਉਸ ਵੇਲੇ ਦੇ ਬਜ਼ੁਰਗ ਵਿਅਕਤੀਆਂ ਤੋਂ ਪੁੱਛ ਕੇ ਤਿਆਰ ਕੀਤਾ। ਭਾਈ ਵੀਰ ਸਿੰਘ ਨੇ ਭਾਈ ਸੰਤੋਖ ਸਿੰਘ ਦੀ ਬੋਲੀ ਸ਼ੈਲੀ ਤੇ ਪ੍ਰਕਾਸ਼ ਪਾ ਕੇ ਇਨ੍ਹਾਂ ਰਚਨਾਵਾਂ ਦੇ ਛੰਦ ਵਿਧਾਨ ਅਤੇ ਅਲੰਕਾਰ ਯੋਜਨਾ ਦਾ ਵੀ ਵਿਸ਼ਲੇਸ਼ਣ ਕੀਤਾ ਹੈ। ਉਨ੍ਹਾਂ ਨੇ ਰਸ ਦਾ ਵਿਸ਼ਲੇਸ਼ਣ ਕਰਕੇ ਵਸਤੂ ਵਰਣਨ ਵੱਲ

ਵੀ ਧਿਆਨ ਦਿੱਤਾ ਹੈ। ਇਸ ਤਰ੍ਹਾਂ ਭਾਈ ਵੀਰ ਸਿੰਘ ਨੇ ਬੜੀ ਮਿਹਨਤ ਨਾਲ ਇਕ ਅਦੁੱਤੀ ਗ੍ਰੰਥਾਵਲੀ ਸੰਪਾਦਿਤ ਕੀਤੀ ਜੋ ਉਨ੍ਹਾਂ ਦੀ ਸੰਪਾਦਨ-ਪ੍ਰਤਿਭਾ ਦੀ ਪੰਜਾਬੀ ਜਗਤ ਨੂੰ ਇਕ ਅਭੁਲ ਦੇਣ ਹੈ।

ਪਿਛਲੇ ਕੁਝ ਵਰ੍ਹਿਆਂ ਤੋਂ ਇਸ ਮਹਾਨ ਗ੍ਰੰਥਾਵਲੀ ਦਾ ਚੌਥਾ ਸੰਸਕਰਣ ਵੀ ਮੁੱਕ ਚੁੱਕਾ ਹੈ। ਲੋਕਾਂ ਦੀ ਲੋੜ ਅਤੇ ਮੰਗ ਨੂੰ ਸਾਹਮਣੇ ਰੱਖਦੇ ਹੋਇਆਂ ਇਸ ਦੀ ਹੱਥਲੀ ਛਾਪ ਕੱਢਣ ਦਾ ਉਪਰਾਲਾ ਕੀਤਾ ਗਿਆ ਹੈ। ਮੈਨੂੰ ਵਿਸ਼ਵਾਸ ਹੈ ਕਿ ਸਿੱਖ ਇਤਿਹਾਸ, ਉੱਤਰੀ ਭਾਰਤ ਦੀ ਸੰਸਕ੍ਰਿਤੀ ਅਤੇ ਧਰਮ-ਸਾਧਨਾ ਦੇ ਅਧਿਐਨ ਵਿਚ ਰੁਚੀ ਰੱਖਣ ਵਾਲੇ ਪਾਠਕ ਸਾਡੇ ਇਸ ਯਤਨ ਤੋਂ ਲਾਭ ਉਠਾਉਣਗੇ।

ਮੈਂ ਭਾਈ ਵੀਰ ਸਿੰਘ ਸਾਹਿਤਸਦਨ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਇਹ ਗ੍ਰੰਥ ਛਾਪਣ ਦਾ ਅਧਿਕਾਰ ਦੇ ਕੇ ਸਾਨੂੰ ਭਾਈ ਸੰਤੋਖ ਸਿੰਘ ਜੀ ਅਤੇ ਭਾਈ ਵੀਰ ਸਿੰਘ ਜੀ ਦੀ ਪ੍ਰਤਿਭਾ ਪਾਠਕਾਂ ਤਕ ਪਹੁੰਚਾਉਣ ਦੇ ਯੋਗ ਬਣਾਇਆ।

ਸਾਲ : 1989

ਰਾਜਿੰਦਰ ਸਿੰਘ
ਸਾਬਕਾ ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ੧. ਭੂਮਿਕਾ*।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਸ਼† ਲਗ ਪਗ ੭ ਬਰਸ ਦੇ ਅਰਸੇ ਵਿਚ ਤਿਆਰ ਹੋ ਕੇ ਸੰਨ ੧੯੨੫ ਵਿਚ ਸਮਾਪਤ ਹੋਇਆ। ਤਦੋਂ ਇਹ ਵੀਚਾਰ ਹੋਈ, ਕਿ ਗੁਰ ਪ੍ਰਤਾਪ ਸੂਰਜ ਗ੍ਰੰਥ ਨੂੰ ਪ੍ਰਯਾਵਾਂ ਵਾਲਾ ਕਰਕੇ ਛਾਪਿਆ ਜਾਵੇ ਤੇ ਵਿਉਂਤ ਇਹ ਕੀਤੀ ਜਾਵੇ ਕਿ ਪਹਿਲਾਂ ਇਹ ਗੱਲ ਪ੍ਰਕਾਸ਼ਤਿ ਕਰ ਦਿੱਤੀ ਜਾਏ। ਜੇ ਕੁਛ ਸੱਜਣ ਇਸ ਤਰ੍ਹਾਂ ਗ੍ਰੰਥ ਦੇ ਲੈਣ ਦੇ ਚਾਹਵਾਨ ਹੋ ਜਾਣ ਤਾਂ ਕੰਮ ਆਰੰਭ ਕਰ ਦਿੱਤਾ ਜਾਏ। ਇਨ੍ਹਾਂ ਦਿਨਾਂ ਵਿਚ ਪ੍ਰਸਿੱਧ ਭਾਈ ਹੀਰਾ ਸਿੰਘ ਜੀ ਰਾਗੀ ਸਾਡੇ ਪਾਸ ਟਿਕੇ ਹੋਏ ਸਨ। ਸਾਡੇ ਇਸ ਸੰਕਲਪ ਦਾ ਪਤਾ ਲੱਗਣ ਤੇ ਭਾਈ ਹੀਰਾ ਸਿੰਘ ਜੀ ਖੁਸ਼ ਹੋਏ। ਆਪ ਉਨ੍ਹੀਂ ਦਿਨੀਂ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚਾਰ ਰਹੇ ਸਨ ਜਿਸ ਤੋਂ ਇਸਦੇ ਸਮਝਣ ਦੀਆਂ ਔਕੜਾਂ ਤੋਂ ਜਾਣੂ ਸਨ, ਆਪ ਆਖਣ ਲੱਗੇ ਕਿ ਇਸ ਗ੍ਰੰਥ ਨੂੰ ਵਿਚਾਰਦਿਆਂ ਸੱਚ ਮੁਚ ਬਹੁਤ ਮੁਸ਼ਕਲਾਂ ਪੈਂਦੀਆਂ ਹਨ, ਜੇ ਪ੍ਰਯਾਯ ਲੱਗ ਜਾਣ ਤਾਂ ਸੁਖੈਨਤਾ ਹੋ ਜਾਏਗੀ।

ਕੁਛ ਦਿਨਾਂ ਬਾਦ ਆਪ ਬਾਹਰ ਗਏ ਤਾਂ ਆ ਕੇ ਕਹਿਣ ਲੱਗੇ ਕਿ ਮੈਂ ਤਜਵੀਜ਼ ਕੀਤੇ ਪ੍ਰਯਾਵਾਂ ਵਾਲੇ ਗੁਰ ਪ੍ਰਤਾਪ ਸੂਰਜ ਬਾਬਤ ਬਾਹਰ ਜ਼ਿਕਰ ਕੀਤਾ ਹੈ, ਲੋਕੀਂ ਇਸ ਖਿਆਲ ਨਾਲ ਖੁਸ਼ ਹੋਏ ਹਨ‡, ਪਰ ਚਾਹੁੰਦੇ ਹਨ ਕਿ ਇਸ ਗ੍ਰੰਥ ਵਿਚ ਆਏ ਕਠਨ ਮਾਮਲੇ ਖੁਹਲੇ ਜਾਣ ਤੇ ਇਤਰਾਜ਼ ਯੋਗ ਥਾਵਾਂ ਅਰ ਇਤਿਹਾਸਿਕ ਉਕਾਈਆਂ ਦੇ ਉੱਧਾਰ ਤੇ ਸਮਾਧਾਨ ਬੀ ਕੀਤੇ ਜਾਣ, ਤਾਂ ਜੋ ਹਰ ਖਿਆਲ ਦੇ ਸੱਜਣਾਂ ਵਿਚ ਇਸ ਗ੍ਰੰਥ ਦੇ ਪੜ੍ਹਨ ਦਾ ਚਾਉ ਮੁੜ ਉਪਜ ਪਵੇ। ਕੁਛ ਵੀਚਾਰ ਦੇ ਬਾਦ ਇਸ ਤਰ੍ਹਾਂ ਹੀ ਕਰਨ ਦੀ ਸਲਾਹ ਪੱਕੀ ਹੋ ਗਈ। ਭਾਵੇਂ ਐਸਾ ਕਰਨ ਨਾਲ ਮਿਹਨਤ ਬਹੁਤ ਵਧ ਜਾਣ ਦਾ ਅੰਦਾਜ਼ਾ ਕੀਤਾ ਗਿਆ ਤੇ ਖੋਜ ਪੜਤਾਲ ਦਾ ਕੰਮ ਇਸ ਵਿਚ ਜ਼ਰੂਰੀ ਹੋਣ ਕਰਕੇ ਸਮਾਂ ਬੀ ਬਹੁਤ ਲੱਗਣ ਦੀ ਅਵੱਸ਼ਕਤਾ ਦਿੱਸ ਰਹੀ ਸੀ, ਪਰ ਗ੍ਰੰਥ ਦੀ ਸੰਪੂਰਨਤਾ ਇਸੇ ਗਲ ਵਿਚ ਨਜ਼ਰ ਆਈ ਕਿ ਇਹ ਸਾਰਾ ਕੁਛ ਹੀ ਸਿਰੇ ਚਾੜ੍ਹਿਆ ਜਾਵੇ।

ਹੁਣ ਕੁਛ ਦਿਨ ਕਾਰਜ ਦੀ ਵਿਉਂਤ ਦੀ ਵਿਚਾਰ ਪਰ ਲੰਘੇ। ਜਦ ਕਾਰਜ ਅਰੰਭਿਆ ਗਿਆ ਤਾਂ ਮੰਗਲਾਂ ਦੇ ਕੇਵਲ ਪ੍ਰਯਾਯ ਲਾਉਣੇ ਨਾ-ਕਾਫ਼ੀ ਨਜ਼ਰ ਆਏ। ਇਨ੍ਹਾਂ ਵਿਚ ਜੋ ਵਿਸ਼ਯ ਹਨ ਓਹ ਧਾਰਮਿਕ, ਦਾਰਸ਼ਨਿਕ ਤੇ ਸਾਹਿਤਜਕ ਪਹਿਲੂ ਤੋਂ ਬਹੁਤ ਵ੍ਯਾਖ੍ਯਾ ਦੇ ਲੋੜ-

---

*ਇਹ ਭੂਮਿਕਾ ਪਹਿਲੀ ਐਡੀਸ਼ਨ ਦੀ ਹੈ।

†ਇਹ ਗ੍ਰੰਥ ਖਾਲਸਾ ਟ੍ਰੈਕਟ ਸੁਸਾਇਟੀ ਨੂੰ ਸਮਰਪਿਤ ਸੀ, ਜਿਨ੍ਹਾਂ ਵਲੋਂ ਛਪ ਗਿਆ ਹੈ ਤੇ ੧੫) ਨੂੰ ਮਿਲਦਾ ਹੈ। ਇਹ ਕੋਸ਼ ਸ੍ਰੀ ਪੰਡਤ ਹਜ਼ਾਰਾ ਸਿੰਘ ਜੀ ਗਯਾਨੀ, ਟੀਕਾਕਾਰ ਵਾਰਾਂ ਭਾਈ ਗੁਰਦਾਸ ਜੀ ਨੇ ਦੇਰ ਹੋਈ ਲਿਖਿਆ ਸੀ। ਉਸ ਨੂੰ ਮੁੜਕੇ ਦੂਣੇ ਤੋਂ ਵਧੀਕ ਵਡਾ ਕੀਤਾ ਗਿਆ ਤੇ ਉਨ੍ਹਾਂ ਦੇ ਆਸ਼ੇ ਅਨੁਸਾਰ ਵ੍ਯੁਤਪਤੀਆਂ ਪ੍ਰਮਾਣ ਆਦਿਕ ਦੇਕੇ ਵਧਾਇਆ ਸੀ।

‡ਭਾਈ ਸਾਹਿਬ ਜੀ ਦੇ ਉੱਦਮ ਨਾਲ ਬਹੁਤ ਸਾਰੇ ਲੋਕਾਂ ਨੇ ਗ੍ਰੰਥ ਲੈਣਾ ਤਦੋਂ ਹੀ ਸ੍ਵੀਕਾਰ ਕਰ ਲਿਆ ਸੀ।

ਵੰਦ ਹਨ, ਇਸ ਲਈ ਆਪਣੀ ਪਹਿਲੀ ਵਿਉਂਤ ਵਿਚ ਇਕ ਵਾਧਾ ਹੋਰ ਕਰਨਾ ਲੋੜੀਂਦਾ ਦਿੱਸਿਆ। ਉਹ ਇਹ ਸੀ ਕਿ ਮੰਗਲਾਂ ਦੇ ਪੂਰੇ ਪੂਰੇ ਟੀਕੇ ਕੀਤੇ ਜਾਣ, ਭਾਵਾਰਥ ਖੁਹਲੇ ਜਾਣ ਤੇ ਪਦ ਪਦਾਰਥਾਂ ਦੇ ਪ੍ਰਯਾਯ ਬੀ ਵਿਸਥਾਰ ਨਾਲ ਦਿੱਤੇ ਜਾਣ। ਇਸ ਆਸ਼ਯ ਨੂੰ ਲੈ ਕੇ, ਸ੍ਰੀ ਸਤਿਗੁਰੂ ਜੀ ਦੀ ਟੇਕ ਧਾਰਕੇ, ੧੯੨੬ ਦੇ ਆਰੰਭ ਵਿਚ ਸ਼੍ਰੀ ਗੁਰੂ ਨਾਨਕ ਪ੍ਰਕਾਸ਼ ਦੇ ਮੰਗਲਾਂ ਦਾ ਟੀਕਾ ਆਰੰਭ ਕਰ ਦਿੱਤਾ ਗਿਆ।

ਮੰਗਲਾਂ ਦਾ ਟੀਕਾ ਕਰ ਰਹੇ ਸਾਂ ਕਿ ਕਈ ਸਜਣਾਂ ਦੀ ਇੱਛਯਾ ਸਾਡੇ ਤਕ ਅੱਪੜੀ ਕਿ ਇਸ ਗ੍ਰੰਥ ਵਿਚੋਂ ਅਵਾਂਛਿਤ ਹਿੱਸੇ ਕੱਟ ਦਿਤੇ ਜਾਣ ਤੇ ਹੋਰ ਪ੍ਰਸੰਗ ਪਾ ਦਿੱਤੇ ਜਾਣ। ਪਰੰਤੂ ਇਹ ਕੰਮ ਕਰਨਾ, ਅਰਥਾਤ ਮੂਲ ਪਾਠ ਵਿਚੋਂ ਕੱਟਣਾ ਕਿ ਹੋਰ ਪਾਉਣਾ ਸਾਨੂੰ ਮੁਨਾਸਿਬ ਨਜ਼ਰ ਨਾ ਆਇਆ। ਐਸਾ ਕਰਨਾ ਸਾਹਿਤਕ ਦੁਨੀਆਂ ਵਿਚ ਇਕ ਵੱਡੀ ਮਾੜੀ ਗੱਲ ਹੈ। ਇਸੇ ਅਜੋਗ ਦਲੇਰੀ ਕਰਕੇ ਮੰਨੇ ਪ੍ਰਮੰਨੇ ਲੇਖਕਾਂ ਦੇ ਗ੍ਰੰਥ ਸੁੱਧ ਨਹੀਂ ਮਿਲਦੇ। ਮੰਨੂੰ ਸਿੰਮ੍ਰਤੀ, ਬਾਲਮੀਕੀ ਰਾਮਾਯਣ ਤੋਂ ਲੈ ਕੇ ਫਾਰਸੀ ਦੇ ਉਮਰਖ਼ਯਾਮ ਤਕ ਮਿਲਾਵਟ ਤੋਂ ਅਸਲੀ ਹਿੱਸਿਆਂ ਨੂੰ ਨਿਖੇੜਨਾ ਕਠਨ ਹੋ ਰਿਹਾ ਹੈ। ਅਪਣੇ ਹੀ ਘਰ ਵਿਚ ਵੇਖੋ:—ਸ਼੍ਰੀ ਪੰਚਮ ਪਾਤਸ਼ਾਹ ਜੀ ਦੇ ਸਮੇਂ ਤਕ ਅਨੇਕਾਂ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਨਵੇਂ ਰਚੇ ਜਾ ਕੇ ਅਤੇ ਅਨੇਕਾਂ ਉਨ੍ਹਾਂ ਦੇ ਰਚਿਆਂ ਵਿਚ ਫਰਕ ਪਾ ਕੇ ਪ੍ਰਵਿਰਤ ਹੋਣ ਲਗ ਪਏ ਸਨ। ਪੰਜਵੇਂ ਪਾਤਸ਼ਾਹ ਜੀ ਨੇ ਇਸੇ ਵਾਸਤੇ ੧੬੬੧ਬਿ: ਵਿਚ ਸ਼ੁੱਧ ਬਾਣੀ ਸੰਕਲਿਤ ਕਰਕੇ ਤੇ ਬੀੜ ਬੰਨ੍ਹਕੇ ਅਖਰ ਵੱਧ ਘਟ ਕਰਨੇ ਦੀ ਮਨਾਹੀ ਕਰ ਦਿੱਤੀ ਸੀ। ਆਪ ਜੀ ਪਾਸ ਉਸ ਵੇਲੇ ਇਨਸਾਨੀ ਸਾਮਾਨ ਸ਼ੁੱਧ ਬਾਣੀ ਨੂੰ ਪਰਖਣ ਦੇ ਕਾਫ਼ੀ ਹੈਸਨ ਤੇ ਰੂਹਾਨੀ ਸਾਮਾਨ ਪਰਖ ਕਰਨ ਦੇ ਤਾਂ ਉਨ੍ਹਾਂ ਪਾਸ ਸੁਤੇ ਹੈਸਨ। ਜੇ ਉਸ ਵੇਲੇ ਸ੍ਰੀ ਗੁਰੂ ਜੀ ਐਸਾ ਨਾਂ ਕਰਦੇ ਤਾਂ ਅੱਜ ਗੁਰੂ ਜੀ ਦੀ ਨਿਰੋਲ ਬਾਣੀ ਰਲਿਆਂ ਤੋਂ ਅੱਡਰੀ ਕਰ ਕੇ ਲੱਭ ਸਕਣੀ ਅਸੰਭਵ ਹੋ ਜਾਂਦੀ। ਇਸ ਕਰ ਕੇ ਕਿਸੇ ਹੀ ਰਚਨਾਂ ਵਿਚੋਂ ਕੱਟਣਾ ਤੇ ਹੋਰ ਕੁਛ ਪਾਉਣਾ ਅਸਾਂ ਨੇ ਅਜੋਗ ਖਿਆਲ ਕੀਤਾ। ਇਸ ਪ੍ਰਕਾਰ ਦੀ ਵੀਚਾਰ ਦੇ ਬਾਦ ਇਹ ਗਲ ਨਿਸ਼ਚਿਤ ਹੋਈ ਕਿ ਮੂਲ ਜਿਉਂ ਕਾ ਤਿਉਂ ਰਹੇ, ਕੁਛ ਵਧਾਯਾ ਘਟਾਯਾ ਨਾ ਜਾਵੇ*, ਪਰ ਹੇਠਾਂ ਟੂਕਾਂ ਵਿਚ ਓਹ ਗੱਲਾਂ ਦੱਸ ਦਿੱਤੀਆਂ ਜਾਣ ਜੋ ਕਵੀ ਜੀ ਨੇ ਤਾਂ ਠੀਕ ਲਿਖੀਆਂ ਸਨ ਪਰ ਪਾਠਕ ਉਨ੍ਹਾਂ ਨੂੰ ਸਮਝਣ ਵਿਚ ਉਕਾਈ ਖਾਂਦੇ ਹਨ ਅਤੇ ਜਿੱਥੇ ਕਵੀ ਜੀ ਤੋਂ ਉਕਾਈਆਂ ਰਹਿ ਗਈਆਂ ਹਨ ਓਥੇ ਉਨ੍ਹਾਂ ਦਾ ਹੇਠਾਂ ਪਤਾ ਲਾ ਦਿੱਤਾ ਜਾਵੇ। ਨਾਲੇ ਮਿਲਾਵਟਾਂ ਯਾ ਰਲਿਆਂਦੇ ਥਹੁ,ਸ਼ੁੱਧ ਪਾਠਾਂ ਦੇ ਪਤੇ,ਤੇ ਪਾਠਾਂਤ੍ਰ ਭੇਦ ਬੀ ਹੇਠਾਂ ਲਾ ਦਿੱਤੇ ਜਾਣ।

ਹੁਣ ਦੂਸਰਾ ਕੰਮ ਗ੍ਰੰਥ ਦੀ ਸੁਧਾਈ ਦਾ ਸੀ। ਅਨੇਕਾਂ ਨੁਸਖਿਆਂ ਵਿਚ ਪਾਠਾਂ ਦੇ ਅੰਤਰੇ ਸਨ। ਇਸ ਕਰ ਕੇ ਪਹਿਲਾਂ ਜਗ੍ਹਾ ਜਗ੍ਹਾ ਤੋਂ ਸ੍ਰੀ ਗੁਰੂ ਨਾਨਕ ਪ੍ਰਕਾਸ਼, ਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਲਿਖਤੀ ਕੱਠੇ ਕੀਤੇ ਗਏ। ਸੁਧਾਈ ਲਈ ਸਭ ਤੋਂ ਪੁਰਾਣਾ ਨੁਸਖਾ ੧੯੧੯ ਬਿ: ਦਾ,

*ਕਵੀ ਸੰਤੋਖ ਸਿੰਘ ਜੀ ਨੇ ਆਪ ਬਾਲਮੀਕੀ ਰਾਮਾਯਣ ਦੇ ਤਰਜਮੇ ਵਿਚ, ਜੋ ਮੂਲ ਪਾਠ ਪ੍ਰਵਿਰਤ ਸੀ ਸਾਰਾ ਤਰਜਮਾ ਕਰ ਦਿੱਤਾ ਹੈ, ਪਰ ਜੋ ਹਿੱਸੇ ਆਪ ਨੇ ਪਰਖੇ ਤੇ ਮਗਰੋਂ ਪਾਏ ਗਏ ਸਹੀ ਕੀਤੇ ਸਨ, ਓਹ ਆਪ ਨੇ ਦੱਸ ਦਿੱਤੇ ਕਿ ਇਹ ਬਾਲਮੀਕ ਦੇ ਨਹੀਂ, ਪਰ ਕਾਂਟ ਛਾਂਟ ਆਪ ਨੇ ਨਹੀਂ ਕੀਤੀ। ਦੇਖੋ ਇਸੇ ਪੋਥੀ ਦਾ 'ਬਾਲਮੀਕੀ ਰਾਮਾਯਣ ਦਾ ਅਨੁਵਾਦ ਕਵਿਤਾ ਵਿਚ' ਵਾਲਾ ਲੇਖ ਜੋ ਅੱਗੇ ਕਵੀ ਜੀ ਦੀ ਜੀਵਨੀ ਵਿਚ ਆਵੇਗਾ।

ਲਿਖਤੀ ਮਿਲਿਆ ਸੀ। ਹੋਰ ਬੀ ਪੁਰਾਣੇ ਸਨ ਪਰ ਉਨ੍ਹਾਂ ਪਰ ਸੰਮਤ ਨਹੀਂ ਸਨ। ਇਕ ਨੁਸਖੇ ਦਾ ਕੁਛ ਹਿੱਸਾ, ਜੋ ਪਿੱਛੇ ਜਿਹੇ ਜਾ ਕੇ ਮਿਲਿਆ, ਇਹ ੧੯੧੨ ਬਿ: ਦੀ ਲਿਖਤ ਸੀ। ਹੁਣ ਇਹ ਪ੍ਰਬੰਧ ਕੀਤਾ ਗਿਆ ਕਿ ਇਕ ਸੱਜਣ ਪਾਠ ਕਰੀ ਜਾਏ ਤੇ ਬਾਕੀ ਨੁਸਖਿਆਂ ਤੋਂ ਬਾਕੀ ਸੱਜਣ ਸੁਣੀ ਜਾਣ। ਇਸ ਤਰ੍ਹਾਂ ਸਾਰੇ ਨੁਸਖਿਆਂ ਦੇ ਪਾਠਾਂ ਦਾ ਮੁਕਾਬਲਾ ਹੁੰਦਾ ਜਾਏ ਤੇ ਪਾਠਾਂਤ੍ਰ ਭੇਦ ਹੇਠਾਂ ਨਿਸ਼ਾਨ ਦੇ ਕੇ ਲਾਏ ਜਾਣ। ਐਉਂ ਨਵੇਂ ਛਪਣ ਵਾਲੇ ਨੁਸਖੇ ਲਈ ਇਕ ਨੁਸਖਾ ਸੋਧਿਆ ਗਿਆ ਤੇ ਜਿੱਥੇ ਇਕ ਤੋਂ ਵਧੀਕ ਪਾਠ ਸਨ ਉਨ੍ਹਾਂ ਦੇ ਹੇਠਾਂ ਪਾਠਾਂਤ੍ਰ ਭੇਦ ਲਗਾਏ ਗਏ ਤੇ ਜੋ ਪਾਠ ਮੂਲੋਂ ਅਸ਼ੁੱਧ ਸਨ, ਉਨ੍ਹਾਂ ਦੇ ਸ਼ੁੱਧ ਪਾਠ ਜੋ ਹੋ ਸਕਦੇ ਹਨ, ਸੋ ਬੀ ਹੇਠਾਂ ਹੀ ਦੱਸੇ ਗਏ ਤਾਂ ਕਿ ਮੂਲ ਪਾਠ ਨੂੰ, ਚਾਹੋ ਓਹ ਅਸ਼ੁੱਧ ਹੀ ਹੈ, ਨਾਂ ਹਿਲਾਇਆ ਜਾਵੇ, ਪਰ ਪਾਠਕ ਨੂੰ ਉਸ ਦੀ ਅਸ਼ੁੱਧੀ ਦਾ ਪਤਾ ਲਗ ਜਾਵੇ, ਜੈਸਾ ਕਿ ਰੁਤ ੨ ਅੰਸੂ ੨੩ ਦੇ ਅੰਕ ੨੯ ਤੇ ਮੂਲ ਪਾਠ ਹੈ "ਚੇਲਨ ਕੋ ਜੋ ਵਾਕ ਨ ਜੋਵਾ"। ਹਰ ਨੁਸਖੇ ਵਿਚ, ਜੋ ਸਾਡੇ ਪਾਸ ਸਨ, ਇਹੀ ਪਾਠ ਸੀ। ਪਰ ਇਹ ਪਾਠ ਅਸ਼ੁਧ ਹੈ। ਇਸ ਨੂੰ ਵੀ ਅਸਾਂ ਬਦਲਿਆ ਨਹੀਂ, ਪਰ ਹੇਠਾਂ ਇਸ ਦਾ ਸ਼ੁਧ ਪਾਠ ਦੱਸ ਦਿੱਤਾ ਹੈ ਜੋ ਐਉਂ ਹੈ—"ਚੇਲਨ ਕੋ ਜੋਵਾ ਕਿ ਨ ਜੋਵਾ ?"

ਟੀਕਾ ਦੇ ਪਹਿਲੂ ਵਿਚ ਸਭ ਤੋਂ ਪਹਿਲਾ ਕੰਮ ਸ਼੍ਰੀ ਗੁਰ ਨਾਨਕ ਪ੍ਰਕਾਸ਼ ਦਾ ਸੀ। ਉਪਰਲਾ ਕੰਮ ਆਰੰਭਣ ਤੋਂ ਪਹਿਲਾਂ, ਜੈਸਾ ਕਿ ਪਿੱਛੇ ਦੱਸ ਆਏ ਹਾਂ, ਮੰਗਲਾਂ ਦਾ ਸਾਰਾ ਟੀਕਾ ਕਰਨਾ ਆਰੰਭ ਕੀਤਾ ਗਿਆ। ਸੋ ਮੰਗਲਾਂ ਨੂੰ ਇੰਨਾ ਖੁਹਲ ਕੇ ਤੇ ਵਿਸਥਾਰ ਨਾਲ ਹੱਲ ਕੀਤਾ ਗਿਆ ਕਿ ਸਾਧਾਰਣ ਪਾਠਕ ਦੀ ਸਮਝ ਵਿਚ ਵੀ ਕਵੀ ਜੀ ਦੀ ਇਸ਼ਟਪਤੀ* ਦੀਆਂ ਖੂਬੀਆਂ, ਕਵਿਤਾ ਦੇ ਕਟਾਖਜ ਤੇ ਬ੍ਰੀਕੀਆਂ ਆ ਜਾਣ ਤੇ ਜਿੱਥੇ ਕਵੀ ਜੀ ਨੇ ਦਾਰਸ਼ਨਿਕ (ਫਿਲਸਫੇ ਦੇ) ਖਜਾਲ ਦਿੱਤੇ ਹਨ, ਉਹ ਭੀ ਉਥੇ ਖੁਲ੍ਹ ਜਾਣ। ਇਸੀ ਤਰ੍ਹਾਂ ਮੰਗਲਾਂ ਦਾ ਟੀਕਾ ਕਰਕੇ ਫੇਰ ਸਾਰੇ ਗ੍ਰੰਥ ਵਿਚ ਮੁਸ਼ਕਲ ਪਦਾਂ ਦੇ ਅਰਥ ਲਾਏ ਗਏ। ਇਸ ਪਾਸੇ ਕੇਵਲ ਪਦਾਂ ਦੇ ਅਰਥ ਮਾਤ੍ਰ ਤੇ ਹੀ ਬੱਸ ਨਹੀਂ ਕੀਤੀ ਗਈ, ਸਗੋਂ ਅਰਥ ਲਾਉਣ ਦੀਆਂ ਔਖਿਆਈਆਂ ਵੀ ਹੱਲ ਕੀਤੀਆਂ ਗਈਆਂ। ਬਾਜ਼ੇ ਥਾਈਂ ਫਿਕਰਿਆਂ ਦੇ ਅਰਥ ਲਾਏ ਗਏ ਤੇ ਸੰਦਿਗਧ ਥਾਂ ਵਧੀਕ ਅਰਥਾਂ ਦੀ ਸੰਭਾਵਨਾ ਬੀ ਸੂਚਤਿ ਕੀਤੀ ਗਈ। ਇਸ ਪਹਿਲੂ ਵਿਚ ਬੀ ਬਹੁਤ ਕਠਨਾਈਆਂ ਸਨ। ਇਕ ਤਾਂ ਇਹ ਕਿ ਇਹ ਗ੍ਰੰਥ ਨਿਰਾ ਬ੍ਰਿਜ-ਭਾਸ਼ਾ ਦਾ ਯਾ ਕਿਸੇ ਇਕ ਪ੍ਰਕਾਰ ਦੀ ਨਿਰੀ ਹਿੰਦੀ ਦਾ ਨਹੀਂ, ਇਸ ਵਿਚ ਸੰਸਕ੍ਰਿਤ ਕੋਸ਼ ਢੇਰ ਸਾਰਾ ਖਪਤਿ ਹੈ। ਦੂਸਰੇ ਇਹ ਕਿ ਕਈ ਥਾਂਈ ਸੰਸਕ੍ਰਿਤ ਪਦ ਅਸਲੀ ਰੂਪ ਤੋਂ ਭਿੰਨ ਹੋ ਕੇ ਵਰਤੇ ਗਏ ਹਨ, ਜਿਕੂੰ 'ਕ੍ਰਿਸ਼ਾਨੁ ਰੇਤਸੁ' ਪਦ ਨੂੰ 'ਰੇਤ ਕ੍ਰਿਸਾਨ' ਕਰਕੇ ਲਿਖਿਆ ਹੈ, ਅਤੇ ਇਹ ਮੁਸ਼ਕਲ ਹੋਰ ਵੀ ਵਧ ਗਈ ਹੈ ਜਦੋਂ ਕਿ ਗੁਰਮੁਖੀ ਅੱਖਰਾਂ ਵਿਚ ਸੰਸਕ੍ਰਿਤ ਵਰਣਮਾਲਾ ਨਾ ਹੋਣ ਕਰਕੇ ਲਿਖਾਰੀਆਂ ਨੇ ਸੰਸਕ੍ਰਿਤ ਪਦਾਂ ਨੂੰ ਆਪਣੇ ਖੁੱਲ੍ਹੇ ਢੰਗਾਂ ਤੇ ਲਿਖਿਆ ਹੈ। ਤੀਸਰੇ ਅਕਸਰ ਲਿਖਾਰੀਆਂ ਨੇ ਬ੍ਰਿਜ-ਭਾਸ਼ਾ ਤੇ ਸੰਸਕ੍ਰਿਤ ਦੁਹਾਂ ਤੋਂ ਅਨਜਾਣੂ ਹੋਣ ਕਰਕੇ ਪਾਠਾਂ ਨੂੰ ਐਸਾ ਵਿਗਾੜਿਆ ਹੈ ਕਿ ਅਸਲ ਲੱਭਣ ਵਿਚ ਭਾਰੀ ਕਠਨਤਾ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਮੁਸ਼ਕਿਲ ਚੰਗੀ ਤਰ੍ਹਾਂ ਵਿਦਿਤ ਹੋ ਜਾਂਦੀ ਹੈ ਜਦੋਂ ਰਾਸ ੭ ਅੰਸੂ ੩ ਅੰਕ ੪੫ ਤੇ ਅੰਸੂ ੪

*ਇਸ਼ਟ ਦੇਵ ਵਿਚ ਅਨਿੰਨ ਭਾਵਨਾ, ਜੋ ਹੋਰ ਕਿਸੇ ਵਿਚ ਨਾ ਹੋਵੇ।

ਅੰਕ ੩੬ ਤੋਂ ਅੱਗੇ ਤੇ ਫਿਰ ਰੁਤ ੫ ਅੰਸੂ ੨੭ ਅੰਕ ੨੦, ੨੨, ੪੨ ਤੋਂ ਅੱਗੇ ਤੇ ਅੰਸੂ ੨੮ ਅੰਕ ੩੬ ਤੋਂ ਅੱਗੇ ਦੇ ਟਿਕਾਣਿਆਂ ਤੇ ਸੰਸਕ੍ਰਿਤ ਸ਼ਲੋਕਾਂ ਨੂੰ ਪੜ੍ਹਿਆ ਜਾਵੇ। ਪਹਿਲਾਂ ਤਾਂ ਸਾਡਾ ਖ਼ਿਆਲ ਸੰਸਕ੍ਰਿਤ ਸ਼ਲੋਕਾਂ ਦੇ ਪਾਠਾਂ ਨੂੰ ਸ਼ੁੱਧ ਕਰਨੇ ਦਾ ਸੀ, ਜੈਸਾ ਕਿ ਰਾਸ ੭ ਅੰਸੂ ੩, ੪ ਵਿਚ ਸੰਸਕ੍ਰਿਤ ਸ਼ਲੋਕਾਂ ਵਾਲੀ ਥਾਂ ਅਸਾਂ ਮੂਲ ਵਿਚ ਸ਼ੁੱਧ ਪਾਠ, ਜੋ ਠੀਕ ਤੋਂ ਠੀਕ ਸੰਭਾਵਿਤ ਹੋਇਆ,ਸ਼ੁੱਧ ਕਰਕੇ ਦੇ ਦਿੱਤਾ ਸੀ। ਪਰ ਫੇਰ ਅਸਾਂ ਏਹੋ ਮੁਨਾਸਿਬ ਜਾਤਾ ਕਿ ਲਿਖਾਰੀਆਂ ਦਾ ਵਿਗਾੜਿਆ ਪਾਠ ਹੀ ਮੂਲ ਵਿਚ ਰਹੇ ਤੇ ਸੰਸਕ੍ਰਿਤ ਭਾਸ਼ਾ ਵਿਚ ਜੋ ਸ਼ੁਧ ਪਾਠ ਹੋ ਸਕੇ, ਉਹ ਹੇਠਾਂ ਦੇ ਦਿੱਤਾ ਜਾਵੇ। ਦੇਖੋ ਰੁਤ ਪੰਜ ਅੰਸੂ ੨੭ ਅੰਕ ੨੦ ਤੇ ੨੨ ਤੋਂ ਅੱਗੇ ਤੇ ਫਿਰ ਉਸੇ ਰੁਤ ਦੇ ਅੰਸੂ ੨੮ ਦੇ ਅੰਕ ੩੬ ਤੋਂ ਅੱਗੇ।

ਸੰਸਕ੍ਰਿਤ ਪਦਾਂ ਤੋਂ ਛੁੱਟ ਕਵੀ ਜੀ ਨੇ ਫ਼ਾਰਸੀ ਅਰਬੀ ਪਦਾਂ ਦੀ ਵਰਤੋਂ ਬੀ ਕੀਤੀ ਹੈ। ਆਪ ਫ਼ਾਰਸੀ ਅਰਬੀ ਦੀ ਸਾਧਾਰਨ ਵਾਕਬੀ ਰਖਦੇ ਸੇ। ਇਸ ਕਰਕੇ ਆਪ ਤੋਂ, ਪਦਾਂ ਦੇ ਵਰਤਾਉ ਵਿਚ ਜੇ ਕਿਤੇ ਕੋਈ ਹੋਰਵੇਂ ਗਲ ਪੈ ਗਈ ਹੈ ਜੋ ਉਨ੍ਹਾਂ ਜ਼ੁਬਾਨਾਂ ਦੇ ਕਾਇਦਿਆਂ ਵਿਚ ਠੀਕ ਨਹੀਂ ਤਾਂ ਅਰਥ ਦੇਣ ਵਿਚ ਸੁਲਝਾਉ ਕਰ ਦਿੱਤਾ ਹੈ। ਸੌ ਸਾਖੀ ਵਿਚ ਫਾਰਸੀ ਦੇ ਵਰਤਾਉ ਬੜੇ ਗ਼ਲਤ ਹਨ ਤੇ ਅਕਸਰ ਕਵੀ ਜੀ ਨੇ ਬੀ ਉਵੇਂ ਹੀ ਰੱਖ ਲਏ ਹਨ, ਉਨ੍ਹਾਂ ਦੇ ਸੁਲਝਾਉ ਵਿਚ ਕਠਨਾਈਆਂ ਬਹੁਤ ਆਉਂਦੀਆਂ ਰਹੀਆਂ ਹਨ, ਜੋ ਹੱਲ ਕੀਤੀਆਂ ਗਈਆਂ। ਦੇਖੋ ਰੁਤ ਪੰਜ ਅੰਸੂ ੨੩ ਅੰਕ ੧੪ ਤੋਂ ਅਗੇ ਤੇ ਫਿਰ ਰੁਤ ੪ ਦੇ ਅੰਸੂ ੬ ਅੰਕ ੪੨ ਤੇ ਅੰਸੂ ੯ ਅੰਕ ੬।

ਹਿੰਦੀ ਭਾਸ਼ਾ ਦੇ ਪਦਾਂ ਨੂੰ ਭੀ ਕਈ ਲਿਖਾਰੀਆਂ ਦੀ ਨਾਵਾਕਫੀ ਨੇ ਖ਼ਰਾਬ ਕੀਤਾ ਹੈ, ਉਨ੍ਹੀ ਥਾਈਂ ਅਸਲ ਪਦ ਖੋਜ ਕੇ ਪ੍ਰਯਾਯ ਲਾ ਕੇ ਕਠਨਤਾਈ ਹੱਲ ਕੀਤੀ ਗਈ ਹੈ। ਇਸੇ ਗੱਲ ਨੂੰ ਸਪਸ਼ਟ ਕਰ ਦੇਣ ਲਈ, ਜਿਥੋਂ ਤਕ ਬਣ ਪਿਆ ਹੈ, ਪਦਾਂ ਦੇ ਅਰਥਾਂ ਦੇ ਅਗੇ ਵਯੁਤਪਤੀਆਂ ਤੇ ਕਿਤੇ ਪਦਾਂ ਦੇ ਅਸਲ ਸ਼ੁਧ ਸਰੂਪ ਦਿੱਤੇ ਹਨ। ਫਿਰ ਗੁਰ ਪ੍ਰਤਾਪ ਸੂਰਜ ਵਿਚ ਕਵੀ ਜੀ ਨੇ ਕਈ ਥਾਈਂ ਠੇਠ ਪੰਜਾਬੀ, ਕਿਤੇ ਪੋਠੋਹਾਰੀ, ਲਹਿੰਦਾ, ਪਹਾੜੀ ਤੇ ਕਿਤੇ ਆਮ ਪੰਜਾਬੀ ਦੇ ਪਦ ਵਰਤੇ ਹਨ, ਜਿਨ੍ਹਾਂ ਦੇ ਪ੍ਰਯਾਯ ਇਨ੍ਹਾਂ ਬੋਲੀਆਂ ਦੇ ਕਾਇਦਿਆਂ ਨਾਲ ਲਾਏ ਗਏ ਹਨ। ਪੰਜਾਬੀ ਦਾ ਕੋਸ਼ ਜੋ ਪੰਜਾਬੀ ਤੋਂ ਅੰਗਰੇਜ਼ੀ ਵਿਚ ਹੈ, ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਨਹੀਂ ਚਲਦਾ, ਕਿਉਂਕਿ ਗੁ: ਪ੍ਰ: ਸੂ: ਗ੍ਰੰਥ ਸੰਸਕ੍ਰਿਤ ਮਿਲਵੀਂ ਹਿੰਦੀ ਦਾ ਗ੍ਰੰਥ ਹੈ, ਪੰਜਾਬੀ ਦਾ ਨਹੀਂ। ਅਤੇ ਹੋਰ ਕੋਈ ਗੁਰਮੁਖੀ ਕੋਸ਼ ਸਾਡੇ ਇਸ ਕੰਮ ਕਰਨ ਦੇ ਸਮੇਂ ਹੈ ਨਹੀਂ ਸੀ, ਜੋ ਇਸ ਗ੍ਰੰਥ ਦੀਆਂ ਮੁਸ਼ਕਲਾਂ ਦੀ ਹੱਲ ਵਿਚ ਸਹਾਈ ਹੋ ਸਕਦਾ। ਸ੍ਰੀ ਗੁਰੂ ਗ੍ਰੰਥ ਕੋਸ਼ ਜੋ ਇਸ ਤੋਂ ਪਹਿਲਾਂ ੭ ਬਰਸ ਲਾ ਕੇ ਗੁਰੂ ਜੀ ਨੇ ੧੯੨੫ ਈ: ਵਿਚ ਸਿਰੇ ਚੜ੍ਹਵਾ ਲਿਆ ਸੀ, ਗੁਰਮੁਖੀ ਵਿਚ ਪਹਿਲਾ ਕੋਸ਼ ਸੀ ਜੋ ਵਯੁਤਪਤੀਆਂ ਨੂੰ ਲੈ ਕੇ ਅਰਥਾਂ ਵਲ ਟੁਰਦਾ ਸੀ, ਇਹ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਸ਼ ਹੋਣ ਕਰਕੇ ਇਸ ਗ੍ਰੰਥ ਵਿਚ ਕੇਵਲ ਗੁਰਬਾਣੀ ਦੇ ਹਿੱਸਿਆਂ ਵਿਚ ਹੀ ਸਹਾਈ ਹੋਇਆ ਹੈ*।

ਸਭ ਤੋਂ ਵਡੀ ਕਠਨਤਾਈ ਗਜਾਨੀ ਸਜਣ ਪੰਜਵੀਂ ਰੁਤ ਵਿਚ ਪ੍ਰਤੀਤ ਕਰਿਆ ਕਰਦੇ

*ਇਹ ਪ੍ਰਸਤਾਵਨਾ ਸਾਰਾ ਗੁਰ ਪ੍ਰਤਾਪ ਸੂਰਜ ਗ੍ਰੰਥ ਛਪ ਚੁਕਣ ਦੇ ਮਗਰੋਂ ਲਿਖੀ ਗਈ ਸੀ।

ਹਨ। ਵਡੇ ਵਡੇ ਗਿਆਨੀ ਇਸ ਰੁਤ ਵਿਚ ਆ ਕੇ ਅਟਕ ਜਾਇਆ ਕਰਦੇ ਹਨ। ਅਸਲ ਗੱਲ ਇਹ ਹੈਕਿ ਇਹ ਰੁਤ ਲਗ ਪਗ ਸੌ ਸਾਖੀ ਦਾ ਟੀਕਾਹੈ,ਜੋ ਸੌ ਸਾਖੀ ਕਿ ਮਿਲਾਵਟਾਂ ਵਾਲੀ ਹੈ ਤੇ ੧੮੯੦—੧੮੯੪ ਬਿ: ਦੇ ਵਿਚਾਲੇ ਦੀ ਹੈ। ਕਵੀ ਜੀ ਆਪਣੇ ਵਲੋਂ ਤਾਂ ਠੀਕ ਉਲਥਾ ਕਰਦੇ ਹਨ, ਪਰ ਕਈ ਥਾਂ ਇਸ ਵਿਗਾੜੀ ਹੋਈ ਸੌ ਸਾਖੀ ਦੀਆਂ ਅਰਲ ਬਰਲ ਸੱਟੀਆਂ ਗੱਲਾਂ ਰਹਿ ਜਾਂਦੀਆਂ ਹਨ ਤੇ ਕਈ ਨਾਂ ਹੱਲ ਹੋ ਸਕੀਆਂ ਥਾਵਾਂ ਤੇ ਆਪ ਨੇ ਇਸ ਸੌ ਸਾਖੀ ਦੇ ਫਿਕਰੇ ਹੀ ਰੱਖ ਦਿੱਤੇ ਹਨ, ਜੈਸਾ ਕਿ ਰੁਤ ੪ ਅੰਸੂ ੬ ਅੰਕ ੨੫ ਤੇ ੪੨, ਰੁਤ ੫ ਅੰਸੂ ੧੬ ਅੰਕ ੨੩ ਤੋਂ ਅਗੇ ਤੇ ਫਿਰ ਅੰਸੂ ੨੫ ਸਾਰੇ ਦਾ ਸਾਰਾ ਇਸ ਸੌ ਸਾਖੀ ਦਾ ਹੀ ਤਕਰੀਬਨ ਉਤਾਰਾ ਹੈ। ਇਸੇ ਤਰ੍ਹਾਂ ਹੋਰ ਅਨੇਕਾਂ ਥਾਵਾਂ ਇਸੇ ਰੁੱਤ ਵਿਚ ਪਈਆਂ ਹਨ। ਇਸ ਸੌ ਸਾਖੀ ਦੀ ਅਣਬਣਤਾ ਇਉਂ ਉਸ ਦੇ ਕਵੀ ਜੀ ਦੇ ਕੀਤੇ ਅਨੁਵਾਦ ਵਿਚ ਬੀ ਆ ਜਾਂਦੀ ਹੈ, ਜਿਸ ਨੂੰ ਪੂਰੀ ਤਰ੍ਹਾਂ ਹੱਲ ਕਰਨ ਦਾ ਯਤਨ ਕੀਤਾ ਗਿਆ ਹੈ। ਇਕ ਸੌ ਇਕ ਅਰਦਾਸਾਂ ਪੰਜਵੀਂ ਰੁਤ ਦਾ ਇਕ ਡਾਢਾ ਕਠਨ ਹਿੱਸਾ ਹੈ। ਇਨ੍ਹਾਂ ਦੇ ਅਰਥਾਂ ਦੇ ਖੁਹਲਣ ਵਿਚ ਤੇ ਸਾਰਥਿਕ ਕ੍ਰਮ ਲੱਭਣ ਵਿਚ ਖ਼ਾਸ ਖਿਆਲ ਤੇ ਤਵੱਜੋ ਲਾ ਕੇ ਇਸ ਨੂੰ ਹੱਲ ਕੀਤਾ ਗਿਆ ਹੈ। ਗਲ ਕੀਹ ਸਾਖੀਆਂ ਨੂੰ ਸੌ ਸਾਖੀ ਨਾਲ ਮੇਲ ਮੇਲ ਕੇ ਹੋਰ ਥਾਵਾਂ ਤੋਂ ਸੂਹਾਂ ਤੇ ਪਤੇ ਕੱਢ ਕੱਢ ਕੇ ਪੰਜਵੀਂ ਰੁਤ ਮੁਕਾਈ ਹੈ। ਇਸ ਤਰ੍ਹਾਂ ਦੇ ਯਤਨਾਂ ਨਾਲ, ਜਿੰਨਾਂ ਕੁ ਮੁਮਕਿਨ ਸੀ, ਹੁਣ ਪੰਜਵੀਂ ਰੁਤ ਸਰਲ ਸੂਰਤ ਵਿਚ ਆ ਗਈ ਹੈ। ਇਸੇ ਤਰ੍ਹਾਂ ਖਾਸ ਖਾਸ ਕਮਾਮਾਂ, ਹੁਨਰਾਂ, ਗੁਣਾਂ ਤੇ ਫਨਾਂ ਸੰਬੰਧੀ ਪਦਾਂ ਦੇ ਅਰਥਾਂ ਵਿਚ ਜੋ ਅੜਚਨਾਂ ਆਉਂਦੀਆਂ ਹਨ, ਉਨ੍ਹਾਂ ਕਮਾਮਾਂ ਦੀ ਵਾਕਫੀਅਤ ਦੇ ਪਹਿਲੂਆਂ ਤੋਂ ਹੱਲ ਕੀਤੀਆਂ ਗਈਆਂ ਹਨ। ਸ਼ਸਤ੍ਰ ਵਿਦਯਾ, ਜੁੱਧ ਵਿਦਯਾ, ਘੋੜਿਆਂ ਦੀ ਵਿਦਯਾ ਆਦਿ ਦੇ ਕਵੀ ਜੀ ਬੜੇ ਮਾਹਿਰ ਸਨ, ਉਨ੍ਹਾਂ ਸੰਬੰਧੀ ਵਰਤੇ ਪਦ ਉਨ੍ਹਾਂ ਹੀ ਵਿਦਿਆ ਦੇ ਸੰਕੇਤਾਂ ਅਨੁਸਾਰ ਹੱਲ ਕੀਤੇ ਗਏ ਹਨ।

ਫੇਰ ਦਾਰਸ਼ਨਿਕ ਪਹਿਲੂ, ਜੈਸਾ ਕਿ ਹਠ ਤੇ ਰਾਜ ਜੋਗ ਦੇ ਪ੍ਰਕਰਣ, ਵੇਦਾਂਤ ਤੇ ਗੁਰ ਸਿੱਖੀ ਦੇ ਦਾਰਸ਼ਨਿਕ ਪਾਸੇ ਹੋਰ ਕਠਨ ਵਿਸ਼ੇ ਹਨ। ਇਨ੍ਹਾਂ ਦੇ ਨਾਲ ਲਗਦੇ ਬ੍ਰਿਤੀ ਦੇ ਪ੍ਰਕਾਰ, ਨ੍ਯਾਯ ਦੇ ਕਟਾਖ੍ਯ ਐਸੇ ਵਿਸ਼ੇ ਹਨ ਜੋ ਗੁਰ ਪ੍ਰਤਾਪ ਸੂਰਜ ਨੂੰ ਐਸਾ ਗ੍ਰੰਥ ਨਹੀਂ ਰਹਿਣ ਦਿੰਦੇ ਕਿ ਕੇਵਲ ਕਠਨ ਪਦਾਂ ਦੇ ਪ੍ਰਯਾਯ ਲੱਗ ਜਾਣ ਨਾਲ ਕੋਈ ਇਸ ਗ੍ਰੰਥ ਨੂੰ ਸਮਝ ਸਕੇ। ਵੇਦਾਂਤ ਤੇ ਯੋਗ ਵਾਲੇ ਥਾਉਂ, ਜੋ ਅਨੇਕਾਂ ਹਨ,ਕਦੇ ਨਹੀਂ ਸਮਝੇ ਪੈ ਸਕਦੇ ਜਦ ਤਕ ਕਿ ਉਨ੍ਹਾਂ ਨੂੰ ਉਨ੍ਹਾਂ ਵਿਦਯਾ ਦੀ ਗ਼ਯਾਤ ਅਨੁਸਾਰ ਪ੍ਰਯਾਵਾਂ ਵਿਚ ਨਾ ਖੁਹਲਿਆ ਜਾਵੇ। ਸੋ ਉਨ੍ਹਾਂ ਟਿਕਾਣਿਆਂ ਤੇ ਇਨ੍ਹਾਂ ਪਹਿਲੂਆਂ ਨੂੰ ਇਸੇ ਤ੍ਰੀਕੇ ਨਾਲ ਹੱਲ ਕੀਤਾ ਗਿਆ ਹੈ ਕਿ ਸੁਗਮ ਹੋ ਕੇ ਪਾਠਕਾਂ ਦੀ ਸਮਝੇ ਪੈ ਜਾਣ। ਕਈ ਥਾਈਂ ਵੇਦਾਂਤ ਤੇ ਜੋਗ ਨਾਲ ਗੁਰਮਤ ਦੇ ਵਿਸ਼ੇ ਰਲਗਡ ਭਾਸਦੇ ਹਨ ਤੇ ਕਈ ਗਿਆਨੀ ਗੁਰਮਤਿ ਨੂੰ ਉਨ੍ਹਾਂ ਨਾਲ ਇਕ ਰੂਪ ਸਮਝ ਕੇ ਉਸ ਰੌਸ਼ਨੀ ਵਿਚ ਵਰਣਨ ਕਰਦੇ ਰਹੇ ਹਨ, ਪਰ ਕਵੀ ਜੀ ਨੇ ਗੁਰਮਤ ਉਥੇ ਅੱਡਰੀ ਕੀਤੀ ਹੋਈ ਹੈ, ਉਹਨੀਂ ਥਾਈਂ ਇਹ ਗੱਲ ਦਰਸਾ ਦਿੱਤੀ ਗਈ ਹੈ। ਜੈਸਾ ਕਿ ਭਾਈ ਦਇਆ ਸਿੰਘ ਜੀ 'ਸ਼ਾਸਤ੍ਰੀ ਵੇਦਾਂਤ' ਕਹਿਕੇ ਫੇਰ ਗੁਰਮਤ ਸ਼ੁਰੂ ਕਰਦੇ ਹਨ, ਓਥੇ ਸਹਿਸੁਭਾ ਪਤਾ ਨਹੀਂ ਲਗਦਾ ਕਿ ਹੁਣ ਗੁਰਮਤ ਦਾ ਵਿਸ਼ਾ ਤੁਰ ਪਿਆ ਹੈ (ਦੇਖੋ ਰੁਤ ਪੰਜਵੀਂ ਅੰਸੂ ੪੯ ਅੰਕ ੩੬ ਤੋਂ ਅੱਗੇ), ਉਸ ਟਿਕਾਣੇ ਸੂਚਿਤ ਕਰ ਦਿੱਤਾ ਗਿਆ ਹੈ ਕਿ ਹੁਣ ਗੁਰਮਤ ਦਾ ਆਦਰਸ਼ ਤੁਰਿਆ ਹੈ। ਇਸੀ ਤਰ੍ਹਾਂ ਪ੍ਰਯਾਯ ਅਰਥ

ਲਾਉਣ ਦੇ ਸਾਰੇ ਪੱਖਾਂ ਵਲ ਧਿਆਨ ਦੇ ਕੇ,ਜਿਵੇਂ ਬਣ ਪਿਆ,ਸੁਗਮਤਾ ਕੀਤੀ ਗਈ ਹੈ,ਪਰ ਅਜੇ ਇਹ ਨਹੀਂ ਕਿਹਾ ਜਾ ਸਕਦਾ ਕਿ ਮਨੋਰਥ ਪੂਰਨ ਹੋ ਗਿਆ ਹੈ, ਜਾਂ ਕਿਤੇ ਉਕਾਈ 'ਜਾਂ ਭੁੱਲ ਨਹੀ ਰਹਿ ਗਈ। ਇਸ ਲਈ ਗੁਣੀ ਜਨ ਜਿੱਥੇ ਕੋਈ ਉਕਾਈ ਪ੍ਰਤੀਤ ਕਰਨ ਉਹ ਦੱਸ ਭੇਜਣ ਦੀ ਕ੍ਰਿਪਾਲਤਾ ਕਰਨ ਤਾਂ ਜੋ ਦੂਸਰੀ ਵੇਰ ਦੀ ਛਪਾਈ ਵਿਚ ਵੀਚਾਰ ਕੀਤੀ ਜਾ ਸਕੇ*।

ਇਤਿਹਾਸਕ ਪਹਿਲੂ ਵਿਚ ਜਿੱਥੋਂ ਤਕ ਬਣ ਪਿਆ ਹੈ, ਜਿੱਥੇ ਜਿੱਥੇ ਉਕਾਈਆਂ ਸਨ ਖੋਜ ਪੜਤਾਲ ਕਰ ਕੇ ਟੂਕਾਂ ਲਿਖ ਦਿਤੀਆਂ ਹਨ ਤੇ ਦਰੁਸਤੀਆਂ ਲਾ ਦਿੱਤੀਆਂ ਹਨ। ਜਿਵੇਂ ਬੰਦੇ ਦੇ ਪ੍ਰਸੰਗ ਵਿਚ ਸਾਰਾ ਅੱਗਾ ਪਿੱਛਾ, ਜੋ ਜੋ ਹੁਣ ਤਕ ਦੀ ਇਤਿਹਾਸਕ ਖੋਜ ਵਿਚੋਂ ਲੱਭ ਸਕਿਆ ਹੈ,ਸੰਖੇਪ ਹੇਠਾਂ ਲਾ ਦਿੱਤਾ ਹੈ ਤੇ ਉਸ ਬੀਰ ਬਹਾਦਰ ਦੀਆਂ ਜਿੱਤਾਂ ਦੇ ਸਫਰਾਂ ਦਾ ਨਕਸ਼ਾ ਬਣਾਕੇ ਦੇ ਦਿੱਤਾ ਹੈ ਤਾਕਿ ਪਾਠਕ ਨੂੰ ਸਮਝਣ ਵਿਚ ਦਿੱਕਤ ਪੇਸ਼ ਨਾ ਆਵੇ। ਬੜੇ ਬੜੇ ਅਹਿਮ ਮਾਮਲੇ; ਜੈਸਾ ਕਿ ਕੌਲਾਂ ਦਾ ਪ੍ਰਸੰਗ, ਦੇਵੀ ਪੂਜਣ ਦਾ ਮਾਮਲਾ, ਇਨ੍ਹਾਂ ਪਰ ਸਵਿਸਥਾਰ ਪੜਤਾਲ ਕੀਤੀ ਗਈ ਹੈ ਤੇ ਓਹ ਪੜਤਾਲ ਸਾਰੀ ਦੇ ਦਿੱਤੀ ਹੈ। ਸ੍ਰੀ ਕਲਗੀਧਰ ਪਿਤਾ ਜੀ ਦੇ ਪਵਿੱਤ੍ਰ ਸ਼ਰੀਰ ਪਰ ਕਟਾਰ ਦੇ ਹਮਲੇ ਬਾਬਤ ਜੋ ਬੇਪਤਈ ਹੁਣ ਤਕ ਸੀ ਤੇ ਮਨ ਆਈਆਂ ਲੇਖਕ ਲਿਖਦੇ ਗਏ ਸਨ, ਸਾਰੇ ਦੀ ਪੜਤਾਲ ਕਰ ਕੇ, ਜਿੱਥੋਂ ਕੁ ਤਕ ਨਿਰਪੱਖ ਖੋਜ ਪਤਾ ਲਾ ਸੱਕੀ ਹੈ ਅਪਣੇ ਟਿਕਾਣੇ ਸਿਰ ਲਿਖ ਦਿੱਤਾ ਹੈ†। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਹੋਣ ਬਾਬਤ, ਕੌਲਾਂ ਦੇ ਪ੍ਰਸੰਗ ਬਾਬਤ, ਦੁਰਗਿਆਣੇ ਦੀ ਖੋਜ, ਰਾਗਮਾਲਾ ਪਰ ਵਿਚਾਰ, ਬਗ਼ਦਾਦ ਸੰਬੰਧੀ ਖੋਜ, ਜਗਤ ਦੀ ਰਚਨਾਂ ਪਰ ਸਾਰੇ ਮਤਾਂ ਦੀ ਬਹਿਸ, ਪੈਂਦੇ ਖਾਂ ਵਾਲਾ ਜੰਗ, ਕਲਗ਼ੀਧਰ ਜੀ ਦੇ ਸਾਹਿਬਜ਼ਾਦਿਆਂ ਦੇ ਨਾਵਾਂ ਦਾ ਕ੍ਰਮ, ਸੌ ਸਾਖੀ ਦੇ ਆਖੇਪ, ਔਰੰਗਜ਼ੇਬ ਦੇ ਜ਼ੁਲਮ, ਬਾਦਸ਼ਾਹ-ਮਿਲਾਪ ਆਦਿਕ ਵਡੇ ਵਡੇ ਲੇਖ ਤੇ ਅਨੇਕਾਂ ਹੋਰ ਟੀਕਾ ਟਿੱਪਣੀਆਂ ਆ ਗਈਆਂ ਹਨ। ਜੇ ਕਦੇ ਓਹ ਵਡੇ ਵਡੇ ਲੇਖ ਜੋ ਉੱਧਾਰਾਂ ਤੇ ਸਮਾਧਾਨਾਂ ਦੇ ਇਸ ਗ੍ਰੰਥਾਵਲੀ ਵਿਚ ਥਾਓਂ ਥਾਈਂ ਦਿੱਤੇ ਹਨ, ਸਾਰੇ ਇਸ ਪਹਿਲੀ ਜਿਲਦ ਵਿਚ ਦਿੱਤੇ ਜਾਂਦੇ ਤਾਂ ਇਹ ਜਿਲਦ ਬਹੁਤ ਵਡੀ ਹੋ ਜਾਂਦੀ ਤੇ ਸਾਰੀ ਖੋਜ ਇਕ ਥਾਵੇਂ ਹੋ ਜਾਂਦੀ, ਪਰ ਪਾਠਕਾਂ ਨੂੰ ਸਮਝਣ ਵਿਚ ਵਧੇਰੇ ਖੇਚਲ ਕਰਨੀ ਪੈਂਦੀ। ਕਿਉਂਕਿ ਜਿਸ ਵੇਲੇ ਪਾਠਕ ਜਿਸ ਹਾਲ ਨੂੰ ਜਿਸ ਟਿਕਾਣੇ ਪੜ੍ਹ ਰਿਹਾ ਹੈ ਉਸਨੂੰ ਸੁਖੈਨਤਾ ਤੇ ਰਸ ਤਾਂ ਹੀ ਹੈ ਕਿ ਜੇ ਉਸ ਨੂੰ ਉਸੇ ਟਿਕਾਣੇ ਤੇ ਉਸੇ ਵੇਲੇ ਉੱਧਾਰ ਮਿਲ ਜਾਵੇ। ਇਸ ਲਈ ਸਾਰੇ ਵਡੇ ਛੋਟੇ ਲੇਖ ਇਸ ਗ੍ਰੰਥਾਵਲੀ ਵਿਚ ਥਾਓਂ ਥਾਈਂ ਆਪੋ ਆਪਣੇ ਟਿਕਾਣੇ ਤੇ ਦੇ ਦਿੱਤੇ ਗਏ; ਜੈਸਾ ਕਿ ਦੇਵੀ ਪੂਜਣ ਪਰ ੬੦ ਸਫੇ ਦਾ ਲੇਖ ਹੈ। ਬੰਦੇ ਬਹਾਦਰ ਦੀਆਂ ਸਾਰੀਆਂ ਮੱਲਾਂ ਦਾ ਨਕਸ਼ਾ ਤੇ ਕਿਤਨੇ ਲੰਬੇ ਲੇਖ ਦੋ ਤ੍ਰੈ ਥਾਈਂ ਆਏ ਹਨ। ਇਸੇ ਤਰ੍ਹਾਂ ਉੱਪਰ ਦੱਸੇ ਸਾਰੇ ਮਾਮਲਿਆਂ ਪਰ ਟੂਕਾਂ ਟਿੱਪਣੀਆਂ ਨੇ ਕਈ ਸੌ ਸਫੇ ਲਏ ਹਨ।

---

*ਦੂਸਰੀ ਵੇਰ ਦੀ ਛਪਾਈ ਤੋਂ ਪਹਿਲੋਂ ਫੇਰ ਸਾਰੇ ਉੱਧਾਰ ਤੇ ਪ੍ਰਯਾਯ ਸੋਧੇ ਗਏ, ਵਿਸ਼ੇਸ਼ ਖੋਜ ਨਾਲ ਹੱਲ ਹੋਏ ਅਰਥ ਤੇ ਉਧਾਰ ਦੇ ਦਿੱਤੇ ਗਏ ਤੇ ਲਗਦੇ ਚਾਰੇ ਸੁਧਾਈ ਬੀ ਕਰ ਦਿੱਤੀ ਗਈ, ਪਰ ਅਜੇ ਬੀ ਗੁਣੀ ਜਨਾਂ ਨੂੰ ਜੇ ਕੁਝ ਸੁੱਝੇ ਤਾਂ ਦੱਸ ਘੱਲਣ ਜੋ ਅਗਲੀਵੇਰ ਛਪਣ ਵੇਲੇ ਫੇਰਵੀਚਾਰ ਹੋਸਕੇ।

†ਪਹਿਲੀ ਵੇਰ ਗੁਰ ਪ੍ਰਤਾਪ ਸੂਰਜ ਗ੍ਰੰਥ ਛਪ ਚੁਕਣ ਤੋਂ ਮਗਰੋਂ ਗੁਣੀ ਜਨਾਂ ਨੇ ਆਪਣੇ ਵਿਖਯਾਨਾਂ, ਕਥਾ ਤੇ ਲੇਖਾਂ ਵਿਚ ਇਸ ਖੋਜ ਦੀ ਸ੍ਵੀਕਾਰਤਾ ਪ੍ਰਗਟ ਕੀਤੀ ਹੈ।

ਇਤਿਹਾਸਕ ਮਾਮਲਿਆਂ ਤੇ ਬਹਿਸਕਰਦਿਆਂ ਜੋ ਪੋਥੀਆਂ ਤੇ ਕਿਤਾਬਾਂ ਪੜਤਾਲੀਆਂ ਹਨ, ਉਨ੍ਹਾਂ ਦੇ ਨਾਮ ਤੇ ਉਨ੍ਹਾਂ ਦੇ ਕਈ ਜਗਾ ਇਕਤਬਾਸ* ਦਿੱਤੇ ਗਏ ਹਨ। ਕਈ ਪਾਠਕ ਸਮਝਣ-ਗੇ ਕਿ ਅਸਾਂ ਉਨ੍ਹਾਂ ਪੁਸਤਕਾਂ ਨੂੰ ਪੂਰਨ ਪ੍ਰਮਾਣੀਕ ਮੰਨ ਲਿਆ ਹੈ ਤੇ ਪਾਠਕ ਬੀ ਉਨ੍ਹਾਂ ਨੂੰ ਪੂਰਨ ਦਰੁਸਤ ਮੰਨ ਲੈਣ, ਐਸਾ ਕਰਨ ਨਾਲ ਬਹੁਤ ਭੁੱਲਾਂ ਵਧਣ ਦਾ ਡਰ ਹੈ। ਨਾਂ ਹੀ ਇਨ੍ਹਾਂ ਨੂੰ ਬੇਇਤਬਾਰੇ ਸਮਝਣਾ ਚਾਹੀਏ ਤੇ ਨਾਂ ਹੀ ਅਭੁੱਲ। ਇਤਿਹਾਸਕਾਰ ਨੂੰ ਕਈ ਵੇਰ ਦੂਸਰੇ ਦੀ ਉਗਾਹੀ ਤੇ ਲਿਖਣਾ ਪੈਂਦਾ ਹੈ, ਐਉਂ ਜੇ ਉਹ ਉਗਾਹੀ ਠੀਕ ਨਾਂ ਹੋਵੇ ਤਾਂ ਸਚੇ ਇਤਿਹਾਸਕਾਰ ਤੋਂ ਬੀ ਉਕਾਈ ਹੋ ਹੀ ਜਾਂਦੀ ਹੈ। ਮਸਲਨ ਗੁਰ ਸ਼ੋਭਾ ਇਕ ਗ੍ਰੰਥ ਹੈ ਇਸ ਦੇ ਪ੍ਰਮਾਣ ਅਸਾਂ ਕਈ ਜਗ੍ਹਾ ਦਿੱਤੇ ਹਨ। ਇਹ ਪੁਰਾਤਣ ਹੈ ਤੇ ਇਸ ਵਿਚੋਂ ਬਹੁਤ ਕੁਛ ਮਿਲਦਾ ਹੈ ਪਰ ਇਸ ਨੂੰ ਭੁੱਲਾਂ ਤੋਂ ਰਹਿਤ ਅਸੀਂ ਨਹੀਂ ਕਹਿ ਸਕਦੇ ਅਤੇ ਕੁਛ ਰਲੇ ਪੈਣ ਦਾ ਸੰਸਾ ਬੀ ਕਰਦੇ ਹਾਂ। ਆਪਦੇ ਲਿਖੇ ਤੋਂ ਜਾਣ ਪੈਂਦਾ ਹੈ ਕਿ ਬਾਬਾ ਜ਼ੋਰਾਵਰ ਸਿੰਘ ਜੀ ਸ਼ਹੀਦ ਨਹੀਂ ਹੋਏ ਤੇ ਗੁਰੂ ਸਾਹਿਬ ਜੀ ਨੂੰ ਮਿਲੇ ਹਨ, ਪਰ ਇਹ ਗਲ ਗ਼ਲਤ ਹੈ;ਕਿਉਂਕਿ ਦਸਮੇਂ ਪਾਤਸ਼ਾਹ ਜੀ ਜ਼ਫਰ ਨਾਮੇ ਵਿਚ ਆਪ ਪਤਾ ਦੇ ਰਹੇ ਹਨ ਕਿ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ ਹਨ :—'ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤ ਚਾਰ।' ਤੇ ਸਾਰਾ ਸਿਖ ਇਤਿਹਾਸ ਸਹਿਮਤ ਹੈ ਕਿ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ ਸੇ, ਸੋ ਗੁਰਸ਼ੋਭਾ ਦੀ ਗੱਲ ਗ਼ਲਤ ਹੋਈ†। ਫੇਰ ਸੋਚੋ ਕਿ ਜੇ ਬਾਬਾ ਜ਼ੋਰਾਵਰ ਸਿੰਘ ਜੀ ਜੀਉਂਦੇ ਹੁੰਦੇ ਤੇ ਮਿਲਦੇ ਤਾਂ ਗੁਰੂ ਜੀ ਉਨ੍ਹਾਂ ਨੂੰ ਅੰਤ ਸਮੇਂ ਗੱਦੀ ਯਾ ਜਥੇਦਾਰੀ ਯਾ ਬੰਦੇ ਨਾਲ ਉਸਦੇ ਸਿਰ ਤੇ ਯਾ ਉਸ ਦੇ ਸਿਰ ਤੇ ਥਾਪੇ ਜਥੇ ਵਿਚ ਉਨ੍ਹਾਂ ਨੂੰ ਕਿਉਂ ਨਾਂ ਥਾਪਦੇ? ਇਸ ਤਰ੍ਹਾਂ ਇਸ ਗ੍ਰੰਥ ਵਿਚ ਆਪਣੀਆਂ ਉਕਾਈਆਂ ਹਨ, ਗੋ ਸਾਨੂੰ ਬਹੁਤ ਸਾਰੇ ਹਾਲਾਤ ਇਸ ਤੋਂ ਸਹੀ ਮਿਲਦੇ ਹਨ, ਪਰ ਸਾਰੇ ਹਾਲਾਤ ਠੀਕ ਨਹੀਂ ਹਨ। ਦੱਖਣ ਜਾਂਦਿਆਂ ਦਸਮੇਂ ਸਤਿਗੁਰਾਂ ਦੇ ਨਵੇਂ ਵਿਆਹ ਦੀ ਇਕ ਸਾਖੀ ਇਸ ਵਿਚ ਦਿੱਤੀ ਹੈ, ਇਹ ਜੇ ਚੌਥਾ ਵਿਆਹ ਮੰਨੀਏ ਤਾਂ ਅਸ਼ੁੱਧ ਹੈ। ਜਿਨ੍ਹਾਂ ਸਤਿਗੁਰਾਂ ਨੇ ਜਤੀ ਧਰਮ ਧਾਰਿਆ ਹੋਇਆ ਸੀ, ਜਿਨ੍ਹਾਂ ਨੇ ਮਾਤ੍ਰਾ ਸਾਹਿਬ ਦੇਵਾਂ ਦੇ ਡੋਲੇ ਆਉਣ ਤੇ ਕਿਹਾ ਸੀ ਕਿ 'ਅਸੀਂ ਹੁਣ ਬ੍ਰਹਮਚਰਜ ਧਾਰਨ ਕਰ ਚੁਕੇ ਹਾਂ, ਅਸਾਂ ਹੁਣ ਜੁੱਧਾਂ ਦੇ ਕੰਮ ਕਰਨੇ ਹਨ' ਓਹ ਕਦ ਇਕ ਹੋਰ ਵਿਆਹ ਕਰਨਾ ਮੰਨ ਸਕਦੇ ਸਨ? ਅਰਥਾਤ ਗੁਰ ਪ੍ਰਤਾਪ ਸੂਰਜ ਆਦਿ ਦੇ ਲੇਖਕ ਦੱਸਦੇ ਹਨ ਕਿ ਅਨੰਦ ਪੁਰ ਵਿਚ ਵਿਆਹ ਤੋਂ ਨਾਂਹ ਕਰਨ ਦਾ ਇਕ ਵਾਕਿਆ ਹੋ ਚੁਕਾ ਸੀ ਜਦੋਂ ਕਿਹਾ ਗਿਆ ਸੀ ਕਿ ਮਹਾਰਾਜ! ਸਾਹਿਬਦੇਵਾਂ ਦਾ ਡੋਲਾ ਲੈ ਲਓ, ਸੰਗਤ ਵਿਚ ਓਹ ਮਾਪਿਆਂ ਦੀ ਮੰਨਤ ਦੇ ਦਿਨ ਤੋਂ ਮਾਤਾ ਸਦੀਂਦੀ ਹੈ,ਕਿਸੇ ਨੇ ਉਸ ਨਾਲ ਵਿਆਹ ਨਹੀਂ ਕਰਨਾ,' ਤਾਂ ਆਪ ਨੇ ਇਹ ਕਿਹਾ ਸੀ ਕਿ 'ਜੇ ਕੁਆਰੇ ਰਹਿਣਾ ਮਨਜ਼ੂਰ ਹੋਵੇ ਤਾਂ ਮਹਿਲਾਂ ਵਿਚ ਵਾਸ ਦੇ ਸਕਦੇ ਹਾਂ, ਪਰ ਆਪਣਾ ਪ੍ਰਣ ਅਸੀਂ ਭੰਗ ਨਹੀਂ ਕਰ ਸਕਦੇ' ਓਹ ਕਦ ਕਿਸੇ ਦੇ ਕਹਿਣ ਮਾਤ੍ਰ ਤੇ ਅਪਣਾ ਪ੍ਰਣ ਤੋੜ ਸਕਦੇ ਸੇ। ਫਿਰ ਇਸ ਚੌਥੇ ਮਹਿਲ ਦਾ ਜ਼ਿਕਰ ਕਿਸੇ ਹੋਰ ਗ੍ਰੰਥ ਵਿਚ ਨਹੀਂ, ਹਜ਼ੂਰ ਸਾਹਿਬ ਕਿ ਦਿੱਲੀ ਕਿਸੇ ਥਾਂ ਇਨ੍ਹਾਂ ਦੀ ਸਮਾਧਿ ਨਹੀਂ। ਜਾਪਦਾ ਹੈ ਕਿ ਐਸੇ ਵਾਕੇ ਸੈਨਾਪਤਿ ਨੇ ਨਿਸ਼ਚੇ ਸਹੀ ਕਰਕੇ ਤੇ ਨਿਰਨਾ ਕਰਕੇ ਨਹੀਂ ਲਿਖੇ, ਸੋ ਇਨ੍ਹਾਂ ਦੀ

---

*ਕਿਸੇ ਪੋਥੀ ਵਿਚੋਂ ਉਸਦਾ ਕੋਈ ਹਿੱਸਾ ਜੋ ਪ੍ਰਮਾਣ ਯਾ ਹਵਾਲੇ ਆਦਿ ਦੇ ਪ੍ਰਯੋਜਨ ਲਈ ਲਿਆ ਜਾਵੇ।

†ਜੇ ਆਪਣੇ ਆਤਮਕ ਰੂਪ ਵਿਚ ਬਾਬਾ ਜੀ ਸਾਹਿਬਾਂ ਪਾਸ ਆਏ ਤੇ ਕਵੀ ਸੈਨਾਪਤ ਜੀ ਉਸ ਮੇਲ ਨੂੰ ਦਸਗਾ ਰਹੇ ਹਨ ਤਦ ਉਨ੍ਹਾਂ ਦੇ ਵਰਤੇ ਲਫ਼ਜ਼ ਸਫੁਟ ਨਹੀਂ।

ਲਿਖਤ ਨੂੰ ਪੜ੍ਹ ਕੇ ਇਹ ਮੰਨ ਲੈਣਾ ਕਿ 'ਇਹ ਚੌਥਾ ਵਿਆਹ ਸੀ' ਗ਼ਲਤੀ ਵਿਚ ਲੈ ਜਾਣ ਦੀ ਸੰਭਾਵਨਾ ਰਖਦਾ ਹੈ।

ਪਹਿਲੀ ਐਡੀਸ਼ਨ ਤੋਂ ਮਗਰੋਂ ਇਸ ਮਾਮਲੇ ਤੇ ਜੋ ਖੋਜ ਹੋਈ ਹੈ ਸੋ ਸਾਨੂੰ ਇਸ ਟਿਕਾਣੇ ਲੈ ਗਈ ਹੈ ਕਿ ਮਾਤਾ ਸਾਹਿਬ ਦੇਵਾਂ ਜੀ ਦੇ ਗੁਰ ਚਰਨਾਂ ਵਿਚ ਪ੍ਰਾਪਤ ਹੋਣ ਦੇ ਸਮੇਂ ਵਿਚ ਇਤਿਹਾਸਕਾਰਾਂ ਵਿਚ ਮਤ ਭੇਦ ਹੋਣ ਨੇ ਇਹ ਭੁਲੇਵਾ ਪਾਇਆ ਹੈ। ਸੰਮਤ ੧੮੨੫ ਤੋਂ ਮਗਰਲੇ ਸਾਰੇ ਲੇਖਕਾਂ ਨੇ ਏਹ ਸਮਾਂ ਸਤਿਗੁਰ ਜੀ ਦੇ ਆਨੰਦ ਪੁਰ ਨਿਵਾਸ ਦੇ ਸਮੇਂ ਵਿਚ ਦਿਤਾ ਹੈ। ਸੈਨਾਪਤ ਨੇ ਗੁਰੂ ਜੀ ਦੇ ਵਿਆਹਾਂ ਦਾ ਜ਼ਿਕਰ ਹੀ ਨਹੀਂ ਕੀਤਾ, ਮਾਤਾ ਸਾਹਿਬਾਂ ਦੇ ਨਾਮ ਤਕ ਵੀ ਨਹੀਂ ਉਸ ਵਿਚ ਆਏ। ਅਚਾਨਕ ਦੱਖਣ ਜਾਂਦਿਆਂ ਰਾਹ ਵਿਚ ਵਿਆਹ ਦਾ ਜ਼ਿਕਰ ਦਿਤਾ ਹੈ ਤੇ ਵੇਰਵਾ ਨਾਮ ਆਦਿ ਕੁਛ ਨਹੀਂ ਦਿੱਤਾ। ਇਸ ਲੇਖ ਤੋਂ ਇਹ ਵਿਆਹ ਫਿਰ ਚੌਥਾ ਜਾਪਦਾ ਹੈ। ਇਸ ਵਿਸ਼ੇ ਦੀ ਖੋਜ ਕਰਦਿਆਂ ਸਾਡੀ ਨਿਗਾਹ ਗੁਰਬਿਲਾਸ ਤੇ ਪਈ ਜਿਸ ਨੂੰ ਭਾਈ ਮਨੀ ਸਿੰਘ ਦਾ ਉਚਾਰਿਤ ਦੱਸਿਆ ਗਿਆ ਹੈ। ਇਸ ਵਿਚ ਬੀ ਲਿਖਿਆ ਹੈ ਕਿ ਗੁਰੂ ਜੀ ਦਾ ਇਕ ਵਿਆਹ ਆਗਰੇ ਤੋਂ ਅੱਗੇ ਜਾ ਕੇ ਹੋਇਆ, ਪਰ ਓਥੇ ਇਕ ਹੋਰ ਜ਼ਿਕਰ ਵੀ ਮਿਲਦਾ ਹੈ ਜੋ ਸੈਨਾਪਤ ਤੋਂ ਰਹਿ ਗਈ ਕਮੀ ਨੂੰ ਪੂਰਾ ਕਰਦਾ ਹੈ। ਉਹ ਇਹ ਹੈ ਕਿ ਜਦ ਸ਼੍ਰੀ ਗੁਰੂ ਜੀ ਜੋਤੀ ਜੋਤ ਸਮਾਉਣ ਲੱਗੇ ਤਾਂ ਸਿੰਘਾਂ ਨੇ ਜੋ ਜੋ ਕੁਛ ਆਪ ਤੋਂ ਪੁੱਛਿਆ ਉਨ੍ਹਾਂ ਗਲਾਂ ਵਿਚ ਮਾਤਾ ਸਾਹਿਬ ਦੇਵਾਂ ਜੀ ਬਾਬਤ ਪੁਛਿਆ ਕਿ ਉਨ੍ਹਾਂ ਦਾ ਨਿਵਾਸ ਹੁਣ ਕਿੱਥੇ ਹੋਵੇ, ਤਾਂ ਆਪਨੇ ਫੁਰਮਾਇਆ:— ਕਿ ਸਿੰਘਾਂ ਦੇ ਨਾਲ ਉਨ੍ਹਾਂ ਨੂੰ ਦਿੱਲੀ ਟੋਰ ਦਿਓ ਤੇ ਮੇਰੀ ਆਗਿਆ ਕਹਿ ਦਿਓ ਕਿ ਸਤੀ ਨਹੀਂ ਹੋਣਾ, ਵਾਹਿਗੁਰੂ ਦੇ ਹੁਕਮ ਵਿਚ ਸੁਖੀ ਰਹਿਣਾ*। ਹੁਣ ਸਿੱਧ ਹੋ ਗਿਆ ਕਿ ਸਚ ਖੰਡ ਨੂੰ ਚਲਾਣੇ ਵੇਲੇ ਗੁਰੂ ਜੀ ਦੇ ਪਾਸ ਮਾਤਾ ਸਾਹਿਬਦੇਵਾਂ ਜੀ ਸਨ, ਹੋਰ ਕੋਈ ਮਾਤਾ ਜੀ ਨਹੀਂ ਸੇ, ਜੇ ਹੋਰ ਕੋਈ ਮਾਤਾ ਜੀ ਹੁੰਦੇ ਤਾਂ ਗੁਰੂ ਜੀ ਤੋਂ ਸਿੰਘ ਉਨ੍ਹਾਂ ਬਾਬਤ ਵੀ ਪੁੱਛਦੇ। ਫੇਰ ਦਿੱਲੀ ਭੇਜ ਰਹੇ ਹਨ, ਇਸ ਤੋਂ ਪਤਾ ਲਗਾ ਕਿ ਮਾਤਾ ਸੁੰਦਰੀ ਜੀ ਪਾਸ ਘੱਲ ਰਹੇ ਹਨ ਜੋ ਦਿੱਲੀ ਸਨ। ਮਾਤਾ ਜੀਤੋ ਜੀ ਦਾ ਚਲਾਣਾ ਪਹਿਲੋਂ ਹੋ ਹੀ ਚੁਕਾ ਸੀ, ਜਿਨ੍ਹਾਂ ਦੀ ਸਮਾਧ ਆਨੰਦਪੁਰ ਹੈ; ਤੇ ਦਿੱਲੀ ਦੋ ਸਮਾਧਾਂ ਹਨ ਇਕ ਮਾਤਾ ਸੁੰਦਰੀ ਜੀ ਦੀ ਤੇ ਇਕ ਮਾਤਾ ਸਾਹਿਬ ਦੇਵਾਂ ਜੀ ਦੀ, ਤਾਂਤੇ ਚੌਥੇ ਮਾਤਾ ਜੀ ਕੋਈ ਨਹੀਂ ਹੋਏ। ਸੋ ਸਹੀ ਹੋਇਆ ਕਿ ਸੈਨਾਪਤ ਦੇ ਰਾਜਪੂਤਾਨੇ ਵਾਲੇ ਦੱਸੇ ਵਿਆਹ ਨੂੰ ਇਸ ਲਿਖਤੀ ਗ੍ਰੰਥ ਦੇ ਲੇਖਕ ਜੀ† ਮਾਤਾ ਸਾਹਿਬ ਦੇਵਾਂ ਦਾ ਵਿਆਹ ਦੱਸ ਰਹੇ ਹਨ, ਜਿਸ ਤੋਂ ਪਤਾ ਲਗ ਗਿਆ ਕਿ ਸੈਨਾਪਤ ਤੇ ਇਸ ਲੇਖਕ ਨੇ ਮਾਤਾ ਸਾਹਿਬ ਦੇਵਾਂ ਦਾ ਗੁਰੂ ਸ਼ਰਨ ਆਗਮਨ ਰਾਜ ਪੂਤਾਨੇ ਵਿਚ ਦੱਸਿਆ ਹੈ ਤੇ ਹੋਰ ਲੇਖਕਾਂ ਨੇ ਆਨੰਦਪੁਰ ਵਿਚ। ਤਾਂਤੇ ਮਾਤਾ ਸਾਹਿਬ ਦੇਵਾਂ ਜੀ ਦੀ ਸ਼ਰਨ ਪ੍ਰਾਪਤੀ ਦੇ ਸਮੇਂ ਵਿਚ ਮਤਿ ਭੇਦ ਹੈ, ਜੋ ਉਸ ਟਪਲੇ ਦਾ ਕਾਰਨ ਹੈ ਜੋ ਸੈਨਾਪਤ ਤੋਂ ਲਗਦਾ ਹੈ। ਜੇ ਸਾਡੀ ਖੋਜ ਇਸ ਗ੍ਰੰਥ ਤਕ ਨਾ ਅੱਪੜਦੀ ਤਾਂ ਸੈਨਾਪਤ ਦੇ ਲੇਖ ਤੋਂ ਜੋ ਖ਼ਯਾਲ ਚੌਥੇ ਵਿਆਹ ਦਾ ਸਿਖ ਪਾਠਕ ਬਣਾ ਰਹੇ ਸਨ ਗ਼ਲਤੀ ਵਿਚ ਪਾ ਦੇਣ ਵਾਲਾ ਹੋ ਰਿਹਾ ਸੀ। ਇਸ ਗਲ ਤੇ ਸਾਰੇ ਸਹਿਮਤ ਹਨ ਕਿ ਸ੍ਰੀ ਸਾਹਿਬ ਦੇਵਾਂ ਜੀ ਦੇ

*ਮਾਤਾ ਸਾਹਿਬ ਦੇਵਾਂ ਜੀ ਦਾ ਅੰਤ ਸਮੇਂ ਪਾਸੇ ਹੋਣਾ ਤੇ ਗੁਰੂ ਜੀ ਦੇ ਹੁਕਮ ਵਿਚ ਟੋਰੇ ਜਾਣਾਂ ਆਦਿ ਗਲਾਂ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਵੀ ਹੈਨ।

†ਗੁਰ ਬਿ: ਭਾ: ਮਨੀ ਸਿੰਘ।

ਮਾਪਿਆਂ ਨੇ ਬੀਬੀ ਗੁਰੂ ਅਰਪਨ ਦਾ ਸੰਕਲਪ ਕਰ ਛਡਿਆ ਸੀ ਤੇ ਉਨ੍ਹਾਂ ਦੇ ਨਗਰ ਵਿਚ ਪ੍ਰਸਿਧ ਸੀ। ਸੋ ਜੇ ਸੈਨਾਪਤ ਤੇ ਇਸ ਲੇਖਕ ਜੀ ਦਾ ਲੇਖ ਕਿ ਵਿਵਾਹ ਆਗਰੇ ਤੋਂ ਅੱਗੇ ਜਾ ਕੇ ਹੋਇਆ ਹੈ, ਠੀਕ ਮੰਨ ਲਿਆ ਜਾਵੇ, ਤਾਂ ਇਉਂ ਹੋਇਆ ਹੋਊ ਕਿ ਸਾਹਿਬਾਂ ਦੇ ਦੱਖਣ ਜਾਣ ਦੀ ਖ਼ਬਰ ਸੁਣ ਕੇ ਮਾਤਾ ਜੀ ਦੇ ਮਾਪੇ ਘਬਰਾਏ ਹੋਣਗੇ ਕਿ ਗੁਰੂ ਜੀ ਇਡੀ ਦੂਰੋਂ ਖ਼ਬਰੇ ਕਦੋਂ ਵਾਪਸ ਆਉਣਗੇ, ਹੋਵੇ ਨਾ ਤਾਂ ਆਗਰੇ ਪਹੁੰਚ ਕੇ ਬੀਬੀ ਅਰਪਨ ਕਰ ਆਈਏ। ਜਾਂ ਆਗਰੇ ਪੁਜੇ ਤਾਂ ਸਾਹਿਬ ਟੁਰ ਚੁਕੇ ਸਨ, ਓਹ ਮਗਰੇ ਗਏ ਤੇ ਜਿੱਥੇ ਮਿਲੇ ਓਥੇ ਬੀਬੀ ਸੇਵਾ ਵਿਚ ਅਰਪ ਦਿਤੀ। ਅਤੇ ਬਾਕੀ ਦੀ ਕਥਾ ਜੋ ਗੁਰ ਪ੍ਰਤਾਪ ਸੂਰਜ ਵਿਚ 'ਕੁਆਰਾ ਡੋਰਾ' ਆਦਿਕ ਵਾਲੀ ਵਰਤੀ ਲਿਖੀ ਹੈ ਇਸ ਹਾਲਤ ਵਿਚ ਸਭ ਏਥੇ ਹੋਈ ਹੀ ਸਮਝਣੀ ਚਾਹੀਏ। ਇਕ ਹੋਰ ਦਲੀਲ ਵੀ ਚੌਥੇ ਵਿਆਹ ਦੀ ਸੰਭਾਵਨਾ ਨੂੰ ਦੂਰ ਕਰਦੀ ਹੈ, ਉਹ ਇਹ ਕਿ ਹਜ਼ੂਰ ਸਾਹਿਬ ਵਿਚ ਮਾਤਾ ਸਾਹਿਬ ਦੇਵਾਂ ਜੀ ਦੇ ਨਾਮ ਦਾ ਅਸਥਾਨ ਹੁਣ ਤਕ ਹੈ ਪਰ ਕਿਸੇ ਹੋਰ ਮਾਤਾ ਜੀ ਦੇ ਨਾਮ ਦਾ ਅਸਥਾਨ ਯਾਦਗਾਰ ਕੋਈ ਨਹੀਂ, ਜਿਸ ਤੋਂ ਪਤਾ ਲਗਾ ਕਿ ਹਜ਼ੂਰ ਸਾਹਿਬ ਕੇਵਲ ਮਾਤਾ ਸਾਹਿਬ ਦੇਵਾਂ ਜੀ ਹੀ ਨਾਲ ਸਨ, ਚਾਹੇ ਉਹ ਆਨੰਦ ਪੁਰ ਸ਼ਰਨ ਪ੍ਰਾਪਤ ਹੋਏ ਸਨ, ਚਾਹੇ ਆਗਰੇ ਤੋਂ ਟੁਰ ਕੇ ਹਜ਼ੂਰ ਸਾਹਿਬ ਦੇ ਰਸਤੇ ਵਿਚ।

ਇਸ ਤਰ੍ਹਾਂ ਵਾਰਤਿਕ ਮਹਿਮਾ ਪ੍ਰਕਾਸ਼ ਵਿਚੋਂ ਕਿੰਨਾਂ ਕੁਛ ਮਿਲਦਾ ਹੈ ਪਰ ਕਈ ਗਲਾਂ ਅਣਬਣ ਬੀ ਹਨ, ਇਸ ਕਰ ਕੇ ਇਸ ਦੇ ਓਹ ਪ੍ਰਸੰਗ ਮੰਨਣੇ ਯੋਗ ਨਹੀਂ। ਸੇਵਾ ਦਾਸ ਦੀਆਂ ਸਾਖੀਆਂ ਤੇ ਇਹ ਮਹਿਮਾ ਪ੍ਰਕਾਸ਼ ਲਗ ਪਗ ਇਕੋ ਹੀ ਹੈਨ। ਇਸ ਤੋਂ ਅਗੇ ਦੂਸਰਾ ਮਹਿਮਾ ਪ੍ਰਕਾਸ਼ ਸਰੂਪ ਦਾਸ ਭੱਲੇ ਵਾਲਾ ਹੈ। ਇਸ ਦੇ ਪ੍ਰਸੰਗ ਬੜੇ ਮੰਨਣੇ ਜੋਗ ਹੈਨ,ਪਰ ਇਹ ਵੀ ਛਾਣ ਬੀਣ ਦਾ ਲੋੜਵੰਦ ਹੈ,ਭਾਵੇਂ ਆਮ ਤੌਰ ਤੇ ਏਹ ਗ੍ਰੰਥ ਇਤਬਾਰ ਯੋਗ ਹੈ,ਤਾਂ ਬੀ ਵਿਵੇਕ ਦੀ ਲੋੜ ਹੈ। ਇ . ਤਰ੍ਹਾਂ ਫਾਰਸੀ ਅੰਗ੍ਰੇਜ਼ੀ ਦੇ ਇਤਿਹਾਸਕਾਰਾਂ, ਜਿਨ੍ਹਾਂ ਦੇ ਹਵਾਲੇ ਅਸਾਂ ਦਿੱਤੇ ਹਨ, ਸਾਰਿਆਂ ਵਿਚੋਂ ਕੋਈ ਸਾਂਗੋ ਪਾਂਗ ਮੰਨਣੇ ਯੋਗ ਨਹੀਂ। ਮਸਲਨ ਖ਼ਫੀ ਖਾਂ,–ਇਹ ਬੜੇ ਸਖਤ ਤਅੱਸਬ ਨਾਲ ਲਿਖਦਾ ਹੈ, ਗਾਲੀਆਂ ਤਕ ਦੇ ਜਾਂਦਾ ਹੈ ਤੇ ਝੂਠ ਬੀ ਲਿਖਦਾ ਹੈ। ਇਸੇ ਤਰ੍ਹਾਂ ਸੈਰੁਲਮੁਤਾਖ਼ੀਨ ਹੈ। ਭਾਈ ਕਰਮ ਸਿੰਘ ਜੀ ਨੂੰ ਇਨ੍ਹਾਂ ਦੀ ਮੁਤਾਲਿਆ ਬਹੁਤ ਸੀ, ਉਹ ਇਨ੍ਹਾਂ ਨੂੰ ਜ਼ਹਿਰੀਲਾ ਤੇ ਝੂਠ ਵਾਲਾ ਲਿਖਦੇ ਹਨ*।

ਅਸਲ ਵਿਚ ਅਜੇ ਦੂਰੰਦੇਸ਼ੀ ਦੀ ਬਹੁਤੀ ਲੋੜ ਹੈ ਕਿਉਂਕਿ ਪੁਰਾਣੇ ਗ੍ਰੰਥ ਸਾਰੇ ਚਾਨਣੇ ਵਿਚ ਆ ਗਏ ਨਹੀਂ ਸਹੀ ਹੁੰਦੇ ਤੇ ਨਾਲ ਹੀ ਇਤਿਹਾਸ ਖੋਜ ਦਾ ਕੰਮ ਸਾਡੇ ਵਿਚ ਅਜੇ ਠੀਕ ਤਰ੍ਹਾਂ ਨਾਲ ਨਹੀਂ ਹੋਇਆ। ਦਰੁਸਤੀ ੜੇ ਇੰਵ ਪੁੱਜੀਦਾ ਹੈ ਕਿ ਬਹੁਤ ਸਾਰੇ ਇਤਿਹਾਸਿਕ ਲੇਖਕਾਂ ਨੂੰ ਪੜ੍ਹਿਆ ਜਾਵੇ ਤਦ ਪਰਸਪਰ ਵਿਰੋਧ ਤੇ ਮਿਲਵੇਂ ਹਾਲਾਤ ਵਿਚੋਂ ਸੱਚ ਪ੍ਰਗਟਦਾ ਹੈ ਤੇ ਲੇਖਕਾਂ ਦੇ ਦਿਲੀ ਝੁਕਾਉ, ਤਅੱਸਬ, ਜਾਣਕੇ ਕੀਤੀਆਂ ਭੁੱਲਾਂ ਤੇ ਉਕਾਈਆਂ ਨਿਤਰ ਆਉਂਦੀਆਂ ਹਨ। ਗ੍ਰਿਫਨ ਵਰਗੇ ਸਿੱਖਾਂ ਦੇ ਇਤਿਹਾਸਕਾਰ ਦੇ ਲੇਖਾਂ ਨੂੰ ਤਾਂ ਪੜ੍ਹਦਿਆਂ ਹੀ ਥਹੁ ਪੈ ਜਾਂਦਾ ਹੈ ਕਿ ਇਹ ਸ਼ਖਸ ਜਾਣ ਬੁੱਝ ਕੇ ਇਸ ਕਿਸਮ ਦੇ ਰੌ ਵਿਚ ਹਾਲਾਤ ਲਿਖ ਰਿਹਾ ਹੈ ਕਿ ਸਿੱਖਾਂ ਦੇ ਨੌਜਵਾਨਾਂ ਵਿਚ ਆਪਣੇ ਪਿਛਲਿਆਂ ਬਜ਼ੁਰਗਾਂ ਦਾ ਫਖ਼ਰ ਨਾ ਪੈਦਾ ਹੋਵੇ। ਪਰ ਕਈ ਅੰਗ੍ਰੇਜ਼

*ਦੇਖੋ ਬੰਦਾ ਬਹਾਦਰ, ਸਫਾ ੧੧ ਤੇ ੧੭੯।

ਇਤਿਹਾਸਕਾਰਾਂ ਨੇ ਜਾਣ ਕੇ ਐਸਾ ਨਹੀਂ ਕੀਤਾ, ਉਨ੍ਹਾਂ ਨੂੰ ਤਾਂ ਵਾਕਿਆਤ ਗ਼ਲਤ ਮਿਲੇ ਹਨ। ਭਾਈ ਗੰਡਾ ਸਿੰਘ ਜੀ ਨੇ ਖੋਜ ਤੋਂ ਲੱਭਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਬਾਬਤ ਤੇ ਉਨ੍ਹਾਂ ਦੇ ਮਗਰੋਂ ਪੰਜਾਬ ਵਿਚੋਂ ਜਾਣਕੇ ਝੂਠੀਆਂ ਖ਼ਬਰਾਂ ਹਿੰਦੁਸਤਾਨ ਦੇ ਅਖ਼ਬਾਰਾਂ ਵਿਚ ਘੱਲੀਆਂ ਜਾਂਦੀਆਂ ਸਨ ਤੇ ਸਰਕਾਰ ਅੰਗ੍ਰਜ਼ੀ ਨੂੰ ਬੀ ਬਨਾਵਟੀ ਮੁਰਾਸਲੇ ਖ਼ਬਰਾਂ ਦੇ ਖਾਸ ਪ੍ਰਯੋਜਨਾਂ ਦੀ ਸਿੱਧੀ ਅਰਥ ਖ਼ੁਦਗਰਜ਼ਾਂ ਤੇ ਰਾਜਦ੍ਰੋਹੀਆਂ ਵਲੋਂ ਜਾਂਦੇ ਸਨ, ਸੋ ਉਨ੍ਹਾਂ ਖ਼ਬਰਾਂ ਦੇ ਆਧਾਰ ਤੇ ਪੱਛਮੀ ਇਤਿਹਾਸਕਾਰਾਂ ਨੇ ਬਹੁਤ ਉਕਾਈਆਂ ਖਾਧੀਆਂ ਹਨ। ਜੈਸਾ ਕਿ ਮਹਾਰਾਜੇ ਦੀਆਂ ਰਾਣੀਆਂ ਦੇ ਜਤ ਸਤ ਤੇ ਹਮਲੇ। ਇਕ ਅੰਗ੍ਰੇਜ਼ ਲਿਖਦਾ ਹੈ ਕਿ ਮਹਾਰਾਜਾ ਦਲੀਪ ਸਿੰਘ ਘੁੱਲੋ ਗੋਲੀ ਦੇ ਪੇਟੋਂ ਸੀ*, ਹੋਰ ਲਿਖਦੇ ਹੈਨ ਕਿ ਘੁੱਲੋ ਮਾਸ਼ਕੀ ਸੀ† ਤੇ ਰਾਣੀ ਜਿੰਦਾਂ ਦੇ ਨਾਲ ਮਾੜਾ ਤਅੱਲਕ ਰਖਦਾ ਸੀ। ਇਨ੍ਹਾਂ ਲੇਖਕਾਂ ਨੂੰ ਇੰਨੀ ਖੋਜ ਕਰਨ ਦੀ ਬੀ ਵਿਹਲ ਨਹੀਂ ਕਿ ਪਤਾ ਤਾਂ ਕਰ ਲੈਣ ਕਿ ਘੁੱਲੋ ਆਦਮੀ ਸੀ ਕਿ ਤੀਮੀਂ। ਉਧਰ ਜਦ ਮਹਾਰਾਜਾ ਦੇ ਰੋਜ਼-ਨਾਮਚੇ ਆਦਿਕ ਪੜ੍ਹੋ, ਤਾਂ ਰਾਣੀਆਂ ਨਿਰਦੂਸ਼ਤ ਸਨ। ਆਮ ਅਕਲ ਦੇ ਅਨੁਮਾਨ ਦੀ ਗੱਲ ਬੀ ਏਹੋ ਹੈ। ਕੀਹ ਇਹ ਗਲ ਮੰਨੀ ਜਾ ਸਕਦੀ ਹੈ ਕਿ ਜਿਸ ਪਾਤਸ਼ਾਹ ਨੂੰ ਕਲਕੱਤੇ ਤੋਂ ਖ਼ਬਰਾਂ ਪੁਜਦੀਆਂ ਹਨ ਤੇ ਕਾਬਲ ਦੇ ਹਾਲ ਮਲੂਮ ਹਨ, ਆਪਣੇ ਮਹਿਲਾਂ ਦੇ ਹਾਲ ਉਸ ਤੋਂ ਲੁਕੇ ਰਹਿਣ ਤੇ ਕੀ ਓਹ ਏਨਾਂ ਨੀਵਾਂ ਹੋ ਸਕਦਾਹੈ ਕਿ ਆਪਣੇ ਮਹਿਲਾਂ ਦੀ ਕਮਜ਼ੋਰੀ ਨੂੰ ਝੱਲ ਸਕੇ? ਜਿਸ ਪਾਤਸ਼ਾਹ ਦੀ ਧਾਕ ਰੂਮ ਤ ਰੂਸ ਤਕ ਪੈ ਗਈ ਸੀ ਉਸਨੂੰ ਮੁੱਜੂ ਪਤੀ ਸਮਝ ਲੈਣਾ ਕਿਸੇ ਦੂਰੰਦੇਸ਼ ਦਾ ਕੰਮ ਨਹੀਂ ਹੋ ਸਕਦਾ।

ਆਖੇਪਾਂ ਵਾਲੀ ਸੌ ਸਾਖੀ ਦੇ ਲੇਖਕ ਜੀ ਜਾਣ ਬੁੱਝ ਕੇ ਧੋਖਾ ਦੇ ਰਹੇ ਜਾਪਦੇ ਹਨ। ਸੌ ਸਾਲ ਸਿੱਖਾਂ ਨੂੰ ਇਸ ਆਖੇਪ ਹੋਈ ਪੋਥੀ ਨੇ ਹੈਰਾਨ ਕੀਤਾ ਹੈ। ਖਾਸ ਕਰ ਨਾਮਧਾਰੀਆਂ ਨੇ ਇਸ ਤੇ ਬੜੀ ਟੇਕ ਰਖੀ ਹੈ ਤ ਅਨੇਕਾਂ ਪ੍ਰੇਮੀ ਘਰ ਛਡ ਕੇ ਰਵਾਲਸਰ ਜਾ ਕੇ ਔਖੇ ਹੋਏ ਤੇ ਹੋਰ ਤਰ੍ਹਾਂ ਮੁਸ਼ਕਲਾਂ ਦੇ ਮੂੰਹ ਆਏ। ਭਾਈ ਸੰਤੋਖ ਸਿੰਘ ਜੀ ਨੇ ਬੀ ਇਸ ਪੋਥੀ ਨੂੰ ਸਾਰਾ ਸੱਚ ਮੰਨ ਕੇ ਕਈ ਉਕਾਈਆਂ ਖਾਧੀਆਂ ਹਨ। ਅਸਲ ਵਿਚ ਭਾਈ ਰਾਮ ਕੌਰ ਜੀ ਨੇ ਕੋਈ ਕਥਾ ਕੀਤੀ ਤੇ ਓਹ ਲਿਖੀ ਗਈ, ਇਹ ਗਲ ਹੋ ਸਕਦੀ ਹੈ ਤੇ ਦਰੁਸਤ ਹੋ ਸਕਦੀ ਹੈ। ਸੌ ਸਾਖੀ ਕਹਿੰਦੀ ਹੈ ਕਿ ਓਹ ਸਾਖੀਆਂ ਪੰਜ ਸੌ ਸਨ। ਇਹ ਗਲ ਇਸ ਪ੍ਰਚਲਤ ਸੌ ਸਾਖੀ ਦੀ ਤਿਰਿਆਨਵੀਂ ਸਾਖੀ ਵਿਚ ਵੀ ਲਿਖੀ ਹੈ ਕਿ:—ਸਾਖੀਆਂ ਪੰਜ ਸੌ ਸਨ, ਸੌ ਸਾਖੀ ਸਾਨੂੰ ਹੁਕਮ ਸੀ, ਸੌ ਕਾਬਲੀ ਮਲ ਨੂੰ ਮਿਲੀ, ਇਕ ਸੌ ਮੁਲਤਾਨੀ ਸੂਰੇ ਨੂੰ, ਇਕ ਸੌ ਰਤੀਏ ਪੂਰਬ ਭਲ ਨੂੰ ਤੇ ਸੌ ਆਗਰੇ ਦੇ ਸੂਰਤ ਸਿੰਘ ਨੂੰ। ਸੋ ਇਉਂ ਦਿਸਦਾ ਲੇਖਕ ਸਾਖੀਆਂ ਖਿੰਡ ਗਈਆਂ ਦਾ ਆਪ ਪਤਾ ਦੇ ਰਿਹਾ ਹੈ। ਹੁਣ ਬੀ ਜੇ ਪੰਜ ਸੌ ਸਾਖੀ ਅਸਲੀ ਮਿਲ ਪਵੇ ਤਾਂ ਇਸ ਸੌ ਸਾਖੀ ਦੀਆਂ ਬਨਾਵਟੀ ਸਾਖੀਆਂ ਟਾਕਰਾ ਕਰਨ ਨਾਲ ਨਿਤਰ ਸਕਣਗੀਆਂ। ਹਾਲੇ ਇਸ ਪੋਥੀ ਦੀ ਮੁਤਾਲਿਆ ਦੱਸਦੀ ਹੈ ਕਿ ਇਸ ਵਿਚ ਅਨੇਕਾਂ ਸਾਖੀਆਂ ਦੇ ਅਸਲੀ ਹੋਣ ਦੀ ਝਲਕ ਹੈ। ਕੁਝ ਕੱਢ ਕ ਬਨਾਵਟੀ ਪਾਈਆਂ ਹਨ ਤੇ ਕੁਛ ਨਿਰੀਆਂ ਬਨਾਵਟੀ ਹਨ। ਪਹਿਲੀ ਬਨਾਵਟ ਦੀ ਗਲ ਇਸ ਵਿਚ ਇਹ ਹੈ ਕਿ ਪੋਥੀ ਦੇ ਸ਼ੁਰੂ ਵਿਚ ਸੰਮਤ ੧੭੯੧ ਦਿੱਤਾ ਹੈ, ਪਰ ਅੱਧ ਵਿਚ ਜਾ ਕੇ ਸਾਖੀ ੫੦ ਦੇ ਅੰਤ, ਸੰਮਤ

*ਮੰਕਗ੍ਰੇਗਰ। †ਕਾਰਮਾਈਕਲ, ਗ੍ਰਿਫਨ।

੧੭੮੧ ਦਿੱਤਾ ਹੈ ਤੇ ਪੋਥੀ ਦੇ ਅਖੀਰ ਤੇ ਫੇਰ ੧੭੮੧ ਹੈ। ਤ੍ਰੈ ਥਾਂ ਸੰਮਤ ਲਿਖਣ ਦਾ ਰਿਵਾਜ ਨਹੀਂ। ਸਾਖੀਆਂ ਘੜਨ ਵਾਲੇ ਨੇ ਅੱਧ ਵਿਚ ਜਾ ਕੇ ਸੰਮਤ ਪਾ ਦਿੱਤਾ ਹੈ, ਚੇਤਾ ਭੁੱਲ ਗਿਆ ਕਿ ਪਹਿਲੇ ਸੰਮਤ ਪਿਆ ਹੋਇਆ ਹੈ ਤੇ ਓਸ ਸੰਮਤ ਦਾ ਤੇ ਮੇਰੇ ਸੰਮਤ ਦਾ ਦਸ ਬਰਸ ਦਾ ਫਰਕ ਹੈ। ਅੰਤ ਪਰ ਫੇਰ ਸੰਮਤ ੧੭੮੧ ਹੀ ਦਿੱਤਾ ਹੈ*। ਮਾਨੋ ਲੇਖਕ ਦੇ ਜੀ ਨੂੰ ਤੋਖਲਾ ਹੈ ਕਿ ਪੋਥੀ ਕਿਵੇਂ ਪੁਰਾਣੀ ਭਾਸੇ।

ਦੂਸਰੀ ਗਲ ਇਹ ਹੈ ਕਿ ਸੰਮਤ ੧੯੦੦ ਦੇ ਅਨੁਮਾਨ ਦੀਆਂ ਲਿਖੀਆਂ ਹੀ ਸੌ ਸਾਖੀ ਦੀਆਂ ਪੋਥੀਆਂ ਮਿਲਦੀਆਂ ਹਨ। ਅਸਾਂ ੧੯੦੫ ਤੋਂ ਪਹਿਲੇ ਦੀ ਲਿਖੀ ਹੋਈ ਕੋਈ ਪੋਥੀ ਨਹੀਂ ਦੇਖੀ। ਸਰ ਸਰਦਾਰ ਅਤਰ ਸਿੰਘ ਜੀ ਨੂੰ ਗੁਜ਼ਰਿਆਂ ੩੮ ਸਾਲ ਹੋਏ ਹਨ। ਉਨ੍ਹਾਂ ਨੇ ਆਪਣੇ ਤਰਜਮੇ ਵਿਚ ਇਹ ਸੌ ਸਾਖੀ ੧੮੯੪ ਬਿ: ਦੇ ਲਗ ਪਗ ਦੀ ਸਹੀ ਕੀਤੀ ਹੈ ਜਦੋਂ ਕਿ ਸੌ ਸਾਖੀ ਪੁਰਾਣੀ ਤੋਂ ਪੁਰਾਣੀ ਮਿਲ ਸਕਦੀ ਸੀ। ਪਰ ਉਨ੍ਹਾਂ ਨੂੰ ਕੋਈ ੧੭੯੧ ਯਾ ੮੧ ਦੀ ਨਹੀਂ ਮਿਲੀ। ਭਾਈ ਕਰਮ ਸਿੰਘ ਜੀ ਨੇ ਲਿਖਆ ਸੀ ਕਿ ਮੈਂ ਸਰਦਾਰ ਮਾਨ ਸਿੰਘ ਜੀ ਪਾਸ ੧੮੫੬ ਦੀ ਦੇਖੀ ਸੀ ਪਰ ਸਰਦਾਰ ਮਾਨ ਸਿੰਘ ਜੀ ਪਾਸ ਐਸੀ ਪੋਥੀ ਹੁਣ ਨਹੀਂ ਹੈ, ਨਾ ਉਨ੍ਹਾਂ ਨੂੰ ਉਸ ਦਾ ਸੰਮਤ ਯਾਦ ਹੈ।

ਤੀਸਰੇ—ਸੌ ਸਾਖੀ ਵਿਚ ਜੋ ਪੇਸ਼ੀਨਗੋਈਆਂ ਹਨ ਓਹ ਅਸਲੀ ਪੋਥੀ ਵਿਚ ਸਨ ਕਿ ਨਹੀਂ, ਤੇ ਜੇ ਸਨ ਤਾਂ ਕਿਵ ? ਪਤਾ ਨਹੀਂ, ਪਰ ਹੁਣ ਵਾਲੀ ਪੋਥੀ ਵਿਚ ਵਦਤੋ ਵਜਾਘਾਤ ਹਨ। ਅਰਥਾਤ ਦਸਮੇਂ ਪਾਤਸ਼ਾਹ ਦੇ ਮੁੜ ਕੇ ਆਉਣ ਬਾਬਤ ਉਨ੍ਹਾਂ ਦੇ ਭਵਿੱਖਤ ਵਾਕ ਜੋ ਦਿੱਤੇ ਹਨ ਓਹ ਆਪੋ ਵਿਚ ਵਿਰੋਧੀ ਹਨ।ਇਨ੍ਹਾਂ ਦਾ ਵੇਰਵਾ ਅਸਾਂ ਰੁਤ ੫ ਅੰਸੂ ੩੯ ਅੰਕ ੫੨ ਦੀ ਅੰਤਲੀ ਟੂਕ ਵਿਚ ਦਿੱਤਾ ਹੈ। ਇਕੋ ਸੱਤਯ ਵਕਤਾ ਸਰਬੱਗਯ ਗੁਰੂ ਜੀ ਆਪਣੇ ਮੁੜ ਆਉਣ ਬਾਬਤ ਜੁਦਾ ਜੁਦਾ ਗੱਲਾਂ ਕੀਕੂ ਕਹਿ ਸਕਦੇ ਹਨ। ਸਾਖੀਆਂ ਆਖੇਪ ਕਰਨ ਵਾਲੇ ਦਾ ਆਖਰੀ ਭੇਤ ੯੭ ਸਾਖੀ ਵਿਚ ਖੁਲ੍ਹਦਾ ਹੈ, ਜਿਥੇ ਗੁਰੂ ਜੀ ਜੰਮੂ ਦੇ ਇਕ ਰਾਜਪੂਤ ਨੂੰ ਕਹਿੰਦੇ ਹਨ ਕਿ ਤੇਰੇ ਘਰ ਅਉਤਾਰ ਧਾਰਾਂਗਾ (ਇਸ ਦਾ ਵੇਰਵਾ ਪੜ੍ਹਨ ਲਈ ਦੇਖੋ ਰੁਤ ੫, ਅੰਸੂ ੩੯, ਅੰਕ ੪੫ ਦੀ ਹੇਠਲੀ ਟੂਕ)। ਸੌ ਸਾਖੀ ਦੇ ਆਖੇਪਾਂ ਬਾਬਤ ਹੋਰ ਗਲਾਂ ਰੁਤ ੩ ਅੰਸੂ ੧੨ ਦੇ ਅੰਤ ਦੇਵੀ ਵਾਲੇ ਨੋਟ ਵਿਚ ਬੀ ਦਿੱਤੀਆਂ ਹਨ। ਉਪ੍ਰੋਕਤ ਤਿੰਨਾਂ ਥਾਵਾਂ ਨੂੰ ਪੜ੍ਹ ਕੇ ਆਖੇਪਾਂ ਵਾਲੀ ਸੌ ਸਾਖੀ ਦਾ ਸਾਰਾ ਪਾਜ ਖੁੱਲ੍ਹ ਜਾਂਦਾ ਹੈ। ਸਾਡਾ ਇਹ ਮਤਲਬ ਨਹੀਂ ਹੈ ਕਿ ਇਸ ਆਖੇਪਾਂ ਵਾਲੀ ਸਾਖੀ ਦਾ ਮੂਲ, ਅਸਲੀ ਪੋਥੀ ਸਾਖੀਆਂ ਵਾਲੀ ਹੈ ਨਹੀਂ ਸੀ, ਜਾਂ ਇਹ ਕਿ ਉਸ ਵਿਚ ਸਤਿ-ਗੁਰਾਂ ਦੇ ਭਵਿੱਖਤ ਵਾਕ ਮੂਲੋਂ ਕੋਈ ਨਹੀਂ ਸਨ, ਯਾ ਇਹ ਕਿ ਹੁਣ ਵਾਲੀ ਸੌ ਸਾਖੀ ਨਿਰੇ ਆਖੇਪ ਹੀ ਹਨ ਤੇ ਅਸਲੀ ਪੋਥੀ ਦੀਆਂ ਸਾਖੀਆਂ ਇਸ ਵਿਚ ਮੂਲੋਂ ਨਹੀਂ ਹਨ, ਯਾ ਅਸਲੀ ਪੋਥੀ ਦੇ ਭਵਿੱਖਤ ਵਾਕ ਜੋ ਠੀਕ ਸਤਿਗੁਰਾਂ ਆਖੇ ਇਸ ਵਿਚ ਨਹੀਂ ਆਏ। ਨਾਂ ਸਾਡਾ ਇਹ

*ਇਹ ਸੰਮਤ ਇਬਾਰਤ ਵਿਚ ਦਿੱਤੇ ਹਨ, ਅੰਕ ਮਾਤ੍ਰ ਨਹੀਂ, ਮਤੇ ਪਾਠਕਾਂ ਨੂੰ ਭੁਲੇਖਾ ਲਗੇ ਕਿ ੯ ਦੀ ਥਾਂ ੮ ਹੋਸੀ ਜਾਂ ਆਠੇ ਦੀ ਥਾਂ ੯ ਅੰਕ ਹੋਸੀ। ਯਥਾ:—

ਸੰਮਤ ਬਿਕ੍ਰਮ ਭੂਪਤੀ ਸਤਾਰਾ ਸਤ ਨੌ ਏਕ। [ਪਹਿਲੀ ਸਾਖੀ

ਫਿਰ—ਸੰਮਤ ਬਿੱਕ੍ਰਮ ਸਤ੍ਰਾ ਸੈ ਏਕਾਸੀ ਮਾਸ ਤ੍ਰੈ ਜੇਠ। [ਸਾਖੀ ੫੦

ਤੇ ਫਿਰ ਪੁਸਤਕ ਦੇ ਅੰਤ ਪਾਠ ਹੈ—ਸੰਬਤ ਸਤਾਰਾਂ ਸਹਸ ਥਾ ਅੱਸੀ ਏਕ ਸੁਭਾਸ। [ਸਾਖੀ ੯੮

ਮਤਲਬ ਹੈ ਕਿ ਸਤਿਗੁਰਾਂ ਕਦੇ ਭਵਿੱਖਤ ਕਹੇ ਹੀ ਨਹੀਂ; ਸਾਡਾ ਭਾਵ ਕੇਵਲ ਇੰਨਾਂ ਹੈ ਕਿ ਹੁਣ ਵਾਲੇ ਨੁਸਖੇ ਵਿਚ ਆਖੇਪ ਹੋ ਜਾਣ ਕਰ ਕੇ ਸਾਰੀ ਨੂੰ ਸਾਂਗੋ ਪਾਂਗ ਅਸਲੀ ਤੇ ਸਾਰੇ ਭਵਿੱਖਤ ਵਾਕਾਂ ਨੂੰ, ਜੋ ਇਸ ਵਿਚ ਆਏ ਹਨ, ਸਤਿਗੁਰਾਂ ਦੇ ਉਚਾਰਿਤ ਸਮਝ ਕੇ ਭੁੱਲਾਂ ਵਿਚ ਪੈ ਜਾਈਦਾ ਹੈ। ਕਿਉਂਕਿ ਅਸਲ ਤੇ ਆਖੇਪ ਇਸ ਵਿਚ ਐਉਂ ਰਲਗਡ ਹੋ ਗਏ ਹਨ ਕਿ ਨਿਖੇੜਨੇ ਅਤਿ ਕਠਨ ਹਨ।

ਚੌਥੇ-ਇਸ ਮੌਜੂਦਾ ਸੌ ਸਾਖੀ ਦੀ ਸਾਖੀ ੫੮ ਅੰਕ ੧੪-੧੫ ਵਿਚ ਲੇਖਕ ਜੀ ਲਿਖਦੇ ਹਨ ਕਿ ਅਸਾਂ ਨਾਦਰ ਦਾ ਹੱਲਾ ਆਪ ਡਿੱਠਾ ਹੈ। ਨਾਦਰ ਦਾ ਹੱਲਾ ੧੭੯੬ ਬਿ: ਵਿਚ ਹੋਇਆ ਹੈ। ਜੇ ਸੌ ਸਾਖੀ ੧੭੯੧ ਯਾ ੮' ਸੰਮਤ ਵਿਚ ਲਿਖੀ ਜਾ ਚੁਕੀ ਸੀ ਤਾਂ ਉਸ ਵਿਚ ਦਾ ਲੇਖਕ ੧੭੯੬ ਦੀ ਅੱਖੀਂ ਵੇਖੀ ਘਟਨਾਂ ਸੰਮਤ ੮੧ ਯਾ ੯੧ ਵਿਚ ਕੀਕੂ ਲਿਖ ਸਕਦਾ ਹੈ ? ਸੋ ੮੧ ਯਾ ੯੧ ਵਿਚ ਮੁੱਕੀ ਪੋਥੀ ਵਿਚ ੯੬ ਦੀ ਘਟਨਾਂ, ਜੋ ਮਗਰੋਂ ਹੋਈ, ਨਹੀਂ ਆ ਸਕਦੀ। ਇਹ ਬੀ ਦਲੀਲ ਹਸਤਾਖੇਪਾਂ ਦੀ ਹੈ। ਸਾਨੂੰ ਖੋਜ ਕਰਦਿਆਂ ਇਹ ਬੀ ਪਤਾ ਲੱਗਾ ਹੈ ਕਿ ਸੱਚ ਮੁਚ ਸੌ ਸਾਖੀ ਜੋ ਪਹਿਲਾਂ ਸੀ ਉਸ ਨੂੰ ਤੋੜ ਭੰਨ ਕੇ ਨਵੀਂ ਸਾਜਨਾਂ ਸਾਜੀ ਗਈ ਸੀ। ਜਿਸ ਦਾ ਵੇਰਵਾ ਇਹ ਹੈ:—

ਸਰਹਿੰਦ ਦੇ ਫਤੇ ਗੜ੍ਹ ਸਾਹਿਬ ਦੇ ਗ੍ਰੰਥੀ ਸਿੰਘ, ਭਾਈ ਕਿਸ਼ਨ ਸਿੰਘ ਜੀ ਸੌ ਸਾਖੀ ਦੇ ਸੁਲਝਾਉ ਕਰਨ ਵਿਚ ਆਪਣੇ ਸਮੇਂ ਵਿਚ ਚੰਗੇ ਸਿਆਣੇ ਸਮਝੇ ਜਾਂਦੇ ਸਨ। ਸ਼ੋਕ ਹੈ ਕਿ ਆਪ ਕੁਝ ਮਹੀਨੇ ਹੋਏ ਕਿ ੮੫ ਕੁ ਬਰਸ ਦੀ ਉਮਰ ਵਿਚ ਚਲਾਣਾ ਕਰ ਗਏ। ਆਪ ਨੇ ਕੁਛ ਬਰਸ ਹੋਏ ਸੌ ਸਾਖੀ ਬਾਬਤ ਹਾਲ ਦੱਸਿਆ ਸੀ, ਜਿਸ ਨੂੰ ਸੁਣਨ ਵਾਲਿਆਂ ਵਿਚ ਪਟਿਆਲਾਂ ਹਾਈਕੋਰਟ ਦੇ ਇਕ ਜੱਜ* ਬੀ ਸਨ। ਆਪ ਨੇ ਦੱਸਿਆ ਸੀ ਕਿ ਮੈਂ ਸੌ ਸਾਖੀ ਦੇ ਅਰਥ ੧੯੩੪ ਬਿ: ਵਿਚ ਭਾਈ ਹਰਦਿਤ ਸਿੰਘ ਜੀ ਤੋਂ ਅਬਚਲਾ ਨਗਰ ਵਿਚ ਪੜ੍ਹੇ ਸਨ, ਜੋ ਉਸ ਵੇਲੇ ਖਾਸੇ ਬ੍ਰਿਧ ਸਨ। ਆਪ ਨੇ ਇਹ ਵੀ ਦੱਸਿਆ ਕਿ ਭਾਈ ਹਰਦਿਤ ਸਿੰਘ ਜੀ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਜਦੋਂ ਉਹ ਜਵਾਨ ਸਨ ਓਸ ਵੇਲੇ ਇਕ ਮੰਡਲੀ ਜੇਹੀ ਬਣੀ ਸੀ ਜਿਸ ਵਿਚ ਇਕ ਸੱਜਣ ਤਾਂ ਸਿਖ ਸਨ ਗੁਰਮੁਖ ਸਿੰਘ ਨਾਮ ਕਰਕੇ, ਇਕ ਨਿਹੰਗ ਬੀ ਸਨ ਅਲਬੇਲ ਸਿੰਘ ਨਾਮ ਸੀ, ਦੋ ਬ੍ਰਹਮਣ ਤੇ ਇਕ ਦੇਵਾ ਸਿੰਘ ਕਰਕੇ ਸੱਜਣ ਸੀ। ਬ੍ਰਹਮਣ ਇਕ ਵਡੇਰਾ ਇਕ ਛੁਟੇਰਾ ਸੀ। ਉਸ ਵੇਲੇ ਉਕਤ ਸਜਣਾਂ ਨੇ ਬਹੁਤ ਸਾਰੀਆਂ ਸਾਖੀਆਂ ਪਿਛਲੀ ਸੌ ਸਾਖੀ ਵਿਚੋਂ ਕੱਢੀਆਂ ਤੇ ਨਵੀਆਂ ਪਾਈਆਂ। ਵਡੇਰੇ ਪੰਡਤ ਜੀ ਨ ਬਹੁਤ ਕਛ ਬ੍ਰਾਹਮਣੀ ਮਤ ਦੀਆਂ ਗੱਲਾਂ ਪੁਆਈਆਂ ਸਨ। ਭਾਈ ਕਿਸ਼ਨ ਸਿੰਘ ਜੀ ਨੇ ਦੱਸਿਆ ਕਿ ਜੋ ਸੌ ਸਾਖੀ ਹੁਣ ਛਪੀ ਹੋਈ ਹੈ ਉਸਦਾ ਉਸ ਪੋਥੀ ਨਾਲੋਂ ਬੀ, ਜੋ ਉਪਰ ਲਿਖੇ ਆਖੇਪ ਦੇ ਮਗਰੋਂ ਬਣੀ ਸੀ ਤੇ ਜੋ ਉਨ੍ਹਾਂ ਨੇ ਭਾਈ ਹਰਦਿਤ ਸਿੰਘ ਤੋਂ ਪੜ੍ਹੀ ਸੀ, ਚੋਖਾ ਫਰਕ ਹੈ†।

---

*ਭਾਈ ਮਾਨ ਸਿੰਘ ਬੀ.ਏ.,ਐਲਐਲ.ਬੀ. ਜੋ ਹੁਣ ਗੁ: ਟ੍ਰਿਬੂਨਲ ਦੇ ਜੱਜ ਹਨ ਤੇ ਜੋ ਤਦੋਂ ਪਟਿਆਲਾ ਹਾਈਕੋਰਟ ਵਿਚ ਜੱਜ ਸਨ। ਆਪ ਭਾਈ ਕਿਸ਼ਨ ਸਿੰਘ ਤੋਂ ਸੌ ਸਾਖੀ ਪੜ੍ਹਿਆ ਕਰਦੇ ਸਨ।

†ਇਹ ਬਿਆਨ ਭਾਈ ਕਿਸ਼ਨ ਸਿੰਘ ਦਾ ਉਚਾਰਿਆ ਹੋਇਆ ਜੱਜ ਸਾਹਿਬ ਦਾ ਦਸਖਤੀ ਸਾਨੂੰ ਪ੍ਰਾਪਤ ਹੋ ਚੁਕਾ ਹੈ।ਇਸ ਤੇ ਤਾਰੀਖ ਦਿੱਤੀ ਹੈ ਬਿਕ੍ਰਮੀ ੧੦-੭-੧੯੮੮ ਤੇ ਈਸਵੀ ਹੈ੨੫-੧੮-੧੯੩੧।

ਇਸੀ ਤਰ੍ਹਾਂ ੧੧ਵੀਂ ਵਾਰ ਭਾਈ ਗੁਰਦਾਸ ਜੀ ਦਾ ਟੀਕਾ ਕ੍ਰਿਤ ਭਾਈ ਮਨੀ ਸਿੰਘ ਜੀ, ਜਿਸ ਵਿਚ ਸਿੰਘਾਂ ਦੇ ਪ੍ਰਸੰਗ ਹਨ, ਛੇ ਗੁਰੂ ਸਾਹਿਬਾਨ ਤਕ ਹੋਣੀ ਚਾਹੀਏ, ਕਿਉਂਕਿ ਭਾਈ ਗੁਰਦਾਸ ਜੀ ਨੇ ਛੇ ਸਤਿਗੁਰਾਂ ਦੇ ਨਾਮੀ ਸਿੱਖਾਂ ਦੇ ਨਾਮ ਦਿੱਤੇ ਹਨ। ਪਰ ਛਾਪੇ ਦੀ ਇਕ ਪੋਥੀ* ਵਿਚ ਇਸ ਦੇ ਅੰਤ ਪਰ ਦਸਾਂ ਪਾਤਸ਼ਾਹੀਆਂ ਦੀਆਂ ਕੁਛ ਸਾਖੀਆਂ ਹਨ ਤੇ ਦੇਵੀ ਦਾ ਪ੍ਰਸੰਗ ਬੀ ਹੈ। ਉਂਵ ਅੰਦਰਲੀ ਉਗਾਹੀ ਤੋਂ ਹੀ ਏਹ ਆਖੇਪਕ ਜਾਪਦੀਆਂ ਹਨ। ਪਰ ਤਦ ਬੀ ਅਸਾਂ ਨੇ ਪੁਰਾਤਨ ਨੁਸਖਿਆਂ ਦੀ ਟੋਲ ਕੀਤੀ। ਸੋ ਲਿਖਤੀ ਨੁਸਖਿਆਂ ਵਿਚ ਟੋਲਦਿਆਂ ਸਾਨੂੰ ੧੮੯੨ ਦੇ ਇਕ ਨੁਸਖੇ ਵਿਚ ਤਾਂ ਇਹੋ ਗਲ ਮਿਲੀ† ਜੋ ਛਾਪੇ ਦੇ ਨੁਸਖੇ ਵਿਚ ਸੀ, ਪਰ ਫੇਰ ਸਾਨੂੰ ਦੋ ਨੁਸਖੇ ਹੋਰ ਮਿਲੇ ਹਨ‡। ਇਕ ੧੮੬੪ ਬਿ: ਦਾ ਹੈ ਤੇ ਦੂਸਰਾ ੧੮੯੦ ਬਿ: ਦਾ ਲਿਖਿਤ ਹੈ। ਦੋਹਾਂ ਵਿਚ ਯਾਰਵੀਂ ਵਾਰ ਦੇ ਸਿੱਖਾਂ ਦੇ ਪ੍ਰਸੰਗ ਹਨ; ਵਾਧੂ ਸਾਖੀਆਂ ਤੇ ਦੇਵੀ ਪ੍ਰਸੰਗ, ਜੋ੧੮੯੨ ਦੇ ਨੁਸਖੇ ਵਿਚ ਹਨ ਇਨ੍ਹਾਂ ਵਿਚ ਨਹੀਂ ਹਨ। ਕੇਵਲ ਇਕ ਸਾਖੀ ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੀ ਤੇ ਸ੍ਰੀ ਰਾਮ ਰਾਇ ਜੀ ਦੀ ਪ੍ਰੀਖਿਆ ਦੀ ਆਈ ਹੈ ਜੋ ਇਕ ਪ੍ਰਸ਼ਨ ਦੇ ਉਤਰ ਵਿਚ ਹੈ। ਜਿਸ ਤੋਂ ਪਤਾ ਲੱਗਾ ਕਿ ਜੇ ਕੋਈ ਏਸ ਤੋਂ ਪੁਰਾਣਾ ਨੁਸਖਾ ਮਿਲੇ ਤਾਂ ਸ਼ਾਇਦ ਉਸ ਵਿਚ ਇਹ ਸਾਖੀ ਵੀ ਨਾ ਹੋਵੇ ਤੇ ਦੂਜਾ ਇਹ ਕਿ ਵਾਧੂ ਸਾਖੀਆਂ ਤੇ ਦੇਵੀ ਪ੍ਰਸੰਗ ੧੮੯੦ ਤੋਂ ਮਗਰੋਂ ਤੇ ੧੮੯੨ ਤੋਂ ਪਹਿਲੋਂ ਪਾਏ ਗਏ ਹਨ। ਹੁਣ ਜੇ ਕੋਈ ਛਾਪੇ ਦੀ ਯਾਰ੍ਹਵੀਂ ਵਾਰ ਦੀ ਟੀਕਾ ਨੂੰ ਯਾ ਲਿਖਤੀ ਪੋਥੀ ੧੮੯੨ ਦੀ ਯਾ ਮਗਰੋਂ ਦੀ ਨੂੰ ਦੇਖੇਗਾ ਤਾਂ ਟਪਲਾ ਖਾਏਗਾ ਕਿ ਸਾਰੀਆਂ ਸਾਖੀਆਂ ਯਾਰ੍ਹਵੀਂ ਵਾਰ ਦੇ ਟੀਕਾ ਕਾਰ ਦੀਆਂ ਹਨ ਜੋ ਗਲ ਕਿ ੧੮੯੦ ਤੇ ੧੮੬੪ ਦੇ ਨੁਸਖੇ ਨੇ ਗ਼ਲਤ ਸਾਬਤ ਕਰ ਦਿੱਤੀ। ਮਤਲਬ ਕੇਵਲ ਇਹ ਹੈ ਕਿ ਇਹ ਗੱਲ ਮੰਨਣੀ ਠੀਕ ਨਹੀਂ ਕਿ ਏਹ ਅੰਤਲੀਆਂ ੮ ਸਾਖੀਆਂ ਬੀ ਪਹਿਲੇ ਕਰਤਾ ਦੀਆਂ ਹਨ, ਓਹ ਮਗਰੋਂ ਕਿਸੇ ਨੇ ਪਾਈਆਂ ਹਨ। ਇਸੇ ਪੋਥੀ ਦੀ ਅੰਦਰਲੀ ਉਗਾਹੀ ਬੀ ਇਹੋ ਗਲ ਸਹੀ ਕਰਦੀ ਹੈ। ਛੇ ਗੁਰੂ ਸਾਹਿਬਾਂ ਦੇ ਪ੍ਰਸੰਗ ਖਤਮ ਹੋਣ ਤੇ ੧੩੯ ਸਾਖੀ ਦੇ ਅੰਤ ਤੇ ਲਿਖਿਆ ਹੈ 'ਟੀਕਾ ਵਾਰ ਯਾਰ੍ਹਵੀਂ ਦਾ ਪੂਰਾ ਹੋਇਆ।' ਫਰ ਆਖੇਪ ਹੋਈਆਂ ਦੇ ਮਗਰੋਂ ਬੀ ਲਿਖਿਆ ਹੈ:—'ਸਾਖੀਆਂ ਭਾਈ ਦੀ ਵਾਰ ਦੀਆਂ ਪੂਰੀਆਂ ਹੋਈਆਂ'। ਹੁਣ ਸੋਚੋ ਕਿ ਇਹ ਸਾਖੀਆਂ ਭਾਈ ਦੀ ਵਾਰ ਨਾਲ ਸੰਬੰਧ ਤਾਂ ਰਖਦੀਆਂ ਨਹੀਂ, ਇਨ੍ਹਾਂ ਨੂੰ ਕਿਵੇਂ ਕਿਹਾ ਜਾ ਸਕਦਾ ਹੈ ਕਿ 'ਭਾਈ ਦੀ ਵਾਰ ਦੀਆਂ ਸਾਖੀਆਂ ਪੂਰੀਆਂ ਹੋਈਆਂ'। ਹਾਲਾਂ ਕਿ ਪਹਿਲਾਂ ਲਿਖ ਆਏ ਹਨ ਕਿ ਟੀਕਾ ਵਾਰ ਯਾਰ੍ਹਵੀਂ ਦਾ ਪੂਰਾ ਹੋਇਆ। ਇਸ ਨਵੇਂ ਲੇਖਕ ਦਾ ਯਤਨ ਹੈ ਕਿ ਕਿਵੇਂ ਮੇਰੀ ਰਚਨਾ ਬੀ ਪਹਿਲੇ ਲੇਖਕ ਦੀ ਸਮਝੀ ਜਾਵੇ। ਭਾਈ ਮਨੀ ਸਿੰਘ ਜੀ ਕਦੇ ਇਹ ਭੁਲ ਨਹੀਂ ਸਨ ਕਰ ਸਕਦੇ ਕਿ ਜੋ ਨਾਮ ਭਾਈ ਗੁਰਦਾਸ ਦੀ ਵਾਰ ਵਿਚ ਨਹੀਂ ਉਨ੍ਹਾਂ ਦੀਆਂ ਸਾਖੀਆਂ ਦੇ ਕੇ ਉਨ੍ਹਾਂ ਨੂੰ ਭਾਈ ਦੀ ਵਾਰ ਦੀਆਂ ਸਾਖੀਆਂ ਕਹਿ ਦੇਣ। ਪਰ ਸਭ ਤੋਂ ਵਡਾ ਸਬੂਤ ਓਹ ਦੋ ਲਿਖਤੀ ਨੁਸਖੇ ਇਸ ਪੋਥੀ ਦੇ ਹਨ ਜੋ ੧੮੯੦ ਤੇ ੧੮੬੪ ਦੇ ਲਿਖੇ ਹੋਏ ਮਿਲੇ ਹਨ, ਜਿਨ੍ਹਾਂ ਵਿਚ ਕਿ ਇਹ ਸਾਖੀਆਂ ਨਹੀਂ ਸਨ।

---

*ਵਜ਼ੀਰ ਹਿੰਦ ਪ੍ਰੈਸ ਵਿਚ ਸੰ: ੧੯੭੨ ਵਿਚ ਛਪੇ ਨੁਸਖੇ ਵਿਚ ੧੧ਵੀਂ ਵਾਰ ਦੇ ਸਿੱਖਾਂ ਦੇ ਹੀ ਪ੍ਰਸੰਗ ਹੈਨ ਤੇ ਵਾਧੂ ਸਾਖੀਆਂ ਨਹੀਂ ਹਨ। †ਇਹ ਨੁਸਖਾ ਸਾਡੇ ਪਾਸ ਹੈ।

‡ਇਹ ਪੋਥੀਆਂ ਸਰਦਾਰ ਬਹਾਦਰ ਮੋਹਨ ਸਿੰਘ ਜੀ ਰਈਸ ਰਾਵਲਪਿੰਡੀ ਦੇ ਸੰਚੇ ਵਿਚ ਹਨ।

ਇਸੀ ਤਰ੍ਹਾਂ ਛੇਵੇਂ ਸਤਿਗੁਰਾਂ ਦਾ ਗੁਰਬਿਲਾਸ ਹੈ। ਅਸਲ ਗੁਰਬਿਲਾਸ ਨਾਨਕ ਸਰ ਹੈਸੀ, ਕਈਆਂ ਨੇ ਡਿੱਠਾ ਹੈ। ਛਾਪੇ ਵਲੋਂ ਤੋਂ ਓਹ ਅੱਡਰਾ ਹੈਸੀ,ਪਰ ਅਕਾਲੀ ਅੰਦੋਲਨ ਦੇ ਬਾਦ ਓਹ ਪੋਥੀ ਓਥੇ ਨਹੀਂ ਮਿਲਦੀ। ਇਸ ਤਰ੍ਹਾਂ ਯਾਰ੍ਹਵੀਂ ਵਾਰ ਦਾ ਜੋ ਟੀਕਾ ਅਜ ਕਲ ਮਿਲਦਾ ਹੈ ਉਹ ਪਿਛੇ ਟੋਲ ਕਰਦਿਆਂ ਅਸਾਂ ੧੯੬੪ ਤੱਕ ਦਾ ਲਿਖਤੀ ਡਿੱਠਾ ਹੈ ਪਰ ਜੋ ਅਸਲੀ ਟੀਕਾ ਹੈਸੀ ਤੇ ਨਾਨਕ ਸਰ ਵਿਚ ਹੈਸੀ, ਤੇ ਜਿਸਦੀ ਨਮੂਨਾ ਮਾਤ੍ਰ ਨਕਲ ਖਾਲਸਾ ਸਮਾਚਾਰ ਵਿਚ ਕਦੇ ਛਪੀ ਸੀ, ਉਹ ਨਾਂ ਓਥੇ ਮਿਲਦਾ ਹੈ ਨਾਂ ਟੋਲ ਵਿਚ ਅਜੇ ਕਿਤੇ ਲੱਭਾ ਹੈ। ਇਸ ਤਰ੍ਹਾਂ ਇਕ ਗੁਰ ਵਿਲਾਸ ਪਾ: ੧੦ ਬਾਬਤ ਅਜ ਕਲ ਖਾ: ਸਮਾਚਾਰ ਵਿਚ ਇਕ ਸੱਜਣ ਵਲੋਂ ਨੋਟ ਛਪ ਰਹੇ ਹਨ*। ਸੋ ਇਸੀ ਤਰ੍ਹਾਂ ਅਜੇ ਟੋਲ ਕੀਤੀ ਜਾਏ ਤਾਂ ਬਹੁਤ ਚੀਜ਼ਾਂ ਲੱਭ ਸਕਦੀਆਂ ਹਨ ਜਿਨ੍ਹਾਂ ਦੇ ਮਿਲਿਆਂ ਟਾਕਰੇ ਹੋ ਕੇ ਕਈ ਗਲਾਂ ਦਾ ਪਤਾ ਲਗੇਗਾ ਤੇ ਪਿਛੇਤ੍ਰੇ ਗ੍ਰੰਥਾਂ ਦੇ ਆਖੇਪ ਲੱਭ ਸਕਣਗੇ। ਗ੍ਰੰਥਾਂ ਦੀ ਟੋਲ ਜਾਰੀ ਰਹਿਣੀ ਚਾਹੀਏ।

ਇਸ ਲੰਮੇ ਲੇਖ ਤੋਂ ਤਾਤਪਰਜ ਕੇਵਲ ਇਹੀ ਹੈ ਕਿ ਹਰੇਕ ਇਤਿਹਾਸਿਕ ਗ੍ਰੰਥ ਅਪਣੇ ਆਪ ਵਿਚ ਅਚੁਕ ਨਹੀਂ ਹੈ ਤੇ ਸਾਡੇ ਪ੍ਰਮਾਣ ਲੈਣ ਤੋਂ ਇਹ ਨਾ ਸਮਝਿਆ ਜਾਵੇ ਕਿ ਅਸਾਂ ਹਰੇਕ ਨੂੰ ਅਚੁਕ ਮੰਨਿਆ ਹੈ। ਅਸਲ ਵਿਚ ਕਵੀ ਜੀ ਬੀ ਇਹੋ ਗਲ ਲਿਖਦੇ ਹਨ ਕਿ ਇਤਿਹਾਸ ਨੂੰ ਰਲ ਗਡ ਵੇਖਕੇ ਮੈਂ ਇਹ ਇਤਿਹਾਸ ਸਵਾ ਕਰਕੇ ਲਿਖ ਰਿਹਾ ਹਾਂ। ਉਨ੍ਹਾਂ ਨੇ ਅਪਣੀ ਸਮਝ ਤੇ ਸ਼ਕਤੀ ਮੂਜਬ ਐਸਾ ਹੀ ਕੀਤਾ ਹੈ, ਪਰ ਸ਼ੋਕ ਹੈ ਕਿ ਉਨ੍ਹਾਂ ਦੇ ਪਾਸ ਓਹ ਸਾਰੇ ਸਾਮਾਨ ਨਹੀਂ ਸਨ ਜੋ ਅੱਜ ਨਿਕਲ ਰਹੇ ਹਨ ਤੇ ਨਾਂ ਓਹ ਫਾਰਸੀ ਅੰਗ੍ਰੇਜ਼ੀ ਦੇ ਪੰਡਤ ਸੇ ਜੋ ਓਹ ਪੱਛਮੀ ਤ੍ਰੀਕੇ ਦੀ ਪੜਤਾਲ ਬੀ ਕਰ ਸਕਦੇ। ਸਾਡੇ 'ਅਚੁਕ ਨਾ ਮੰਨਣਾ' ਕਹਿਣ ਤੋਂ ਇਹ ਭਾਵ ਬੀ ਨਹੀਂ ਕਿ ਜੋ ਗ੍ਰੰਥ ਮਿਲਦੇ ਹਨ ਓਹ ਸਾਰੇ ਗ੍ਰੰਥ ਸਮੁੱਚੇ ਤੋਰ ਤੇ ਇਤਬਾਰ ਯੋਗ ਨਹੀਂ ਹਨ। ਇਤਬਾਰ ਯੋਗ ਹੈਨ, ਪਰ ਨਾਂ ਤਾਂ ਓਹ ਉਕਾਈਆਂ ਤੋਂ ਖਾਲੀ ਹੈਨ ਤੇ ਨਾਂ ਅਜੇ ਸਾਰੇ ਗ੍ਰੰਥ ਅਸੀਂ ਲੱਭ ਸਕੇ ਹਾਂ। ਅਕਸਰ ਉਕਾਈਆਂ ਸੁਭਾਵਕ ਹਨ ਤੇ ਅਕਸਰ ਅਨਿੱਛਿਤ ਬੀ ਪੈ ਜਾਯਾ ਕਰਦੀਆਂ ਹਨ, ਕਿਉਂਕਿ ਇਤਿਹਾਸਕਾਰ ਹੋ ਗਏ ਵਾਕਿਆਤ ਨੂੰ ਕਲਮ ਬੰਦ ਕਰਦਾ ਹੈ ਤੇ ਅਕਸਰ ਦੂਜਿਆਂ ਦੀ ਉਗਾਹੀ ਦੀ ਟੇਕ ਲੈਂਦਾ ਹੈ, ਇਸ ਵਿਚ ਉਕਾਈ ਦੀ ਸੰਭਾਵਨਾ ਕਿਤੇ ਨਾ ਕਿਤੇ ਰਹਿ ਹੀ ਜਾਂਦੀ ਹੈ। ਇਥੇ ਅਸੀਂ ਕੇਵਲ ਇਹ ਦੱਸਣਾਂ ਚਾਹੁੰਦੇ ਹਾਂ ਕਿ ਜਿੰਨੇ ਗ੍ਰੰਥਾਂ ਪੋਥੀਆਂ ਦੇ ਹਵਾਲੇ ਜਗਾ ਜਗਾ ਦਿੱਤੇ ਗਏ ਹਨ, ਸਿਵਾਏ ਭਾਈ ਗੁਰਦਾਸ, ਭਾਈ ਨੰਦ ਲਾਲ ਆਦਿਕਾਂ ਅਤੇ ਗੁਰੂ ਸਾਹਿਬਾਂ ਦੇ ਆਪਣੇ ਲਿਖਿਆਂ ਦੇ ਅਸਾਂ ਹੋਰ ਸਾਰਿਆਂ ਨੂੰ ਸਾਂਗੋ ਪਾਂਗ ਅਭੁੱਲ ਮੰਨ ਕੇ ਨਹੀਂ ਵਰਤਿਆ। ਉਨ੍ਹਾਂ ਦੀਆਂ ਖ਼ੂਬੀਆਂ ਤੇ ਵਾਕਿਆਤ ਦੀ ਸੱਤਜਤਾ ਅਸਾਂ ਨੇ ਲਈ ਹੈ ਤੇ ਉਕਾਈਆਂ ਤੋਂ ਬਚਣ ਦਾ ਯਤਨ ਕੀਤਾ ਹੈ ਤੇ ਪਰਸਪਰ ਮੁਕਾਬਲਿਆਂ ਤੋਂ ਸਚਿਆਈ ਖੋਜ ਲੈਣ ਦਾ ਉਪਰਾਲਾ ਕੀਤਾ ਹੈ। ਏਹ ਸਾਰੇ ਸਾਮਾਨ ਇਸ

*ਇਹ ਉਹੋ ਸ਼ੈ ਹੈ ਜਿਸਦੀ ਬਾਬਤ ਭਾਈ ਕਰਮ ਸਿੰਘ ਜੀ ਨੇ ਲਿਖਿਆ ਹੈ ਕਿ ਇਸ ਦੇ ਕਰਤਾ ਨੇ ਇਸ ਨੂੰ ਕ੍ਰਿਤ ਭਾਈ ਮਨੀ ਸਿੰਘ ਜੀ ਲਿਖ ਦਿੱਤਾ ਹੈ। ਇਹ ਲਿਖਤੀ ਸ਼ੈ ਹੈ, ਇਸੇ ਤਰ੍ਹਾਂ ਇਕ ਦਸਮੇ ਪਾਤਸ਼ਾਹ ਦਾ ਜੀਵਨ ਹੋਰ ਹੈ ਜਿਸ ਦਾ ਨਾਮ ਸਿੰਘ ਸਾਗਰ ਹੈ, ਇਸ ਦੇ ਕਰਤਾ ਦਾ ਨਾਂ ਭਾਈ ਵੀਰ ਸਿੰਘ ਬੱਲ ਹੈ,ਤੇ ਸੰਮਤ ੧੯੯੪ ਬਿ: ਇਸ ਦੇ ਲਿਖੇ ਜਾਣ ਦਾ ਹੈ। ਇਹ ਦੁਇ ਗ੍ਰੰਥ ਸਾਡੇ ਪਾਸ ਹਨ।

ਗ੍ਰੰਥ ਦੀਆਂ ਇਤਿਹਾਸਿਕ ਗਲਾਂ ਦੀ ਦਰੁਸਤੀ ਲੋਈ ਟੂਕਾਂ ਟਿਪਣੀਆਂ ਦੀ ਸ਼ਕਲ ਵਿਚ ਜਗਾ ਜਗਾ ਦਿੱਤੇ ਹਨ।

ਐਸਾ ਕਰਨ ਵਿਚ ਖੋਜ, ਮਿਹਨਤ, ਖਰਚ ਤੇ ਸਮਾਂ ਆਪਣੀ ਵਲੋਂ ਜਿੰਨਾ ਬਣ ਪਿਆ ਲਾਇਆ ਹੈ, ਫਿਰ ਬੀ ਕਿਹਾ ਨਹੀਂ ਜਾ ਸਕਦਾ ਕਿ ਸਾਰੇ ਟਿਕਾਣੇ ਖੋਜ ਕੇ ਲਾਏ ਜਾ ਚੁਕੇ ਹਨ, ਜਾਂ ਜੋ ਲਾਏ ਹਨ ਖ਼ਤਾ ਤੋਂ ਖ਼ਾਲੀ ਹਨ। ਅਭੁੱਲ ਨਾਮ ਕਰਤਾਰ ਦਾ ਹੈ। ਪੁਰਖ ਦਾ ਕੰਮ ਪੌਰਖ ਹੈ ਸੋ ਜੋ ਕੁਛ ਲਗਪਗ ਨੌ ਬਰਸ ਵਿਚ ਬਣ ਪਿਆ, ਹਾਜ਼ਰ ਹੈ। ਭੁੱਲ ਚੁੱਕ ਸੋਧਣੀ ਗੁਣੀਆਂ ਦੇ ਹੱਥ ਹੈ। ਜੋ ਸੱਜਣ ਆਪਣੇ ਖਿਆਲ ਮੂਜਬ ਕੋਈ ਰਹਿ ਗਈ ਉਕਾਈ ਦੱਸ ਘੱਲਣਗੇ ਉਨ੍ਹਾਂ ਦੇ ਅਸੀਂ ਧੰਨਵਾਦੀ ਹੋਵਾਂਗੇ ਤੇ ਉਨ੍ਹਾਂ ਦੀ ਲਿਖੀ ਗਲ ਉਤੇ ਅਗਲੀ ਵੇਰ ਦੀ ਛਪਾਈ ਵੇਲੇ ਪੂਰੀ ਗ਼ੌਰ ਕਰ ਲਈ ਜਾਏਗੀ।

ਸਾਵਣ ੧੯੯੧ ਬਿ:] ਸੰਪਾਦਿਕ

# ਦੂਸਰੀ ਵੇਰ ਦੀ ਛਪਾਈ ਦੀ ਭੂਮਿਕਾ

ਇਹ ਗ੍ਰੰਥ ੧੯੨੬ ਈ: ਦੇ ਆਰੰਭ ਵਿਚ ਆਰੰਭ ਹੋਯਾ ਤੇ ੧੯੩੪ ਦੇ ਸਤੰਬਰ ਵਿਚ ਤਯਾਰ ਹੋ ਕੇ ਤੇ ਛਪ ਕੇ ਪੂਰਾ ਹੋ ਗਿਆ ਸੀ। ਇਸ ਦੀ ਵਿਕਰੀ ਨਾਲੋ ਨਾਲ ਹਿੱਸਿਆਂ ਵਿਚ ਹੁੰਦੀ ਰਹਿਣ ਕਰ ਕੇ ਇਹ ੧੯੩੪ ਈ: ਦੇ ਅਖੀਰ ਲਗ ਪਗ ਮੁਕ ਚਲਿਆ ਸੀ ਕਿ ਜਦੋਂ ਇਸਨੂੰ ਦੂਜੀ ਵੇਰ ਛਾਪਣ ਦੀ ਲੋੜ ਭਾਸੀ। ਇਸ ਕਰ ਕੇ ਸਾਰੇ ਗ੍ਰੰਥ ਨੂੰ ਨਵੇਂ ਸਿਰੇ ਪੜ੍ਹਿਆ, ਵੀਚਾ-ਰਿਆ ਤੇ ਸੋਧਿਆ ਗਿਆ। ਇਸ ਸ਼੍ਰਮ ਨੇ ਇਕ ਬਰਸ ਤੋਂ ਵਧੀਕ (੧ ਦਸੰਬਰ ੧੯੩੪ ਤੋਂ ਜੂਨ ੧੯੩੬ ਤੱਕ) ਵਕਤ ਲਿਆ ਹੈ। ਮੂਲ ਨੇ ਤਾਂ ਉਹੋ ਹੀ ਰਹਿਣਾ ਸੀ ਤੇ ਪ੍ਯਾਯ ਬੀ ਉਹੋ ਹੀ ਹਨ ਪਰ ਜਿੱਥੇ ਕਿਤੇ ਕੋਈ ਵਿਸ਼ੇਸ਼ ਗੱਲ ਲੱਭੀ ਜਾਂ ਪਹਿਲੇ ਕਿਸੇ ਪ੍ਯਾਯ ਵਿਚ ਸੁਧਾਈ ਦੀ ਲੋੜ ਦਿੱਸ ਪਈ ਉਥੇ ਨਵੇਂ ਸੁਧਾਰ ਕਰ ਦਿੱਤੇ ਗਏ ਹਨ। ਫਿਰ ਉਧਾਰਾਂ ਵਿਚ ਬੀ ਨਵੀਆਂ ਲੱਭੀਆਂ ਗੱਲਾਂ ਪਾ ਦਿੱਤੀਆਂ ਗਈਆਂ ਹਨ। ਇਸੀ ਤਰ੍ਹਾਂ ਇਤਿਹਾਸਿਕ ਖੋਜ ਵਿਚ ਨਵੀਨ ਲੱਭੀਆਂ ਗਲਾਂ ਯਾ ਮਿਲੇ ਗ੍ਰੰਥਾਂ ਦੇ ਵੇਰਵੇ ਥਾਓਂ ਥਾਈਂ ਦੇ ਦਿੱਤੇ ਹਨ। ਜਿਵੇਂ ਦਸਮੇਸ਼ ਪਿਤਾ ਜੀ ਦੇ ਚੌਥੇ ਵਿਆਹ ਦਾ ਸ਼ੁਬਹ ਜੋ ਕਵੀ ਸੈਨਾਪਤ ਤੋਂ ਪੈਦਾ ਹੁੰਦਾ ਸੀ, ਹੁਣ ਵਿਸ਼ੇਸ਼ ਖੋਜ ਨਾਲ ਲੱਭੇ ਹਾਲਾਤ ਦੇ ਕੇ ਸਫਾ ਕਰ ਦਿੱਤਾ ਗਿਆ ਹੈ। ਇਸ ਦਾ ਟਿਕਾਣਾ ਪਹਿਲੀ ਵੇਰ ਦੀ ਭੂਮਿਕਾ ਵਿਚ ਸੀ, ਯੋਗ ਥਾਉਂ ਉਹੋ ਸਮਝ ਕੇ ਇਹ ਵਿਸ਼ਾ ਉਥੇ ਹੀ ਹੱਲ ਕੀਤਾ ਗਿਆ ਹੈ (ਦੇਖੋ ਪੰਨਾ ੧੬)। ਇਸੀ ਤਰ੍ਹਾਂ ਹੋਰ ਗਲਾਂ ਥਾਓਂ ਥਾਈਂ ਰੱਖ ਦਿੱਤੀਆਂ ਗਈਆਂ ਹਨ। ਹੇਮਕੁੰਟ ਦੀ ਖੋਜ

ਪਰ ਜੋ ਕੁਛ ਮਗਰੋਂ ਲੱਭਾ ਹੈ ਇਸੇ ਪ੍ਰਸ੍ਤਾਵਨਾਂ ਵਿਚ ਅਗੇ ਚਲਕੇ ਦੇ ਦਿੱਤਾ ਹੈ। ਦੋ ਨਕਸ਼ੇ ਬੀ ਹਮਕੌਟ ਦੇ ਪਤੇ ਥਹੁ ਦੇ ਸਮਝੇ ਪੈ ਜਾਣ ਵਾਸਤੇ ਓਸੇ ਟਿਕਾਣੇ ਦਰਜ ਕਰ ਦਿਤੇ ਗਏ ਹਨ। ਇਸੀ ਤਰ੍ਹਾਂ ਬੰਦਾ ਸਿੰਘ ਬਹਾਦਰ ਦੇ ਹੁਕਮ ਨਾਮੇ ਦਾ ਫੋਟੋ, ਪੰਨਾ ੬੩੪੮ ਤੇ ਦਿੱਤਾ ਗਿਆ ਹੈ।

ਇਤਨੇ ਪ੍ਰੀਸ਼੍ਰਮ ਦੇ ਬਾਦ ਬੀ ਇਹ ਕਹਿ ਸਕਨਾ ਕਿ ਕਾਰਜ ਹੁਣ ਭੁੱਲਾਂ ਤੋਂ ਬਿਨਾਂ ਹੈ, ਕਠਨ ਹੈ। ਇਸ ਲਈ ਗੁਣੀ ਜਨ ਅਪਣੇ ਵੀਚਾਰ, ਜੋ ਉਨ੍ਹਾਂ ਨੂੰ ਫੁਰਨ, ਲਿਖ ਘੱਲਣੋਂ ਸੰਕੋਚ ਨਾ ਕਰਨ ਤਾਂ ਜੋ ਅਗਲੀ ਵੇਰ ਉਨ੍ਹਾਂ ਤੇ ਗਹੁ ਤੇ ਵੀਚਾਰ ਕੀਤੀ ਜਾ ਸਕੇ।

[ਜ਼ਰੂਰੀ ਬਿਨਯ।]

੧. ਸ੍ਰੀ ਗੁਰ ਨਾਨਕ ਪ੍ਰਕਾਸ਼ ਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੋਵੇਂ ਅੱਡ ਅੱਡ ਪੁਸਤਕਾਂ ਦੀ ਹੈਸੀਅਤ ਵਿਚ ਤਿਆਰ ਹੋਕੇ ਪ੍ਰਕਾਸ਼ਦੇ ਰਹੇ ਹਨ। ਕਰਤਾ ਜੀ ਦੇ ਰਚਣ ਵੇਲੇ ਬੀ ਦੋਹਾਂ ਦੇ ਰਚੇ ਜਾਣ ਦੇ ਸਮੇਂ ਵਿਚ ਬਾਰਾਂ ਚੌਦਾਂ ਵਰ੍ਹੇ ਦੀ ਵਿੱਥ ਹੈ, ਪਰ ਦੋਹਾਂ ਵਿਚ ਦਸੋ ਗੁਰੂ ਸਾਹਿਬਾਂ ਦਾ ਜੀਵਨ ਬ੍ਰਿਤਾਂਤ ਹੈ, ਇਸ ਕਰਕੇ ਇਹ ਅਸਲ ਵਿਚ ਇਕ ਗ੍ਰੰਥ ਹੈ। ਤਾਂਤੇ ਇਸ ਸਿਲਸਿਲੇ ਵਿਚ ਦੋਏ ਗ੍ਰੰਥ ਕੱਠੇ ਕੀਤੇ ਗਏ ਹਨ ਜੋ ਇਕੋ ਕਰਤਾ ਦੀਆਂ ਦੋ ਚੀਜ਼ਾਂ ਇਕ ਸ਼੍ਰੇਣੀ ਵਿਚ ਹੋ ਜਾਣ। ਇਸ ਸ਼੍ਰੇਣੀ ਦਾ ਨਾਮ 'ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ' ਰਖਿਆ ਗਿਆ ਹੈ। ਇਨ੍ਹਾਂ ਦੋਹਾਂ ਦੇ ਇਕੱਠੇ ਕਰਨ ਦਾ ਕੁਛ ਇਸ਼ਾਰਾ ਪੁਸਤਕ ਵਿਚ ਬੀ ਮੌਜੂਦ ਹੈ, ਦੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਜਾਯ ੧ ਦੇ ਅੰਕ ੮੮ ਤੋਂ ਮਗਰੋਂ ਸਮਾਪਤੀ ਦੀ ਤੁਕ ਦੀ ਟੂਕ ਨਿਸ਼ਾਨ—* ਵਾਲੀ।

੨. ਇਸ ਗ੍ਰੰਥਾਵਲੀ ਦੇ ਆਰੰਭ ਕਰਨ ਤੋਂ ਪਹਿਲਾਂ ਲਗ ਪਗ ੨੫੦ ਸਫੇ ਦੀ ਇਕ ਪ੍ਰਸ੍ਤਾਵਨਾ ਦਿੱਤੀ ਗਈ ਹੈ। ਇਸ ਪ੍ਰਸ੍ਤਾਵਨਾ ਦੇ ਦੇਣ ਦਾ ਤਾਤਪਰਜ ਇਹ ਹੈ ਕਿ ਪਾਠਕ ਜਨਾਂ ਨੂੰ ਇਸ ਗ੍ਰੰਥ ਅਤੇ ਗ੍ਰੰਥ ਕਰਤਾ ਸੰਬੰਧੀ ਉਹ ਵਾਕਫੀਅਤ ਮਿਲ ਜਾਵੇ ਜੋ ਇਸ ਗ੍ਰੰਥ ਵਿਚ ਨਹੀਂ ਹੈ। ਇਸ ਤੋਂ ਛੁਟ ਹੋਰ ਵਾਕਫੀ ਜੋ ਗ੍ਰੰਥ ਵਿਚ ਥਾਓਂ ਥਾਈਂ ਖਿੱਲਰੀ ਪਈ ਹੈ ਉਹ ਚੁਣ ਕੇ ਅੱਡੋ ਅੱਡ ਸਿਰਨਾਵਿਆਂ ਹੇਠ ਦਿੱਤੀ ਗਈ ਹੈ, ਕਿਉਂਕਿ ਹਰ ਪਾਠਕ ਨੂੰ ਚੁਣ ਚੁਣ ਕੇ ਤੇ ਕ੍ਰਮ ਦੇ ਦੇਕੇ ਅੱਡ ਅੱਡ ਸਿਰਨਾਵਿਆਂ ਹੇਠ ਕਰਕੇ ਵੀਚਾਰ ਕਰਨ ਦੀ ਵਿਹਲ ਘਟ ਹੁੰਦੀ ਹੈ ਤੇ ਐਸੀ ਵਾਕਫੀ ਬਿਨਾਂ ਪਾਠਕ ਗ੍ਰੰਥ ਤੇ ਗ੍ਰੰਥ ਕਰਤਾ ਦੀ ਪੂਰੀ ਕੂਤ ਕੀਮਤ ਨਹੀਂ ਪਾ ਸਕਦਾ। ਇਸ ਪ੍ਰਸ੍ਤਾਵਨਾ ਵਿਚ ਇਕ ਭੂਮਿਕਾ ਬੀ ਹੈ, ਜਿਸ ਵਿਚ ਇਸ ਗ੍ਰੰਥ ਸੰਬੰਧੀ ਮੁਹਰਲੀ ਵਾਕਫੀ ਦਿੱਤੀ ਗਈ ਹੈ। ਫਿਰ ਮੁਖ ਬੰਧ ਵਿਚ ਆਮ ਇਤਿਹਾਸ ਪਰ ਵੀਚਾਰ ਕਰਕੇ 'ਸਿਖ ਧਰਮ ਵਿਚ ਇਤਿਹਾਸ ਦਾ ਦਰਜਾ ਕੀਹ ਹੈ' ਇਹ ਗੱਲ ਨਿਰੂਪਣ ਕੀਤੀ ਗਈ ਹੈ। ਇਸ ਗ੍ਰੰਥ ਦਾ ਇਤਿਹਾਸ ਵਿਚ ਟਿਕਾਣਾ ਦੱਸਿਆ ਗਿਆ ਹੈ ਤੇ ਇਸ ਦੇ ਲਾਭ ਦੀ ਵੀਚਾਰ ਦਿੱਤੀ ਗਈ ਹੈ। ਫਿਰ ਕਵੀ ਜੀ ਦੀ ਜੀਵਨੀ ਹੈ ਤੇ ਉਨ੍ਹਾਂ ਦੀ ਕਵਿਤਾ ਤੇ ਰੌਸ਼ਨੀ ਪਾਈ ਗਈ ਹੈ। ਨਾਲ ਹੀ ਉਨ੍ਹਾਂ ਗ੍ਰੰਥਾਂ ਦੇ ਥਹੁ ਲਾਏ ਗਏ ਹਨ ਜਿਨ੍ਹਾਂ ਤੋਂ ਇਹ ਗ੍ਰੰਥ ਰਚਿਆ ਗਿਆ ਤੇ ਹੋਰ ਵਾਕਫੀ ਜੋ ਇਸ ਕਿਸਮ ਦੀ ਖੋਜੀ ਜਾ ਸਕੀ ਹੈ ਪਾ ਦਿੱਤੀ

ਗਈ ਹੈ। ਇਸ ਪ੍ਰਸ੍ਤਾਵਨਾਂ ਨੂੰ ਪੜ੍ਹਕੇ ਪਾਠਕ ਜਨਾਂ ਨੂੰ ਗ੍ਰੰਥ ਦੇ ਸਮਝਣ ਵਿਚ ਬਹੁਤ ਸਹਾਇਤਾ ਮਿਲੇਗੀ।

੩. ਇਸ ਪੁਸਤਕ ਵਿਚ ਜੋ ਗਲਾਂ ਇਤਰਾਜ਼ ਜੋਗ ਜਾਪਦੀਆਂ ਹਨ, ਉਨ੍ਹਾਂ ਪਰ ਇਕ ਖੁੱਲ੍ਹੀ ਵੀਚਾਰ ਤਾਂ ਇਸ ਪ੍ਰਸ੍ਤਾਵਨਾ ਵਿਚ ਕੀਤੀ ਗਈ ਹੈ, ਪਰ ਫਿਰ ਬੀ ਗ੍ਰੰਥਾਵਲੀ ਦੇ ਵਿਚ ਜੋ ਬਾਤਾਂ ਅਸ਼ੰਕਾ ਯਾ ਇਤਰਾਜ਼ ਗੋਚਰੀਆਂ ਜਾਪਦੀਆਂ ਹਨ ਉਨ੍ਹਾਂ ਦੇ ਉੱਧਾਰ, ਸਮਾਧਾਨ, ਪੜਤਾਲ, ਖੋਜ ਆਦਿ ਲਿਖਣ ਦਾ ਨਾਲੋ ਨਾਲ ਜਤਨ ਕੀਤਾ ਗਿਆ ਹੈ, ਪਾਠਕਾਂ ਨੂੰ ਵੀਚਾਰ ਨਾਲ ਪੜ੍ਹਦਿਆਂ ਪਤਾ ਲਗਦਾ ਜਾਏਗਾ।

੪. ਸ਼੍ਰੀ ਗੁਰ ਨਾਨਕ ਪ੍ਰਕਾਸ਼ ਦੀ ਪਹਿਲੀ ਪੋਥੀ ਦਾ ਪਹਿਲਾ ਅਧ੍ਯਾਯ ਮੰਗਲਾਂ ਦਾ ਹੈ। ਮੰਗਲ ਅਤੀ ਕਠਨ ਸ਼ੈ ਹਨ, ਇਸ ਕਰਕੇ ਇਸ ਦੀ ਮੁਰਾਦ ਨੂੰ ਪਦਾਰਥਾਂ, ਅਰਥਾਂ ਤੇ ਭਾਵਾਂ ਨਾਲ ਪੂਰੀ ਤਰ੍ਹਾਂ ਖੋਲ੍ਹਣ ਦਾ ਜਤਨ ਕੀਤਾ ਗਿਆ ਹੈ ਅਰ ਅਗਲੇ ਅਧ੍ਯਾਵਾਂ ਦੇ ਪ੍ਰਯਾਯ ਬਹੁਤੇ ਤੇ ਵਾਰ ਵਾਰ ਲਾਏ ਹਨ ਅਤੇ ਮੁਸ਼ਕਲ ਘੁੰਡੀਆਂ ਦੇ ਅਰਥ ਸੰਖੇਪ ਤ੍ਰੀਕੇ ਨਾਲ ਖੋਲ੍ਹੇ ਹਨ। ਪ੍ਰਯੋਜਨ ਇਹ ਹੈ ਕਿ ਗੁ: ਨਾ: ਪ੍ਰ: ਦੀ ਪਹਿਲੀ ਪੋਥੀ ਦਾ ਜੋ ਕੋਈ ਸੱਜਣ ਮੁਤਾਲਯਾ (ਘੋਖਕੇ ਪੜ੍ਹਨਾ) ਕਰ ਲਵੇ ਤਾਂ ਉਸ ਨੂੰ ਸਾਰਾ ਗ੍ਰੰਥ ਸਮਝ ਲੈਣਾ ਆਸਾਨ ਹੋ ਜਾਏ।

ਸ੍ਰੀ ਅੰਮ੍ਰਿਤਸਰ
ਜੂਨ ੧੯੩੬ ਈ: ਸੰਪਾਦਿਕ

# ਭੂਮਿਕਾ ਤੀਜੀ ਵਾਰ ਦੀ

ਜਿਵੇਂ ਕਿ ਪਹਿਲੀਆਂ ਐਡੀਸ਼ਨਾਂ ਦੀਆਂ ਭੂਮਿਕਾਂ ਵਿਚ ਦੱਸਿਆ ਗਿਆ ਹੈ ਇਹ ਗ੍ਰੰਥ ੧੯੨੬ ਈ: ਦੇ ਆਰੰਭ ਵਿਚ ਸ਼ੁਰੂ ਕੀਤਾ ਗਿਆ ਸੀ ਤੇ ਨਾਲੋ ਨਾਲ ਛਪਾਈ ਹੁੰਦੀ ਰਹਿਣ ਕਰਕੇ ਨੌ ਸਾਲ ਬਾਦ ੧੯੩੪ ਈ ਵਿਚ ਮੁਕੰਮਲ ਹੋ ਗਿਆ ਤੇ ਛਪ ਗਿਆ ਸੀ। ਤਦ ਤਕ ਉਸ ਐਡੀਸ਼ਨ ਨੂੰ ਗਾਹਕਾਂ ਨੇ ਅਪਣਾ ਲਿਆ ਸੀ ਤੇ ਅਗੋਂ ਹੋਰ ਮਾਂਗ ਜਾਰੀ ਸੀ ਸੋ ਉਸੇ ਵੇਲੇ ਦੂਸਰੀ ਐਡੀਸ਼ਨ ਨਾਲ ਹੀ ਸ਼ੁਰੂ ਕਰ ਦਿਤੀ ਗਈ, ਜਿਸ ਦੀ ਛਪਾਈ ੧੯੩੬ ਈ: ਵਿਚ ਸਮਾਪਤ ਹੋਈ।

੧੯੪੭ ਦੀ ਗੜਬੜ ਤੋਂ ਪਹਿਲੋਂ ਇਹ ਦੂਜੀ ਐਡੀਸ਼ਨ ਬੀ ਖਤਮ ਹੋ ਚੁਕੀ ਸੀ ਤੇ ਹੋਰ ਛਾਪਣ ਦੀ ਇਛਾ ਹੋ ਰਹੀ ਸੀ ਪਰ ਹਿੰਦ ਦੇ ਵਿਚ ਤੇ ਖਾਸ ਕਰ ਪੰਜਾਬ ਵਿਚ ਅਸ਼ਾਂਤਿ ਹਾਲਾਤ ਨੇ ਇਹ ਇਛਾ ਸਫਲ ਨਾਂ ਹੋਣ ਦਿਤੀ, ਹੁਣ ਜਦ ਕੁਝ ਹਾਲਾਤ ਥਾਹੁ ਸਿਰ ਆਏ ਹਨ ਤੇ ਕਾਗਜ਼ ਦੀ ਕੁਝ ਸਹੂਲਤ ਹੋ ਗਈ ਹੈ ਤਾਂ ਤੀਜੀ ਐਡੀਸ਼ਨ ਦਾ ਸ਼ੁਭਾਰੰਭ ਕਰ ਦਿਤਾ ਗਿਆਹੈ।

ਪਹਿਲੀ ਤੇ ਦੂਜੀ ਐਡੀਸ਼ਨ ਦੀ ਛਪਾਈ ਵੇਲੇ ਇਸ ਗ੍ਰੰਥ ਪਰ ਚੋਖੀ ਮਿਹਨਤ ਹੋਈ ਹੋਈ ਹੈਸੀ ਤੇ ਲਗਾਤਾਰ ਕਈ ਸਾਲ ਇਸੇ ਇਕੋ ਨਿਸ਼ਾਨੇ ਤੇ ਖਰਚ ਹੋਏ ਸਨ, ਇਸ ਲਈ ਹੁਣ ਦੀ ਛਪਾਈ ਸਮੇਂ ਵਿਸ਼ੇਸ਼ ਤੇ ਖਾਸ ਵਾਧੇ ਘਾਟੇ ਦੀ ਲੋੜ ਨਹੀਂ ਸਮਝੀ ਗਈ; ਪਰ ਤਦ ਬੀ ਪ੍ਰੈਸ ਦੀ ਪ੍ਰੂਫਾਂ ਦੀ ਪੜ੍ਹਤ ਵਿਚ ਪਿਛੇ ਰਹਿ ਗਈਆਂ ਉਕਾਈਆਂ ਨੂੰ ਦੂਰ ਕਰਨ ਦਾ ਹਰ ਯਤਨ ਕੀਤਾ ਗਿਆ ਹੈ ਅਤੇ ਪ੍ਰਯਾਵਾਂ ਆਦਿ ਵਿਚ ਬੀ ਲੋੜੀਂਦੀ ਸੁਧਾਈ ਯਾ ਸਪਸ਼ਟਤਾ ਕਿਤੇ ਕਿਤੇ, ਜੋ ਅਵੱਸ਼ਜ ਜਾਪੀ ਹੈ, ਕੀਤੀ ਗਈ ਹੈ। ਪ੍ਰਸਤਾਵਨਾਂ ਵਿਚ ਕਿਤੇ ਕਿਤੇ ਕੁਝ ਸਮਾਚਾਰ, ਜੋ ਲੋੜੀਂਦੇ ਭਾਸੇ, ਵਧਾਏ ਗਏ ਹਨ।

ਗ੍ਰੰਥ ਵਿਚ ਦਿਤੀਆਂ ਗਈਆਂ ਟੂਕਾਂ ਨੂੰ ਓਸੇ ਤਰ੍ਹਾਂ ਰਹਿਣ ਦਿਤਾ ਗਿਆ ਹੈ ਤੇ ਵਾਧੇ ਘਾਟੇ ਨਹੀਂ ਕੀਤੇ ਗਏ; ਭਾਵੇਂ ਪੰਜਾਬ ਦੀ ਵੰਡ ਹੋਣ ਦੇ ਕਾਰਨ ਇਤਿਹਾਸ ਨਾਲ ਸੰਬੰਧ ਰਖਦੇ ਜੋ ਅਨੇਕਾਂ ਗੁਰਦੁਆਰੇ ਪਾਕਸਤਾਨ ਵਿਚ ਰਹਿ ਗਏ ਹਨ, ਉਹਨਾਂ ਦੇ ਹੁਣ ਦੇ ਸਮਾਚਾਰ ਵਧਾਉਣੇ ਲੋੜੀਂਦੇ ਸਨ, ਪਰ ਇਸ ਵੇਲੇ ਔਖੇ ਹਨ; ਕਿਉਂਕਿ ਪਤਾ ਨਹੀਂ ਕਿ ਪਾਕਸਤਾਨ ਸਰਕਾਰ ਨੇ ਉਹਨਾਂ ਗੁਰਧਾਮਾਂ ਨੂੰ ਕਿਸ ਸੂਰਤ ਵਿਚ ਕੈਮ ਰਖਿਆ ਹੈ।

੧੯੪੭ ਦੀ ਗੜਬੜ ਵਿਚ ਖਾਲਸਾ ਸਮਾਚਾਰ ਦਾ ਦਫਤਰ ਅਗਨੀ ਦੀ ਭੇਟ ਹੋ ਜਾਣ ਕਰਕੇ ਤਸਵੀਰਾਂ ਦੇ ਬਲਾਕ ਸਾਰੇ ਸੜ ਗਏ ਸਨ, ਸੋ ਓਹ ਹੁਣ ਨਵੇਂ ਬਣਾਏ ਗਏ ਤੇ ਇਸ ਗ੍ਰੰਥ ਵਿਚ ਥਾਓਂ ਥਾਂ ਦਿਤੇ ਜਾ ਰਹੇ ਹਨ।

ਆਪਣੇ ਵਲੋਂ ਵਾਹ ਲਗਦੀ ਸੁਧਾਈ ਦਾ ਪੂਰਾ ਯਤਨ ਕੀਤਾ ਗਿਆ ਹੈ ਪਰ ਫਿਰ ਬੀ ਇਤਨੇ ਭਾਰੇ ਕਾਰਜ ਵਿਚ ਭੁੱਲਾਂ ਦਾ ਰਹਿ ਜਾਣਾ ਅਸੰਭਵ ਨਹੀਂ। ਇਸ ਲਈ ਪਾਠਕਾਂ ਨੂੰ ਚਾਹੀਏ ਕਿ ਜਿਥੇ ਉਕਾਈ ਵੇਖਣ ਦਫਤਰ ਨੂੰ ਲਿਖਕੇ ਧੰਨਵਾਦੀ ਬਨਾਉਣ ਤਾਕਿ ਅਗਲੀ ਵਾਰ ਲਈ ਉਸ ਦੀ ਯਥਾ ਉਚਿਤ ਸੋਧ ਕੀਤੀ ਜਾ ਸਕੇ।

ਅਸੀਂ ਇਕ ਗਲ ਪਾਠਕਾਂ ਪ੍ਰਤੀ ਖੁਸ਼ੀ ਨਾਲ ਦੱਸਣੀ ਚਾਹੁੰਦੇ ਹਾਂ, ਉਹ ਇਹ ਹੈ ਕਿ ਪਹਿਲੀ ਐਡੀਸ਼ਨ ਦੀ ਪ੍ਰਸਤਾਵਨਾ ਵਿਚ 'ਕਵੀ ਜੀ ਦੀ ਯਾਦਗਾਰ ਤੇ ਸਿਖਾਂ ਦੀ ਅਨਗਹਿਲੀ' ਸਿਰਲੇਖ ਹੇਠ ਅਸਾਂ ਇਕ ਅਪੀਲ ਛਾਪੀ ਸੀ ਜਿਸ ਵਿਚ ਸ੍ਰੀ ਮਾਨਜਵਰ ਕਵੀ ਸੰਤੋਖ ਸਿੰਘ ਜੀ ਦੀ ਕੋਈ ਯਾਦਗਾਰ ਨਾ ਕਾਇਮ ਹੋਣ ਤੇ ਸ਼ੋਕ ਪ੍ਰਗਟ ਕੀਤਾ ਸੀ। ਸਾਡੀ ਉਸ ਅਪੀਲ ਨੇ ਇਕ ਸਜਣ* ਜੀ ਦਾ ਦਿਲ ਪ੍ਰੇਰ ਲਿਆ ਹੈ ਤੇ ਉਹਨਾਂ ਨੇ ਕਵੀ ਜੀ ਦੇ ਜਨਮ ਸਥਾਨ (ਜੋ ਅਸਾਂ ਦਸਿਆ ਸੀ ਕਿ ਪਿੰਡ ਨੂਰਦੀ ਸਰਾਂ ਵਿਚ ਹੈ) ਦਾ ਟਿਕਾਣਾ ਪ੍ਰਾਪਤ ਕਰਕੇ ਓਥੇ ਉਨ੍ਹਾਂ ਦੀ ਯਾਦਗਾਰ ਉਸਾਰਨੀ ਸ਼ੁਰੂ ਕਰ ਦਿਤੀ ਹੈ।

ਮਾਰਚ ੧੯੫੪] ਸੰਪਾਦਿਕ

*ਉਨ੍ਹਾਂ ਦਾ ਨਾਮ ਨਾਮੀ ਗਿਆਨੀ ਖ਼ਜ਼ਾਨ ਸਿੰਘ ਜੀ ਹੈ।

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ੨. ਮੁਖਬੰਧ।

ਇਸ ਤੋਂ ਪਹਿਲਾਂ ਕਿ ਇਸ 'ਮਹਾਨ ਕਾਵਜ' ਅਰ 'ਵਿਸ਼ਾਲ ਇਤਿਹਾਸ' ਪਰ ਮੁਖਬੰਧ ਦੀ ਸ਼ਕਲ ਵਿਚ ਕੁਛ ਲਿਖਿਆ ਜਾਵੇ, ਸਿੱਖ ਧਰਮ ਦਾ ਇਕ ਅਸੂਲ ਨਿਰੂਪਣ ਕਰਨਾ ਜ਼ਰੂਰੀ ਹੈ। ਸਿਖ ਇਤਿਹਾਸ ਨੂੰ, ਭਾਵੇਂ ਉਹ ਕਿਸੇ ਵੀ ਪਹਿਲੂ ਤੋਂ ਲਿਖਿਆ ਹੋਇਆ ਹੋਵੇ, ਪੜ੍ਹਨ ਤੋਂ ਪਹਿਲਾਂ ਇਸ ਅਸੂਲ ਨੂੰ ਸਪਸ਼ਟ ਕਰਕੇ ਸਮਝ ਲੈਣਾ ਅਵੱਸ਼ਜ ਹੈ। ਅਸੂਲ ਇਹ ਹੈ:-

## ਸਿੱਖ ਈਮਾਨ ਨਿਰਾ ਇਤਿਹਾਸ ਆਸ਼੍ਰਿਤ ਨਹੀਂ।

ਸਿਖ ਈਮਾਨ ਦੀ ਨੀਂਹ ਦੈਵੀ ਗਿਆਨ ਉਤੇ ਹੈ। ਗੋਬਿੰਦ ਰੂਪ ਦਸਾਂ ਗੁਰੂ ਸਾਹਿਬਾਨ ਨੂੰ ਵਾਹਿਗੁਰੂ ਦੇ ਨਿਰੰਤਰ ਮੇਲ ਵਿਚ ਜੋ ਗਿਆਨ ਸੁਤੇ ਪ੍ਰਾਪਤ ਸੀ, ਉਹ ਆਪਣੀ ਨਿਰਮਲਤਾ ਵਿਚ ਉਨ੍ਹਾਂ ਦੇ ਹ੍ਰਿਦੇ ਤੋਂ ਬਾਣੀ ਤੇ ਹੁਕਮਾਂ ਦਾ ਰੂਪ ਲੈਕੇ ਪ੍ਰਗਟ ਹੋਇਆ, ਇਸ ਪਰ ਸਿੱਖੀ ਈਮਾਨ ਦੀ ਨੀਂਹ ਹੈ। ਉਨ੍ਹਾਂ ਪਰਾਵਰਾਂ ਦੇ ਨਾਥ, ਮਹਾਨ ਪੁਰਖੋਤਮਾਂ ਦਾ ਕੋਈ ਨਿਰਾ ਇਤਿਹਾ-ਸਿਕ ਵਾਕਿਆ ਸਿੱਖੀ ਈਮਾਨ ਦੀ ਟੇਕ ਨਹੀਂ ਹੈ। ਸਿੱਖਾਂ ਦਾ ਨਿਹਚਾ ਹੈ ਕਿ ਦਸੋ ਗੁਰੂ ਸਾਹਿਬ ਗੁਰ ਅਵਤਾਰ ਸੇ; ਪਰਮ ਸ੍ਵੱਛ, ਪਰਮ ਨਿਰਮਲ ਹਿਰਦੇ ਵਾਲੇ ਸੇ। ਉਨ੍ਹਾਂ ਨੂੰ ਜੋ ਅਨੁਭਵ ਧੁਰੋਂ ਹੋਇਆ ਉਨ੍ਹਾਂ ਨੇ ਪਰਮ ਸ੍ਵੱਛਤਾ ਵਿਚ ਪ੍ਰਕਾਸ਼ ਕੀਤਾ। ਉਹ ਗਿਆਨ ਬਾਣੀ ਤੇ ਹੁਕਮਾਂ ਦੇ ਰੂਪ ਵਿਚ ਪ੍ਰਕਾਸ਼ਤਿ ਹੋਇਆ ਤੇ ਸਿੱਖੀ ਦਾ ਧ੍ਰੂਵਾ ਬੱਝਿਆ। ਉਨ੍ਹਾਂ ਦੇ ਜੀਵਨ ਵਾਕਿਆਤ ਹੋਏ ਤੇ ਉਸ ਧ੍ਰੂਵੇ ਨੂੰ ਰੌਸ਼ਨ ਕਰ ਗਏ, ਪਰ ਨਿਰਾ ਕੋਈ ਇਕ ਵਾਕਿਆ ਯਾ ਕੁਛ ਵਾਕਯਾਤ ਆਪਣੇ ਆਪ ਵਿਚ ਸਿੱਖੀ ਈਮਾਨ ਦੀ ਨੀਂਹ ਨਹੀਂ ਹਨ। ਅਰਥਾਤ ਸਿੱਖੀ ਈਮਾਨ ਕਿਸੇ ਇਕ ਯਾ ਵਧੀਕ ਇਤਿਹਾਸਿਕ ਵਾਕਿਆ ਯਾ ਵਾਕਯਾਤ ਉੱਤੇ ਇਸ ਤਰ੍ਹਾਂ ਨਿਰਭਰ ਨਹੀਂ ਕਿ ਜੇ ਓਹ ਇਕ ਯਾ ਇਕ ਤੋਂ ਵਧੀਕ ਇਤਿਹਾਸਕ ਵਾਕਿਆ ਯਾ ਵਾਕਯਾਤ ਕਿਸੇ ਤਰ੍ਹਾਂ ਅਣਹੋਏ ਯਾ ਸ਼ੱਕੀ ਸਾਬਤ ਹੋ ਜਾਣ ਤਾਂ ਨਿਰਾ ਇਸ ਗਲ ਨਾਲ ਸਿਖ ਈਮਾਨ ਹੀ ਗਲਤ ਹੋ ਜਾਏ। ਆਪਣੇ ਉਪਰਲੇ ਤਾਤਪਰਜ ਨੂੰ ਇਕ ਦ੍ਰਿਸ਼ਟਾਂਤ ਨਾਲ ਖੁਹਲਦੇ ਹਾਂ। ਇਸ ਮਤਲਬ ਲਈ ਲਓ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤ ਸਮਾਉਣਾ। ਜਦੋਂ ਆਪ ਇਸ ਲੋਕ ਤੋਂ ਸੱਚਖੰਡ ਪਧਾਰਨ ਲੱਗੇ ਤਾਂ ਚਾਦਰਾ ਤਾਣਕੇ ਲੇਟ ਗਏ। ਹਿੰਦੂ ਤੇ ਮੁਸਲਮਾਨ ਮੁਰੀਦਾਂ ਵਿਚ ਖਿਆਲ ਛਿੜ ਪਿਆ ਕਿ ਪਵਿੱਤ੍ਰ ਸਰੀਰ ਨੂੰ ਧਰਤੀ ਦੀ ਸਪੁਰਦੀ ਵਿਚ ਦੇਈਏ ਕਿ ਅਗਨੀ ਦੀ ? ਪਰ ਜਦੋਂ ਚਾਦਰਾ ਚਾਇਆ ਗਿਆ ਤਾਂ ਆਪ ਦੀ ਪਾਵਨ ਦੇਹਿ ਲੋਪ ਸੀ ਤੇ ਫੁਲ ਲਹਿ ਲਹਿ ਕਰ ਰਹੇ

ਸਨ*। ਜੇ ਹੁਣ ਏਹ ਗਲ ਠੀਕ ਇਸੇਤਰ੍ਹਾਂ ਹੋਈ ਤਾਂ ਸਿੱਖੀ ਈਮਾਨ ਅਡੋਲ ਖੜਾ ਹੈ; ਜੇ ਕੋਈ ਆਖੇ ਕਿ ਮੈਂ ਇਸ ਗਲ ਨੂੰ ਨਹੀਂ ਮੰਨਦਾ ਤਾਂ ਬੀ ਸਿੱਖੀ ਈਮਾਨ ਅਛੋਭ ਹੈ, ਉਸ ਵਿਚ ਕੋਈ ਫਰਕ ਨਹੀਂ ਪੈਂਦਾ। ਕਿਉਂਕਿ ਪਵਿੱਤ੍ਰ ਦੇਹ ਦੇ ਨਿਰੇ ਲੋਪ ਅਲੋਪ ਹੋਣ ਵਾਲੇ ਵਾਕਿਆ ਪਰ ਸਿੱਖੀ ਈਮਾਨ ਦੀ ਟੇਕ ਨਹੀਂ ਹੈ। ਟੇਕ ਸਤਿਗੁਰਾਂ ਦੇ ਬਖਸ਼ੇ ਉਨ੍ਹਾਂ ਦੇ ਅਨੁਭਵੀ ਗਿਆਨ ਤੇ ਹੈ, ਜੋ ਉਨ੍ਹਾਂ ਤੇ ਸਾਈਂ ਵਲੋਂ ਪ੍ਰਗਟਿਆ ਤੇ ਬਾਣੀ† ਤੇ ਹੁਕਮਾਂ‡ ਦਾ ਰੂਪ ਲੈਕੇ ਜਗਤ ਪਰ ਪ੍ਰਕਾਸ਼ਿਆ।

ਇਸ ਦਾ ਇਹ ਅਰਥ ਨਹੀਂ ਕਿ ਸਿਖ ਧਰਮ 'ਇਤਿਹਾਸ ਸ਼ੂਨ' ਹੈ। ਐਸਾ ਕਹਿਣਾ ਇਸ ਕਹਿਣ ਦੇ ਤੁੱਲ ਹੋਏਗਾ ਕਿ ਸਿੱਖ ਮਜ਼ਹਬ ਕਦੇ 'ਕਾਲ' ਅਰਥਾਤ ਸਮੇਂ ਦੇ ਚਾਦਰੇ ਤੇ ਵਿਸਤ੍ਰਿਤ ਹੀ ਨਹੀਂ ਹੋਇਆ। ਕਿਉਂਕਿ ਵਾਕਜਾਤ ਦਾ ਹੋਣਾ ਤੇ ਉਨ੍ਹਾਂ ਦੀ ਯਾਦਦਾਸ਼ਤ ਜ਼ੁਬਾਨੀ ਚਾਹੇ ਲਿਖੀ ਹੋਈ ਹੀ ਤਾਂ ਇਤਿਹਾਸ ਹੈ ਤੇ ਵਾਕਜਾਤ ਦਾ ਇਕ ਦੂਜੇ ਦੇ ਬਾਦ ਹੋਣਾ ਹੀ ਤਾਂ 'ਕਾਲ' ਦਾ ਲਖਾਯਕ ਹੈ। ਅਰਥਾਤ ਹੋਣੀਆਂ ਯਾ ਵਾਕਜਾਤ ਦੀ ਤਰਤੀਬ ਇਕ ਦੂਸਰੇ ਦੇ ਬਾਦ ਹੋਣ ਦੀ, ਦਾ ਨਾਮ ਕਾਲ ਹੈ। ਸੋ 'ਇਤਿਹਾਸ ਸ਼ੂਨ' ਕਹਿਣਾ ਵਾਕਜਾਤ ਦੀ ਅਣਹੋਂਦ ਦੱਸਣੀ ਹੈ, ਤੇ ਵਾਕਜਾਤ ਦੀ ਅਣਹੋਂਦ ਦੇ ਅਰਥ ਹਨ ਕਿ ਕਾਲ ਦੇ ਚਾਦਰੇ ਤੇ ਉਹ ਕਦੇ ਮੂਰਤੀਮਾਨ ਹੀ ਨਹੀਂ ਹੋਇਆ। ਨਾਂ ਹੀ ਪਿਛਲੇ ਕਥਨ ਦਾ ਇਹ ਆਸ਼ਯ ਹੈ ਕਿ ਸਿੱਖ ਧਰਮ ਵਿਚ ਇਤਿਹਾਸ ਦਾ ਕੋਈ ਥਾਂ ਹੀ ਨਹੀਂ ਹੈ। ਇਤਿਹਾਸ ਦੀ ਥਾਂ ਹੈ ਅਰ ਸਨਮਾਨ ਯੋਗ ਥਾਂ ਹੈ। ਅਤੇ ਸਿਖ ਧਰਮ ਦਾ ਆਪਣਾ ਇਤਿਹਾਸ ਹੈ ਤੇ ਉਸਦਾ ਨੇੜੇ ਦਾ ਸੰਬੰਧ ਧਰਮ ਨਾਲ ਹੈ। ਗਲ ਕੇਵਲ ਏਤਨੀ ਹੈ ਕਿ ਸਿੱਖ ਈਮਾਨ ਨਿਰਾ ਇਤਿਹਾਸ ਮੂਲਕ ਯਾ ਕੇਵਲ ਇਤਿਹਾਸ ਆਸ਼੍ਰਿਤ ਈਮਾਨ ਨਹੀਂ ਹੈ।

---

*ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ ਸ੍ਰੀ ਸਤਿਗੁਰੂ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਹਿੰਦੂ ਤੇ ਮੁਸਲਮਾਨ ਮੁਰੀਦਾਂ ਵਿਚ ਸਰੀਰ ਦੇ ਅੰਤਮ ਸੰਸਕਾਰ ਬਾਬਤ ਸੰਮਤੀ ਭੇਦ ਤੱਕ ਕੇ ਗੁਰੂ ਜੀ ਨੇ ਦੁਹਾਂ ਨੂੰ ਫੂਲ ਲਿਆਉਣ ਲਈ ਕਿਹਾ ਤੇ ਆਗਯਾ ਕੀਤੀ ਕਿ ਖੱਬੇ ਮੁਸਲਮਾਨ ਤੇ ਮੇਰੇ ਸਜੇ ਪਾਸੇ ਹਿੰਦੂ ਫੂਲ ਰਖ ਦੇਣ, ਜਿਸ ਦੇ ਹਰੇ ਰਹਿ ਜਾਣ ਉਸ ਦਾ ਸੰਸਕਾਰ ਕਰ ਦੇਣਾ। ਆਪ ਫੇਰ ਚਾਦਰਾ ਤਾਣਕੇ ਅੰਤਰ ਧਿਆਨ ਹੋ ਗਏ, ਜਾਂ ਚਾਦਰ ਚਾਈ ਗਈ ਤਾਂ ਆਪ ਦੀ ਪਾਵਨ ਦੇਹੀ ਲੋਪ ਸੀ ਤੇ ਫੂਲ ਦੁਹਿ ਧਿਰਾਂ ਦੇ ਹਰੇ ਸਨ।

ਉਮਦਾਤੱਤ੍ਵਾਰੀਖ (ਫਾਰਸੀ) ਵਿਚ ਲਿਖਯਾ ਹੈ ਕਿ ਆਪ ਦੇ ਪ੍ਰਲੋਕ ਗਮਨ ਪਰ ਹਿੰਦੂ ਤੇ ਮੁਸਲਮਾਨ ਇਕੱਠੇ ਹੋ ਗਏ। ਅੰਤਮ ਸੰਸਕਾਰ ਪਰ ਦੋ ਤਰ੍ਹਾਂ ਦੀਆਂ ਰਾਵਾਂ ਹੋ ਗਈਆਂ, ਮਿੱਠਾ ਇਕ ਫਕੀਰ ਸੀ ਜੋ ਗੁਰੂ ਜੀ ਨੂੰ ਮਿਲਕੇ ਤਰਿਆ ਸੀ। ਇਹ ਕਛ ਕੋਹਾਂ ਤੇ ਰਹਿੰਦਾ ਸੀ, ਇਸ ਵੇਲੇ ਇਹ ਆ ਗਿਆ ਤੇ ਆਖਣ ਲੱਗਾ ਕਿ ਤੁਸੀਂ ਚਾਰਪਾਈ ਤੋਂ ਚਾਦਰਾ ਤਾਂ ਉਠਾ ਕੇ ਤੱਕੋ। ਜਾਂ ਚਾਦਰਾ ਉਠਾਇਆ ਤਾਂ ਓਥੇ ਫੂਲ ਹੀ ਫੂਲ ਲਹਿ ਲਹਿ ਕਰ ਰਹੇ ਸਨ। ਲੋਕ ਉਸ ਪਵਿੱਤ੍ਰ ਯ਼ਾਤ ਦੇ ਇਸ ਕਸ਼ਫ ਤੇ ਕਰਾਮਾਤ ਪਰ ਹੈਰਾਨ ਹੋਦੇ ਤੇ ਇਹ ਗੱਲ ਸਾਰੀ ਦੁਨੀਆਂ ਵਿਚ ਫੈਲ ਗਈ। ਭਾਵ ਇਹ ਕਿ ਗੁਰੂ ਜੀ ਸਣਦੇਹ ਚਲੇ ਗਏ ਸੇ। [ਸਫਾ ੧੭

†'ਧੁਰ ਕੀ ਬਾਣੀ ਆਈ' (ਸੋਰ: ਮ: ੫) ਪੁਨਾ:—'ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰ ਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ।' [ਗਉ: ਵਾ: ਮ: ੪]

ਪੁਨਾ:—ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥ [ਸੂਹੀ ਮ: ੪।।

‡ਗੁਰ ਸਿੱਖੀ ਦਾ ਕਰਮ ਏਹ ਗੁਰ ਫੁਰਮਾਏ ਗੁਰ ਸਿਖ ਕਰਣਾ ॥ [ਭਾ: ਗੁ: ਵਾ: ੨੮-੧੦

ਸੌਖਾ ਕਰਕੇ ਸਮਝਣੇ ਲਈ ਇਕ ਦ੍ਰਿਸ਼ਟਾਂਤ ਦੇਂਦੇ ਹਾਂ। ਜਗਤ ਦੇ ਇਕ ਪ੍ਰਸਿੱਧ ਮਜ਼ਹਬ ਦੇ ਇਕ ਆਚਾਰਯ ਜੀ ਨੇ ਆਪਣੇ ਇਕ ਖ਼ਤ ਵਿਚ, ਜੋ ਹੁਣ ਉਸ ਧਰਮ ਦੀ ਧਰਮ ਪੁਸਤਕ ਦਾ ਭਾਗ ਹੈ, ਲਿਖਿਆ ਹੈ ਕਿ ਸਾਡਾ ਬਾਨੀ ਜੇ ਕਦੇ ਮਰ ਕੇ ਜੀ ਨਹੀਂ ਉਠਿਆ ਤਾਂ ਸਾਡਾ ਈਮਾਨ ਹੀ ਵਜਰਥ ਹੈ*। ਗੋਯਾ ਜੇ ਮਰਨ ਤੇ ਮਰਕੇ ਜੀ ਉਠਣ ਦਾ ਇਤਿਹਾਸ਼ਿਕ ਵਾਕਿਆ ਗ਼ਲਤ ਸਾਬਤ ਹੋ ਜਾਏ ਤਾਂ ਉੱਮਤ ਦਾ ਈਮਾਨ ਬੀ ਗ਼ਲਤ ਸਾਬਤ ਹੋ ਗਿਆ। ਸਾਰੇ ਧਰਮ ਦੀ ਨੀਂਹ ਏਸ ਇਕ ਵਾਕਜ਼ਾ ਉਤੇ ਹੈ। ਐਉਂ ਸਿੱਖ ਧਰਮ ਨਹੀਂ ਹੈ। ਜੇ ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾਉਣ ਪਿਛੋਂ ਦੇਹ ਸਣੇ ਚਲੇ ਗਏ ਹਨ ਤਾਂ ਬੀ ਤੇ ਜੇ ਕੋਈ ਇਸ ਗਲ ਨੂੰ ਨਾ ਮੰਨੇ ਤਾਂ ਬੀ ਸਿੱਖ ਧਰਮ ਆਪਣੀ ਉਸ ਨੀਂਹ ਉਤੇ ਖੜਾ ਹੈ ਜੋ ਦਸਾਂ ਸਤਿਗੁਰਾਂ ਦਾ ਈਸ਼੍ਵਰੀਯ ਗਿਆਨ ਹੈ ਤੇ ਜੋ ਗੁਰੂ ਸਾਹਿਬਾਨ ਨੇ ਆਪਣੀ 'ਬਾਣੀ' ਤੇ 'ਹੁਕਮਾਂ' ਦਵਾਰਾ ਜਗਤ ਨੂੰ ਦਿੱਤਾ। ਸਤਿਗੁਰਾਂ ਦੀ ਬਾਣੀ, ਉਹਨਾਂ ਦੇ ਹੁਕਮ, ਉਹਨਾਂ ਦੀ ਆਗਿਆ, ਸਾਡੇ ਧਰਮ ਦੀ ਨੀਂਹ ਹੈ ਤੇ ਇਤਿਹਾਸ ਉਸ ਦਾ ਸਹਾਈ ਹੈ।

ਉਪਰ ਦੱਸੀ ਗਲ ਇਕ ਸਿੱਧੀ ਸਾਦੀ ਸਚਿਆਈ ਸਿਖ ਈਮਾਨ ਤੇ ਇਤਿਹਾਸ ਬਾਬਤ ਹੈ, ਪਰ ਜੇ ਆਮ ਇਤਿਹਾਸ ਦੇ ਫੈਲਾਉ ਵਿਚ ਚੁਫੇਰਵੀਂ ਨਜ਼ਰ ਮਾਰੀ ਜਾਏ ਤਾਂ ਫਿਰ ਇਸ ਨੂੰ ਇਸ ਪ੍ਰਕਾਰ ਬੀ ਵਰਣਨ ਕਰ ਸਕੀਦਾ ਹੈ:—

ਇਤਿਹਾਸ ਵਿਚ, ਚਾਹੋ ਓਹ ਕਿਵੇਂ ਦਾ ਲਿਖਿਆ ਹੋਇਆ ਹੋਵੇ, (ਇਸ ਦੇ ਵਿਸਥਾਰ ਅੱਗੇ ਚੱਲਕੇ ਕਰਾਂਗੇ) ਤ੍ਰੈ ਭਾਵ ਜ਼ਰੂਰ ਹੁੰਦੇ ਹਨ। ਏਹ ਤੈ ਭਾਵ ਜੇ ਸਫੁਟ ਨਾ ਬੀ ਕੀਤੇ ਹੋਏ ਹੋਣ ਤਾਂ ਬੀ ਇਤਿਹਾਸਿਕ ਪ੍ਰਵਾਹ ਵਿਚ ਗੁੱਝੇ ਗੁੱਝੇ ਚਲਦੇ ਹਨ:—

੧. ਸਾਹਿਤਜਕ ਭਾਵ, ੨. ਬ੍ਰਿਤਾਂਤਿਕ ਭਾਵ, ੩. ਅਧਜਾਤਮਿਕ ਭਾਵ।

ਇਨ੍ਹਾਂ ਵਿਚੋਂ ਪਹਿਲਾ ਭਾਵ 'ਸਾਹਿਤਜਕ' ਹੈ। ਅਰਥਾਤ ਉਹ ਰਚਨਾ ਯਾ ਪਦ-ਗੋਂਦ (ਯਾ ਸ਼ਬਦ ਅਡੰਬਰ) ਕਿ ਜਿਸ ਵਿਚ ਇਤਿਹਾਸ ਪ੍ਰਗਟ ਕਰੀਦਾ ਹੈ। ਇਹ ਹਿੱਸਾ ਸਾਰੇ ਇਤਿਹਾਸ ਵਿਚ, ਚਾਹੋ ਕੋਈ ਕਿਸੇ ਤਰ੍ਹਾਂ ਲਿਖੇ, ਵਜਾਪਕ ਰੂਪ ਵਿਚ ਵਿਦਮਾਨ ਹੁੰਦਾ ਹੈ ਤੇ ਇਸ ਨੂੰ ਚਾਹੋ ਕਿਤਨਾ ਘਟਾਓ ਪਰ ਅਸਲੋਂ ਲੋਪ ਨਹੀਂ ਕਰ ਸਕੀਦਾ। ਕਈ ਇਕ ਰਸਿਕ ਪਾਰਖੂਆਂ ਨੇ ਕੇਵਲ ਇਸੇ (ਸਾਹਿਤਜਕ) ਨੁਕਤੇ ਤੋਂ ਇਤਿਹਾਸ ਤੇ ਨਿਗਾਹ ਮਾਰੀ ਹੈ ਤੇ ਏਸ ਦੇ ਇਸ ਰਸ ਸਰੂਪ ਨੂੰ ਐਸਾ ਪ੍ਰਸ਼ੰਸ਼ਨੀਯ ਮੰਨਿਆਂ ਹੈ ਕਿ ਇਸੇ ਨੂੰ ਉਨ੍ਹਾਂ ਨੇ ਮੁਖ ਥਾਉਂ

*ਦੇਖੋ ਇੰਜੀਲ, ਨਵਾਂ ਅਹਿਦਨਾਮਾ, ੧ ਕੁਰਿੰਤੀਆਂ ਦਾ ਬਾਬ ੧੫, ਆਯਤ ੧੪, ੧੭ ਤੇ ੧੮:—

14. And if Christ be not risen, then is our preaching vain, and your faith is also vain.

17. And if Christ be not raised, your faith is vain, ye are yet in your sins.

18. Then they also which are fallen asleep in Christ are perished.

ਇਸ ਦਾ ਤਰਜਮਾ:—ਔਰ ਅਗਰ ਮਸੀਹ ਨਹੀਂ ਜੀ ਉਠਾ ਤੋ ਹਮਾਰੀ ਮੁਨਾਦੀ ਭੀ ਬੇਫਾਇਦਾ ਹੈ ਔਰ ਤੁਮਾਰਾ ਈਮਾਨ ਭੀ ਬੇਫਾਇਦਾ ਹੈ ॥੧੪॥ ਔਰ ਅਗਰ ਮਸੀਹ ਨਹੀਂ ਜੀ ਉਠਾ ਤੋ ਤੁਮਾਰਾ ਈਮਾਨ ਬੇਫਾਇਦਾ ਹੈ ਤੁਮ ਅਬ ਤਕ ਅਪਨੇ ਗੁਨਾਹੋਂ ਮੇਂ ਗ੍ਰਿਫਤਾਰ ਹੋ ॥੧੭॥ ਬਲਕੇ ਜੋ ਮਸੀਹ ਮੇਂ ਸੋ ਗਏ ਹੈਂ ਵੋਹ ਭੀ ਹਲਾਕ ਹੂਏ ॥੧੮॥

ਦਿੱਤਾ ਹੈ ਤੇ ਵਾਕਜਾਤ ਦੇ ਨਿਰੂਪਣ ਨੂੰ ਗਉਣ ਬਣਾ ਦਿੱਤਾ ਹੈ। ਜੈਸੇ ਕਿ ਇੰਗਲਿਸਤਾਨ ਦੇ ਪ੍ਰਸਿੱਧ ਕਵੀ 'ਸ਼ੈਲੇ*' ਨੇ ਆਖਿਆ ਹੈ:-

"ਕਵਿਤਾ ਵਿਚ, ਇਤਿਹਾਸ ਵਿਚ, ਮਨੁੱਖਾਂ ਦੀਆਂ ਜੀਵਨੀਆਂ ਵਿਚ, ਵਜਾਜ ਨਿੰਦਾ ਯਾ ਉਪਹਾਸ ਵਾਲੀ ਕਵਿਤਾ ਵਿਚ ਅਤੇ ਉਸਤਤੀ ਵਾਲੀ ਕਵਿਤਾ ਵਿਚ ਸਾਨੂੰ ਵਾਕਜਾਤ ਦੇ ਜਾਣਨ ਦੀ ਯਾਚਨਾ ਨਹੀਂ ਹੁੰਦੀ। ਵਾਕਜਾਤ ਤਾਂ ਕੇਵਲ ਓਹ ਖ਼ਾਨੇ ਹਨ ਯਾ ਆਪ ਬਣਾਏ ਨੁਕਤੇ ਹਨ ਜੋ ਮਨ ਦੇ ਕੋਮਲ ਅਤੇ ਅਛੋਹ ਰੰਗਾਂ ਦੇ ਆਸਰਾ ਰੂਪ ਹਨ ਤੇ ਉਨ੍ਹਾਂ ਦੀ ਮੁਸ਼ੱਖਸਤ ਕਰਨ ਦੀ ਸਮਰੱਥਾ ਉਸ ਹਦ ਤਕ ਹੈ ਜਿਸ ਹਦ ਤਕ ਕਿ ਉਹ ਸਾਹਿਤਜਕ ਆਨੰਦ ਦੇ ਸ਼ਕਦੇ ਹਨ†।"

ਆਮ ਸਾਹਿਤਜ ਵਿਚ ਵੀ ਗ੍ਰੰਥਾਂ ਦੀ ਰਚਨਾਂ ਦੋ ਪ੍ਰਕਾਰਾਂ ਵਿਚ ਹੁੰਦੀ ਮੰਨੀ ਗਈ ਹੈ। ਪਹਿਲੀ 'ਸ਼ਬਦਾਡੰਬਰ ਦੀ ਪ੍ਰਵਿਰਤੀ' ਦੇ ਵੇਸ਼ ਵਿਚ ਹੁੰਦੀ ਹੈ ਤੇ ਦੂਸਰੀ 'ਮੀਤਾਕਸ਼ਰ' ਵੇਸ਼ ਵਿਚ। ਸ਼ਬਦਾਡੰਬਰ ਦਾ ਭਾਵ ਹੈ ਸੁਹਣੀ ਤੇ ਖੁੱਲ੍ਹੀ ਵਾਕ ਰਚਨਾ; ਤੇ ਮੀਤਾਕਸ਼ਰ ਦਾ ਭਾਵ ਹੈ ਮਿਤ ਦੇ ਅੱਖਰ, ਅਰਥਾਤ ਗਿਣਵੇਂ ਮਿਣਵੇਂ ਤੇ ਤੋਲਵੇਂ ਅੱਖਰਾਂ ਵਿਚ ਗਲ ਨੂੰ ਪ੍ਰਗਟ ਕਰਨਾ।

ਜਦੋਂ ਇਤਿਹਾਸ ਇਸ 'ਸ਼ਬਦਾਡੰਬਰ' ਦਾ ਰੂਪ ਦੇਕੇ ਲਿਖਿਆ ਜਾਂਦਾ ਹੈ ਤਾਂ ਇਤਿਹਾਸ ਇਕ ਅਲੰਕ੍ਰਿਤ ਰੂਪ ਵਿਚ ਲਿਸ਼ਕ ਪੈਂਦਾ ਹੈ। ਇਤਿਹਾਸ ਦੇ ਕਈ ਇਕ ਘਾਟੇ ਇਸ ਉਪਰਲੀ ਦਮਕ ਦੇ ਹੇਠਾਂ ਲਿਭ ਜਾਂਦੇ ਹਨ। ਇਸ ਤਰ੍ਹਾਂ ਦੇ ਲਿਖੇ ਇਤਿਹਾਸ ਨੂੰ ਪੜ੍ਹਨ ਵਾਲਿਆਂ ਦਾ ਬੀਰ ਰਸ, ਕਰੁਣਾ ਰਸ ਤੇ ਭਗਤੀ ਭਾਵ ਦੇ ਸੁਹਲ ਰਸਾਂ ਵਿਚ ਸੌਖਾ ਪ੍ਰਵੇਸ਼ ਹੋ ਜਾਂਦਾ ਹੈ। ਇਹਨਾਂ ਰਸਾਂ ਦੇ ਭਾਵ ਪਾਠਕਾਂ ਦੇ ਹਿਰਦਿਆਂ ਉਤੇ ਆਪਣੇ ਪ੍ਰਭਾਵਾਂ ਨੂੰ ਸੁਹਣੀ ਤਰ੍ਹਾਂ ਟਿਕਾ ਦੇਂਦੇ ਹਨ।

'ਮੀਤਾਕਸ਼ਰ' ਵੇਸ਼ ਵਾਲੇ ਗ੍ਰੰਥਾਂ ਦਾ ਪ੍ਰਯੋਜਨ ਇਹ ਹੁੰਦਾ ਹੈ ਕਿ ਉਹਨਾਂ ਵਿਚ ਆਪਣੇ ਭਾਵ ਨੂੰ ਦੱਸਣ ਲਈ ਮੇਣਤੀ ਗੇਣਤੀ ਦੇ ਅੱਖਰ ਵਰਤੇ ਜਾਣ। ਇਸ ਤਰ੍ਹਾਂ ਦੀ ਰਚਨਾਂ ਵਿਚ ਸਾਹਿਤਜ ਦੇ ਅਲੰਕਾਰਾਂ ਯਾ ਹੋਰ ਵਾਧਿਆਂ ਦੇ ਕਰਨ ਦੀ ਗੁੰਜਾਇਸ਼ ਨਹੀਂ ਹੁੰਦੀ। ਮਿਸਾਲ ਲਈ ਹਿੰਦੂ ਧਰਮ ਸ਼ਾਸਤ੍ਰ ਹਨ। ਇਹਨਾਂ ਦੀ ਰਚਨਾਂ ਮੀਤਾਕਸ਼ਰੀ ਵੇਸ਼ ਵਿਚ ਹੋਈ ਹੈ। ਇਥੋਂ ਤਕ ਏਹ ਗਲ ਗਈ ਹੈ ਕਿ 'ਯਾਗਵਲਕ ਸਿਮ੍ਰਿਤੀ ਦੇ ਭਾਸ਼' ਦਾ ਨਾਮ ਹੀ 'ਮੀਤਾਕਸ਼ਰਾ' ਹੋ ਗਿਆ ਹੈ। ਕਾਨੂੰਨ ਵਿਚ ਇਹ ਪੁਸਤਕ ਹਿੰਦੂ ਲਾ (ਹਿੰਦੂਆਂ ਦੇ ਕਾਨੂੰਨ) ਦੀ ਇਕ ਪ੍ਰਮਾਣੀਕ ਸ਼ੈ ਸਮਝੀ ਜਾਂਦੀ ਹੈ।

ਇਸ ਮੀਤਾਕਸ਼ਰ ਵੇਸ਼ ਵਿਚ ਇਤਿਹਾਸ ਨੂੰ ਵੀ ਲਿਖਣ ਦੀ ਕੋਸ਼ਿਸ਼ ਹੋਈ ਹੈ, ਪਰ ਇਉਂ ਕਰਨ ਨਾਲ ਇਹ ਨਿਰੱਸਿਕ ਹੋ ਗਈ, ਇਸ ਕਰਕੇ ਇਸ ਦਾ ਪ੍ਰਯੋਗ ਅਥਵਾ ਪ੍ਰਚਾਰ

*ਇਹ ਕਵੀ ੧੭੯੨-੧੮੨੨ ਈ: ਵਿਚ ਹੋਇਆ ਹੈ।

†ਅੰਗ੍ਰੇਜ਼ੀ ਇਬਾਰਤ ਸ਼ੈਲੇ ਦੀ ਐਉਂ ਹੈ:-

"Facts are not what we want to know in poetry, in history, in the lives of individual men, in satire or panegyric. They are the mere divisions, the arbitrary points on which we hang, and to which we refer those delicate and evanescent hues of mind, which language delights and instructs us in precise proportion as it expresses"

[Shelly's letter quoted at P. 31 Dowden's Studies in Literature 1789—1877

ਨਹੀਂ ਹੋ ਸਕਿਆ। ਚਾਹੇ ਪੱਛਮੀਂ ਦੇਸ਼ਾਂ ਵਿਚ ਇਤਿਹਾਸ ਇਸ ਢੰਗ ਤੇ ਗਿਆ ਸੀ ਪਰ ਉਹ ਮੀਤਾਕਸ਼ਰ ਵੇਸ ਨਹੀਂ ਲੈ ਸਕਿਆ। ਸ਼ਬਦਾਡੰਬਰ ਚਾਹੇ ਉਨ੍ਹਾਂ ਲੋਕਾਂ ਨੇ ਕੁਛ ਘਟਾਇਆ ਹੋਵੇ ਪਰ ਤਦ ਵੀ ਉਹ ਸਾਹਿਤਜਕ ਵੇਸ਼ ਵਿਚ ਹੀ ਹੈ ਤੇ ਉਸਨੂੰ ਮੀਤਾਕਸ਼ਰ ਨਹੀਂ ਆਖ ਸਕਦੇ।

ਉਪਰ ਅਸਾਂ ਇਤਿਹਾਸ ਵਿਚ ਤ੍ਰੈ ਰੌ ਦੱਸੇ ਹਨ, ਜੋ ਗੁੱਝੇ ਯਾ ਪ੍ਰਤੱਖ ਭਾਵ ਵਿਚ ਚਲ ਰਹੇ ਹਨ, ਉਨ੍ਹਾਂ ਵਿਚੋਂ 'ਸਾਹਿਤਜਕ ਰੌ' ਦਾ ਕੁਝ ਹਾਲ ਕਹਿ ਆਏ ਹਾਂ। ਦੂਸਰਾ ਰੌ 'ਬ੍ਰਿਤਾਂਤਿਕ' ਹੈ,ਅਰਥਾਤ ਵਾਕਜਾਤ ਆਦਿ ਦਾ ਵਰਣਨ। ਇਹ ਰੌ 'ਲੌਕਿਕ' ਤੇ 'ਅਲੌਕਿਕ' ਘਟਨਾਵਾਂ ਦੀ ਸੂਚਨਾ ਕਰਦਾ ਹੈ। ਜੋ ਕੁਛ ਲੋਕਾਂ ਨੂੰ ਪ੍ਰਤੱਖ ਦੁਨੀਆਂ ਵਿਚ ਵਰਤੇ ਵਿਆਪੇ ਸੋ ਤਾਂ ਹੈ ਲੌਕਿਕ ਤੇ ਜੋ ਇਸ ਤੋਂ ਪਰੇ ਪਾਰ ਲੌਕਿਕ ਯਾ ਰੂਹਾਨੀ ਕਿਸਮ ਦਾ ਵਾਂਪਰੇ ਉਹ ਹੈ ਅਲੌਕਿਕ।ਆਮ ਤੌਰ ਤੇ ਇਤਿਹਾਸ ਲੌਕਿਕ ਘਟਨਾਵਾਂ ਦਾ ਬ੍ਰਿਤਾਂਤ ਹੁੰਦਾ ਹੈ। ਪਰ ਨਿਰਾ ਇਸ ਗਲ ਲਈ ਇਤਿਹਾਸ ਅੱਡਰਾ ਨਹੀਂ ਰਹਿ ਸਕਦਾ, ਸਗੋਂ ਇਤਿਹਾਸ ਰੂਹਾਨੀ ਵਜਕਤੀਆਂ ਤੇ ਰੂਹਾਨੀ ਹਾਲਾਤ ਪਰ ਬੀ ਆਪਣੀ ਪਰਵਿਰਤੀ ਰਖਦਾ ਹੈ। ਇਸੇ ਕਰਕੇ ਇਹ ਲੌਕਿਕ ਤੇ ਅਲੌਕਿਕ ਦੁਹਾਂ ਘਟਨਾਵਾਂ ਦਾ ਸੂਚਕ ਆਖਿਆ ਗਿਆ ਹੈ। ਏਸੇ ਸੂਰਤ ਵਿਚ ਹੀ ਇਤਿਹਾਸ ਧਰਮ ਦੀ ਪ੍ਰਮਾਣੀਕ ਪੁਸਤਕ ਹੋਣ ਦਾ ਮਾਣ ਕਰ ਸਕਦਾ ਹੈ। ਪਰ ਜਦੋਂ ਇਹ ਧਰਮ ਦੀ ਪ੍ਰਮਾਣੀਕ ਪੁਸਤਕ ਹੋਣ ਦਾ ਦਰਜਾ ਪਾਉਂਦਾ ਹੈ, ਤਦੋਂ ਹੀ ਉਸ ਮਜ਼ਬ ਦਾ, ਜਿਸ ਦਾ ਕਿ ਇਹ ਇਤਿਹਾਸ ਹੋਵੇ, ਆਪਣੇ ਦਾਇਰੇ ਦੇ ਅੰਦਰ ਮਤ ਭੇਦ ਹੋ ਜਾਂਦਾ ਹੈ, ਅਤੇ ਮਤ ਮਤਾਂਤ੍ਰਾਂ ਦੀ ਭਿੰਨਤਾ ਉਪਜ ਪੈਂਦੀ ਹੈ।

ਉਦਾਹਰਣ ਲਈ ਹਿੰਦੂ ਜਾਤੀ ਵਿਚ ਇਤਿਹਾਸ ਪੁਰਾਣ ਦਾ ਕੀ ਟਿਕਾਣਾ ਹੈ ਦੇਖ ਲਓ:– ਸਨਾਤਨ ਰਿਸ਼ੀਆਂ ਵਿਚ ਇਤਿਹਾਸ ਦਾ ਦਰਜਾ ਇਤਨਾ ਉੱਚਾ ਸੀ ਕਿ ਇਸ ਨੂੰ ਪੰਜਵਾਂ ਵੇਦ ਮੰਨਿਆਂ ਜਾਂਦਾ ਸੀ। ਵਾਤਸਜਾਯਨ ਰਿਸ਼ੀ ਦਾ ਕਥਨ ਹੈ:–

इतिहास पुराणं पञ्चमं वेदानां वेदइति। { न्याय दर्शन अध्याय ४ आह्नक १ सूत्र ६२ वात्स्यायन भाष।

ਇਤਿਹਾਸ ਪੁਰਾਣੰ ਪੰਚਮੰ ਵੇਦਾਨਾਂ ਵੇਦ ਇਤੀ।

ਭਾਵੇਹ ਕਿ ਇਤਿਹਾਸ-ਪੁਰਾਣ ਪੰਜਵਾਂ ਵੇਦ ਹੈ। ਹਿੰਦੂ ਸੰਪ੍ਰਦਾਵਾਂ ਨੇ ਵੇਦ ਤੋਂ ਉਤਰਕੇ ਅਗਲਾ ਦਰਜਾ ਇਤਿਹਾਸ ਪੁਰਾਣ ਨੂੰ ਦਿੱਤਾ ਹੈ ਤੇ ਧਰਮ ਸ਼ਾਸਤ੍ਰ (ਮਨੂੰ, ਯਾਗਵਲਕ ਆਦਿਕ) ਤੀਸਰੇ ਦਰਜੇ ਤੇ ਮੰਨੇ ਹਨ। ਪ੍ਰੰਤੂ ਆਮ ਪੰਡਤਾਂ ਨੇ ਧਰਮ ਸ਼ਾਸਤ੍ਰ ਨੂੰ ਦੂਜਾ ਦਰਜਾ ਦਿੱਤਾ ਹੈ ਤੇ ਇਤਿਹਾਸ-ਪੁਰਾਣ ਨੂੰ ਤੀਸਰਾ ਦਰਜਾ ਦਿੱਤਾ ਹੈ। ਇਸ ਮਤਭੇਦ ਦਾ ਕਾਰਣ ਸ਼ਾਇਦ ਇਹੋ ਹੈ ਕਿ ਸੰਪ੍ਰਦਾਵਾਂ ਨੂੰ (ਜੈਸਾ ਕਿ ਸ਼ੈਵ, ਵੈਸ਼ਨਵ, ਸ਼ਾਕਤਿਕ ਆਦਿ) ਆਪਣੀ ਹਸਤੀ ਲਈ ਵਧੀਕ ਸਹਾਰਾ ਇਤਿਹਾਸ ਪੁਰਾਣ ਤੋਂ ਮਿਲਦਾ ਹੈ, ਜੋ ਸੰਪ੍ਰਦਾਵਾਂ ਕਿ ਪੰਡਿਤਾਈ ਦੇ ਹਲਕੇ ਵਿਚ ਸ਼ਾਸਤ੍ਰ ਵਿਰੁੱਧ ਮੰਨੀਆਂ ਜਾਂਦੀਆਂ ਹਨ। ਕਿਉਂਕਿ ਧਰਮ ਸ਼ਾਸਤ੍ਰ ਅਨੁਸਾਰ ਚਾਰ ਵਰਣ* ਤੇ ਚਾਰ ਆਸ਼੍ਰਮ† ਹੀ ਹੋ ਸਕਦੇ ਹਨ, ਇਸ ਵੰਡ ਤੋਂ ਬਾਹਰ ਕਿਸੇ ਹੋਰਸ ਸੰਪ੍ਰਦਾ ਦੀ ਹਸਤੀ ਦੀ ਗੁੰਜਾਯਸ਼ ਨਹੀਂ ਹੈ। ਹਿੰਦੂ ਜਾਤੀ ਵਿਚ ਆਰਯ ਸਮਾਜ ਇਕ ਮਤ ਹੈ ਜੋ ਵੇਦਾਂ ਦੇ ਸਿਵਾ ਕਿਸੇ

*ਖੱਤ੍ਰੀ, ਬ੍ਰਾਹਮਣ, ਵੈਸ਼, ਸ਼ੂਦ੍ਰ। †ਬ੍ਰਹਮ ਚਰਯ, ਗ੍ਰਿਹਸਤ, ਬਾਨ ਪ੍ਰਸਤ ਤੇ ਸੰਨਯਾਸ।

ਹੋਰ ਪੁਸਤਕ ਨੂੰ ਪ੍ਰਮਾਣੀਕ ਹੀ ਨਹੀਂ ਮੰਨਦਾ। ਇਥੋਂ ਤਾਈ ਕਿ ਇਨ੍ਹਾਂ ਵਿਚ ਇਤਿਹਾਸ (ਰਾਮਾਯਣ, ਮਹਾਂ ਭਾਰਤ) ਤੇ ਪੁਰਾਣਾਂ ਨੂੰ ਮਖ਼ੌਲ ਕੀਤਾ ਜਾਂਦਾ ਹੈ।

ਤੀਜਾ ਰੌ ਜੋ ਇਤਿਹਾਸ ਵਿਚ ਚਲਦਾ ਹੈ, ਸੋ ਅਟਲ ਅਧਯਾਤਮਿਕ ਸਿੱਧਾਂਤਾਂ ਦੀ ਝਲਕ ਹੁੰਦਾ ਹੈ। ਇਸ ਗਲ ਨੂੰ ਸੌਖਾ ਸਮਝਣ ਲਈ ਇਕ ਦ੍ਰਿਸ਼ਟਾਂਤ ਦੇਂਦੇ ਹਾਂ:–

ਈਰਾਨ ਦੇ ਪਾਤਸ਼ਾਹ ਨੇ ਹਕੀਮ ਜ਼ੇਬ ਨੂੰ ਜਗਤ ਦਾ ਇਤਿਹਾਸ ਲਿਖਣ ਲਈ ਕਿਹਾ। ਓਹ ਅਨੇਕਾਂ ਜਿਲਦਾਂ ਵਿਚ ਲਿਖਕੇ ਲੈ ਆਇਆ। ਪਾਤਸ਼ਾਹ ਨੇ ਕਿਹਾ 'ਮੁਖ਼ਤਸਿਰ ਕਰੋ'। ਇਸ ਤਰ੍ਹਾਂ ਕਈ ਵੇਰ ਹਕੀਮ ਸੰਖੇਪ ਕਰ ਕਰਕੇ ਲਿਆਇਆ ਤੇ ਪਾਤਸ਼ਾਹ ਨੇ ਸਦਾ 'ਸੰਖੇਪ ਕਰੋ' ਦਾ ਹੁਕਮ ਦਿੱਤਾ। ਅੰਤ ਹਕੀਮ ਇਕ ਜਿਲਦ ਲੈਕੇ ਆਇਆ ਤਾਂ ਪਾਤਸ਼ਾਹ ਚਲਾਣੇ ਵਿਚ ਸੀ। ਤਦ ਪਾਤਸ਼ਾਹ ਨੇ ਕਿਹਾ ਕਿ 'ਐਨਾ ਸੰਖੇਪ ਕਰ ਕਿ ਮੈਂ ਮਰਨ ਤੋਂ ਪਹਿਲੇ ਸੁਣ ਸਕਾਂ', ਤਦ ਜ਼ੇਬ ਨੇ ਕਿਹਾ 'ਜਗਤ ਦਾ ਇਤਿਹਾਸ ਇਹ ਹੈ, ਕਿ ਇਨਸਾਨ ਜੰਮੇਂ, ਉਨ੍ਹਾਂ ਨੇ ਦੁੱਖ ਪਾਏ ਤੇ ਮਰ ਗਏ।' ਹੁਣ ਇਹ ਜੋ ਸਿੱਧਾਂਤ ਇਸ ਕਥਨ ਵਿਚ ਹੈ ਕਿ 'ਸੰਸਾਰ ਦੁੱਖ ਰੂਪ ਹੈ' ਅਧਯਾਤਮਿਕ ਸਿੱਧਾਂਤ ਹੈ ਪਰ ਇਹ ਜਗਤ ਦੇ ਅਨੇਕਾਂ ਜਿਲਦਾਂ ਵਿਚ ਲਿਖੇ ਗਏ ਇਤਿਹਾਸ ਤੋਂ ਪੈਦਾ ਹੋਇਆ। ਇਸ ਤਰ੍ਹਾਂ ਦੀ ਅਧਯਾਤਮਿਕ ਝਲਕ ਗੁੱਝੀ ਯਾ ਪ੍ਰਤੱਖ ਇਤਿਹਾਸ ਦਾ ਤੀਸਰਾ ਅੰਗ ਹੈ।

ਇਸ ਤੀਸਰੇ ਰੌ ਵਿਚ ਇਤਿਹਾਸ ਆਪਣੇ ਉਦਾਲੇ ਤੋਂ ਯਾ ਇਉਂ ਕਹੋ ਕਿ ਬਾਕੀ ਲੋਕਾਈ ਦੇ ਇਤਿਹਾਸ ਤੋਂ ਅੱਡਰਾ ਨਹੀਂ ਰਹਿ ਸਕਦਾ। ਜਿਵੇਂ ਸਿੱਖ ਇਤਿਹਾਸ ਦੀ ਲੀਲਾ ਮੁਗ਼ਲ ਪਾਤਸ਼ਾਹ ਦੀ ਭੂਮੀ ਤੋਂ ਨਿਖੇੜੀ ਹੋਈ ਓਪਰੀ ਜੇਹੀ ਹੋ ਜਾਏਗੀ।

ਇਤਿਹਾਸ ਦੇ ਇਸ ਤੀਸਰੇ ਰੌ ਵਿਚ ਇਕ ਹੋਰ ਗਲ ਵੀਚਾਰ ਗੋਚਰੀ ਹੈ, ਉਹ ਇਹ ਹੈ ਕਿ ਇਹੋ ਰੌ ਹੈ ਕਿ ਜਿਸ ਵਿਚ ਕਈ ਲੋਕਾਂ ਨੇ ਇਤਿਹਾਸ ਨੂੰ 'ਗਿਆਨ ਸਰੂਪ' ਮੰਨ ਲਿਆ ਹੈ। ਪਰ ਸਾਡਾ ਏਥੇ ਉਨ੍ਹਾਂ ਲੋਕਾਂ ਨਾਲ ਸੰਮਤੀ ਭੇਦ ਹੋ ਜਾਂਦਾ ਹੈ ਜੋ ਇਤਿਹਾਸ ਨੂੰ ਗਿਆਨ ਸਰੂਪ ਮੰਨ ਲੈਂਦੇ ਹਨ। ਸਾਡਾ ਸਿੱਧਾਂਤ ਇਹ ਹੈ ਕਿ ਇਤਿਹਾਸ ਗ੍ਯਾਨ ਦਾ ਕੋਈ ਅੰਗ ਹੈ, ਗ੍ਯਾਨ ਮਈ ਕਹਿ ਲਓ ਯਾ ਗ੍ਯਾਨ ਸੰਯੁਕਤ ਮੰਨ ਲਓ ਪਰ ਇਤਿਹਾਸ ਸ਼ੁੱਧ ਗ੍ਯਾਨ ਸਰੂਪ ਨਹੀਂ ਹੈ।

ਅਸੀਂ ਪਿੱਛੇ ਈਸਾਈਆਂ ਦਾ ਇਕ ਪ੍ਰਮਾਣ ਇਸੇ ਵਿਸ਼ੇ ਵਿਚ ਦੇ ਆਏ ਹਾਂ। ਇਨ੍ਹਾਂ ਦਾ ਇਤਿਹਾਸ ਨੂੰ ਅੰਗ ਪ੍ਰਤਯੰਗ ਗ੍ਯਾਨ ਸਰੂਪ ਮੰਨਣਾ ਹੋਰਥੋਂ ਬੀ ਪ੍ਰਤੀਤ ਹੋ ਜਾਂਦਾ ਹੈ, ਜੈਸਾ ਕਿ ਇਕ ਪ੍ਰਸਿਧ ਲੇਖਕ ਲੈਬਰ ਥੋਨੀਅਰ (Laber Thonniere) ਦੇ ਹੇਠ ਲਿਖੇ ਖ਼ਯਾਲ ਤੋਂ ਵਿਦਤ ਹੋ ਜਾਂਦਾ ਹੈ। ਉਨ੍ਹਾਂ ਦੇ ਲਿਖੇ* ਦਾ ਭਾਵ ਇਹ ਹੈ:–

"ਜੇ ਕਦੀ ਅੰਜੀਲ ਦੀ ਕਹਾਣੀ ਗਊਣ ਹੈ, ਇਹ ਨਿਸ਼ਚਿਤ ਇਸ ਅਰਥ ਵਿਚ ਗਊਣ ਨਹੀਂ ਕਿ ਉਧੇ ਵਾਕਿਆਤ ਦੀ ਇਤਿਹਾਸਕ ਸਚਾਈ ਉਪਰ ਸ਼ੱਕ ਹੋ ਸਕਦਾ ਹੈ। ਇਸ

*ਲੈਬਰ ਥੋਨੀਅਰ ਦੀ ਅਸਲ ਇਬਾਰਤ ਇਸ ਪ੍ਰਕਾਰ ਹੈ:–

"If the story of the Bible is secondary, it is certainly not so in the sense that the historical truth of the leading facts could be contested without hurt to its doctrines. On the contrary, if seperated from the historical character, the doctrine vanishes, since it is constituted by the dominant facts in which reality, so to speak articulates itself. [Laber Thonniere.

ਦੇ ਉਲਟ ਅੰਜੀਲ ਦਾ ਮਤ, ਆਪਣੇ ਇਤਿਹਾਸ ਤੋਂ ਵੱਖ ਹੋਕੇ ਬਿਲਕੁਲ ਹੀ ਕਾਫ਼ੂਰ ਹੋ ਜਾਏਗਾ ਕਿਉਂਕਿ ਇਸ ਧਰਮ ਦੀ ਬਣਤ ਹੀ ਉਨ੍ਹਾਂ ਉੱਘੀਆਂ ਇਤਿਹਾਸਿਕ ਘਟਨਾਵਾਂ ਦੀ ਹੈ ਜਿਨ੍ਹਾਂ ਦ੍ਵਾਰਾ ਅਸਲੀਅਤ ਅਪਣੇ ਆਪ ਨੂੰ ਪ੍ਰਗਟ ਕਰਦੀ ਹੈ"।

ਇਸੇ ਤਰ੍ਹਾਂ ਹੀ 'ਵ੍ਹਾਈਟ ਹੈਡ' ਨਾਮੇ ਸਾਇੰਸਵੇਤਾ ਲੇਖਕ ਆਪਣੀ (Religion in the making) ਨਾਮੇ ਕਿਤਾਬ ਵਿਚ ਲਿਖਦਾ ਹੈ:—

"ਈਸਾਈ ਮਤ ਆਪਣੀ ਟੇਕ ਧਾਰਮਿਕ ਇਤਿਹਾਸ ਦੇ ਚੰਦ ਉੱਘੇ ਵਾਕਿਆਤ ਤੇ ਰਖਦਾ ਹੈ*।"

ਇਕ ਹੋਰ ਵਿਦਵਾਨ ਦਾ ਕਥਨ ਇਸ ਪੱਖ ਵਿਚ ਇਕ ਹੋਰ ਹੀ ਰੰਗ ਦਾ ਹੈ ਜੋ ਐਉਂ ਹੈ:—"ਇਤਿਹਾਸ ਕੀ ਹੈ? ਸੱਚ ਆਪਣੀ ਤਲਾਸ਼ ਵਿਚ ਦੌੜਿਆ ਫਿਰਦਾ ਹੈ ਤੇ ਇਸ ਦੀ ਆਪਣੀ ਢੂੰਡ ਦੀ ਹੀ ਭੱਜ ਦੌੜ ਏਸ ਦੁਨੀਆਂ ਦਾ ਇਤਿਹਾਸ ਹੈ।"

ਪਰ ਸਾਡਾ ਵਿਚਾਰ ਇਹ ਹੈ ਕਿ ਇਤਿਹਾਸਿਕ ਦੌੜ ਭੱਜ ਵਿਚ 'ਸੱਚ' ਆਪਣੇ ਆਪ ਨੂੰ ਨਹੀਂ ਲੱਭ ਸਕੇਗਾ, ਸਮੇਂ ਦੇ ਵਿਸਥਾਰ ਵਿਚ ਇਸ ਦੇ ਗੁਆਚ ਜਾਣ ਦਾ ਵਧੇਰੇ ਖ਼ਤਰਾ ਹੈ। ਸੱਚ ਨੂੰ ਗ੍ਰਹਿਣ ਕਰਨ ਲਈ ਇਨ੍ਹਾਂ ਤਵਾਰੀਖ਼ੀ ਤਬਦੀਲੀਆਂ ਹੇਠ ਜੋ ਅਬਦਲ ਵਸਤੂ ਹੈ ਉਸ ਵਲ ਨਿਗਾਹ ਦੇਣੀ ਪਵੇਗੀ।

ਹੈਗਲ (Hegel 1770-1831) ਨੇ, ਜੋ ਜਰਮਨੀ ਦੇ ਪ੍ਰਸਿੱਧ ਫਿਲਾਸਫਰ ਹੋਏ ਹਨ, ਆਖਿਆ ਸੀ ਕਿ ਫਿਲਾਸਫੀ ਕੇਵਲ ਇਤਿਹਾਸ ਹੈ (Philosophy is history)। ਇਸ ਤੋਂ ਪਿੱਛੇ ਇਟਲੀ ਦੇ ਫਿਲਾਸਫਰ ਕਰੋਸ (Croce ਜਨਮ 1866) ਨੇ ਕਿਹਾ ਕਿ ਇਤਿਹਾਸ ਹੀ ਫਿਲਸਫਾ ਹੈ (History is philosophy.)।

ਪਰ ਇਹ ਦੋਨੋਂ ਸਿੱਧਾਂਤ ਕੇਵਲ ਏਸ ਅਸੂਲ ਤੇ ਮਬਨੀ ਹਨ† ਕਿ 'ਸੱਤ ਪਦਾਰਥ ਜੋ ਕਿ ਇਕ ਸੂਖਮ ਮਾਨਸਿਕ ਵਸਤੂ ਹੈ, ਆਪਣੇ ਆਪ ਨੂੰ ਘੜ ਰਿਹਾ ਹੈ, ਪੂਰਨ ਕਰ ਰਿਹਾ ਹੈ ਤੇ ਉਸ ਦਾ ਇਹ ਕਰਤੱਵਜ ਮਨੁੱਖ ਮਾਤ੍ਰ ਦਾ ਇਤਿਹਾਸ ਹੈ।'

ਏਹੋ ਗਲ ਨਿਊ ਮੈਨ (Newman 1801-1890.) ਨੇ ਆਪਣੇ ਮਜ਼ਹਬ ਬਾਬਤ ਕਹੀ ਹੈ:—

"ਕਿਹਾ ਜਾਂਦਾ ਹੈ ਕਿ ਨਦੀ ਆਪਣੇ ਸੋਮੇਂ ਕੋਲ ਸਭ ਤੋਂ ਵੱਧ ਨਿਰਮਲ ਹੁੰਦੀ ਹੈ। ਇਹ ਚਿੱਤ੍ਰ ਕਈ ਗਲਾਂ ਉਪਰ ਘਟ ਸਕਦਾ ਹੈ, ਪਰ ਕਿਸੇ ਫਿਲਸਫੇ ਯਾ ਕਿਸੇ ਫਿਰਕੇ ਦੇ ਇਤਿਹਾਸ ਉਪਰ ਕਦੀ ਵੀ ਨਹੀਂ ਘਟ ਸਕਦਾ। ਇਸ ਦੇ ਉਲਟ ਨਦੀ ਵਧੀਕ ਗੰਭੀਰ ਸੁੱਛ ਤੇ ਬਲਵਾਨ ਹੋ ਜਾਂਦੀ ਹੈ ਜਦੋਂ ਇਸ ਦਾ ਥੱਲ ਡੂੰਘਾ, ਚੌੜਾ ਤੇ ਭਰਵਾਂ ਹੋ ਜਾਂਦਾ ਹੈ‡।"

---

*ਇਸ ਦੀ ਅਸਲੀ ਇਬਾਰਤ ਇਹ ਹੈ:—

Christianity makes itself probable by refering to supreme religious moments in history.

†ਮਬਨੀ ਹਨ, ਭਾਵ ਆਸ਼੍ਰਿਤ ਹਨ।

‡"It is indeed sometimes said that the stream is clearest near the spring. Whatever use may fairly be made of this image, it does not apply to the history of a philosophy or a sect, while on the contrary it is more equable and purer and stronger when its bed has become deep and broad and full." [Newman.

ਉਪਰਲੇ ਸਾਰੇ ਪੱਖਾਂ ਨੂੰ ਵਿਚਾਰ ਕੇ ਸਿੱਖ ਮਜ਼ਹਬ ਦੇ ਅਟੱਲ ਸਿੱਧਾਂਤਾਂ ਦੀ ਉਪਮਾ ਸਮੁੰਦਰ ਨਾਲ ਦੇਣੀ, ਜਿਸ ਨੂੰ ਹੋਰ ਵਡੇ, ਚੌੜੇ ਤੇ ਡੂੰਘੇ ਹੋਣ ਦੀ ਲੋੜ ਨਹੀਂ ਭਾਸਦੀ, ਸਾਡੇ ਵਿਚਾਰ ਦੇ ਵਧੀਕ ਨੇੜੇ ਹੈ ।

# ਸਿਖ ਧਰਮ ਵਿਚ ਇਤਿਹਾਸ ।

ਉਪਰ ਅਸੀਂ ਵੇਖ ਆਏ ਹਾਂ ਕਿ ਸਿੱਖ ਧਰਮ ਵਿਚ ਨਿਰਾ ਇਤਿਹਾਸ ਇਸ ਦਾ ਮੂਲ ਯਾ ਇਸ ਦੀ ਟੇਕ ਨਹੀਂ । ਇਸ ਦੀ ਮੂਲ ਟੇਕ ਸਤਿਗੁਰਾਂ ਦੀ ਬਾਣੀ ਤੇ ਹੁਕਮ ਹਨ । ਇਹ ਬੀ ਦੇਖ ਆਏ ਹਾਂ ਕਿ ਇਹ ਧਰਮ ਨਾਂ ਇਤਿਹਾਸ ਸ਼ੂਨ ਹੈ ਤੇ ਨਾਂ ਇਸ ਵਿਚ ਇਤਿਹਾਸ ਦਾ ਤ੍ਰਿਸਕਾਰ ਹੈ । ਇਸ ਦੇ ਦਾਤੇ ਸਤਿਗੁਰੂ ਜੀ ਜਗਤ ਵਿਚ ਆਏ, ਵਿਚਰੇ ਤੇ ਉਹਨਾਂ ਨੇ ਜੀਅਦਾਨ, ਨਾਮ ਦਾਨ ਤੇ ਉਪਦੇਸ਼ ਦਾਨ ਦਿੱਤਾ, ਸੋ ਇਨ੍ਹਾਂ ਗਲਾਂ ਦਾ ਹੋਣਾ ਵਾਕਜਾਤ ਦਾ ਸਿਲਸਿਲਾ ਹੋ ਗਿਆ, ਇਸ ਦੀ ਯਾਦ ਲਿਖੀ ਚਾਹੇ ਕੰਠਾਗਰ ਰਹਿ ਗਈ, ਇਹ ਇਤਿਹਾਸ ਹੋ ਗਿਆ । ਆਪ ਨੇ ਉਪਦੇਸ਼ ਦਿੱਤੇ, ਲੋਕਾਂ ਨਾਲ ਵਾਹ ਪਏ, ਮਿਹਰਾਂ ਕੀਤੀਆਂ, ਮੁਸ਼ਕਲਾਂ ਆਈਆਂ, ਖੇਦ ਝੱਲੇ, ਅਸੂਲ ਪਾਲੇ, ਆਪੇ ਵਾਰੇ, ਲੋਕੀਂ ਹਨੇਰੇ ਵਿਚੋਂ ਕੱਢੇ, ਜੀਵੱਤ ਭਾਵ ਵਿਚ ਆਂਦੇ, ਉਹਨਾਂ ਜੀ ਉਠਿਆਂ ਨੇ ਆਪਾ ਵਾਰ ਕਰਨੀਆਂ ਦੇ ਕਮਾਲ ਵਿਖਾਏ । ਇਹ ਸਾਰਾ ਕੁਛ ਇਤਿਹਾਸ ਦਾ ਬ੍ਰਿਤਾਂਤਕ ਹਿੱਸਾ ਬਣ ਗਿਆ । ਇਸ ਨੇ ਸਾਹਿਤਜਕ ਰੂਪ ਬੀ ਲਿਆ । ਮਿਸਾਲ ਲਈ ਲਓ ਪੁਰਾਤਨ ਜਨਮ ਸਾਖੀ, ਚਾਹੋ ਇਸ ਦਾ ਸਾਹਿਤਜ ਸਾਦਾ ਹੈ, ਐਵੇਂ ਪੜ੍ਹਦਿਆਂ ਸਾਹਿਤਜ ਦੀ ਉਛਾਲ ਤੇ ਟੁੱਬੀ, ਕਟਾਖਜ ਤੇ ਰਸ ਕੋਈ ਨਹੀਂ ਭਾਸਦਾ ਪਰ ਰਤਾ ਕੁ ਧਿਆਨ ਦਿਓ ਤਾਂ ਦਿਲ ਤਰਬਾਂ ਨੂੰ ਖਿੱਚਦਾ ਤੇ ਆਪਨਾ ਪ੍ਰਭਾਵ ਪਾਉਂਦਾ ਹੈ, ਸਗੋਂ ਆਪਨੀ ਸਾਦਗੀ ਵਿਚ ਚਮਕਦਾ ਤੇ ਆਪਨੀ ਤਾਸੀਰ ਕਰਦਾ ਹੈ । ਵੰਨਗੀ ਮਾਤ੍ਰ ਦੇਖੋ:—

(ਪੀਰ ਬਹਾਉਦੀਨ ਨੂੰ ਗੁਰਮੁਖ ਸਿਖ ਰਿੱਧੀ ਸਿੱਧੀ ਦੀ ਪਕੜ ਤੋਂ ਉਚੇਰਾ ਕਰਨ ਲਈ ਆਖਦੇ ਹੈਨ:—) "ਏ ਦਰਵੇਸ਼ ! ਏਥੇ ਪੀਰਾਂ ਪਾਤਿਸਾਹਾਂ ਕੀ ਠਉੜਿ ਨਹੀਂ, ਪੀਰ ਪਾਤਿਸਾਹ ਦੁਨੀਆਂ ਵਿਚ ਸੋਂਹਦੇ ਹੈਨ, ਅਤੇ ਖੁਦਾਇ ਕੇ ਰਾਹ ਕਾ ਦਰ ਨੀਵਾਂ ਹੈ ਅਤੇ ਪੀਰਾਂ ਪਾਤਸਾਹਾਂ ਕਾ ਸਿਰ ਉਚਾ ਹੈ" । [ਸਾਖੀ ੪੫

ਇਸ ਤਰ੍ਹਾਂ ਸਾਰੇ ਇਤਿਹਾਸ ਵਿਚ, ਚਾਹੋ ਓਹ ਇਸ਼ਾਰੇ ਮਾਤ੍ਰ ਗੁਰਬਾਣੀ ਵਿਚੋਂ ਕਿ ਪ੍ਰਮਾਣੀਕ ਬਾਣੀ ਵਿਚੋਂ ਮਿਲੇ, ਚਾਹੇ ਜਨਮ ਸਾਖੀ ਆਦਿ ਇਤਿਹਾਸਿਕ ਪੋਥੀਆਂ ਵਿਚੋਂ ਮਿਲੇ, ਸਾਹਿਤਜ ਵਿਦਮਾਨ ਹੈ । ਹੁਣ ਰਿਹਾ ਅਧਜਾਤਮਿਕ ਹਿੱਸਾ । ਇਸ ਲਈ ਦੇਖੋ ਗੁਰਬਾਣੀ ਕਿ ਪ੍ਰਮਾਣੀਕ ਬਾਣੀ ਵਿਚ, ਜਨਮ ਸਾਖੀ ਵਿਚ ਕਿ ਹੋਰ ਸਮਾਚਾਰਾਂ ਵਿਚ, ਅਥਵਾ ਸਿੱਖਾਂ ਦੇ ਲਿਖੇ ਹਾਲਾਂ ਵਿਚ, ਸਭ ਵਿਚ ਅਧਜਾਤਮਿਕ ਭਾਵ ਮੌਜੂਦ ਹੈ । ਧਰਮ ਨਾਲ ਸੰਬੰਧ ਰਖਣੇ ਵਾਲਾ ਇਹ ਹਿੱਸਾ ਸਿੱਖੀ ਧਰਮ ਨੂੰ ਵਰਤਾਰੇ ਵਿਚ ਨਿਰੂਪਣ ਕਰਦਾ ਹੈ ਤੇ ਇਕ ਤਰ੍ਹਾਂ ਨਾਲ ਗੁਰੂ ਜੀ ਦੀ ਬਾਣੀ ਤੇ ਹੁਕਮਾਂ ਦਾ ਅਮਲੀ ਟੀਕਾ ਹੈ । ਮਾਨੋਂ ਉਹਨਾਂ ਦਾ ਦਿੱਤਾ ਗਿਆਨ ਤੇ ਉਹਨਾਂ ਦੇ ਦਿੱਤੇ ਹੁਕਮ ਵਰਤਾਰੇ ਵਿਚ ਮੂਰਤੀਮਾਨ ਹੋ ਗਏ ਹਨ ਤੇ ਇਤਿਹਾਸ ਨੇ ਹੀ ਸਾਰੀਆਂ ਗਲਾਂ ਦੀ ਯਾਦ ਕਾਇਮ ਕੀਤੀ ਹੈ । ਮਸਲਨ ਸ੍ਰੀ ਗੁਰੂ ਜੀ ਦੀ ਪਾਂਧੇ ਪ੍ਰਤੀ ਉਚਾਰੀ ਪਹਿਲੀ ਦੈਵੀ ਗਿਆਨ ਦੀ ਬਾਣੀ ਦੇ ਉਪਰ ਲਿਖਿਆ ਗਿਆ 'ਪਟੀ ਲਿਖੀ' । ਇਹ 'ਪਟੀ ਲਿਖੀ' ਇਤਿਹਾਸ

ਹੈ। ਇਸ ਨੇ ਕਾਇਮ ਕਰ ਦਿੱਤਾ ਕਿ ਇਹ ਬਾਣੀ ਗੁਰੂ ਜੀ ਨੇ ਪੱਟੀ ਉਤੇ ਲਿਖੀ ਸੀ। ਬਾਣੀ ਦੇ ਵਿਚ ਇਸ਼ਾਰਾ ਪੰਡਿਤ ਪ੍ਰਤੀ ਹੈ ਤੇ ਉਪਦੇਸ਼ ਦੇ ਰਹੇ ਹਨ, ਸੋ ਇਤਿਹਾਸ ਮਿਲ ਗਿਆ ਕਿ ਪੱਟੀ ਪੰਡਿਤ ਨੂੰ ਲਿਖਕੇ ਦੱਸੀ ਹੈ। ਇਸ ਬਾਣੀ ਵਿਚ ਉਪਦੇਸ਼ ਹੈ ਵਾਹਿਗੁਰੂ ਗਿਆਨ ਦਾ, ਸੋ ਇਹ ਉਪਦੇਸ਼ ਅਧਯਾਤਮਿਕ ਹਿੱਸਾ ਹੈ। ਐਉਂ ਤੇ ਇਸੇ ਤਰ੍ਹਾਂ ਦੇ ਰੰਗਾਂ ਵਿਚ ਇਤਿਹਾਸ ਧਰਮ ਨੂੰ ਪ੍ਰਦੀਪਤ ਕਰਨ ਵਿਚ ਪਰਮ ਦਾ ਸਹਾਇਕ ਅੰਗ ਬਣ ਗਿਆ।

ਸਿੱਖ ਧਰਮ ਵਿਚ ਇਸ ਪ੍ਰਕਾਰ ਦਾ ਹੈ ਇਤਿਹਾਸ ਦਾ ਟਿਕਾਣਾ, ਗੁਰਬਾਣੀ ਤੇ ਗੁਰੂ ਹੁਕਮਾਂ ਤੋਂ ਹੇਠ। ਇਹ ਹੁਣ ਦਸਦਾ ਹੈ ਕਿ ਕਿਵੇਂ ਸਤਿਗੁਰਾਂ ਨੇ ਆਪਣਾ ਰੱਬੀ ਪ੍ਰਕਾਸ਼ ਕੀਤਾ, ਕਿਵੇਂ ਹਨੇਰੇ ਵਿਚ ਫਸੇ ਲੋਕ ਚਾਨਣੇ ਵਿਚ ਆਂਦੇ, ਕਿਵੇਂ ਮੁਰਦਾ ਦਿਲ ਜੀਵਨ ਕਣੀ ਨਾਲ ਜਿਵਾਏ, ਕਿਵੇਂ ਜਾਗ ਉੱਠਿਆਂ ਦੇ ਜੀਵਨ ਉਸ ਰਸਤੇ ਟੁਰੇ; ਉਨ੍ਹਾਂ ਨੂੰ ਕੀ ਕੀ ਵਰਤਾਵੇ ਪੇਸ਼ ਆਏ; ਕਿਵੇਂ ਲੋਕੀ ਢੱਠੇ, ਸਿੰਭਲੇ ਤੇ ਬਚੇ। ਪੜ੍ਹਨ ਵਾਲਿਆਂ ਨੂੰ ਇਸ ਪ੍ਰਕਾਰ ਦੀ ਸਾਰੀ ਸੋਝੀ ਵੱਲ ਸਿਖਾਏਗੀ ਉਸ ਨੂਰ ਵਿਚ ਟੁਰਨ ਦਾ ਅਤੇ ਦੱਸੇਗੀ ਉਸ ਜ਼ਿੰਦਗੀ ਵਿਚ ਜੀ ਉਠਣ ਦੇ ਉਪਰਾਲੇ ਤੇ ਸਾਧਨ। ਅਰਥਾਤ ਪੜ੍ਹਨ ਵਾਲੇ ਕਿਵੇਂ ਉਸ ਰਾਹੇ ਟੁਰਨ ਤੇ ਪਿਛਲਿਆਂ ਦੇ ਤਜਰਬੇ- ਤੋਂ ਲਾਭ ਉਠਾਉਣ। ਸੋ ਗੁਰ ਇਤਿਹਾਸ ਈਮਾਨ, ਭਰੋਸੇ, ਸਿਦਕ ਵਿਚ ਤੇ ਅਮਲੀ ਜੀਵਨ, ਸਾਧਨ ਤੇ ਕਰਣੀ ਵਿਚ ਪੂਰਨੇ ਦਿਖਾਏਗਾ, ਜਿਨ੍ਹਾਂ ਤੋਂ ਪਾਠਕਾਂ ਨੂੰ ਆਪਣੇ ਜੀਵਨ ਨੂੰ ਸੁਧਾਰਨ ਦਾ ਰਸਤਾ ਮਿਲੇਗਾ। ਇਤਿਹਾਸ ਦੱਸੇਗਾ ਕਿ ਕੀਕੂੰ ਸ਼ਾਂਤਿ ਰਸ ਨਾਲ ਬੀਰ ਰਸ ਮਿਲਾਇਆ ਗਿਆ ਸੀ, ਅੰਮ੍ਰਿਤ ਛਕਣ ਦਾ ਹੁਕਮ ਦਿੱਤਾ ਗਿਆ ਤੇ ਖਾਲਸਾ ਸਾਜਕੇ ਧਰਮ ਤੇ ਸੁਤੰਤ੍ਰਤਾ ਇਕੱਠੀਆਂ ਕਰ ਦਿੱਤੀਆਂ ਗਈਆਂ ਸਨ। ਕਿਵੇਂ ਮਾਮਲੇ ਪਏ ਤੇ ਕਸ਼ਟ ਆਏ ਤੇ ਕਸ਼ਟ ਫਤੇ ਹੋਏ। ਇਤਿਹਾਸ ਉਤਸਾਹ ਤੇ ਬਲ ਭਰੇਗਾ ਕਿ ਜਿਸ ਨਾਲ ਦੁੱਖ ਸਹਾਰ ਕੇ ਉੱਚੇ ਤੇ ਅਹਿੱਲ ਰਹਿਣ ਦੀ ਜਾਚ ਆਵੇਗੀ।

ਖ਼ੁਦ ਗੁਰਬਾਣੀ ਵਿਚ ਬੀ ਇਤਿਹਾਸ ਬਾਬਤ ਐਉਂ ਲਿਖਿਆ ਹੈ:—

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨ ॥ [ਵਾਰ ਰਾਮ: ਮ: ੧

ਫੇਰ ਭਾਈ ਗੁਰਦਾਸ ਜੀ ਦਸਦੇ ਹਨ:—

ਗੁਰਮੁਖ ਸਾਖੀ ਸ਼ਬਦ ਸਿਖ ਸੁਣਾਇਆ ॥ [ਵਾਰ ਭਾ: ਗੁ: ੧੯—੧੯

# ਇਤਿਹਾਸ ਦੇ ਰੂਪ।

ਜਦ ਅਸਾਂ 'ਸਿੱਖ ਧਰਮ ਵਿਚ ਇਤਿਹਾਸ ਦੀ ਥਾਂ ਕਿਹੜੀ ਹੈ' ਇਹ ਗਲ ਲੱਭ ਲਈ ਤਾਂ ਹੁਣ ਅਸਾਂ ਦੇਖਣਾ ਹੈ ਕਿ ਇਤਿਹਾਸ ਸਾਡੇ ਪਾਸ ਕਿਸ ਰੂਪ ਦਾ ਹੈ ਤੇ ਸਭ ਤੋਂ ਪਹਿਲਾਂ ਅਸਾਂ ਦਸਾਂ ਗੁਰੂ ਸਾਹਿਬਾਂ ਦੇ ਇਤਿਹਾਸ ਨੂੰ ਦੇਖਣਾ ਹੈ। ਇਸ ਭਾਲ ਵਿਚ ਅਸੀਂ ਸੌਖਾ ਸਮਝਣ ਲਈ ਏਥੇ ਇਤਿਹਾਸ ਦੇ ਦੋ ਰੂਪ ਨਿਯਤ ਕਰਦੇ ਹਾਂ। ਇਕ ਰੂਪ ਤਾਂ ਇਤਿਹਾਸ ਦਾ ਹੈ 'ਸਾਰੰਸ਼' ਤੇ ਦੂਸਰਾ ਹੈ 'ਸਵਿਸਥਾਰ'। 'ਸਾਰੰਸ਼' ਦਾ ਭਾਵ ਹੈ ਕਿ ਸੰਖੇਪ ਵਿਚ ਪਤਾ ਲਗ ਜਾਏ ਕਿ ਬਾਣੀ ਤੇ ਹੁਕਮਾਂ ਵਿਚ ਜੋ ਗੁਣ ਕਿ ਅਵਤਾਰ, ਗੁਰੂ ਤੇ ਮਹਾਂ ਪੁਰਖ ਦੇ ਆਏ ਹਨ ਓਹ ਗੁਣ ਅਮਲ ਵਿਚ ਸਨ। ਇਨ੍ਹਾਂ ਮੂਲਕ ਗਲਾਂ ਦੀ ਉਗਾਹੀ ਅੱਖੀਂ ਦੇਖਣ ਵਾਲਿਆਂ ਤੋਂ ਅਥਵਾ

ਰਚਨਾਂ ਦੇ ਅੰਦਰਲੇ ਸਬੂਤਾਂ ਤੋਂ ਮਿਲ ਜਾਵੇ। 'ਸਵਿਸਥਾਰ ਇਤਿਹਾਸ' ਉਹ ਹੈ ਕਿ ਜਿਸ ਵਿਚ ਤ੍ਰੀਕਾਂ ਸੰਮਤ ਤੇ ਸਾਰੇ ਹਾਲਾਤ ਯਾ ਜਿੰਨੇ ਕੁ ਹੋ ਸਕਣ, ਜੀਵਨ ਹੋਣੀਆਂ ਤੇ ਵਾਕਿਆਤ ਦੇ ਕੁਛ ਵਿਸਥਾਰ ਵਿਚ ਮਿਲ ਜਾਣ।

ਸਾਰ ਅੰਸ਼ ਵਿਚ ਜੇ ਸਾਨੂੰ ਸਤਿਗੁਰਾਂ ਦਾ ਇਤਿਹਾਸ ਮਿਲ ਜਾਵੇ ਤਾਂ ਮੁਹਰਲੀ ਲੋੜ ਪੂਰੀ ਹੋ ਜਾਂਦੀ ਹੈ। ਸੋ ਇਸ ਖੋਜ ਲਈ ਸਭ ਤੋਂ ਪਹਿਲਾ ਸ੍ਰੇਸ਼ਟ ਤੇ ਪ੍ਰਮਾਣੀਕ ਤੇ ਪੱਕਾ ਧ੍ਰੂਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਇਨ੍ਹਾਂ ਦੀ ਪ੍ਰਮਾਣੀਕਤਾ ਮੰਨੀ ਪ੍ਰਮੰਨੀ ਗਲ ਹੈ। ਸੋ ਜਦ ਅਸੀ ਇਸ ਸੋਚ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹਦੇ ਹਾਂ ਤਾਂ ਵਿਚੋਂ ਉਹ ਉਗਾਹੀ ਕਾਫੀ ਮਿਲਦੀ ਹੈ ਕਿ ਸਤਿਗੁਰੂ ਜੀ ਵਾਹਿਗੁਰੂ ਦੇ ਗਿਆਨ ਸੰਯੁਕਤ ਕਰਨੀ ਤੇ ਕਹਿਣੀ ਦੇ ਸੂਰੇ ਗੁਰ ਅਵਤਾਰ ਸਨ। ਫਿਰ ਇਥੋਂ ਤੇ ਪ੍ਰਮਾਣੀਕ ਬਾਣੀ ਆਦਿਕ ਵਿਚੋਂ ਹੀ ਇਤਿਹਾਸਿਕ ਸ਼ਕਲ ਵਿਚ ਬਹੁਤ ਸਾਰਾ ਸਾਮਾਨ ਮਿਲ ਜਾਂਦਾ ਹੈ ਜੋ ਇਸ ਗਲ ਦੀ ਪ੍ਰਪੱਕਤਾ ਕਰਦਾ ਹੈ।

ਪਹਿਲਾਂ ਅਸੀਂ ਹੁਣ 'ਸਾਰ ਅੰਸ਼ਿਕ' ਇਤਿਹਾਸ ਨੂੰ ਲੈਂਦੇ ਹਾਂ। 'ਸਵਿਸਥਾਰਿਕ ਇਤਿਹਾਸ' ਅੱਗੋਂ ਚੱਲਕੇ ਲਵਾਂਗੇ ਤੇ ਉਹ ਵਿਸ਼ਾ ਜ਼ਰਾ ਲੰਮੇਰਾ ਚੱਲੇਗਾ।

## ੧-ਸਾਰੰਸ਼ਿਕ ਇਤਿਹਾਸ।

ਸਾਨੂੰ ਇਤਿਹਾਸ ਦੇ ਮੰਡਲ ਵਿਚ ਕਦਮ ਰਖਦਿਆਂ ਸਾਰ ਅਤੇ ਸਿੱਖ ਧਰਮ ਵਿਚ ਇਤਿਹਾਸ ਦੀ ਥਾਂ ਲੱਭ ਲੈਣ ਤੇ ਪਹਿਲੀ ਲੋੜ ਇਹ ਪਈ ਕਿ ਸਾਨੂੰ ਸਾਖੀ ਮਿਲੇ ਜੋ ਦੱਸੇ ਕਿ ਜਿਸ ਦੈਵੀ ਗਿਆਨ ਦੇ ਸਤਿਗੁਰੂ ਜੀ ਮਾਲਕ ਸੇ ਉਸੇ ਦੇ ਚਾਨਣੇ ਨਾਲ ਪ੍ਰਕਾਸ਼ਿਤ ਆਪ ਦੀ ਕਰਨੀ ਤੇ ਕਰਤੱਵਜ ਦਮਕਦੇ ਸੇ। ਉਨ੍ਹਾਂ ਦੇ ਧੁਰੋਂ ਪ੍ਰਾਪਤ ਗਿਆਨ ਨੇ, ਉਨ੍ਹਾਂ ਦੇ ਅਮਲ ਵਿਚ ਤੇ ਲੋਕਾਂ ਨੂੰ ਉਸਦੇ ਦਾਨ ਦੇਣ ਦੇ ਵਰਤਾਵੇ ਵਿਚ, ਇਕੋ ਸਰੂਪ ਲਈ ਰਖਿਆ ਸੀ।

ਸਾਡੇ ਸੁਭਾਗ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਪਣੇ ਸਮੇਂ ਦੇ ਚੋਟੀ ਦੇ ਵਿਦਵਾਨਾਂ ਤੇ ਕਰਨੀ ਵਾਲੇ ਮਹਾਂ ਪੁਰਖਾਂ ਦੀ ਰਚੀ ਬਾਣੀ—ਜਿਨ੍ਹਾਂ ਨੇ ਗੁਰੂ ਸਾਹਿਬਾਨ ਨੂੰ ਡਿੱਠਾ, ਮਿਲੇ, ਵਾਰਤਾਲਾਪ ਕੀਤੇ, ਲਾਭ ਉਠਾਏ ਤੇ ਨਾਮ ਵਾਲੇ ਜੀਵਨ ਦੇ ਤਜਰਬਾਕਾਰ ਗੁਰਮੁਖ ਹੋ ਗਏ ਸਨ—ਸੰਭਾਲੀ ਅਰ ਬੀੜ ਵਿਚ ਦਰਜ ਕਰਕੇ ਸਮੇਂ ਦੇ ਬੇਤਰਸ ਹੱਥਾਂ ਤੋਂ ਗੁੰਮ ਹੋਣੋਂ ਬਚਾ ਲਈ ਅਰ ਸਾਡੇ ਤਕ ਅਪੜਾਉਣ ਦਾ ਬਾਨ੍ਹਣੂ ਬੰਨ੍ਹ ਦਿੱਤਾ। ਉਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਦੇ ਕ੍ਰੀਬ ਬੀੜ ਵਿਚ ਦਰਜ ਹੈ।

ਇਸ ਬਾਣੀ ਨੂੰ ਪੜ੍ਹਿਆਂ ਇਹ ਪਤਾ ਉਸ ਦੀ ਰਚਨਾ ਤੋਂ ਹੀ ਲੱਗ ਜਾਂਦਾ ਹੈ ਕਿ ਇਸ ਦੇ ਰਚਣ ਵਾਲੇ ਵਿਦਵਾਨ ਅਰ ਉੱਚੇ ਪਾਏ ਦੇ ਕਵੀ ਹੋਏ ਹਨ, ਦਾਨੇ ਤੇ ਤਜਰਬੇ ਵਾਲੇ ਹੋਏ ਹਨ ਤੇ ਫਿਰ ਇਹ ਕਿ ਓਹ ਕੇਵਲ ਤੁਕ-ਬੰਦੀਏ ਲੋਕ ਨਹੀਂ ਸਨ ਕਿ ਐਵੇਂ ਕਲਜਾਨਾ ਕਰਦੇ ਰਹੇ; ਓਹ ਜੱਗਜਾਸੂ ਸਨ ਸੱਚ ਦੇ, ਓਹ ਮੁਤਲਾਸ਼ੀ ਸਨ ਰਾਹੇ ਹੱਕ ਦੇ, ਓਹ ਪੀੜਤ ਸਨ ਕਿਸੇ ਸਮੇਂ ਜੀਵਨ ਕਣੀ ਦੀ ਅਪ੍ਰਾਪਤੀ ਤੋਂ, ਓਹ ਦੁਖੀ ਸਨ ਸੱਚੇ ਰਹਿਬਰ ਦੇ ਨਾਂ ਮਿਲਣ ਤੋਂ, ਓਹ ਵਿਦਯਾ ਪਾਕੇ ਅਸ਼ਾਂਤਿ ਸਨ ਤੇ ਸ਼ਾਂਤੀ ਟੋਲਦੇ ਸਨ, ਓਹ ਫੇਰ ਘਰਾਂ ਤੋਂ ਟੁਰੇ, ਪ੍ਰਸਿੱਧ ਥਾਈਂ ਫਿਰੇ, ਫਕੀਰਾਂ ਨੂੰ ਮਿਲੇ, ਸਾਧੂਆਂ ਜੋਗੀਆਂ ਪਾਸ ਗਏ, ਪਰ 'ਸੱਚ' ਨਾਂ ਮਿਲਿਆ। ਅਪਣੀ ਸੁਰਜੀਤ ਤੇ ਖੁੱਲ੍ਹੀਆਂ ਅੱਖਾਂ ਵਾਲੀ ਤਲਾਸ਼ ਦੇ ਅੰਤ ਓਹ ਸਤਿਗੁਰਾਂ ਨੂੰ ਮਿਲੇ, ਤਜਰਬੇ

ਕੀਤੇ, ਉਹਨਾਂ ਨੂੰ ਵਾਂਛਤ ਵਸਤੂ ਏਥੋਂ ਮਿਲੀ, ਉਹਨਾਂ ਨੂੰ ਠੰਢ ਪਈ, ਉਹਨਾਂ ਨੇ ਡਿੱਠਾ ਕਿ ਸਤਿਗੁਰ 'ਜੀਅਦਾਨ' ਵਾਲੇ ਹਨ ਤੇ ਜੀਅਦਾਨ ਦੇ ਦਾਤੇ ਹਨ। ਜੀਅਦਾਨ ਉਹਨਾਂ ਨੂੰ ਮਿਲਿਆ, ਓਹ ਜੀ ਉਠੇ। ਜੀਉ ਕੇ ਸ਼ੁਕਰ ਵਿਚ, ਕਿਸੇ ਸੁਖ ਦੀ ਪ੍ਰਤੀਤੀ ਵਿਚ, ਕਿਸੇ ਅੰਦਰਲੇ ਅਨੁਭਵੀ ਗਿਆਨ ਦੇ ਅਹਿਸਾਸ ਵਿਚ ਗੁਰੂ ਬਖਸ਼ੀ ਉਚ ਗੰਮਤਾ ਵਾਲੇ ਹੋਕੇ ਉਨ੍ਹਾਂ ਨੇ ਬਾਣੀ ਉਚਾਰੀ; ਜਿਸ ਵਿਚ ਉਨ੍ਹਾਂ ਨੇ ਸਤਿਗੁਰਾਂ ਨੂੰ ਜਿਹੋ ਜਿਹਾ ਡਿੱਠਾ ਤੇ ਸਹੀ ਕੀਤਾ ਸੀ ਉਹੋ ਜਿਹਾ ਵਰਣਨ ਕੀਤਾ। ਉਹਨਾਂ ਦੀ ਬਾਣੀ ਸਮੁੱਚੇ ਤੌਰ ਤੇ ਉਹਨਾਂ ਨੂੰ ਸਿੱਖੀ ਤੋਂ ਸੁਰਜੀਤ ਹੋਏ ਸਾਖੀ (ਸਾਕਸ਼ੀ) ਦੱਸ ਰਹੀ ਹੈ। ਪਰ ਸਪਸ਼ਟ ਤੌਰ ਤੇ ਬੀ ਕਈ ਵੇਰ ਉਨ੍ਹਾਂ ਦੇ ਵਾਕ ਇਨ੍ਹਾਂ ਭਾਵਾਂ ਦੇ ਮਿਲਦੇ ਹੈਨ:—ਨਮੂਨੇ ਲਈ ਉਹਨਾਂ ਦੇ ਨਿਜ ਤਜਰਬੇ ਦੇ ਵਾਕ ਏਸ ਪ੍ਰਕਾਰ ਦੇ ਹਨ:—

੧. ਤਾਸੁ ਚਰਨ ਲੇ ਰਿਦੇ ਬਸਾਵਉ ॥ ਤਉ ਪਰਮ ਗੁਰੂ ਨਾਨਕ ਗੁਨ ਗਾਵਉ ॥ ੧ ॥ [ਸਵ: ਮ: ੧ ਕੇ

੨. ਜਪੁ ਕਲ ਸੁਜਸੁ ਨਾਨਕ ਗੁਰ ਸਹਜੁ ਜੋਗੁ ਜਿਨਿ ਮਾਣਿਓ ॥ ੯ ॥ [ਸਵ: ਮ: ੧ ਕੇ

੩. ਗੁਰੁ ਨਵਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ ॥ [ਸਵ: ਮ: ੨ ਕੇ ੧੦

੪. ਗੁਰੁ ਅਮਰ ਦਾਸੁ ਨਿਜ ਭਗਤੁ ਹੈ ਦੇਖਿ ਦਰਸੁ ਪਾਵਉ ਮੁਕਤਿ ॥ ੪ ॥ ੧੩ ॥

੫. ਜਾਲਪਾ ਪਦਾਰਥ ਇਤੜੇ ਗੁਰ ਅਮਰਦਾਸਿ ਡਿਠੈ ਮਿਲਹਿ ॥੫॥੧੪॥ [ਸਵ: ਮ: ੩ ਕੇ

੬. ਚਿਤਿ ਚਿਤਵਉ ਅਰਦਾਸਿ ਕਹਉ ਪਰੁ ਕਹਿ ਭਿ ਨ ਸਕਉ ॥
ਸਰਬ ਚਿੰਤ ਤੁਝੁ ਪਾਸਿ ਸਾਧ ਸੰਗਤਿ ਹਉ ਤਕਉ ॥ ਤੇਰੈ ਹੁਕਮਿ ਪਵੈ
ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ ॥ ਜਬ ਗੁਰੁ ਦੇਖੈ ਸੁਭ ਦਿਸਟਿ
ਨਾਮੁ ਕਰਤਾ ਮੁਖਿ ਮੇਵਾ ॥ ਅਗਮ ਅਲਖ ਕਾਰਣ ਪੁਰਖ ਜੋ
ਫੁਰਮਾਵਹਿ ਸੋ ਕਹਉ ॥ ਗੁਰ ਅਮਰ ਦਾਸ ਕਾਰਣ ਕਰਣ ਜਿਵ ਤੂ
ਰਖਹਿ ਤਿਵ ਰਹਉ ॥ ੪ ॥ ੧੮ ॥ [ਸਵ: ਮ: ੩ ਕੇ

੭. ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥ ਸੰਨਿਆਸੀ ਤਪਸੀਅਹ
ਮੁਖਹੁ ਏ ਪੰਡਿਤ ਮਿਠੇ॥ ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ
ਲਾਯਉ ॥ ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥
ਹਰਿਨਾਮੁ ਛੋਡਿ ਦੂਜੈ ਲਗੇ ਤਿਨ ਕੇ ਗੁਣ ਹਉ ਕਿਆ ਕਹਉ ॥ ਗੁਰ
ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥ [ਸਵ: ਮ: ੩ ਕੇ

੮. ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ ਪਰ ॥ ਕਵਨ ਉਪਮਾ
ਦੇਉ ਕਵਨ ਸੇਵਾ ਸਰੇਉ ਏਕ ਮੁਖ ਰਸਨਾ ਰਸਹੁ ਜੁਗ ਜੋਰਿ ਕਰ ॥
ਫੁਨਿ ਮਨ ਬਚ ਕ੍ਰਮ ਜਾਨੁ ਅਨਤ ਦੂਜਾ ਨ ਮਾਨੁ ਨਾਮੁ ਸੋ ਅਪਾਰੁ ਸਾਰੁ
ਦੀਨੋ ਗੁਰਿ ਰਿਦ ਧਰ ॥ ਨਲ੍ਯ ਕਵਿ ਪਾਰਸ ਪਰਸ ਕਚ ਕੰਚਨਾ ਹੁਇ
ਚੰਦਨਾ ਸੁਬਾਸੁ ਜਾਸੁ ਸਿਮਰਤ ਅਨਤਰ ॥ ਜਾਕੇ ਦੇਖਤ ਦੁਆਰੇ ਕਾਮ
ਕ੍ਰੋਧ ਹੀ ਨਿਵਾਰੇ ਜੀ ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ
ਪਰ ॥ ੩ ॥ [ਸਵ: ਮ: ੪ ਕੇ ੩-੧੬

੯. ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ॥ ਅੰਮ੍ਰਿਤੁ ਛਾਡਿ ਬਿਖੈ ਬਿਖੁ

ਖਾਈ ॥ ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥ ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥ ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥ ੪ ॥ ੫੮ ॥

[ਸਵ: ਮ: ੪ ਕੇ

੧੦. ਅਘ ਅੰਤਕ ਬਦੈ ਨ ਸਲੁ ਕਵਿ ਗੁਰ ਰਾਮਦਾਸ ਤੇਰੀ ਸਰਣ ॥੨॥੬੦॥ [ਸਵ: ਮ: ੪ ਕੇ

੧੧. ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥ ਕਲਿ ਘੋਰ ਸਮੁਦ੍ਰ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ ॥ ਤਤੁ ਬੀਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ ॥ ਜਪ੍ਯਉ ਜਿਨ੍ਹ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥ ੬ ॥

[ਸਵ: ਮ: ੫ ਕੇ ੧੯

ਇਸ ਤਰ੍ਹਾਂ ਇਨ੍ਹਾਂ ਲੇਖਕਾਂ ਨੇ, ਜੋ ਚੋਟੀ ਦੇ ਵਿਦਵਾਨ ਸਨ, ਮੁਤਲਾਸ਼ੀ ਸਨ ਪਰਮਾਰਥ ਦੇ ਤੇ ਜਿਨ੍ਹਾਂ ਨੂੰ ਜਗਤ ਦਾ ਤਜਰਬਾ ਸੀ, ਸਤਿਗੁਰ ਦੇ ਹਜ਼ੂਰ ਆ ਆਕੇ ਸਚਿਆਈ ਵੇਖੀ। ਇਨ੍ਹਾਂ ਨੇ ਗੁਰਾਂ ਨੂੰ ਗੋਬਿੰਦ ਰੂਪ ਸਹੀ ਕੀਤਾ ਤੇ ਕਹਿਣੀ ਕਰਣੀ ਦੀ ਏਕਤਾ ਦਾ ਕਮਾਲ ਡਿੱਠਾ। ਆਪ ਸੁਖੀ ਹੋਏ, ਤੇ ਆਪਣੇ ਤਜਰਬੇ ਦੀਆਂ ਗਲਾਂ ਲਿਖੀਆਂ। ਸੋ ਉਹਨਾਂ ਦੀ ਰਚਨਾ ਵਿਚ ਅਸਾਂ ਸਤਿਗੁਰਾਂ ਦੇ ਉਹਨਾਂ ਗੁਣਾਂ ਨੂੰ ਤੱਕਣਾ ਹੈ ਜੋ ਗੁਣ ਕਿ ਬਾਣੀ ਦੇ ਲਿਖਣ ਹਾਰੇ ਹੋਣ ਕਰਕੇ ਗੁਰਾਂ ਵਿਚ ਸੂਤੇ ਸੇ ਤੇ ਉਹਨਾਂ ਦੀ ਬਾਣੀ ਵਿਚ ਪਏ ਝਲਕਦੇ ਹਨ ਕਿ ਇਸ ਦੇ ਲਿਖਣ ਹਾਰੇ ਇਨ੍ਹਾਂ ਵਿਚ ਦਿੱਤੀਆਂ ਆਤਮਕ ਅਵਸਥਾ ਦੇ ਆਪ ਗਿਆਤਾ ਤੇ ਸੁਤੇ ਅਨੁਭਵ ਦੇ ਮਾਲਕ ਸੇ। ਉਂਵ ਤਾਂ ਬਾਣੀ ਵਿਚੋਂ ਬੀ ਅੰਦਰਲੀ ਉਗਾਹੀ ਚੋਖੀ ਪਈ ਮਿਲਦੀ ਹੈ, ਕਈ ਸਾਖੀਆਂ ਦੇ ਇਸ਼ਾਰੇ ਬੀ ਹੈਨ ਤੇ ਕਈ ਆਪ ਬੀਤੀਆਂ ਆਪ ਲਿਖਣ ਵਾਂਕੂ ਬੀ ਆਈਆਂ ਹਨ*। ਜਿਵੇਂ ਸਚਖੰਡ ਜਾਣਾ ਆਦਿ ਗੁਰੂ ਜੀ ਨੇ "ਢਾਢੀ ਸਚੈ ਮਹਲਿ ਖਸਮਿ ਬੁਲਾਇਆ" ਵਾਲੀ ਪਉੜੀ ਵਿਚ ਆਪ ਦੱਸਿਆ ਹੈ। ਫਿਰ ਐਸੇ ਵਾਕ ਬੀ ਸਪਸ਼ਟ ਆਏ ਹਨ "ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥" ਪੁਨਾ:—"ਹਰਿਕੇ ਦਰਿ ਵਰਤਿਆ ਸੁ ਨਾਨਕ ਆਖਿ ਸੁਣਾਇਆ ॥ ਸੁ ਬੁਝੈ ਜੁ ਦਯਿ ਸਵਾਰਿਆ ॥" ਪਰੰਤੂ ਏਥੇ ਅਸਾਂ ਹੁਣ ਰਜਾਤਰੋਯ ਸ੍ਰੀ ਭੱਟਾਂ ਦੇ ਸਵਈਆਂ ਵਿਚ ਵੇਖਣਾ ਹੈ ਕਿ ਕਹਿਣੀ ਕਰਨੀ ਦੇ ਸੂਰੇ ਸਤਿਗੁਰਾਂ ਬਾਬਤ ਸਮੇਂ ਦੇ ਵਿਦਵਾਨ ਜਗਯਾਸੂਆਂ ਨੇ ਕੀਹ ਕੁਛ ਨਿਜ ਤਜਰਬੇ ਤੋਂ ਅੱਖੀਂ ਡਿੱਠਾ ਤੇ ਹੋ ਬੀਤਿਆ ਦੱਸਿਆ ਹੈ। ਇਤਿਹਾਸ ਵੇਤਾ ਲੋਕ ਜਾਣਦੇ ਹਨ ਕਿ ਪੁਰਾਤਨ ਇਤਿਹਾਸ ਦੇ ਖੋਜੀਆਂ ਵਿਚ ਬਹਿਸ ਹੈ ਕਿ ਸ੍ਰੀ ਰਾਮ ਕ੍ਰਿਸ਼ਣ ਆਦਿ ਮੰਨੇ ਪ੍ਰਮੰਨੇ ਅਵਤਾਰ ਆਪਣੇ ਸਮੇਂ ਤੋਂ ਕਿਤਨੀਆਂ ਸਦੀਆਂ ਬਾਦ ਅਵਤਾਰ ਯਾ ਅਲੂਹੀਅਤ ਵਾਲੇ ਮਹਾਂ ਪੁਰਖ ਮੰਨੇ ਗਏ ਸਨ। ਭੱਟਾਂ ਦੇ ਸਵੈਯਾਂ ਦੀ ਉਗਾਹੀ ਸਾਨੂੰ ਦੱਸਦੀ ਹੈ ਕਿ ਸ੍ਰੀ ਗੁਰੂ ਜੀ ਆਪਣੇ ਜੀਵਨ ਵਿਚ ਹੀ ਗੁਰ ਅਵਤਾਰ ਤੇ ਅਲੂਹੀਅਤ ਵਾਲੀ ਪਰਮ ਉੱਚ ਸ਼ਖਸੀਅਤ ਮੰਨੇ ਗਏ ਸਨ। ਐਸੀ ਉਗਾਹੀ ਨਿਹਾਇਤ ਕੀਮਤੀ ਸ਼ੈ ਹੈ। ਸੱਤੇ ਬਲਵੰਡ ਨੇ ਨਿਜ ਤਜਰਬੇ ਤੋਂ ਜੋ ਕੁਛ ਆਖਿਆ,

*ਦੇਖੋ ਸ੍ਰੀ ਗੁਰ ਨਾਨਕ ਚਮਤਕਾਰ (ਉਤ੍ਰਾਰਧ, ਪੰਜਵੀਂ ਐਡੀਸ਼ਨ) ਸਫਾ ੩੨੭ ਤੋਂ ੩੪੧ ਤਕ।

ਹੈ ਉਹ ਬੀ ਇਸੇ ਤਰ੍ਹਾਂ ਦੀ ਸਾਖ ਹੈ ਕਿ ਪੰਜੇ ਸਤਿਗੁਰੂ ਪੂਰਨ ਅਲੂਹੀਅਤ ਦੇ ਮਾਲਕ ਸੇ। ਇਸੀ ਤਰ੍ਹਾਂ ਸੁੰਦਰ ਜੀ ਨੇ ਤੀਸਰੇ ਸਤਿਗੁਰਾਂ ਬਾਬਤ ਆਪਣੀ ਅੱਖੀਂ ਡਿੱਠੀ ਸਾਖੀ 'ਸਦੁ' ਵਿਚ ਭਰੀ ਹੈ ਕਿ ਆਪ ਪੂਰਨ ਪਰਮਾਤਮਾ ਦੇ ਮੇਲ ਵਿਚ ਸੇ, ਅੰਤ ਸਮੇਂ ਐਉਂ ਟੁਰੇ ਜਿਵੇਂ ਕੋਈ ਘਰ ਜਾਂਦਾ ਹੈ। ਭਾਈ ਗੁਰਦਾਸ ਜੀ ਬੀ ਛਿਆਂ ਗੁਰੂ ਸਾਹਿਬਾਂ ਬਾਬਤ ਇਹੋ ਸਾਖ ਭਰਦੇ ਹਨ। ਛੇਵੇਂ ਸਤਿਗੁਰਾਂ ਬਾਬਤ ਸਾਨੂੰ ਭਾਈ ਗੁਰਦਾਸ ਜੀ ਸਹਾਇਤਾ ਦੇਣਗੇ ਤੇ ਸੱਤਵੇਂ ਅੱਠਵੇਂ ਨਾਵੇਂ ਦਸਮੇਂ ਸਤਿਗੁਰਾਂ ਬਾਬਤ ਅਸੀਂ ਭਾਈ ਨੰਦ ਲਾਲ ਜੀ ਜੈਸੇ ਵਿਦਵਾਨ ਦਾਨੇ ਤੇ ਕਵਿਰਾਜ ਦੀ ਪ੍ਰਮਾਣੀਕ ਬਾਣੀ ਹੋਣ ਦੀ ਹੈਸੀਅਤ ਰੱਖਣ ਵਾਲੀ ਲਿਖਤ ਤੋਂ ਸਹਾਇਤਾ ਲਵਾਂਗੇ। ਏਹ ਸਾਡੇ ਦੈਵੀ ਲੇਖਕ ਸਾਡੀ ਪਹਿਲੀ ਇਤਿਹਾਸਿਕ ਲੋੜ ਨੂੰ ਪੂਰਾ ਕਰਦੇ ਹਨ। ਅਰਥਾਤ ਸਾਰੰਸ਼ਿਕ ਇਤਿਹਾਸ ਸਾਨੂੰ ਖੁਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ, ਪ੍ਰਮਾਣੀਕ ਬਾਣੀ ਤੋਂ ਅਤੇ ਅੱਖੀਂ ਦੇਖਣ ਵਾਲਿਆਂ ਦੀ ਉਗਾਹੀ ਤੋਂ ਕਾਫੀ ਮਿਲ ਜਾਂਦਾ ਹੈ। ਹੇਠਾਂ ਹੁਣ ਅਸੀਂ ਨਮੂਨੇ ਮਾਤ੍ਰ ਏਹ ਉਗਾਹੀਆਂ ਤੇ ਪ੍ਰਮਾਣ ਦੇਂਦੇ ਹਾਂ।

## ਸ੍ਰੀ ਗੁਰੂ ਨਾਨਕ ਦੇਵ ਜੀ।

| ਵਿਸ਼ਯ | ਪ੍ਰਮਾਣ |
|---|---|
| ੧. ਗੁਰੂ ਨਾਨਕ ਦੇਵ ਜੀ ਅਪਰੰਪਰ (ਪਰੇ ਤੋਂ ਪਰੇ ਜੋ ਹੈ, ਅਕਾਲ ਪੁਰਖ,ਉਸਦਾ) ਸ੍ਰੇਸ਼ਟ ਅਵਤਾਰ, ਅਰਥਾਤ 'ਗੁਰ-ਅਵਤਾਰ*' ਹਨ। | ਗਾਵਹਿ ਕਪਿਲਾਦਿ ਆਦਿ<br>ਜੋਗੇਸੁਰ ਅਪਰੰਪਰ ਅਵਤਾਰ ਵਰੋ ॥ [ਸਵ: ਮ: ੧ ਕੈ-੩ |
| ੨. ਜਯੋਤਿ ਸ੍ਵਰੂਪ ਹਰੀ ਨੇ ਆਪ ਹੀ ਗੁਰੂ ਨਾਨਕ ਨਾਮ ਕਹਾਕੇ ਦਰਸ਼ਨ ਦਿੱਤੇ ਹਨ। | ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥<br>[ਸਵ: ਮ: ੫ ਕੇ ੧੩-੧ |
| ੩. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਮਾਨੁਖ ਮਾਤ੍ਰ ਦੇ ਤਾਰਨ ਲਈ ਪ੍ਰਗਟਿਆ ਹੈ। | ਪ੍ਰਥਮੇ ਨਾਨਕ ਚੰਦੁ ਜਗਤ ਭਯੋ<br>ਆਨੰਦੁ ਤਾਰਨਿ ਮਨੁਖ੍ਹ ਜਨ ਕੀਅਉ ਪ੍ਰਗਾਸ ॥<br>[ਸਵ: ਮ: ੫ ਕੇ-੪-੧੭ |
| ੪. ਗੁਰ ਨਾਨਕ ਨਿਰਵੈਰ ਸੇ। | ਬਸਿਓ ਨਿਰਵੈਰੁ ਰਿਦੰਤਰਿ ॥ [ਸਵ: ਮ: ੧ ਕੇ-੬ |
| ੫. ਸੱਚ ਵਿਚ ਸਮਾਏ ਸੇ। | ਧੰਨਿ ਗੁਰੁ ਸਾਚਿ ਸਮਾਂਇਓ ॥ [ ਸਵ: ਮ: ੧ ਕੇ-੧੦ |
| ੬. ਹਰਿਨਾਮ ਦੇ ਰਸਿਕ ਸਨ। | ਹਰਿ ਨਾਮ ਰਸਿਕ ਨਾਨਕ ਗੁਰ [ਸਵ: ਮ: ੧ ਕੇ-੬<br>ਸਚੁ ਨਾਮੁ ਕਰਤਾਰੁ ਸੁ ਦ੍ਰਿੜੁ ਨਾਨਕਿ ਸੰਗ੍ਰਹਿਅਉ ॥<br>[ਸਵ: ਮ: ੩ ਕੇ ੧-੫੫ |

*ਗੁਰ ਨਾਨਕ ਦੇਵ ਗੋਵਿੰਦ ਰੂਪ ॥ [ਬਸੰਤ ਮ: ੫

ਅਕਾਲ ਪੁਰਖੋ ਵਾਚ ਗੁਰੂ ਨਾਨਕ ਦੇਵ ਪ੍ਰਤੀ:—

'ਮੇਰਾ ਨਾਉ ਪਾਰਬ੍ਰਹਮੁ ਪਰਮੇਸਰੁ ਅਰ ਤੇਰਾ ਨਾਉ ਗੁਰੂ ਪਰਮੇਸਰੁ' ॥ [ਪੁਰਾਤਨ ਜਨਮ ਸਾਖੀ

| | |
|---|---|
| ੭. ਰਾਜ ਜੋਗ ਵਾਲੇ ਸਨ। | ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥ [ਸ: ਮ: ੧ ਕੇ ੭ |
| ੮. ਸਹਜ ਜੋਗ ਵਾਲੇ ਸਨ। | ਜਪੁ ਕਲ ਸੁਜਸੁ ਨਾਨਕ ਗੁਰ ਸਹਜੁ ਜੋਗੁ ਜਿਨਿ ਮਾਣਿਓ ॥ [ਸ: ਮ: ੧ ਕੇ-੮ |
| ੯. ਗੁਰ ਨਾਨਕ ਨੇ ਅਕਾਲ ਪੁਰਖ ਦੀ ਅਨਿੰਨ ਭਗਤੀ ਕੀਤੀ। | ਸਤਿਗੁਰਿ ਨਾਨਕਿ ਭਗਤਿ ਕਰੀ ਇਕ ਮਨਿ ਤਨੁ ਮਨੁ ਧਨੁ ਗੋਬਿੰਦ ਦੀਅਉ ॥ [ਸਵ: ਮ: ੪ ਕੇ ੨-੫੧ |
| | ਨਾਨਕਿ ਨਾਮੁ ਨਿਰੰਜਨ ਜਾਨ੍ਉ ਕੀਨੀ ਭਗਤਿ ਪ੍ਰੇਮ ਲਿਵਲਾਈ ॥ [ ਸਵ: ਮ: ੪ ਕੇ ੩-੫੭ |
| ੧੦. ਆਪ 'ਪਰਮ ਗੁਰੂ' ਸੇ। | ਤਉ ਪਰਮ ਗੁਰੂ ਨਾਨਕ ਗੁਨ ਗਾਵਉ ॥ [ਸਵ: ਮ: ੧ ਕੇ-੧ |
| ੧੧. ਨਾਮ ਦੇ ਦਾਤੇ ਸੇ। | ਸ੍ਰਿਸਟਿ ਸਗਲ ਉਧਰੀ ਨਾਮਿ ਲੇ ਤਰਿਓ ਨਿਰੰਤਰਿ ॥ [ਸਵ: ਮ: ੧ ਕੇ-੬ |
| ੧੨. ਗੁਰੂਨਾਨਕਦੇਵ ਦਾ ਜਸਤਦੋਂ ਹੀ ਜਗਤਵਿਚ ਫੈਲਗਿਆਸੀ। | ਕਬਿ ਕਲ ਸੁਜਸੁ ਨਾਨਕ ਗੁਰ ਨਿਤ ਨਵਤਨੁ ਜਗਿ ਛਾਇਓ ॥ ੮ ॥ [ਸਵ: ਮ: ੧ ਕੇ |
| | ਕਬਿ ਕਲ ਸੁਜਸੁ ਨਾਨਕ ਗੁਰ ਘਟਿ ਘਟਿ ਸਹਜਿ ਸਮਾਇਓ ॥ [ਸਵ: ਮ: ੧ ਕੇ ੧੦ |
| ੧੩. ਵਰਨ ਤੇ ਭੇਖਾਂ ਵਾਲੇ ਉਨ੍ਹਾਂ ਨੂੰ ਇਸ਼ਟ ਜਾਣਕੇ ਧਿਆਂਵਦੇ ਤੇ ਉਨ੍ਹਾਂ ਦੇ ਗੁਣ ਗਾਉਂਦੇ ਹਨ। | ਜੋਗੀ ਜੰਗਮ ਧਿਆਨੁ ਧਰੇ ॥ [ਸ: ਮ: ੧ ਕੇ ੨ |
| | ਗਾਵਹਿ ਗੁਣ ਬਰਨ ਚਾਰਿ ਖਟ ਦਰਸਨ ਬ੍ਰਹਮਾਦਿਕ ਸਿਮਰੰਥਿ ਗੁਨਾ ॥ [ਸ: ਮ: ੧ ਕੇ-੫ |

## ਸ਼੍ਰੀ ਗੁਰੂ ਅੰਗਦ ਦੇਵ ਜੀ।

| | |
|---|---|
| ੧. ਗੁਰ ਨਾਨਕ ਦੇਵ ਜੀ ਨੇ ਗੁਰੂ ਅੰਗਦ ਜੀ ਗੁਰੂ ਥਾਪੇ। | ਸਤਿਗੁਰੂ ਧੰਨੁ ਨਾਨਕੁ ਮਸਤਕਿ ਤੁਮ ਧਰਿਓ ਜਿਨਿ ਹਥੋ ॥ [ਸਵ: ਮ: ੨ ਕੇ-੫ |
| | ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ ॥ ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ ॥ [ਸਵ: ਮ: ੪ ਕੇ ੧-੩੦ |
| ੨. ਗੁਰ ਅੰਗਦ ਜੀ ਦੇ ਹਿਰਦੇ ਨਾਮ ਦ੍ਰਿੜ੍ਹ ਸੀ। | ਤੈ ਤਉ ਦ੍ਰਿੜਿਓ ਨਾਮੁ ਅਪਾਰੁ ॥ [ਸਵ: ਮ: ੨ ਕੇ-੩ |
| | ਰੰਗਿ ਰਤੌ ਨਾਮ ਸਿਉ ਕਲ ਨਾਮੁ ਸੁਰਿ ਨਰਹ ਬੋਹੈ ॥ [ਸਵ: ਮ: ੨ ਕੇ ੮ |
| ੩. ਪੰਜੇ ਮਹਾਂ ਬਲੀ ਆਪ ਦੇ ਵੱਸ ਸਨ। | ਮਾਰਿਓ ਕੰਟਕੁ ਕਾਲੁ ਗਰਜਿ ਧਾਵਤੁ ਲੀਓ ਬਰਜਿ ਪੰਚ ਭੂਤ ਏਕ ਘਰਿ ਰਾਖਿ ਲੇ ਸਮਜਿ ॥ [ਸ: ਮ: ੨ ਕੇ ੧ |
| ੪. ਉਨਮਨ ਅਵਸਥਾ ਵਿਚ ਰਹਿੰਦੇ ਸਨ। | ਰਬੁ ਉਨਮਨਿ ਲਿਵ ਰਾਖਿ ਨਿਰੰਕਾਰਿ ॥ [ਸਵ: ਮ: ੨ ਕੇ-੧ |

| | |
|---|---|
| ੫. ਰੋਗੀਆਂ ਦੇ ਰੋਗ ਆਪ ਦੂਰ ਕਰਦੇ ਸਨ ਤੇ ਸੰਸਾਰ ਦੇ ਤਾਪ ਹਰਦੇ ਸਨ । | ਕਲਿਪਤਰੁ ਰੋਗ ਬਿਦਾਰੁ ਸੰਸਾਰ ਤਾਪ ਨਿਵਾਰੁ [ਸਵੈ: ਮ: ੨ ਕੇ–੩ |
| ੬. ਆਪ ਦਾ ਵਰਤਾਉ ਨਿੰਮ੍ਰਤਾ ਦਾ, ਪਰਮ ਪਿਆਰ ਦਾ ਸੀ । | ਨਿੰਮਰੀ ਭੂਤ ਸਦੀਵ ਪਰਮ ਪਿਆਰਿ ॥ [ਸਵੈ: ਮ: ੨ ਕੇ–੨ ਦ੍ਰੂਮ ਸਪੂਰ ਜਿਉ ਨਿਵੈ ਖਵੈ ਕਸੁ ਬਿਮਲ ਬੀਚਾਰਹ ॥ [ਸਵੈ: ਮ: ੨ ਕੇ–੬ |
| ੭. ਸਤ ਸੰਤੋਖ ਦੇ ਮਾਲਕ ਸਨ । | ਸਤੁ ਸੰਤੋਖੁ ਗ੍ਰਾਹ ਜਿ ਲਯੋ ॥ [ਸ: ਮ: ੨ ਕੇ–੬ |
| ੮. ਰਾਜ ਜੋਗ ਵਾਲੇ ਸੇ । | ਰਾਜੁ ਜੋਗੁ ਲਹਣਾ ਕਰੈ ॥ [ਸ: ਮ: ੨ ਕੇ–੫ |
| ੯. ਸਹਜ ਸਮਾਧੀ (ਜੋਗ) ਵਾਲੇ ਸੇ। | ਸਤਿਗੁਰੁ ਸਹਜ ਸਮਾਧਿ ਰਵਿਓ ਸਾਮਾਨਿ ਨਿਰੰਤਰਿ ॥ [ਸਵੈ: ਮ: ੨ ਕੇ–੭ |
| ੧੦. ਦਰਗਾਹ ਵਿਚ ਪ੍ਰਵਾਣ ਮੂਰਤੀ ਸਨ । | ਤੈ ਤਾ ਹਦਰਥਿ ਪਾਇਓ ਮਾਨੁ [ਸਵੈ: ਮ: ੨ ਕੇ–੪ |
| ੧੧. ਉਦਾਰ ਚਿਤ ਸਨ । | ਉਦਾਰਉ ਚਿਤ ਦਾਰਿਦ ਹਰਨ [ਸ: ਮ: ੨ ਕੇ–੭ |
| ੧੨. ਸੰਗਤਾਂ ਨੂੰ ਨਾਮ ਦਾਨ ਦੇਂਦੇ ਸਨ । | ਸਚੁ ਨਾਮੁ ਸੰਗਤੀ ਬੋਹੈ ॥ [ਸ: ਮ: ੨ ਕੇ–੯ |
| ੧੩. ਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਪਾਪ ਹਰਨ ਵਾਲੀ ਤੇ ਆਤਮ ਸੁਖ ਦੇਣ ਹਾਰੀ ਸੀ । | ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ ॥ ਸਬਦ ਸੂਰ ਬਲਵੰਤ ਕਾਮ ਅਰੁ ਕ੍ਰੋਧ ਬਿਨਾਸਨ ॥ ਲੋਭ ਮੋਹ ਵਸਿ ਕਰਣ ਸਰਣ ਜਾਚਿਕ ਪ੍ਰਤਿਪਾਲਣ ॥ ਆਤਮ ਰਤ ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ ॥ ਸਤਿਗੁਰੂ ਕਲ ਸਤਿਗੁਰ ਤਿਲਕੁ ਸਤਿ ਲਾਗੈ ਸੋ ਪੈ ਤਰੈ ॥ ਗੁਰੁ ਜਗਤ ਫਿਰਣ ਸੀਹ ਅੰਗਰਉ ਰਾਜੁ ਜੋਗੁ ਲਹਣਾ ਕਰੈ ॥ ੫ ॥ [ਸਵੈ: ਮ: ੨ ਕੇ |
| ੧੪. ਅਗੀਮ ਗਿਆਨ ਤੇ ਮਹਾਂ ਰਸ ਆਪ ਜੀ ਨੂੰ ਪ੍ਰਾਪਤ ਸੀ । | ਅੰਗਦਿ ਅਨੰਤ ਮੂਰਤਿ ਨਿਜ ਧਾਰੀ ਅਗਮ ਗ੍ਯਾਨਿ ਰਸਿ ਰਸ੍ਯਉ ਹੀਅਉ ॥ [ਸਵੈ: ਮ: ੪ ਕੇ ੨–੫੧ |
| ੧੫. ਸ੍ਰੀ ਗੁਰ ਨਾਨਕ ਦੇਵ ਜੀ ਨੇ ਆਪ ਜੀ ਨੂੰ ਵਾਹਿਗੁਰੂ ਗਜਾਨ ਦਾ ਖਜ਼ਾਨਾ ਬਖਸ਼ਿਆ । | ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ ਪੰਚ ਭੂਤ ਬਸਿ ਕੀਨੇ ਜਮ ਤਨ ਤ੍ਰਾਸ ॥ [ਸ: ਮ: ੪ ਕੇ ੪–੧੭ |
| ੧੬. ਆਪ ਜੀ ਦੇ ਦਰਸ਼ਨ ਪਰਸਨ ਤੋਂ ਜਨਮ ਮਰਨ ਦੀ ਨਿਵਿਰਤੀ (ਮੁਕਤੀ) ਹੁੰਦੀ ਸੀ। | ਸੁਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ ॥ ਦਰਸਨਿ ਪਰਸਿਐ ਗੁਰੂ ਕੇ ਜਨਮ ਮਰਣ ਦੁਖੁ ਜਾਇ ॥ [ਸਵੈ: ਮ: ੨ ਕੇ–੧੦ |

## ਸ਼੍ਰੀ ਗੁਰੂ ਅਮਰਦਾਸ ਜੀ।

| | |
|---|---|
| ੧. ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰ ਦਾਸ ਜੀ ਨੂੰ ਗੁਰੂ ਥਾਪਿਆ। | ਤਾਤੇ ਅੰਗਦੁ ਲਹਣਾ ਪ੍ਰਗਟਿ ਤਾਸੁ ਚਰਣਹ ਲਿਵ ਰਹਿਅਉ ॥ ਤਿਤ ਕੁਲਿ ਗੁਰ ਅਮਰਦਾਸੁ ਆਸਾ ਨਿਵਾਸੁ ਤਾਸੁ ਗੁਣ ਕਵਣ ਵਖਾਣਉ ॥ [ਸਵੈ: ਮ: ੩ ਕੇ ੧-੧੫<br>ਨਾਨਕ ਕੁਲਿ ਨਿੰਮਲੁ ਅਵਤਰਿਉ ਅੰਗਦ ਲਹਣੇ ਸੰਗਿ ਹੁਅ ॥ ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ ॥ ੨ ॥ ੧੬ ॥ [ਸਵੈ: ਮ: ੩ ਕੇ |
| ੨. ਆਪ ਭੱਲਿਆਂ ਦੀ ਕੁਲ ਵਿਚੋਂ ਸ੍ਰੀ ਤੇਜੋ ਜੀ ਦੇ ਸਪੁੱਤ੍ਰ ਹਨ। | ਭਲਉ ਪ੍ਰਸਿਧੁ ਤੇਜੋ ਤਨੌ ਕਲ੍ਯ ਜੋੜਿ ਕਰਿ ਧ੍ਯਾਇਅਉ ॥ [ਸ੍ਵ ਮ: ੩ ਕੈ-੫ |
| ੩. ਪੰਜਾਂ ਤੇ ਵਸੀਕਾਰ ਵਾਲੇ ਸਨ। | ਤੈ ਲੋਭੁ ਕ੍ਰੋਧੁ ਤ੍ਰਿਸਨਾ ਤਜੀ [ਸ: ਮ: ੩ ਕੇ ੪-੧੩<br>ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ ॥ [ਸ: ਮ: ੩ ਕੇ ੧-੨੧ |
| ੪. ਨਾਮ ਵਿਚ ਦ੍ਰਿੜ੍ਹ ਸਨ। | ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰ ਦਾਸ ਗੁਰ ਕਉ ਫੁਰਿਆ ॥ ੧ ॥<br>ਸੋਈ ਨਾਮੁ ਭਗਤ ਭਵਜਲ ਹਰਣੁ ਗੁਰ ਅਮਰ ਦਾਸ ਤੇ ਪਾਇਓ ॥ ੫ ॥ [ਸਵੈ: ਮ: ਕ ਕੇ |
| ੫. ਇਕ ਵਾਹਿਗੁਰੂ ਵਿਚ ਸਦਾ ਲੀਨ ਰਹਿੰਦੇ ਸਨ। | ਸੁਪਨ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ ॥ [ਸ: ਮ: ੩ ਕੇ ੩-੧੨ |
| ੬. ਨਾਮ ਦੇ ਦਾਤੇ ਸਨ। | ਬੋਹਿਥਉ ਬਿਧਾਤੇ ਨਿਰਮਯੋ ਸਭ ਸੰਗਤਿ ਕੁਲ ਉਧਰਣ ॥ [ਸ: ਮ: ੩ ਕੇ ੧-੧੫<br>ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥ [ਸ: ਮ: ੩ ਕੇ ੨-੧੬ |
| ੭. ਦੁਖ ਦਰਿੱਦ੍ਰ ਹਰਦੇ ਸਨ। | ਦੁਖੁ ਦਰਿਦ੍ਰ ਪਰਹਰਿ ਪਰੈ ॥ [ਸ: ਮ: ੩ ਕੇ ੩-੧੭ |
| ੮. ਵਾਹਿਗੁਰੂ ਦੇ ਦੇਸ਼ ਸੁਰਤ ਦਾ ਨਿਵਾਸ ਸੀ ਤੇ ਉਸਦੇ ਹੁਕਮ ਦੇ ਗਜਾਤਾ ਸਨ। | ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ ॥ [ਸ: ਮ: ੩ ਕੇ ੧-੧੯ |
| ੯. ਗੁਰੂ ਜੀ ਦਾ ਵਾਹਿਗੁਰੂ ਨਾਲ ਅਭੇਦ ਮੇਲ ਸੀ। | ਗੁਰਿ ਅਮਰ ਦਾਸਿ ਕਰਤਾਰੁ ਕੀਅਉ ਵਸਿ [ਸਵੈ: ਮ: ੪ ਕੇ ੨-੫੧ |
| ੧੦. ਗੁਰੂ ਜੀਦੇ ਸਪਰਸ਼ ਤੇ ਸੰਗਤ ਤੋਂ ਇਹ ਅਸਰ ਹੁੰਦਾ ਸੀ। | ਗੁਰੁ ਅਮਰਦਾਸੁ ਪਰਸੀਐ ਪੁਹਮਿ ਪਾਤਿਕ ਬਿਨਾਸਹਿ ॥ ਗੁਰੁ ਅਮਰਦਾਸੁ ਪਰਸੀਐ ਸਿਧ ਸਾਧਿਕ ਆਸਾਸਹਿ ॥ ਗੁਰੁ ਅਮਰਦਾਸੁ ਪਰਸੀਐ ਧਿਆਨੁ ਲਹੀਐ ਪਉ ਮੁਕਿਹਿ ॥ ਗੁਰੁ ਅਮਰਦਾਸੁ ਪਰਸੀਐ ਅਭਉ ਲਭੈ ਭਉ |

| | |
|---|---|
| | ਚੁਕਿਹਿ ॥ ਇਕੁ ਬਿੰਨਿ ਦੁਗਣ ਜੁ ਤਉ ਰਹੈ ਜਾਸੁ ਮੰਤ੍ਰਿ ਮਾਨਵਹਿ ਲਹਿ ॥ ਜਾਲਪਾ ਪਦਾਰਥ ਇਤੜੇ ਗੁਰ ਅਮਰਦਾਸਿ ਡਿਠੇ ਮਿਲਹਿ ॥੫॥੧੪॥ [ਸ: ਮ: ੩ ਕੇ |
| ੧੧. ਗੁਰੂ ਜੀ ਦੀ ਦੇਵੀ ਸ਼ਕਤੀ ਤੇ ਤਾਸੀਰ। | ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ ॥ ਸਚਿ ਸਚੁ ਜਾਣੀਐ ਇਕ ਚਿਤਹਿ ਲਿਵਲਾਵੈ ॥ ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ ॥ ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ ॥ ਕਲਿ ਮਾਹਿ ਰੂਪ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ ॥ ਗੁਰ ਮਿਲ੍ਯਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ ॥ ੧ ॥ ੧੯ ॥ [ਸਵ: ਮ: ੩ ਕੇ |
| ੧੨. ਗੋਇੰਦ ਵਾਲ ਬਿਆਸਾ ਦੇ ਕਿਨਾਰੇ ਗੁਰੂ ਅਮਰ ਦਾਸ ਜੀ ਨੇ ਬਣਾਇਆ ਸੀ। | ਗੋਬਿੰਦਵਾਲੁ ਗੋਬਿੰਦ ਪੁਰੀ ਸਮ ਜਲ੍ਯਨ ਤੀਰਿ ਬਿਪਾਸ ਬਨਾਯਉ ॥ [ਸਵ: ਮ: ੪ ਕੇ ੬–੧੦–੨੩ |
| ੧੩. ਵਾਹਿਗੁਰੂ ਜੀ ਦੀ ਪ੍ਰੇਮਾਭਗਤੀ ਨਾਲ ਭਰਪੂਰ ਹਨ। | ਭਗਤਿ ਭਾਇ ਭਰਪੂਰੁ ਰਿਦੈ ਉਚਰੈ ਕਰਤਾਰੈ ॥ [ਸ: ਮ. ੩ ਕੇ ੩–੧੭ |
| ੧੪. ਸ਼ਰੀਰ ਦੇਵੀ ਚਿੰਨ੍ਹਾਂ ਸਹਿਤ ਹੈ ਤੇ ਗੁਪਤ ਸ਼ਕਤੀਆਂ ਸਭੇ ਆਪ ਜੀ ਦੇ ਅਧੀਨ ਹਨ। ਤੇ ਅੰਦਰੋਂ ਵਾਹਿਗੁਰੂ ਜੀ ਨਾਲ ਇੱਕ ਮਿਕ ਹਨ ਤੇ ਮੁਖੋਂ ਉਪਦੇਸ਼ ਭਗਤੀ ਦਾ ਕਰਦੇ ਹਨ। | ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ ॥ ਰਿਧਿ ਬਸੈ ਬਾਂਵਾਂਗਿ ਜੁ ਤੀਨਿ ਲੋਕਾਂਤਰ ਮੋਹੈ ॥ ਰਿਦੈ ਬਸੈ ਅਕਹੀਉ ਸੋਇ ਰਸੁ ਤਿਨ ਹੀ ਜਾਤਉ ॥ ਮੁਖਹੁ ਭਗਤਿ ਉਚਰੈ ਅਮਰੁ ਗੁਰੁ ਇਤੁ ਰੰਗਿ ਰਾਤਉ ॥ ਮਸਤਕਿ ਨੀਸਾਣੁ ਸਚਉ ਕਰਮੁ ਕਲ੍ਯ ਜੋੜਿ ਕਰਿ ਧ੍ਯਾਇਅਉ ॥ ਪਰਸਿਅਉ ਗੁਰੂ ਸਤਿਗੁਰ ਤਿਲਕੁ ਸਰਬ ਇਛ ਤਿਨਿ ਪਾਇਅਉ ॥ ੯ ॥ [ਸ: ਮ: ੩ ਕੇ |
| ੧੫. ਸ਼ਰਣਿ ਪ੍ਰਾਪਤ ਗੁਰ ਸਿਖਾਂ ਦੇ ਪ੍ਰਲੋਕਿਕ ਲੇਖਾ ਛੁਡਾਵਣ ਵਾਲੇ ਹਨ। | ਸਰਣਿ ਪਰਹਿ ਤੇ ਉਬਰਹਿ ਛੋਡਿ ਜਮਪੁਰ ਕੀ ਲਿਖਹ ॥ [ਸ: ਮ: ੫ ਕੇ-੧੩ |

## ਸ੍ਰੀ ਗੁਰੂ ਰਾਮਦਾਸ ਜੀ।

| | |
|---|---|
| ੧. ਗੁਰੂ ਅਮਰ ਦਾਸ ਜੀ ਨੇ ਗੁਰੂ ਰਾਮ ਦਾਸ ਜੀ ਨੂੰ ਗੱਦੀ ਦਿੱਤੀ। | ਅਮਰ ਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਉ ॥ [ਸਵ: ਮ: ੫ ਕੇ–੧੨ |
| | ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥ ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ ਤਾਰਨਿ ਮਨੁਖ੍ਯ ਜਨ ਕੀਅਉ ਪ੍ਰਗਾਸ ॥ ਗੁਰ ਅੰਗਦ ਦੀਅਉ ਨਿਧਾਨੁ |

| | |
|---|---|
| | ਅਕਥ ਕਥਾ ਗਿਆਨੁ ਪੰਚ ਭੂਤ ਬਸਿ ਕੀਨੇ ਜਮ ਤਨ ਤ੍ਰਾਸ ॥ ਗੁਰ ਅਮਰੁ ਗੁਰੂ ਸ੍ਰੀ ਸਤਿ ਕਲਜੁਗ ਰਾਖੀ ਪਤਿ ਅਘਨ ਦੇਖਤ ਗਤੁ ਚਰਨ ਕਵਲ ਜਾਸ ॥ ਸਭ ਬਿਧਿ ਮਾਨੵਿਉ ਮਨੁ ਤਬ ਹੀ ਭਯਉ ਪ੍ਰਸੰਨੁ ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥ ੪ ॥ [ਸਵੈ: ਮ: ੪ ਕੇ ੪-੧੭ |
| | ਗੁਰ ਨਾਨਕੁ ਨਿਕਟਿ ਬਸੈ ਬਨਵਾਰੀ ॥ ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ ॥ ਲਹਣੇ ਪੰਥੁ ਧਰਮ ਕਾ ਕੀਆ ॥ ਅਮਰਦਾਸ ਭਲੇ ਕਉ ਦੀਆ ॥ ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪੵਉ ॥ ਹਰਿ ਕਾ ਨਾਮੁ ਅਖੈ ਨਿਧਿ ਅਪੵਉ ॥ [ਸਵੈ: ਮ: ੪ ਕੇ ੧-੩੦ |
| ੨. ਗੁਰੂ ਅਮਰਦਾਸ ਜੀ ਨੇ ਆਪਣੇ ਜੀਊਂਦੇ ਜੀ ਗੁਰੂ ਰਾਮਦਾਸ ਜੀ ਨੂੰ ਗੱਦੀ ਦਿੱਤੀ। | ਬਿਦ੍ਮਾਨ ਗੁਰਿ ਆਪਿ ਥਪੵਉ ਥਿਰੁ ਸਾਚਉ ਤਖਤੁ ਗੁਰੂ ਰਾਮਦਾਸੈ ॥ [ਸਵੈ: ਮ: ੪ ਕੇ ੬-੪੯ |
| ੩. ਆਪ ਨੇ ਨਾਮ ਗੁਰੂ ਅਮਰ ਦਾਸ ਜੀ ਤੋਂ ਪਾਇਆ। | ਸੋਈ ਏਕੁ ਨਾਮੁ ਹਰਿਨਾਮੁ ਸਤਿ ਪਾਇਓ ਗੁਰ ਅਮਰ ਪ੍ਰਗਾਸੁ ॥ [ਸਵੈ: ਮ: ੪ ਕੇ ੧-੫-੧੭ |
| ੪. ਫਿਰ ਆਪ ਨਾਮ ਦੇ ਦਾਤੇ ਸੇ। | ਜਗਤ ਉਧਾਰਣੁ ਨਵ ਨਿਧਾਨੁ ਭਗਤਹ ਭਵ ਤਾਰਣੁ ॥ ਅੰਮ੍ਰਿਤ ਬੂੰਦ ਹਰਿ ਨਾਮੁ ਬਿਸੁ ਕੀ ਬਿਖੈ ਨਿਵਾਰਣੁ ॥ ਸਹਜ ਤਰੋਵਰ ਫਲਿਓ ਗਿਆਨ ਅੰਮ੍ਰਿਤ ਫਲ ਲਾਗੇ ॥ ਗੁਰ ਪ੍ਰਸਾਦਿ ਪਾਈਅਹਿ ਧੰਨਿ ਤੇ ਜਨ ਬਡਭਾਗੇ ॥ ਤੇ ਮੁਕਤੇ ਭਏ ਸਤਿਗੁਰ ਸਬਦਿ ਮਨਿ ਗੁਰ ਪਰਚਾ ਪਾਇਅਉ ॥ ਗੁਰ ਰਾਮਦਾਸ ਕਲੵੁਚਰੈ ਤੈ ਸਬਦ ਨੀਸਾਨੁ ਬਜਾਇਅਉ ॥ ੯ ॥ [ਸਵ: ਮ: ੪ ਕੇ |
| ੫. ਸਮਦ੍ਰਿਸ਼ਟੀ (ਬ੍ਰਹਮ ਗਿਆਨ ਪ੍ਰਤੱਖ) ਪਾਕੇ ਭੀ ਨਾਮੁ ਦੇ ਰਸਿਕ ਹਨ। | ਹਰਿ ਨਾਮ ਰਸਿਕੁ ਗੋਬਿੰਦ ਗੁਣ ਗਾਹਕੁ ਚਾਹਕੁ ਤਤ ਸਮਤ ਸਰੇ ॥ [ਸਵੈ: ਮ: ੪ ਕੇ-੧ |
| ੬. ਸ੍ਰੀ ਸਤਿਗੁਰੂ ਜੀ ਦੀ ਨਿਰਮਲ ਸੰਗਤ ਦੇ ਦੈਵੀ ਪ੍ਰਭਾਵ। | ਸਤਗੁਰ ਮਤਿ ਗੂੜੵ ਬਿਮਲ ਸਤ ਸੰਗਤਿ ਆਤਮੁ ਰੰਗਿ ਚਲੂਲੁ ਭਯਾ ॥ [ਸਵੈ: ਮ: ੪ ਕੇ-੩ |
| ੭. ਸ਼ੁਭ ਗੁਣ ਦੀ ਧਾਰਨਾ। | ਸੰਤੋਖੁ ਸਰਾਇਚਉ ਸਦਾ ਸੀਲ ਸੰਨਾਹੁ ਸੋਹੈ ॥ [ਸਵੈ ਮ: ੪ ਕੇ-੧੦ |
| | ਮਤਿ ਮਾਤਾ ਸੰਤੋਖੁ ਪਿਤਾ ਸਰਿ ਸਹਜਿ ਸਮਾਯਉ ॥ [ਸਵੈ: ਮ: ੪ ਕੇ-੯ |

| | |
|---|---|
| | ਸਤੁ ਸੰਤੋਖੁ ਸਮਾਚਰੇ [ਸਵ: ਮ: ੪ ਕੇ ੧੩ |
| ੮. ਦੁਸਰਿਆਂ ਦੇ ਵਿਕਾਰ ਦੂਰ ਕਰਦੇ ਸਨ। | ਜਾਕਉ ਦ੍ਰਿਸ੍ਰਿ ਧਾਰੈ ਸਬਦੁ ਰਿਦ ਬੀਚਾਰੈ ਕਾਮੁ ਕ੍ਰੋਧੁ ਖੋਵੈ ਜੀਉ ॥ [ਸਵ: ਮ: ੪ ਕੇ ੧—੧੪ |
| ੯. ਦਿਨ ਰਾਤ ਲਿਵ ਵਿਚ ਰਹਿੰਦੇ ਸਨ। | ਅਹਿਨਿਸਿ ਧ੍ਯਾਨ ਧਾਵੈ ਪਲਕ ਨ ਸੋਵੈ ਜੀਉ ॥ [ਸਵ: ਮ: ੪ ਕੇ ੧—੧੪ |
| ੧੦. ਗੁਰ ਰਾਮਦਾਸ ਦੇ ਦੁਆਰੇ ਸੰਗਤ ਕਿਰਤਨ ਭਜਨ ਬੰਦਗੀ ਕਰਦੀ ਸੀ। | ਨਿਸਿ ਬਾਸੁਰ ਏਕ ਸਮਾਨ ਧਿਆਨ [ਸਵ: ਮ: ੪ ਕੇ ੭—੨੪<br>ਪਰਤਾਪੁ ਸਦਾ ਗੁਰ ਕਾ ਘਟਿ ਘਟਿ ਪਰਗਾਸੁ ਭਯਾ ਜਸੁ ਜਨ ਕੈ ॥ ਇਕਿ ਪੜਹਿ ਸੁਣਹਿ ਗਾਵਹ ਪਰਭਾਤਿਹਿ ਕਰਹਿ ਇਸ੍ਨਾਨ ॥ ਇਸ੍ਨਾਨ ਕਰਹਿ ਪਰਭਾਤਿ ਸੁਧ ਮਨਿ ਗੁਰ ਪੂਜਾ ਬਿਧਿ ਸਹਿਤ ਕਰੰ ॥ ਕੰਚਨੁ ਤਨੁ ਹੋਇ ਪਰਸਿ ਪਾਰਸ ਕਉ ਜੋਤਿ ਸਰੂਪੀ ਧ੍ਯਾਨ ਧਰੰ ॥ ਜਗ ਜੀਵਨੁ ਜਗੰਨਾਥੁ ਜਲ ਥਲ ਮਹਿ ਰਹਿਆ ਪੂਰਿ ਬਹੁਬਿਧਿ ਬਰਨੰ ॥ ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੪॥ [ਸਵ: ਮ: ੪ ਕੇ ੪—੨੩ |
| ੧੧. ਅੰਮ੍ਰਿਤ ਵੇਲੇ ਕੀਰਤਨ ਦਾ ਦੀਵਾਨ ਲਗਦਾ ਸੀ। | ਸਬਦ ਤਰੰਗ ਪ੍ਰਗਟਿਤ ਦਿਨ ਆਗਰੁ ॥[ਸਵ: ਮ: ੪ ਕੇ ੪-੪੬ |
| ੧੨. ਗੁਰੂਜੀਨੇ ਪਰਮਪਦਪਾਯਾਸੀ। | ਤੈ ਹਰਿ ਪਰਮ ਪਦੁ ਪਾਇਯਉ ॥ [ਸ: ਮ: ੪ ਕੇ ੨—੫੧ |
| ੧੩. ਗੁਰੂ ਰਾਮਦਾਸ ਜੀ ਨੇ ਸ਼ਬਦ ਦੀ ਕਮਾਈ ਤੇ ਗੁਰੂ ਸੇਵਾ ਗੁਰੂ ਅੰਗਦ ਜੀ ਵਾਙੂ ਕੀਤੀ। | ਜਿਨਿ ਸਬਦੁ ਕਮਾਇ ਪਰਮ ਪਦੁ ਪਾਇਓ ਸੇਵਾ ਕਰਤ ਨ ਛੋਡਿਓ ਪਾਸੁ ॥ ਤਾਤੇ ਗਉਹਰੁ ਗ੍ਯਾਨ ਪ੍ਰਗਟੁ ਉਜੀਆਰਉ ਦੁਖ ਦਰਿਦ੍ਰ ਅੰਧ੍ਯਾਰ ਕੋ ਨਾਸ ॥ ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ ਤਿਨ੍ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸ ॥ ਜਿਵ ਅੰਗਦੁ ਅੰਗਿ ਸੰਗਿ ਨਾਨਕ ਗੁਰ ਤਿਵ ਗੁਰ ਅਮਰ ਦਾਸ ਕੈ ਗੁਰੁ ਰਾਮਦਾਸੁ ॥ [ ਸਵ: ਮ: ੪ ਕੇ ੫੫ |
| ੧੪. ਸਤਿਗੁਰੂ ਰਾਮਦਾਸ ਜੀ ਦਾ ਦਿਬ ਜਯੋਤੀ ਪ੍ਰਭਾਵ ਤੇ ਗੁਰੂ ਸਿਖਾਂ ਦਾ ਦਿਵਯ ਸੁਗੰਧੀ ਗ੍ਰਾਹਕ ਪ੍ਰੇਮ ਭਾਵ। | ਨਾਮੁ ਨਿਧਾਨੁ ਧਿਆਨ ਅੰਤਰ ਗਤਿ ਤੇਜ ਪੁੰਜ ਤਿਹੁ ਲੋਗ ਪ੍ਰਗਾਸੇ ॥ ਦੇਖਤ ਦਰਸੁ ਭਟਕਿ ਭ੍ਰਮੁ ਭਜਤ ਦੁਖ ਪਰਹਰਿ ਸੁਖ ਸਹਜ ਬਿਗਾਸੇ ॥ ਸੇਵਕ ਸਿਖ ਸਦਾ ਅਤਿ ਲੁਭਿਤ ਅਲਿ ਸਮੂਹ ਜਿਉ ਕੁਸਮ ਸੁਬਾਸੇ ॥ ਬਿਦ੍ਯਮਾਨ ਗੁਰਿ ਆਪਿ ਥਪ੍ਯਉ ਥਿਰੁ ਸਾਚਉ ਤਖਤੁ ਗੁਰੂ ਰਾਮਦਾਸੈ ॥ ੬ ॥ [ਸਵ: ਮ: ੪ ਕੇ ੬—੬੯ |
| ੧੫. ਗੁਰੂ ਰਾਮਦਾਸ ਜੀਦੇ ਦਰਸ਼ਨ ਨਾਲ ਮਲ ਖਿੜਦਾ ਸੀ। | ਜਿਹ ਪਿਖਤ ਅਤਿ ਹੋਇ ਰਹਸੁ ਮਨਿ ਸੋਈ ਸੰਤ ਸਹਾਰੁ ਗੁਰੂ ਰਾਮਦਾਸੁ ॥ ਸਵ: ਮ: ੪ ਕੇ ੨—੫੬ |

| | |
|---|---|
| ੧੬. ਸ੍ਰੀ ਸਤਿਗੁਰੂ ਪਰਤੱਖ ਪਾਰਬ੍ਰਹਮ ਦਾ ਸਰੂਪ ਹਨ। | ਪਰਤਖਿ ਦੇਹ ਪਾਰਬ੍ਰਹਮੁ ਸੁਆਮੀ ਆਦਿ ਰੂਪਿ ਪੋਖਣ ਭਰਣੰ ॥ ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੧॥ [ਸਵਃ ਮਃ ੪ ਕੇ ੧-੩੦ |
| ੧੭. ਸ੍ਰੀ ਸਤਿਗੁਰੂ ਜੀ ਸੋਢੀ ਖਾਨਦਾਨ ਵਿਚੋਂ ਸਨ। | ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ ॥ ੩॥ [ਸਵਃ ਮਃ ੪ ਕੇ—੩—੫੭ |
| ੧੮. ਆਪ ਪ੍ਰਬਲ ਵਿਕਾਰਾਂ ਦੇ ਵਿਜਈ ਹਨ। | ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ ਪਛਾੜ੍ਉ ॥ ਕ੍ਰੋਧੁ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜ੍ਉ ॥ ਜਨਮੁ ਕਾਲੁ ਕਰ ਜੋੜਿ ਹੁਕਮੁ ਜੋ ਹੋਇ ਸੁ ਮੰਨੈ ॥ ਭਵ ਸਾਗਰੁ ਬੰਧਿਅਉ ਸਿਖ ਤਾਰੇ ਸੁ ਪ੍ਰਸੰਨੈ ॥ ਸਿਰਿ ਆਤਪਤੁ ਸਚੌ ਤਖਤੁ ਜੋਗ ਭੋਗ ਸੰਜੁਤੁ ਬਲਿ ॥ ਗੁਰ ਰਾਮਦਾਸੁ ਸਚੁ ਸਲ੍ ਭਣਿ ਤੂ ਅਟਲੁ ਰਾਜਿ ਅਭਗੁ ਦਲਿ ॥ ੧ ॥ [ਸਵਃ ਮਃ ੪ ਕੇ ੧—੫੮ |

## ਸ੍ਰੀ ਗੁਰੂ ਅਰਜਨ ਦੇਵ ਜੀ।

| | |
|---|---|
| ੧. ਗੁਰੂ ਅਰਜਨ ਦੇਵ ਜੀ ਗੁਰੂ ਰਾਮਦਾਸ ਜੀ ਦੇ ਸਪੁੱਤ੍ਰ ਸਨ। | ਗੁਰ ਅਰਜੁਨ ਗੁਣ ਸਹਜਿ ਬਿਚਾਰੰ ॥ ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ ॥ [ਸਵਃ ਮਃ ੫ ਕੇ<br>ਕੁਲਿ ਸੋਢੀ ਗੁਰ ਰਾਮਦਾਸ ਤਨੁ ਧਰਮ ਧੁਜਾ ਅਰਜੁਨੁ ਹਰਿ ਭਗਤਾ ॥ ੬ ॥ [ਸਵਃ ਮਃ ੫ ਕੇ |
| ੨. ਗੁਰੂ ਅਰਜਨਦੇਵ ਜੀ ਨੂੰ ਗੱਦੀ ਗੁਰੂ ਰਾਮਦਾਸ ਜੀ ਨੇ ਦਿੱਤੀ। | ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥ [ਸਵਃ ਮਃ ੫ ਕੇ ੪—੧੬<br>ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ ॥ ੨ ॥ [ਸਵਃ ਮਃ ੫ ਕੇ ੨—੨੧ |
| ੩. ਆਪ ਬਚਪਨ ਤੋਂ ਹੀ ਗੁਰਮਤ ਦੁਆਰਾ ਵਾਹਿਗੁਰੂ ਪ੍ਰੀਤੀ ਵਾਲੇ ਸੇ। | ਤੈਂ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥ [ਸਵਃ ਮਃ ੫ ਕੇ—੧ |
| ੪. ਆਪ ਰਾਜ ਜੋਗ ਦੇ ਯੋਗੀ ਰਾਜ ਸੇ। | ਗੁਰ ਅਰਜੁਨ ਕਲ੍ਚਰੈ ਤੈ ਰਾਜ ਜੋਗ ਰਸੁ ਜਾਣਿਅਉ॥੭॥ [ਸਵਃ ਮਃ ੫ ਕੇ |
| ੫. ਆਪ ਸਹਿਜ ਜੋਗ ਨੂੰ ਪ੍ਰਾਪਤ ਸਨ। | ਗੁਰ ਅਰਜੁਨ ਕਲ੍ਚਰੈ ਤੈ ਸਹਜਿ ਜੋਗੁ ਨਿਜੁ ਪਾਇਯਉ ॥ ੮॥ [ਸਵਃ ਮਃ ੫ ਕੇ |
| ੬. ਸ਼ੁਭ ਗੁਣਾਂ ਦੇ ਧਾਰਨ ਹਾਰ ਸੇ। | ਸਤੁ ਸੰਤੋਖੁ ਧਰਿਓ ਉਰਿ ॥ [ਸਵਃ ਮਃ ੫ ਕੇ੨—੧੩<br>ਬਾਸਨਾ ਤੇ ਬਾਹਰਿ ਪੈ ਦੇਖੀਅਤੁ ਧਾਮ ਸਿਉ ॥ [ਸਵਃ ਮਃ ੫ ਕੇ ੩—੧੫ |
| ੭. ਆਪ ਦੀ ਲਿਵਲੀਨਤਾ। | ਅਪਰ ਪਰੰਪਰ ਪੁਰਖ ਸਿਉ ਪ੍ਰੇਮੁ ਲਾਗੌ ਬਿਨੁ ਭਗਵੰਤ |

| | |
|---|---|
| | ਰਸੁ ਨਾਹੀ ਅਉਰੇ ਕਾਮ ਸਿਉ ॥ [ਸਵ: ਮ: ੫ ਕੇ ੩-੧੫<br>ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥ [ਸਵ: ਮ: ੫ ਕੇ ੫-੧੭ |
| ੮. ਪਰ ਪੀੜਾ ਹਰਨ ਵਾਲੇ ਦਯਾਲੂ ਸੇ। | ਭ ਜ ਭੰਜਨੁ ਪਰ ਦੁਖ ਨਿਵਾਰੁ ਅਪਾਰੁ ਅਨੰਭਉ ॥ [ਸਵ: ਮ: ੫ ਕੇ ੫<br>ਭਯ ਭੰਜਨੁ ਪਰ ਪੀਰ ਨਿਵਾਰਨੁ ਕਲਸਹਾਰੁ ਤੋਹਿ ਜਸੁ ਬਕਤਾ ॥ [ਸਵ: ਮ: ੫ ਕੇ ੬<br>ਧ੍ਰੰਮ ਧੀਰੁ ਗੁਰਮਤਿ ਗਭੀਰੁ ਪਰ ਦੁਖ ਬਿਸਾਰਣੁ ॥ [ਸਵ: ਮ: ੫ ਕੇ ੭ |
| ੯. ਨਾਮ ਦਾਤੇ ਸਨ। | ਗੁਰੁ ਅਰਜੁਨੁ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਹੀ ॥<br>ਨੇਜਾ ਨਾਮ ਨੀਸਾਣੁ ਸਤਿਗੁਰ ਸਬਦਿ ਸਵਾਰਿਅਉ ॥ [ਸਵ: ਮ: ੫ ਕੇ ੧-੧੦ |
| ੧੦. ਅਪਣੇ ਸਮੇਂ ਗੁਰ ਅਵਤਾਰ ਤਸਲੀਮ ਕੀਤੇ ਗਏ ਸਨ। | ਤਤੁ ਬੀਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ ॥ [ਸਵ: ਮ: ੫ ਕੇ ੬-੧੮ |
| ੧੧. ਗੁਰਬਾਣੀ ਦਾ ਆਪ ਜੀ ਨੇ ਪ੍ਰਕਾਸ਼ ਕੀਤਾ। | ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ ॥ [ਸਵ: ਮ: ੫ ਕੇ ੧ |
| ੧੨. ਜਦ ਭੀੜ ਆ ਬਣੀ ਤੇ ਅਕਹਿ ਤੇ ਅਸਹਿ ਕਸ਼ਟ ਲਾਹੌਰ ਵਿਚ ਸਹਾਰੇ ਤੇ ਬੇਖੌਫ ਰਹੇ ਭਾਈ ਗੁਰਦਾਸ ਜੀ ਵਰਗੇ ਨਿਕਟ ਵਰਤੀ ਤੇ ਮਿਤ ਗੁਰਮੁਖ ਸਾਖ ਭਰਦੇ ਹਨ*। | ਸਬਦੁ ਸੁਰਤ ਲਿਵ ਮਿਰਗ ਜਿਉਂ ਭੀੜ ਪਈ ਚਿਤ ਅਵਰ ਨ ਆਣੀ ॥ ਚਰਨ ਕਵਲ ਲਿਵ ਭਵਰ ਜਿਉਂ ਸੁਖ ਸੰਪਟ ਵਿਚ ਰੈਣ ਵਿਹਾਣੀ ॥ ਗੁਰ ਉਪਦੇਸ ਨ ਵਿਸਰੈ ਬਾਬੀਹੇ ਜਿਉ ਆਖਿ ਵਖਾਣੀ ॥ ਗੁਰਮੁਖ ਸੁਖ ਫਲ ਪ੍ਰੇਮ ਰਸ ਸਹਿਜ ਸਮਾਧਿ ਸਾਧ ਸੰਗ ਜਾਣੀ ॥ ਗੁਰ ਅਰਜਨ ਵਿਟਹੁ ਕੁਰਬਾਣੀ ॥ [ਭਾ: ਗੁ: ਵਾ: ੨੪-੨੩ |

ਇਸੀ ਤਰ੍ਹਾਂ ਟਿੱਕੇ ਦੀ ਵਾਰ ਵਿਚ ਸੱਤੇ ਬਲਵੰਡ ਨੇ ਇਨ੍ਹਾਂ ਉਪਰਲੀਆਂ ਗੱਲਾਂ ਦੀ ਸਾਖ ਭਰੀ ਹੈ। ਪੰਜਵੇਂ ਸਤਿਗੁਰਾਂ ਤਕ ਤਾਂ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਸ ਤਰ੍ਹਾਂ ਦੇ ਇਤਿਹਾਸਿਕ ਹਾਲਾਤ ਮਿਲ ਜਾਂਦੇ ਹਨ। ਭਾਈ ਗੁਰਦਾਸ ਜੀ ਇਸੀ ਤਰ੍ਹਾਂ ਛੇਆਂ ਸਾਹਿਬਾਂ ਦੇ ਹਾਲਾਤ ਦੇਂਦੇ ਹਨ। ਅਤੇ ਸ੍ਰੀ ਆਦਿ ਗੁਰੂ ਜੀ ਦੇ ਸਫਰ ਦੇ ਸੰਖੇਪ ਹਾਲ ਆਪ ਨੇ ਸੁਹਣੇ ਦਿੱਤੇ ਹਨ। ਤੀਸਰੇ ਤੋਂ ਛੇਵੇਂ ਸਾਹਿਬਾਂ ਤਕ ਦੇ ਹਾਲਾਤ ਉਨ੍ਹਾਂ ਨੇ ਆਪ ਤੱਕੇ ਹਨ ਤੇ ਬਾਕੀ ਬਾਬਾ ਬੁੱਢਾ ਜੀ ਆਦਿਕ ਨਿਕਟ ਵਰਤੀਆਂ ਤੋਂ ਸੁਣੇ ਹਨ, ਕਿਉਂਕਿ ਭਾਈ ਗੁਰਦਾਸ ਤੀਸਰੇ ਸਾਹਿਬਾਂ ਵੇਲੇ ਚਰਨ ਸ਼ਰਨ ਆਏ ਸੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੋਂ ਤੀਸਰੇ ਸਾਹਿਬਾਂ ਦੇ ਗੱਦੀ ਬੈਠਣ ਤਕ ੧੨ ਯਾ ੧੩ ਵਰ੍ਹੇ ਦੀ ਹੀ ਵਿੱਥ ਹੈ†; ਭਾਈ ਗੁਰਦਾਸ ਜੀ ਛੇਵੇਂ

*ਅਭੈ ਪਦ ਬਾਬਤ ਗੁਰੂ ਜੀ ਦਾ ਆਪਣਾ ਵਾਕ ਹੈ:—ਜਹਿ ਭਉ ਨਾਹੀ ਤਹਾ ਆਸਨੁ ਬਾਧਿਓ ॥[ਗਉ: ਮ: ੫

†ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦਾ ਬਹੁਤ ਸਾਰਾ ਹਿੱਸਾ ਪਹਿਲੇ ਪਾਤਸ਼ਾਹ ਦੇ ਇਤਿਹਾਸ ਨਾਲ ਭਰਪੂਰ ਹੈ, ਜਿਸ ਵਿਚ ਸ੍ਰੀ ਸਤਿਗੁਰੂ ਜੀ ਦੇ ਅਵਤਾਰ ਦਾ ਕਾਰਨ, ਅਵਤਾਰ ਪ੍ਰਗਟਨਾ:, ਪ੍ਰਚਾਰ ਤੇ ਦੇਸ਼ਾਂ ਮੁਲਕਾਂ ਵਿਚ ਫਿਰਨਾ ਆਦਿਕ ਸੰਖੇਪ ਹਾਲਾਤ ਹਨ।

ਸਾਹਿਬਾਂ ਦੇ ਸਮੇਂ ਤਕ ਚਿਰ ਜੀਵੇ ਤੇ ਉਨ੍ਹਾਂ ਦੇ ਸਮੇਂ ਸਮਾਏ। ਪ੍ਰਸਿੱਧ ਭਾਈ 'ਸੁਥਰਾ' ਜੀ ਤੇ ਭਾਈ 'ਸਾਧੂਜਨ' ਜੀ ਛੇਵੇਂ ਸਤਿਗੁਰਾਂ ਦੇ ਸਮੇਂ ਗੁਰਮੁਖ ਸਿੱਖ ਹੋਏ ਹਨ। ਦੋਇ ਵਿਦਵਾਨ ਤੇ ਕਵੀ ਤੇ ਜਗਜਾਸੂ ਸਨ, ਛੇਵੇਂ ਗੁਰੂ ਜੀ ਤੋਂ ਸ਼ਾਂਤੀ ਨੂੰ ਪ੍ਰਾਪਤ ਹੋਕੇ ਗੁਰਮੁਖ ਪਦ ਨੂੰ ਅੱਪੜੇ ਸੇ। ਦੋਹਾਂ ਗੁਰਮੁਖਾਂ ਨੇ ਛੇਵੇਂ ਗੁਰਾਂ ਬਾਬਤ ਇਸ ਤਰ੍ਹਾਂ ਦੇ ਨਿਜ ਤਜਰਬੇ ਲਿਖੇ ਹਨ।

> ਸਤਿਗੁਰ ਸਰਨੀ ਆਇਕੇ ਮਿਟ ਗਇਆ ਆਵਣ ਜਾਣਾ। ਦੁਖ ਸੁਖ ਕਦੇ ਨ ਵਿਆਪਈ ਮਿਈ ਜਮ ਕਾਣਾ। ਨਰਕ ਸੁਰਗ ਬੈਕੁੰਠ ਤਜ ਨਿਰਭਉ ਪਰ ਜਾਣਾ। ਜਿਥੇ ਵਸਣ ਨਿਰੰਜਨਾ ਉਹ ਦਿਤਾ ਸੁ ਥਾਨਾ। [ਬ ਰ ਸੁਥਰਾ ੭
>
> ਪਾਪਾਂ ਦੀ ਨਿਤ ਪੜ੍ਹਦਾ ਪੱਟੀ। ਬਹਿੰਦਾ ਕੂੜ ਕਪਟ ਦੀ ਹੱਟੀ। ਸਤਿਗੁਰ ਮੇਰੇ ਦੁਰਮਤ ਕੱਟੀ ਹਉ ਨਰਕਉਂ ਪਕੜ ਨਿਕਾਲਿਆ ॥ ੨ ॥ ਸਤਿਗੁਰ ਤੇਰੀ ਅਚਰਜ ਲੀਲਾ। ਵਸਗਤ ਕੀਤੇ ਤੁਧ ਪੰਚ ਬਖੀਲਾ ॥ ੮ ॥ ਤੇਰੀ ਸਮਸਰ ਕੋਈ ਅਵਰ ਨ ਦੂਜਾ ਮੈਂ ਭੂ ਮੰਡਲ ਭਾਲਿਆ ॥੧੦॥ ਸਿਮਰੇ ਸਿਮਰ ਸਿਮਰ ਸੁਖ ਪਾਵੇ ਹਰਿ ਰਸ ਦੇ ਮਤਵਾਲਿਆ ॥੯॥ ਸਤਿਗੁਰ ਜੁਗਤਿ ਮੁਕਤਿ ਕਾ ਦਾਤਾ। ਗੁਣ ਨਿਧ ਅਗਮ ਨਿਗਮ ਦਾ ਗਿਆਤਾ। ਸੁਧ ਰਿਦੇ ਨਿਰਮਲ ਰੰਗ ਰਾਤਾ ਸਾਹਿਬ ਆਪ ਸਵਾਰਿਆ ॥ ੧੪ ॥ ਦਾਰਿਦ ਭੰਜਨ ਦਰਸਨ ਤੇਰਾ ॥ ੧੫ ॥ ਪਲ ਮਹਿ ਪਰਮੇਸੁਰ ਸਿੰਗ ਜੋੜਹਿ ॥ ੧੬ ॥ (ਹਉ) ਕਾਮੀ ਕ੍ਰੋਧੀ ਮਤਿ ਕਾ ਹੀਨਾ। ਕਰਿ ਕਿਰਪਾ ਸਾਧੂ ਜਨ ਕੀਨਾ ॥ ੧੮ ॥ [ਸਾਧੂ ਜਨ

ਭਾਈ ਨੰਦ ਲਾਲ ਜੀ ਦਸਮੇਂ ਗੁਰੂ ਸਾਹਿਬਾਂ ਨੂੰ ਮਿਲੇ ਤੇ ਆਪ ਨੂੰ ਸੱਤਵੇਂ ਅੱਠਵੇਂ ਨੌਵੇਂ ਸਾਹਿਬਾਂ ਦੇ ਹਾਲਾਤ ਜਾਨਣ ਵਾਸਤੇ ਨੇੜੇ ਤੋਂ ਨੇੜੇ ਦੇ ਉਸ ਸਮੇਂ ਦੇ ਸਿਖ ਮਿਲੇ ਤੇ ਦਸਮੇਂ ਗੁਰੂ ਸਾਹਿਬ ਤੋਂ ਆਪ ਨੂੰ ਸਭ ਕੁਛ ਸੁਣਨੇ ਦਾ ਅਵਸਰ ਮਿਲਿਆ। ਭਾਈ ਨੰਦ ਲਾਲ ਜੀ ਸਿੱਖ ਘਰਾਣੇ ਵਿਚ ਵਿਆਹੇ ਸੇ, ਮਗਰੋਂ ਆਪ ਸਿਖ ਹੋ ਗਏ ਤੇ ਦਸਮੇਂ ਗੁਰਾਂ ਦੇ ਪਾਸ ਰਹੇ ਸਨ। ਸਿਖ ਆਪ ਬੜੀ ਤਲਾਸ਼, ਅਜ਼ਮਾਇਸ਼ ਤੇ ਖੋਜ ਬਾਦ ਹੋਏ ਸਨ। ਹੁਣ ੬ ਤੋਂ ਦਸਮੇਂ ਸਾਹਿਬਾਂ ਤਕ ਸਾਨੂੰ ਜੋ ਉਗਾਹੀ ਮਿਲਦੀ ਹੈ ਸੰਖੇਪ ਮਾਤ੍ਰ ਇਸ ਪ੍ਰਕਾਰ ਹੈ:—

## ਸ਼੍ਰੀ ਗੁਰੂ ਹਰਿਗੋਵਿੰਦ ਜੀ।

| | |
|---|---|
| ੧. ਗੁਰੂ ਹਰਿ ਗੋਬਿੰਦ ਜੀ ਗੁਰੂ ਅਰਜਨ ਦੇਵ ਜੀ ਦੇ ਸਪੁੱਤ੍ਰ ਸੇ। | ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ [ਆਸਾ ਮ: ੫<br>ਹਰਿ ਗੋਬਿੰਦੁ ਰਖਿਓ ਪਰਮੇਸਰਿ ਅਪਨੀ ਕਿਰਪਾ ਧਾਰਿ ॥ [ਗੂਜਰੀ ਮ: ੫<br>ਵਡੀ ਆਰਜਾ ਹਰਿ ਗੋਬਿੰਦ ਕੀ ਸੂਖ ਮੰਗਲ ਕਲਿਆਣ ਬੀਚਾਰਿਆ ॥ [ਬਿਲਾਵਲ ਮ: ੫ |
| ੨. ਛੇਵੇਂ ਗੁਰੂ ਜੀ ਪਹਿਲੇ ਪੰਜ ਗੁਰਾਂ ਦੀ ਹੀ ਗੱਦੀ ਪਰ ਬੈਠੇ। | ਪੰਜ ਪਿਆਲੇ ਪੰਜ ਪੀਰ ਛਠਮ ਪੀਰ ਬੈਠਾ ਗੁਰ ਭਾਰੀ ॥ [ਭਾ: ਗੁ: ਵਾ: ੧-੪੮ |
| ੩. ਗੁਰ ਹਰਿ ਗੋਬਿੰਦ ਜੀ ਗੁਰੂ | ਹਰਿ ਗੋਬਿੰਦ ਗੁਰ ਅਰਜਨਹੁ ਗੁਰ ਗੋਬਿੰਦ ਨਾਉ |

| | |
|---|---|
| ਅਰਜਨ ਦੇਵ ਜੀ ਤੋਂ ਹੋਏ ਤੇ ਓਹ ਪੰਜਵੇਂ ਪਾਤਸ਼ਾਹ ਦਾ ਹੀ ਸਰੂਪ ਸੇ । | ਸਦਵਾਯਾ ॥ [ਭਾ: ਗੁ: ਵਾ: ੨੪–੨੫<br>ਅਰਜਨ ਕਾਇਆਂ ਪਲਟਕੇ ਮੂਰਤਿ ਹਰਿਗੋਬਿੰਦ ਸਵਾਰੀ॥ [ਭਾ: ਗੁ: ਵਾ: ੧–੪੮ |
| ੪. ਗੁਰੂ ਹਰਿ ਗੋਬਿੰਦ ਪੰਜਵੇਂ ਗੁਰਾਂ ਦੇ ਸਿੱਖ ਸੇ । | ਗੁਰ ਸਿਖ ਹਰਿ ਗੋਬਿੰਦ ਨ ਲੁਕੇ ਲੁਕਾਇਆ । [ਭਾ: ਗੁ: ਵਾ: ੨੦–੧ |
| ੫. ਗੁਰੂ ਹਰਿ ਗੋਬਿੰਦ ਜੀ ਦੈਵੀ ਗੁਣਾਂ ਵਿਚ ਆਪਣੇ ਪਿਤਾ ਗੁਰੂ ਦਾ ਸਰੂਪ ਸੇ । | ਪਾਰਬ੍ਰਹਮ ਪੂਰਨ ਬ੍ਰਹਮ ਸਤਿਗੁਰ ਆਪੇ ਆਪ ਉਪਾਇਆ॥ ਗੁਰ ਗੋਵਿੰਦ ਗੋਵਿੰਦ ਗੁਰ ਜੋਤਿ ਇੱਕ ਦੁਇ ਨਾਂਵ ਧਰਾਇਆ ॥ ਪੁਤ ਪਿਅਹੁ ਪਿਉ ਪੁਤ ਤੇ ਵਿਸਮਾਦਹੁ ਵਿਸਮਾਦ ਕਰਾਇਆ ।......ਹਰਿ ਗੋਵਿੰਦ ਗੁਰੂ ਗੁਰ ਭਾਇਆ ॥੨੪॥ [ਭਾ: ਗੁ: ਵਾ: ੨੪ |
| ੬. ਸਤਿਗੁਰਾਂ ਵਾਲੇ ਸਾਰੇ ਚਿੰਨ੍ਹ ਤੇ ਗੁਣ ਗੁਰੂ ਹਰਿ ਗੋਬਿੰਦ ਜੀ ਵਿਚ ਸੇ । | ਹਰਖਹੁ ਸੋਗਹੁ ਬਾਹਿਰਾ ਹਰਣ ਭਰਣ ਸਮਰੱਥ ਸਰੰਦਾ ॥ ਰਸ ਕਸ ਰੂਪ ਨ ਰੇਖ ਵਿਚ ਰਾਗ ਰੰਗ ਨਿਰਲੇਪ ਰਹੰਦਾ ॥ ਗੋਸ਼ਟ ਗਿਆਨ ਅਗੋਚਰਾ ਬੁਧਿ ਬਲ ਬਚਨ ਬਿਬੇਕ ਨ ਛੰਦਾ॥ ਗੁਰ ਗੋਵਿੰਦ ਗੋਵਿੰਦ ਗੁਰੁ ਹਰਿਗੋਵਿੰਦ ਸਦਾ ਵਿਗਸੰਦਾ ॥ ਅਚਰਜ ਨੋ ਅਚਰਜ ਮਿਲੇ ਵਿਸਮਾਦੇ ਵਿਸਮਾਦ ਮਿਲੰਦਾ ॥ ਗੁਰਮੁਖ ਮਾਰਗ ਚੱਲਣਾ ਖੰਡੇ ਧਾਰ ਕਾਰ ਨਿਬਹੰਦਾ ॥ ਗੁਰਸਿਖ ਲੈ ਗੁਰ ਸਿਖ ਚਲੰਦਾ ॥੨੧॥ [ਭਾ: ਗੁ: ਵਾ: ੨੪ |
| ੭. ਆਪ ਜੋਧੇ ਤੇ ਸੂਰਮੇ ਸੇ ਪਰਉਪਕਾਰ ਹਿਤ । | ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰ ਉਪਕਾਰੀ । [ਭਾ: ਗੁ: ਵਾ: ੧–੪੮ |
| ੮. ਭਾਵੇਂ ਜੋਧੇ ਸੇ ਪਰ ਸੇ ਤੁਰੀਆ ਪਦ ਅਸਥਿਤ, ਪਰਮਤੱਤ੍ਵ ਨਾਲ ਲੀਨ । | ਦਸਤਗੀਰ ਹੁਇ ਪੰਜ ਪੀਰ ਹਰਿ ਗੁਰੁ ਹਰਿ ਗੋਬਿੰਦ ਅਤੋਲਾ ॥ ਦੀਨ ਦੁਨੀ ਦਾ ਪਾਤਸਾਹ ਪਾਤਿਸਾਹਾਂ ਪਤਸਾਹ ਅਡੋਲਾ ॥ ਪੰਜ ਪਿਆਲੇ ਅਜਰ ਜਰਿ ਹੁਇ ਮਸਤਾਨ ਸੁਜਾਣ ਵਿਚੋਲਾ ॥ ਤੁਰੀਆ ਚੜ੍ਹ ਜਿਣ ਪਰਮ ਤੱਤ ਛਿਅ ਵਰਤਾਰੇ ਕੋਲੋ ਕੋਲਾ ॥ ਛਿਅ ਦਰਸ਼ਨ ਛਿਅ ਪੀੜੀਆਂ ਇਕਸ ਦਰਸਨ ਅੰਦਰ ਗੋਲਾ । ਜਤੀ ਸਤੀ ਸੰਤੋਖੀਆਂ ਸਿਧ ਨਾਥ ਅਵਤਾਰ ਵਿਰੋਲਾ । ਗਿਆਰਹ ਰੁਦ੍ਰ ਸਮੁੰਦ੍ਰ ਵਿਚ ਮਰ ਜੀਵੇ ਤਿਸ ਰਤਨ ਅਮੋਲਾ । ਬਾਰਹ ਸੋਲਾ ਮੇਲ ਕਰ ਵੀਹ ਇਕੀਹ ਚੜਾਉ ਹਿੰਡੋਲਾ । ਅੰਤਰਜਾਮੀ ਬਾਲਾ ਭੋਲਾ । [ਭਾ: ਗੁ: ਵਾ: ੩੯–੨ |
| ੯ ਗੁਰੂ ਜੀ ਨੇ ਰੂਹਾਨੀਅਤ ਤੇ | ਧਰਮਸਾਲ ਕਰ ਬਹੀਦਾ ਇੱਕਤ ਥਾਂ ਨ ਟਿਕੇ |

ਬੀਰ ਰਸ ਇਕੱਠੇ ਕੀਤੇ, ਇਹ ਇਕ ਭਾਰੀ ਕਮਾਲ ਹੈ, ਇਸ ਪਰ ਉਸ ਸਮੇਂ ਬੀ ਸੰਸੇ ਹੋਏ ਕਿਉਂ ਜੋ ਇਸ ਨੂੰ ਸਮਝਣਾ ਕਠਨ ਹੈ । ਸੋ ਭਾਈ ਗੁਰਦਾਸ ਜੀ ਲੋਕਾਂ ਦੇ ਸੰਸੇ ਐਉਂ ਦਸਦੇ ਹਨ:—

ਟ੍ਹਿਕਾਇਆ ॥ ਪਾਤਸ਼ਾਹ ਘਰ ਆਂਵਦੇ ਗੜ੍ਹ ਚੜ੍ਹਿਆ ਪਤਿਸ਼ਾਹ ਚੜ੍ਹਾਇਆ ॥ ਉੱਮਤ ਮਹਿਲ ਨ ਪਾਂਵਦੀ ਨੱਠਾ ਫਿਰੈ ਨ ਡਰੈ ਡਰਾਇਆ ॥ ਮੰਜੀ ਬਹਿ ਸੰਤੋਖਦਾ ਕੁਤੇ ਰਖਿ ਸ਼ਿਕਾਰ ਖਿਲਾਇਆ॥ਬਾਣੀ ਕਰ ਸੁਣ ਗਾਂਵਦਾ ਕਥੈ ਨ ਸੁਣੈ ਨ ਗਾਵ ਸੁਣਾਇਆ ॥ ਸੇਵਕ ਪਾਸ ਨ ਰਖੀਅਨਿ ਦੋਖੀ ਦੁਸ਼ਟ ਆਗੂ ਮੁਹਿ ਲਾਇਆ ॥ ਸੱਚ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ॥ ਅੱਜਰ ਜਰੈ ਨ ਆਪ ਜਣਾਇਆ ॥੨੪॥

[ਵਾ: ਭਾ: ਗੁ: ੨੬

੧੦. ਇਨ੍ਹਾਂ ਸੰਸਿਆਂ ਦੀ ਨਵਿਰਤੀ ਲਈ ਭਾਈ ਜੀ ਅਗਲੀਆਂ ਪੌੜੀਆਂ ਵਿਚ ਦਸਦੇ ਹਨ ਕਿ ਗੁਰੂ ਜੀ ਨੇ ਸਤਿਸੰਗ ਦੇ ਗਿਰਦੇ ਬੀਰ ਰਸ ਦੀ ਵਾੜ ਲਾਈ ਹੈ ।

*ਖੇਤੀਵਾੜ ਸੁ ਢਿੰਗਰੀ ਕਿੱਕੁਰ ਆਸ ਪਾਸ ਜਿਉਂ ਬਾਗੈ॥ ਸੱਪ ਲਪੇਟੇ ਚੰਨਣੈ ਬੂਹੇ ਜੰਦਾ ਕੁੱਤਾ ਜਾਗੈ ॥ ਕਵ੍ਲੇ ਕੰਡੇ ਜਾਣੀਅਨ ਸਜਾਣਾ ਇਕ ਕੋਈ ਵਿਚ ਫਾਗੈ ॥ ਜਿਉਂ ਪਾਰਸ ਵਿਚ ਪੱਥਰਾਂ ਮਣੀ ਮਸਤਕ ਜਿਉਂ ਕਾਲੈ ਨਾਗੈ ॥ ਰਤਨ ਸੋਹੈ ਗਲ ਪੋਤ ਵਿਚ ਮੈਗਲ ਬੱਧਾ ਕਚੈ ਧਾਗੈ ॥ ਭਾਵ ਭਗਤਿ ਭੁਖ ਜਾਇ ਘਰ ਬਿਦਰ ਖਵਾਲੈ ਪਿੰਨੀ ਸਾਗੈ ॥ ਚਰਣ ਕਵਲ ਗੁਰ ਸਿਖ ਭਉਰ ਸਾਧ ਸੰਗਤ ਸਹਲੰਗ ਸਭਾਗੈ ॥ ਪਿਰਮ ਪਿਆਲੈ ਦੁਤਰੁ ਝਾਗੈ ॥੨੫॥

[ਵਾ: ਭਾ: ਗੁ: ੨੬

੧੧. ਗੁਰੂ ਹਰਿਗੋਬਿੰਦ ਜੀ ਮੀਰੀ ਪੀਰੀ ਦੋਹਾਂ ਵਿਚ ਕਾਮਲ ਹਨ:-

ਹਮ ਅਜ਼ ਫਕਰ ਹਮ ਸਲਤਨਤ ਨਾਮਵਰ ।
ਬ ਫ਼ੁਰਮਾਨੇ ਓ ਜੁਮਲਾ ਜ਼ੇਰੋ ਜ਼ਬਰ† ।

[ਭਾ: ਨੰ: ਲਾ: ਸ: ਖ਼ਾਸ

੧੨. ਵਾਹਿਗੁਰੂ ਦੀ ਮਿਹਰ ਦਾ ਸਰੂਪ ਹਨ ਤੇ ਪੁਰਸ਼ੋਤਮਾਂ ਤੋਂ ਉੱਚੇ ਹਨ ।

ਵਜੂਦਸ਼ ਸਰਾਪਾ ਕਰਮ ਹਾਇ ਹੱਕ਼ ।
ਜ਼ਿ ਖ਼ਾਸਾਂ ਰਬਾਇੰਦਹ ਗੋਏ ਸਬਕ਼‡ ।

[ਭਾ: ਨੰ: ਲਾ: ਸ: ਖ਼ਾਸ

੧੩. ਸੂਰ ਬੀਰ ਹਨ ।

ਤੇਗ਼ਸ਼ ਦੁਸ਼ਮਨ ਅਫ਼ਗਨ ਵ ਤੀਰਸ਼ ਖ਼ਾਰਾ ਸ਼ਿਕਨ§ ।

[ਭਾ: ਨੰ: ਲਾ: ਸ: ਖ਼ਾਸ

---

*ਇਹ ੨੫ ਵੀਂ ਪਉੜੀ ਹੈ ੨੬ ਵਾਰ ਦੀ. ਇਥੋਂ ਲੈਕੇ ਵਾਰ ਦੇ ਅੰਤ ਤਕ ਇਹੋ ਭਾਵ ਹੈ, ਕਿ ਏਹ ਸਤਿਗੁਰੂ ਜੀ ਬੀ ਉਹਨਾਂ ਹੀ ਗੁਣਾਂ, ਸੁਭਾਵਾ, ਅਵਸਥਾ ਤੇ ਆਤਮਕ ਪਦਵੀ ਦੇ ਮਾਲਿਕ ਹੈਨ ਜੈਸੇ ਪਹਿਲੇ ਸਨ ।

†ਅਰਥ—ਫਕੀਰੀ ਤੇ ਰਾਜ ਦੁਹਾਂ ਵਿਚ ਪ੍ਰਸਿੱਧ ਹਨ ਤੇ ਹੇਠਲੇ ਉਪਰਲੇ ਉਨ੍ਹਾਂ ਦੇ ਹੁਕਮ ਵਿਚ ਹਨ ।

‡ਅਰਥ—ਉਸ ਦਾ ਵਜੂਦ ਸਿਰ ਤੋਂ ਪੈਰਾਂ ਤੀਕ ਰੱਬੀ ਬਖਸ਼ਸ਼ਾਂ ਦਾ, ਸਭ ਖਾਸ ਲੋਕਾਂ (ਰੱਬੀ ਲੋਕਾਂ) ਤੋਂ ਵਧ ਜਾਣ ਵਾਲਾ (ਵੱਡਾ) ਹੈ ।

§ਤਲਵਾਰ ਉਹਨਾਂ ਦੀ ਵੈਰੀ ਨੂੰ ਡੇਗਣ ਵਾਲੀ ਤੇ ਤੀਰ ਪੱਥਰਾਂ ਨੂੰ ਤੋੜਨ ਵਾਲਾ ਹੈ ।

## ਸ੍ਰੀ ਗੁਰੂ ਹਰਿ ਰਾਇ ਜੀ।

| | |
|---|---|
| ੧. ਪਾਤਸ਼ਾਹ ਤੇ ਸੰਤ ਦੋਵੇਂ ਗੁਣਾਂ ਵਾਲੇ ਹੈਨ ਸੱਤਵੇਂ ਗੁਰੂ ਜੀ। | ਹਕ ਪਰਵਰ ਹਕ ਕੇਸ਼ ਗੁਰੂ ਕਰਤਾ ਹਰਿ ਰਾਇ।<br>ਸਲਤਨਤ ਹਮ ਦਰਵੇਸ਼ ਗੁਰੂ ਕਰਤਾ ਹਰਿ ਰਾਇ*।<br>[ਭਾ: ਨੰਦ ਲਾ: ਸ: ਹਫਤਮ |

## ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ।

| | |
|---|---|
| ੧. ਬਜ਼ੁਰਗੀ ਤੇ ਬਖਸ਼ਿਸ਼ ਦਾ ਸਰੂਪ ਹੈਨ। | ਗੁਰੂ ਹਰਿ ਕ੍ਰਿਸ਼ਨ ਆਂ ਹਮਾ ਫਜ਼ਲੋ ਜੂਦ। ਹਕਸ਼ ਅਜ਼ ਹਮਾ ਖਾਸਗਾਂ ਬਰ ਸਤੂਦ†। [ਭਾ: ਨੰ: ਲਾ: ਸ: ਹਸ਼ਤਮ |
| ੨. ਕਰਾਮਾਤ ਵਾਲੇ ਹਨ। | ਇਅ੍ਜਾਜ਼ੇ ਕੁਦਸੀਅਸ਼ ਸ਼ੁਹਰਾ ਆਫਾਕ‡।<br>[ਭਾ: ਨੰ: ਲਾ: ਸ: ਹਸ਼ਤਮ |

## ਸ੍ਰੀ ਗੁਰੂ ਤੇਗ਼ ਬਹਾਦਰ ਜੀ।

| | |
|---|---|
| ੧. ਨੌਵੇਂ ਸਤਿਗੁਰੂ ਜੀ ਦਾ ਅਪਣਾ ਵਾਕ ਹੈ-'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ' ਆਪ ਨੇ ਜਦ ਧਰਮ ਹੇਤ ਸੀਸ ਦਿੱਤਾ ਤਾਂ ਆਪ ਦੀ ਕਰਨੀ ਕਹਿਣੀ ਦੀ ਏਕਤਾ ਸਫੁਟ ਦਿੱਸ ਪਈ। ਜੈਸਾ ਕਿ ਦਸਮੇਸ਼ ਜੀ ਨੇ ਆਪ ਸਾਖ ਭਰੀ ਹੈ:– | ਸਾਧਨ ਹੇਤ ਇਤੀ ਜਿਨਿ ਕਰੀ।<br>ਸੀਸ ਦੀਯਾ ਪਰ ਸੀ ਨ ਉਚਰੀ ॥੧੩॥ [ਬਚਿਤ੍ਰ ਨਾ: ਧਿ: ੫ |
| ੨. ਪਰਮੇਸ਼ੁਰ ਦੇ ਪਿਆਰ ਵਿਚ ਸਭ ਤੋਂ ਵਡੇ ਹੈਨ। | ਅਫਸਰ ਬਰਗੁਜ਼ੀਦਾਨੇ ਖਾਸ ਵ ਤਾਜੇ ਹਕ ਪਰਵਰਾਨਿ ਹਕੀਕਤ ਇਖ਼ਤਸਾਸ§। [ਸਲ: ਨਹੁਮ |
| ੩. ਭਾਣਾ ਮੰਨਣ ਵਾਲੇ ਤੇ ਤਾਣ ਹੁੰਦੇ ਨਿਤਾਣੇ ਰਹਿਣ ਵਾਲੇ। | ਬਾਵਜੂਦ ਕਦਰੇ ਕੁਦਰਤੇ ਵਾਲਾ ਸਰਨਿਹਾਦਹਏ ਤਸਲੀਮੇ ਰਜ਼ਾ ਵ ਪਿਨਹਾਂ ਸਾਜ਼ੇ ਅਜ਼ਮਤ ਵ ਅਜਲਾਲ ਕੁਬਰਾ‖।<br>[ਭਾ: ਨੰ: ਲਾ: ਸ: ਨਹੁਮ |
| ੪. ਵਾਹਿਗੁਰੂ ਜੀ ਨਾਲ ਅਭੇਦ ਹਨ। | ਕਾਇਮ ਬਿੱਜ਼ਾਤੇ ਹਕੁੱਲਕਦੀਮ()। [ਭਾ: ਨੰ: ਲਾ: ਸ: ਨਹੁਮ |

*ਸਚਪਾਲਣ ਵਾਲੇ, ਸਚ ਜਿਨ੍ਹਾਂ ਦਾ ਮਜ਼ਹਬ ਹੈ, ਪਾਤਸ਼ਾਹ ਬੀ ਹਨ ਤੇ ਦਰਵੇਸ਼ ਬੀ ਹਨ ਸ੍ਰੀਕਰਤਾ ਹਰਿਰਾਇ ਜੀ। †ਗੁਰੂ ਹਰਿਕ੍ਰਿਸ਼ਨ ਜੀ ਸਮੂਹ ਬਜ਼ੁਰਗਾਂ ਤੇ ਬਖਸ਼ਸ਼ਾਂ ਦਾ ਵਜੂਦ ਹਨ। ਆਪ ਰੱਬ ਨੇ ਉਨ੍ਹਾਂ ਨੂੰ ਸਾਰਿਆਂ ਖਾਸਾਂ (ਖਾਸ ਲੋਕਾਂ) ਤੋਂ ਸਲਾਹਿਆ। ‡ਉਸਦੀ ਪਵਿੱਤ੍ਰ ਕਰਾਮਾਤ ਜਗਤ ਪ੍ਰਸਿੱਧ ਹੈ।

§ਚੁਣੇ ਹੋਏ ਖਾਸ ਲੋਕਾਂ ਦਾ ਸਰਦਾਰ ਤੇ ਹਕੀਕਤ ਦੀ ਖਾਸੀਅਤ ਵਾਲਿਆਂ ਦਾ ਸਿਰਤਾਜ।

‖ਤਾਕਤ ਦੇ ਹੁੰਦਿਆਂ ਸੁੰਦਿਆਂ ਰਬ ਦੀ ਰਜ਼ਾ ਅਗ ਸਿਰ ਨਿਵਾਉਣ ਵਾਲਾ ਅਤੇ ਆਪਣੀ ਵਡੀ ਬਜ਼ੁਰਗੀ ਤੇ ਅਜ਼ਮਤ ਨੂੰ ਛੁਪਾਉਣ ਵਾਲਾ। ()ਕਦੀਮੀ ਰੱਬਦਾ ਜ਼ਾਤ ਨਾਲ ਕਾਇਮ ਭਾਵ ਸਾਈਂ ਨਾਲ ਅਭੇਦ।

| | |
|---|---|
| ੫. ਦਿੱਲੀ ਵਿਚ ਸੀਸ ਦਿੱਤਾ ਧਰਮ ਹੇਤ। | ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਆ ਪਯਾਨ ॥<br>ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥ ੧੫॥<br>[ਬਚਿਤ੍ਰ ਨਾ: ਧਿ: ੫। |

## ਸ਼੍ਰੀ ਗੁਰੂ ਗੋਬਿੰਦ ਸਿੰਘ ਜੀ।

ਬਚਿਤ੍ਰ ਨਾਟਕ ਵਿਚੋਂ ਸਾਨੂੰ ਦਸਮ ਗੁਰੂ ਜੀ ਦਾ ਆਪਣਾ ਲਿਖਯਾ ਇਤਿਹਾਸ ਮਿਲਦਾ ਹੈ, ਜਿਸ ਵਿਚ ਉਨ੍ਹਾਂ ਦੀ ਤਪੱਸਯਾ ਤੇ ਰਬ ਵਲੋਂ ਸਰਫਰਾਜ਼ੀ ਤੇ ਜਗਤ ਤੇ ਆਉਣਾ ਤੇ ਧਰਮ ਦਾ ਮਾਰਗ ਚਲਾਉਣਾ, ਗੁਰ ਅਵਤਾਰ ਆਦਿ ਸਾਰੇ ਹਾਲਾਤ ਮਿਲਦੇ ਹਨ। ਉਹ ਮਾਨੋਂ ਕੁਝ ਬਰਸਾਂ ਦੀ ਅਪਣੀ ਸ੍ਵੈ ਲਿੱਖਤ ਜੀਵਨੀ ਹੈ। ਆਪ ਦੀਆਂ ਉੱਚ ਕਰਨੀਆਂ ਤੇ ਆਪਾਵਾਰ ਕੁਰਬਾਨੀਆਂ ਦਾ ਇਤਿਹਾਸ ਇਸ ਗ੍ਰੰਥ ਵਿਚੋਂ ਤੇ ਹੋਰ ਜ਼ਫਰਨਾਮੇਂ ਵਿਚੋਂ ਚਮਕੌਰ ਦੇ ਸਾਕੇ ਆਦਿ ਦੇ ਹਾਲ ਮਿਲ ਜਾਂਦੇ ਹਨ। ਦੇਖੋ ਬਚਿੱਤ੍ਰਨਾਟਕ ਤੇ ਜ਼ਫ਼ਰਨਾਮਾ।

ਭਾਈ ਨੰਦ ਲਾਲ ਜੀ ਦੀ ਚਸ਼ਮਦੀਦ ਉਗਾਹੀ ਇਉਂ ਹੈ:—

| | |
|---|---|
| ੧. ਦਸਮੇ ਗੁਰੂ ਜੀ ਨਵਾਂ ਦਾ ਰੂਪ ਹਨ। | ਜਲਵਾ ਆਰਾਏ ਆਂ ਨੁਹ ਮਸ਼ਅਲਿ ਹਕ ਫਰੋਗ਼*। [ਸਲਤਨਤ ਦਹਮ |
| ੨. ਆਪ ਵਿਚ ਕਰਾਮਾਤ ਹੈ। | ਮੁਸ਼ਤਹਿਰ ਸਾਜ਼ੇ ਕੁਦਸੀ ਇਅਜਾਜ਼†। [ਸਲਤਨਤ ਦਹਮ |
| ੩. ਦੂਸਰੇ ਦੀ ਸੇਵਾ ਦੇ ਚਾਹਵਾਨ ਨਹੀਂ ਹਨ। | ਅਜ਼ਹਰ ਤਾਅੁਤੇ ਖ਼ਿਦਮਤ ਬੇਨਿਆਜ਼‡। [ਸਲਤਨਤ ਦਹਮ |
| ੪. ਆਪ ਦਾ ਰੁਤਬਾ ਸਭ ਤੋਂ ਵਡਾ ਹੈ; ਬ੍ਰਹਮਾ, ਸ਼ਿਵ, ਰਾਮ, ਕ੍ਰਿਸ਼ਨ, ਆਦਿ ਸਾਰੇ ਆਪ ਦੇ ਚਰਨਾਂ ਦੀ ਧੂੜ ਚੁੰਮਣ ਵਾਲੇ ਤੇ ਜਸ ਕਰਨ ਵਾਲੇ ਹਨ। | ਸਦ ਹਜ਼ਾਰਾਂ ਈਸ਼ਰ ਵ ਬ੍ਰਹਮਾਂ ਵ ਅਰਸ਼ ਵ ਕੁਰਸੀ ਖ੍ਵਾਹਿੰਦਾਇ ਪਨਾਹਸ਼§।<br>ਸਦ ਹਜ਼ਾਰਾਂ ਰਾਮ ਵ ਰਾਜਾ ਵ ਕਾਨ੍ਹ ਵ ਕਿਸ਼ਨ ਖ਼ਾਕ ਬੋਸਿ ਅਕਦਾਮਸ਼‖।<br>ਸਦ ਹਜ਼ਾਰਾਂ ਮੁਕਬਲੇ ਖਾਸੇ ਹਮਦੀਅਤ ਸਤਾਇਸ਼ ਗਰਸ਼()। [ਸਲਤਨਤ ਦਹਮ |

## ੨. ਸਵਿਸਥਾਰਿਕ ਇਤਿਹਾਸ।

ਸਤਿਗੁਰਾਂ ਦਾ ਸਾਰੰਸ਼ਿਕ ਇਤਿਹਾਸ ਅਸਾਂ ਹੁਣ ਵੇਖ ਲਿਆ ਹੈ। ਸੋ ਲਗ ਪਗ ਅੱਖੀਂ ਦੇਖਣ ਵਾਲੇ ਵਿਦਵਾਨਾਂ ਤੇ ਵਾਹਿਗੁਰੂ ਜੀ ਦੇ ਗਿਆਨ ਨਾਲ ਸਰਸ਼ਾਰ ਹੋਏ ਲੇਖਕਾਂ ਦੀਆਂ ਲਿੱਖਤਾਂ ਤੋਂ ਇਹ ਲੋੜ ਪੂਰੀ ਹੋਈ ਮਿਲ ਗਈ ਹੈ। ਇਸ ਲੱਭਤ†† ਨੇ ਇਕ ਧ੍ਰੁਵਾ ਬੰਨ੍ਹ ਦਿੱਤਾ ਹੈ

---

*ਹੱਕ ਨੂੰ ਰੋਸ਼ਨ ਕਰਨ ਵਾਲੀਆਂ ਨੌਂ ਜੋਤਾਂ ਦੇ ਚਾਨਣ ਨੂੰ (ਉਸੇ ਤਰ੍ਹਾਂ) ਫਰੋਗ਼ ਵਿਚ (ਚਮਕ ਵਿਚ) ਰਖਣ ਵਾਲੇ ਹਨ। †ਪਵਿਤ੍ਰ ਕਰਾਮਾਤਾਂ ਨੂੰ ਜ਼ਾਹਰ ਕਰਨ ਵਾਲੇ ਹਨ। ‡ਹਰ ਤਾਬਿਆਦਾਰੀ ਤੇ ਸੇਵਾ ਤੋਂ ਨਿਰਇੱਛਕ ਹਨ। §ਲਖਾਂ ਸ਼ਿਵ, ਬ੍ਰਹਮਾ ਤੇ ਅਰਸ਼ੀ ਕੁਰਸੀ ਉਸਦੀ ਪਨਾਹ ਚਾਹੁਣ ਵਾਲੇ।

‖ਲੱਖਾਂ ਸ੍ਰੀ ਰਾਮਰਾਜਾ ਤੇ ਕ੍ਰਿਸ਼ਨ ਕਨ੍ਹੱਯਾ ਉਸ ਦੇ ਚਰਨਾਂ ਦੀ ਧੂੜੀ ਚੁੰਮਣੇ ਵਾਲੇ ਹਨ।

()ਲਖਾਂ ਕਬੂਲ ਹੋਏ ਹੋਏ ਤੇ ਖਾਸ ਸਲਾਹੇ ਹੋਏ ਉਸ ਦੀ ਸਿਫਤ ਸ਼ਲਾਘਾ ਕਰਦੇ ਹਨ।

††ਢੂੰਡ ਭਾਲ ਕਰਨ ਨਾਲ ਜੋ ਸ਼ੈ ਯਾ ਸਿੱਧਾਂਤ ਹੱਥ ਆ ਜਾਵੇ। [ਪੰਜਾਬੀ ਲੱਭਣਾ=ਢੂੰਡਣੀ।

ਕਿ ਜਿਸ ਦੇ ਨਾਲ ਅਸੀਂ ਵਿਸਥਾਰ ਨਾਲ ਲਿਖੇ ਗਏ ਇਤਿਹਾਸ ਨੂੰ ਕਸਵਟੀ ਲਾਕੇ ਪਰਖਣ ਵਿਚ ਸੁਖਾਲੇ ਹੋਵਾਂਗੇ।

ਹੁਣ ਰਿਹਾ ਵਰਣਨ ਦੂਸਰੇ ਪੱਖ 'ਵਿਸਥਾਰ ਵਾਲੇ' ਇਤਿਹਾਸ ਦਾ। ਅਰਥਾਤ–ਉਹ ਇਤਿਹਾਸ ਜੋ ਕ੍ਰਮ ਵਾਰ ਜਿਵੇਂ ਜਿਵੇਂ ਵਾਕਿਆਤ ਹੋਏ ਉਸ ਤਰਤੀਬ ਵਿਚ ਜਿੰਨਾਂ ਖੁਹਲਕੇ ਹੋ ਸਕਿਆ ਲਿਖਿਆ ਗਿਆ ਹੋਵੇ। ਇੱਥੇ ਅਸਾਂ ਟੋਲ ਕਰਨੀ ਹੈ ਉਨ੍ਹਾਂ ਲਿਖਤਾਂ ਦੀ ਜੋ ਸਤਿਗੁਰਾਂ ਦੇ ਜੀਵਨ ਸਮਾਚਾਰਾਂ ਬਾਬਤ ਇਤਿਹਾਸਕਾਰਾਂ ਨੇ ਲਿਖੇ। ਇਸ ਪਾਸੇ ਸਾਨੂੰ ਉਦਾਸੀ ਦਾ ਮੂੰਹ ਜ਼ਰੂਰ ਦੇਖਣਾ ਪੈਂਦਾ ਹੈ, ਕਿਉਂਕਿ ਸ਼ੁਰੂ ਤੋਂ ਅੰਤ ਤਕ ਸਾਰੇ ਸਤਿਗੁਰਾਂ ਦੇ ਹਾਲਾਤ ਉਨ੍ਹਾਂ ਦੇ ਸਮੇਂ ਹੀ ਕਲਮ ਬੰਦ ਕੀਤੇ ਹੋਏ ਸਾਨੂੰ ਕਿਸੇ ਇਕ ਥਾਵੋਂ ਨਹੀਂ ਮਿਲਦੇ। ਪਰ ਮੂਲੋਂ ਨਿਰਾਸਤਾ ਬੀ ਨਹੀਂ, ਟੋਲ ਕਰਨ ਤੇ ਕੁਛ ਸਾਮਾਨ ਮਿਲਦੇ ਹਨ ਜੋ ਬਹੁਤ ਸਹਾਈ ਹੁੰਦੇ ਹਨ ਤੇ ਹੋਰ ਟੋਲ ਹੋਵੇ ਤਾਂ ਹੋਰ ਕੁਛ ਬੀ ਲੱਭ ਸਕਦਾ ਹੈ। ਫਿਰ ਕਈ ਸਾਮਾਨ ਐਸੇ ਮਿਲਦੇ ਹਨ ਕਿ ਜੋ ਇਤਿਹਾਸਕ ਛਾਣ ਬੀਨ ਦੇ ਮੁਥਾਜ ਹਨ ਤੇ ਜਿਨ੍ਹਾਂ ਨੂੰ ਗੁਰਬਾਣੀ ਦੀ ਰੋਸ਼ਨੀ ਵਿਚ ਤੇ ਉੱਪਰਲੀ ਦੱਸੀ ਕਸਵਟੀ ਉਤੇ ਪਰਖਣ ਦੀ ਬੀ ਲੋੜ ਹੈ।

ਪਹਿਲੇ ਸਤਿਗੁਰੂ ਜੀ ਦੇ ਅੰਤਰ ਧਿਆਨ ਹੋਣ ਮਗਰੋਂ ਪਹਿਲੇ ਗੁਰੂ ਜੀ ਦੀ ਥਾਪੀ ਹੋਈ ਦੂਜੀ ਗੁਰੂ ਮੂਰਤੀ ਪ੍ਰਤੱਖ ਦਰਸ਼ਨ ਦੇਂਦੀ ਤੇ ਗੁਰ ਗੱਦੀ ਤੇ ਰੌਣਕ ਲਾਈ ਦਿਸ ਪੈਂਦੀ ਸੀ। ਸਿੱਖਾਂ ਦਾ ਝੁਕਾਉ ਸਤਿਗੁਰਾਂ ਨੇ ਗੁਰਬਾਣੀ ਤੇ ਨਾਮ ਵੱਲ ਪਾਇਆ ਸੀ ਤੇ ਗੁਰੂ ਪ੍ਰੇਮ ਸਿੱਖਾਂ ਵਿਚ ਅਮਿੱਤਾ ਸੀ। ਗੁਰੂ ਜੀ ਦੇ ਸਚਖੰਡ ਪਯਾਨ ਪਰ ਵਿਛੋੜਾ ਤੇ ਵਿਯੋਗ ਤਾਂ ਹੁੰਦਾ ਸੀ ਪਰ ਪ੍ਰਤੱਖ ਗੁਰ ਗੱਦੀ ਉਤੇ ਉਹੋ ਜਿਹਾ ਲੋੜਾਂ ਪੂਰਣਹਾਰ ਬੈਠਾ ਦੇਖਕੇ ਓਹ ਅਕਹਿ ਹਾਹੁਕਾ ਤੇ ਲੁੱਛਣੀ ਨਹੀਂ ਸੀ ਪੈਂਦੀ ਜਿਸਤੋਂ ਮਨ ਦਾ ਵੇਗ ਕੇਵਲ ਮੂਰਤਾਂ ਲਿਖਣ, ਬੁਤ ਤ੍ਰਾਸ਼ਨ ਤੇ ਹਦੀਸਾਂ ਲਿਖਣ ਵਲ ਜਾ ਪੈਂਦਾ ਹੈ*।ਨਾਲੇ ਬੁਤ ਪ੍ਰਸਤੀ ਤੇ ਮੂਰਤੀ ਪੂਜਾ ਸਿਖ ਮਤ ਵਿਚ ਸਖਤ ਮਨ੍ਹੇ ਸੀ।ਪਰ ਇਤਿਹਾਸ ਵੱਨੇ ਸਿੱਖਾਂ ਦੇ ਪਿਆਰ ਨੇ ਵਿਛੁੜੇ ਸਤਿਗੁਰਾਂ ਦੇ ਜੀਵਨ ਨੂੰ ਮੂਲੋਂ ਵਿਸਾਰੇ ਵਿਚ ਨਹੀਂ ਟਿਕਾ ਦਿੱਤਾ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਤ੍ਰਿੱਖੇ ਤੇ ਡੂੰਘੇ ਪ੍ਰੇਮ ਨੇ ਉਨ੍ਹਾਂ ਦੇ ਪ੍ਰੀਤਮ ਜੀ ਦੇ ਅੰਤਰ ਧਿਆਨ ਮਗਰੋਂ ਉਨ੍ਹਾਂ ਦੇ ਜੀਵਨ ਸਮਾਚਾਰ ਜਮਾ ਕਰਵਾਏ ਤੇ ਸਾਖੀ ਲਿਖਵਾਈ। ਜੋ ਥੋੜੇ ਸਮੇਂ ਦੇ ਹਾਲਾਤ ਆਪ ਨੇ ਆਪ ਦੇਖੇ ਸਨ ਉਹ ਤਾਂ ਆਪਨੂੰ ਮਾਲੂਮ ਹੀ ਸੇ, ਜੋ ਸਿੱਖਾਂ ਦੇਖੇ ਉਹ ਵੀ ਕੱਠੇ ਕੀਤੇ ਗਏ, ਪਰ ਜੋ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਸਮੇਂ ਅਰਥਾਤ ਬਾਲਪਨੇ ਦੇ ਹਾਲ ਸੇ ਸੋ ਆਪ ਪਾਸ ਨਹੀਂ ਸੇ। ਇਸ ਲਈ ਆਪ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਬਾਲਕ ਉਮਰ ਦੇ ਚੋਜਾਂ ਦੇ ਅੱਖੀਂ ਦੇਖਣ ਵਾਲੇ ਦੀ ਭਾਲ ਕੀਤੀ। ਸਭ ਤੋਂ ਪਹਿਲਾਂ ਉਹ ਹਾਲਾਤ ਜੋ ਇਸ ਅੱਖੀਂ ਵੇਖਣ ਵਾਲੇ ਅਰਥਾਤ ਸਾਖੀ (ਸਾਕਸ਼ੀ) ਤੋਂ ਲੱਭੇ ਸੋ ਲਿਖਵਾਏ ਤੇ ਉਸ ਦਾ ਨਾਮ ਜਨਮ ਸਾਖੀ ਧਰਿਆ। 'ਜਨਮਸਾਖੀ' ਦਾ ਪਹਿਲਾ ਅਰਥ ਹੈ:–

---

*ਜਿਵੇਂ ਬੁੱਧ ਜੀ ਦੇ ਚਲਾਣੇ ਪਰ ਉਨ੍ਹਾਂ ਦੀ ਉੱਮਤ ਵਿਚ ਦੂਸਰਾ ਬੁੱਧ ਨਾ ਦਿੱਸਣ ਕਰਕੇ ਜੋ ਅਕਹਿ ਵਿਯੋਗ ਉੱਮਤ ਨੂੰ ਪਿਆ ਉਸ ਨੇ ਬੁੱਧ ਜੀ ਦੇ ਬੁੱਤ ਤ੍ਰਾਸ਼ਣ ਦੇ ਹੁਨਰਾਂ ਵਿਚ ਤੇ ਬੁੱਤਾਂ ਦੀ ਪੂਜਾ ਭਗਤੀ ਵਿਚ ਤ੍ਰਿਪਤੀ ਪਾਈ।

'ਜਨਮ ਸਮੇਂ ਦੇ ਹਾਲਾਤ ਦੀ ਅੱਖੀਂ ਡਿੱਠੀ ਉਗਾਹੀ'।

ਪਦ 'ਸਾਖੀ' ਦਾ ਅਰਥ ਹੈ, ਸ+ਅਕਸ਼ੀ=ਅੱਖੀਂ ਦੇਖਣਾ ਯਾ ਅੱਖੀਂ ਦੇਖੀ ਹੋਈ ਬਾਤ, ਇਸਦਾ ਦੂਸਰਾ ਅਰਥ ਹੈ ਅੱਖੀਂ ਦੇਖਣ ਵਾਲਾ=ਉਗਾਹ*। ਸੋ ਜਨਮ ਸਾਖੀ ਦਾ ਅਰਥ ਇਕ ਤਾਂ ਹੈ 'ਜਨਮ ਦੀ ਵਿਥਿਆ ਨੂੰ ਅੱਖੀਂ ਦੇਖਣ ਵਾਲਾ' ਤੇ ਦੂਸਰਾ ਅਰਥ ਹੈ 'ਜਨਮ ਦੀ ਅੱਖੀਂ ਡਿੱਠੀ ਉਗਾਹੀ'†, ਇਥੋਂ ਉਗਾਹੀ ਦੇ ਅਰਥ ਬਣ ਗਏ ਵਿਥਿਆ। ਸੋ ਪਹਿਲੋਂ ਤਾਂ ਲੱਭਿਆ ਗਿਆ ਜਨਮ ਦੇ ਹਾਲਾਤ ਦਾ ਸਾਖੀ—ਅੱਖੀਂ ਦੇਖਣ ਵਾਲਾ—ਉਗਾਹ। ਜੋ ਕੁਛ ਉਸ ਨੇ ਦੱਸਿਆ ਉਹ ਬਣ ਗਈ ਜਨਮ ਸਾਖੀ, ਭਾਵ ਜਨਮ ਸਮੇਂ ਦੇ ਹਾਲਾਤ ਦੀ ਉਗਾਹੀ ਯਾ ਅੱਖੀਂ ਡਿੱਠੇ ਹਾਲਾਤ ਦੀ ਵਿਥਿਆ। ਇਉਂ ਜਨਮ ਸਾਖੀ ਦਾ ਅਰਥ ਬਣਿਆਂ ਜਨਮ ਤੇ ਬਾਲਪਨ ਦੇ ਹਾਲਾਤ ਦੀ ਵਿਥਿਆ। ਫਿਰ ਜਿਉਂ ਜਿਉਂ ਹੋਰ ਹਾਲ ਲੱਭੇ ਤਾਂ 'ਸਾਖੀ ਹੋਰ ਚਲੀ' ਲਿਖਕੇ ਉਸੇ ਪਹਿਲੀ ਨਾਲ ਜੋੜੇ ਗਏ ਤੇ ਮੁੱਢਲਾ ਨਾਮ 'ਜਨਮ ਸਾਖੀ' ਹੀ ਰਿਹਾ। ਇਉਂ ਸਾਰੀ ਜੀਵਨ ਵਿਥਿਆ ਦਾ ਨਾਮ ਹੋਗਿਆ 'ਜਨਮ ਸਾਖੀ' ਤੇ ਅੱਜ ਅਸੀਂ ਇਸ ਪਦ 'ਜਨਮ ਸਾਖੀ' ਦੇ ਅਰਥ 'ਜੀਵਨ ਵਿਥਿਆ' ਸਮਝਦੇ ਹਾਂ।

ਜੇਕਰ ਇਹ ਪਹਿਲੀ ਜਨਮ ਸਾਖੀ ਹੁੰਦੀ ਤਾਂ ਸਾਡੇ ਪਾਸ ਆਦਿ ਸਤਿਗੁਰਾਂ ਦਾ ਸਵਿ-ਸਥਾਰਿਕ ਇਤਿਹਾਸ ਹੁੰਦਾ,ਪਰ ਸਾਨੂੰ ਕਵੀਸੰਤੋਖਸਿੰਘ ਤੋਂ ਲੈ ਭਾ: ਕਰਮਸਿੰਘ ਤੇ ਮੈਕਾਲਫ ਤਕ ਸਾਰੇ ਦੱਸਦੇ ਹਨ ਕਿ ਇਹ ਪੋਥੀ ਤਬਾਹ ਕੀਤੀ ਗਈ ਤੇ ਇਸ ਦੀ ਥਾਂਵੇਂ ਬਾਲੇ ਵਾਲੀ ਸਾਖੀ ਦਸਮੇਂ ਪਾਤਸ਼ਾਹ ਜੀਦੇ ਸਮੇਂ ਯਾ ਕੁਛ ਬਾਦ ਕਿਸੇ ਨੇ ਬਹੁਤ ਵੱਧ ਘੱਟ ਕਰਕੇ ਪਰਵਿਰਤ ਕਰ ਦਿੱਤੀ।

ਇਕ ਹੋਰ ਸੰਖੇਪ ਸ਼ੈ ਸਾਨੂੰ ਇਸੇ ਨਾਮ ਦੀ ਮਿਲਦੀ ਹੈ ਜਿਸਨੂੰ ਪੁਰਾਤਣ ਜਨਮ ਸਾਖੀ‡ ਆਖੀ ਦਾ ਹੈ। ਇਹ ਛੇਵੇਂ ਸਤਿਗੁਰਾਂ ਦੇ ਸਮੇਂ ਲਿਖੀ ਗਈ ਸੀ। ਸ਼ਕ ਕੀਤਾ ਜਾ ਸਕਦਾ ਹੈ ਕਿ ਸ਼ਾਇਦ ਇਹੋ ਸਾਖੀ ਹੋਵੇ ਜੋ ਦੂਸਰੇ ਸਤਿਗੁਰਾਂ ਲਿਖਵਾਈ ਸੀ, ਪਰ ਨਹੀਂ, ਇਸ ਪੋਥੀ ਦੇ ਅੰਦਰ ਉਗਾਹੀ ਮੌਜੂਦ ਹੈ ਕਿ ਇਹ ਕਿਸੇ ਨੇ ਛੇਵੇਂ ਸਤਿਗੁਰਾਂ ਦੇ ਸਮੇਂ ਲਿਖੀ ਹੈ ਤੇ ਖੋਜੀ ਦੱਸਦੇ ਹਨ ਕਿ ਪਿੰਡੀ ਘੇਬ ਦੇ ਪਾਸੇ ਦੇ ਕਿਸੇ ਸੇਵਾ ਦਾਸ ਨਾਮੇ ਦੀ ਇਹ ਤਸਨੀਫ ਹੈ§। ਹੁਣ ਵਾਲੀ ਜੋ ਜਨਮ ਸਾਖੀ ਬਾਲੇ ਵਾਲੀ ਕਹੀਦੀ ਹੈ, ਇਸ ਵਿਚੋਂ ਪਤਾ ਲਗ ਜਾਂਦਾ ਹੈ ਕਿ ਇਸ ਆਦਮੀ

---

*ਅੰਗ੍ਰੇਜ਼ੀ ਵਿਚ ਬੀ 'witness' ਪਦ ਦੇ ਅਰਥ ਹਨ, 'ਉਗਾਹ' 'ਉਗਾਹੀ' ਬੀ ਤੇ 'ਅੱਖੀਂ ਦੇਖੀ ਗਲ ਦੱਸਣੀ' ਬੀ ( To witness )।

†ਜਿਵੇਂ ਆਖੀ ਦਾ ਹੈ ਇਹ ਫਲਾਣੀ ਗਲ ਦਾ ਸਾਖੀ ਹੈ, ਭਾਵ ਉਗਾਹ ਹੈ। ਅਰਥਾਤ ਅੱਖੀਂ ਦੇਖਣ ਵਾਲਾ ਉਗਾਹ। ਫਿਰ ਕਹੀਦਾ ਹੈ ਇਸਦੀ 'ਸਾਖੀ' ਝੂਠੀ ਹੈ, ਭਾਵ ਉਗਾਹੀ ਝੂਠੀ ਹੈ ਤੇ ਫਿਰ ਕਹੀਦਾ ਹੈ 'ਇਹ ਸਾਖੀ ਭਰਦਾ ਹੈ'=ਉਗਾਹੀ ਦੇਂਦਾ ਹੈ।

‡ਇਸੇ ਨੂੰ ਹਾਫਜ਼ਾਬਾਦੀ ਤੇ ਮੈਕਾਲਫ ਵਾਲੀ ਸਾਖੀ ਵੀ ਆਖਦੇ ਹਨ। ਦੋਹਾਂ ਵਿਚ ਫਰਕ ਨਾਮ ਮਾਤ੍ਰ ਹਨ।

§ਇਹ ਨਾਮ ਸਰ ਸਰਦਾਰ ਅਤਰ ਸਿੰਘ ਜੀ ਨੇ ਦੱਸਿਆ ਸੀ, ਮੈਕਾਲਫ ਬੀ ਲਿਖਦਾ ਹੈ ਕਿ ਮੈਨੂੰ ਉਨ੍ਹਾਂ ਤੋਂ ਪਤਾ ਲਗਾ ਹੈ। ਇਹ ਬੀ ਸੂਹ ਹੈ ਕਿ ਸੇਵਾ ਦਾਸ ਘੇਬ ਦੇ ਇਲਾਕੇ ਦਾ ਸੀ। ਇਸ ਪੋਥੀ ਵਿਚ ਕਲਜੁਗ ਦਾ ਬੀਤਿਆ ਸੰਮਤ ੪੭੩੫ ਦਿੱਤਾ ਹੈ। ਜੋ ਐਉਂ ਲਿਖਿਆ ਹੈ 'ਕਲਿਜੁਗੁ ਚਾਰ ਹਜ਼ਾਰ ਸਤ ਸੈ ਪੈਂਤੀਸ ਬਰਸ ਵਰਤਿਆ ਹੈ। ੪੭੩੫'। ਇਸ ਹਿਸਾਬ ਬਿਕ੍ਰਮੀ ਸੰਮਤ ੧੬੯੨ ਬਣਦਾ ਹੈ ਜੋ ਛੇਵੇਂ ਸਤਿਗੁਰਾਂ ਦਾ ਸਮਾਂ ਹੈ। ਸੋ ਪੋਥੀ ਛੇਵੇਂ ਸਤਿਗੁਰਾਂ ਦੇ ਸਮੇਂ ਲਿਖੀ ਗਈ ਸੀ।

ਪਾਸ ਘੇਬੇ ਵਾਲੀ ਸਾਖੀ ਬੀ ਹੈਸੀ । ਉਤਰਾ ਖੰਡ ਦੀ ਸਾਖੀ ਤਾਂ ਇਸ ਨੇ ਲਗ ਪਗ ਹੂਬਹੂ ਘੇਬੇ ਵਾਲੀ ਤੋਂ ਨਕਲ ਕੀਤੀ ਹੈ। ਪਰ ਬਾਲੇ ਵਾਲੀ ਵਿਚੋਂ ਹੀ ਐਸੇ ਸਾਮਾਨ ਬੀ ਦਿਸ ਪੈਂਦੇ ਹਨ ਜਿਨ੍ਹਾਂ ਤੋਂ ਸੈਸਾ ਪੈ ਜਾਂਦਾ ਹੈ ਕਿ ਇਸਦੇ ਪਾਸ ਕੋਈ ਹੋਰ ਜਨਮ ਸਾਖੀ ਬੀ ਹੈਸੀ ਤੇ ਉਹ ਗ਼ਾਲਬਨ ਉਹ ਸ਼ੈ ਸੀ ਜੋ ਸ਼੍ਰੀ ਗੁਰ ਅੰਗਦ ਦੇਵ ਜੀ ਨੇ ਤਿਆਰ ਕਰਵਾਈ ਸੀ।

ਸੋ ਇਸ ਤਰ੍ਹਾਂ ਸਵਿਸਥਾਰਿਕ ਇਤਿਹਾਸ ਦਾ ਪਹਿਲਾ ਅਸਲੀ ਸਾਮਾਨ ਤਾਂ ਅਜੇ ਨਹੀਂ ਲੱਭਾ ਪਰ ਉਸ ਦਾ ਵਿਗਾੜਿਆ ਰੂਪ ਬਾਲੇ ਵਾਲੀ ਸਾਖੀ ਸਾਡੇ ਪਾਸ ਹੈ। ਦੂਸਰੀ ਸ਼ੈ ਪੁਰਾਤਣ ਜਨਮ ਸਾਖੀ ਹੈ ਜੋ ਆਦਿ ਪਾਤਸ਼ਾਹੀ ਤੋਂ ਮਗਰੋਂ ਇੰਨੇ ਥੋੜੇ ਚਿਰ ਬਾਦ ਲਿਖੀ ਗਈ ਹੈ ਕਿ ਉਸ ਵਿਚੋਂ ਜੋ ਸਾਮਾਨ ਮਿਲਦਾ ਹੈ, ਹੋਰਨਾਂ ਨਾਲੋਂ ਵਧੀਕ ਠੀਕ ਹੋਵੇਗਾ। ਇਸ ਤੋਂ ਪੁਰਾਤਣ ਭਾਈ ਗੁਰਦਾਸ ਜੀ ਹਨ, ਜਿਨ੍ਹਾਂ ਦੀ ਰਚਨਾ ਵਿਚੋਂ ਆਦਿ ਪਾਤਸ਼ਾਹੀ ਦੀਆਂ ਕੁਛ ਸਾਖੀਆਂ ਤੇ ਹੋਰ ਸਾਹਿਬਾਂ ਬਾਬਤ ਇਸ਼ਾਰੇ ਤੇ ਹੋਰ ਗੁਰ ਸਿਖਾਂ ਦੇ ਨਾਮ ਆਦਿਕ ਮਿਲਦੇ ਹਨ। ਪੰਜਵੇਂ ਛੇਵੇਂ ਸਤਿਗੁਰਾਂ ਬਾਬਤ ਬੀ ਕਈ ਗੱਲਾਂ ਦਾ ਪਤਾ ਲਗਦਾ ਹੈ। ਇਸੀ ਤਰ੍ਹਾਂ ਸੱਤਵੇਂ ਅੱਠਵੇਂ ਸਤਿਗੁਰਾਂ ਬਾਬਤ ਭਾਈ ਨੰਦ ਲਾਲ ਜੀ ਤੋਂ ਪਤੇ ਮਿਲਦੇ ਹਨ। ਏਹ ਅਸੀਂ ਸਾਂਸ਼ਿਕ ਇਤਿਹਾਸ ਵਿਚ ਬੀ ਦੱਸ ਆਏ ਹਾਂ। ਪਰ ਵਿਸਥਾਰਿਕ ਢੰਗ ਵਿਚ ਦੂਸਰੇ ਸਾਹਿਬਾਂ ਤੋਂ ਦਸਵੇਂ ਸਾਹਿਬਾਂ ਤਕ ਕੋਈ ਜਨਮ ਸਾਖੀ ਤਦੋਂ ਲਿਖੀ ਗਈ ? ਅਜੇ ਟੋਲ ਕਿਸੇ ਸ਼ੈ ਨੂੰ ਲੱਭਣ ਵਿਚ ਕਾਮਯਾਬ ਨਹੀਂ ਹੋਈ, ਹੋ ਸਕਦਾ ਹੈ ਕਿ ਮਿਲ ਜਾਵੇ, ਕਿਉਂਕਿ ਭਾਈ ਬੁੱਢੇ ਦੀ ਤੇ ਉਹਨਾਂ ਦੇ ਵੰਸ਼ਜਾਂ ਦੀ ਲਿਖੀ ਪੰਜ ਸੌ ਸਾਖੀ ਦਾ ਨਾਮ ਸੁਣਾਈ ਦੇ ਰਿਹਾ ਹੈ।

ਬੰਦੇ ਜੀ ਦੀ ਸ਼ਹਾਦਤ ਤੋਂ ਲੈਕੇ ੧੮੧੦ ਦੇ ਵਿਚ ਵਿਚ ਜੋ ਕਤਲਾਮਾਂ ਹੋਈਆਂ ਉਹਨਾਂ ਵਿਚ ਪਤਾ ਨਹੀਂ ਕਿੰਨਾਂ ਕੁਛ ਸਿੱਖਾਂ ਦਾ ਲਿਖਿਆ ਸਾਹਿਤ ਤਬਾਹ ਹੋਇਆ ਹੈ। ਲਖਪਤ ਵਾਲੀ ਕਤਲਾਮ ਵਿਚ ਤਾਂ ਸਿੱਖਾਂ ਦੀਆਂ ਪੋਥੀਆਂ ਸਾੜਨੀਆਂ ਇਕ ਖਾਸ ਯਤਨ ਸੀ ਜੋ ਜ਼ਿਦ ਨਾਲ ਪੂਰਾ ਕੀਤਾ ਜਾਂਦਾ ਸੀ। ਪਤਾ ਨਹੀਂ ਕਿੰਨਾ ਕੁਛ ਇਸ ਵੇਲੇ ਜ਼ਾਇਆ ਹੋ ਗਿਆ ਜੋ ਸਾਨੂੰ ਲੱਭ ਨਹੀਂ ਸਕਦਾ। ਇਹ ਬੀ ਇਕ ਕਾਰਨ ਹੈ ਕਿ ਜਿਸ ਕਰਕੇ ਸਵਿਸਥਾਰਿਕ ਇਤਿਹਾਸ ਦੀ ਸਾਡੇ ਪਾਸ ਥੁੜ ਹੈ।

ਇਹ ਬੀ ਹੋ ਸਕਦਾ ਹੈ ਕਿ ਬਾਕੀ ਸਤਿਗੁਰਾਂ ਦੀਆਂ ਸਾਖੀਆਂ ਇਸ ਅਰਸੇ ਵਿਚ ਕਿਸੇ ਨਾ ਲਿਖੀਆਂ ਹੋਣ; ਪਰ ਸੰਭਵ ਨਹੀਂ ਜਾਪਦਾ ਕਿ ਜਦ ਆਦਿ ਗੁਰਾਂ ਦੀ ਜਨਮ ਸਾਖੀ ਲਿਖੀ ਗਈ, ਛੇਵੇਂ ਸਤਿਗੁਰਾਂ ਵੇਲੇ ਘੇਬੇ ਨੇ ਜਨਮ ਸਾਖੀ ਲਿਖੀ ਤਾਂ ਇਹ ਮਿਸਾਲ ਸਾਰੇ ਸਿੱਖਾਂ ਨੂੰ ਹੋਰ ਸਤਿਗੁਰਾਂ ਦੀਆਂ ਸਾਖੀਆਂ ਲਿਖਣ ਵਲੋਂ ਚੁਪ ਰੱਖ ਗਈ ਹੋਵੇ। ਪੰਜ ਸੌ ਸਾਖੀ ਦਾ ਹਾਲ ਸੁਣਦੇ ਹਾਂ ਕਿ ਉਸ ਵਿਚ ਦਸਾਂ ਹੀ ਸਾਹਿਬਾਂ ਦੇ ਹਾਲਾਤ ਸਨ ਤੇ ਉਸ ਦਾ ਲਿਖਾਰੀ ਬਾਬੇ ਬੁੱਢੇ ਦਾ ਖ਼ਾਨਦਾਨ ਸੀ, ਪਰ ਉਹ ਇਸ ਸਮੇਂ ਅਜੇ ਲੱਭ ਨਹੀਂ ਸਕੀ। ਇਸ ਵਿਚੋਂ ਸੌ ਸਾਖੀ ਭੰਨੀ ਤੋੜੀ ਹੋਈ ਤਾਂ ਮਿਲਦੀ ਹੀ ਹੈ। ਸਾਨੂੰ ਇਕ ਹੋਰ ਸਾਖੀਆਂ ਦੀ ਪੋਥੀ ਨੌਵੇਂ ਤੇ ਦਸਵੇਂ ਸਤਿਗੁਰਾਂ ਦੇ ਸਫ਼ਰਾਂ ਦੀ ਮਿਲੀ ਹੈ, ਜਿਸ ਵਿਚ ੧੨੦ ਦੇ ਕਰੀਬ ਸਾਖੀਆਂ ਹਨ। ਇਨ੍ਹਾਂ ਗੱਲਾਂ ਤੋਂ ਐਸੀਆਂ ਸਾਖੀਆਂ ਦਸਾਂ ਗੁਰੂ ਸਾਹਿਬਾਂ ਦੀਆਂ ਹੋਣੀਆਂ ਸੰਭਵ ਹਨ। ਪਰਚੀਆਂ ਸੇਵਾ ਦਾਸ (ਯਾ ਵਾਰਤਕ ਮਹਿਮਾ ਪ੍ਰਕਾਸ਼) ਤੇ ਦੂਸਰਾ ਮਹਿਮਾ ਪ੍ਰਕਾਸ਼ ਬੀ ਦਲੀਲ ਹਨ ਇਸ ਗਲ ਦੀ ਕਿ ਪਹਿਲੋਂ

ਸਾਖੀਆਂ ਹੈਸਨ ਕਿਸੇ ਨਾ ਕਿਸੇ ਸ਼ਕਲ ਵਿਚ, ਜੋ ਤਬਾਹ ਹੋਈਆਂ* ਤੇ ਬਚੇ ਖੁਚੇ ਮਸਾਲੇ ਤੇ ਯਾਦ ਰਹੇ ਹਾਲਾਤ ਤੋਂ ਏਹ ਪੁਸਤਕਾਂ ੧੭੯੮ ਤੇ ੧੮੩੩ ਦੇਵਿਚ ਲਿਖੀਆਂ ਗਈਆਂ।

ਇਸ ਦੇ ਨਾਲ ਸਾਨੂੰ ਗੁਰ ਸ਼ੋਭਾ ਮਿਲਦੀ ਹੈ ਜੋ ਦਸਮੇ ਪਾਤਸ਼ਾਹ ਦੇ ਜੋਤੀ ਜੋਤਿ ਸਮਾ-ਉਣ ਦੇ ਕੁਛ ਸਾਲ ਬਾਦ ਹੀ ਲਿਖੀ ਗਈ ਜਾਪਦੀ ਹੈ। ਵਧੀਕ ਤੋਂ ਵਧੀਕ ਚਿਰਕੀ ਇਹ ੧੭੯੮ ਦੀ ਹੋ ਸਕਦੀ ਹੈ। ਸੋ ਦੁਇ ਮਹਿਮਾ ਪ੍ਰਕਾਸ਼ਾਂ ਤੇ ਗੁਰ ਸ਼ੋਭਾ ਵਿਚ ਦੂਸਰੇ ਤੋਂ ਦਸਮੇਂ ਪਾਤਸ਼ਾਹ ਦੇ ਹਾਲ ਤੇ ਕੁਛ ਬੰਦੇ ਦੇ ਹਾਲ ਹੈਨ। ਹੋਰ ਬੀ ਕੁਛ ਲਿਖਤਾਂ ਹੈਨ ਜੋ ਅਜੇ ਘੋਖੀਆਂ ਪ੍ਰਗਟੀਆਂ ਨਹੀਂ। ਗੁਰਬਿਲਾਸ ਪਾ: ਛੇ ਅਤੇ ਗੁਰਬਿਲਾਸ ਜੋ ਭਾਈ ਮਨੀ ਸਿੰਘ ਜੀ ਦਾ ਉਚਾਰਿਆ ਲਿਖਿਆ ਹੈ ਤੇ ਭਾਈ ਸੁਖਾ ਸਿੰਘ ਜੀ ਦਾ ਗੁਰਬਿਲਾਸ ਪਾ: ੧੦ ਤੇ ਇਕ ਦੋ ਹੋਰ ਵੀ ਐਸੇ ਗ੍ਰੰਥ ਹਨ‡। ਇਸ ਤੋਂ ਮਗਰੋਂ ਗੁਰ ਪ੍ਰਤਾਪ ਸੂਰਜ ਹੈ ਜਿਸ ਵਿਚ ੧੯੦੦ ਤਕ ਮਿਲ ਸਕੇ ਗੰਥਾਂ, ਪ੍ਰਸੰਗਾਂ, ਵਾਰਤਾਂ, ਰਵਾਯਤਾਂ ਦਾ ਸੰਚਯ ਹੈ ਤੇ ਮਗਰੋਂ ਰਤਨ ਸਿੰਘ ਭੰਗੂ ਦਾ ਪੰਥ ਪ੍ਰਕਾਸ਼ ਆਦਿਕ ਗ੍ਰੰਥ ਮਿਲਦੇ ਹਨ। ਇਸੀ ਤਰ੍ਹਾਂ ਬਾਹਰਲੇ ਲੇਖਕਾਂ ਤੋਂ ਬੀਕਈ ਪਤੇ ਚਲ ਸਕਦੇ ਹਨ, ਜੈਸੇ ਕਿ ਸੈਰੁਲਮੁਤਾਖ੍ਰੀਨ ਤੇ ਖੁਲਾਸਾ-ਤੁੱ-ਤ੍ਵਾਰੀਖ਼ ਵਿਚੋਂ ਪੰਜਵੇਂ ਸਤਿਗੁਰਾਂ ਦਾ ਅਕਬਰ ਤੋਂ ਪਰਜਾ ਦਾ ਮਾਮਲਾ ਮਾਫ ਕਰਵਾਉਣ ਦਾ ਪ੍ਰਸੰਗ ਮਿਲ ਜਾਂਦਾ ਹੈ। ਤੁਜ਼ਕ ਜਹਾਂਗੀਰੀ ਤੋਂ ਪੰਜਵੇਂ ਸਤਿਗੁਰਾਂ ਦੀ ਸ਼ਹਾਦਤ, ਮੁਹਸਨਫਨੀ ਤੋਂ ਛੇਵੇਂ ਸਤਵੇਂ ਸਤਿਗੁਰਾਂ ਦੇ ਕੁਛ ਪ੍ਰਸੰਗ, ਖੁਲਾਸਾ-ਤੁੱ-ਤ੍ਵਾਰੀਖ ਤੋਂ ਕਈ ਹੋਰਪ੍ਰਸੰਗ ਸਤਿਗੁਰਾਂ ਦੇ ਮਿਲਦੇ ਹਨ। ਉਮਦਾ-ਤੁੱ-ਤ੍ਵਾਰੀਖ਼ ਆਦਿ ਕਈ ਸ਼ੋਆਂ ਹਨ ਜਿਨ੍ਹਾਂ ਤੋਂ ਕੁਛ ਹਾਲਾਤ,ਦਸਾਂ ਸਤਿਗੁਰਾਂ ਦੇ ਮਿਲ ਸਕਦੇ ਹਨ। ਦਸਮੇਸ਼ ਜੀ ਤੋਂ ਮਗਰੋਂ ਦੇ ਹਾਲਾਤ ਤੇ ਖਾਸ ਕਰ ਬੰਦੇ ਦੇ ਸਮੇਂ ਦੇ ਤੇ ਮਗਰੋਂ ਦੇ ਅਨੇਕਾਂ ਫਾਰਸੀ ਸੋਮਿਆਂ ਤੋਂ ਮਿਲਦੇ ਹਨ, ਪਰ ਏਹ ਸੋਮੇ ਮੁਤਾਲਿਆ ਤੇ ਪਰਸਪਰ ਟਾਕਰੇ ਦੇ ਮੁਥਾਜ ਹਨ, ਕਿਉਂਕਿ ਤਅੱਸਬ ਦੀ ਰੰਗਤ ਕਈਆਂ ਵਿਚ ਚੋਖੀ ਹੁੰਦੀ ਹੈ।

## ੩. ਵਿਗਯਾਨਿਕ ਇਤਿਹਾਸ।

'ਸਾਰੰਸ਼ਿਕ ਤੇ ਸਵਿਸਥਾਰਿਕ' ਇਤਿਹਾਸਾਂ ਦੀ ਵੰਡ ਕਰਕੇ ਸਿੱਖ ਇਤਿਹਾਸ ਦੇ ਤੇ ਖਾਸ ਕਰ ਗੁਰੂ ਸਾਹਿਬਾਂ ਦੇ ਸਮੇਂ ਦੇ ਇਤਿਹਾਸ ਦੀ ਕੁਛ ਵਖਾਖਯਾ ਉੱਪਰ ਦੇ ਆਏ ਹਾਂ ਤੇ ਪ੍ਰਾਪਤ

---

*ਲਖਪਤ ਤੇ ਮੁਗਲ ਹਾਕਮਾਂ ਦਾ ਪੋਥੀਆਂ ਤਬਾਹ ਕਰਨਾਂ ਤੇ ਹਿੰਦਾਲੀਏ ਦਾ ਅਸਲੀ ਸਾਖੀ ਨੂੰ ਵੰਞਾ ਦੇਣਾ ਤਾਂ ਪ੍ਰਸਿਧ ਗੱਲਾਂ ਹੈਨ।ਚੁਪ ਚਾਪ ਬੀ ਬੜੀ ਤਬਾਹੀਹੋਈ ਤੇ ਹੋ ਰਹੀ ਹੈ।ਸਾਨੂੰ ਪਤਾ ਲੱਗਾਹੈ ਕਿ ਇਕ ਖ਼ਾਨਦਾਨ ਦਾ ਸੰਚਯ ਜੋ ਕਈ ਬੋਰੀਆਂ ਵਿਚ ਸੀ ।॥=) ਸੇਰ ਦੇ ਭਾ ਰੱਦੀ ਵਿਚ ਵੇਚ ਦਿਤਾ ਗਿਆ। ਇਕ ਪੁਰਾਤਨ ਸਿਖ ਖਾਨਦਾਨ ਦੀਆਂ ਇਸਤ੍ਰੀਆਂ ਨੇ ਘਰ ਵਿਚ ਪਏ ਪੁਰਾਣੇ ਕਾਗ਼ਜ਼ ਤੇ ਪੁਰਾਣੀਆਂ ਪੋਥੀਆਂ ਭਿਉਂਕੇ ਗਾਚਣੀ ਪਾਕੇ ਛਿੱਕੂ ਬਣਾ ਲਏ। ਇਕ ਹੋਰ ਸਿਖ ਦੇ ਘਰੋਂ ਪਤਾ ਲਗਾ ਸੀ ਕਿ ਸਾਡੇ ਘਰ ਕਈ ਬੋਰੀਆਂ ਸਨ ਕਾਗਜ਼ਾਂ ਪੋਥੀਆਂ ਦੀਆਂ, ਮੇਰੀ ਘਰ ਵਾਲੀ ਸੱਕਾਂ ਦੀ ਥਾਵੇਂ ਅੱਗ ਬਾਲਣ ਲਈ ਵਰਤਦੀ ਰਹੀ ਹੈ। ਸੋ ਜੇ ਯਤਨ ਹੋਵੇ ਤਾਂ ਅਜੇ ਬੀ ਬਤੇਰਾ ਕੁਛ ਬਚ ਸਕਦਾ ਹੈ।

†ਦੂਸਰੇ ਸਤਿਗੁਰਾਂ ਦੀ ਜਨਮ ਸਾਖੀ ਦੀ ਬੀ ਸ੍ਰੋਤ ਹੈ।

‡ਇਨ੍ਹਾਂ ਪੋਥੀਆਂ ਦੀ ਕੁਛ ਵੀਚਾਰ ਪਿਛੇ ੧੮ ਤੋਂ ੨੦ ਸਫੇ ਤੇ ਕਰ ਆਏ ਹਾਂ, ਕੁਛ ਅੱਗੇ 'ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਸੋਮੇ' ਵਾਲੇ ਲੇਖ ਵਿਚ ਆਵੇਗੀ ਤੇ ਕੁਛ ਦੇਵੀ ਪੂਜਨ ਪੜਤਾਲ ਵਿਚ ਹੈ। ਦੇਖੋ ਗੁ: ਪ੍ਰ: ਸੂਰਜ ਗ੍ਰੰਥ ਸਫਾ ੪੯੬੭ ਦੀ ਹੇਠਲੀ ਟੂਕ।

ਸੋਮਿਆਂ ਦੇ ਬੀ ਕੁਝਕੁ ਪਤੇ ਲਾ ਆਏ ਹਾਂ। ਹੁਣ ਸਵਿਸਥਾਰਿਕ ਇਤਿਹਾਸ ਦੀ ਕੁਛ ਘੋਖਨਾ ਕਰਦੇ ਹਾਂ। ਸਵਿਸਥਾਰਿਕ ਇਤਿਹਾਸ ਹਿੰਦ ਦਾ ਤੇ ਪੱਛਮ ਦਾ ਆਪੋ ਵਿਚ ਬਹੁਤ ਫਰਕ ਰਖਦਾ ਹੈ। ਇਸ ਪਹਿਲ ਵਿਚ ਜਦ ਇਤਿਹਾਸ ਦੀ ਘੋਖਨਾ ਕੀਤੀ ਜਾਵੇ ਤੇ ਪੂਰਬ ਪੱਛਮ ਦੇ ਇਤਿਹਾਸ ਦਾ ਟਾਕਰਾ ਕਰਕੇ ਸੋਚਿਆ ਜਾਵੇ ਤਾਂ ਪੱਛਮੀ ਇਤਿਹਾਸ ਦੀਆਂ ਲੀਹਾਂ ਹੋਰ ਜਾਪਦੀਆਂ ਹਨ ਤੇ ਪੂਰਬੀ ਦੀਆਂ ਹੋਰ। ਅਰਬ ਵਾਲਿਆਂ ਤੇ ਯੂਰਪੀਨਾਂ ਨੇ ਇਤਿਹਾਸਕ ਘਟਨਾਵਾਂ ਜਿਵੇਂ ਹੋਈਆਂ ਤਿਵੇਂ ਲਿਖਣ ਦੀ ਕੋਸ਼ਿਸ਼ ਕੀਤੀ ਹੈ ਤੇ ਇਸ ਨੂੰ ਸਾਹਿੱਤਕ ਰੰਗਣ ਦਿਤੀ ਤਾਂ ਹੈ, ਕਿਉਂਕਿ ਇਸ ਬਿਨ ਇਤਿਹਾਸ ਲਿਖਣਾ ਹੀ ਕਠਨ ਹੈ, ਪਰ ਸਾਹਿੱਤ ਕੁਛ ਘੱਟ ਹੈ ਤੇ ਯਤਨ ਹੁੰਦਾ ਹੈ ਕਿ ਜਿਥੋਂ ਤਕ ਹੋ ਸਕੇ ਵਾਕਜਾਤ ਦਾ ਜ਼ਿਕਰ ਮਾਤ੍ਰ ਹੋਵੇ, ਪਰ ਫਿਰ ਬੀ ਲੇਖਕਾਂ ਦੇ ਆਪਣੇ ਝੁਕਾਉ ਰੁਖ ਇਸ ਵਿਚ ਬੇ ਮਲੂਮੇ ਰਲ ਜਾਂਦੇ ਹਨ। ਵਾਕਜਾਤ ਦੀ ਦੁਰੁਸਤੀ ਖਿਆਲ ਵਿਚ ਤਾਂ ਹੁੰਦੀ ਹੈ ਪਰ ਕਈ ਵੇਰ ਜਾਣੇ ਅਨਜਾਣੇ ਮਨ ਦੇ ਝੁਕਾਵਾਂ ਕਰਕੇ ਫ਼ਰਕ ਪੈ ਜਾਂਦੇ ਹਨ। ਪਿਛਲੇ ਜੰਗ ਯੂਰਪ ਵਿਚ ਅੰਗ੍ਰੇਜ਼ਾਂ ਦੇ ਲਿਖੇ ਹੋਏ ਤੇ ਜਰਮਨਾਂ ਦੇ ਲਿਖੇ ਹੋਇਆਂ ਇਤਿਹਾਸਾਂ ਦੇ ਫਰਕ ਇਨ੍ਹਾਂ ਸਾਰੀਆਂ ਗਲਾਂ ਦਾ ਚੰਗਾ ਨਮੂਨਾ ਹਨ। ਨਿਪੋਲੀਅਨ ਦੇ ਜੀਵਨ ਹਾਲਾਤ ਫ੍ਰਾਸੀਸਾਂ ਦੇ ਤੇ ਅੰਗ੍ਰੇਜ਼ਾਂ ਦੇ ਲਿਖੇ ਹੋਏ ਇਸ ਗਲ ਦਾ ਫਰਕ ਸਾਫ ਦੱਸ ਦੇਂਦੇ ਹਨ। ਮਹਾਰਾਜਾ ਰਣਜੀਤ ਸਿੰਘ ਦੇ ਅਸਲੀ ਹਾਲਾਤ ਤੇ ਗ੍ਰਿਫਨ ਆਦਿਕਾਂ ਦੇ ਰੰਗੇ ਹੋਏ ਤੇ ਕਈ ਵੇਰ ਇਸ ਤੋਂ ਵੀ ਵਧਕੇ ਆਜ਼ਾਦੀਆਂ ਲੈ ਲੈਣ ਵਾਲਿਆਂ ਦੇ ਲੇਖ ਦੱਸਦੇ ਹਨ ਕਿ ਇਸ ਪੱਖ ਦੇ ਇਤਿਹਾਸਕਾਰ ਆਪਣੀਆਂ ਲੀਹਾਂ ਤੋਂ ਕਈ ਵੇਰ ਬਾਹਰ ਹੋ ਟੁਰਦੇ ਹਨ। ਕਈ ਖੋਜੀਆਂ ਨੇ ਖ਼ਫੀ ਖਾਂ ਤੇ ਖਾਸ ਕਰ ਸੈਰੁਲਮੁਤਾਖ਼ੀਨ ਬਾਬਤ ਇਸ ਤੋਂ ਬੀ ਵੱਧ ਮਾੜੀ ਰਾਇ ਕਾਇਮ ਕੀਤੀ ਹੈ। ਪਰ ਏਹ ਹਨ ਤ੍ਰੁੱਟੀਆਂ ਅਸਲੀ ਆਦਰਸ਼ ਤੋਂ। ਇਸ ਇਤਿਹਾਸ ਦਾ ਅਮੂਲ ਇਹ ਹੈ ਕਿ ਠੀਕ ਠੀਕ ਦਰੁਸਤ ਦਰੁਸਤ ਵਧਾ ਘਟਾ ਤੋਂ ਬਿਨਾਂ ਵਾਕਿਆਤ ਨੂੰ ਸਾਧਾਰਨ ਬੋਲੀ ਵਿਚ ਲਿਖਿਆ ਜਾਵੇ। ਇਸ ਕਰਕੇ ਇਸ ਨੂੰ 'ਵਿਗਜਾਨਿਕ ਇਤਿਹਾਸ' ਕਹਿ ਲਈਏ ਤਾਂ ਠੀਕ ਹੈ।

## ੪ ਕੋਮਲ ਉਨਰੀ ਇਤਿਹਾਸ।

ਵਿਗਜਾਨਿਕ ਇਤਿਹਾਸ ਦੇ ਹਿੰਦ ਵਿਚ ਲਿਖੇ ਜਾਣ ਦੇ ਸਬੂਤ ਘੱਟ ਮਿਲਦੇ ਹਨ ਪਰ ਕੁਛ ਗ੍ਰੰਥ ਇਸ ਪ੍ਰਕਾਰ ਦੇ ਮਿਲੇ ਭੀ ਹਨ, ਜੈਸਾ ਕਿ ਕਸ਼ਮੀਰ ਦਾ ਇਤਿਹਾਸ—ਰਾਜ ਤ੍ਰੰਗਣੀ—ਕੱਲ੍ਹਣ ਦਾ ਲਿਖਿਆ ਹੋਇਆ। ਇਕ ਹੋਰ ਇਤਿਹਾਸ-ਮੰਜੂਸਰੀ ਮੂਲਾ ਕਲਪ:*-ਮਿਲਿਆ ਹੈ ਜਿਸ ਨੂੰ ਟ੍ਰਾਵਨਕੋਰ ਦੀ ਰਿਆਸਤ ਨੇ ਛਾਪਿਆ ਹੈ। ਏਹ ਦੋਵੇਂ ਕੁਛ ਇਸ ਪ੍ਰਕਾਰ ਦੇ

---

*ਇਸ ਇਤਿਹਾਸ ਵਿਚੋਂ ਸੰਨ ੬੦੦ ਈਸਾ ਤੋਂ ਪਹਿਲੇ ਤੋਂ ੭੦੦ ਈਸਵੀ ਸੰਮਤ ਤਕ ਦੇ ਹਾਲਾਤ ਮਿਲਦੇ ਹਨ। ਅਰਥਾਤ ਬੁਧ ਜੀ ਤੋਂ ਰਤਾ ਪਹਿਲੇ ਤੋਂ ਸਾਕਾ ਖਾਨਦਾਨ, ਨਾਗ, ਸੈਨ, ਗੁਪਤਾ, ਵਿਸ਼ਨੂ ਮੁਖਾਰੀ, ਥਾਨੇਸ੍ਰੀ, ਵੱਲਭੀ ਖਾਨਦਾਨ, ਪਿਛਲੇਰੇ ਗੁਪਤ ਤੇ ਪਾਲ ਖਾਨਦਾਨ ਤੱਕ ਦਾ ਇਹ ਇਤਿਹਾਸ ਹੈ। ਹੈ ਇਹ ਵਿਗਜਾਨਿਕ ਇਤਿਹਾਸ, ਪਰ ਇਸ ਦੇ ਲੇਖਕ ਨੇ ਇਤਿਹਾਸਿਕ ਪੁਰਖਾਂ ਦੇ ਹਾਲਾਤ ਵਿਚ ਉਹਨਾਂ ਦੇ ਕਰਮਾਂ ਦਾ ਕੀ ਅਸਰ ਤੇ ਫਲ ਹੈ ਬੀ ਦਿਖਾਇਆ ਹੈ।

ਇਤਿਹਾਸ ਹਨ। ਆਮ ਤੌਰ ਤੇ ਹਿੰਦ ਦੇ ਪਿਛਲਿਆਂ ਦੇ ਲਿਖੇ ਇਤਿਹਾਸ ਇਸ ਤਰ੍ਹਾਂ ਦੇ ਨਹੀਂ ਮਿਲਦੇ। ਇਸ ਖਿਆਲ ਨੂੰ ਬੀ ਛੱਡਕੇ ਕਿ ਹਿੰਦੂ ਪੁਸਤਕਾਂ ਬੀ ਕੁਛ ਜ਼ਮਾਨੇ ਨੇ ਤੇ ਕੁਛ ਤੁੰਦ ਹਮਲਾ ਆਵਰਾਂ ਤੇ ਪਾਤਸ਼ਾਹਾਂ ਨੇ ਸਾੜੀਆਂ, ਜੋ ਕੁਛ ਵਿਸ਼ੇਸ਼ ਕਰਕੇ ਅਜੇ ਬੀ ਇਸ ਪੱਖ ਦਾ ਮਿਲਦਾ ਹੈ ਉਸ ਵਲ ਨਜ਼ਰ ਮਾਰੀਏ ਤਾਂ ਜਾਪਦਾ ਹੈ ਕਿ ਲੇਖਕਾਂ ਦਾ ਖਿਆਲ ਇਤਿਹਾਸ ਦੇ ਅਸਰ ਵਲ ਵਧੇਰੇ ਗਿਆ ਹੈ। ਇਸ ਨੂੰ ਖੋਜਿਆਂ ਐਉਂ ਜਾਪਦਾ ਹੈ ਕਿ ਉਹਨਾਂ ਨੇ ਵਾਕਯਾਤ ਵਿਚੋਂ ਅਨੋਖੀਆਂ ਗਲਾਂ ਛਾਣ ਪੁਣ ਕੇ ਰੱਖ ਲਈਆਂ ਹਨ ਤੇ ਅਕਸਰ ਵਾਕਯਾਤ ਦੇ ਵਰਣਨ ਲਈ ਕਵਿਤਾ ਨੂੰ ਵਰਤਿਆ ਹੈ। ਇਸੇ ਸ਼ਕਲ ਵਿਚ ਵਾਕਯਾਤ ਤਾਂ ਚੁਣਕੇ ਸੰਭਾਲੇ ਹਨ ਪਰ ਉਹਨਾਂ ਦੀ ਤਫਸੀਲ ਦੀ ਦਰੁਸਤੀ ਦੀ ਪ੍ਰਵਾਹ ਨਹੀਂ ਕੀਤੀ ਤੇ ਨਾਂ ਹੀ ਸਾਰੀ ਤਫਸੀਲ ਰੱਖਣੀ ਲੋੜੀਂਦੀ ਸਮਝੀ ਹੈ। ਇਥੋਂ ਤਾਈਂ ਕਿ ਤਾਰੀਖਾਂ ਤੇ ਸਮੇਂ ਬੀ ਪੂਰੀ ਤਰ੍ਹਾਂ ਨਹੀਂ ਲਿਖੇ। ਜਿਵੇਂ ਧ੍ਰੂ ਦਾ ਇਤਨਾ ਕਿੱਸਾ ਤਾਂ ਰੱਖ ਲਿਆ ਕਿ ਮਤ੍ਰੇਈ ਦੀ ਬੋਲੀ ਨਾਲ ਉਹ ਭਗਤ ਪੁਰਖ ਹੋ ਗਿਆ, ਕੁਛ ਸਮਾਚਾਰ ਬੀ ਰੱਖ ਲਏ, ਪਰ ਮਤ੍ਰੇਈ ਦੀਆਂ ਬਦ ਸਲੂਕੀਆਂ ਦਾ ਵਿਸਥਾਰ ਯਾ ਹੋਰ ਸਾਰਾ ਇਤਿਹਾਸ ਖੁਹਲ ਕੇ ਨਹੀਂ ਰੱਖਿਆ। ਸ਼ਾਇਦ ਇਸ ਲਈ ਕਿ ਮਤ੍ਰੇਈ ਦੇ ਵਰਤਾਉ ਦਾ ਇਤਿਹਾਸ ਤਾਂ ਹਰ ਸਮੇਂ ਹਰ ਮਹੱਲੇ ਵਿਚ ਮਿਲ ਜਾਂਦਾ ਹੈ ਪਰ ਮਤ੍ਰੇਈ ਦੀ ਬੋਲੀ ਕਿਸੇ ਨੂੰ ਮਹਾਂ ਪੁਰਖ ਬਨਾ ਦੇਵੇ ਇਹ ਅਚਰਜ ਗਲ ਹੈ ਸੋ ਇਹ ਕਥਾ ਸਿੱਖ੍ਯਾ ਦੇਣ ਲਈ ਰੱਖ ਲਈ ਗਈ*।

ਜਿਹੜੇ ਲੰਮੇ ਇਤਿਹਾਸ ਬੀ ਆਪਣੇ ਦੇਸ਼ ਦੇ ਮਿਲਦੇ ਹਨ ਤੇ ਜਿਨ੍ਹਾਂ ਵਿਚ ਬਹੁਤ ਕੁਛ ਵਿਗ੍ਯਾਨਿਕ ਇਤਿਹਾਸ ਵਾਂਗ ਬੀ ਮਿਲਦਾ ਹੈ, ਉਹ ਬੀ ਕਵਿਤਾ ਦੇ ਵਿਚ ਹਨ ਤੇ ਅਲੰਕਾਰਿਕ ਸਾਹਿਤ੍ਯ ਵਿਚ ਵਰਣਿਤ ਹਨ ਕਿ ਜਿਨ੍ਹਾਂ ਨਾਲ ਇਨਸਾਨੀ ਆਚਰਣ ਤੇ ਅੱਛੇ ਅਸਰ ਪੈਂਦੇ ਹਨ। ਮਾਨੋ ਲੇਖਕਾਂ ਨੇ ਇਕ ਤਸਵੀਰ ਖਿੱਚ ਦਿਤੀ ਹੈ ਤੇ ਉਸ ਵਿਚ ਆਚਰਣ ਸਫੁਟ ਕਰ ਦਿੱਤੇ ਹਨ, ਸਿੱਖ੍ਯਾ ਲਈ ਆਦਰਸ਼ਕ ਰੂਪ ਬੰਨ੍ਹ ਦਿੱਤੇ ਹਨ ਤੇ ਮਨ ਦੇ ਰਸ ਲੈਣ ਲਈ ਸਾਹਿਤ੍ਯਕ ਸਾਮਾਨ ਪੂਰਾ ਪੂਰਾ ਕਰ ਦਿੱਤਾ ਹੈ, ਪਰ ਵਾਕਯਾਤ ਦੀ ਤਫਸੀਲ ਵਿਚ ਵਿਗ੍ਯਾਨਿਕ ਦਰੁਸਤੀ ਦੀ ਪ੍ਰਵਾਹ ਪੂਰੀ ਪੂਰੀ ਨਹੀਂ ਕੀਤੀ; ਕੁਛ ਇਸ ਤਰ੍ਹਾਂ ਕਿ ਜਿਸ ਤਰ੍ਹਾਂ ਹਿੰਦ ਦੀ ਮੁਸੱਵਰੀ ਹੈ। ਸਾਡੇ ਵਡਿਆਂ ਦੇ ਚਿੱਤ੍ਰਕਾਰੀ ਦੇ ਹੁਨਰ ਨੂੰ ਪੱਛਮੀ ਲੋਕ ਤ੍ਰੀਹ ਚਾਲੀ ਬਰਸ ਹੋਏ ਤਾਂ ਮਖ਼ੌਲ ਕਰਿਆ ਕਰਦੇ ਸਨ। ਮਸਲਨ ਕਿਸੇ ਸੁੰਦਰੀ ਦੀਆਂ ਪਤਲੀਆਂ ਤੇ ਮੁੜਵੀਆਂ ਉਂਗਲੀਆਂ ਦੇਖਕੇ ਕਿਹਾ ਕਰਦੇ ਸਨ ਕਿ ਇਹ ਅਨਕੁਦਰਤੀ ਹੈ, ਇਉਂ ਬੀ ਕਦੇ ਉਂਗਲਾਂ ਹੋਈਆਂ ਹਨ? ਪਰ ਜਦੋਂ ਇਸ ਹੁਨਰ ਦੇ ਨੁਕਤਾ ਖਿਆਲ ਦੀ ਸੋਝੀ ਆਈ ਤਾਂ ਸਮਝਿਓ ਨੇ ਕਿ ਇਹ ਤਾਂ ਨਜ਼ਾਕਤ ਦਿਖਾਉਣ ਦਾ ਤਰਲਾ ਹੈ। ਚਿੱਤ੍ਰਕਾਰ ਨੇ ਸਾਰਾ ਜ਼ੋਰ ਚਿਹਰੇ ਤੇ ਅੱਖਾਂ ਤੇ ਲਾਇਆ ਹੈ ਕਿ ਹੂਬਹੂ ਹੋਵੇ ਅਰ ਅੰਦਰਲਾ ਸੁਭਾਵ ਤੇ ਆਚਰਨ ਚਿਹਰੇ ਤੇ ਆ ਜਾਵੇ ਤੇ ਬਾਕੀ ਦੇ ਅੰਗ ਪ੍ਰਤਿ ਅੰਗ ਅੰਦਰਲੇ ਸੁਭਾਵ ਤੇ ਭਾਵ ਦੇ ਲਖਾਯਕ ਹੋਣ, ਚਾਹ ਸ਼ਰੀਰਕ

*ਜਿਵੇਂ ਭਾਈ ਗੁਰਦਾਸ ਜੀ ਨੇ ਲੰਬੀਆਂ ਕਥਾਂਵਾਂ ਨੂੰ ਸੰਛੇਪ ਨਾਲ ਇਕ ਇਕ ਪਉੜੀ ਵਿਚ ਦੱਸਕੇ ਫਿਰ ਉਸ ਦੇ ਅਸਲੀ ਅਧ੍ਯਾਤਮਿਕ ਸਿੱਧਾਂਤ ਨੂੰ ਅਖੀਰਲੀ ਤੁਕ ਵਿਚ ਪ੍ਰਗਟ ਕੀਤਾ ਹੈ। ਦੇਖੋ ਵਾਰ ੧੯।

ਵਿਦਜਾ ਮੂਜਬ ਉਂਗਲੀਆਂ ਕਿ ਪਿੰਡਲੀਆਂ ਠੀਕ ਨਾ ਰਹਿਣ*। ਆਗਰੇ ਦੇ ਤਾਜਮਹਲ ਨੂੰ ਦੇਖਕੇ ਇਕ ਪੱਛਮੀ ਨੇ ਕਿਹਾ ਸੀ ਕਿ ਕੈਸੀ ਉੱਤਮ ਇਮਾਰਤ ਬਣਾਕੇ ਮੀਨਾਰ ਕੈਸੇ ਛੋਟੇ ਤੇ ਪਤਲੇ ਬਣਾਏ ਹਨ ਜੋ ਨਿਸਬਤ ਵਿਚ ਠੀਕ ਨਹੀਂ ਢੁਕਦੇ। ਪਰ ਇਕ ਫ੍ਰਾਂਸੀਸੀ ਨੇ ਜੋ ਹਿੰਦੀ ਉਨਰ ਦਾ ਜਾਣੂ ਸੀ ਉਸ ਨੂੰ ਦੱਸਿਆ ਕਿ ਇਥੇ ਕਬਰ ਇਕ ਇਸਤ੍ਰੀ ਦੀ ਹੈ, ਕਾਰੀਗਰ ਨੇ ਇਹ ਜਤਾਉਣ ਲਈ ਮੀਨਾਰਾਂ ਵਿਚ ਇਸਤ੍ਰੀਤ੍ਵ ਨੂੰ ਅੰਕਿਤ ਕੀਤਾ ਹੈ, ਇਹ ਕਾਰੀਗਰੀ ਦੀ ਖੂਬੀ ਹੈ। ਇਸ ਤਰ੍ਹਾਂ ਜਦ ਤੋਂ ਹਿੰਦੀ ਉਨਰ ਦੇ ਨੁਕਤਾ ਖਿਆਲ ਨੂੰ ਪੱਛਮੀਆਂ ਨੇ ਸਮਝਿਆ ਹੈ ਤਦ ਤੋਂ ਕਦਰ ਕਰਨ ਲਗ ਪਏ ਹਨ ਤੇ ਹੁਣ ਅਮ੍ਰੀਕਾ ਵਿਚ ਇਕ ਯੂਨੀਵਰਸਟੀ ਨੇ ਹਿੰਦੀ ਉਨਰ ਤੇ ਸ਼ਿਲਪ ਪਰ ਕੁਰਸੀ ਨੀਯਤ ਕੀਤੀ ਹੈ। ਕੁਛ ਇਸੀ ਤਰ੍ਹਾਂ ਹਿੰਦ ਦੇ ਇਤਿਹਾਸ ਦਾ ਬੀ ਹਾਲ ਹੈ। ਜਿਸ ਦਾ ਇਹ ਘਾਟਾ ਤਾਂ ਸਰੀਹਨ ਹੈ ਕਿ ਸਭ ਤੋਂ ਪੁਰਾਣੀ ਸੱਭਯਤਾ ਦੇ ਮਾਲਕ ਅਤੇ ਇਤਿਹਾਸ ਵਿਚ ਸਭ ਤੋਂ ਪਹਿਲੇ ਜਾਗ੍ਰਤ ਵਿਚ ਆਏ ਹੋਣ ਤੇ ਬੀ ਪਿਛਲੀਆਂ ਸਮੇਂ ਦੀਆਂ ਡੂੰਘਾਈਆਂ ਦਾ ਕੋਈ ਸਿਲਸਿਲੇ ਵਾਰ ਵਿਗਯਾਨਿਕ ਇਤਿਹਾਸ ਨਹੀਂ ਮਿਲਦਾ। ਪਰ ਜੋ ਕੁਛ ਤੇ ਜਿਸ ਤਰ੍ਹਾਂ ਦਾ ਮਿਲਦਾ ਹੈ, ਉਸ ਵਿਚ ਕੋਈ ਉਹਨਾਂ ਦਾ ਨੁਕਤਾ ਖਿਆਲ ਹੈ ਜਿਸ ਨੂੰ ਨਾ ਸਮਝਣ ਕਰਕੇ ਉਹ ਬੀ ਪਿਆ ਤ੍ਰਿਸਕਾਰਿਤ ਹੁੰਦਾ ਹੈ। ਜਾਪਦਾ ਇਹ ਹੈ ਕਿ ਉਹਨਾਂ ਨੇ ਜੋ ਕੁਛ ਲਿਖਿਆ ਹੈ ਉਹ ਜਗਤ ਲਈ ਵਾਕਯਾਤ ਤੇ ਉਹਨਾਂ ਤੋਂ ਸੁਸਿੱਖਯਤ ਹੋਣ ਲਈ ਅਚਰਜ ਘਟਨਾਵਾਂ ਨੂੰ ਐਉਂ ਲਿਖਿਆ ਹੈ ਕਿ ਉਹ ਅੱਖਾਂ ਅੱਗੇ ਹੂਬਹੂਆ ਜਾਣ ਤੇ ਉਹਨਾਂ ਪੁਰਖਾਂ ਦਾ ਆਚਰਣ, ਜਿਨ੍ਹਾਂ ਬਾਬਤ ਲਿਖ ਰਹੇ ਹਨ, ਯਾ ਉਨ੍ਹਾਂ ਘਟਨਾਵਾਂ ਦਾ ਫਲ ਜੋ ਵਰਣਨ ਕਰ ਰਹੇ ਹਨ, ਯਾ ਓਹ ਸਮੇਂ ਜਿਨ੍ਹਾਂ ਵਿਚ ਵਾਕਯਾਤ ਹੋਏ ਸਨ ਨਕਸ਼ ਹੋ ਜਾਣ। ਉਸ ਸਮੇਂ ਦਾ ਭਾਈਚਾਰਾ ਤੇ ਉਨ੍ਹਾਂ ਦੇ ਭਾਵ, ਭੈ, ਆਸ਼ੇ, ਕਮੀਆਂ ਤੇ ਖੂਬੀਆਂ ਚਿੱਤ੍ਰ ਦੀ ਤਰ੍ਹਾਂ ਦਿੱਸ ਪੈਣ। ਚਾਹੇ ਵਾਕਯਾਤ ਦੀ ਤਫਸੀਲ ਵਿਚ ਮੁਬਾਲਗੇ ਤੋਂ ਕੰਮ ਲੈਣਾ ਪਵੇ, ਚਾਹੇ ਅਲੰਕਾਰ ਦੀ ਸਹਾਇਤਾ ਲੈਣੀ ਪਵੇ, ਚਾਹੇ ਰੂਹਾਨੀ ਪੁਰਖਾਂ ਲਈ ਜ਼ਿਮੀ ਹੋਰਵੇਂ ਤਿਆਰ ਕਰਨੀ ਪਵੇ, ਪਰਵਾਹ ਨਹੀਂ। ਚਾਹੋ ਐਸਾ ਕੁਛ ਵਿਚ ਕੋਲੋਂ ਪਾਉਣਾ ਪਵੇ ਜੈਸਾ ਕਿ ਕਿਆ ਪੂਰਬੀ ਤੇ ਕਿਆ ਪੱਛਮੀ ਸਾਰੇ ਮੁਸੱਵਰ ਪਾਉਂਦੇ ਹਨ, ਜੈਸਾ ਕਿ ਫਰਿਸ਼ਤੇ ਦੀ ਤਸਵੀਰ ਦੱਸਣ ਵੇਲੇ ਮੁਸੱਵਰ ਖੰਭ ਜ਼ਰੂਰ ਲਾਉਂਦੇ ਹਨ। ਫਰਿਸ਼ਤੇ ਪੰਛੀ ਨਹੀਂ ਹਨ ਕਿ ਉਹਨਾਂ ਨੂੰ ਖੰਭ ਹੋਣ। ਓਹ ਸਰੀਰ ਧਾਰੀ ਨਹੀਂ ਕਿ ਖੰਭਾਂ ਦੀ ਫੜ-ਫੜਾਹਟ ਨਾਲ ਹਵਾ ਦਾ ਮੁਕਾਬਲਾ ਕਰਨ ਲਈ ਐਉਂ ਖੰਭ ਮਾਰਨ ਦੀ ਲੋੜ ਰਖਦੇ ਹੋਣ ਕਿ ਜਿਵੇਂ ਤਾਰੂ ਪਾਣੀ ਵਿਚ ਬਾਜ਼ੂ ਮਾਰਨ ਦੀ ਲੋੜ ਰਖਦਾ ਤੇ ਪੰਛੀ ਪੌਣ ਵਿਚ ਪਰ ਮਾਰਨ ਦੀ। ਪਰ ਕੇਵਲ ਇਸ ਭਾਵ ਨੂੰ ਦਰਸਾਉਣ ਲਈ, ਕਿ ਫਰਿਸ਼ਤੇ

---

*ਇਸ ਦਾ ਇਹ ਮਤਲਬ ਨਹੀਂ ਕਿ ਹਿੰਦੀ ਚਿਤ੍ਰਕਾਰੀ ਤੇ ਬੁਤਤ੍ਰਾਸ਼ੀ ਵਿਚ ਇਹ ਗੁਣ ਨਹੀਂ ਮਿਲਦੇ। ਗੰਧਾਰ ਦੇ ਨਿਕਲ ਬੁਧ ਕਾਰੀਗਰਾਂ ਦੇ ਉਕਰੇ ਹੋਏ ਬੁਤ ਸ਼ਰੀਰ ਦੀਆਂ ਹੱਡੀਆਂ ਤੇ ਨਸਾਂ ਪੂਰੀ ਸ਼ਰੀਰਕ ਦਰੁਸਤੀ ਵਿਚ ਦਿਖਾਲਦੇ ਹਨ। ਜਿਸ ਤੋਂ ਪਤਾ ਲਗਦਾ ਹੈ ਕਿ ਰੀਅਲਿਸਟਿਕ ਆਰਟ (ਵਾਸਤਵਿਕ ਉਨਰ) ਵਾਂਗੂੰ ਉਹ ਚਾਹੁੰਦੇ ਤਾਂ ਜਿਵੇਂ ਜੋ ਕੁਛ ਹੂਬਹੂ ਹੈ (ਯਾ ਵਾਸਤਵ ਵਿਚ ਹੈ) ਦੀ ਮੂਰਤ ਕਿ ਬੁਤ ਬਣਾ ਸਕਦੇ ਸਨ, ਪਰੰਤੂ ਉਹਨਾਂ ਦਾ ਆਮ ਉਨਰ ਸੀ Idealistic (ਭਾਵਿਕ ਉਨਰ)।

ਮਨੁੱਖਾਂ ਵਾਕੂ ਨਿਰੀ ਧਰਤੀ ਉਤੇ ਗਤੀ ਨਹੀਂ ਰੱਖਦੇ ਓਹ ਸ੍ਵੈ ਇੱਛਾ ਮਾਤ੍ਰ ਨਾਲ ਸੁਤੇ ਗਤੀ ਰੱਖਦੇ ਹਨ, ਚਿੱਤ੍ਰਕਾਰਾਂ ਨੂੰ ਖੰਭ ਲਾਕੇ ਦਿਖਾਉਣੇ ਪਏ। ਕੁਛ ਏਸ ਤਰ੍ਹਾਂ ਦੇ ਸਾਮਾਨ ਇਸ ਪੱਖ ਦੇ ਇਤਿਹਾਸਕਾਰਾਂ ਨੂੰ ਵੀ ਵਰਤਣੇ ਪੈਂਦੇ ਹਨ। ਮਸਲਨ ਕਿਸੇ ਮਹਾਂ ਪੁਰਖ ਦੇ ਆਪਣੇ ਅਨੁਭਵ ਵਿਚ ਟਿਕ ਕੇ 'ਅਨੰਤ' ਤੋਂ ਕੋਈ ਛੁਹ ਪ੍ਰਾਪਤ ਕਰਨ ਨੂੰ ਤੇ ਉਥੋਂ ਕੋਈ ਆਗਿਆ ਆਪਣੇ ਕੰਮ ਲਈ ਮਿਲਣ ਨੂੰ ਉਸ ਦਾ ਪਰਮੇਸ਼ੁਰ ਦੀ ਦਰਗਾਹੇ ਜਾਣਾ, ਕਿਸੇ ਰਾਜਾ ਦੇ ਦਰ-ਬਾਰ ਵਿਚ ਪੰਚ-ਭੌਤਕ ਸ਼ਰੀਰ ਨਾਲ ਟੁਰਕੇ ਜਾਣ ਵਾਂਗੂ ਤੇ ਰਸਨਾਂ ਨਾਲ ਗੱਲਾਂ ਕਰਨ ਵਾਕੂ ਵਰਣਨ ਕਰਨਾ; ਇਸ ਪੱਖ ਦੇ ਇਤਿਹਾਸਕਾਰਾਂ ਲਈ ਉਸੀ ਤਰ੍ਹਾਂ ਜ਼ਰੂਰੀ ਹੈ ਕਿ ਜਿਸ ਤਰ੍ਹਾਂ ਫਰਿਸ਼ਤੇ ਦੀ ਤਸਵੀਰ ਵਿਚ ਚਿੱਤ੍ਰਕਾਰ ਨੂੰ ਖੰਭ ਦਿਖਾਣੇ ਜ਼ਰੂਰੀ ਹਨ। ਸੋ ਇਸ ਇਤਿਹਾਸ ਵਿਚ ਲੇਖਕ ਨੂੰ ਸਾਹਿਤਜਕ ਸਹਾਯਤਾ ਬਹੁਤ ਲੈਣੀ ਪੈਂਦੀ ਹੈ। ਜਿਮੀ ਕੋਮਲ ਉਨਰ ਦੀ ਮੁਸੱਵਰੀ ਵਾਕੂ ਰਚਣੀ ਪੈਂਦੀ ਹੈ, ਅਧਜਾਤਮਿਕ ਹਿੱਸੇ ਨੂੰ ਮੁਅੱਸਰ ਕਰਕੇ ਦੱਸਣਾ ਪੈਂਦਾ ਹੈ, ਅਤੇ ਅਲੌਕਿਕ ਗਲਾਂ ਤੇ ਮਾਮਲੇ, ਚਿੰਨ੍ਹਾਂ ਵਾਲੀ* ਬੋਲੀ ਵਿਚ ਦੱਸਣੇ ਪੈਂਦੇ ਹਨ; ਇਸ ਕਰਕੇ ਉਸ ਦਾ ਕੰਮ ਮਾਨੋ ਇਕ 'ਕੋਮਲ ਉਨਰ†' ਦਾ ਕੰਮ ਹੁੰਦਾ ਹੈ ਤੇ ਆਪਣੇ ਪੱਖ ਵਿਚ ਇਸ ਉਨਰ ਦਾਂ ਕਮਾਲ ਦੱਸਣਾ ਹੁੰਦਾ ਹੈ। ਇਨ੍ਹਾਂ ਵਿਚਾਰਾਂ ਕਰਕੇ ਜੇ ਇਸ ਇਤਿਹਾਸ ਨੂੰ 'ਉਨਰੀ ਇਤਿਹਾਸ' ਯਾ 'ਕਲਾ ਕੌਸਲੀ ਇਤਿਹਾਸ' ਕਹਿ ਲਿਆ ਜਾਵੇ ਤਾਂ ਅਸਲੀਅਤ ਦੇ ਅਤਿ ਨੇੜੇ ਹੈ।

ਪਿੱਛੇ ਅਸੀਂ ਦੱਸ ਆਏ ਹਾਂ ਕਿ ਇਤਿਹਾਸ ਵਿਚ, ਚਾਹੇ ਉਹ ਕਿਸੇ ਪ੍ਰਕਾਰ ਦਾ ਹੋਵੇ, ਤ੍ਰੈ ਰੌ ਚਲਦੇ ਹਨ, ਇਕ ਸਾਹਿਤਕ, ਦੂਜੇ ਬ੍ਰਿਤਾਂਤਿਕ, ਤੀਜੇ ਅਧਜਾਤਮਿਕ। ਹੁਣ ਜੋ ਅਸਾਂ ਇਤਿਹਾਸ ਦੀਆਂ ਦੋ ਕਿਸਮਾਂ 'ਵਿਗਜਾਨਿਕ' ਤੇ 'ਕੋਮਲ ਉਨਰੀ' ਨਿਖੇੜਕੇ ਦੱਸੀਆਂ ਹਨ, ਇਨ੍ਹਾਂ ਦੋਹਾਂ ਵਿਚ ਓਸ ਗਲ ਨੂੰ ਵੇਖਣਾ ਚਾਹੀਏ ਕਿ ਦੋਹਾਂ ਵਿਚ ਓਹ ਤ੍ਰੈਏ ਰੌ ਕਿਸ ਪ੍ਰਕਾਰ ਤੇ ਕਿਸ ਫਰਕ ਤੇ ਚਲਦੇ ਹਨ। ਵਿਗਜਾਨਿਕ ਇਤਿਹਾਸ ਵਿਚ ਬ੍ਰਿਤਾਂਤਿਕ ਹਿੱਸਾ ਵਧੇਰੇ ਹੁੰਦਾ ਹੈ ਤੇ ਸਾਹਿਤਜਕ ਹਿੱਸਾ ਘੱਟ ਹੁੰਦਾ ਹੈ ਪਰ ਹੁੰਦਾ ਜ਼ਰੂਰ ਹੈ ਚਾਹੇ ਕੋਈ ਕਿਤਨਾ ਇਸ ਨੂੰ ਘਟਾਵੇ। ਤੀਸਰਾ ਹਿੱਸਾ ਅਧਜਾਤਮਿਕ (ਇਖਲਾਕੀ ਤੇ ਰੂਹਾਨੀ ਸਿੱਧਾਂਤ) ਦਾ ਇਸ ਵਿਚ ਹੋਰ ਘੱਟ ਹੁੰਦਾ ਹੈ, ਪਰ ਇਹ ਪਹਿਲੇ ਦੋਹਾਂ ਹਿੱਸਿਆਂ ਵਿਚੋਂ ਆਪੇ ਪਿਆ ਲਸਦਾ ਹੈ। ਕੋਈ ਇਤਿਹਾਸ ਇਸ ਤੋਂ ਖਾਲੀ ਨਹੀਂ ਹੁੰਦਾ। ਉਨਰੀ ਇਤਿਹਾਸ ਵਿਚ ਤ੍ਰੈਆਂ ਦਾ ਰੌ ਇਸ ਤਰ੍ਹਾਂ ਚਲਦਾ ਹੈ:— ਸਾਹਿਤਜਕ ਹਿੱਸਾ ਆਪਣੇ ਕਮਾਲ ਤੇ ਹੁੰਦਾ ਹੈ, ਬ੍ਰਿਤਾਂਤਿਕ ਹਿੱਸਾ ਕਾਫੀ ਪਰ ਉਸ ਦਾ ਰੁਖ਼ ਸਾਹਿਤਜਕ ਹਿੱਸੇ ਨੂੰ ਜੜਤ ਦਾ ਕੰਮ ਦੇਣ ਦਾ ਹੁੰਦਾ ਹੈ ਤੇ ਦੁਹਾਂ ਦਾ ਰੁਖ਼ ਤੀਸਰੇ ਹਿੱਸੇ ਨੂੰ ਮੁਅੱਸਰ ਬਣਾਉਣ ਵਾਲਾ ਹੁੰਦਾ ਹੈ। ਅਰਥਾਤ ਉਨਰੀ ਇਤਿਹਾਸ ਦਾ ਰੌ ਇਨਸਾਨ ਦੀ ਸਿਖਿਆ ਲਈ ਅਧਜਾਤਮਿਕ ਸੱਤਜਤਾ ਨੂੰ ਪ੍ਰਦੀਪਤ ਕਰਨਾ ਹੁੰਦਾ ਹੈ ਤੇ ਉਸ ਦੇ ਸੁਆਦ ਲਈ ਕੋਮਲ ਉਨਰੀ ਰਸ ਦੇ ਕਟਾਖਜ ਭਰਨੇ ਜ਼ਰੂਰੀ ਹੁੰਦੇ ਹਨ ਤੇ ਇਸ ਰਸ ਤੇ ਸੁਆਦ ਦੇ ਅਸਰ ਤੋਂ ਇਨਸਾਨ ਦੇ ਮਨ ਵਿਚ ਸੂਖਮ ਰਸਾਂ ਦੇ ਭਾਵਾਂ ਨੂੰ ਤੇ ਉੱਚ ਆਦਰਸ਼ਾਂ ਨੂੰ ਚਾਹੇ ਜਾਣੇ ਤੇ ਚਾਹੇ ਬੇ ਮਲੂਮੇ ਸੁਖੱਲਾ ਆਵੇਸ਼ ਮਿਲਦਾ ਹੈ।

---

*Symbolic. †Fine arts

ਹੁਣ ਜੇ ਦੋਹਾਂ ਇਤਿਹਾਸਾਂ ਦੀ ਯਾਦ ਵਲ ਤੱਕੀਏ ਕਿ ਇਤਿਹਾਸ ਪੜ੍ਹਕੇ ਛਡ ਦੇਣ ਤੋਂ ਕੁਛ ਸਮਾਂ ਮਗਰੋਂ ਸਾਡੇ ਪੱਲੇ ਕੀਹ ਰਹਿ ਜਾਂਦਾ ਹੈ ਤਾਂ ਵਿਗਜਾਨਿਕ ਤੇ ਉਨਰੀ ਇਤਿਹਾਸ ਦੀ ਯਾਦ ਲਗ ਪਗ ਇਕੋ ਜੇਹੀ ਰਹਿ ਜਾਂਦੀ ਹੈ। ਅਰਥਾਤ ਸਵਿਸਥਾਰ ਪੜ੍ਹੇ ਹਾਲਾਤ, ਚਾਹੋ ਉਹਨਾਂ ਦਾ ਸਾਹਿਤਜਕ ਹਿੱਸਾ ਲੰਮਾ ਸੀ ਚਾਹੇ ਬ੍ਰਿਤਾਂਤਿਕ ਦੋਹਾਂ ਦਾ ਲੰਮਾਉ ਚੁੜਾਉ ਘਟਕੇ, ਕੁਛ ਨੁਕਤਿਆਂ ਜਿਹਿਆਂ ਦੀ ਸੂਰਤ ਵਿਚ ਅੰਦਰ ਚੇਤੇ ਵਿਚ ਰਹਿ ਜਾਂਦੇ ਹਨ। ਸਮਝਣ ਲਈ ਸਾਡੇ ਪਿੱਛੇ ਦਿੱਤੇ 'ਧ੍ਰੂ' ਦੇ ਪ੍ਰਸੰਗ ਨੂੰ ਹੀ ਲੈ ਲਓ। ਮੰਨ ਲਓ ਕਿ 'ਧ੍ਰੂ' ਦਾ ਸਾਰਾ ਇਤਿਹਾਸ ਵਿਗਜਾਨਿਕ ਢੰਗ ਦਾ ਲਿਖਿਆ ਸਵਿਸਥਾਰ ਮਿਲ ਜਾਵੇ ਤੇ ਕੋਈ ਉਸ ਨੂੰ ਪੜ੍ਹ ਲਵੇ, ਕੁਛ ਸਮੇਂ ਬਾਦ ਉਸ ਦੀ ਯਾਦ ਵਿਚ ਕੇਵਲ ਇਹੀ ਰਹਿ ਜਾਵੇਗਾ ਕਿ ਮਤ੍ਰੇਈ ਦੀ ਬੋਲੀ ਨਾਲ ਇਕ ਰਾਜਕੁਮਾਰ ਭਗਤ ਹੋ ਗਿਆ ਸੀ। ਕਿਉਂਕਿ ਇਨਸਾਨੀ ਦਿਲ ਪਰ ਇਤਿਹਾਸ ਦੀ ਯਾਦ ਇਸ ਤਰ੍ਹਾਂ ਦੀ ਸ਼ਕਲ ਹੀ ਪਕੜਦੀ ਹੈ, ਜਿਸ ਤਰ੍ਹਾਂ ਦੂਰ ਦੇ ਸਿਤਾਰੇ ਇਕ ਰੋਸ਼ਨੀ ਦਾ ਨੁਕਤਾ ਹੋਕੇ ਇਨਸਾਨੀ ਅੱਖ ਨੂੰ ਦੀਹਦੇ ਹਨ। ਉਹਨਾਂ ਸਿਤਾਰਿਆਂ ਦੀ ਅਗਨੀ ਕਿ ਧੂਏਂ ਕਿ ਗੈਸਾਂ ਕਿ ਲਾਵੇ, ਯਾ ਜੇ ਓਹ ਗ੍ਰੈਹ ਹਨ ਤਾਂ ਓਥੋਂ ਦੀ ਵਸੋਂ ਜਾਂ ਉਜਾੜ, ਪਾਣੀ ਦੀ ਹੋਂਦ ਕਿ ਸਬਜ਼ੀ ਦੀ ਵਿਥਜਾ ਨਿਰੀ ਨਜ਼ਰ ਮਾਤ੍ਰ ਨਾਲ ਕੁਛ ਨਹੀਂ ਦੀਹਦਾ। ਇਸੀ ਤਰ੍ਹਾਂ ਦੀ ਨੁਕਤਿਆਂ ਵਾਙੂ ਯਾਦ ਰਹਿ ਜਾਂਦੀ ਹੈ ਇਤਿਹਾਸਿਕ ਵਾਕਯਾਤ ਦੀ, ਚਾਹੋ ਕਿਸੇ ਤਰ੍ਹਾਂ ਦੇ ਇਤਿਹਾਸ ਵਿਚ ਪੜ੍ਹੋ; ਇਸ ਦੇ ਨਾਲ ਹੀ ਕੋਈ ਗਲ ਅਧਜਾਤਮ ਭਾਵ ਦੀ ਬੀ ਯਾਦ ਰਹਿ ਜਾਂਦੀ ਹੈ, ਸਿੱਖਜਾ ਤੇ ਤਾਸੀਰ ਦਾ ਰੂਪ ਲੈਕੇ।

[ਗੁਰ ਪ੍ਰਤਾਪ ਸੂਰਜ ਕਿਸ ਪ੍ਰਕਾਰ ਦਾ ਇਤਿਹਾਸ ਹੈ ?]

ਉਪਰਲੀ ਵਿਚਾਰ ਨੂੰ ਲੈਕੇ ਜਦ ਅਸੀਂ ਪੜ੍ਹੀਏ ਕਿ ਸ਼੍ਰੀ ਗੁਰ ਪ੍ਰਤਾਪ ਸੂਰਜ ਕਿਸ ਪ੍ਰਕਾਰ ਦਾ ਇਤਿਹਾਸ ਹੈ ਤਾਂ ਸਾਨੂੰ ਦਿੱਸੇਗਾ ਕਿ ਇਸ ਦੀ ਜ਼ਿਮੀ ਤਾਂ ਸਾਰੀ ਉਨਰੀ ਇਤਿਹਾਸ ਦੀ ਹੈ। ਇਸ ਨੂੰ ਕਵੀ ਜੀ ਨੇ ਕਵਿਤਾ ਵਿਚ ਲਿਖਿਆ ਹੈ। ਕਵਿਤਾ ਬੀ ਉਸ ਕਮਾਲ ਦੀ ਹੈ ਕਿ ਗੁਸਾਈਂ ਤੁਲਸੀ ਦਾਸ ਤੇ ਵਾਲਮੀਕ ਆਦਿ ਕਿਸੇ ਤੋਂ ਪਿੱਛੇ ਨਹੀਂ ਰਹਿੰਦੀ। ਇਸਦੇ ਬਿਆਨ ਦਾ ਢੰਗ ਬੀ ਉਨਰੀ ਹੈ ਤੇ ਇਸ ਦੀ ਤਾਸੀਰ ਬੀ ਐਸੀ ਹੈ ਕਿ ਹੂਬਹੂ ਅੱਖਾਂ ਦੇ ਅੱਗੇ ਸਮੇਂ ਫਿਰ ਜਾਂਦੇ ਹਨ, ਆਚਰਨ ਸਫੁਟ ਹੋਕੇ ਦਿੱਸ ਪੈਂਦੇ ਹਨ, ਮਨ ਸੁਸਿੱਖਜਤ ਹੋ ਜਾਂਦਾ ਹੈ ਤੇ ਪਾਠਕ ਜਿਨ੍ਹਾਂ ਦੇ ਹਾਲਾਤ ਪੜ੍ਹਦਾ ਹੈ, ਉਨ੍ਹਾਂ ਦੇ ਸ਼ੁਭ ਗੁਣਾਂ ਤੇ ਅਰਸ਼ੀ ਹਾਲਾਂ ਨੂੰ ਵਾਚਕੇ ਸਤਿਕਾਰ ਨਾਲ ਝੁਕਦਾ ਤੇ ਅੰਤ੍ਰੀਵੀ ਚਾਉ ਨਾਲ ਉੱਡਣ ਲੱਗ ਪੈਂਦਾ ਹੈ, ਯਾ ਦੋਖੀਆਂ ਦੇ ਕਮੀਨੇ ਹਾਲ ਪੜ੍ਹਕੇ ਨਫਰਤ ਨਾਲ ਸੰਕੁਚਣ ਲਗ ਪੈਂਦਾ ਹੈ। ਪਰ ਇਸ ਦੇ ਲੇਖਕ ਨੇ ਪੱਛਮੀ ਇਤਿਹਾਸ ਦੀ ਤਰ੍ਹਾਂ ਨਿਸ਼ਚਿਤ ਤੇ ਦ੍ਰਿੜ੍ਹ ਸਮਾਂ ਲਿਆ ਹੈ, ਸਿਲਸਿਲਾ ਵਾਕਯਾਤ ਦਾ ਖੋਜਿਆ ਵੀਚਾਰਿਆ ਤੇ ਕਾਇਮ ਕੀਤਾ ਹੈ। ਚਾਹੇ ਕਈ ਥਾਂ ਉਕਾਈਆਂ ਹਨ ਪਰ ਸੰਮਤ ਦਿੱਤੇ ਹਨ ਅਰ ਆਮ ਤੌਰ ਤੇ ਸੰਮਤ ਤੇ ਸਮੇਂ ਦਰੁਸਤ ਹਨ ਜਿਵੇਂ ਵਿਗਜਾਨਿਕ ਇਤਿਹਾਸ ਵਿਚ ਹੁੰਦੇ ਹਨ। ਫਿਰ ਇਸ ਦੇ ਲਿਖਣ ਵਿਚ ਲੇਖਕ ਜੀ ਨੇ ਵੱਧ ਤੋਂ ਵੱਧ ਪੁਸਤਕ ਜੋ ਮਿਲ ਸਕੀਆਂ ਲੱਭੀਆਂ, ਤੇ ਪੜ੍ਹੀਆਂ; ਮੁਕਾਬਲੇ ਕਰਨ ਦੇ ਲੱਛਣ ਬੀ ਵਿਚੋਂ ਮਿਲਦੇ ਹਨ। ਦੂਰੋਂ ਦੂਰੋਂ ਲੋਕੀ ਆਪ ਪਾਸ ਲਿਖਤਾਂ ਲੈਕੇ ਗਏ, ਜਿਨ੍ਹਾਂ ਨੇ ਆਪਣੇ ਨੁਸਖੇ ਦੇਣੇ ਨਹੀਂ ਚਾਹੇ ਓਹ ਕਵੀ ਜੀ ਨੇ ਵਾਚ ਕੇ ਲਾਭ

ਉਠਾਇਆ। ਅਕਸਰ ਜਗਾ ਦੱਸਦੇ ਹਨ ਕਿ ਇਹ ਗਲ ਮੈਂ ਬਿਰਧਾਂ ਤੋਂ ਸੁਣੀ ਹੈ, ਕਈ ਥਾਂ ਕਹਿੰਦੇ ਹਨ ਕਿ ਮੈਂ ਡਿੱਠੀ ਹੈ ਤੇ ਕਿਤੇ ਕਹਿੰਦੇ ਹਨ ਕਿ ਮੈਂ ਨਹੀਂ ਡਿੱਠੀ ਪਰ ਲੋਕਾਂ ਤੋਂ ਸੁਣੀ ਹੈ*। ਸਾਰੀਆਂ ਗੱਲਾਂ ਦੱਸਦੀਆਂ ਹਨ ਕਿ ਜਿਵੇਂ ਵਿਗਜਾਨਿਕ ਇਤਿਹਾਸ ਵਾਲੇ ਯਤਨ ਕਰਦੇ ਹਨ, ਕਵੀ ਜੀ ਨੇ ਉਸ ਤਰ੍ਹਾਂ ਦੇ ਯਤਨ ਕੀਤੇ ਹਨ। ਅਸਾਂ ਨੂੰ ਸੰਪਾਦਨ ਕਰਦਿਆਂ ਕਈ ਵੇਰ ਉਨ੍ਹਾਂ ਲੋਕਾਂ ਦੇ ਪੈਦਾ ਕੀਤੇ ਸੰਸਿਆਂ ਦਾ ਖਿਆਲ ਆ ਜਾਂਦਾ ਰਿਹਾ ਹੈ, ਜਿਨ੍ਹਾਂ ਨੇ ਗਹਿਰੀ ਨਜ਼ਰ ਨਾਲ ਸ਼੍ਰੀ ਗੁਃਪ੍ਰਃਸੂਃ ਗ੍ਰੰਥ ਨੂੰ ਘੋਖਿਆ ਨਹੀਂ ਤੇ ਐਵੇਂ ਕਿੰਤੂ ਕੀਤੇ ਹਨ ਕਿ ਫਲਾਣੀ ਗਲ ਕਵੀ ਜੀ ਨੇ ਕੋਲੋਂ ਪਾਈ ਹੋਣੀ ਹੈ, ਪਰ ਜਿੰਨੀ ਵੇਰ ਸਾਨੂੰ ਐਸਾ ਸ਼ੁਭਾ ਪਿਆ ਹੈ, ਉੱਨੀ ਵੇਰ ਹੀ ਸਾਨੂੰ ਕਿਸੇ ਨਾ ਕਿਸੇ ਗ੍ਰੰਥ ਵਿਚੋਂ ਯਾ ਕਿਸੇ ਨਾ ਕਿਸੇ ਰਵਾਇਤ ਵਿਚੋਂ ਪਤਾ ਮਿਲ ਜਾਂਦਾ ਰਿਹਾ ਹੈ ਕਿ ਇਹ ਗਲ ਕਵੀ ਜੀ ਤੋਂ ਪਹਿਲਾਂ ਹੈਗੀ ਸੀ ਤੇ ਉਨ੍ਹਾਂ ਨੂੰ ਇਸ ਥਾਉਂ ਤੋਂ ਮਿਲੀ ਹੈ। ਸਿੱਟਾ ਇਹ ਕਿ ਕਵੀ ਜੀ ਵਿਗਜਾਨਿਕ ਇਤਿਹਾਸ ਦੀ ਤਰ੍ਹਾਂ ਕਿਸੇ ਹੱਦ ਤੱਕ ਖੋਜ ਕਰਦੇ ਹਨ, ਕਿਤਾਬੀ ਬੀ ਤੇ ਨਿਜ ਦੀ ਬੀ। ਇਸ ਤਰ੍ਹਾਂ ਜੋ ਵਾਕਜਾਤ ਲੱਭਦੇ ਹਨ ਲਿਖਦੇ ਹਨ, ਕ੍ਰਮ ਤੇ ਸਿਲਸਿਲੇ ਵਿਚ ਟੁਰਦੇ ਹਨ ਤੇ ਆਲੇ ਦੁਆਲੇ ਦੇ ਹਾਲਾਤ ਬੀ ਨਾਲ ਦੇਂਦੇ ਹਨ ਜੋ ਆਮ ਤੌਰ ਤੇ ਗ਼ਲਤ ਘੱਟ ਹੁੰਦੇ ਹਨ, ਚਾਹੇ ਉਕਾਈਆਂ ਹੋਣ ਪਰ ਉਹ ਸਹਿਵਨ ਪੈਂਦੀਆਂ ਹਨ। ਐਉਂ ਇਹ ਵਿਗਜਾਨਿਕ ਇਤਿਹਾਸ ਹੋ ਗਿਆ। ਪਰ ਇਸ ਨੂੰ ਅਸੀਂ ਛਾਣਿਆਂ ਪੁਣਿਆ ਵਿਗਜਾਨਿਕ ਇਤਿਹਾਸ ਬੀ ਨਹੀਂ ਕਹਿ ਸਕਦੇ, ਕਿਉਂਕਿ ਇਕ ਤਾਂ ਇਸ ਦੀ ਹੇਠਲੀ ਜ਼ਿਮੀਂ ਸਾਰੀ ਉਨਰੀ ਹੈ ਤੇ ਕਮਾਲ ਦੀ 'ਕੋਮਲ ਉਨਰੀ' ਹੈ। ਸਾਹਿਤਜਕ ਹਿੱਸਾ ਤੇ ਅਧਜਾਤਮਿਕ ਹਿੱਸਾ ਦੁਇ ਪ੍ਰਬਲ ਹਨ, ਜੈਸਾ ਕਿ ਉੱਪਰ ਦੱਸ ਆਏ ਹਾਂ। ਇਸ ਦੇ ਉਨਰੀ ਇਤਿਹਾਸ ਹੋਣ ਵਿਚ ਕੋਈ ਕਸਰ ਨਹੀਂ, ਪਰ ਨਿਰਾ ਪੁਰਾ ਵਿਗਜਾਨਿਕ ਇਤਿਹਾਸ ਹੋਣ ਵਿਚ ਰਹਿ ਗਈ ਹੈ। ਉਸ ਦਾ ਕਾਰਨ ਇਹ ਹੈ ਕਿ ਆਪ ਦੀ ਛਾਣ ਬੀਨ ਗੁਰਮੁਖੀ ਪੁਸਤਕਾਂ ਤੇ ਅਪਣੀ ਖੋਜ ਤਕ ਹੀ ਰਹੀ ਹੈ ਤੇ ਇਸ ਪਾਸੇ ਘਾਟਾ ਇਹ ਸੀ ਕਿ ਗੁਰਮੁਖੀ ਪੁਸਤਕਾਂ ਬਹੁਤ ਸਾਰੀਆਂ ਤਬਾਹ ਹੋ ਚੁਕੀਆਂ ਸਨ। ਭਾਈ ਸਾਹਿਬ ਨੂੰ ਗੁਰਮੁਖੀ ਇਤਿਹਾਸ ਭਾਵੇਂ ਅੱਜ ਤੋਂ ਵਧੇਰੇ ਓਦੋਂ ਮਿਲੇ ਹੋਣਗੇ ਪਰ ਦੀਵਾਨ ਲਖਪਤ ਦੇ ਵੇਲੇ ਜੋ ਸਾੜੇ ਗਏ ਉਹ ਨਹੀਂ ਮਿਲ ਸਕੇ। ਫਾਰਸੀ, ਪਤਾ ਲਗਦਾ ਹੈ ਕਿ, ਆਪ ਜਾਣਦੇ ਨਹੀਂ ਸਨ ਤੇ ਨਾ ਅੰਗ੍ਰੇਜ਼ੀ ਦਾ ਤਦੋਂ ਆਮ ਰਿਵਾਜ ਇਸ ਪਾਸੇ ਪਿਆ ਹੈਸੀ, ਇਸ ਕਰਕੇ ਆਪ ਫ਼ਾਰਸੀ ਇਤਿਹਾਸਾਂ ਦੀ ਪੜਤਾਲ ਨਹੀਂ ਕਰ ਸਕੇ ਤੇ ਨਾਂ ਪੱਛਮੀ ਨੁਕਤਾ ਇਤਿਹਾਸ ਨੂੰ ਨਿਖੇੜਵਾਂ ਸਮਝਣ ਦਾ ਅਵਸਰ ਉਨ੍ਹਾਂ ਦੇ ਅੱਗੇ ਆਇਆ। ਇਕ ਕਾਰਨ ਇਹ ਬੀ ਹੈ ਕਿ ਕਵੀ ਜੀ ਬਾਜ਼ੇ ਵੇਲੇ ਬਨਾਵਟੀ ਲੇਖਕਾਂ ਦੇ ਧੋਖੇ ਵਿਚ ਆ ਜਾਂਦੇ ਹਨ। ਮਸਲਨ ਸੌ ਸਾਖੀ ਦੀ ਪੜਚੋਲ ਨਹੀਂ ਕਰਦੇ, ਇਸ ਨੂੰ ਸਾਰੀ ਨੂੰ ਸਹੀ ਮੰਨਿਕੇ ਟੁਰ ਪੈਂਦੇ ਹਨ, ਉਸ ਦੀਆਂ ਉਕਾਈਆਂ ਆਪੇ ਪੈ ਜਾਣੀਆਂ ਹੋਈਆਂ। ਜਦੋਂ ਸੌ ਸਾਖੀ ਦੀ ਪੜਚੋਲ ਕੀਤੀ ਜਾਵੇ, ਜਿਸ ਦੇ ਨਮੂਨੇ ਕਿ ਅਸਾਂ ਥਾਂ ਥਾਂ ਤੇ ਦਿਖਾਏ ਹਨ, ਤਾਂ ਕਵੀ ਜੀ ਦੇ ਲੇਖਾਂ ਪਰ ਬੀ ਕਿੰਤੂ

---

*ਦੇਖੋ ਇਸੇ ਪੁਸਤਕ ਦਾ 'ਕਵੀ ਜੀ ਦੀ ਈਮਾਨਦਾਰੀ' ਦੇ ਸਿਰਲੇਖ ਵਾਲਾ ਲੇਖ ਜੋ ਅੱਗੇ ਆਵੇਗਾ।

ਹੋ ਜਾਣਾ ਹੋਇਆ* । ਪਰ ਏਹ ਸਾਰੀਆਂ ਗਲਾਂ ਵਿਚਾਰਕੇ ਬੀ ਅਸੀਂ ਕਹਿ ਸਕਦੇ ਹਾਂ ਕਿ ਆਪ ਨੇ ਉਨਰੀ ਇਤਿਹਾਸ ਦੀ ਜ਼ਿਮੀ ਉੱਤੇ ਅਪਣੀ ਸਮਝ, ਵਿਤ, ਤਾਣ ਮੂਜਬ ਮਿਹਨਤ ਕਰਕੇ ਵਿਗਯਾਨਿਕ ਇਤਿਹਾਸ ਲਿਖਿਆ ਹੈ, ਜੋ ਦੋਹਾਂ ਦਾ ਇਕ ਮਿਲਵਾਂ ਦੋ ਰੰਗਾ ਫੁੱਲ ਹੈ ਕਿ ਜਿਸ ਵਿਚ ਆਪ ਨੇ ਰੰਗ ਬੜੀ ਖ਼ੂਬੀ ਨਾਲ ਢੁਕਾਏ ਹਨ। ਇਹ ਇਕ ਇਸ ਤਰ੍ਹਾਂ ਦਾ ਇਤਿਹਾਸ ਹੈ, ਜੋ ਇਕ ਅਮੋਲਕ ਸੰਚਯ ਹੈ ਜੋ ਚੰਗੇ ਵਕਤ ਸੰਚਯ ਹੋ ਗਿਆ ਤੇ ਜੋ ਆਪਣੇ ਆਪ ਵਿਚ ਇਤਨਾ ਸਾਮਾਨ ਵਿਗਯਾਨਿਕ ਇਤਿਹਾਸ ਦੇ ਖੋਜੀਆਂ ਲਈ ਰਖਦਾ ਹੈ ਕਿ ਜਿਸ ਤੇ ਖੋਜੀਆਂ ਨੂੰ ਆਪਣੀ ਤਲਾਸ਼ ਵਿਚ ਸਾਮਾਨ ਤੇ ਰਹਿਬਰੀ ਮਿਲਦੀ ਹੈ। ਦੂਜੇ ਇਤਿਹਾਸਾਂ ਦੀ ਖੋਜ ਪੜਤਾਲ ਵੇਲੇ ਇਹ ਸੰਚਯ ਬਹੁਤ ਕੰਮ ਦੇਂਦਾ ਹੈ।

## [ਕਰਾਮਾਤ]

ਇਸ ਵਿਸ਼ੇ ਵਿਚ ਇਕ ਹੋਰ ਗਲ ਵਲੋਂ ਨਜ਼ਰ ਪਰੇ ਨਹੀਂ ਕੀਤੀ ਜਾ ਸਕਦੀ, ਜੋ ਦੋਹਾਂ ਕਿਸਮਾਂ ਦੇ ਇਤਿਹਾਸ ਵਿਚ ਇਕ ਹੋਰ ਫਰਕ ਦਿਖਾਉਂਦੀ ਹੈ। ਕਿਉਂਕਿ ਇਸ ਗ੍ਰੰਥ ਵਿਚ ਉਹ ਗਲ ਆਉਂਦੀ ਹੈ ਇਸ ਕਰਕੇ ਉਸ ਵਿਸ਼ੇ ਦਾ ਕੁਛ ਏਥੇ ਵਰਣਨ ਕਰਨਾ ਅਵੱਸ਼ਯਕ ਸਮਝਦੇ ਹਾਂ । ਉਹ ਮਾਮਲਾ ਹੈ'ਕਰਾਮਾਤ' ਦਾ। ਅਸੀਂ ਦੇਖਦੇ ਹਾਂ ਕਿ ਵਿਗਯਾਨਿਕ ਇਤਿਹਾਸ ਦੇ ਲੇਖਕ 'ਕਰਾਮਾਤ' ਨੂੰ 'ਵਾਕਯਾਤ' ਵਿਚ ਨਹੀਂ ਲਿਖਦੇ ਯਾ ਲਿਖਣੋਂ ਅਤਿ ਸੰਕੋਚ ਕਰਦੇ ਹਨ ਤੇ ਉਨਰੀ ਇਤਿਹਾਸ ਦੇ ਲੇਖਕ 'ਕਰਾਮਾਤ' ਨੂੰ ਵਾਕਯਾਤ ਕਰਕੇ ਖੁੱਲੇ ਦਿਲ ਲਿਖਦੇ ਹਨ। ਇਹ ਫਰਕ ਇਤਨਾ ਕੁ ਹੀ ਨਹੀਂ ਸਗੋਂ ਦੇਖਣ ਵਿਚ ਆਇਆ ਹੈ ਕਿ ਪੱਛਮੀ ਇਤਿਹਾਸਕਾਰ ਖਾਸ ਕਰਕੇ ਯੂਰਪੀਨ ਲੇਖਕ ਕਰਾਮਾਤ ਨੂੰ ਸਿਰਿਓਂ ਹੀ ਨਾ ਮੰਨਕੇ ਟੁਰਦਾ ਹੈ ਤੇ ਜਿੱਥੇ ਕਿਸੇ ਲੇਖਕ ਨੂੰ ਕਰਾਮਾਤ ਦੇ ਵਾਕਯਾਤ ਨੂੰ ਲਿਖਦਾ ਦੇਖ ਲਵੇ ਓਥੇ ਸਾਰੀ ਗਲ ਨੂੰ ਹੀ ਸ਼ੱਕ ਦੀ ਨਜ਼ਰ ਨਾਲ ਵੇਖਕੇ ਰੱਦ ਕਰ ਦੇਂਦਾ ਹੈ, ਸਗੋਂ ਉਹਨਾਂ ਇਤਿਹਾਸਾਂ ਨੂੰ ਹੀ ਸ਼ੱਕ ਵਿਚ ਸੁੱਟ ਦੇਂਦਾ ਹੈ। ਪਰ ਜਿਨ੍ਹਾਂ ਲੇਖਕਾਂ ਨੂੰ ਕਰਾਮਾਤ ਤੇ ਨਿਸ਼ਚਾ ਹੈ ਤੇ ਓਹ ਜਿਸ ਦਾ ਹਾਲ ਲਿਖ ਰਹੇ ਹਨ ਉਸ ਦੇ ਜੀਵਨ ਵਿਚ ਏਹ ਕਰਾਮਾਤੀ ਵਾਕਯਾਤ ਸੁਣਦੇ ਯਾ ਵੇਖਦੇ ਹਨ ਓਹ ਇਹਨਾਂ ਗਲਾਂ ਨੂੰ ਲਿਖਣ ਕੀਕੂੰ ਨਾਂ ? ਭਾਵੇਂ ਕਰਾਮਾਤੀ ਵਯਕਤੀਆਂ ਦੇ

*ਇਹ ਉਕਾਈ ਤਵਾ: ਖਾ: ਵਾਲੇ ਨੇ ਬੀ ਖਾਧੀ ਹੈ। ਉਸ ਨੇ ਤਾਂ (ਸਫਾ ੬੬੪ ਹਿੱਸਾ ੧ ਨੰ: ੩ ਦੇ ਨੋਟ ਵਿਚ) ਇਕ ਕਹਾਣੀ ਸੌ ਸਾਖੀ ਦੇ ਪ੍ਰਗਟ ਹੋਣ ਦੀ ਦਿੱਤੀ ਹੈ ਜੋ ਪੜਤਾਲ ਅੱਗੇ ਬਨਾਵਟੀ ਸਹੀ ਹੋ ਜਾਂਦੀ ਹੈ। ਕੁਰਛੇਤ੍ਰ ਜਿਸ ਪੰਡੇ ਦੇ ਘਰ ਦਸਮ ਗੁਰੂ ਜੀ ਦੇ ਨਾਲ ਗੁਰੂ ਕੇ ਮਹਿਲ ਉਤਰੇ ਹੋਏ ਸਨ, ਆਪ ਦੱਸਦੇ ਹਨ ਕਿ ਉਸ ਦੀ ਬਾਲ ਵਿਧਵਾ ਭੈਣ ਨੂੰ ਉਸਦੀ ਸੇਵਾ ਦੇ ਬਦਲੇ ਮਾਤਾ ਜੀ ਨੇ ਪੰਜ ਗ੍ਰੰਥੀ ਤੇ ਸੌ ਸਾਖੀ ਦੀ ਪੋਥੀ ਦਿੱਤੀ ਸੀ। ਇਹ ਸਮਾਂ ਸੰਮਤ ੧੭੬੦–੬੧ ਤੋਂ ਪਹਿਲੋਂ ਦਾ ਹੈ। ਸੌ ਸਾਖੀ ਵਿਚ ਇਸ ਦੇ ਆਪਣੇ ਲਿਖੇ ਜਾਣ ਦਾ ਸੰਮਤ ੧੭੯੧–੯੧ ਹੈ। ਸੋ ਵੀਹ ਯਾ ਤ੍ਰੀਹ ਵਰ੍ਹੇ ਪੋਥੀ ਰਚੀ ਜਾਣ ਤੋਂ ਪਹਿਲਾਂ ਵਿਧਵਾ ਬ੍ਰਹਮਣੀ ਨੂੰ ਮਾਤਾ ਜੀ ਨੇ ਪੋਥੀ ਕਿਸ ਤਰ੍ਹਾਂ ਦੇ ਦਿਤੀ ਸੀ ? ਫਿਰ ਸੌ ਸਾਖੀ ਵਿਚ ਦੱਸਿਆ ਹੈ ਕਿ ਪੰਜ ਸੌ ਸਾਖੀ ਸੀ, ਸੌ ਸੌ ਕਰਕੇ ਵੰਡਕੇ ੫ ਸੱਜਣਾਂ ਨੂੰ ਦੇ ਦਿੱਤੀ ਗਈ ਸੀ, ਉਨ੍ਹਾਂ ਪੰਜਾਂ ਵਿਚ ਕੁਰਛੇਤ੍ਰ ਦੀ ਬ੍ਰਹਿਮਣੀ ਦਾ ਨਾਉਂ ਨਹੀਂ ਹੈ। ਸੋ ਕਹਾਣੀ ਬਨਾਵਟੀ ਹੈ ਤੇ ਆਖੇਪ ਵਾਲੀ ਸਾਖੀ ਨੂੰ ਪਰਵਿਰਤ ਕਰਨ ਲਈ ਘੜੀ ਗਈ ਜਾਪਦੀ ਹੈ, ਪਰ ਕਰਤਾ ਤਵਾ: ਖਾ: ਨੇ ਸਹੀ ਮੰਨ ਲਈ ਹੈ।

ਜੀਵਨਾਂ ਵਿਚ ਕਦੇ ਕਿਤੇ ਮੁਬਾਲਗ਼ੇ ਤੋਂ ਵੀ ਕੰਮ ਲਏ ਗਏ ਹਨ ਪਰ ਤਦ ਬੀ ਕਰਾਮਾਤ ਅਨਹੋਣੀ ਗਲ ਨਹੀਂ ਤੇ ਇਸ ਦੇ ਐਸੇ ਪਹਿਲੂ ਬੀ ਹਨ ਜੋ ਦਲੀਲ ਨਾਲ ਬੀ ਮੁਮਕਿਨਾਤ ਵਿਚ ਹਨ। ਅਤੇ ਕਈ ਐਸੇ ਹਨ ਜੋ ਹੁਣ ਸਹਿਜੇ ਸਹਿਜੇ ਆਮ ਜ਼ਮਾਨੇ ਦੀ ਸਮਝ ਵਿਚ ਬੀ ਆ ਰਹੇ ਹਨ, ਚਾਹੋ ਕਿਸੇ ਹੋਰਸ ਪਹਿਲੂ ਤੋਂ। ਇਕ ਪਾਸੇ ਤਾਂ ਕਰਾਮਾਤ ਮੰਨਣ ਵਾਲੇ ਮੁਬਾਲਗ਼ੇ ਕਰ ਜਾਂਦੇ ਹਨ, ਦੂਜੇ ਪਾਸੇ ਨਾਂ ਮੰਨਣ ਵਾਲੇ ਉਨ੍ਹਾਂ ਵਾਕਿਆਤ ਨੂੰ ਸਿਰਿਓਂ ਹੀ ਛਡ ਜਾਂਦੇ ਹਨ; ਹੈਨ ਦੁਏ ਪੱਖ ਭੁੱਲ ਤੇ। ਇਕ ਦ੍ਰਿਸ਼ਟਾਂਤ ਤੋਂ ਸੌਖਾ ਸਮਝਿਆ ਜਾ ਸਕੇਗਾ। 'ਕਿਸੇ ਆਦਮੀ ਦੇ ਦਿਲ ਵਿਚ ਆ ਰਹੇ ਖਯਾਲਾਂ ਨੂੰ ਦੂਸਰੇ ਦਾ ਸਮਝ ਲੈਣਾ' ਅੰਤਰਯਾਮਤਾ ਦਾ ਇਕ ਅੰਗ ਸਮਝਿਆ ਜਾਂਦਾ ਹੈ। ਰੂਹਾਨੀ ਈਂਦਿਆਂ ਬਾਬਤ ਇਸ ਪ੍ਰਕਾਰ ਦੇ ਵਾਕਜਾਤ ਲਿਖੇ ਹੋਏ ਆਮ ਮਿਲਦੇ ਹਨ। ਪੱਛਮੀ ਖਯਾਲ ਵਿਚ ਅੱਜ ਤੋਂ ੫੦ ਕੁ ਵਰ੍ਹੇ ਪਹਿਲਾਂ ਇਹ ਗੱਲ ਅਨਹੋਣੀ ਸਮਝੀ ਜਾਂਦੀ ਸੀ, ਪਰ ਹੁਣ ਇਸ ਗੱਲ ਨੂੰ ਕਿਸੇ ਪਹਿਲੂ ਵਿਚ ਵਿਦਯਾ ਵਿਗ੍ਯਾਨ ਨੇ ਮੰਨ ਲਿਆ ਹੈ ਤੇ ਇਸ ਦਾ ਨਾਮ 'ਟੈਲੀਪੈਥੀ' ਧਰਿਆ ਹੈ। ਹੁਣ ਜੇ ਕਿਸੇ ਇਤਿਹਾਸਕਾਰ ਨੇ ਅੱਜ ਤੋਂ ਚਾਲੀ ਪੰਜਾਹ ਵਰ੍ਹੇ ਪਹਿਲਾਂ ਕਿਸੇ ਮਹਾਂ ਪੁਰਖ ਦਾ ਜੀਵਨ ਲਿਖਦਿਆਂ ਉਸ ਦੇ ਕਿਸੇ ਅੰਤਰਯਾਮਤਾ ਦੇ ਵਾਕਿਆ ਨੂੰ ਅਨਹੋਣਾ ਫਰਜ਼ ਕਰਕੇ ਤੇ ਬਨਾਵਟੀ ਸਮਝਕੇ ਆਪਣੇ ਇਤਿਹਾਸ ਵਿਚ ਨਹੀਂ ਲਿਖਿਆ ਤਾਂ ਉਸ ਨੇ ਅੰਨਯਾਯ ਕੀਤਾ ਹੈ ਕਿ ਕਿਸੇ ਦੇ ਜੀਵਨ ਦਾ ਕੋਈ ਇਕ ਖਾਸ ਵਾਕਿਆ ਕੱਟ ਦਿੱਤਾ, ਕੇਵਲ ਇਸ ਵਹਿਮ ਹੇਠ ਕਿ ਇਹ ਗੱਲ ਅਸੰਭਵ ਹੈ ਇਸ ਕਰਕੇ ਮੈਂ ਨਹੀਂ ਲਿਖਦਾ। ਪਰ ਉਹ ਤਦੋਂ ਦਾ ਅਸੰਭਵ ਹੁਣ 'ਟੈਲੀਪੈਥੀ' ਦੇ ਨਾਮ ਹੇਠ ਆਕੇ ਇਕ ਹੋਰ ਤ੍ਰੀਕੇ ਨਾਲ ਸੰਭਵ ਮੰਨ ਲਿਆ ਗਿਆ ਹੈ। ਸੋ ਇਸ ਵਿਗ੍ਯਾਨਿਕ ਇਤਿਹਾਸਕਾਰ ਨੇ, ਕਿ ਜਿਸ ਨੇ ਐਸੇ ਵਾਕਜਾਤ ਕੱਟ ਦਿੱਤੇ, ਜਿਸ ਦੇ ਹਾਲਾਤ ਕਿ ਉਸਨੇ ਲਿਖੇ ਹਨ, ਉਸ ਦੇ ਸੰਪੂਰਨ ਹਾਲਾਤ ਸਾਡੇ ਤੱਕ ਨਾਂ ਅੱਪੜਨ ਦਿੱਤੇ। ਇਸ ਲਈ ਕਿਸੇ ਇਤਿਹਾਸਕਾਰ ਨੂੰ ਹੱਕ ਨਹੀਂ ਹੈ ਕਿ ਕੇਵਲ ਆਪਣੀ ਖਿਆਲ ਕੀਤੀ 'ਅਸੰਭਵ' ਦੀ ਦਲੀਲ ਅੱਗੇ ਰੱਖਕੇ ਕਰਾਮਾਤੀ ਹਾਲਾਤ ਨੂੰ ਲੁਕੋ ਦੇਵੇ। ਕਿਉਂਕਿ ਵਿਦਯਾ ਵਿਗ੍ਯਾਨ ਦੀ ਤਰੱਕੀ ਨਾਲ ਪਤਾ ਨਹੀਂ ਕਿ ਕਿਹੜੀ ਕਿਹੜੀ ਗੱਲ ਕਿਸ ਕਿਸ ਤ੍ਰੀਕੇ ਨਾਲ ਉਨ੍ਹਾਂ ਦੇ ਸੰਭਵ ਦੇ ਘੇਰੇ ਵਿਚ ਆਉਂਦੀ ਜਾਣੀ ਹੈ। ਹਾਂ, ਲੇਖਕ ਇਹ ਕਰ ਸਕਦਾ ਹੈ ਕਿ ਇਹ ਲਿਖੇ ਕਿ ਮੈਂ ਕਰਾਮਾਤ ਨੂੰ ਅਸੰਭਵ ਸਮਝਦਾ ਹਾਂ, ਪਰ ਮੈਂ ਜਿਸ ਦਾ ਹਾਲ ਲਿਖ ਰਿਹਾ ਹਾਂ ਉਸ ਦੀ ਬਾਬਤ ਕਰਾਮਾਤ ਦੀ ਸ਼ਕਲ ਦੇ ਆਹ ਵਾਕਜਾਤ ਮਿਲਦੇ ਹਨ ਯਾ ਇਤਿਹਾਸਾਂ ਵਿਚ ਹੈਨ। ਇਸ ਤਰ੍ਹਾਂ ਕਰਨ ਨਾਲ ਉਹ ਆਪਣਾ ਮਤ ਬੀ ਦੱਸ ਗਿਆ, ਪਰ ਜਿਸ ਦੇ ਹਾਲਾਤ ਦੱਸ ਰਿਹਾ ਹੈ ਉਸ ਨਾਲ ਅੰਨਯਾਯ ਬੀ ਨਾ ਕਰ ਗਿਆ।

ਇਸ ਵੀਚਾਰ ਮੂਜਬ ਕਈ ਲੋਕ ਸ੍ਰੀ ਗੁਰ ਪ੍ਰਤਾਪ ਸੂਰਜ ਨੂੰ ਤ੍ਰਿਸਕਾਰ ਨਾਲ ਤੱਕਦੇ ਸਨ ਕਿ ਇਸ ਵਿਚ ਕਰਾਮਾਤਾਂ ਲਿਖੀਆਂ ਹਨ, ਇਸ ਕਰਕੇ ਸਾਰਾ ਹੀ ਮੰਨਣੇ ਜੋਗ ਨਹੀਂ। ਪਰ ਭਾਈ ਸੰਤੋਖ ਸਿੰਘ ਜੀ ਬਹੁਤ ਅੰਨਯਾਯ ਕਰ ਜਾਂਦੇ ਜੇਕਰ ਓਹ ਅਸੰਭਵ ਦੀ ਖ਼ਿਆਲੀ ਯੁਕਤੀ ਅੱਗੇ ਰੱਖਕੇ ਉਨ੍ਹਾਂ ਹਾਲਾਤ ਨੂੰ ਦਰਜ ਕਰਨੋਂ ਸੰਕੋਚ ਕਰ ਜਾਂਦੇ, ਜੋ ਉਨ੍ਹਾਂ ਨੂੰ ਕਰਾਮਾਤ ਦੇ ਨਾਮ ਹੇਠ ਆਉਣ ਵਾਲੇ ਮਿਲੇ ਸਨ। ਉਨ੍ਹਾਂ ਦੇ ਐਸਾ ਨਾ ਕਰਨੇ ਦਾ ਇਹ ਕਾਰਨ ਵੀ

ਹੈ ਕਿ ਓਹ ਆਪ ਅੱਭਜਾਸੀ ਪੁਰਖ ਸਨ, ਉਨ੍ਹਾਂ ਨੂੰ 'ਏਕਾਗ੍ਰ-ਚਿੱਤ' ਦੀਆਂ ਸ਼ਕਤੀਆਂ ਦਾ ਪਤਾ ਸੀ, ਉਵ ਬੀ ਉਨ੍ਹਾਂ ਨੂੰ ਜੋ ਹਾਲਾਤ ਮਿਲੇ ਸਨ ਉਨ੍ਹਾਂ ਨੇ ਲਿਖ ਦੇਣੇ ਸਨ। ਹੁਣ ਦੇ ਪਾਠਕਾਂ ਨੂੰ ਚਾਹੀਏ ਕਿ ਜੇ ਓਹ ਕਰਾਮਾਤ ਨੂੰ ਨਹੀਂ ਮੰਨਦੇ ਤਾਂ ਨਾਂ ਮੰਨਣ, ਪਰ ਕਵੀ ਜੀ ਨੂੰ ਘਾੜਤਾਂ ਘੜਨ ਦਾ ਦੋਸ਼ ਨਾ ਦੇਣ, ਕਿਉਂਕਿ ਉਨ੍ਹਾਂ ਨੂੰ ਜੋ ਹਾਲਾਤ ਮਿਲੇ ਉਨ੍ਹਾਂ ਨੇ ਲਿਖਣੇ ਸਨ। ਕੋਈ ਹਾਲਾਤ ਉਨ੍ਹਾਂ ਨੇ ਛਿਪਾਏ ਨਹੀਂ, ਕੋਈ ਪੱਲਿਓਂ ਨਹੀਂ ਪਾਏ। ਜੇ ਕਰਾਮਾਤੀ ਹਾਲਾਤ ਵਿਚੋਂ ਕੁਛ ਗੱਲਾਂ ਹੁਣ ਸੰਭਵ ਮੰਨੀਆਂ ਗਈਆਂ ਹਨ ਤਾਂ ਉਨ੍ਹਾਂ ਦੀ ਰੌਸ਼ਨੀ ਵਿਚ ਸਾਨੂੰ, ਜਿਨ੍ਹਾਂ ਦੇ ਕਿ ਇਤਿਹਾਸ ਹਨ, ਉਨ੍ਹਾਂ ਬਾਬਤ ਕੁਛ ਵਧੇਰੇ ਚਾਨਣਾ ਮਿਲ ਗਿਆ ਜੋ ਉਨ੍ਹਾਂ ਦੀ ਆਤਮ ਸੱਤਜਾ ਦਾ ਇਕ ਹੋਰ ਪਹਿਲੂ ਵਿਚ ਲਖਾਯਕ ਹੋ ਗਿਆ।

ਇਸ ਤਰ੍ਹਾਂ ਇਤਿਹਾਸਕਾਰ ਦੀ ਦਜਾਨਤਦਾਰੀ ਨੂੰ ਇਹ ਗਲ ਸ਼ੋਭਦੀ ਹੈ ਕਿ ਜਿਨ੍ਹਾਂ ਗਲਾਂ ਨੂੰ ਅਜੇ ਵਿਗਜਾਨਕਾਂ ਵਿਚ ਸੰਭਵ ਨਹੀਂ ਮੰਨਿਆਂ ਜਾਂਦਾ ਤੇ ਕਿਸੇ ਕਲਾਧਾਰੀ ਸ਼ਖਸੀਅਤ ਬਾਬਤ ਓਹ ਲਿਖੀਆਂ ਮਿਲਦੀਆਂ ਹਨ, ਉਨ੍ਹਾਂ ਨੂੰ ਕੱਟਕੇ ਗਵਾ ਨ ਦੇਵੇ, ਅਪਣੀ ਟੂਕ ਨਾਲ ਦੇਕੇ ਲਿਖ ਦੇਵੇ ਕਿ 'ਇਉਂ ਦੇ ਵਾਕਜਾਤ ਮਿਲਦੇ ਹਨ, ਮੇਰੇ ਖਿਆਲ ਵਿਚ ਇਹ ਸੰਭਵ ਨਹੀਂ, ਪਰ ਮੈਂ ਇਨ੍ਹਾਂ ਨੂੰ ਲਿਖ ਛਡਦਾ ਹਾਂ'। ਕੀ ਜਾਣੀਏ ਕਿ ਜਿਵੇਂ ਪੱਛਮ ਵਿਚ 'ਕੂਈ' ਆਦਿਕਾਂ ਨੇ ਜੋ ਮਾਨਸਿਕ ਕ੍ਰਿਸ਼ਮੇ ਦਿਖਾਏ ਹਨ, ਇਨ੍ਹਾਂ ਤੋਂ ਅੱਗੇ ਟੁਰਕੇ ਅਸਲੀ ਗਲ ਬੀ ਲੱਭ ਪਵੇ ਅਤੇ ਅਵਤਾਰੀ ਮਹਾਂ ਪੁਰਖ ਯਾ ਕਲਾਧਾਰੀ ਦੀ ਅਗੰਮੀ ਆਤਮ ਸ਼ਕਤੀ ਬੀ ਸਮਝੇ ਪੇ ਜਾਵੇ ਤੇ ਸਮਝਣ ਵਾਲੇ ਉਸ ਨੂੰ ਬਿਆਨ ਬੀ ਕਰ ਸਕਣ ਲਗ ਜਾਣ।

ਇਹ ਗਲ ਪ੍ਰਗਟ ਹੀ ਹੈ ਕਿ ਪੱਛਮ ਦੇ ਵਿਗਜਾਨਿਕਾਂ ਦਾ ਰੁਖ ਹੁਣ ਨਿਰੇ 'ਇਨਕਾਰ' ਵਲੋਂ ਬਦਲ ਰਿਹਾ ਹੈ। ਸਾਇੰਸਦਾਨ ਦਾ ਰੁਖ ਹੁਣ ਹਰ ਗਲ ਨੂੰ (Matter) ਮਾਦੇ ਵਲ ਮੱਲੋ ਮੱਲੀ ਖਿੱਚਣ ਦਾ ਨਹੀਂ ਸਗੋਂ ਮਾਦਾ ਆਪਣੀ ਖੋਜ ਪੜਤਾਲ ਤੇ ਵਿਤ੍ਰਕ ਵਿਚ ਸੂਖਮਤਾ ਵਲ ਲਿਜਾ ਰਿਹਾ ਹੈ। ਫਿਜ਼ਿਕਸ (ਪਦਾਰਥ ਵਿਦਜਾ) ਹੁਣ ਅਪਣੇ ਆਪ ਨੂੰ ਫਰੋਲਦੀ ਤੇ ਖੁਹਲਦੀ ਅੱਗੇ ਵਧਦੀ ਓਥੇ ਅੱਪੜੀ ਹੈ ਕਿ ਰਤੀ ਕੁ ਅੱਡੀ ਚੁੱਕਿਆਂ ਮੇਟਾਫਿਜ਼ਿਕਸ (ਅਧਜਾਤਮ ਵਿਦਜਾ) ਦੇ ਝਾਂਉਲੇ ਪੈਣ ਲਗ ਜਾਂਦੇ ਹਨ। ਇਸ ਦੇ ਨਾਲ ਹੀ ਕੋਈ ਕੋਈ ਗਲ ਵਿਦਜਾ ਵਿਗਜਾਨ ਦੀ ਖੋਜ ਵਿਚ ਐਸੀ ਨਿਕਲ ਪੈਂਦੀ ਹੈ ਕਿ ਜੋ ਹੁੰਦੀ ਤਾਂ ਦੂਰ ਸੱਤਵੀਂ ਹੈ ਪਰ ਉਨ੍ਹਾਂ ਅਧਜਾਤਮਿਕ ਪਹਿਲੂਆਂ ਪਰ ਕੁਛ ਚਮਕਾਰ ਜਿਹਾ ਮਾਰ ਜਾਂਦੀ ਹੈ, ਜੋ ਦਿਮਾਗ਼ੀ ਸਮਝ ਲਈ ਅਜੇ ਤਕ ਹਨੇਰੇ ਵਿਚ ਹੋਣ ਕਰਕੇ ਨਾ ਹੋਇਆਂ ਤੁੱਲ ਖ਼ਜਾਲੇ ਜਾਂਦੇ ਸੇ। ਮਸਲਨ 'ਆਇਨਸਟ੍ਰੇਨ' ਨੇ ਰਜਾਜ਼ੀ ਵਿੱਦਜਾ ਦੀ ਖੋਜ ਵਿਚ ਤ੍ਰੈ ਲਾਂਭਾਂ three dimensions ਦੇ ਨਾਲ ਚੌਥੀ ਲਾਂਭ ਲੱਭੀ ਹੈ ਤੇ ਉਹ ਉਸਨੇ 'ਕਾਲ' time ਨੂੰ ਸਹੀ ਕੀਤਾ ਹੈ। ਮੰਡਲ ਤਾਂ ਸੀ ਰਜਾਜ਼ੀ ਦੀ ਖੋਜ ਦਾ ਤੇ ਅਸਰ ਪੈਣਾ ਸੀ ਜਜੋਤਿਸ਼* ਯਾ ਭੂਮਿਤਿ† ਵਿਦਜਾ ਤੇ, ਪਰ ਨਾਲ ਇਹ ਗਲ ਝਾਂਵਲੇ ਮਾਰਨ ਲਗ ਗਈ ਕਿ ਕੀਹ ਜਾਣੀਏ ਕੋਈ ਦਿਮਾਗ਼ ਐਸੀ ਬਨਾਵਟ ਵਾਲਾ ਹੋਵੇ ਯਾ ਕਿਸੇ ਹਾਲਤ ਵਿਚ ਕੋਈ ਦਿਮਾਗ਼ ਐਸੀ ਹਾਲਤ ਵਿਚ ਚਲਾ ਜਾਵੇ ਕਿ ਉਸ ਦੀ

*Astronomy †Geometry.

ਸੋਝੀ ਚੌਥੀ ਲਾਂਭ ਵਿਚ ਜਾ ਪਵੇ ਤਾਂ ਉਸ ਲਈ ਕਾਲ ਅਪਣੇ ਆਪਨੂੰ ਭੂਤ ਭਵਿੱਖਤ ਵਰਤਮਾਨ ਦੇ ਤ੍ਰੈ ਟੁਕੜਿਆਂ ਵਿਚ ਨਹੀਂ ਦਿਖਾਏਗਾ, ਉਸ ਅਗੇ ਮਾਨੋਂ ਇਕ ਵਰਤਮਾਨ ਵਾਙੂ ਭਾਸਣ ਲੱਗ ਜਾਏਗਾ। ਗੋਯਾ ਇਉਂ ਭੂਤ ਤੇ ਭਵਿੱਖਤ ਦਾ ਗਿਆਨ ਇਨਸਾਨੀ ਦਿਮਾਗ਼ ਲਈ ਕਿਸੇ ਉਸ ਦੇ ਉੱਨਤ ਹੋਣ ਯਾ ਗ਼ੈਰ ਮਾਮੂਲੀ ਹਾਲਤ ਵਿਚ ਜਾਕੇ ਸੰਭਵ ਜੇਹਾ ਜਾਪਣ ਲਗ ਪਿਆ*। ਸੋ ਵਿਦ੍ਯਾ ਵਿਗ੍ਯਾਨ ਹੁਣ ਜਿਸ ਪਾਸੇ ਜਾ ਰਹੀ ਹੈ ਮੁਮਕਿਨ ਹੈ ਕਿ ਕਿਤੇ ਜਾਕੇ ਪਿਛਲੇ ਰੂਹਾਨੀ ਲੋਕਾਂ ਦੇ ਕਰਾਮਾਤਾਂ ਵਾਲੇ ਵਾਕਯਾਤ ਉਨ੍ਹਾਂ ਨੂੰ ਸਹਾਈ ਹੋਣ ਤੇ ਆਪਣੇ ਸਿੱਧਾਂਤਾਂ ਨੂੰ ਜੋੜਨ ਮੇਲਣ ਵੇਲੇ ਪਿਛਲੇ ਹੋਏ ਹਾਲਾਤ ਕੋਈ ਰੋਸ਼ਨੀ ਯਾ ਮਦਦ ਦੇ ਸਕਣ, ਇਸ ਲਈ ਓਹ ਗੁੰਮ ਕਰ ਦੇਣੇ ਮੁਨਾਸਿਬ ਨਹੀਂ ਹਨ।

---

*ਐਸੀ ਦਿਮਾਗ਼ੀ ਹਾਲਤ ਹੋ ਸਕਦੀ ਹੈ। ਇਸ ਦੇ ਸਬੂਤ ਲਈ 'ਫੇਬਰ ਐਂਡ ਫੇਬਰ' ਨੇ ਇਕ ਕਿਤਾਬ 'ਐਡਵੈਂਚਰ' ਨਾਮੇ ਦੀ ਅਖੀਰਲੀ ਐਡੀਸ਼ਨ ੧੯੩੧ ਵਿਚ ਛਾਪੀ ਸੀ। ਜਿਸ ਦਾ ਸੰਖੇਪ ਮਿਸਟਰ 'ਜੋਡ' ਨੇ ਅਪਣੀ 'ਗਾਈਡ ਟੂ ਮਾਡਰਨ ਥਾਟ' ਨਾਮੇ ਕਿਤਾਬ ਵਿਚ ਦਿੱਤਾ ਹੈ। ਜੋ ਇਸਤਰ੍ਹਾਂ ਹੈ:—

ਆਕਸਫੋਰਡ ਦੇ ਹਯੂਸ (St. Hughts) ਕਾਲਜ ਦੀਆਂ ਦੋ ਉਪਰੋਥਲੀ ਦੀਆਂ ਪ੍ਰਿੰਸੀਪਲ ਬੀਬੀਆਂ ਸਨ ਜੋ ਅੰਗ੍ਰੇਜ਼ ਜਾਤੀ ਦੀਆਂ ਸਨ, ਜਿਨ੍ਹਾਂ ਦੇ ਨਾਮ ਸਨ 'ਮਿਸ ਮੋਬਰਲੇ' ਤੇ 'ਮਿਸ ਜੂਰਡੇਨ'। ਏਹ ਦੋਇ ਵਿਦਵਾਨ ਬੀਬੀਆਂ ਨਾਂ ਤਾਂ ਫ੍ਰਾਂਸ ਦੇ ਇਤਿਹਾਸ ਦੀਆਂ ਰਸਿਕ ਸਨ ਤੇ ਨਾਂ ਕਿਸੇ ਪ੍ਰਕਾਰ ਦੀ ਰੂਹਾਂ ਦੀ ਯਾ ਗੁਪਤ ਵਿਦਿਆ ਦੀਆਂ ਜਾਣੂ ਸਨ। ਏਹ ੧੯੦੧ ਵਿਚ ਫਰਾਂਸ ਸੈਰ ਕਰਨ ਗਈਆਂ ਸਨ। ਇਕ ਦਿਨ ਲੌਂਦੇ ਪਹਿਰ ਅਗਸਤ ਦੇ ਮਹੀਨੇ ਏਹ ਦੋਇ ਮਹਲ 'ਵਰਸੇਲਸ' ਦੇ ਬਾਗ਼ ਵਿਚ ਸੈਰ ਕਰਦੀਆਂ 'ਟ੍ਰੈਨਾਨ' (ਇਕ ਮਕਾਨ ਹੈ) ਦੀਆਂ ਜ਼ਿਮੀਆਂ ਵਿਚ ਫਿਰ ਰਹੀਆਂ ਸਨ ਕਿ ਇਨ੍ਹਾਂ ਨੂੰ ਅਚਾਨਕ ਐਸੇ ਆਦਮੀ ਮਿਲੇ ਤੇ ਬੁਲਾਣ ਚਲਾਣ ਲਗ ਪਏ ਜਿਨ੍ਹਾਂ ਦੇ ਲਿਬਾਸ ੧੭੮੯ ਈ: ਸੰਨ ਦੇ ਸਨ। ਕੁਛ ਆਦਮੀ ਇਨ੍ਹਾਂ ਵਿਚੋਂ ਦੋਹਾਂ ਨੂੰ ਦਿੱਸੇ ਕੁਛ ਇਕ ਨੂੰ। ਫਿਰ ਇਨ੍ਹਾਂ ਬੀਬੀਆਂ ਨੇ ਓਥੇ ਉਹ ਉਪਬਨ ਵੇਖੇ ਜੋ ਹੁਣ ਉਥੇ ਨਹੀਂ ਹਨ। ਫਿਰ ਏਹ ਇਕ ਜਟਕੇ ਪੁਲ ਪਾਸੋਂ ਲੰਘੀਆਂ ਜੋ ਇਕ ਕੱਸ ਦੇ ਉਤੇ ਬੱਝਾ ਹੋਇਆ ਸੀ, ਜਿਸ ਕੱਸ ਦੇ ਅੱਗੇ ਜਾਕੇ ਝਰਨਾ ਸੀ, ਪਰ ਅਜ ਕਲ ਉਥੇ ਨਾ ਉਹ ਪੁਲ ਹੈ, ਨਾ ਕੱਸ ਤੇ ਨਾ ਝਰਨਾ। ਫਿਰ ਉਨ੍ਹਾਂ ਇਕ ਆਦਮੀ ਬਾਗ਼ ਵਿਚ ਇਕ ਮੰਡਪ ਦੇ ਪਾਸ ਬੈਠਾ ਡਿੱਠਾ, ਪਰ ਅਜ ਕਲ ਇਹ ਮੰਡਪ ਉਥੇ ਨਹੀਂ ਹੈ। ਫਿਰ ਉਨ੍ਹਾਂ ਨੂੰ ਮਹਲ ਦੇ ਇਕ ਦਰਵਾਜ਼ੇ ਵਿਚੋਂ ਨਿਕਲਕੇ ਇਕ ਪਿਆਦੇ ਨੇ ਸਲਾਮ ਕੀਤੀ ਜਿਹੜਾ ਦਰਵਾਜ਼ਾ ਕਿ ਪੌੜੀਆਂ ਦੇ ਡਿੱਗ ਪੈਣ ਨਾਲ ਸੌ ਵਰ੍ਹੇ ਤੋਂ ਬੰਦ ਹੋ ਚੁਕਾ ਸੀ।

ਇਨ੍ਹਾਂ ਬੀਬੀਆਂ ਨੂੰ ਇਸ ਵੇਲੇ ਤਾਂ ਇਕ ਉਦਾਸੀ ਛਾਈ ਪਰ ਮਗਰੋਂ ਉਹ ਕਈ ਵੇਰ ਓਥੇ ਮੁੜ ਮੁੜ ਗਈਆਂ ਤੇ ਤਸੱਲੀ ਹੋਈ ਕਿ ਬਨ, ਪੁਲ, ਕੱਸ, ਝਰਨਾ, ਮੰਡਪ ਤੇ ਦਰਵਾਜ਼ਾ ਉਥੇ ਮੂਲੋਂ ਨਹੀਂ ਹਨ, ਪਰ ਉਨ੍ਹਾਂ ਨੂੰ ਪਤਾ ਲੱਗਾ ਕਿ ੧੭੮੯ ਈ: ਵਿਚ ਜਦੋਂ ਮਲਕਾ 'ਮੇਰੀ ਐਂਟੀਆਇਨਿਟ' ਜੀਉਂਦੀ ਸੀ ਤਦ ਜੋ ਕੁਛ ਇਨ੍ਹਾਂ ਬੀਬੀਆਂ ਡਿੱਠਾ ਸੀ ਵਾਲ ਵਾਲ ਠੀਕ ਓਸੇ ਤਰ੍ਹਾਂ ਦਾ ਸਚੀ ਮੁਚੀ ਹੈਸੀ। ਜੋ ਆਦਮੀ ਮਿਲੇ ਸਨ ਉਨ੍ਹਾਂ ਵਿਚੋਂ ਕਈਆਂ ਦੇ ਪਤੇ ਲਗ ਗਏ ਕਿ ਉਸ ਸਮੇਂ ਹੈਸਨ ਤੇ ਪੁਸ਼ਾਕੇ ਵੀ ਓਦੋਂ ਉਹੋ ਹੈਸਨ। ਇਨ੍ਹਾਂ ਬੀਬੀਆਂ ਨੇ ਇਕ ਰੌਂਸ ਤੇ ਇਕ ਜ਼ਨਾਨੀ ਵੇਖੀ ਸੀ ਉਸ ਦੀ ਨੁਹਾਰ ਤੇ ਲਿਬਾਸ ਦੀ ਖੋਜ ਕਰਨ ਤੇ ਓਹ ਮਲਕਾ 'ਮੇਰੀ ਐਂਟੀਆਇਨਿਟ' ਨਿਕਲੀ।

ਇਸ ਤੋ ਮਗਰੋਂ ਮਿਸ ਜੂਰਡੇਨ ਦੋ ਅਡ ਅਡ ਮੌਕਿਆਂ ਤੇ ਫੇਰ ਓਥੇ ਹੀ ਇਕੱਲੀ ਗਈ, ਉਹੋ ਕੁਛ ਮੁੜ ਡਿੱਠਾ ਤੇ ਉਸ ਸਮੇਂ ਦੇ ਬੰਦਿਆਂ ਨਾਲ ਗਲਾਂ ਕੀਤੀਆਂ। ਤੀਸਰੀ ਵੇਰ ਉਸਨੇ ਸਾਰੇ ਨਜ਼ਾਰੇ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

## [ਕਲਾਧਾਰੀ ਦੀ ਸ੍ਵੈਜੀਵਨੀ]

ਇਕ ਹੋਰ ਵਰਤਾਉ ਹੈ ਜੋ ਵਿਗਜਾਨਿਕ ਇਤਿਹਾਸ ਵਾਲੇ ਕਲਾਧਾਰੀ ਸ਼ਖਸੀਅਤਾਂ ਨਾਲ ਇਸ ਕਰਾਮਾਤ ਨੂੰ ਵਹਿਮ ਸਮਝਕੇ ਕਦੇ ਕਦੇ ਕਰ ਬੈਠਦੇ ਹਨ। ਜਿਸ ਦਾ ਵੇਰਵਾ ਇਉਂ ਹੈ:–ਇਕ ਤ੍ਰੀਕਾ ਇਤਿਹਾਸ ਦਾ ਇਹ ਹੈ ਕਿ ਆਪ ਅਪਣਾ ਜੀਵਨ ਲਿਖੀਦਾ ਹੈ ਜਿਸ ਨੂੰ 'ਆਟੋਬਾਇਓਗ੍ਰਾਫੀ' ਨਿਜ ਜੀਵਨੀ ਯਾ ਸ੍ਵੈਜੀਵਨੀ ਆਖੀਦਾ ਹੈ। ਜੇ ਏਹੋ ਜੇਹੀ ਕੋਈ ਸ਼ੈ ਇਤਿਹਾਸਕਾਰਾਂ ਨੂੰ ਇਤਿਹਾਸ ਲਿਖਣ ਵੇਲੇ ਮਿਲ ਜਾਵੇ ਤਾਂ ਖੁਸ਼ੀ ਨਾਲ ਲੈਂਦੇ ਹਨ, ਪਰ ਜਦ ਕਲਾਧਾਰੀ ਦੀ ਐਸੀ ਕੋਈ ਗਲ ਮਿਲੇ ਤੇ ਉਸ ਵਿਚ ਐਸੇ ਵਾਕਜਾਤ ਦਾ ਜ਼ਿਕਰ ਹੋਵੇ ਕਿ ਜਿਸ ਨੂੰ ਉਹ ਕਰਾਮਾਤ ਖਿਆਲ ਕਰਨ ਤਾਂ ਸੰਕੋਚ ਵਿਚ ਪੈ ਜਾਂਦੇ ਹਨ। ਮਸਲਨ ਜਹਾਂਗੀਰ ਦੀ ਆਪਣੀ ਤੁਜ਼ਕ ਵਿਚੋਂ ਉਸ ਦੇ ਹਾਲਾਤ ਨੂੰ ਇਤਿਹਾਸਿਕ ਮੰਨਕੇ ਇਤਿਹਾਸਕਾਰ ਲੈ ਲਏਗਾ, ਪਰ ਜੇ ਕਬੀਰ ਜੀ ਆਪ ਲਿਖ ਗਏ ਹੋਣ 'ਕਿ ਮੈਨੂੰ ਗੰਗਾ ਵਿਚ ਮੁਸ਼ਕਾਂ ਬੰਨ੍ਹਕੇ ਸਿੱਟ ਦਿੱਤਾ ਗਿਆ ਤੇ ਮੈਂ ਨਾਂ ਡੁੱਬਾ, ਮੈਨੂੰ ਹਾਥੀ ਅੱਗੇ ਪਾਇਆ ਗਿਆ ਤੇ ਹਾਥੀ ਮੈਨੂੰ ਕੁਚਲਨ ਦੀ ਥਾਂ ਨਮਸਕਾਰਾਂ ਕਰਨ ਲਗ ਪਿਆ' ਤਾਂ ਇਤਿਹਾਸਕਾਰ ਕਹੇਗਾ 'ਹੋ ਨਹੀਂ ਸਕਦਾ ਕਿ ਬੰਨ੍ਹਕੇ ਸੱਟਿਆ ਆਦਮੀ ਗੰਗਾ ਵਿਚ ਨਾਂ ਡੁੱਬੇ ਤੇ ਅੱਗੇ ਆਏ ਨੂੰ ਹਾਥੀ ਨਾਂ ਕੁਚਲੇ'। ਹਾਲਾਂ ਕਿ

---

[ਪਿਛਲੇ ਪੰਨੇ ਦੀ ਬਾਕੀ ਦੀ ਟੂਕ]

ਵਿਚ ਇਕ ਕੰਬਣੀ ਵੇਖੀ। ੧੯੧੪ ਵਿਚ ਤਿੰਨ ਆਦਮੀ ਹੋਰ ਦੋਹਾਂ ਬੀਬੀਆਂ ਨੂੰ ਆਕੇ ਮਿਲੇ ਜੋ ਦੱਸਣ ਲਗੇ ਕਿ ਅਸੀਂ 'ਵਰਸਲਸ' ਦੇ ਨੇੜੇ ਰਹਿੰਦੇ ਸਾਂ ਜਿੱਥੋਂ ਸਾਰਾ ਕੁਛ ਦਿੱਸਦਾ ਸੀ। ਅਸਾਂ ਕਈ ਵੇਰ ਨਜ਼ਾਰੇ ਏਥੇ ਜੋ ਤੁਸਾਂ ਦੇਖੇ ਹਨ, ਤੇ ਅੰਤ ਸਾਡੇ ਦਿਮਾਗ਼ ਏਹ ਕਈ ਵੇਰ ਦੇਖ ਦੇਖ ਕੇ ਥੱਕ ਗਏ ਤੇ ਓਥੋਂ ਦਾ ਰਹਿਣਾ ਛਡ ਦਿੱਤਾ।

ਇਸ ਉਪਰ ਲਿਖੇ ਵਾਕਿਆ ਨੂੰ 'ਮਿ: ਜੋਡ' ਇਕ ਚੰਗੀ ਤਰ੍ਹਾਂ ਪਾਇਆ ਸਬੂਤ ਨੂੰ ਪਹੁੰਚਾ ਵਾਕਿਆ ਲਿਖਦੇ ਹਨ। ਯਥਾ:–

A Particularly well attested instance has recently been described in detail in a book entitled *An Adventure* which records the experience of two English Ladies who, walking in 1901 in the grounds of the Trianon at Versailles, walked straight into the eighteenth century and incidentally saw Marie Antionette.

[Guide to Modern thought. P. 169.

ਇਹ ਵਾਕਿਆ ਦੱਸਦਾ ਹੈ ਕਿ ਦਿਮਾਗ਼ ਦੀ ਕੋਈ ਹਾਲਤ ਐਸੀ ਹੋ ਸਕਦੀ ਹੈ ਯਾ ਕੋਈ ਦਿਮਾਗ਼ ਐਸੇ ਹੈਨ ਕਿ ਜਿਨ੍ਹਾਂ ਅਗੇ ਹੋ ਬੀਤਿਆ ਸਮਾਂ ਵਰਤਮਾਨ ਸਮੇਂ ਵਾਂਗੂੰ ਵਿਛ ਜਾਂਦਾ ਹੈ। ਸਾਡਾ ਇਹ ਮਤਲਬ ਨਹੀਂ ਕਿ ਅੰਤਰਯਾਮਤਾ ਦਾ ਦਲੀਲੀ ਸਬੂਤ ਲੱਭ ਗਿਆ ਹੈ, ਪਰ ਇਹ ਕਿ ਰਵਾਜ਼ੀ ਦੀ ਇਕ ਲੱਰ ਨਾਲ, ਕਿ ਕਾਲ ਦਿਸ਼ਾ ਦੀ ਚੌਥੀ ਲਾਂਭ ਹੈ, ਦੂਰ ਜਾਕੇ ਕੋਈ ਅਸਰ ਪਿਆ, ਜਿਸ ਨੇ ਇਮਕਾਨ ਦੇ ਦਾਇਰੇ ਵਿਚ ਇਹ ਗਲ ਲਿਆ ਦਿੱਤੀ ਕਿ ਭੂਤ ਭਵਿੱਖਤ ਕਦੇ ਵਰਤਮਾਨ ਵਾਂਙੂ ਭਾਸ ਸਕਦੇ ਹਨ ਤੇ ਉਪਰ ਦਿੱਤੇ 'ਮਿਸ ਮੋਬਰਲੇ' ਤੇ 'ਮਿਸ ਜੁਰਡੇਨ' ਦੇ ਇਤਿਹਾਸਿਕ ਵਾਕਿਆ ਨੇ ਰੌਸ਼ਨੀ ਪਾ ਦਿੱਤੀ ਹੈ ਕਿ ਭੂਤ ਦਾ ਵਰਤਮਾਨ ਵਾਙੂ ਹੂਬਹੂ ਵੇਖਿਆ ਜਾਣਾ ਇਨਸਾਨੀ ਦਿਮਾਗ਼ਾਂ ਦੇ ਤਜਰਬੇ ਵਿਚ ਆ ਜਾਣ ਵਾਲੀ ਗਲ ਹੈ, ਤੇ ਆਈ ਹੈ।

ਇਸ ਵੇਲੇ ਹਠ ਯੋਗੀ ਮਿਲਦੇ ਹਨ ਜੋ ਪ੍ਰਾਣਾਯਾਮ ਕਰਕੇ ਨਦੀ ਵਿਚ ਪਏ ਹੋਏ ਨਹੀਂ ਡੁਬਦੇ। ਭਾਈ ਰਤਨ ਸਿੰਘ ਜੀ ਭੰਗੂ ਨੇ ਦੱਸਿਆ ਹੈ ਕਿ ਨਵਾਬ ਮੀਰ ਮੰਨੂੰ ਨੇ ਪੰਡੋਰੀ ਦੇ ਮਹੰਤ ਦਾਦੂ ਰਾਮ ਦੇ ਪੋਤੇ ਨੂੰ ਹਾਥੀ ਅੱਗੇ ਸੁੱਟਿਆ ਤੇ ਹਾਥੀ ਨੇ ਉਸ ਨੂੰ ਨਾਂ ਕੁਚਲਿਆ। ਸਾਡਾ ਏਥੇ ਇਹ ਮਤਲਬ ਨਹੀਂ ਕਿ ਲੇਖਕ ਜੇ ਨਹੀਂ ਚਾਹੁੰਦਾ ਤਾਂ ਇਨ੍ਹਾਂ ਗਲਾਂ ਨੂੰ ਜ਼ਰੂਰ ਮੰਨ ਲਵੇ, ਬੇਸ਼ਕ ਨਾਂ ਮੰਨੇ, ਪਰ ਉਸ ਨੂੰ ਕੋਈ ਹੱਕ ਹਾਸਲ ਨਹੀਂ ਕਿ ਜਦ ਕੋਈ ਸਨਮਾਨ ਯੋਗ ਵਜਕਤੀ ਜੋ ਆਪਣੇ ਸੱਚ ਤੇ ਧਰਮੀ ਹੋਣ ਲਈ ਅੱਜ ਤਕ ਸਨਮਾਨਤਿ ਹੈ ਆਪਣੀ ਬਾਬਤ ਕੁਛ ਆਪ ਲਿਖ ਗਈ ਹੋਵੇ ਤਦ ਉਸ ਦੀ ਆਪਣੀ ਆਪ ਲਿਖੀ ਹਡ ਬੀਤੀ ਨੂੰ ਓਹ ਆਪਣੇ ਇਤਿਹਾਸ ਵਿਚ ਨਾ ਲਿਖੇ ਤੇ 'ਅਸੰਭਵ' ਕਹਿਕੇ ਸੁੱਟ ਦੇਵੇ। ਉਸ ਦਾ ਫਰਜ਼ ਹੈ ਇਹ ਲਿਖਣਾ ਕਿ ਏਹ ਵਾਕਜਾਤ ਹਡ ਬੀਤੇ ਫਲਾਣੇ ਮਹਾਂ ਪੁਰਖ ਯਾ ਕਲਾਧਾਰੀ ਨੇ ਆਪਣੀ ਬਾਬਤ ਆਪ ਲਿਖੇ ਹਨ। ਕਵੀ ਸੰਤੋਖ ਸਿੰਘ ਜੀ ਨੇ ਇਹ ਉਕਾਈ ਨਹੀਂ ਕੀਤੀ, ਉਸ ਨੇ ਦੂਸਰੇ ਲੇਖਕਾਂ ਦੇ ਦਿੱਤੇ ਐਸੇ ਵਾਕਜਾਤ ਤੇ ਲੇਖਕਾਂ ਦੇ ਆਪਣੀ ਬਾਬਤ ਆਪ ਲਿਖੇ ਐਸੇ ਵਾਕਜਾਤ ਸ੍ਰੀ ਗੁ: ਪ੍ਰ: ਸੂ: ਵਿਚ ਦਰਸਾਏ ਹਨ।

## [ਵਿਗਜਾਨਿਕ ਇਤਿਹਾਸ ਵਿਚ ਕਰਾਮਾਤ]

ਵਿਗਜਾਨਿਕ ਇਤਿਹਾਸ ਨੇ ਬੀ ਕਦੇ ਕਦੇ ਐਸੇ ਵਾਕਜਾਤ ਲਏ ਹਨ। ਮਸਲਨ ਹਮਾਯੂੰ ਦੀ ਬੀਮਾਰੀ ਵੇਲੇ ਜਦ ਉਸ ਦੇ ਜੀਵਨ ਦੀ ਆਸ ਨਾ ਰਹੀ ਤਾਂ ਬਾਬਰ ਨੇ ਤ੍ਰੈ ਪ੍ਰਕਰਮਾਂ ਕੀਤੀਆਂ ਤੇ ਇਹ ਆਖਕੇ ਕਿ 'ਇਸ ਦੀ ਬੀਮਾਰੀ ਮੈਂ ਲੈ ਲਈ' ਲੇਟ ਗਿਆ ਤੇ ਮਰ ਗਿਆ ਤੇ ਹਮਾਯੂੰ ਵੱਲ ਹੋ ਗਿਆ। ਚਾਲੀ ਪੰਜਾਹ ਵਰ੍ਹੇ ਹੋਏ ਤਾਂ ਇਹ ਗਲ ਮੂਲੋਂ ਨਾ ਮੰਨਣ ਯੋਗ ਖਿਆਲ ਕੀਤੀ ਗਈ, ਪਰ ਹੁਣ 'ਕੂਈ' ਵਰਗਿਆਂ ਦੀਆਂ ਕਰਕੇ ਦੱਸੀਆਂ ਗਲਾਂ ਤੇ ਸਾਈਕਾਲੋਜੀ ਦੀਆਂ ਛਾਣ ਬੀਨਾਂ ਤੋਂ ਪੱਛਮੀ ਖੋਜੀਆਂ ਨੇ ਇਕ ਹੋਰ ਨੁਕਤੇ ਤੋਂ ਇਨ੍ਹਾਂ ਦਾ ਹੋਣਾ ਸੰਭਵ ਮੰਨ ਲਿਆ ਹੈ। ਉਹ ਐਉਂ ਕਿ ਦੋਹਾਂ ਦੇ ਦਿਲਾਂ ਵਿਚ 'ਆਟੋ-ਸਜੇਸ਼ਨ' ਇਸ ਢੋਅਲ ਨਾਲ ਟੁਰ ਪਈਆਂ, ਇਕ ਦੇ ਅੰਦਰ ਰੋਗ ਤੇ ਮੌਤ ਲੈ ਲੈਣ ਦੀ ਤੇ ਦੂਏ ਦੇ ਅੰਦਰ ਦੇ ਦੇਣ ਦੀ। ਸੋ ਅੰਦਰਲੇ 'ਅਰਧ ਸੱਗਜਾਤ ਮਨ*' ਨੇ ਬਾਕੀ ਦਾ ਕੰਮ ਕਰ ਲਿਆ। ਇਸੀ ਤਰ੍ਹਾਂ ਹੋਰ ਤਰੱਕੀ ਕਰਦਿਆਂ ਐਸੀਆਂ ਹੋਣਹਾਰਾਂ ਦਾ ਹੋਰ ਉਚੇਰਾ ਤੇ ਅਸਲੀ ਕਾਰਨ ਲਭ ਪੈਣਾ ਹੁਣ ਅਸੰਭਵ ਨਹੀਂ ਕਿਹਾ ਜਾ ਸਕਦਾ। ਸੋ ਜੇ ਏਹ ਵਾਕਿਆ ਅਸੰਭਵ ਸਮਝਕੇ ਛੋਡ ਦਿੱਤਾ ਜਾਂਦਾ ਤਾਂ ਇਕ ਵਾਕਿਆ 'ਪਿਤਾ-ਪ੍ਰੇਮ' ਦੀ ਤੀਖ਼ਣਤਾ (Intensity) ਦਾ ਸੰਸਾਰ ਤੋਂ ਲੋਪ ਹੋ ਜਾਂਦਾ।

ਬਾਜ਼ੇ ਵੇਲੇ ਵਿਗਜਾਨਿਕ ਇਤਿਹਾਸਕਾਰ ਨੇ ਐਸੇ ਵਾਕਜਾਤ ਦਿੱਤੇ ਹਨ, ਪਰ ਆਪਣੇ ਮਨ ਦੇ ਝੁਕਾਉ ਯਾ ਰੰਗਤ ਨੂੰ ਨਾਲ ਜੋੜ ਦਿੱਤਾ ਹੈ। ਇਕ ਯੂਰਪੀਨ ਇਤਿਹਾਸਕਾਰ ਨੇ ਬੀ ਦੋ ਵਾਕੇ ਕਰਾਮਾਤ ਦੀ ਸ਼ਕਲ ਦੇ ਲਿਖੇ ਹਨ ਪਰ ਦੁਹਾਂ ਦੇ ਨਾਲ ਉਸ ਦੇ ਮਨ ਦੇ ਝੁਕਾਉ ਨੇ ਉਸ ਦੀ ਇਤਿਹਾਸਿਕ ਨਿਰਪੱਖਤਾ ਗੁਆ ਦਿੱਤੀ ਹੈ। ਇਸ ਦੀ ਵਿਥਿਆ ਇਸ ਪ੍ਰਕਾਰ ਹੈ:—

ਲੈੱਥਬ੍ਰਿਜ ਨਾਮੇ ਇਕ ਇਤਿਹਾਸਕਾਰ ਦਾ ਹਿੰਦ ਇਤਿਹਾਸ ੧੮੮੦-੯੦ ਵਿਚ ਸਕੂਲਾਂ ਦੀ ਪੜ੍ਹਾਈ ਵਿਚ ਸੀ। ਉਸ ਨੇ ਇਸ ਤਰ੍ਹਾਂ ਦੇ ਦੋ ਵਾਕਜਾਤ ਇਉਂ ਲਿਖੇ ਹਨ:—

---

*Sub-concious mind.

ਸੁਬਕਤਗੀਨ ਨੇ ਸ਼ਿਕਾਰ ਖੇਡਦੇ ਇਕ ਹਰਨੀ ਦਾ ਬੱਚਾ ਪਕੜ ਲਿਆ ਤੇ ਹੰਨੇ ਨਾਲ ਬੰਨ੍ਹਕੇ ਟੁਰ ਪਿਆ। ਕੁਛ ਪੈਂਡਾ ਕਰਕੇ ਉਸ ਨੇ ਪਿੱਛੇ ਪਰਤਕੇ ਡਿੱਠਾ ਕਿ ਹਰਨੀ ਮਗਰੇ ਮਗਰ ਆ ਰਹੀ ਹੈ। ਤਰਸ ਕਰਕੇ ਸੁਬਕਤਗੀਨ ਨੇ ਬੱਚਾ ਛੱਡ ਦਿੱਤਾ। ਉਸ ਰਾਤ ਉਸ ਨੇ ਸੁਪਨਾ ਡਿੱਠਾ ਕਿ ਉਸ ਨੂੰ ਕੋਈ ਆਖਦਾ ਹੈ ਕਿ ਤੇਰੇ ਇਸ ਤਰਸ ਬਦਲੇ ਤੈਨੂੰ ਪਾਤਸ਼ਾਹ ਬਣਾ ਦਿੱਤਾ, ਸੋ ਉਹ ਗਜ਼ਨੀ ਦਾ ਪਾਤਸ਼ਾਹ ਹੋਇਆ*। ਇਹੋ ਲੈੱਥਬ੍ਰਿਜ ਇਤਿਹਾਸਕਾਰ ਸੇਵਾ ਜੀ ਮਰਹੱਟੇ ਦੇ ਹਾਲਾਤ ਵਿਚ ਲਿਖਦਾ ਹੈ ਕਿ ਸੇਵਾ ਜੀ ਦੇ ਪਿਤਾ ਸ਼ਾਹ ਜੀ ਨੂੰ ਇਕ ਦੇਵੀ ਨੇ ਸੁਪਨੇ ਵਿਚ ਦਰਸ਼ਨ ਦਿੱਤੇ ਤੇ ਆਖਿਆ ਕਿ ਤੇਰੇ ਟੱਬਰ ਵਿਚੋਂ ਇਕ ਜਣਾ ਰਾਜ ਕਰੇਗਾ ਜੋ ਹਿੰਦੂ ਧਰਮ ਥਾਪੇਗਾ, ਗੋ ਬ੍ਰਾਹਮਣਾਂ ਦੀ ਰਖਿਆ ਕਰੇਗਾ ਆਦਿ। ਸੋ ਸ਼ਾਹ ਜੀ ਦਾ ਪੁੱਤ੍ਰ ਸੇਵਾ ਜੀ ਰਾਜਾ ਹੋਇਆ ਤੇ ਹਿੰਦੂ ਧਰਮ ਦਾ ਰੱਖਯਕ ਬਣਿਆਂ। ਲੈੱਥਬ੍ਰਿਜ ਜਦ ਸੁਬਕਤਗੀਨ ਦਾ ਸੁਪਨਾ ਲਿਖਦਾ ਹੈ ਤਾਂ ਕੇਵਲ ਇੰਨੀ ਉਥਾਨਕਾ ਦੇਂਦਾ ਹੈ ਕਿ 'ਇਕ ਮਨੋਹਰ ਰਵਾਯਤ ਬਾਜ਼ੇ ਪੁਰਾਣੇ ਇਤਿਹਾਸਕਾਰ ਲਿਖਦੇ ਹਨ ਜਿਸ ਤੋਂ ਸੁਬਕਤਗੀਨ ਦੇ ਦਿਆਲੂ ਸੁਭਾਵ ਨੂੰ ਪ੍ਰਗਟ ਕਰਦੇ ਹਨ'। ਪਰ ਜਦੋਂ ਸ਼ਾਹ ਜੀ ਦੇ ਸੁਪਨੇ ਦੀ ਗਲ ਲਿਖਦਾ ਹੈ ਤਾਂ ਉਥਾਨਕਾ ਇਹ ਦੇਂਦਾ ਹੈ ਕਿ 'ਇਕ ਅਨੋਖੀ ਕਹਾਣੀ ਸ਼ਾਹ ਜੀ ਬਾਬਤ ਦੱਸੀ ਜਾਂਦੀ ਹੈ ਜੋ ਉਸ ਸਮੇਂ ਦੇ ਮਰਹਟੇ ਲੋਕਾਂ ਦੇ ਵਹਿਮੀ ਸੁਭਾ ਨੂੰ ਪ੍ਰਗਟ ਕਰਦੀ ਹੈ'। ਏਹ ਦੋਵੇਂ ਗਲਾਂ ਸੁਪਨੇ ਦੀਆਂ ਹਨ, ਦੋਇ ਪੂਰੀਆਂ ਹੋਈਆਂ। ਜੇ ਹਰ ਸੁਪਨੇ ਨੂੰ ਨੀਂਦ ਦਾ ਭਖਲਾ ਸਮਝਕੇ ਤੇ ਅਸੰਭਵ ਦਾ ਸਿਰਨਾਵਾਂ ਲਾਕੇ ਇਤਿਹਾਸਕਾਰ ਸੱਟ ਦੇਂਦੇ ਤਾਂ 'ਸੁਪਨ ਅਵਸਥਾ ਵਿਚ ਹੋਣਹਾਰ ਦੇ ਕਦੇ ਦਿੱਸ ਪੈਣ' ਦੇ ਦੋ ਵਾਕੇ ਗੁੰਮ ਹੋ ਜਾਂਦੇ, ਜਿਨ੍ਹਾਂ ਦੀ ਸੰਭਵਤਾ ਕਿ ਹੁਣ ਕੁਛ ਕੁਛ ਮੰਨੀ ਜਾਣ ਲਗ ਪਈ ਹੈ†। ਲੈੱਥਬ੍ਰਿਜ ਦੇ ਦੋਹਾਂ ਵਾਕਿਆਂ ਦੇ ਲਿਖਣ ਵਿਚ ਇਕ ਸੁਆਦਲੀ ਗਲ ਇਹ ਹੈ ਜੋ ਦੱਸਦੀ ਹੈ ਕਿ ਵਿਗਯਾਨਿਕ ਇਤਿਹਾਸ ਦਾ ਲਿਖਾਰੀ ਆਪਣੇ ਮਨ ਦੇ ਝੁਕਾਉ ਤੋਂ ਛੁਟਕਾਰਾ ਨਹੀਂ ਪਾ ਸਕਦਾ ਤੇ ਦਿਲੀ ਤਅੱਸਬਾਤ ਉਸ ਦੀ ਕਲਮ ਬੀ ਲਿਖ ਹੀ ਜਾਂਦੀ ਹੈ, ਜੈਸੇ ਕਿ ਸੇਵਾ ਜੀ ਦੇ ਪਿਤਾ ਦੇ ਸੁਪਨੇ ਬਾਬਤ ਓਹ ਲਿਖਦਾ ਹੈ ਕਿ ਇਹ ਸੁਪਨਾ ਮਰਹਟੇ ਲੋਕਾਂ ਦੇ ਤਦੋਂ ਵਹਿਮੀ ਆਚਰਣ ਵਾਲੇ ਹੋਣ ਦਾ ਸੂਚਕ ਹੈ, ਪਰ ਸੁਬਕਤਗੀਨ ਦੇ ਸੁਪਨੇ ਨੂੰ ਪਠਾਣਾਂ ਲੋਕਾਂ ਦੇ ਵਹਿਮ ਵਿਚ ਫਸੇ ਹੋਣ ਦਾ ਸੂਚਕ ਨਹੀਂ ਦੱਸਦਾ।

[ਰੂਹਾਨੀ ਤੇ ਮਿਸਾਰਕ ਸ਼ਖਸੀਅਤਾਂ ਦਾ ਇਤਿਹਾਸ]

ਕਿਉਂਕਿ ਕਵੀ ਸੰਤੋਖ ਸਿੰਘ ਜੀ ਰਾਜਿਆਂ ਦਾ ਇਤਿਹਾਸ ਨਹੀਂ ਲਿਖ ਰਹੇ, ਓਹ

*ਇਹ ਓਹ ਪਠਾਣ ਪਾਤਸ਼ਾਹ ਸੀ ਜਿਸ ਨੇ ਪੰਜਾਬ ਪਰ ਸਭ ਤੋਂ ਪਹਿਲਾਂ ਹਮਲਾ ਕੀਤਾ ਤੇ ਇਸ ਦੇਸ਼ ਦੀ ਆਜ਼ਾਦੀ ਦੇ ਮੁੱਢ ਪਰ ਕੁਹਾੜਾ ਧਰਿਆ। ਇਸ ਦੇ ਪੁੱਤ੍ਰ ਮਹਿਮੂਦ ਨੇ ਫੇਰ ਹਿੰਦ ਤੇ ੧੭ ਵੇਰ ਹਮਲੇ ਕੀਤੇ।

†'ਸੱਗਯਾਤ ਮਨ' ਤੇ 'ਅਰਧ ਸੱਗਯਾਤ ਮਨ' ਤਾਂ ਸਾਈਕਾਲੋਜਿਸਟਾਂ ਨੇ ਦੋ ਪਰਤ ਮਨ ਦੇ ਸਹੀ ਕੀਤੇ ਸਨ, ਹੁਣ ਤੀਸਰੇ 'ਉੱਚ ਸੱਗਯਾਤ ਮਨ' ਦੇ ਹੋਣ ਪਰ ਬੀ ਪੁਸਤਕ ਲਿਖੇ ਜਾਣ ਲਗ ਪਏ ਹਨ। ਇਸ ਮਨ ਪਰ ਹੋਣਹਾਰਾਂ ਦਾ ਹੋਣ ਤੋਂ ਪਹਿਲੋਂ ਹੀ ਨਕਸ਼ ਪੈ ਜਾਂਦਾ ਹੈ। ਦੇਖੋ 'ਅਵਰ ਸੁਪਰ ਕਾਨਸ਼ਸ ਮਾਈਂਡ' ਕ੍ਰਿਤ 'ਡੀਡਿਕ ਲੀਵਿਲਟਨ'।

ਰੂਹਾਨੀ ਸ਼ਖਸੀਅਤਾਂ ਦਾ ਇਤਿਹਾਸ ਲਿਖ ਰਹੇ ਹਨ ਤੇ ਰੂਹਾਨੀਅਤ ਦੇ ਔਜ ਵਾਲਿਆਂ ਕਲਾ-ਧਾਰੀਆਂ ਦਾ ਇਤਿਹਾਸ ਹੂਬਹੂ ਰਾਜਿਆਂ ਤੇ ਰਾਜਸੀ ਲੋਕਾਂ ਵਰਗਾ ਨਹੀਂ ਹੁੰਦਾ, ਇਸ ਲਈ ਇਸ ਵਿਸ਼ੇ ਤੇ ਥੋੜੀ ਜਿਹੀ ਵਿਚਾਰ ਅਸਾਂ ਹੁਣ ਕਰਨੀ ਹੈ।

ਰਾਜਸੀ ਲੋਕਾਂ ਨੇ ਆਪੋ ਵਿਚ ਜੰਗ ਜਦਲ ਅਕਸਰ ਗ਼ਰਜ਼ ਲਈ ਕੀਤੇ ਹਨ। ਚਾਹੇ ਉਹ ਗ਼ਰਜ਼ ਹਕੂਮਤ ਕਰਨ ਦੀ ਸੀ ਚਾਹੇ ਲੁੱਟ ਮਾਰ ਦੀ, ਚਾਹੇ ਬਦਲੇ ਲੈਣ ਦੀ ਤੇ ਚਾਹੇ ਬੀਰਤਾ ਦੀ ਉਮੰਗ ਦੀ*। ਪਰ ਰੂਹਾਨੀ ਵਜਕਤੀਆਂ ਦਾ ਨੁਕਤਾ ਨਿਗਾਹ ਹੋਰ ਹੁੰਦਾ ਹੈ, ਉਨ੍ਹਾਂ ਦਾ ਪ੍ਰੇਰਕ ਪ੍ਰਯੋਜਨ ( motive ) ਉਨ੍ਹਾਂ ਦੇ ਅੰਦਰ ਗ਼ਰਜ਼ ਦਾ ਨਹੀਂ ਹੁੰਦਾ, ਜਿਸ ਨੂੰ ਆਮ ਦੁਨੀਆਂ ਘਟ ਸਮਝਦੀ ਹੈ। ਅਸੀਂ ਇਤਿਹਾਸ ਤੋਂ ਦੇਖਦੇ ਹਾਂ ਕਿ ਰੂਹਾਨੀ ਸ਼ਖਸੀਅਤਾਂ ਨੂੰ ਸਮਝਣ ਵਿਚ ਜਗਤ ਨੇ ਅਕਸਰ ਟਪਲਾ ਖਾਧਾ ਹੈ ਤੇ ਹੁਣ ਤਕ ਖਾਂਦੇ ਹਨ । ਸੁਕ੍ਰਾਤ ਜੀ ਨੂੰ ਜ਼ਹਿਰ ਦੇਕੇ ਮਾਰਿਆ। ਈਸਾ ਜੀ ਨੂੰ ਸਲੀਬ ਤੇ ਚਾੜ੍ਹਿਆ। ਮਨਸੂਰ ਜੀ ਨੂੰ ਸੂਲੀ ਦਿੱਤੀ। ਕਬੀਰ ਜੀ ਨੂੰ ਗੰਗਾ ਵਿਚ ਸੁੱਟਿਆ ਤੇ ਹਾਥੀ ਅੱਗੇ ਪਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਚੱਕੀ ਪੀਹਣ ਲਾਇਆ। ਸ੍ਰੀ ਗੁਰੂ ਅਰਜਨ ਦੇਵ ਵਰਗੀ ਪਿਆਰ ਪੁੰਜ ਕੋਮਲ ਮੂਰਤੀ ਨੂੰ ਰੇਤੇ ਪਾਕੇ ਤੇ ਦੇਗਾਂ ਵਿਚ ਬਿਠਾ ਬਿਠਾਕੇ ਸ਼ਹੀਦ ਕੀਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਵੈਰਾਗ ਮੂਰਤੀ ਨੂੰ ਤਲਵਾਰ ਨਾਲ ਸ਼ਹੀਦ ਕੀਤਾ। ਕਾਰਨ ਕੁਛ ਇਸ ਤਰ੍ਹਾਂ ਦਾ ਜਾਪਦਾ ਹੈ ਕਿ ਜਗਤ ਕਲਾਧਾਰੀ ਦੇ ਪਰਸੁਆਰਥ ਦੇ ਪ੍ਰਯੋਜਨ ਨੂੰ ਅਥਵਾ ਉਸ ਦੇ ਅੰਦਰਲੇ ਟਿਕਾਉ ਤੇ ਉੱਚੇ ਆਸ਼ੇ ਨੂੰ ਨਹੀਂ ਲਖਦਾ। ਰੂਹਾਨੀ ਔਜ ਵਾਲੇ ਗ਼ਰਜ਼ ਦੀ ਥਾਂ ਬੇ-ਗ਼ਰਜ਼ੀ ਤੇ ਪਰਸੁਆਰਥ ਵਿਚ ਜੀਉਂਦੇ ਹਨ। ਉਹਨਾਂ ਦਾ ਅੰਦਰਲਾ ਭਾਵ ਦੁਖਾਂ ਸੁਖਾਂ ਤੋਂ ਕੋਈ ਉਚੇਰੀ ਟੇਕ ਧਾਰਦਾ ਹੈ। ਰੂਹਾਨੀ ਸ਼ਖਸੀਅਤਾਂ ਵਿਸਮਾਦ ਤੇ ਇਸ ਤੋਂ ਉਪਰ ਸਮਾਧੀ ਯਾ ਲਿਵ ਵਿਚ ਜੀਉਂਦੀਆਂ ਹਨ। ਇਨ੍ਹਾਂ ਦੇ ਅੰਤ੍ਰੀਵ ਤਜਰਬਿਆਂ ਦਾ ਜਗਤ ਨੂੰ ਪਤਾ ਲੈਣ ਦੀ ਵਿਹਲ ਨਹੀਂ ਤੇ ਓਹ ਆਮ ਸਮਝ ਦੀ ਬੋਲੀ ਵਿਚ ਦੱਸੇ ਬੀ ਨਹੀਂ ਜਾ ਸਕਦੇ। ਜਗਤ ਤਾਂ ਇਥੋਂ ਤੋੜੀ ਨੈਣ ਮੁੰਦਕੇ ਟੁਰਦਾ ਹੈ ਕਿ ਦੋ ਚੋਰਾਂ ਤੇ ਈਸਾ ਨੂੰ ਇਕੋ ਜੇਹਾ ਅਪਰਾਧੀ ਜਾਣਕੇ ਇਕੱਠਿਆਂ ਸਲੀਬੇ ਚਾੜ੍ਹ ਦੇਂਦਾ ਹੈ। ਪੱਛਮੀ ਸਭਜਤਾ ਤੇ ਫਖ਼ਰ ਕਰਨ ਵਾਲੇ ਲੋਕਾਂ ਨੇ ਮਜ਼ਹਬੀ ਉਤਸਾਹ ਨਾਲ ਭਰਪੂਰ ਕੰਨਜਾ 'ਜੋਨ ਆਫ ਆਰਕ' ਨੂੰ ਚੁੜੇਲ ਆਖਕੇ ਜੀਉਂਦੇ ਜੀ ਸਾੜ ਦਿੱਤਾ ਸੀ। ਸੋ ਜਗਤ ਨਾਂ ਤਾਂ ਰੂਹਾਨੀ ਸ਼ਖਸੀਅਤਾਂ ਤੇ ਕਲਾਧਾਰੀ ਵਜਕਤੀਆਂ ਦੇ ਅੰਦਰਲੇ ਰੂਹਾਨੀ ਔਜ ਨੂੰ ਲਖਦਾ ਹੈ, ਨਾਂ ਉਨ੍ਹਾਂ ਦੇ ਬੇਗ਼ਰਜ਼ੀ ਦੇ ਅੰਦਰਲੇ ਪ੍ਰੇਰਕ ਪ੍ਰਯੋਜਨ ਨੂੰ ਪਛਾਣਨ ਦਾ ਜਤਨ ਕਰਦਾ ਹੈ। ਇਤਿਹਾਸਕਾਰ ਬੀ ਜਗਤ ਵਿਚੋਂ ਹੀ ਹੁੰਦਾ ਹੈ, ਸਗੋਂ ਉਸ ਨੇ ਤਾਂ ਆਪਣੇ ਤੋਂ ਪਹਿਲੇ ਇਤਿਹਾਸਾਂ ਵਿਚ ਜੋ ਗਲ ਵਿਸ਼ੇਸ਼ ਸਮਝੀ ਹੁੰਦੀ ਹੈ ਇਹੋ ਹੁੰਦੀ ਹੈ ਕਿ ਰਾਜੇ ਮਹਾਰਾਜੇ,ਕੌਮਾਂ ਤੇ ਦੇਸ਼ ਆਪੋ ਆਪਣੀਆਂ ਖੁਦਗਰਜ਼ੀਆਂ ਲਈ ਲੜੇ ਹਨ ਤੇ ਮਰਦੇ ਮਾਰਦੇ ਰਹੇ ਹਨ। ਉਸ ਦਾ ਦਿਲ ਕਲਾਧਾਰੀ ਦੇ ਅੰਦਰਲੇ ਨੂੰ ਤੇ ਉਸ ਦੇ ਪ੍ਰੇਰਕ ਪ੍ਰਯੋਜਨ ਨੂੰ ਸਮਝਣ ਵਲੋਂ ਵਧੇਰੇ ਅਰੁਚੀ ਵਿਚ ਹੁੰਦਾ ਹੈ ਤੇ ਉਸ ਦੇ ਨਾਲ ਕਰਾਮਾਤਾਂ

*ਅਜ ਕਲ ਦੇ ਜੰਗ ਜੋ ਪੱਛਮੀਆਂ ਦੇ ਹੁੰਦੇ ਹਨ ਓਹ ਅਕਸਰ ਬਣਿਕ ਬ੍ਰਿਤੀ ਦੇ (Economic) ਹੁੰਦੇ ਹਨ। ਅਰਥਾਤ ਆਪਣੇ ਮਾਲ ਵੇਚਣ ਲਈ ਮੁਲਕਾਂ ਨੂੰ ਕਾਬੂ ਕਰਦੇ ਹਨ ਤੇ ਇਸੇ ਗਲ ਤੋਂ ਆਪੋ ਵਿਚ ਲੜਦੇ ਹਨ।

ਦੀਆਂ ਰਵਾਇਤਾਂ ਸਣ ਸੁਣਕੇ ਵਧੇਰੇ ਸੰਸੇ ਵਿਚ ਪੈ ਜਾਂਦਾ ਹੈ। ਸੋ ਅਕਸਰ ਵਿਗਯਾਨਿਕ ਇਤਿਹਾਸਕਾਰ ਜਾਣੇ ਯਾ ਅਨਜਾਣੇ ਅੰਨਜਾਯ ਕਰ ਗਏ ਹਨ। ਸੈਰੁਲਮੁਤਾਖ਼ਰੀਨ ਦੇ ਕਰਤਾ ਤੇ ਖ਼ਫ਼ੀ ਖਾਂ ਆਦਿਕ ਲੇਖਕਾਂ ਨੂੰ ਤੱਕੋ ਕਿਸ ਘ੍ਰਿਣਾ ਤੇ ਤਅੱਸਬ ਨਾਲ ਲਿਖਦੇ ਹਨ, ਐਸੇ ਲੇਖਕ ਤਾਂ ਤਅੱਸਬ ਦੇ ਕਾਰਨ ਇੰਨਾਂ ਅਨਜਾਯ ਰੂਹਾਨੀ ਹਸਤੀਆਂ ਨਾਲ, ਜੋ ਓਹਨਾਂ ਨੂੰ ਆਪਣੇ ਦੀਨ ਦੇ ਅਨਕੂਲ ਨਹੀਂ ਲਗਦੇ, ਕਰ ਜਾਂਦੇ ਹਨ ਕਿ ਤਹਿਜ਼ੀਬ ਦਾ ਵਰਤਾਉ ਬੀ ਛੱਡ ਦੇਂਦੇ ਹਨ।

ਇਸ ਕਰਕੇ ਰੂਹਾਨੀ ਸ਼ਖ਼ਸੀਅਤਾਂ ਦੇ ਹਾਲਾਤ ਵਿਗਯਾਨਿਕ ਪੱਖ ਦੇ ਲੇਖਕਾਂ ਤੋਂ ਛੁੱਟ ਉਨਰੀ ਇਤਿਹਾਸ ਵਿਚ ਜ਼ਰੂਰ ਤੱਕਣੇ ਚਾਹੀਦੇ ਹਨ,ਕਿਉਂਕਿ ਓਹ ਉਨ੍ਹਾਂ ਦੀ ਦਿਲੀ ਅਸਲੀਅਤ ਨੂੰ ਖੁਹਲਦੇ ਹਨ। ਚਾਹੋ ਉਹਨਾਂ ਦੇ ਲੇਖਾਂ ਵਿਚ ਚਿਤ੍ਰਕਾਰੀ ਵਿਚਲੇ ਫਰਿਸ਼ਤੇ ਦੇ ਖੰਭਾਂ ਵਰਗੇ ਸਾਮਾਨ ਹੁੰਦੇ ਹਨ, ਪਰ ਓਹ ਕਿਸੇ ਅਸਲੀਅਤ ਦੇ ਲਖਾਯਕ ਹੁੰਦੇ ਹਨ*। ਅਸੀਂ ਪਿਛੇ ਦੱਸ ਆਏ ਹਾਂ ਕਿ ਰੂਹਾਨੀ ਬੰਦਿਆਂ ਦੇ ਹਾਲ ਦੇਣ ਵੇਲੇ ਜਿਨ੍ਹਾਂ ਨੇ ਉਨ੍ਹਾਂ ਦੀ ਸਿੱਖਯਾ ਤੇ ਜੀਵਨ ਤੋਂ ਜਗਤ ਨੂੰ ਸੁਸਿੱਖਯਤ ਕਰਨਾ ਹੈ ਉਹਨਾਂ ਨੂੰ ਜ਼ਰੂਰ ਜ਼ਿਮੀ ਐਸੀ ਰਚਣੀ ਪੈਂਦੀ ਹੈ ਕਿ ਜਿਸ ਦੇ ਉਪਰ ਉਹਨਾਂ ਦੇ ਅੰਦਰਲੇ ਦੀ ਤਸਵੀਰ ਅਤੇ ਉਹਨਾਂ ਦੇ ਜੀਵਨ ਦੀ ਸੁੰਦਰਤਾ ਸਪਸ਼ਟ ਹੋ ਜਾਵੇ। ਉਹਨਾਂ ਦੇ ਨਿਰੇ ਸੌਣ, ਜਾਗਣ, ਸਫਰ ਕਰਨ, ਮਿਲਨ ਜੁਲਨ ਦੇ ਹਾਲਾਤ ਤੇ ਜੰਮਣ ਚਲਾਣੇ ਦੇ ਤਿੱਥ ਮਾਹ ਦੇ ਖਾਕੇ ਖਿੱਚ ਦੇਣ ਨਾਲ ਉਨ੍ਹਾਂ ਦਾ ਅੰਦਰਲਾ ਇਤਿਹਾਸ ਕਾਗਜ਼ ਦੇ ਪੰਨਿਆਂ ਤੇ ਪ੍ਰਦੀਪਿਤ ਨਹੀਂ ਹੁੰਦਾ ਤੇ ਦਿਲਾਂ ਪਰ ਵਾਂਛਤ ਪ੍ਰਭਾਵ ਨਹੀਂ ਪਾਉਂਦਾ। ਉਸ ਦੇ ਪ੍ਰਗਟ ਕਰਨ ਲਈ, ਉਸ ਅੰਦਰਲੀ ਪਕੜ ਵਿਚ ਨਾਂ ਆਉਣ ਵਾਲੀ ਗਤੀ ਨੂੰ ਦਰਸਾਉਣ ਵਾਸਤੇ ਅਤੇ ਉਨ੍ਹਾਂ ਦੇ ਅਭੌਤਿਕ ਤੇ ਗ਼ੈਰ ਮਾਦੀ ਤਜਰਬਾਤ ਨੂੰ ਦੱਸਣ ਵਾਸਤੇ, ਇਤਿਹਾਸਕਾਰਾਂ ਪਾਸ ਸਾਮਾਨ ਤਾਂ ਮਾਦੀ ਯਾ ਭੌਤਿਕ ਹੀ ਹੁੰਦਾ ਹੈ ਇਸ ਕਰਕੇ ਉਨ੍ਹਾਂ ਨੂੰ ਕੁਛ ਹੋਰਨਾਂ ਰੰਗਾਂ ਦੇ ਬੁਰਸ਼ ਲਾਉਣ ਦੀ ਲੋੜ ਪੈਂਦੀ ਹੈ। ਯਥਾ–ਗੁਰੂ ਨਾਨਕ ਦੇਵ ਜੀ ਮੋਦੀ ਦਾ ਕੰਮ ਕਰਦਿਆਂ ਰੋਜ਼ ਵੇਈਂ ਨ੍ਹਾਉਣ ਅੰਮ੍ਰਿਤ ਵੇਲੇ ਜਾਂਦੇ ਸੇ, ਇਕ ਦਿਨ ਐਸੇ ਗਏ ਕਿ ਆਏ ਹੀ ਨਹੀਂ। ਜਦ ਆਏ ਤਾਂ ਜਗਤ ਜਲੰਦੇ ਦੀ ਰਖਯਾ ਲਈ ਤਿਆਗ ਮੂਰਤੀ ਬਣੇ ਹੋਏ ਤੇ ਨਵਾਬ ਵਲੋਂ ਰੋਕ, ਟੱਬਰ ਵਲੋਂ ਰੋਕ ਤੇ ਸੰਗਤ ਵਲੋਂ ਰੋਕ–ਪਿਆਰ ਭਰੀਆਂ ਰੋਕਾਂ–ਦੇ ਹੁੰਦਿਆਂ ਆਪ ਨਹੀਂ ਰੁਕੇ, ਆਪਣੇ ਨਵੇਂ ਉਪਕਾਰੀ ਕੰਮ ਲਈ ਉੱਠ ਟੁਰੇ ਪਰ ਉੱਠ ਟੁਰੇ। ਜੋ ਰੂਹਾਨੀ ਅੰਤ੍ਰੀਵ ਤਜਰਬਾ ਵੇਈਂ ਗਿਆਂ ਅੱਜ ਹੋਇਆ ਸੀ ਉਸ ਨੂੰ ਕਿਹੜਾ ਵਿਗਯਾਨਿਕ ਇਤਿਹਾਸਕਾਰ ਮੂਰਤੀਮਾਨ ਕਰ ਸਕਦਾ ਹੈ ? ਉਸਨੂੰ ਅਸੀਂ ਇਸ ਮਨ ਨਾਲ ਜੋ ਦੇਸ਼ ਕਾਲ ਵਾਲਾ ਹੈ ਸਾਂਗੋ ਪਾਂਗ ਸਮਝ ਹੀ ਨਹੀਂ ਸਕਦੇ। ਇਸ ਵਾਸਤੇ ਉਸਨੂੰ ਪੁਰਾਤਨ ਜਨਮ ਸਾਖੀ ਦੇ ਕਰਤਾ ਤੋਂ ਲੈਕੇ ਕਵਿ ਸੰਤੋਖ ਸਿੰਘ ਤੱਕ, 'ਗੁਰੂ ਨਾਨਕ ਦੇਵ ਜੀ ਦਾ ਦਰਗਾਹੇ ਸੱਦੇ ਜਾਣਾ, ਉਥੋਂ ਸਰਫ਼ਰਾਜ਼ੀ ਪਾਕੇ ਜਗਤ ਵਿਚ ਸਤਿ ਧਰਮ ਦੇ ਪ੍ਰਚਾਰ ਦਾ ਕੰਮ ਸਪੁਰਦ ਹੋਣਾ' ਇਸ ਬੋਲੀ ਵਿਚ ਵਰਣਨ ਕਰਦੇ ਹਨ। ਉਹ ਇਕ ਤਜਰਬਾ ਸੀ ਪਰਮਾਤਮਾ ਦੇ ਨਾਲ ਮੇਲ ਦਾ ਤੇ ਉਥੋਂ ਵਡਿਆਈ ਤੇ ਕੰਮ ਦੀ

*ਜੇ ਈਸਾ ਜੀ ਦਾ ਨਿਰਾ ਵਿਗਯਾਨਿਕ ਇਤਿਹਾਸ ਲਿਖਿਆ ਜਾਂਦਾ ਤਾਂ ਉਹਨਾਂ ਦੇ ਇਖਲਾਕ ਤੇ ਰੂਹਾਨੀ ਜੀਵਨ ਦਾ ਉਹ ਪਤਾ ਨਾ ਖੁੱਲ੍ਹਦਾ ਕਿ ਜੋ ਇੰਜੀਲਾਂ ਵਿਚ ਦਿੱਤੇ ਹਾਲਾਤ ਤੋਂ ਖੁੱਲ੍ਹਦਾ ਹੈ।

ਸਪੁਰਦੀ ਹੋਣ ਦਾ। ਉਸ ਦੀ ਆਤਮ ਸਰੂਪਤਾ ਗੁਰੂ ਜੀ ਹੀ ਜਾਣਦੇ ਹਨ, ਪਰ ਉਸ ਦਾ ਸਾਡੀ ਬੋਲੀ ਵਿਚ ਅਨੁਵਾਦ ਐਉਂ ਹੀ ਢੁਕਦਾ ਹੈ ਕਿ ਆਪ 'ਸੱਚੇ ਮਹਿਲ' ਬੁਲਾਏ ਗਏ, ਵਾਹਿਗੁਰੂ ਦੀ ਸਿਫਤ ਸਲਾਹ ਆਪ ਪਰ ਵਾਫਰ ਹੋਈ,ਜਗਤ ਜਲੰਦੇ ਵਿਚ ਦੇਸ਼ਾਟਨ ਕਰਕੇ ਸੱਤਿਨਾਮ ਦਾ ਪੱਲੂ ਫੇਰਨ ਦਾ ਹੁਕਮ ਹੋਇਆ ਤੇ ਆਪ ਇਹ ਹੁਕਮ ਲੈਕੇ ਜਗਤ ਨੂੰ ਤਾਰਨ ਲਈ ਟੁਰ ਪਏ। ਆਪ ਬੀ ਗੁਰੂ ਜੀ ਨੇ ਜਦ ਇਹ ਵਾਕਿਆ ਦੱਸਿਆ ਤਾਂ ਇਵੇਂ ਹੀ ਦੱਸਿਆ*। ਇਸੇ ਤਰਾਂ ਸ੍ਰੀ ਗੁਰੂ ਰਾਮਦਾਸ ਜੀ ਜਗਤ ਦਾ ਕਾਰਜ ਕਰਕੇ ਪ੍ਰਲੋਕ ਗਏ। ਪ੍ਰਲੋਕ ਵਿਚ ਜਿਵੇਂ ਵਰਤਿਆ ਉਹ ਇਕ ਆਤਮਕ ਤਜਰਬਾ ਹੈ। ਜਿਸ ਨੂੰ ਇਹ ਝਲਕਾ ਸਮਾਧੀ ਵਿਚ ਪਿਆ ਕਿ ਓਹ ਕਿਸੇ ਪਰਮਪਦ ਨੂੰ ਪਹੰਚੇ ਹਨ ਤਾਂ ਉਸ ਨੇ ਸਾਡੀ ਬੋਲੀ ਵਿਚ ਅਪਣੇ ਤਜਰਬੇ ਦਾ ਯਾ ਅੰਤ੍ਰੀਵ ਝਾਉਲੇ ਦਾ ਟੀਕਾ ਐਉਂ ਕੀਤਾ ਕਿ ਗੁਰੂ ਜੀ ਵਾਹਿਗੁਰੂ ਦੇ ਦੇਸ਼ ਗਏ ਤੇ ਵਾਹਿਗੁਰੂ ਜੀ ਨੇ ਆਪ ਨੂੰ ਸਿੰਘਾਸਨ ਤੇ ਬਿਠਾਇਆ। ਲਕੜੀ ਦਾ ਸਿੰਘਾਸਨ ਤੇ ਹਰੀ ਜੀ ਦਾ ਸਥੂਲ ਪੰਜਾਂ ਤੱਤਾਂ ਦਾ ਸਰੀਰਧਾਰੀ ਅੰਗਾਂ ਵਾਲਾ ਹੋਕੇ ਬਿਠਾਲਣਾ ਭਾਵ ਨਹੀਂ, ਭਾਵ ਹੈ ਕਿ ਉਨ੍ਹਾਂ ਦੀ ਉੱਚ ਗਤੀ ਪੰਜਾਂ ਤੱਤਾਂ ਦਾ ਸਰੀਰ ਛੱਡਣ ਦੇ ਬਾਦ ਇਸ ਪ੍ਰਕਾਰ ਦੀ ਹੋਈ, ਜਿਸ ਪ੍ਰਕਾਰ ਦੀ ਕਿ ਅਸੀਂ ਆਪਣੇ ਇਸ ਲੋਕ ਵਿਚ ਰਾਜ ਦਰਬਾਰਾਂ ਵਿਚ ਦੇਖਦੇ ਹਾਂ। ਪਰਲੋਕ ਵਿਚ ਸਾਰੇ ਸਾਮਾਨ ਸੂਖਮ ਹਨ ਤੇ ਰੂਹਾਨੀ ਹਨ ਜੋ ਸਥੂਲ ਪ੍ਰਕ੍ਰਿਤੀ ਦੇ ਬਣੇ ਹੋਏ ਨਹੀਂ ਹਨ। ਉਹਨਾਂ ਦੀ ਮਹਾਨਤਾ ਤੇ ਸੁਖ ਦਾ ਅਹਿਸਾਸ ਜਨਾਉਣ ਲਈ ਸਾਨੂੰ ਇਕ ਪੰਜ ਭੌਤਿਕ ਤਸਵੀਰ ਵਾਂਙੂ ਦੇਖਣ ਵਾਲੇ ਨੇ ਮੂਰਤੀਮਾਨ ਕਰਕੇ ਦੱਸਿਆ ਹੈ, ਜਿਸ ਨਾਲ ਉਸ ਅਵਸਥਾ ਦੀ ਸ਼ੁਧ ਟੀਕਾ ਸਾਡੀ ਸਮਝੇ ਪੇ ਜਾਣ ਵਾਲੀ ਹੋ ਜਾਂਦੀ ਹੈ। ਇਸ ਦਾ ਕਾਰਨ ਕੁਛ ਇਹ ਹੈ ਕਿ ਅਸੀਂ ਜੋ ਕੁਝ ਮਨ ਦੁਆਰਾ ਸੋਚਦੇ, ਖਿਆਲ ਕਰਦੇ ਹਾਂ ਉਹ ਸਭ 'ਦੇਸ਼, ਕਾਲ ਤੇ ਨਮਿਤ' ਵਿਚ ਹੁੰਦਾ ਹੈ। ਇਹ ਜਦੋਂ ਟਿਕਦਾ ਹੈ ਤਾਂ ਅਕਾਲ ਪੁਰਖ ਜੀ ਦੇ ਲਿਵ ਦੇ ਪ੍ਰਵਾਹ ਵਿਚ ਟੁਰਦਾ ਹੈ, ਟਿਕਦੇ ਟਿਕਦੇ ਇਸਨੂੰ ਕਦੇ ਦੇਸ਼ ਕਾਲ ਤੋਂ ਉਪਰ ਕੋਈ ਅਵਸਥਾ ਮਿਲਦੀ ਹੈ ਜੋ 'ਅਨੰਤ' ਦੀ ਛੁਹ ਵਿਚ ਯਾ ਸਾਖਯਾਤਕਾਰ ਵਿਚ ਲੈ ਜਾਂਦੀ ਹੈ, ਪਰ ਸਾਡਾ ਕਹਿਣਾ,ਸਮਝਾਉਣਾ, ਸੁਣਨਾ ਤੇ ਸਮਝਣਾ ਸਾਰਾ ਕੁਛ ਦੇਸ਼ ਕਾਲ ਵਿਚ ਹੈ; ਇਸ ਕਰਕੇ ਸਾਡੀ ਬੋਲੀ ਵਿਚ ਸਾਡੇ ਭਾਵਾਂ ਵਿਚ ਸਾਨੂੰ ਕੋਈ ਅਦੇਸ਼ ਅਕਾਲ ਗਲ ਨੂੰ ਸਮਝਾਉਣ ਲਈ ਬਾਣੀ ਦਾ ਰੂਪ ਦੇਣਾ ਪੈਂਦਾ ਹੈ ਤੇ ਉਸ ਵਿਚ ਚਿੰਨ੍ਹਾਂ ਦੀ ਡੌਲ ਹੀ ਵਰਤੀਂਦੀ ਹੈ, ਜਿਸ ਦੀ ਕਿ ਆਮ ਮਨਾਂ ਨੂੰ ਸੋਝੀ ਤੇ ਸਮਝ ਹੋਵੇ ਤੇ ਉਸ ਤੋਂ ਕੁਛ ਖਿਆਲ ਬਣਾਕੇ ਭਾਵ ਸਮਝ ਸਕਣ। ਜਿਸ ਤਰ੍ਹਾਂ ਕਿ ਅੰਗ੍ਰੇਜ਼ੀ ਦੀ ਟਾਈਪ ਰਾਈਟਰ ਮਸ਼ੀਨ ਵਿਚ ਜੇ ਕੋਈ ਸੰਸਕ੍ਰਿਤ ਦੇ 'ਞ' ਦੀ ਅਵਾਜ਼ ਦਾ ਅੱਖਰ ਲਾਉਣਾ ਚਾਹੇ ਤਾਂ ਕੀਕੂੰ ਲਾਵੇ, ਉਥੇ ਇਹ ਅਖਰ 'ਞ' ਹੈ ਨਹੀਂ, ਉਸ ਨੂੰ ਫੇਰ (ਜੇ ਤੇ ਐਨ JN ) ਜਜਾ ਤੇ ਨਨਾ ਆਦਿਕ ਅੱਖਰ ਜੋ ਉਸ ਮਸ਼ੀਨ ਪਰ ਹੈਨ, ਕੱਠੇ ਕਰਕੇ ਕੋਈ ਚਿੰਨ੍ਹ ਦੇ ਕੇ ਪ੍ਰਗਟ ਕਰਨਾ ਪੈਂਦਾ ਹੈ, ਜਿਸ ਨਾਲ ਕੁਛ ਤੁੱਲਤਾ ਦਿੱਸ ਪਵੇ। ਉਨਰੀ ਇਤਿਹਾਸ ਕਾਰ ਨੂੰ ਇਉਂ ਦੇ ਸਾਮਾਨਾਂ ਦੀ ਲੋੜ ਹੁੰਦੀ ਹੈ ਪਰ ਓਹ ਇਸ ਨਾਲ ਕਲਾਧਾਰੀਆਂ ਦੇ ਇਖ਼ਲਾਕ ਤੇ ਰੂਹਾਨੀ ਜੀਵਨ ਨੂੰ ਮੂਰਤੀਮਾਨ ਕਰ ਦੇਂਦੇ ਹਨ, ਜੋ ਗਲ ਕਿ ਦੂਜੇ

*ਪੜ੍ਹੋ ਸਾਰੀ ਪਉੜੀ:—ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ [ਮਾਝ ਵਾਰ ਮ:੧

ਇਤਿਹਾਸਕਾਰਾਂ ਤੋਂ ਰਹਿ ਜਾਂਦੀ ਹੈ । ਸਗੋਂ ਇਨ੍ਹਾਂ ਦੂਸਰੇ ਇਤਿਹਾਸਕਾਰਾਂ ਨੂੰ ਇਕ ਹੋਰ ਉਕਾਈ ਕਰਦੇ ਬੀ ਅਸੀਂ ਦੇਖਦੇ ਹਾਂ ਜੇ ਰੂਹਾਨੀ ਸ਼ਖਸੀਅਤਾਂ ਨਾਲ ਅਨਜਾਯ ਕਰ ਜਾਂਦੀ ਹੈ:—

ਅਸੀਂ ਉੱਪਰ ਦੱਸ ਆਏ ਹਾਂ ਕਿ ਸੰਸਾਰ ਵਿਚ ਅਕਸਰ ਇਤਿਹਾਸ ਰਾਜਸੀ ਲੋਕਾਂ ਦੇ ਲਿਖੇ ਗਏ ਹਨ। ਰਾਜਸੀ ਮੰਡਲਾਂ ਵਿਚ ਖ਼ੁਦਗਰਜ਼ੀ ਮੁੱਖ ਹੁੰਦੀ ਹੈ। ਰੂਹਾਨੀਅਤ ਦਿੱਸ ਨਹੀਂ ਪੈਂਦੀ ਤੇ ਇਖ਼ਲਾਕ ਕਦੇ ਕਿਤੇ ਹੁੰਦਾ ਹੈ ਕਿਤੇ ਨਹੀਂ । ਓਦ ਬੀ ਇਖ਼ਲਾਕੀ ਬੰਦੇ ਘੱਟ ਹੁੰਦੇ ਹਨ ਤੇ ਰੂਹਾਨੀ ਤਾਂ ਅਤਿ ਹੀ ਘੱਟ, ਇਸ ਲਈ ਆਮ ਇਤਿਹਾਸਕਾਰਾਂ ਦਾ ਰੌ ਇਸ ਪਾਸੇ ਪਿਆ ਹੁੰਦਾ ਹੈ ਕਿ ਇਨਸਾਨ ਦੇ ਅੰਦਰ ਹਰ ਗਲ ਦੀ 'ਅੰਦਰਲੀ ਪ੍ਰੇਰਕ ਸ਼ਕਤੀ' ਖ਼ੁਦਗਰਜ਼ੀ ਦੇ ਮਨਸੂਬੇ ਸਿਰੇ ਚਾੜ੍ਹਨ ਦੀ ਹੁੰਦੀ ਹੈ। ਇਹ ਇੰਨੀ ਅਤੀ ਵਜਾਪਤੀ ਦੀ ਸ਼ੈ ਹੈ ਕਿ ਆਮ ਲੋਕਾਂ ਤੇ ਅਕਸਰ ਇਤਿਹਾਸਕਾਰਾਂ ਦੇ ਦਿਲ ਏਥੇ ਦ੍ਰਿੜ੍ਹ ਹੋ ਚੁਕੇ ਹਨ। ਇਹ ਦ੍ਰਿੜ੍ਹਤਾ ਬੇਮਲੂਮੇ ਉਨ੍ਹਾਂ ਤੋਂ ਊਣਤਾਈਆਂ ਛੁੜਾ ਜਾਂਦੀ ਹੈ। ਮਿਸਾਲ ਲਈ ਜਹਾਂਗੀਰ ਦੇ ਪੁੱਤ੍ਰ ਖ਼ੁਸਰੋ ਦੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮਿਲਣ ਦੇ ਮਾਮਲੇ ਨੂੰ ਲਓ। ਇਸ ਵਿਸ਼ੇ ਤੇ ਅਸਾਂ ਨੇ ਖਯਾਲ ਤੇ ਦਲੀਲਾਂ ਰਾ: ੪ ਅੰਸੂ ੩੭ ਦੇ ਅੰਤ ਦੀ ਟੂਕ ਪਰ ਇਸ ਗ੍ਰੰਥਾਵਲੀ ਵਿਚ ਦਿੱਤੇ ਹਨ, ਜਿਨ੍ਹਾਂ ਤੋਂ ਸਾਬਤ ਹੈ ਕਿ ਵੈਰੀਆਂ ਵੱਲੋਂ ਖ਼ੁਸਰੋ ਨੂੰ ਮਿਲਣ ਦੀ ਝੂਠੀ ਊਜ ਠੱਪਕੇ ਪਾਤਸ਼ਾਹ ਦੇ ਕੰਨ ਭਰੇ ਗਏ ਤੇ ਪਾਤਸ਼ਾਹ ਇਕਬਾਲ ਕਰਦਾ ਹੈ ਕਿ ਉਹ ਪਹਿਲੋਂ ਹੀ ਤਅੱਸਬ ਵਿਚ ਸੀ ਤੇ ਗੁਰੂ ਜੀ ਨੂੰ ਮਾਰਨਾ ਯਾ ਮੁਸਲਮਾਨ ਬਨਾਉਣਾ ਚਾਹੁੰਦਾ ਸੀ, ਸੋ ਖ਼ੁਸਰੋ ਦੇ ਮਿਲਣ ਦੀ ਗਲ ਸੁਣਦੇ ਸਾਰ ਅੱਗ ਬਗੋਲਾ ਹੋ ਗਿਆ। ਉਹ ਆਪ ਲਿਖਦਾ ਹੈ ਕਿ 'ਇਹ ਗਲ ਜਦ ਮੇਰੇ ਕੰਨੀ ਪਹੁੰਚੀ ਮੈਂ ਅੱਗੇ ਹੀ ਉਸ (ਭਾਵ ਗੁਰੂ ਜੀ) ਦੇ ਬੁਤਲਾਨ ਨੂੰ ਪੂਰੀ ਤਰ੍ਹਾਂ ਜਾਣਦਾ ਸਾਂ; ਮੈਂ ਹੁਕਮ ਦਿੱਤਾ ਕਿ ਉਸਨੂੰ ਹਾਜ਼ਰ ਕਰੋ ਤੇ ਉਸਦੇ ਘਰ ਬਾਰ ਬੱਚੇ ਮੁਰਤਜ਼ਾਖਾਂ ਨੂੰ ਬਖਸ਼ ਦਿੱਤੇ ਤੇ ਉਸ ਦੇ ਅਸਬਾਬ ਤੇ ਮਾਲ ਨੂੰ ਜ਼ਬਤ ਕਰਕੇ ਮੈਂ ਹੁਕਮ ਦਿੱਤਾ ਕਿ ਉਸ ਨੂੰ ਸਯਾਸਤ ਤੇ ਯਾਸਾ ਨੂੰ ਪਹੁੰਚਾ ਦੇਣ*'। ਇਸ ਵਿਚ ਪਾਤਸ਼ਾਹ ਦੇ ਤਅੱਸਬ ਦਾ ਤੇ ਸੁਣਦੇ ਸਾਰ ਸਜ਼ਾ ਦੇਣ ਦਾ ਜ਼ਿਕਰ ਹੈ। ਕਿਤੇ ਜਹਾਂਗੀਰ ਦਾ ਆਪ ਸੱਚ ਝੂਠ ਪਰਖਣ ਦਾ ਯਾ ਗੁਰੂ ਜੀ ਨੂੰ ਅਪਣੀ ਸਫਾਈ ਦੇਣ ਦਾ ਮੌਕਾ ਨਹੀਂ ਦਿੱਤਾ ਗਿਆ ਹੈ। ਕਿਸੇ ਇਤਿਹਾਸਕਾਰ ਨੇ ਇਨ੍ਹਾਂ ਗਲਾਂ ਤੇ ਖ਼ੋਜ ਤੇ ਸੋਚ ਨਹੀਂ ਕੀਤੀ। ਅਤੇ ਨਾ ਹੀ ਕਿਸੇ ਨੇ ੧੭ ਜ਼ਿਲਹੱਜ† ਤੋਂ ੮ ਮੁਹੱਰਮ† ਤੱਕ ਵੀਹ ਇੱਕੀ ਦਿਨਾਂ ਵਿਚ ਪਾਤਸ਼ਾਹ ਨੂੰ ਖਬਰ ਨਾ ਪੁੱਜਣ ਪਰ ਸੋਚ ਕੀਤੀ ਹੈ। ਉਹ ਵੀਚਾਰ ਐਉਂ ਹੈ ਕਿ ਖ਼ੁਸਰੋ ਦੇ ਮਗਰੇ ਮਗਰ ਆ ਰਹੇ ਜਹਾਂਗੀਰ ਨੂੰ 'ਥਾਨੇਸਰ ਦੇ ਪੀਰ ਦੀ ਖ਼ੁਸਰੋ ਨੂੰ ਮਿਲਣ ਦੀ ਗਲ' ਓਥੇ ਹੀ ਪਤਾ ਲਗਦੀ ਹੈ ਤੇ ਸਜ਼ਾ ਦੇ ਜਾਂਦਾ ਹੈ। ਗੋਂਦਵਾਲੋਂ ਬੀ ਪਾਤਸ਼ਾਹ ਲੰਘਦਾ ਹੈ । ੧੭ ਜ਼ਿਲਹੱਜ ਨੂੰ ਪਾਤਸ਼ਾਹ ਸੁਲਤਾਨ ਪੁਰ ਤੇ ਗੋਂਦਵਾਲ ਹੈ। ਫਿਰ ੧੨ ਦਿਨ ਮਾਝੇ ਵਿਚ ਰਹਿੰਦਾ ਹੈ ਕਿਉਂਕਿ ੨੮ ਜ਼ਿਲਹੱਜ ਨੂੰ ਲਾਹੌਰੋਂ ੭ ਕੋਹ ਉਰੇ ਜੈਪਾਲ ਪਿੰਡ ਅੱਪੜਦਾ ਹੈ। ੧੨ ਦਿਨਾਂ ਵਿਚ ਮਾਝੇ ਵਿਚੋਂ ਲੰਘਦਿਆਂ ਠਹਿਰਦਿਆਂ ਕਿਉਂ ਪਾਤਸ਼ਾਹ ਨੂੰ ਖਬਰ ਨਾਂ ਲੱਗੀ ਕਿ ਖ਼ੁਸਰੋ ਗੁਰੂ ਜੀ ਨੂੰ ਮਿਲਿਆ ਸੀ। ਫੇਰ ੨੮ ਜ਼ਿਲਹੱਜ ਤੋਂ ੮ ਮੁਹੱਰਮ ਤਕ ਅਰਥਾਤ ੧੧ ਕੁ ਦਿਨ

---

*'ਸਯਾਸਤ' ਦਾ ਓਦੋਂ ਭਾਵ ਸੀ ਕੈਦ ਕਰ ਦੇਣਾ ਤੇ 'ਯਾਸਾ' ਤੁਰਕ ਲੋਕਾਂ ਦੀ ਸਜ਼ਾ ਹੈ, 'ਲੁੱਟ ਲੈਣਾ ਤੇ ਤੁਸੀਹੇ ਦੇਕੇ ਕਤਲ ਕਰ ਦੇਣਾ।'

†ਦੁਇ ਨਾਮ ਹਨ ਮੁਸਲਮਾਨੀ ਮਹੀਨਿਆਂ ਦੇ।

ਪਾਤਸ਼ਾਹ ਨੂੰ ਲਾਹੌਰ ਆਇਆਂ ਹੋ ਗਏ, ਇਨ੍ਹਾਂ ੧੧ ਦਿਨਾਂ ਵਿਚ ਬੀ ਖ਼ਬਰ ਨਾ ਮਿਲੀ। ਅਚਾਨਕ ੯ ਮੁਹੱਰਮ ਨੂੰ ਗੁਰੂ ਜੀ ਦੇ ਖ਼ੁਸਰੋ ਨੂੰ ਮਿਲਣ ਦੀ ਖ਼ਬਰ ਮਿਲਦੀ ਹੈ। ਇਥੇ ਜੇ ਕੰਦੇ ਵਿਗਜਾਨਿਕ ਇਤਿਹਾਸਕਾਰ ਵੀਚਾਰ ਕਰਦਾ ਕਿ ਐਨੇਂ ਦਿਨ ਖ਼ਬਰ ਕਿਉਂ ਨਾ ਮਿਲੀ ਤੇਂ ਨਾਲ ਵਿਚਾਰਦਾ ਕਿ ਮੈਂ ਰੂਹਾਨੀ ਸ਼ਖ਼ਸੀਅਤ ਬਾਬਤ ਲਿਖ ਰਿਹਾ ਹਾਂ, ਮੈਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਚਰਨ (ਕੈਰੇਕਟਰ) ਨੂੰ ਤੇ ਪਿਛਲੇ ਸੁਭਾਵ ਤੇ ਵਰਤਾਰੇ ਨੂੰ ਤਾਂ ਤੱਕਾਂ। ਦੇਖੋ ਗੁਰੂ ਜੀ ਅਕਬਰ ਨੂੰ ਮਿਲਦੇ ਹਨ ਪਰ ਕਿਉਂ ? ਸੇਰੁਲਮੁਤਾਖ਼ਰੀਨ ਵਾਲਾ ਤੇ ਖੁਲਾਸਾ-ਤੁ-ਤਵਾਰੀਖ਼ ਵਾਲਾ ਲਿਖਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੇ ਪਰਜਾ ਦੇ ਮਾਮਲੇ ਵਿਚ ਮਾਫੀ ਕਰਾਉਣ ਲਈ ਅਕਬਰ ਦੀ ਮੁਲਾਕਾਤ ਕੀਤੀ ਤੇ ਅਕਬਰ ਨੇ ਆਪ ਦੀ ਸਿਫਾਰਸ਼ ਪਰ ਦਾਹ ਬਾਰ੍ਹਵਾਂ ਹਿੱਸਾ ਮਾਲੀਆ ਮਾਫ ਕਰ ਦਿੱਤਾ*। ਹੁਣ ਦੇਖੋ ਜਦੋਂ ਸੁਲਹੀ ਫੌਜ ਲੈਕੇ ਗੁਰੂ ਜੀ ਤੇ ਚੜ੍ਹਾਈ ਕਰਕੇ ਆ ਰਿਹਾ ਹੈ ਤਾਂ ਕੀਹ ਗੁਰੂ ਅਰਜਨ ਦੇਵ ਜੀ ਉਸ ਨੂੰ ਮਿਲਦੇ ਹਨ ? ਪੱਤੂ ਪਾਉਂਦੇ ਹਨ ? ਚਾਰ ਆਦਮੀ ਘੱਲਦੇ ਹਨ ? ਕੋਈ ਨਹੀਂ, ਲੋਕ ਸਲਾਹਾਂ ਦੇਂਦੇ ਹਨ ਕਿ ਕੋਈ ਉਪਰਾਲਾ ਕਰੋ ਪਰ ਆਪ ਸਾਫ ਨਾਂਹ ਕਰਦੇ ਹਨ। ਇਹ ਗਲ ਉਨ੍ਹਾਂ ਦੀ ਆਪਣੀ ਲਿਖੀ ਹੋਈ ਸਾਨੂੰ ਮਿਲਦੀ ਹੈ, ਪੜ੍ਹੋ:–

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥ ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥ ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥ ੧ ॥
[ਆਸਾ ਮ: ੫–੫

ਫਿਰ ਉਸ ਸਮੇਂ ਅੱਖੀਂ ਦੇਖਣ ਵਾਲੇ ਉਨ੍ਹਾਂ ਦੇ ਨਿਕਟ ਵਰਤੀ ਉਨ੍ਹਾਂ ਦੇ ਸੁਭਾਵ ਬਾਬਤ ਐਉਂ ਆਖਦੇ ਹਨ:–

*ਜਿਸ ਵੇਲੇ ਅਕਬਰ ਵਟਾਲੇ ਆਇਆ, ਤਦ ਅਚਲ ਦੇ ਮੰਦਰ ਦਾ ਝਗੜਾ ਨਿਪਟਾਉਣ ਪਿੱਛੋਂ ਬਿਆਸਾ ਲੰਘਕੇ ਸ੍ਰੀ ਗੁਰੂ ਅਰਜਨਦੇਵ ਜੀ ਦੇ ਡੇਰੇ ਆਇਆ ਗੁਰਬਾਣੀ ਸੁਣੀ ਤੇ ਬੜਾ ਖੁਸ਼ ਹੋਇਆ, ਗੁਰੂ ਜੀ ਨੇ ਅਕਬਰ ਨੂੰ ਕਿਹਾ ਕਿ:–

ਅਜ਼ ਨਜ਼ੂਲੇ ਅਸਾਕਰੇ ਮੁਤਸੱਵਰਹ ਦਰ ਪੰਜਾਬ ਨਿਰਖੇ ਗ਼ੱਲਹ ਗਿਰਾਂ ਬੂਦ, ਅਜ਼ੀਂ ਜਿਹਤ ਜਮਾ ਪਰਗਨਾਤ ਜ਼ਿਆਦਹ ਸ਼ੁਦਹ ਅਲ ਹਾਲ ਅਜ਼ ਇੰਤਹਾ ਜ਼ਿ ਅਫਵਾਜੇ ਕਾਹਿਰਾ ਗ਼ੱਲਾਤ ਰੂ ਬਅਰਜ਼ਾਨੀ ਆਵੁਰਦਹ ਰਿਆਇਆ ਅਜ਼ ਉਹਦਾ ਅਦਾਏ ਜਮਾਂ ਨਮੇ ਤਵਾਨਦ ਬਰਾਮਦ। ਹਸਬ ਇਲਤਮਾਸ ਓ ਬ ਦੀਵਾਨੀਆਨੇ ਉੱਜ਼ਾਮ ਹੁਕਮ ਸ਼ੁਦ ਕਿ ਬਹਿਸਾਬ ਦਹ ਦਵਾਜ਼ਦਹ ਅਜ਼ ਜਮਾ ਬ ਰਿਆਇਆ ਤਖ਼ਫੀਫ ਦਿਹੰਦ, ਵ ਤਾਕੀਦ ਬਅਮਾਲ ਕੁਨੰਦ ਕਿ ਮੁਤਾਬਕੇ ਆਂ ਬ-ਰਿਆਯਾ ਰਿਆਯਤ ਨਮੂਦਹ ਜ਼ਿਆਦਹ ਤਲਬੀ ਨ ਨੁਮਾਇੰਦ। [ਖੁਲਸਾ-ਤੁੱ-ਤ੍ਵਾਰੀਖ ਸਫਾ ੪੫੨

ਅਰਥਾਤ–ਖਿਆਲ ਕੀਤੇ ਲਸ਼ਕਰ ਦੇ ਆਉਣ ਤੇ ਅਨਾਜ ਦਾ ਭਾ ਪੰਜਾਬ ਵਿਚ ਮਹਿੰਗਾ ਸੀ ਇਸ ਕਰਕੇ ਇਲਾਕਿਆਂ ਦਾ ਮਾਲੀਆ ਜ਼ਿਆਦਾ ਹੋ ਗਿਆ, ਅੱਜ ਕਲ ਫੌਜ ਦੇ ਟੁੱਟ ਜਾਣ ਤੋਂ ਅਨਾਜ ਦਾ ਭਾ ਸਸਤਾ ਹੋ ਗਿਆ ਹੈ ਤੇ ਪ੍ਰਜਾ ਮਾਲੀਆ ਨਹੀਂ ਦੇ ਸਕੀ (ਗੁਰੂ ਜੀ ਦੇ) ਕਹੇ ਅਨੁਸਾਰ ਦੀਵਾਨੀ ਹਾਕਮਾਂ ਨੂੰ ਹੁਕਮ ਹੋਇਆ ਕਿ ੧੦-੧੨ ਵੇਂ ਦੇ ਹਿਸਾਬ ਨਾਲ ਮਾਲੀਏ ਵਿਚੋਂ ਛੋਟ ਕੀਤੀ ਜਾਏ ਤੇ ਮਾਲੀਆ ਵਸੂਲ ਕਰਨ ਵਾਲਿਆਂ ਨੂੰ ਤਾਕੀਦ ਕਰਨ, ਕਿ ਇਸ ਤਰ੍ਹਾਂ ਨਾਲ ਰਿਆਇਆ ਨੂੰ ਰਿਆਇਤ ਕੀਤੀ ਜਾਏ। ਵਧੀਕ ਨਾਂ ਵਸੂਲ ਕੀਤਾ ਜਾਏ।

ਤਿਹ ਜਨ ਜਾਚਹੁ ਜਗਤ੍ਰ ਪਰ ਜਾਨੀਅਤੁ ਬਾਸੁਰ ਰਯਨਿ ਬਾਸੁ ਜਾਕੋ ਹਿਤੁ
ਨਾਮ ਸਿਉ ॥ ਪਰਮ ਅਤੀਤੁ ਪਰਮੇਸੁਰ ਕੈ ਰੰਗਿ ਰੰਗੌ ਬਾਸਨਾ ਤੇ ਬਾਹਰਿ
ਪੈ ਦੇਖੀਅਤੁ ਧਾਮ ਸਿਉ ॥ ਅਪਰ ਪਰੰਪਰ ਪੁਰਖ ਸਿਉ ਪ੍ਰੇਮੁ ਲਾਗੌ ਬਿਨੁ
ਭਗਵੰਤ ਰਸੁ ਨਾਹੀ ਅਉਰੇ ਕਾਮ ਸਿਉ ॥ ਮਥੁਰਾ ਕੋ ਪ੍ਰਭੁ ਸ੍ਰਬ ਮਯ ਅਰਜੁਨ
ਗੁਰੁ ਭਗਤਿ ਕੈ ਹੇਤਿ ਪਾਇ ਰਹਿਓ ਮਿਲਿ ਰਾਮ ਸਿਉ ॥ ੩ ॥ [ਸ: ਮ: ੫ ਕੇ

ਗੁਰ ਜੀ ਆਪ ਕਹਿ ਰਹੇ ਹਨ:—"ਤ੍ਰਿਸਨ ਬੁਝੀ ਮਮਤਾ ਗਈ ਨਾਠੇ ਭੈ ਭਰਮਾ ॥ ਥਿਤਿ ਪਾਈ ਆਨਦੁ ਭਇਆ ਗੁਰਿ ਕੀਨੇ ਧਰਮਾ ॥ ੧ ॥" [ਬਿਲਾ: ਮ: ੫

ਇਨ੍ਹਾਂ ਦੋ ਵਾਕਿਆਤ ਤੋਂ ਅਤੇ ਉਨ੍ਹਾਂ ਦੇ ਸੁਭਾਵ ਦੀ ਉਗਾਹੀ ਤੋਂ ਜੋ ਉੱਪਰ ਦਿੱਤੀ ਹੈ ਇਤਿਹਾਸਕਾਰ ਨੂੰ ਉਨ੍ਹਾਂ ਦਾ ਸੁਭਾਵ ਮੁਤਾਲਜਾ ਕਰਨਾ ਉਚਿਤ ਸੀ ਕਿ ਅਪਣੀ ਰੱਖਿਆ ਲਈ ਅਰਥਾਤ ਨਿਜ ਦੀ ਗ਼ਰਜ਼ ਲਈ ਤਾਂ ਆਪ ਸੁਲਹੀ ਨੂੰ ਨਹੀਂ ਮਿਲਦੇ ਪਰੰਤੂ ਪਰਸੁਆਰਥ ਲਈ ਅਕਬਰ ਨੂੰ ਮਿਲਦੇ ਹਨ, ਤਾਂ ਉਹ ਉਨ੍ਹਾਂ ਦੇ ਅੰਦਰਲੇ ਪ੍ਰੇਰਕ ਪ੍ਰਯੋਜਨ ਨੂੰ ਸਮਝ ਸਕਦਾ। ਇਸ ਨਾਲ ਉਸਨੂੰ ਸੋਚਣਾ ਚਾਹੀਦਾ ਸੀ ਕਿ ਪਾਤਸ਼ਾਹ ਦੀ ਅਪਣੀ ਲਿਖੀ ਜੀਵਨੀ ਤੋਂ ਪਤਾ ਲਗਦਾ ਹੈ ਕਿ ਤ੍ਰੀਕ ੧੭ ਤੋਂ ਅਗਲੇ ਮਹੀਨੇ ਦੀ ਤ੍ਰੀਕ ੮ ਤਕ ਤ੍ਰੈ ਹਫਤੇ ਪਾਤਸ਼ਾਹ ਸੁਲਤਾਨਪੁਰ ਗੋਂਦ-ਵਾਲ ਮਾਝੇ ਵਿਚ ਸਾਰੇ ਰਹਿੰਦਾ ਹੈ ਤੇ ਲਾਹੌਰ ਅੱਪੜਦਾ ਹੈ ਤੇ ਖ਼ੁਸਰੋ ਦਾ ਸਾਰਾ ਮਾਮਲਾ ਸਜ਼ਾਵਾਂ ਹੋਕੇ ੮ ਨੂੰ ਲਗ ਪਗ ਮੁੱਕ ਜਾਂਦਾ ਹੈ। ਉਸ ਦਿਨ ਤਕ ਪਾਤਸ਼ਾਹ ਨੂੰ ਗੁਰੂ ਜੀ ਦੇ ਖ਼ੁਸਰੋ ਨਾਲ ਮਿਲਨ ਦੀ ਕਿਉਂ ਖਬਰ ਨਾ ਮਿਲੀ। ਜੇ ਗੁਰੂ ਜੀ ਮਿਲੇ ਹੁੰਦੇ ਤਾਂ ਗਲ ਲੁਕੀ ਰਹਿ ਸਕਣੀ ਅਸੰ-ਭਵ ਸੀ, ਸਾਰੇ ਮਾਝੇ ਵਿਚੋਂ ਲੰਘਦਿਆਂ ਤੇ ਠਹਿਰਦਿਆਂ ਪਾਤਸ਼ਾਹੀ ਖ਼ਬਰ ਰਸਾਨੀ ਦੇ ਮਹਿਕਮੇ ਤੋਂ ਗਲ ਕਿਵੇਂ ਲੁਕੀ ਰਹਿ ਗਈ*? ਕਿਉਂ ਯਕਾਯਕ ੯ ਤ੍ਰੀਕ ਨੂੰ, ਜਦੋਂ ਸਾਰੇ ਸਜ਼ਾ ਪਾ ਚੁਕੇ ਹਨ, ਤਾਂ ਸ਼ਿਕੈਤ ਹੁੰਦੀ ਤੇ ਪਾਤਸ਼ਾਹ ਦੇ ਪਹਿਲੇ ਬੁਗ਼ਜ਼ ਦੇ ਕਾਰਨ ਵਹਿਸ਼ੀਆਨਾ ਸਜ਼ਾ ਮਿਲ ਜਾਂਦੀ ਹੈ? ਸਾਫ ਹੈ ਕਿ ਵੈਰੀਆਂ ਨੂੰ ਅਚਾਨਕ ਫੁਰੀ ਹੈ ਕਿ ਇਹ ਵੇਲਾ ਸੀ ਬਦਲੇ ਲੈਣ ਦਾ; ਸੋ ਝੱਟ ਊਜ ਥੱਪੀ ਹੈ ਤੇ ਪਾਤਸ਼ਾਹ ਦੇ ਪਹਿਲਾਂ ਭਰੇ ਕੰਨਾਂ ਤੇ ਉਸਦੇ ਹੁਣ ਦੇ ਖ਼ੁਸਰੋ ਵਾਲੇ ਚੜ੍ਹੇ ਹੋਏ ਗੁੱਸੇ ਤੋਂ ਲਾਭ ਉਠਾਯਾ ਹੈ। ਇਸ ਤਰ੍ਹਾਂ ਦੀ ਖੋਜ ਪੜਤਾਲ ਕੀਤੇ ਤੋਂ ਬਿਨਾਂ ਇਹ ਫਰਜ਼ ਕਰ ਲੈਣਾ ਕਿ ਓਹ ਖ਼ੁਸਰੋ ਨੂੰ ਮਿਲੇ ਹੋਣ ਗੇ†, ਇਤਿਹਾਸ-ਕਾਰਾਂ ਦਾ ਉਸੇ ਕਾਰਨ ਕਰਕੇ ਹੈ ਕਿ ਓਨ੍ਹਾਂ ਨੇ ਮਿਥ ਛਡਿਆ ਹੈ ਕਿ ਸਾਰੇ ਲੋਕ ਗਰਜ਼ ਦੇ ਹੀ ਬੰਦੇ ਹੁੰਦੇ ਹਨ। ਮੈਕਾਲਫ ਨੇ ਜ਼ਰਾ ਕੁ ਧਿਆਨ ਦੂਸਰੇ ਪਾਸੇ ਦਿੱਤਾ ਹੈ ਤਾਂ ਉਸਨੇ ਗੁਰੂ ਜੀ ਦੇ ਉਪਕਾਰ ਤੇ ਅਸੂਲ ਪ੍ਰਸਤੀ ਨੂੰ ਦਰਸਾਇਆ ਹੈ। ਚਾਹੇ ਨਾ ਮਿਲਣ

*ਥਾਨੇਸਰ ਦੇ ਪੀਰ ਦੀ ਖ਼ਬਰ ਖ਼ੁਸਰੋ ਨੂੰ ਮਿਲਨ ਦੀ ਪਾਤਸ਼ਾਹ ਨੂੰ ਉਸੇ ਇਲਾਕੇ ਹੀ ਮਿਲ ਜਾਂਦੀ ਹੈ ਤੇ ਗੁਰੂ ਜੀ ਦੀ ਖਬਰ ਗੋਇੰਦਵਾਲ, ਜਿਥੇ ਪਾਤਸ਼ਾਹ ਆਪ ਆਯਾ ਹੈ, ਕਿਉਂ ਨਾ ਮਿਲੀ?

†ਇਸ ਦੇ ਨਾਲ ਮੇਲੋ ਇਹ ਗਲ ਕਿ ਜਹਾਂਗੀਰ ਨੇ ਮਗਰੋਂ ਚੰਦੂ ਨੂੰ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਹਵਾਲੇ ਕਰ ਦਿੱਤਾ ਸੀ, ਕਿਉਂਕਿ 'ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਖ਼ੁਸਰੋ ਨੂੰ ਤਿਲਕ ਦੇਣ' ਦੀ ਗਲਤ ਖਬਰ ਦੇਣ ਦੀ ਜ਼ਿੰਮੇਵਾਰੀ ਉਸ ਦੀ ਸਾਬਤ ਹੋਈ ਸੀ। ਵਿਸਥਾਰ ਲਈ ਦੇਖੋ ਰਾ: ੪ ਅੰ: ੩੭ ਦੀ ਅੰਤਲੀ ਟੂਕ।

ਦੇ ਪਹਿਲੂ ਵਲੋਂ ਉਹ ਬੀ ਉਨ੍ਹਾਂ ਵਾਂਕੂ ਉੱਕ ਗਿਆ ਹੈ, ਪਰ ਹੋਰ ਲੇਖਕ, ਕਿਆ ਫਾਰਸੀ ਤੇ ਕਿਆ ਅੰਗ੍ਰੇਜ਼ੀ ਵਾਲੇ, ਬੇ ਸੋਚੇ ਦਬਿਸਤਾਨ ਦੇ ਮਗਰੇ ਮਗਰ ਤੇ ਲਕੀਰ ਤੇ ਲਕੀਰ ਮਾਰੀ ਛੁਰੀ ਗਏ ਹਨ।

ਸ਼੍ਰੀ ਗੁਰੂ ਅਰਜਨਦੇਵ ਜੀ ਦੇ ਇਤਿਹਾਸ ਨਾਲ ਇਕ ਹੋਰ ਕਾਹਲੀ ਇਨਾਂ ਇਤਿਹਾਸਕਾਰਾਂ ਦੀ ਕੀਤੀ ਹੋਈ ਅਸੀਂ ਵੇਖਦੇ ਹਾਂ। ਉਹ ਇਹ ਹੈ ਕਿ ਜਹਾਂਗੀਰ ਆਪ ਅਪਣੀ ਤੁਜ਼ਕ ਵਿਚ ਲਿਖਦਾ ਹੈ,ਜੈਸਾ ਕਿ ਅਸੀਂ ਉਪਰ ਦੱਸ ਆਏ ਹਾਂ,ਕਿ 'ਘਰ ਬਾਰ ਜ਼ਬਤ, ਮਾਲ ਦੌਲਤ ਜ਼ਬਤ, ਕੈਦ ਕਰੋ ਤੇ ਤਸੀਹੇ ਦੇ ਕੇ ਕਤਲ ਕਰੋ'। ਹੁਣ ਉਸ ਵਕਤ ਤੋਂ ਥੋੜੇ ਸਾਲ ਬਾਦ 'ਦਬਿਸਤਾਨ ਮਜ਼ਾਹਬ' ਲਿਖੀ ਜਾਂਦੀ ਹੈ, ਉਸ ਦਾ ਲੇਖਕ ਲਿਖਦਾ ਹੈ ਕਿ 'ਪਾਤਸ਼ਾਹ ਨੇ ਭਾਰੀ ਰਕਮ ਜੁਰਮਾਨਾ ਕੀਤੀ ਤੇ ਉਨ੍ਹਾਂ ਦੇ ਨਾ ਦੇ ਸਕਣ ਕਰਕੇ ਉਨ੍ਹਾਂ ਨੂੰ ਬੰਨ੍ਹਕੇ ਰੇਗਸਤਾਨ ਵਿਚ ਰੱਖ ਦਿੱਤਾ, ਸੂਰਜ ਦੀ ਧੁੱਪ ਤੇ ਗਰਮੀ ਦੀ ਸ਼ਿੱਦਤ ਤੇ ਵਸੂਲ ਕਰਨ ਵਾਲਿਆਂ ਦੇ ਦਿੱਤੇ ਕਸ਼ਟਾਂ ਨਾਲ (ਆਪ ਨੇ) ਜਾਨ ਦਿੱਤੀ'। ਮਗਰਲੇ ਇਤਿਹਾਸਕਾਰ ਇਸੇ ਦੇ ਮਗਰ ਟੁਰੀ ਗਏ। ਕਿਸੇ ਨੂੰ ਫੁਰਸਤ ਨਹੀਂ ਲਗੀ ਕਿ ਤੁਜ਼ਕ ਦਾ ਤੇ ਦਬਿਸਤਾਨ ਮਜ਼ਾਹਬ ਦਾ ਮੁਕਾਬਲਾਂ ਤਾਂ ਕਰੇ ਤੇ ਦੋਹਾਂ ਦੀ ਅਣਮਿਲਦੀ ਗਲ ਤੋਂ ਕੁਛ ਹੋਰ ਖੋਜ ਪੜਤਾਲ ਕਰੇ। ਐਸਾ ਨਾ ਕਰਨੇ ਕਰਕੇ ਗੁਰੂ ਜੀ ਦਾ ਖ਼ੁਸਰੋ ਨੂੰ ਮਿਲਨਾ ਕਾਇਮ ਰਿਹਾ। ਪਾਤਸ਼ਾਹ ਦਾ ਜੁਰਮਾਨਾ ਕਰਨਾ ਇਕ ਘੱਟ ਸਖਤੀ ਦੀ ਸਜ਼ਾ ਰਹੀ ਤੇ ਐਡੇ ਸੁਲਹਕੁੱਲ ਜਾਨ ਦੇ ਜਾਣ ਦਾ ਦੋਸ਼ ਵਸੂਲ ਕਰਨ ਵਾਲਿਆਂ ਦੇ ਸਿਰ ਜਾ ਪਿਆ, ਹਾਂਲਾ ਕਿ ਪਾਤਸ਼ਾਹ ਦੇ ਦਿਲ ਵਿਚ ਪਹਿਲਾਂ ਤੋਂ ਮਜ਼ਹਬੀ ਤਅੱਸਬ ਭਰਿਆ ਪਿਆ ਸੀ, ਉਨ੍ਹਾਂ ਦੇ ਖ਼ੂਨ ਦੇ ਪਿਆਸੇ ਹੋਣ ਦਾ ਅਪਣਾ ਇਕਬਾਲ ਮੌਜੂਦ ਹੈ, ਜਿਸ ਤੋਂ ਸਪਸ਼ਟ ਹੈ ਕਿ ਚੁਗ਼ਲ ਖ਼ੋਰ ਦੇਰ ਤੋਂ ਪਾਤਸ਼ਾਹ ਦੇ ਕੰਨ ਭਰ ਰਹੇ ਸਨ। ਉਹ ਸਾਫ ਲਿਖਦਾ ਹੈ ਕਿ 'ਜਾਂ ਇਹ ਗਲ ਮੇਰੇ ਕੰਨੀਂ ਪਹੁੰਚੀ ਮੈਂ ਪਹਿਲੋਂ ਹੀ ਉਸਦੇ ਬੁਤਲਾਨ ਨੂੰ ਜਾਣਦਾ ਸਾਂ'। ਗੋਯਾ ਅੰਦਰਲਾ ਪਹਿਲਾ ਇਰਾਦਾ ਨਿਰਾ ਬਹਾਨਾ ਮਿਲਨ ਦੀ ਹੀ ਉਡੀਕ ਕਰ ਰਿਹਾ ਸੀ। ਫੇਰ ਸਜ਼ਾ ਤੋਂ ਵੀ ਦਿਲ ਦਾ ਅਤਯੰਤ ਵੈਰ ਭਾਵ ਸਫੁਟ ਹੈ। ਥਾਨੇਸਰੀ ਪੀਰ ਨੂੰ ਤਾਂ ਮੱਕੇ ਟੁਰ ਜਾਣ ਦੀ ਸਜ਼ਾ ਹੈ, ਏਥੇ ਘਰ ਬਾਰ ਮਕਾਨ ਜ਼ਬਤ, ਮਾਲ ਦੌਲਤ ਜ਼ਬਤ, ਕੈਦ ਲੁੱਟ ਤੇ ਤਸੀਹੇ ਦੇਕੇ ਮਾਰਨ ਦਾ ਵਹਸ਼ੀਆਨਾ ਦੰਡ! ਮੁਜਰਮ ਪਾਤਸ਼ਾਹ ਹੈ, ਪਰ ਇਤਿਹਾਸਕਾਰ ਨੂੰ ਵਿਹਲ ਨਹੀਂ ਕਿ ਮੁਤਾਲਆ ਕਰੇ, ਪਰਖੇ ਤੇ ਮੁਆਮਲਾ ਫਹਿਮੀ ਕਰੇ। ਬੱਸ ਦਬਿਸਤਾਨ ਪੜ੍ਹੀ ਤੇ ਲਿਖੀ ਗਏ।

ਇਹ ਗਲ ਅਸਾਂ ਇਕ ਵੰਨਗੀ ਮਾਤ੍ਰ ਦਰਸਾਈ ਹੈ ਕਿ ਆਮ ਇਤਿਹਾਸਕਾਰ ਕੀਕੂੰ ਇਖ਼ਲਾਕੀ ਤੇ ਰੂਹਾਨੀ ਸ਼ਖ਼ਸੀਅਤਾਂ ਨਾਲ ਉਨ੍ਹਾਂ ਦੇ ਅੰਦਰਲੇ ਪ੍ਰੇਰਕ ਪ੍ਰਯੋਜਨ ਨੂੰ ਸਮਝਣ ਦੀ ਕੋਸ਼ਸ਼ ਨਹੀਂ ਕਰਦਾ ਤੇ ਕਾਹਲੀ ਕਰਕੇ ਅਨਜਾਯ ਕਰ ਬੈਠਦਾ ਹੈ।

ਹੁਣ ਕਵੀ ਜੀ ਨੂੰ ਲਓ,ਉਨ੍ਹਾਂ ਨੂੰ ਤੁਜ਼ਕ ਜਹਾਂਗੀਰੀ ਤੇ ਦਬਿਸਤਾਨ ਤਾਂ ਨਹੀਂ ਮਿਲੀ।ਉਨ੍ਹਾਂ ਨੇ ਆਪ ਆਮ ਪ੍ਰਚਲਤ ਇਤਿਹਾਸਕਾਰਾਂ ਦੀ ਗਲ ਜੁਰਮਾਨੇ ਵਾਲੀ ਤੇ ਲੰਗਰੋਂ ਅੰਨ ਪਾਣੀ ਦੇਣ ਦੀ ਇਨ੍ਹਾਂ ਇਤਿਹਾਸਿਕ ਲੇਖਕਾਂ ਤੋਂ ਹੀ ਲਈ ਹੈ। ਪਰੰਤੂ ਉਨ੍ਹਾਂ ਦੀ ਰਚਨਾਂ ਦੱਸਦੀ ਹੈ ਕਿ ਓਹ ਇਸ ਵਿਚ ਗੁਰੂ ਸਾਹਿਬ ਦੇ ਪ੍ਰੇਰਕ ਪ੍ਰਯੋਜਨ ਨੂੰ ਸ੍ਵਾਰਥ ਵਿਚ ਟੀਕਾ ਨਹੀਂ ਕਰ ਰਹੇ। ਓਹ ਉਨ੍ਹਾਂ ਦੀ ਰੂਹਾਨੀਯਤ ਦੇ ਵਾਕਫਕਾਰ ਹਨ ਤੇ ਉਨ੍ਹਾਂ ਦੀ ਇਸ ਗਲ ਨੂੰ, ਜਿਸ ਨੂੰ ਓਹ ਠੀਕ

ਫਰਜ਼ ਕਰਕੇ ਟੁਰ ਰਹੇ ਹਨ, ਕਿਸੇ ਰਾਜਸੀ ਸ਼ਖਸੀਅਤ ਦੇ ਪ੍ਰੇਰਕ ਪ੍ਰਯੋਜਨ ਦੀ ਤੁੱਲਤਾ ਨਹੀਂ ਦੇ ਰਹੇ। ਓਹ ਸਮਝ ਰਹੇ ਹਨ ਕਿ ਓਹ ਸਫਾ ਦਿਲ ਵਾਲੇ ਅਪਣੀ ਅਸੂਲ ਪ੍ਰਸਤੀ ਵਿਚ ਟੁਰ ਰਹੇ ਹਨ। ਪਰ ਆਮ ਇਤਿਹਾਸਕਾਰ ਭਾਈ ਸਾਹਿਬ ਜੀ ਦੀ ਲਿਖਤ ਦੇ ਹਾਲ ਪੜ੍ਹਕੇ ਅਪਣੇ ਤਜਰਬੇ ਤੇ ਇਨਸਾਨੀ ਦਿਲਾਂ ਦੀ ਆਮ ਰਗ਼ਬਤ ਮੂਜਬ ਸਮਝੇਗਾ ਕਿ ਐਵੇਂ ਲਿਖ ਦਿੱਤਾ ਹੋਵੇਗਾ। ਪਰ ਸਾਡੀ ਪਿੱਛੇ ਦਿੱਤੀ ਵਿਚਾਰ ਤੇ ਜੋ ਟੂਕ ਅਸਾਂ ਰਾਸ ੪ ਅੰਸੂ ੩੭ ਦੇ ਅੰਤ ਪਰ ਇਸੇ ਮਾਮਲੇ ਦੀ ਖੁੱਲ੍ਹੀ ਖੋਜ ਬਾਬਤ ਦਿੱਤੀ ਹੈ, ਜੇ ਕੋਈ ਇਤਿਹਾਸਕਾਰ ਪੜ੍ਹ ਲਏ ਤਾਂ ਉਸ ਨੂੰ ਪਤਾ ਲਗੇਗਾ ਕਿ ਕਵੀ ਜੀ ਰੂਹਾਨੀ ਸ਼ਖਸੀਅਤ ਦਾ ਇਤਿਹਾਸ ਲਿਖ ਰਹੇ ਹਨ, ਜਿਨ੍ਹਾਂ ਦੇ ਅੰਦਰ ਦੀ ਪ੍ਰੇਰਕ ਸ਼ਕਤੀ ਹਉਂ ਤੇ ਖ਼ੁਦੀ ਦੇ ਨੁਕਤੇ ਤੋਂ ਪ੍ਰੇਰਿਤ ਨਹੀਂ ਹੁੰਦੀ। ਕਵੀ ਜੀ ਨੂੰ ਆਪ ਬੀ ਅੰਦਰਲਾ ਤਜਰਬਾ ਹਾਸਲ ਹੈ, ਉਹ ਜਾਣਦੇ ਸੀ ਕਿ ਰੂਹਾਨੀਅਤ ਨਿਰਾ ਅੰਧ ਵਿਸ਼ਵਾਸ਼ ਨਹੀਂ ਇਹ ਬੀ ਅੰਤ੍ਰਾਤਮੇ ਤਜਰਬਾ ਹੈ। ਆਮ ਤਜਰਬੇ ਦ੍ਰਿਸ਼ਟਮਾਨ ਵਿਚ ਹੁੰਦੇ ਹਨ, ਇਹ ਦ੍ਰਿਸ਼ਟਾ ਪਦ ਵਿਚ ਤਜਰਬੇ ( Subjective Experiences ) ਹਨ। ਪਰ ਆਮ ਲੇਖਕ ਨੂੰ ਯਾਂ ਪਾਠਕ ਨੂੰ ਇਸ ਤਜਰਬੇ ਦਾ ਅਵਸਰ ਘੱਟ ਮਿਲਦਾ ਹੈ ਅਰ ਇਸ ਪਹਿਲੂ ਵਿਚ ਕਵੀ ਜੀ ਨੂੰ ਗੁਰੂ ਜੀ ਦੀ ਲਿਖੀ ਬਾਣੀ ਦੀ ਅੰਦਰਲੀ ਉਗਾਹੀ ਦਾ ਪੂਰਾ ਪੂਰਾ ਪਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਪਣੇ ਲਿਖੇ ਹੋਏ ਵਾਕ ਤੇ ਭਾਈ ਗੁਰਦਾਸ ਜੀ ਦੇ ਲੇਖ ਤੇ ਆਪਣੇ ਸਾਹਮਣੇ ਵਰਤੀਂਦੀ ਉਗਾਹੀ ਉਹਨਾਂ ਦੇ ਪਾਸ ਸੇ, ਉਹਨਾਂ ਦੀ ਉਗਾਹੀ ਕਵੀ ਜੀ ਨੇ ਪੜ੍ਹੀ ਹੈ । ਜਿਨ੍ਹਾਂ ਗਲਾਂ ਦਾ ਕਿ ਆਮ ਇਤਿਹਾਸਕਾਰ ਯਾ ਸਗੋਂ ਸਾਧਾਰਣ ਸਿੱਖ ਪਾਠਕ ਯਾ ਮਾਮੂਲੀ ਨਵੀਨ ਸਿਖ ਇਤਿਹਾਸਕਾਰ ਨੂੰ ਬੀ ਖੋਜਣ ਦਾ ਸ਼ੌਕ ਨਹੀਂ ਹੈ ਤੇ ਜੋ ਕੇਵਲ ਅੰਗ੍ਰੇਜ਼ੀ ਦੇ ਇਤਿਹਾਸ ਦੀ ਸਤਹ ਸਤਹ ਦੀ ਵਾਕਫੀ ਦਾ ਜਾਣੂ ਹੈ।

ਕਵੀ ਜੀ ਦੇ ਇਤਿਹਾਸ ਦਾ ਵਿਗਜਾਨਿਕ ਤੇ ਉਨਰੀ ਪਹਿਲੂ ਦਰਸਾ ਕੇ ਅਸੀਂ ਉਸ ਪ੍ਰਭਾਵ ਵਲ ਥੋੜੀ ਜੇਹੀ ਨਜ਼ਰ ਮਾਰਦੇ ਹਾਂ ਜੋ ਕਿ ਇਸ ਗ੍ਰੰਥ ਦਾ ਆਮ ਜਨਤਾ ਪਰ ਪਿਆ।

## ੫. ਸਰਵ ਪ੍ਰਿਯ ਇਤਿਹਾਸ*।

ਕਵੀ ਜੀ ਦੇ ਇਤਿਹਾਸ ਨੇ ਸਾਨੂੰ ਵਿਗਜਾਨਿਕ ਇਤਿਹਾਸ ਲਈ ਇਕ ਭਾਰੀ ਜ਼ਖੀਰਾ†

*Popular History.

†ਮਾਨੋਂ ਸਾਰੇ ਲੇਖੇ ਪੱਤੇ ਦੀ ਐਸੀ ਵਹੀ ਹੈ ਕਿ ਜਿਸ ਤੋਂ ਹੋਰ ਖੋਜ ਨਾਲ ਮਿਲਾਕੇ ਰੋਕੜ ਤੇ ਖਾਤਾ ਤੇ ਚਿੱਠਾ ਆਦਿ ਤਿਆਰ ਹੋ ਸਕਦੇ ਹਨ। ਫਿਰ ਦੇਖੋ ਕਿ ਆਪਣੇ ਆਪ ਨੂੰ ਕਵੀ ਜੀ ਨੇ ਭੁੱਲਣਹਾਰ ਮੰਨਿਆ ਹੈ ਯਥਾ:—

ਜਹਾਂ ਭੂਲ ਮੋ ਤੇ ਕਛੁ ਹੋਈ। ਸੁਨਿ ਪਠਿ ਕਰੈ ਰੋਸ ਨਹਿਂ ਕੋਈ। ਕ੍ਰਿਪਾ ਧਾਰਿ ਸੋ ਲੇਹੁ
ਬਨਾਏ। ਜਿਉਂ ਸਤਿਗੁਰ ਸਿੱਖਨ ਮਨ ਭਾਏ॥ ੧੦੬॥ ਬਡ਼ੇ ਬਿਲੋਕਹਿਂ ਬਾਲਕ
ਲੀਲ੍ਹਾ। ਅਸਤ ਬਿਅਸਤ ਸੁ ਹੁਇ ਅਨਮੀਲਾ। ਬਚਨ ਸਪਸ਼ਟ ਨ ਆਵਹਿ ਤਾਂਹੀ।
ਹਰਖੈਂ ਸੁਨਤ ਬਿਰਧ ਰਿਸ ਨਾਂਹੀ। ਛੋਟੇ ਲਖਹਿਂ ਕ੍ਰਿਪਾ ਕੋ ਕਰਿਹੀਂ। ਬਡੇ ਜੁ ਹੈਂ ਲੱਛਨ
ਅਸ ਧਰਿਹੀਂ॥ ੧੦੭॥ [ਨਾ: ਪ੍ਰ: ਉ: ਧਿ: ੪੭

ਜਮਾ ਕਰ ਦਿੱਤਾ ਹੈ ਤੇ ਉਨਰੀ ਇਤਿਹਾਸ ਦਾ ਤਾਂ ਇਕ ਉਪਬਨ* ਰਚ ਦਿੱਤਾ ਹੈ। ਆਮ ਜਨਤਾ ਦੇ ਪੜ੍ਹਨ ਵਾਸਤੇ ਤੇ ਉਹਨਾਂ ਨੂੰ ਰਸਮਯ ਅਵਸਥਾ ਦੇਣ ਵਾਸਤੇ ਤੇ ਭੋਲੇ ਭਾ ਸੁਸਿੱਖਜਤ ਕਰੀ ਜਾਣ ਵਾਸਤੇ ਇਕ ਇਤਿਹਾਸ ਚਾਹੀਦਾ ਹੈ, ਉਹ ਕੰਮ ਵਾਕਜਾਤ ਮਾਤ੍ਰ ਦਾ ਗਿਣਵੇਂ ਅੱਖਰਾਂ ਦਾ ਇਤਿਹਾਸ ਨਹੀਂ ਦੇ ਸਕਦਾ, ਉਹ ਕੰਮ ਉਨਰੀ ਇਤਿਹਾਸ ਦਾ ਹੀ ਹੈ ਤੇ ਉਸ ਉਨਰੀ ਇਤਿਹਾਸ ਦਾ ਹੈ ਜੋ ਦਿਲ ਦੇ ਭਾਵ ਤੇ ਪ੍ਰਬੀਨਤਾ ਨਾਲ ਲਿਖਿਆ ਹੋਇਆ ਹੋਵੇ। ਇਹ ਜੋ 'ਆਮ ਜਨਤਾ ਵਿਚ ਸਰਵ ਪ੍ਰਿਯ ਇਤਿਹਾਸ' ਦਾ ਪਹਿਲੂ ਹੈ, ਇਹ ਗੁਰ ਪ੍ਰਤਾਪ ਸੂਰਜ ਨੇ ਬਹੁਤ ਪੂਰਾ ਕੀਤਾ ਹੈ। ਹੁਣ ਥੋੜੀ ਜੇਹੀ ਵੀਚਾਰ ਇਸ ਪੱਖ ਦੀ ਇਸ ਪ੍ਰਕਾਰ ਹੈ:—

ਕਵੀ ਜੀ ਕੇਵਲ ਵਾਕਜਾਤ ਤੇ ਹੋਣੀਆਂ ਨੂੰ ਮੀਤਾਕਜ਼ਰ ਰੂਪ ਵਿਚ ਕਲਮ ਬੰਦ ਨਹੀਂ ਕਰ ਰਹੇ, ਪਰ ਉਹਨਾਂ ਦੇ ਕਲਮ ਬੰਦ ਕਰਨ ਵਿਚ ਕਵਿਤਾ ਦੀ ਸਾਰੀ ਖੂਬਸੂਰਤੀ ਵਰਤ ਰਹੇ ਹਨ, ਮਾਨੋਂ ਕਾਵਜ ਦਾ ਇਕ ਭਾਰੀ ਸਾਹਿਤਜ ਬੀ ਤਿਆਰ ਹੋ ਗਿਆ ਹੈ। ਫਿਰ ਇਸ ਵਿਚ ਜੋ ਇਤਿਹਾਸ ਆਇਆ ਹੈ ਓਹ ਹਾਲਾਤ ਨਿਰੂਪਣ ਦੇ ਨਾਲੋ ਨਾਲ ਐਉਂ ਬੀ ਵਰਣਿਤ ਹੋਇਆ ਹੈ ਕਿ ਉਸ ਦਾ ਅਧਜਾਤਮਿਕ ਪਹਿਲੂ ਬੀ ਆਪਣੇ ਪੂਰੇ ਰੰਗ ਵਿਚ ਚਮਕ ਉਠਿਆ ਹੈ ਤੇ ਉਹ ਇਸ ਢੰਗ ਦਾ ਹੈ ਕਿ ਪਾਠਕ ਦੇ ਜੀਵਨ ਤੇ ਅਸਰ ਕਰਦਾ ਹੈ। ਉਸ ਨੂੰ ਪਾਪਾਂ ਤੋਂ ਸੂਗ ਉਤਪਤ ਹੁੰਦੀ ਹੈ, ਕਮੀਨਾਪਨ ਤੇ ਨੀਵਾਂ ਪਨ ਤੋਂ ਉਦਾਸੀ ਜਾਗਦੀ ਹੈ ਅਤੇ ਉੱਚ ਜੀਵਨ ਵਲ ਉੱਮਲ ਪੈਦਾ ਹੁੰਦੀ ਹੈ। ਉਸ ਦੇ ਅੰਦਰ ਇਕ ਵਟਾਉ ਆਉਂਦਾ ਹੈ ਕਿ ਓਹ ਜੀਵਨ ਦੀ ਕੀਮਤ ਕੇਵਲ ਬਾਹਰਲੇ ਪਦਾਰਥ ਇਕੱਠੇ ਕਰਨ ਵਿਚ ਹੀ ਨਹੀਂ ਸਮਝ ਰਖਦਾ ਸਗੋਂ ਜੀਵਨ ਨੂੰ ਆਪਣੇ ਆਪ ਵਿਚ ਸੁੰਦਰ, ਸ਼ਰੀਫ ਤੇ ਮੁਫੀਦ ਬਣਾਉਣ ਵਿਚ ਉਸ ਨੂੰ 'ਜੀਵਨ ਦੀ ਕੀਮਤ' ਦਿੱਸਣ ਲਗ ਪੈਂਦੀ ਹੈ। ਇਸ ਲਈ ਪਾਪਾਂ ਦੇ ਬੁਰੇ ਫਲ, ਕੇਵਲ ਧਨਾਢ ਹੋਕੇ ਮਾਇਆ ਵਿਚ ਡੁੱਬੇ ਰਹਿਣ ਤੋਂ ਵੈਰਾਗ, ਆਪੇ ਨੂੰ ਸਮਝਣ ਦਾ ਵਿਵੇਕ ਤੇ ਆਪੇ ਨੂੰ ਨਾਮ ਦੀ ਪ੍ਰੀਤ ਵਿਚ ਲਾਕੇ ਸੰਸਾਰ ਦੇ ਕਾਰਨ ਤੇ ਕਰਤਾ ਪਰਮੇਸ਼ੁਰ ਨਾਲ ਮੇਲ ਪ੍ਰਾਪਤ ਕਰਕੇ 'ਸਾਈਂ ਸੰਯੋਗੀ' ਜੀਵਨ ਬਿਤੀਤ ਕਰਨ ਦੀ ਜਾਚ ਦੇ ਆਪੇ ਤੇ ਉਸ ਦੇ ਮੇਲ ਦੀ ਅੰਤਰਗਤਿ ਸੋਝੀ ਦਾ ਰਾਹ ਬੀ ਦਿੱਸਣ ਲਗ ਪੈਂਦਾ ਹੈ। ਸੋ ਐਉਂ ਪਾਠਕਾਂ ਨੂੰ ਇਹ ਗ੍ਰੰਥ ਉਸ ਜੀਵਨ ਵਿਚ ਲੈ ਜਾਂਦਾ ਹੈ ਜੋ ਦਸਾਂ ਪਾਤਸ਼ਾਹੀਆਂ ਨੇ ਦਿੱਤਾ ਸੀ। ਕ੍ਰਿਯਾ ਵਿਚ ਅੱਕ੍ਰੇ ਹੋਣਾ, ਕ੍ਰਿਯਾ ਕਰਨੀ ਤੇ ਫਲਾਂ ਤੋਂ ਉੱਚੇ ਉਠਣਾ, ਨੇਕੀ ਕਰਨੀ ਤੇ ਹੰਕਾਰਨਾ ਨਾ, ਸਿੰਵਾਰਨਾ ਤੇ ਬਫਾਉਣਾ ਨਾ, ਤਿਆਗ ਕਰਕੇ ਸੁਖੀ ਜੰਗਲਾਂ ਵਿਚ ਅਟੰਕ ਨਾ ਜਾ ਵੱਸਣਾ ਪਰ ਜੀਵਨ ਹੋਮਣਾ ਤੇ ਆਪਾ ਵਾਰਨਾ ਜੀਵਨ ਦੀ ਕਸ਼ਮਕਸ਼ ਵਿਚ, ਇਹ ਸਭ ਕੁਝ ਕਰਨਾ ਪਰ ਦਾਨਾਈ ਹੱਥੋਂ ਨਾ ਛੱਡਣੀ। ਹਾਂ, ਤਨ-ਹੰਤਾ ਤਜਾਗਣ ਦੇ ਖਿਆਲ ਵਿਚ ਤੀਰਥਾਂ ਉੱਤੇ ਸੁਤੇ ਪ੍ਰਾਪਤ ਭੋਗਾਂ ਵਿਚ ਨਾ ਜਾ ਵੱਸਣਾ, ਪਰ ਮੈਦਾਨ ਜੰਗ ਵਿਚ ਤਨ ਟੁਕੜੇ ਕਰਾ ਕਰਾ ਕੇ ਤਨ-ਹੰਤਾ ਦਾ ਤਜਾਗ ਦਰਸਾਉਣਾ ਪਰਉਪਕਾਰ

*ਕਵਿ ਜੀ ਨੇ ਰੂਹਾਨੀ ਸ਼ਖਸੀਅਤਾਂ ਦੇ ਇਤਿਹਾਸ ਲਿਖਣ ਵਿਚ ਉਹਨਾਂ ਦੇ ਅੰਤ੍ਰੀਵ ਭਾਵ ਤੇ ਪਰਸੁਆਰਥ ਦੇ ਪ੍ਰੇਰਕ ਪ੍ਰਯੋਜਨਾਂ ਨੂੰ ਸਮਝਕੇ ਐਸਾ ਉਨਰ ਦਿਖਲਾਇਆ ਹੈ ਕਿ ਉਹਨਾਂ ਸ਼ਖਸੀਅਤਾਂ ਦੇ ਗੁਣ ਸੁਭਾਵ ਆਚਰਣ ਤੇ ਸ਼ਕਤੀਆਂ ਮੂਰਤੀਮਾਨ ਹੋ ਗਈਆਂ ਹਨ ਤੇ ਆਪਣਾ ਅਸਰ ਪਾਕੇ ਸੁਸਿੱਖਜਤ ਕਰਦੀਆਂ ਹਨ।

ਦੀ ਖਾਤਰ। ਹਾਂ, ਸ੍ਰੀ ਕਲਗ਼ੀਆਂ ਵਾਲੇ ਦੇ ਆਦਰਸ਼ ਮੂਜਬ ਖਾਲਸਾ ਹੋਣਾ, ਅੰਦਰੋਂ ਜਾਗਦੀ ਜੋਤ ਨਾਲ ਲਗੇ ਹੋਣਾ, ਬਾਹਰੋਂ ਪਰਉਪਕਾਰ ਵਿਚ ਵਸਣਾ; ਏਹ ਤੇ ਹੋਰ ਸਾਰੇ ਗੁਣਾਂ ਦਾ ਉਪਦੇਸ਼ ਇਸ ਗ੍ਰੰਥ ਵਿਚ ਹੈ। ਇਸ ਵਿਚ 'ਇਹ ਕਰੋ, ਇਹ ਮਤ ਕਰੋ' ਦਾ ਨਿਰਾ ਖੁਸ਼ਕ ਤੇ ਬੇਰਸ ਸੰਗ੍ਰਹੁ ਉਪਦੇਸ਼ ਮਾਤ੍ਰ ਦਾ ਨਹੀਂ, ਸਗੋਂ ਇਸ ਵਿਚੋਂ ਕਮਾਲ ਦੇ ਪਵਿੱਤ੍ਰਤਾ ਵਾਲੇ, ਪਿਆਰ ਤੇ ਕੁਰਬਾਨੀਆਂ ਵਾਲੇ ਜੀਵਨਾ ਦੀ ਮਨੋਹਰ ਕਥਾ ਵਿਚ ਪ੍ਰੋਤਾ ਹੋਇਆ ਉਪਦੇਸ਼ ਮਿਲਦਾ ਹੈ, ਜੋ ਰਸਮਯ ਤੇ ਸੁਆਦਲਾ ਹੈ। ਰਸ ਤੇ ਸੁਆਦ ਨਾਲ ਮਨ ਉਮਗਦਾ ਹੈ, ਵੈਰਾਗ ਨਾਲ ਪੰਘਰਦਾ ਹੈ, ਹਮਦਰਦੀ ਨਾਲ ਦ੍ਰਵਦਾ ਹੈ, ਉਸ ਵੇਲੇ ਅਬੋਲ ਮਿੱਠੇ ਮਿੱਠੇ ਅਸਰ ਇਖ਼ਲਾਕੀ ਤੇ ਰੂਹਾਨੀ ਉਪਦੇਸ਼ਾਂ ਦੇ ਅੰਦਰ ਪੈਕੇ ਅੰਕਿਤ ਹੋ ਜਾਂਦੇ ਹਨ। ਇਸ ਉਪਦੇਸ਼ ਤੇ ਸਿਖ੍ਯਾ ਦੇ ਨਾਲ ਕਵਿਤਾ ਦੇ ਦਿਲਕਸ਼ ਸਾਮਾਨ ਮਨ ਨੂੰ ਸੁਆਦ ਤੇ ਰਸ ਵਿਚ ਲੈ ਜਾਂਦੇ ਹਨ। ਇਸ ਕਰਕੇ ਇਹ ਗ੍ਰੰਥ ਸਰਵਪ੍ਰਿਯ ਹੋ ਗਿਆ। ਆਮ ਲੋਕ ਇਸ ਦੀ ਬੋਲੀ ਨੂੰ ਘੱਟ ਸਮਝਦੇ ਸਨ ਪਰ ਕਾਵ੍ਯ ਤੇ ਇਸ ਦੇ ਛੰਦਾਂ ਦੀ ਚਾਲ ਆਪਣਾ ਅਸਰ ਕਰਦੀ ਸੀ ਤੇ ਕਥਾ ਕਰਨ ਵਾਲੇ ਸਮਝਾ ਦੇਣ ਦਾ ਕੰਮ ਸਾਰ ਦੇਂਦੇ ਸਨ। ਇਸ ਕਰਕੇ ਇਹ ਗ੍ਰੰਥ 'ਸਰਵ ਪ੍ਰਿਯ ਇਤਿਹਾਸ' ਝਟ ਪਟ ਬਣ ਗਿਆ। ਲੋਕਾਂ ਪਾਸ ਕਥਾ ਲਈ ਇਕ ਖਜ਼ਾਨਾ ਆ ਗਿਆ। ਗੁਰਦੁਆਰਿਆਂ ਵਿਚ, ਡੇਰਿਆਂ ਵਿਚ, ਸਿੱਖ ਧਰਮਸਾਲਾਂ* ਵਿਚ, ਦੀਵਾਨਾਂ ਵਿਚ ਤੇ ਘਰਾਂ ਵਿਚ ਇਸਦੀ ਕਥਾ ਦਾ ਵਰਤਾਰਾ ਆਨਨ ਫਾਨਨ ਫੈਲ ਗਿਆ ਤੇ ਇਸ ਗ੍ਰੰਥ ਦੇ ਅਨੇਕਾਂ ਉਤਾਰੇ ਕੀਤੇ ਗਏ ਤੇ ਗੁਰਧਾਮਾਂ ਵਿਚ ਸਥਾਪਨ ਹੋ ਗਏ। ਲੌਢੇ ਪਹਿਰ ਨੂੰ ਇਸਦੀ ਕਥਾ ਦਾ ਰਿਵਾਜ ਟੁਰ ਪਿਆ ਤੇ ਨਗਰਾਂ ਤੇ ਪਿੰਡਾਂ ਦੇ ਲੋਕੀਂ ਇਸ ਵੇਲੇ ਕਥਾ ਸੁਣਨ ਗੁਰਧਾਮਾਂ ਵਿਚ ਜਾਂਦੇ ਸੇ। ਇਹ ਰਿਵਾਜ ਸਿੰਘ ਸਭਾ ਦੇ ਜ਼ੋਰ ਪਕੜਨ ਤੇ ਬੀ ਜਾਰੀ ਰਿਹਾ। ਇਥੋਂ ਤਾਈਂ ਇਸ ਗ੍ਰੰਥ ਦੀ ਕਦਰ ਸੀ ਕਿ ਕਈ ਪੁੰਨੀ ਲੋਕ ਆਪਣੇ ਪਾਸ ਸਾਰਾ ਗ੍ਰੰਥ ਲਿਖਵਾਕੇ ਰਖਦੇ ਤੇ ਗਰੀਬ ਪੜ੍ਹਨ ਵਾਲਿਆਂ ਯਾ ਕਥਾ ਕਰਨ ਵਾਲਿਆਂ ਨੂੰ ਇਕ ਇਕ ਪੋਥੀ ਮਾਂਗਵੀ ਦੇਂਦੇ, ਪਾਠਕ ਇਕ ਹਿੱਸਾ (ਰਾਸ ਯਾ ਰੁਤ) ਲੈ ਜਾਂਦਾ ਓਹ ਦੇ ਜਾਂਦਾ ਤੇ ਫੇਰ ਦੂਸਰਾ ਲੈ ਜਾਂਦਾ। ਇਸ ਤਰ੍ਹਾਂ ਸਿੱਖ ਪੰਥ ਵਿਚ ਗੁਰੂ ਸਾਹਿਬਾਂ ਨਾਲ ਪ੍ਰੇਮ ਤੇ ਗੁਰਸਿੱਖੀ ਦੇ ਜੀਵਨ ਵਿਚ ਸ਼ਰਧਾ ਤੇ ਰਹਿਨੁਮਾਈ ਇਸ ਗ੍ਰੰਥ ਵਿਚੋਂ ਪਿਛਲੇ ਸੌ ਕੁ ਬਰਸ ਵਿਚ ਬਹੁਤ ਪ੍ਰਾਪਤ ਹੁੰਦੀ ਰਹੀ ਹੈ।

ਇਸੀ ਤਰ੍ਹਾਂ ਇਸ ਗ੍ਰੰਥ ਦੀ ਕਥਾ ਕਰਨ ਵਾਲੇ ਹਜ਼ਾਰਾਂ ਗਯਾਨੀਆਂ ਨੂੰ ਇਹ ਪੋਥੀ ਰਹਨੁਮਾਈ ਤੇ ਪ੍ਰਚਾਰ ਵਿਚ ਮਦਦਗਾਰ ਰਹੀ ਹੈ। ਤ੍ਯਾਗੀ ਮਹਾਤਮਾਂ ਤਾਂ ਅੰਨ ਬਸਤ੍ਰ ਦੇ ਨਿਰਬਾਹ ਤੇ ਹੀ ਪਰਉਪਕਾਰ ਕਰਦੇ ਹਨ ਪਰ ਜਿਨ੍ਹਾਂ ਦੇ ਗਲੇ ਗ੍ਰਿਹਸਤ ਦਾ ਭਾਰ ਸੀ ਤੇ ਕੁਦਰਤ ਨਾਲ

*ਯਾਦ ਰਹੇ ਕਿ ਧਰਮਸਾਲਾ ਗੁਰੂ ਨਾਨਕ ਦੇਵ ਜੀ ਨੇ ਬਣਾਈ ਸੀ।ਧਰਮਸਾਲਾ ਦਾ ਅਰਥ ਸਿਖ ਗੁਰਦੁਆਰਾ ਹੈ। ਯੂ. ਪੀ. ਵਿਚ ਧਰਮਸਾਲਾ ਨਿਰੀ ਸਰਾਂ ਨੂੰ ਕਹਿੰਦੇ ਹਨ ਪਰ ਭਾਈ ਗੁਰਦਾਸ ਨੇ ਧਰਮਸਾਲ ਗੁਰਧਾਮ ਨੂੰ ਲਿਖਿਆ ਹੈ—ਧਰਮਸਾਲ ਕਰ ਬਹੀਦਾ। [ਵਾ: ੨੬-੨੬

ਪੁਨਾ:—ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ। [ਵਾ: ੧-੨੭

ਪੁ: ਜ: ਸਾਖੀ ਵਿਚ ਬੀ 'ਧਰਮਸਾਲ' ਗੁਰ ਨਾਨਕ ਦੇਵ ਨੇ ਅਰੰਭ ਕੀਤੀ ਦੱਸੀ ਹੈ, ਦੇਖੋ ਸਾਖੀ ੧੩ ਸੱਜਣ ਠਗ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:—'ਮੈ ਬਧੀ ਸਚੁ ਧਰਮਸਾਲ ਹੈ'।

ਉਨ੍ਹਾਂ ਨੂੰ ਧਰਮ ਵਲ ਰੁਚੀ ਤੇ ਪ੍ਰਚਾਰ ਦਾ ਪ੍ਰੇਮ ਸੀ, ਓਹ ਵਿਦਵਾਨ ਬੀ ਇਸ ਗ੍ਰੰਥ ਦੁਆਰਾ ਪ੍ਰਚਾਰ ਕਰਦੇ ਰਹੇ ਹਨ।

ਲੇਖਕਾਂ ਵਿਚੋਂ ਬਾਬਾ ਬਨੇਸ਼ਾ ਸਿੰਘ ਜੀ ਬੇਦੀ ਨੇ 'ਗੁਰ ਨਾਨਕ ਸੂਰਯੋਦੇ' ਏਸੇ ਗ੍ਰੰਥ ਤੋਂ ਵਿਸ਼ੇਸ਼ ਕਰਕੇ ਰਚਿਆ। ਗਜਾਨੀ ਗਿਆਨ ਸਿੰਘ ਜੀ ਨੇ ਤਾਂ ਇੰਨਾਂ ਕੁਛ ਇਸ ਤੋਂ ਲੀਤਾ ਹੈ ਕਿ ਅਪਣੀ ਤਵਾਰੀਖ ਦੇ ਪਹਿਲੇ ਹਿੱਸਿਆਂ ਦਾ ਦੂਸਰਾ ਨਾਮ ਹੀ 'ਵਾਰਤਿਕ ਸੂਰਜ ਪ੍ਰਕਾਸ਼' ਰਖਿਆ ਸੀ। ਪੰਡਿਤ ਤੇ ਗਜਾਨੀ ਭਾਈ ਹਜ਼ਾਰਾ ਸਿੰਘ ਜੀ ਨੇ ਇਸਦਾ ਸੰਖੇਪ ਕਰਕੇ ਛਾਪਣਾ ਸ਼ੁਰੂ ਕੀਤਾ ਸੀ,ਜਿਸਦਾ ਨਾਮ'ਸੂਰਜ ਪ੍ਰਕਾਸ਼ ਚੂਰਣਕਾ' ਰਖਿਆਸੀ।'ਗੁਰ ਪੁਰ ਪ੍ਰਕਾਸ਼' ਬਾਬਾ ਪ੍ਰੇਮਸਿੰਘ ਦਾ ਪੜ੍ਹਿਆਂ ਪਤਾ ਲਗਦਾ ਹੈ ਕਿ ਏਸੇ ਗ੍ਰੰਥ ਦਾ ਉਹ ਗ੍ਰੰਥ ਰਿਣੀ ਹੈ, ਤੇ ਅਕਸਰ ਕਰਕੇ ਹੋਰ ਅਨੇਕਾਂ ਲੇਖਕਾਂ ਨੇ ਛੋਟੇ ਛੋਟੇ ਗ੍ਰੰਥ ਇਸ ਤੋਂ ਰਚੇ। ਖਾਲਸਾ ਟ੍ਰੈਕਟ ਸੁਸਾਇਟੀ ਨੇ ਇਸੇ ਮੂਲ ਤੋਂ ਪ੍ਰਸੰਗ ਲੈਕੇ ਤੇ ਹੋਰ ਖੋਜਾਂ ਨਾਲ ਮਿਲਾਕੇ ਪੰਜਾਬੀ ਸਾਹਿਤਜ ਰਚਿਆ। ਮੇਕਾਲਫ ਨੇ ਹੋਰ ਖੋਜਾਂ ਕੀਤੀਆਂ ਹਨ ਪਰ ਵਿਸ਼ੇਸ਼ ਖ਼ਜ਼ਾਨਾ ਉਸਦਾ ਇਹੋ ਗ੍ਰੰਥ ਹੈ। ਖ਼ੁਰਸ਼ੇਦ ਖਾਲਸਾ ਉਰਦੂ ਬੀ ਇਸੇ ਤੋਂ ਲਿਆ ਗਿਆ ਹੈ। ਖ਼ੁਰਸ਼ੇਦ ਦਾ ਅਰਥ ਬੀ ਸੂਰਜ ਹੈ। ਹੋਰ ਬੈਂਤਾਂ ਆਦਿ ਆਮ ਪ੍ਰਿਯ ਛੰਦਾਂ ਵਿਚ ਲਿਖਣ ਵਾਲੇ ਕਵੀ ਵਿਸ਼ੇਸ਼ ਮਸਾਲਾ ਇਸੇ ਤੋਂ ਲੈਂਦੇ ਰਹੇ ਤੇ ਲੈ ਰਹੇ ਹਨ।

### [ਇਸ ਗ੍ਰੰਥ ਦਾ ਗ਼ਲਤ ਵਰਤਾਉ]

ਇਹ ਪ੍ਰਗਟ ਹੈ ਕਿ ਕਵੀ ਜੀ ਸਿੱਖ ਸਨ। ਇਹ ਗ੍ਰੰਥ ਉਨ੍ਹਾਂ ਨੇ ਸਿੱਖ ਗੁਰੂ ਸਾਹਿਬਾਂ ਦੇ ਜੀਵਨ ਦਾ ਲਿਖਿਆ ਹੈ। ਇਸ ਵਿਚ ਇਖ਼ਲਾਕ, ਧਰਮ, ਰੂਹਾਨੀਅਤ ਤੇ ਦਾਰਸ਼ਨਿਕ ਪਹਿਲੂ ਗੁਰਸਿੱਖੀ ਦਾ ਦਿਖਲਾਇਆ ਹੈ, ਉਪਦੇਸ਼ ਪ੍ਰਗਟ ਕਿ ਵਯੰਗ ਨਾਲ ਸਾਰਾ ਗੁਰਮਤ ਦਾ ਹੈ, ਇਸ ਕਰਕੇ ਇਸਨੂੰ ਗੁਰਮਤ ਦੀ ਕਥਾ ਦਾ ਧ੍ਰੁਵਾ ਥਾਪਿਆ ਗਿਆ ਸੀ। ਇਸ ਪਹਿਲੂ ਵਿਚ ਇਕ ਗੱਲ ਹੋਰ ਨਜ਼ਰ ਮਾਰਨ ਵਾਲੀ ਹੈ ਜੋ ਇਸ ਪ੍ਰਕਾਰ ਹੈ:—

ਇਸ ਗ੍ਰੰਥ ਵਿਚ ਪੌਰਾਣਕ ਕਥਾਵਾਂ, ਯੋਗ ਤੇ ਵੇਦਾਂਤ ਆਦਿ ਦਾਰਸ਼ਨਿਕ ਮਾਮਲੇ ਹੋਣ ਕਰਕੇ ਕਈਕੁ ਗਜਾਨੀਆਂ ਨੇ ਇਸਦੇ ਕਾਰਨਾਂ ਨੂੰ ਨਾ ਸਮਝਕੇ ਤੇ ਕਵੀ ਜੀ ਦੇ ਆਸ਼ੇ ਨੂੰ ਨਾ ਲਖਕੇ ਅਤੇ ਪੂਰਬ ਅਪਰ ਨੂੰ ਨਾ ਮਿਲਾਕੇ, ਅਰਥਾਤ ਜਿਵੇਂ ਹਿਸਾਬੀ ਜਮਾਂ ਖਰਚ ਦੀਆਂ ਰਕਮਾਂ ਮੇਲਕੇ ਬਾਕੀਆਂ ਕੱਢਦਾ ਹੈ ਤਿਵੇਂ ਦੇ ਵਿਤ੍ਰੇਕ ਵਾਲੇ ਤ੍ਰੀਕੇ ਨਾ ਵਰਤਕੇ, ਇਸ ਤੋਂ ਗੁਰਮਤ ਲਈ ਕੁਛ ਹਾਨੀ ਦਾ ਅਸਰ ਬੀ ਲਿਆ ਹੈ। ਓਹ ਇਹ ਕਿ ਉਨ੍ਹਾਂ ਨੇ ਪੌਰਾਣਕ ਕਹਾਣੀਆਂ ਨੂੰ, ਵੇਦਾਂਤ ਦੇ ਕੇਵਲ ਖੁਸ਼ਕ ਦਿਮਾਗੀ ਪਹਿਲੂ ਨੂੰ ਤੇ ਯੋਗ ਦੇ ਹਠ ਦੇ ਪਹਿਲੂ ਨੂੰ ਗੁਰਸਿੱਖੀ ਸਮਝ ਲਿਆ ਤੇ ਗੁਰਸਿੱਖੀ ਨੂੰ ਅਮਲੀ ਜੀਵਨ ਵਾਲਾ ਹਰੀ ਰੰਗ ਨਾਲ ਰੱਤਾ ਤੇ ਪਰਉਪਕਾਰ ਨਾਲ ਰਸਿਆ 'ਕਰਮ ਕਰਤ ਹੋਵੇ ਨਿਹਕਰਮ' ਦੇ ਜੀਵਨ ਵਾਲਾ ਵਰਣਨ ਕਰਨ ਦੇ ਥਾਂ ਨਿਰਾ ਹਿਸਾਬੀ ਤੇ ਖ਼ੁਸ਼ਕ ਦਿਮਾਗੀ ਘੋੜ ਦੌੜ ਦਾ ਮਤ ਬਣਾਕੇ ਕਥਾ ਵਾਰਤਾ ਵਿਚ ਵਰਣਨ ਕੀਤਾ ਹੈ। ਕਵੀ ਜੀ ਨੇ, ਅਸੀਂ ਨਿਸ਼ਚਿਤ ਨਹੀਂ ਕਹਿ ਸਕਦੇ, ਪਰ ਵਿਸ਼ੇਸ਼ ਕਰਕੇ ਇਹ ਸੰਭਵ ਜਾਪਦਾ ਹੈ ਕਿ, ਇਸ ਗ੍ਰੰਥ ਦੇ ਪਾਠਕਾਂ ਨੂੰ ਸੰਸਕ੍ਰਿਤ ਸ਼ਾਸਤ੍ਰਾਂ ਦੇ ਪੜ੍ਹਨ ਦੀ ਲੋੜ ਨਾ ਰਹਿ ਜਾਏ, ਭਗਤੀ, ਯੋਗ ਵੇਦਾਂਤ ਦੇ ਪਦ ਪਦਾਰਥ ਤੇ ਵਿਸ਼ੇ ਚੰਗੀਤਰ੍ਹਾਂ ਦਰਸਾਏ ਹਨ। ਪੌਰਾਣਕ ਕਥਾ ਬੀ ਬਹੁਤ ਪਾਈਆਂ ਹਨ, ਜੋ ਕੇਵਲ ਅਸੂਲਾਂ ਦੇ ਵਰਣਨ ਵਿਚ ਦ੍ਰਿਸ਼ਟਾਂਤ ਦਾ ਕੰਮ ਦੇ ਸਕਦੀਆਂ ਹਨ, ਉਸ ਹਦ

ਤਕ ਕਿ ਜਿਸ ਹਦ ਤਕ ਓਹ ਗੁਰਮਤ ਅਨਕੂਲ ਹਨ। ਇਹ ਬੀ ਪਤਾ ਲਗਦਾ ਹੈ ਕਿ ਏਹ ਸਾਮਾਨ ਕੇਂਥਲ ਦੇ ਦਰਬਾਰੀ ਪੰਡਤਾਂ ਨੇ ਪੁਆਏ ਹਨ*, ਹਰ ਹਾਲ ਏਹ ਸਨ ਤਾਂ ਵਾਕਫੀ ਲਈ ਪਾਠਕਾਂ ਦੀ, ਪਰ ਵਿਤ੍ਰੇਕ ਨਾਲ ਨਾ ਪੜ੍ਹਨ ਕਰਕੇ ਤੇ ਕਵੀ ਜੀ ਦੀ ਮਜਬੂਰੀ ਤੋਂ ਅੱਗਜਾਤ ਹੋਣ ਕਰਕੇ* ਕਈ ਗਜਾਨੀਆਂ ਨੇ ਇਨ੍ਹਾਂ ਨੂੰ ਸਿੱਖੀ ਧਰਮ ਸਮਝ ਲੀਤਾ। ਜਿਹਾ ਕੁ ਭਾਈ ਦਇਆ ਸਿੰਘ ਜੀ ਰੁਤ ਪੰਜਵੀਂ ਅੰਸੂ ੪੧ ਤੋਂ ੪੯ ਦੇ ਅੰਕ ੩੩ ਤਕ ਵੇਦਾਂਤ ਨਿਰੂਪਣ ਕਰਦੇ ਹਨ, ਪਰ ਫੇਰ ਅੰਸੂ ੪੯ ਦੇ ਅੰਕ ੩੩ ਤੋਂ ਅੰਸੂ ੫੦ ਦੇ ਅੰਤ ਤਕ ਗੁਰਸਿੱਖੀ ਦੀ ਕਰਨੀ ਤੇ ਗਜਾਨ ਦਾ ਪਤਾ ਦੇਂਦੇ ਹਨ†। ਕਈ ਗਜਾਨੀ ਇਸ ਨੂੰ ਇਕੋ ਉਪਦੇਸ਼ ਸਮਝਕੇ ਕਥਾ ਕਰ ਜਾਂਦੇ ਹਨ ਤੇ ਸ਼੍ਰੋਤਾ ਜਨ ਫੇਰ ਸਮਝ ਨਹੀਂ ਸਕਦੇ ਕਿ ਫਰਕ ਕਿੱਥੇ ਕੁ ਸੀ। ਹੋਰ ਦੇਖੋ, ਕਵੀ ਜੀ ਕਿਤੇ ਵੇਦਾਂਤ ਜੋਗ ਆਦਿ ਗੱਲਾਂ ਲਿਖਦੇ ਹਨ, ਉਸਦੇ ਨਾਲ ਹੀ ਯਾ ਅੱਗੇ ਪਿੱਛੇ ਗੁਰਸਿਖੀ ਦੇ ਅਸੂਲ 'ਨਾਮ' ਦਾ ਨਿਰੂਪਣ ਕਰਦੇ ਹਨ। ਜੈਸਾ ਕਿ ਸ੍ਰੀ ਗੁ: ਨਾ: ਪ੍ਰ: ਪੂ: ਅਧਜਾ: ੪੮ ਵਿਚ ਹਠ ਜੋਗ ਦਾ ਪ੍ਰਕਾਰ ਦਸਕੇ ਫੇਰ ਭਗਤੀ ਜੋਗ ਦਸਦੇ ਹਨ। ਅੰਕ ੭੮ ਤੇ ਹਠ ਯੋਗ ਮੁਕਦਾ ਹੈ, ੭੯ ਵਿਚ ਹਠ ਜੋਗੀ ਦੀ ਸਮਾਧੀ ਜੋ ਕਾਲਿਕ ਹੈ ਅਰਥਾਤ ਕਿਸੇ ਕਾਲ ਹੈ ਕਿਸੇ ਕਾਲ ਨਹੀਂ, ਉਸ ਨੂੰ ਸਰਬ ਕਾਲਕ ਬਨਾਉਣ ਦਾ ਗੁਰਮਤ ਦਾ ਰਸਤਾ ਦੱਸਦੇ ਹਨ। ਅੱਗੇ ੮੦ ਤੋਂ ਭਗਤੀ ਜੋਗ ਦੇ ਅੰਗ ਦੂਸਰੇ ਜੋਗ ਨਾਲ ਮੇਲ ਮੇਲ ਕੇ ਦਿਖਾਲਦੇ ਹਨ ਤੇ ਇਸ ਵਿਚ ਗੁਰਮਤ ਨਿਰੂਪਣ ਹੋ ਜਾਂਦੀ ਹੈ। ਨਾਮ ਜਪਣ ਦਾ ਸਾਰਾ ਪ੍ਰਕਾਰ ਤੇ ਸ਼ਬਦ ਅਭਜਾਸ ਦੀ ਸਰਬ ਕਾਲਿਕ ਸਮਾਧੀ ਦੱਸੀ ਜਾਂਦੀ ਹੈ ਅਰ ਕਈ ਥਾਈਂ 'ਨਾਮ' ਵਿਹੂਣੇ ਗਜਾਨ ਨੂੰ ਸਾਫ ਤ੍ਰਿਸਕਾਰਦੇ ਹਨ ਜੈਸੇ ਕਿ ਰੁ: ੫ ਅੰਸੂ ੪੯ ਦੇ ਅੰਕ ੩੪, ੩੫, ੩੬, ਵਿਚ ਵਾਚਕ ਗਜਾਨੀ ਦੀ ਨਿਖੇਧੀ ਕੀਤੀ ਹੈ। ਸਮੁੱਚੇ ਤੌਰ ਪਰ 'ਨਾਮ' ਬਾਬਤ ਕਵੀ ਜੀ ਦਾ ਸ਼ੁਭ ਆਸ਼ਯ ਹੇਠ ਲਿਖੀਆਂ ਵੰਨਗੀਆਂ ਤੋਂ ਪ੍ਰਗਟ ਹੋ ਜਾਂਦਾ ਹੈ:—

ਵਾਹਿਗੁਰੂ ਬਰ ਸੁੰਦਰ ਨਾਮੁ। ਸਦਾ ਸਵਾਰੇ ਹਮਰੇ ਕਾਮੁ।
ਇਕ ਅਵਿਲੰਬ ਨਾਮ ਕੋ ਜਾਨਾ। ਕਲੀ ਕਾਲ ਸਮਰੱਥ ਨ ਆਨਾ॥ ੩੫॥
ਸਦਾ ਲੋਕ ਪਰਲੋਕ ਸਹਾਈ। ਲੇਤ ਨਾਮ ਹੀ ਬਿਘਨ ਪਰਾਈ।
ਹਰਹਿ ਕਾਲ ਕਲਿ ਕਲੁਖ ਸਦੂਖਨ। ਨਾਮ ਕਰਜੇ ਜਿਨ ਗ੍ਰੀਵਾ ਭੂਖਨ॥ ੩੬॥
ਬਰਤ, ਨੇਮ, ਜਪ, ਤਪ ਜਗ ਕਰਮੂ। ਨਾਮ ਬਿਨਾ ਬਿਰਥੇ ਸਭਿ ਧਰਮੂ।
ਨਾਮ ਹੀਨ ਭਵ ਸਾਗਰ ਬੀਚੁ। ਜਨਮ ਧਰਹਿ ਉਚੁ ਕਬ ਨੀਚੁ॥ ੩੮॥
ਨਾਮ ਬਿਨਾ ਧ੍ਰਿਗ ਰਾਜ ਸਮਾਜੁ। ਨਾਮ ਹੀਨ ਜਗ ਜੀਵਨ ਲਾਂਜੁ।
ਅਭੇ ਭਵਿਤ ਭੋਗਹਿ ਭਵ ਭੋਗੂ। ਨਾਮ ਬਿਨਾ ਜਾਵਹਿ ਜਮ ਲੋਗੂ॥ ੩੯॥

---

*ਦੇਖੋ ਪ੍ਰਕਰਣ 'ਕਿਸ ਪ੍ਰਭਾਵ ਹੇਠ ਗੁ: ਪ੍ਰ: ਸੂ: ਗ੍ਰੰਥ ਰਚਿਆ ਗਿਆ' ਜੋ ਇਸੇ ਪੋਥੀ ਵਿਚ ਅੱਗੇ ਆਵੇਗਾ।

†ਅੰਸੂ ੫੦ ਦੇ ਉਤੇ ਅਸਾਂ ਨੇ ਸਿਰਨਾਮਾ 'ਗੁਰਮਤਿ ਦਾ ਗਜਾਨ ਨਿਰਣੈ' ਦੇ ਦਿੱਤਾ ਹੈ, ਤਾਕਿ ਸੁਖੈਨਤਾ ਨਾਲ ਸਮਝ ਪੈ ਜਾਵੇ। ਅੰਸੂ ੪੯ ਦੇ ਅੰਕ ੨੬ ਵਿਚ ਆਪ ਨਿਖੇੜਵਾਂ ਵੇਰਵਾ ਕਵੀ ਜੀ ਕਰ ਦੇਂਦੇ ਹਨ ਤੇ ਕਹਿੰਦੇ ਹਨ:— ਸੁਨਹੁ ਖਾਲਸਾ! ਸਤਿਗੁਰ ਮਤਿ ਕੋ।

ਸੁੰਦਰ ਮੰਦਿਰ ਅੰਗਨਾ ਸੇਜਾ। ਅੰਤ ਸਮੇ ਜਮ ਗਹਿ ਕਰ ਲੇ ਜਾ।
ਚਤੁਰੰਗਨਿ ਧੁਜਨੀ ਬਲ ਧਰਨੀ। ਤਿਹ ਛਿਨ ਕਾਹੁ ਨ ਤੇ ਹੁਇ ਕਰਨੀ ॥ ੪੦ ॥
ਗਜ ਬਾਜੀ ਸਜੰਦਨ ਬਹੁ ਰੰਗੇ। ਹੋਤਿ ਕੋਸ਼ ਗਮਨੇ ਪਗ ਨੰਗੇ।
ਸਿਵਕਾ ਡੇਰੇ ਤਜਿ ਕਰਿ ਨਾਨਾ। ਨਾਮ ਬਿਨਾ ਜਮ-ਪੁਰੀ ਪਿਆਨਾ ॥ ੪੧ ॥
ਨਾਮ ਹੀਨ ਅਸ ਸ੍ਵਾਸ ਸਹਿਤ ਹੈ। ਜਿਹ ਬਿਧ ਭਸਰਾ ਫੂਕ ਬਹਿਤ ਹੈ।
ਨਾਮ ਜਪਤ ਸੇ ਵਡੇ ਵਡੇਰੇ। ਤਿਨ ਜਮਦੂਤ ਨ ਆਵਤਿ ਨੇਰੇ ॥ ੪੨ ॥
[ਨਾ: ਪੂ: ਮੁ: ਧਿ: ੧

ਗੁਰ ਕਹਿੰ 'ਸੰਸਾ ਨਹਿੰ ਕਰੋ ਛੁਧਾ ਨਗਨ ਕੋ ਕੋਇ।
ਇਕ ਸੰਸਾ ਮਨ ਰਾਖੀਏ ਬਿਸਰੇ ਨਹਿੰ ਪ੍ਰਭੁ ਸੋਇ' ॥ ੬੦ ॥
[ਨਾ: ਪੁ: ਓ: ਅ: ੩੭

ਕਰਹੁ ਭਗਤਿ ਸਤਿਨਾਮ ਜਪੀਜੈ। ਗੁਰ ਸੇਵਾ ਕੇ ਤਤਪਰ ਥੀਜੈ ॥ ੩੭ ॥
[ਰਾ: ੧੦ ਅੰਸੂ ੨੬

ਮਹਾਂ ਮਹਾਤਮ ਸਿਮਰੇ ਨਾਮ। ਮਨ ਕੋ ਕੀਜਹਿ ਤਹਿੰ ਬਿਸਰਾਮ।
ਸ੍ਵਾਰਥ ਕਿਧੋਂ ਅਕਾਰਥ ਬ੍ਰਿੰਦ। ਫੁਰਹਿੰ ਸਦਾ ਮਨ ਥਿਰ ਨ ਰਹਿੰਦ ॥ ੩੫ ॥
ਸਨੇ ਸਨੇ ਤਿਸ ਕੋ ਅਟਕਾਇ। ਕਰਹੁ ਟਿਕਾਵਨਿ ਕੇਰ ਉਪਾਇ ॥
ਜਿਮ ਜਿਮ ਥਿਰਤਾ ਗਹੈ ਸੁਭਾਊ। ਤਿਮ ਤਿਮ ਨਿਪੁਨ ਕਰਹਿ ਬਿਰਧਾਊ ॥ ੩੬ ॥
ਸਤਿਗੁਰ ਕੇ ਪਗ ਪੰਕਜ ਲਾਵੈ। ਕੈ ਲਿਵ ਨਾਮ ਬਿਖੇ ਅਟਕਾਵੈ।
[ਰਾਸ ੧੧ ਅੰਸੂ ੩੩

ਲਗਜੋ ਹੁਮਾਉ ਪੰਖ ਜਯੋਂ ਸੰਗਾ। ਜਬ ਛੂਟਹਿ ਧਨੁ ਤੇ ਸੁ ਖਤੰਗਾ ॥ ੯ ॥
ਪਰ ਕੇ ਬਲ ਕਰ ਹੋਤਿ ਉੜਾਊ। ਪਹੁੰਚੈ ਸੋ ਜਹਿੰ ਦੇਸ਼ ਹੁਮਾਊ।
ਬਹੁਰ ਨ ਆਇ ਪਰੈ ਕਬਿ ਧਰਨੀ। ਤੈਸੀ ਰੀਤਿ ਨਾਮ ਕੀ ਬਰਨੀ ॥ ੧੦ ॥
ਇਕ ਚਿਤ ਸਿਮਰਹਿ ਜੋ ਦਿਨ ਰਾਤੀ। ਛੁਟੈ ਦੇਹਿ ਤੇ ਹੋਇ ਸੰਗਾਤੀ।
ਜਹਿੰ ਨਾਮੀ ਕੋ ਦੇਸ਼ ਸੁਹਾਵਨ। ਤਹਾਂ ਕਰੈ ਬਿਨ ਬਿਲਮ ਪੁਚਾਵਨ ॥ ੧੧ ॥
ਬਹੁਰ ਨ ਜਗ ਮਹਿੰ ਪਾਵੈ ਦੇਹੀ। ਸੱਤਿਨਾਮ ਕੇ ਭੇਜੁ ਸਨੇਹੀ। [ਨਾ: ਪੂ: ਪੂ: ਧਿ: ੨੪

ਸੱਤਿਨਾਮ ਕੋ ਸਿਮਰਨ ਕਰਨੋ। ਇਹੀ ਜੋਗ ਇਕ ਲਿਵ ਕੋ ਬਰਨੋ ॥ ੩੭ ॥
[ਰੁਤ ੩ ਅੰਸੂ ੨੨

ਮੁਖ ਤੇ ਕੇ ਮਨ ਤੇ ਸਦਾ ਲਿਵ ਨਾਮ ਲਗਾਵੈ।
ਹਾਥਨ ਤੇ ਕਰ ਟਹਿਲ ਕੋ ਸਿਖ ਮੈਤ ਰਿਝਾਵੈ। [ਰੁਤ ੩ ਅੰਸੂ ੪੩ ਅੰਕ ੩੪

ਪਰੰਤੂ ਵਿਤ੍ਰੇਕ ਨਾ ਕਰਕੇ ਪੜ੍ਹਨ ਵਾਲੇ ਨਹੀਂ ਸਮਝਦੇ ਕਿ ਕਵੀ ਜੀ 'ਨਾਮ' ਦੀ ਕਰਨੀ ਨੂੰ ਮੁੱਖਤਾ ਦੇ ਰਹੇ ਹਨ। ਓਹ ਕੇਵਲ ਵੇਦਾਂਤ ਦੇ ਪਦਾਰਥ ਵੇਖਕੇ 'ਵਾਚਜ ਗਜਾਨ' ਨੂੰ ਗਜਾਨ ਸਮਝਕੇ 'ਵਿਚਾਰ ਸਾਗਰ' ਆਦਿ ਗ੍ਰੰਥਾਂ ਦੀ ਨਿਰੀ ਦਿਮਾਗ਼ੀ ਵਾਕਫੀ ਪ੍ਰਾਪਤ ਕਰਕੇ ਉਸਦੀ ਕਥਨੀ ਮਾਤ੍ਰ ਨੂੰ ਗੁਰਸਿੱਖੀ ਨਾਲ ਅਭੇਦ ਵਰਣਨ ਕਰਦੇ ਰਹੇ ਹਨ। ਫਿਰ ਇਹੋ ਅਸਰ ਪਾਠਕਾਂ ਤੇ ਪੈਂਦਾ ਰਿਹਾ ਹੈ ਤੇ ਐਉਂ ਸਿੱਖੀ ਦੇ ਆਦਰਸ਼ਾਂ ਵਿਚ ਕੁਛ ਕੁਛ ਰਲਾ ਪੈਂਦਾ ਰਿਹਾ ਹੈ। ਕੁਛ

ਫਾਰਸੀ ਦੀ ਸਮਝ ਵਾਲੇ ਸੂਫੀ ਮਤ ਦੇ ਆਸ਼ੇ ਤੇ ਪ੍ਰਸੰਗਾਂ ਨੂੰ ਕਥਾ ਵਿਚ ਰਲਾਉਂਦੇ ਰਹੇ ਹਨ। ਪਿਛਲੇ ਸੌ ਕੁ ਬਰਸ ਵਿਚ ਸੂਫੀ ਖ਼ਯਾਲ ਤੇ ਨਿਰੇ ਵਾਚਜ ਗਜਾਨ ਨੂੰ ਤੇ ਵੇਦਾਂਤ ਦੇ ਰੁਕਨਾਂ ਨੂੰ ਗਿਣ ਸਕਣਾ, ਕਈ ਲੋਕ ਗੁਰਸਿੱਖੀ ਸਮਝਦੇ ਰਹੇ ਹਨ। ਕਈਗਜਾਨੀ ਆਪ ਆਜ਼ਾਦੀਆਂ ਲੈਕੇ ਕੋਲੋਂ ਬਹੁਤ ਕਛ ਪਾਉਂਦੇ ਰਹੇ ਹਨ। ਇਹ ਗ਼ਲਤ ਵਰਤਾਉ ਕਵੀ ਜੀ ਦੇ ਆਸ਼ਯ ਨੂੰ ਵਿੱਤ੍ਰੇਕ ਨਾਲ ਨਾਂ ਸਮਝਕੇ ਹੁੰਦਾ ਰਿਹਾ ਹੈ। ਕਵੀ ਜੀ ਨੇ ਕਈ ਥਾਈਂ ਅਸੂਲ ਦਰਸਾ ਦਿੱਤਾ ਹੈ, ਜੈਸਾ ਕਿ ਦੂਸਰੇ ਪਾਤਸ਼ਾਹ ਨੇ ਜੋਤੀ ਜੋਤਿ ਸਮਾਉਣ ਸਮੇਂ ਹੁਕਮ ਦਿੱਤਾ ਕਿ ਮੇਰੀ ਲੌਕਿਕ ਤੇ ਸ਼ਾਸਤ੍ਰਿਕ ਮਿਰਯਾਦਾ ਕੋਈ ਨਹੀਂ ਕਰਨੀ।

ਸੁਨਿ ਸ੍ਰੀ ਸਤਿਗੁਰ ਵਾਕ ਉਚਾਰੇ। 'ਜਗ ਅਰ ਕੁਲ ਕੇ ਜਿਤਿਕ ਅਚਾਰੇ।
ਹਮਰੇ ਹੇਤ ਨਹੀਂ ਕਛੁ ਕਰਨਾ। ਕੀਰਤਿ ਪਠਿ ਸੁਨਿ ਨਾਮ ਸਿਮਰਨਾ॥ ੧੨॥
ਕਰਹੁ ਅਨੰਦ ਮੰਗਲਾ-ਚਾਰਾ। ਦੇਹੁ ਸਰੀਰ ਅਗਨਿ ਸਸਕਾਰਾ।' [ਰਾ: ੧ ਅੰਸੂ ੨੯

ਫਿਰ ਬੀ ਦੇਖੋ ਗਜਾਨੀ ਨੇ ਨਾਂ ਸਮਝ ਲਿਆ ਕਿ ਜਦ ਮੁੱਢ ਬੱਝ ਗਿਆ ਹੈ ਤਾਂ ਹੁਣ ਅੱਗੋਂ ਇਸਦੇ ਉਲਟ ਕੀਕੂੰ ਹੋਵੇਗਾ। ਜੇ ਕਿਤੇ ਕਵੀ ਜੀ ਨੇ ਉਲਟ ਲਿਖਿਆ ਤਾਂ ਉਹ ਕਿਸੇ ਮਜਬੂਰੀ ਕਰਕੇ ਹੈ ਯਾ ਉਹ ਆਖੇਪਕ ਹੈ, ਪੜਤਾਲ ਤਾਂ ਕਰੀਏ। ਐਸੀ ਖੇਚਲ ਵਿਤ੍ਰੇਕਤਾ ਨਾਲ ਨਾ ਕਰਨ ਕਰਕੇ ਇਕ ਅਜੀਬ ਜਿਹਾ ਉਪਦੇਸ਼ ਹੁੰਦਾ ਰਿਹਾ ਹੈ। ਕਵੀ ਜੀ ਅਨੇਕਾਂ ਥਾਈਂ ਸ਼ਾਰਦਾ ਆਦਿ ਨੂੰ ਗੁਰੂ ਜੀ ਦੇ ਉਪਾਸਕ ਦੱਸਦੇ ਹਨ ਪਰ ਫੇਰ ਦੇਵੀ ਪੂਜਨ ਤੇ ਆਕੇ ਵਿਦਵਾਨ ਜਮਾਂ ਤੇ ਨਾਉਂ ਦੀਆਂ ਰਕਮਾਂ ਨੂੰ ਮੇਲਕੇ ਬਾਕੀ ਨਹੀਂ ਕੱਢਦੇ ਰਹੇ।

ਜਦੋਂ ਸੰਮਤ ੪੦੪ ਗੁ: ਨਾ: ਸ਼ਾ: ਤੋਂ ਪੰਥ ਵਿਚ ਨਿਰੋਲਤਾ ਦੀ ਰੌ ਟੁਰੀ ਤਾਂ ਪਹਿਲੋਂ ਤਾਂ ਇਸ ਗ੍ਰੰਥ ਤੋਂ ਸਹਾਇਤਾ ਲਈ ਗਈ ਤੇ ਇਸੇ ਸਹਿਲ ਪ੍ਰਾਪਤ ਖਜ਼ਾਨੇ ਤੋਂ ਪ੍ਰਸੰਗ ਤੇ ਵਾਰਤਾ ਲੈਕੇ ਪ੍ਰਚਾਰ ਹੋਏ, ਪਰ ਜਦ ਇਸ ਵਿਚ ਅਵਾਂਛਿਤ ਪਦਾਰਥਾਂ ਦੇ ਸਾਮਾਨ ਦੇਖੇ ਤਾਂ ਕਿਸੇ ਨੇ ਮਿਹਨਤ ਕਰਕੇ ਦੂਜੇ ਪਾਸਿਓਂ ਵਿਤ੍ਰੇਕ ਦੇ ਚਾਨਣੇ ਵਿਚ ਨਾਂ ਵੇਖਿਆ, ਤਾਂ ਇਸ ਵੱਲੋਂ ਸਮੁੱਚੀ ਅਰੁਚੀ ਹੋਣ ਲਗ ਪਈ ਤੇ ਹੋ ਗਈ, ਸਗੋਂ ਕਿਸੇ ਕਿਸੇ ਸਿੰਘ ਸਭਾ ਦੇ ਖਯਾਲ ਵਾਲੇ ਆਦਮੀਆਂ ਤੋਂ ਤਾਂ ਕਿਸੇ ਕਿਸੇ ਥਾਵੇਂ ਇਸਨੂੰ ਕੋਸਿਆ ਤੇ ਤ੍ਰਿਸਕਾਰਿਆ ਬੀ ਜਾਣ ਲਗ ਪਿਆ ਮਸਲਨ 'ਵਾਕ' ਨੂੰ ਦੇਵੀ ਸਮਝਕੇ ਆਵਾਹਨ ਕਰਨਾ ਕਵੀ ਜੀ ਦੀ ਅੰਨਜ ਦੇਵਤਾ ਵਿਚ ਇਸ਼ਟਪਤੀ ਸਮਝੀ ਗਈ। ਪਰ ਕਿਸੇ ਨਾਂ ਸੋਚਿਆ ਕਿ ਇਹ 'ਵਾਕ' ਨੂੰ ਤਾਂ 'ਮਯੂਜ਼' ਕਹਿਕੇ ਈਸਾਈਆਂ ਦੇ ਪ੍ਰਾਟੇਸਟੇਂਟ ਕਵੀਆਂ ਬੀ ਆਵਾਹਨ ਕੀਤਾ ਹੈ। ਇਹ ਇਸ਼ਟਪਤੀ ਨਹੀਂ ਹੈ, ਇਹ ਕਵੀਆਂ ਦੀ ਇਕ ਰੀਤੀ ਹੈ। ਚਾਹੇ ਚੰਗਾ ਹੋਂਦਾ ਕਿ ਕਵੀ ਜੀ ਇਹ ਨਾਂ ਕਰਦੇ, ਪਰ ਉਨ੍ਹਾਂ ਦਾ ਐਸਾ ਕਰਨਾ ਇਕ ਕਵੀਆਂ ਦੀ ਸੰਕੇਤ ਕੀਤੀ ਹੋਈ ਰੀਤੀ ਹੈ ਨਾਂ ਕਿ ਉਨ੍ਹਾਂ ਦੀ ਅਪਣੀ ਇਸ਼ਟਪਤੀ*, ਕਿਉਂਕਿ ਕਵੀ ਜੀ ਤਾਂ ਸਾਫ ਕਹਿ ਰਹੇ ਹਨ:—

ਅਬਿ ਆਨ ਕੀ ਆਸ ਨਿਰਾਸ ਭਈ ਕਲਗੀਧਰ ਬਾਸ ਕੀਯੋ ਮਨ ਮਾਂਹੀ।
[ਨਾ: ਪ੍ਰ: ਪੂ: ਧਿ: ੧–੩੦.

---

*ਇਸ ਵਿਸ਼ਯ ਤੇ ਵੇਖੋ ਪੋਥੀ ਦਾ 'ਕਵੀ ਜੀ ਦੀ ਇਸ਼ਟਪਤੀ' ਵਾਲਾ ਲੇਖ ਤੇ ਰੁਤ ੩ ਅੰਸੂ ੨੧ ਦੇ ਅੰਤ ਦੀ ਟੂਕ ਤੇ ਰਾਸ ੧ ਅੰਸੂ ੧ ਅੰਕ ੨੦ ਤੋਂ ੨੭ ਦਾ ਭਾਵ।

ਗੋਬਿੰਦ ਸਿੰਘ ਗੁਰੂ ਗਤਿਦਾਯਕ! ਆਨ ਕੀ ਆਸ ਨਹੀ ਮਨ ਰਾਈ।
[ਨਾ: ਪ੍ਰ: ਪੂ: ਧਿ: ੧–੨੫

ਕਿੰਕਰ ਉਤਾਰਿ ਪਾਰ ਦੀਜੀਏ ਦੀਦਾਰ ਨਿਜ ਲਾਗੀ ਤੇਰੇ ਨਾਮ ਤਾਰ ਛੋਰੀ
ਆਸ ਹੋਰੀਆ। ਪਰਜੇ ਦਰਬਾਰ ਸੱਭੇ ਥਾਂਵ ਨਿਰਧਾਰ ਕਰਿ ਮੋਖ ਕੇ ਉਦਾਰ
ਤੁਮ ਨਮੋ ਕਰ ਜੋਰੀਆ ॥ ੩੨ ॥ [ਨਾ ਪ੍ਰ: ਪੂ: ਧਿ: ੧

ਇਸ ਲਈ ਏਹ ਗਲਾਂ ਇਸ ਗ੍ਰੰਥ ਵਿਚ ਅਸਾਂ ਦਰਸਾ ਦੇਣ ਦਾ ਜਤਨ ਕੀਤਾ ਹੈ ਕਿ ਕਵੀ ਜੀ ਦਾ ਇਸ਼ਟ ਨਿਰੋਲ ਸਿੱਖੀ ਹੈ। ਕਵੀ 'ਨਾਮ' ਦਾ ਉਪਾਸਿਕ ਹੈ, ਕਵੀ ਸੱਚਾ ਖਾਲਸਾ ਕਲਗੀਧਰ ਜੀ ਦਾ ਅਨਿੰਨ ਭਗਤ ਹੈ, ਕਵੀ ਨੇ ਅਪਣੀਆਂ ਕਾਕੀਆਂ ਦੇ ਵਿਆਹ ਆਪ ਅਰਦਾਸਾ ਸੋਧਕੇ ਕੀਤੇ ਸਨ ਤੇ ਸ਼ਗਨ ਮਹੂਰਤਾਂ ਦੇ ਵਿਰੁੱਧ ਆਪ ਲਿਖਿਆ ਹੈ। ਹੁਣ ਜੇ ਇਸ ਵਿਵੇਕ ਨਾਲ ਅਰ ਜਗਾ ਜਗਾ ਦਿੱਤੀਆਂ ਟਿੱਪਣੀਆਂ ਦੇ ਚਾਨਣੇ ਵਿਚ ਇਸ ਨੂੰ ਪੜ੍ਹਿਆ ਜਾਏ ਤਾਂ ਸਿੱਖੀ ਜੀਵਨ ਦਾ ਉਪਦੇਸ਼ ਮਿਲੇਗਾ। ਕਵੀ ਜੀ ਦੇ ਦਿੱਤੇ ਪੌਰਾਣਕ ਪ੍ਰਸੰਗ ਕੇਵਲ ਵਾਕਫੀ ਲਈ ਤੇ ਦ੍ਰਿਸ਼ਟਾਂਤ ਮਾਤ੍ਰ ਦਿੱਸ ਪੈਣਗੇ ਤੇ ਓਹ ਜ਼ਰੂਰੀ ਨਹੀਂ ਕਿ ਹਰ ਹਾਲ ਵਿਚ ਗੁਰਸਿੱਖੀ ਦੇ ਆਦਰਸ਼ ਹੋਣ। ਕਈ ਵੇਰ ਦ੍ਰਿਸ਼ਟਾਂਤ ਲਈ ਆਮ ਜਨਤਾ ਵਿਚ ਜੋ ਪ੍ਰਸੰਗ ਪ੍ਰਵਿਰਤ ਹੋਣ ਲੈ ਲਈਦੇ ਹਨ ਜੋ ਪਾਠਕਾਂ ਦੀ ਸਮਝ ਗਲ ਛੇਤੀ ਪੈ ਜਾਵੇ। ਮਸਲਨ ਜੋ ਸੱਤਜ ਨਿਰੂਪਣ ਕਰਦਿਆਂ ਹਰੀ ਚੰਦ ਦੀ ਕਿਸੇ ਜੀਵਨ ਘਟਨਾਂ ਦੀ ਮਿਸਾਲ ਦਿੱਤੀ ਜਾਵੇ ਤਾਂ ਓਹ ਸੱਤਜ ਪਰ ਦ੍ਰਿੜਤਾ ਦਾ ਦ੍ਰਿਸ਼ਟਾਂਤ ਮਾਤ੍ਰ ਹੁੰਦੀ ਹੈ, ਹਰੀਚੰਦ ਦੇ ਸਾਰੇ ਆਚਰਣ, ਆਦਰਸ਼ ਤੇ ਇਤਿਹਾਸ ਦੀ ਸਾਰੀ ਜ਼ਿੰਮੇਵਾਰੀ ਵਕਤਾ ਯਾ ਲੇਖਕ ਨਹੀਂ ਲੈ ਲੇਂਦਾ।

ਇਸ ਪ੍ਰਕਾਰ ਇਸ ਵਿਸ਼ੇ ਨੂੰ ਇੱਥੇ ਮੁਕਾਕੇ ਅਸੀਂ ਹੁਣ ਕਵੀ ਜੀ ਦੇ ਅਪਣੇ ਜੀਵਨ ਸੰਬੰਧੀ ਜੋ ਕੁਛ ਲੱਭ ਸਕਿਆ ਹੈ ਉਹ ਤੇ ਉਨ੍ਹਾਂ ਦੀ ਰਚਨਾਂ ਸੰਬੰਧੀ ਕੁਛ ਵਜਾਖਯਾ ਲਿਖਣੇ ਦਾ ਜਤਨ ਕਰਾਂਗੇ ਜਿਸਦੇ ਪੜ੍ਹਨ ਤੋਂ ਪਾਠਕਾਂ ਨੂੰ ਕਵੀ ਜੀ ਦੇ ਹਾਲਾਤ, ਖਯਾਲਾਤ ਤੇ ਕਿਨ੍ਹਾਂ ਹਾਲਤਾਂ ਵਿਚ ਉਨ੍ਹਾਂ ਨੇ ਕੰਮ ਕੀਤਾ, ਇਨ੍ਹਾਂ ਗਲਾਂ ਦਾ ਪਤਾ ਲੱਗੇਗਾ ਤੇ ਇਸ ਤੇ ਇਸ ਗ੍ਰੰਥ ਦੇ ਆਸ਼ਯ ਸਮਝਣ ਵਿਚ ਸਹਾਇਤਾ ਮਿਲੇਗੀ।

## ਕਵਿ ਜੀ ਦੀ ਜੀਵਨ-ਕਥਾ ਸੰਬੰਧੀ ਦੋ ਇਕ ਗੱਲਾਂ।

ਕਵੀ ਸੰਤੋਖ ਸਿੰਘ ਜੀ ਦੀ ਜੀਵਨੀ ਦੀ ਖੋਜ ਕਰਨ ਲੱਗਿਆਂ ਬੜੀਆਂ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਆਪਦਾ ਅਪਣਾ ਲਿਖਿਆ ਜੀਵਨ ਕੋਈ ਨਹੀਂ ਮਿਲਦਾ। ਆਪਣੇ ਦੇਸ਼ ਵਿਚ ਇਹ ਰਿਵਾਜ ਹੀ ਘੱਟ ਸੀ ਤੇ ਸਿੱਖ ਬਜ਼ੁਰਗ ਤਾਂ ਬੜੀਆਂ ਬੜੀਆਂ ਘਾਲਾਂ, ਕੁਰਬਾਨੀਆਂ ਤੇ ਆਪਾ ਵਾਰ ਕੰਮ ਕਰ ਕਰਕੇ ਆਪੇ ਨੂੰ ਉਹਲੇ ਹੀ ਰੱਖਣਾ ਪਸੰਦ ਕਰਿਆ ਕਰਦੇ ਸਨ। ਉਨ੍ਹਾਂ ਦੇ ਕਾਰਨਾਮੇ ਪੰਥਕ ਲਾਭ ਨੂੰ ਵਾਧਾ ਕਰ ਜਾਂਦੇ ਸਨ, ਪਰ ਉਹਨਾਂ ਦੀ ਸ਼ਖਸੀਅਤ ਆਪਾ ਜਨਾਉਣ ਦੇ ਥੜ੍ਹਿਆਂ ਤੇ ਚੜ੍ਹਕੇ ਦਰਸ਼ਨ ਨਹੀਂ ਦਿਆ ਕਰਦੀ ਸੀ।

ਦੂਸਰੇ ਕਿਸੇ ਹੋਰਸ ਦੀ ਉਨ੍ਹਾਂ ਬਾਬਤ ਲਿਖੀ ਹੋਈ ਜੀਵਨੀ।–ਇਸਦਾ ਬੀ ਰਿਵਾਜ ਘੱਟ

ਸੀ, ਤੇ ਜੇ ਕੋਈ ਲਿਖਦਾ ਸੀ ਤਾਂ ਕਿੱਸੇ ਦੀ ਸ਼ਕਲ ਵਿਚ। ਦੋ ਇਕ ਪ੍ਰਸੰਗ ਯਾ ਮਾਂ ਪਿਉ ਦਾ ਨਾਮ, ਕੋਈ ਜਨਮ ਚਲਾਣੇ ਦੀ ਤਿੱਥ ਨਜ਼ਮ ਵਿਚ ਲਿਖੀ,ਬਾਕੀ ਮਹਿਮਾ ਤੇ ਇਕ ਦੋ ਅਲੌਕਿਕ ਕੌਤਕ ਲਿਖਕੇ ਬੱਸ ਕਰ ਦੇਂਦਾ ਸੀ, ਉਹ ਬੀ ਕਵਿਤਾ ਵਿਚ। ਐਸੀ ਸ਼ੈ ਬੀ ਹੱਥ ਨਹੀਂ ਆ ਸਕੀ।

ਸੋ ਆਪ ਦੇ ਜੀਵਨ ਹਾਲਾਤ ਲੱਭਣ ਲੱਗਿਆਂ ਕਿਤੋਂ ਬੁੱਕ ਭਰਵਾਂ ਸਾਮਾਨ ਨਹੀਂ ਮਿਲਦਾ। ਫੇਰ ਬਾਕੀ ਰਹਿ ਜਾਂਦੀ ਹੈ ਪੜਤਾਲ ਖੋਜ ਤੇ ਇਸ ਵਿਚ ਤਹੱਦਦ।

ਇਸ ਪਹਿਲੂ ਵਿਚ ਅਸਾਂ ਸਭ ਤੋਂ ਨਿਸ਼ਚਿਤ ਬਾਤ ਉਨ੍ਹਾਂ ਦੀਆਂ ਆਪਣੇ ਜੀਵਨ ਬਾਬਤ ਆਪ ਲਿਖੀਆਂ ਲਿਖਤਾਂ ਨੂੰ ਸਮਝਿਆ ਹੈ। ਏਹ ਕੋਈ ਜੀਵਨ ਚਰਿਤ੍ਰ ਨਹੀਂ ਹਨ, ਪਰ ਜੀਵਨ ਬਾਬਤ ਟੂਕਾਂ ਜੋ ਇਧਰ ਉਧਰ ਰਚਨਾਂ ਵਿਚ, ਕਿਧਰੇ ਖਿਆਲ ਨਾਲ ਯਾ ਬੇਖਿਆਲੇ, ਪੈ ਗਈਆਂ ਹਨ। ਇਨ੍ਹਾਂ ਦੀ ਪੜਤਾਲ ਜਿੱਥੋਂ ਤਕ ਹੋ ਸਕਦੀ ਹੈ ਕਰਕੇ ਉਨ੍ਹਾਂ ਨੂੰ ਸੰਕਲਿਤ ਕਰ ਲਿਆ ਹੈ ਅਤੇ ਉਨ੍ਹਾਂ ਤੋਂ ਨਿਕਲਦੇ ਸਿੱਧਾਂਤ ਕੱਢਕੇ ਥਾਂ ਥਾਂ ਟਿਕਾ ਦਿੱਤੇ ਹਨ।

ਦੂਸਰੇ, ਗ੍ਰੰਥਾਂ ਕਿਤਾਬਾਂ ਵਿਚੋਂ ਜੋ ਕੁਛ ਸਿੱਧਾ ਯਾ ਪਰਤਵਾਂ ਕਵੀ ਜੀ ਦੇ ਜੀਵਨ ਨਾਲ ਸੰਬੰਧ ਰੱਖਣ ਵਾਲਾ ਮਸਾਲਾ ਮਿਲ ਸਕਿਆ ਹੈ, ਆਪਣੀਆਂ ਸੰਚਿਤ ਪੁਸਤਕਾਂ ਯਾ ਹੋਰਨਾਂ ਟਿਕਾਣਿਆਂ ਤੋਂ, ਲੈ ਲਭ ਕੇ ਚੁਣ ਲਿਆ ਹੈ।

ਤੀਸਰੇ, ਆਪਦੇ ਵੰਸ਼ਜਾਂ ਤੋਂ ਜੋ ਕੁਛ ਲੱਭ ਸਕਿਆ ਹੈ ਜਤਨ ਕੀਤਾ ਹੈ ਕਿ ਉਹ ਪਰਸਪਰ ਟਾਕਰੇ ਕਰਕੇ ਸੋਧਕੇ ਥਾਂ ਸਿਰ ਆ ਜਾਵ।

ਚੌਥੇ ਹੈ ਟਿਕਾਣਿਆਂ ਦੀ ਸਥਾਨਕ ਖੋਜ। ਉਸਦੇ ਕਰਨ ਦਾ ਵੀ ਪ੍ਰਬੰਧ ਕੀਤਾ ਗਿਆ। ਨੂਰ ਦੀ ਸਰਾਂ ਤੋਂ ਲੈ ਬੂੜੀਏ, ਪਟਿਆਲੇ, ਕੈਂਥਲ, ਨਾਭੇ, ਕੁਰਛੇਤ੍ਰ, ਹਰਿਦ੍ਵਾਰ, ਲੁਦਿਹਾਣੇ, ਬਾਵੀ ਮਾਜਰੇ, ਬੁਡਲਾਡੇ, ਅੰਬਾਲੇ, ਜਗਾਧਰੀ, ਧਮਧਾਨ, ਆਦਿਕ ਹੋਰ ਅਨੇਕਾਂ ਥਾਈਂ ਭਾਲ ਕਰਦਿਆਂ ਇਤਨਾ ਕੁ ਸਫਰ ਹੋਇਆ ਹੈ ਕਿ ਓਹ ਦੋ ਹਜ਼ਾਰ ਮੀਲ ਤੋਂ ਉੱਪਰ ਹੈ। ਇਸ ਤਰ੍ਹਾਂ ਜੋ ਕੁਛ ਲੱਭਾ ਹੈ, ਕਵਿ ਜੀਵਨੀ ਦੀ ਸੰਗਲੀ ਵਿਚ ਪ੍ਰੋ ਦਿੱਤਾ ਹੈ।

ਸਚਖੰਡ ਵਾਸੀ ਸ੍ਰੀ ਪੂਜਜ ਪਿਤਾ,ਸ਼੍ਰੀ ਮਾਨ ਡਾਕਟਰ ਚਰਨ ਸਿੰਘ ਜੀ,ਆਪਣੇ ਸਮੇਂ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਪੰਡਤ ਤੇ ਇਸਨੂੰ ਪੜ੍ਹਾਉਣ ਵਿਚ ਯਕਤਾ ਉਸਤਾਦ ਮੰਨੇ ਜਾਂਦੇ ਸਨ। ਆਪ ਜੀ ਤੋਂ ਅਨੇਕਾਂ ਸਾਧੂ,ਵਿਰਕਤ, ਗ੍ਯਾਨੀ ਤੇ ਗ੍ਰਿਹਸਤੀਆਂ ਨੇ ਇਹ ਗ੍ਰੰਥ ਪੜ੍ਹਿਆ।ਜੋ ਪ੍ਰਸੰਗ ਉਨ੍ਹਾਂ ਨੂੰ ਯਾਦ ਸੇ ਯਾ ਹੋਰ ਗ੍ਯਾਨੀਆਂ ਤੋਂ ਸੁਣੇ ਸਨ, ਉਹ ਸਨ ਤਾਂ ਥੋੜੇ, ਪਰ ਉਨ੍ਹਾਂ ਨੂੰ ਬੀ ਨਵੀਂ ਖੋਜ ਨਾਲ ਮੇਲਕੇ ਇਸ ਜੀਵਨੀ ਦੇ ਗੁਲਦਸਤੇ ਵਿਚ ਗੁੰਦ ਦਿੱਤਾ ਹੈ।

ਸ੍ਰੀ ਅੰਮ੍ਰਿਤਸਰ
ਸਾਵਣ ੪੬੫ ਗੁ: ਨਾ: ਸਾ:, ੧੯੯੧ ਬਿ:
ਅਗਸਤ ੧੯੩੪ਈ:

ਸੰਪਾਦਿਕ

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ੩. ਕਵਿ ਸੰਤੋਖ ਸਿੰਘ ਜੀ ਦਾ ਜੀਵਨ।

## ੧. ਜਨਮ ਭੂਮਿ।

ਕਵੀ ਜੀ ਨੇ ਸ੍ਰੀ ਗੁਰ ਨਾਨਕ ਪ੍ਰਕਾਸ਼ ਉਤ੍ਰਾਰਧ ਅਧਯਾਯ ੫੭ ਵਿਚ ਲਿਖਿਆ ਹੈ:—

ਤਿਹ ਤੀਰ ਬੂਰੀਆ ਨਗਰ ਇਕ ਕਵਿ ਨਿਕੇਤ ਲਖੀਏ ਤਹਾਂ ॥


ਇਸਤੋਂ ਸ਼ੁਰੂਸ਼ੁਰੂ ਵਿਚ ਗਿਆਨੀ ਤੇ ਵਿਦਵਾਨ ਲੋਕ ਕਵੀ ਜੀ ਦਾ ਵਤਨ ਤੇ ਜਨਮ ਭੂਮੀ ਬੂੜੀਆ ਹੀ ਸਮਝਦੇ ਰਹੇ। ਇਹ ਟਿਕਾਣਾ ਜਗਾਧਾਰੀ ਸਟੇਸ਼ਨ ਤੋਂ ਛੇ ਕੁ ਮੀਲ ਦੀ ਵਿੱਥ ਤੇ ਜਮਨਾ-ਪ੍ਰਵਾਹ ਵਾਲੇ ਪਾਸੇ ਹੈ। ਇਹ ਖਿਆਲ ਵੀ ਗਿਆਨੀਆਂ ਗੁਣੀਆਂ ਵਿਚ ਰਿਹਾ ਹੈ ਕਿ ਆਪਦਾ ਜਨਮ ਅੰਮ੍ਰਿਤਸਰ ਹੋਇਆ ਸੀ; ਕਿਉਂਕਿ ਵਿਦਯਾ ਆਪ ਨੇ ਸ੍ਰੀ ਅੰਮ੍ਰਿਤਸਰ ਜੀ ਹੀ ਪਾਈ ਸੀ ਤੇ ਆਪਦੇ ਸਨਬੰਧੀ ਵੀ ਏਥੇ ਹੈਸਨ। ਹੁਣ ਵਿਸ਼ੇਸ਼ ਖੋਜ ਕਰਨ ਤੋਂ ਪਤਾ ਲੱਗਾ ਹੈ ਕਿ ਆਪਦਾ ਜਨਮ 'ਨੂਰ ਦੀ ਸਰਾਂ' ਦਾ ਹੈ। ਇਹ ਪਿੰਡ ਤਰਨ ਤਾਰਨ ਦੇ ਲਾਗੇ ਜ਼ਿਲਾ ਅੰਮ੍ਰਿਤਸਰ ਵਿਚ ਹੈ। ਨੂਰ ਦੀ ਸਰਾਂ ਦੀ ਖੋਜ ਤੋਂ ਪਤਾ ਲੱਗਾ ਹੈ ਕਿ ਉੱਥੇ ਉਹ ਮਕਾਨ ਭੀ ਅਜੇ ਤਕ ਹੈ ਜਿਸ ਵਿਚ ਕਿ ਕਵੀ ਜੀ ਨੇ ਜਨਮ ਲਿਆ ਸੀ*, ਪਰ ਇਹ ਹੁਣ ਉਨ੍ਹਾਂ ਦੀ ਸੰਤਾਨ ਪਾਸ ਨਹੀਂ ਹੈ। ਇਸਦਾ ਮਾਲਿਕ ਇਕ ਹਿੰਦੂ ਸ਼ਾਹੂਕਾਰ ਹੈ ਜਿਸਦੀ ਉਮਰ ਬੀ ਵਡੇਰੀ ਹੈ। ਇਸ ਪਾਸ ਕਵੀ ਜੀ ਦਾ ਕੋਈ ਵੰਸ਼ਜ, ਚਿਰ ਹੋਇਆ ਹੈ ਕਿ ਮਕਾਨ ਵੇਚ ਗਿਆ ਸੀ। ਇਸ ਮਕਾਨ ਵਿਚ ਸ਼ਾਹੂਕਾਰ ਜੀ ਅਪਣੇ ਮਾਲ ਭਰਦੇ ਹਨ ਤੇ ਦੇਖਣ ਤੋਂ ਜਾਪਦਾ ਹੈ ਕਿ ਮਕਾਨ ਪੁਰਾਣਾ ਹੈ ਅਰ ਲਗ ਪਗ ਅਪਣੀ ਪਹਿਲੀ ਸੂਰਤ ਵਿਚ ਹੀ ਹੈ।

ਇਸੇ ਪਿੰਡ ਦੇ ਇਕ ਸੱਠ ਸਾਲ ਦੇ ਬਿਰਧ ਤੋਂ ਬੀ ਇਸ ਗਲ ਦੀ ਤਸਦੀਕ ਹੋਈ ਕਿ ਭਾਈ ਸੰਤੋਖ ਸਿੰਘ ਜੀ ਇਸੇ ਹੀ ਮਕਾਨ ਵਿਚ ਜਨਮੇ ਤੇ ਰਹੇ ਹਨ। ਇਸ ਸੱਜਣ ਦਾ ਮਕਾਨ ਕਵੀ ਜੀ ਦੇ ਮਕਾਨ ਦੇ ਇੰਨਾ ਕੋਲ ਹੈ ਕਿ ਕੇਵਲ ਗਲੀ ਦੀ ਚੁੜਾਈ ਦੀ ਹੀ ਵਿਚਾਲੇ ਵਿੱਥ ਹੈ। ਆਮ ਲੋਕ ਬੀ ਇਸ ਮਕਾਨ ਨੂੰ ਹੁਣ ਤੱਕ 'ਛੀਂਬਿਆਂ ਵਾਲਾ ਮਕਾਨ' ਸੱਦਦੇ ਹਨ। ਹੁਣ ਹਿੰਦੂ ਸਿੱਖ ਛੀਂਬਿਆਂ ਦਾ ਘਰ ਓਥੇ ਕੋਈ ਨਹੀਂ। ਇਕ ਹੋਰ ਬਿਰਧ, ਜੋ ੭੦ ਕੁ ਸਾਲ ਦੇ ਸਨ, ਦੱਸਦੇ ਸਨ ਕਿ ਮੈਂ ਆਪਣੀ ਜੁਆਨ ਉਮਰੇ ਇਕ ਦਿਨ ਗੁਰਦ੍ਵਾਰੇ ਬੈਠਾ ਸਾਂ ਤਾਂ ਇਕ ਬੜੀ ਬਿਰਧ ਮਾਈ ਨੇ ਗੁਰਦਵਾਰੇ ਆਕੇ ਮੱਥਾ ਟੇਕਿਆ। ਮੈਂ ਪੁਛਿਆ 'ਮਾਈ ਜੀ ਆਪ ਬੜੇ ਹੀ ਬਿਰਧ ਲਗਦੇ ਹੋ, ਕਿੰਨੀ ਕੁ ਉਮਰਾ ਹੋਸੀ?' ਆਖਣ ਲੱਗੀ 'ਬੱਚਾ! ਹੋਊ ਸੌ ਤੋਂ ਉਪਰ, ਖ਼ਬਰੇ

---

*ਕਵੀ ਜੀ ਦੇ ਜਨਮ ਦੇ ਸੰਮਤ ਤੇ ਮਾਤਾ ਪਿਤਾ ਦੇ ਹਾਲ ਲਈ ਦੇਖੋ ਅਗੇ '੨. ਵਿਦਯਾ—ਅੰਮ੍ਰਿਤਸਰ ਨਿਵਾਸ' ਤੇ '੫. ਬੁੜੀਏ ਨਿਵਾਸ' ਵਾਲੇ ਲੇਖ।

ਇਕ ਸੌ ਵੀਹ ਹੀ ਹੋਵੇ'। ਫੇਰ ਮੈਂ ਉਸ ਤੋਂ ਪੁਰਾਣੀਆਂ ਗਲਾਂ ਪੁੱਛੀਆਂ ਤਾਂ ਉਸਨੇ ਇਕ ਗਲ ਇਹ ਬੀ ਦੱਸੀ ਕਿ 'ਜੋ ਬੜੀ ਚੱਲੀ ਹੋਈ ਪੋਥੀ ਹੈ-ਸੂਰਜ ਪ੍ਰਕਾਸ਼, ਉਸਦਾ ਕਰਤਾ ਭਾਈ ਸੰਤੋਖ ਸਿੰਘ ਏਸੇ ਪਿੰਡ ਦਾ ਸੀ। ਮੈਂ ਉਸਨੂੰ ਬਚਪਨ ਵਿਚ ਆਪ ਡਿੱਠਾ ਹੈ, ਜਦੋਂ ਉਹ ਕੁਝ ਪੜ੍ਹ ਸੁਣ ਗਿਆ ਤਾਂ ਆਪ ਮੁਹਾਰਾ ਪਿਆ ਕਵਿਤਾ ਕਰੇ, ਉਸਨੂੰ ਕੋਈ ਗਲ, ਕੋਈ ਹੋਣੀ ਸੁਣਾ ਦਿਓ, ਝਟ ਉਸਨੇ ਉਹ ਸਾਰੀ ਵਰਤੀ ਵਾਰਤਾ ਦੋਹਰੇ, ਚੌਪਈਆਂ, ਕਬਿਤਾਂ ਵਿਚ ਰਚਕੇ ਸੁਨਾਉਣ ਲਗ ਜਾਣੀ।'



ਕਵੀ ਜੀ ਦਾ ਜਨਮ ਅਸਥਾਨ—ਨੂਰ ਦੀ ਸਰਾਂ।

ਸੂਚਨਾਂ—ਦਰਵਾਜ਼ੇ ਵਾਲਾ ਮਕਾਨ ਉਨ੍ਹਾਂ ਦਾ ਘਰ ਹੈ। ਦਰਵਾਜੇ ਅੱਗੇ ਗਲੀ ਹੈ।

ਕੁਰਛੇਤਰ ਦੇ ਪੰਡੇ ਚੂਨੀ ਲਾਲ ਤੋਤਾ ਰਾਮ ਦੀ ਵਹੀ ਵਿਚ ਕਵੀ ਜੀ ਦੇ ਤਾਏ ਦੇ ਪੁੱਤ੍ਰ ਰਤਨ ਸਿੰਘ ਨੇ ਅਪਣਾ ਤੇ ਅਪਣੇ ਪਿਤਾ ਤੇ ਦਾਦੇ ਗੁਲਾਬ ਸਿੰਘ ਦਾ ਘਰ ਨੂਰ ਦੀ ਸਰਾਂ ਲਿਖਾਇਆ ਹੈ ਤੇ ਕਵੀ ਜੀ ਦੇ ਪਿਤਾ ਤੇ ਉਨ੍ਹਾਂ ਦਾ ਨਾਮ ਬੀ ਵਿਚ ਦਿੱਤਾ ਹੈ। ਇਸੀ ਤਰ੍ਹਾਂ ਕਵੀ ਜੀ ਦੀ ਇਕ ਨੂੰਹ ਮਾਈ ਜੀਵਣੀ ਦੇ ਨੂਰ ਦੀ ਸਰਾਂ ਸਾਕਾਂ ਅੰਗਾਂ ਦੇ ਨਿਉਂਦ੍ਰੇ ਪਾਉਣ ਲਈ ਜਾਣ ਦੇ ਲਿਖਤੀ ਸਬੂਤ ਬੀ ਮਿਲੇ ਹਨ।ਮਾਈ ਜੀ ਦੇ ਸਪੁੱਤ੍ਰ ਭਾਈ ਦਿਆਲ ਸਿੰਘ ਜੀ ਬੀ,ਨੂਰ ਦੀ ਸਰਾਂ ਵਾਲੇ ਮਕਾਨ ਵਿਚ ਛੋਟੀ ਉਮਰੇ ਰਹਿਣ ਦਾ ਪਤਾ ਦੇਂਦੇ ਹਨ। ਹਰਿਦ੍ਵਾਰ ਦੇ ਪਾਂਡੇ ਮੰਗਲ ਦੱਤ

(ਰਾਮਚੰਦ ਵਾਲੇ) ਦੀ ਵਹੀ ਵਿਚ ੧੯੩੬ ਬਿ: ਵਿਚ ਜਦੋਂ ਕਵੀ ਜੀ ਦੀ ਭਰਜਾਈ ਜਸਾਵਾ ਸਿੰਘ ਦੀ ਵਹੁਟੀ ਓਥੇ ਗਈ ਹੈ* ਤਾਂ ਉਸਨੇ ਐਉਂ ਲਿਖਾਇਆ ਹੈ:—

'ਦੇਵਾ ਸਿੰਘ ਜ਼ਾਤ ਛੀਂਬਾ, ਗੋਤ ਕਰੀਰ, ਬਾਸੀ ਨੂਰ ਦੀ ਅੰਮ੍ਰਿਤਸਰ......' ਦੇਵਾ ਸਿੰਘ ਕਵੀ ਜੀ ਦੇ ਪਿਤਾ ਦਾ ਨਾਮ ਸੀ। ਇਨ੍ਹਾਂ ਸਬੂਤਾਂ ਤੋਂ ਕਵੀ ਜੀ ਦਾ ਜਨਮ ਟਿਕਾਣਾ ਤੇ ਵਤਨ 'ਨੂਰ ਦੀ ਸਰਾਂ' ਸਹੀ ਹੈ।

ਨੂਰ ਦੀ ਸਰਾਂ ਤਰਨ ਤਾਰਨੋ ਝਬਾਲ ਰੁਖ਼ ਨੂੰ ਪੌਣੇ ਕੁ ਚਾਰ ਮੀਲ ਹੋਸੀ। ਇਹ ਉਹੋ ਥਾਂ ਹੈ ਜਿੱਥੇ ਤਰਨ ਤਾਰਨ ਸਰੋਵਰ ਤੇ ਗੁਰਦਵਾਰੇ ਲਈ ਬਣੀਆਂ ਇੱਟਾਂ ਨੂਰਦੀਨ ਦਾ ਪੁਤ੍ਰ ਅਮੀਰ ਦੀਨ ਮੱਲੋ ਮੱਲੀ ਚਾਕੇ ਲੈ ਗਿਆ ਸੀ ਤੇ ਉਸਨੇ ਇਹ ਸਰਾਂ ਤੇ ਅਪਣੇ ਮਕਾਨ ਆਦਿ ਬਨਵਾਏ ਸਨ ਤੇ ਗੁਰੂ ਸਾਹਿਬ ਜੀ ਨੇ ਤਦੋਂ ਫੁਰਮਾਇਆ ਸੀ ਕਿ 'ਸਾਡਾ ਕੋਈ ਸਿੱਖ ਹੋਸੀ ਜੋ ਇਹੋ ਇੱਟਾਂ ਲਿਆਕੇ ਸਰੋਵਰ ਨੂੰ ਲੁਆਏਗਾ।' ਜੋ ਗਲ ਕਿ ਸੰਮਤ ੧੮੨੩ ਦੇ ਲਗ ਪਗ ਸਿੱਖਾਂ ਨੇ ਪੂਰੀ ਕੀਤੀ† ਤੇ ਬਾਕੀ ਤਰਨ ਤਾਰਨ ਸਾਹਿਬ ਸਰੋਵਰ, ਪ੍ਰਕਰਮਾ ਤੇ ਮੰਦਰ ਦੀ ਨਵੀਂ ਸੇਵਾ ਮਹਾਰਾਜਾ ਰਣਜੀਤ ਸਿੰਘ ਤੇ ਕੰਵਰ ਨੌ ਨਿਹਾਲ ਸਿੰਘ ਨੇ ਸਿਰੇ ਚਾੜ੍ਹੀ‡ । ਇਸੇ ਪਿੰਡ ਸੂਰਮਾ ਬੋਤਾ ਸਿੰਘ ਸ਼ਹੀਦ ਹੋਇਆ ਹੈ, ਜਿਸਨੇ ਅਪਣੀ ਸਿੱਖੀ ਆਨ ਲਈ ਸੜਕ ਸ਼ਾਹੀ ਤੇ ਖੜੋਕੇ ਕੱਰ ਲਾਇਆ ਸੀ ਤੇ ਪੂਰਨ ਬਹਾਦਰੀ ਨਾਲ ਸ਼ਹੀਦ ਹੋਇਆ ਸੀ। ਇਸਦੇ ਕੱਰ ਲਾਉਣ ਵਾਲੀ ਥਾਂ ਅਤੇ ਸ਼ਹੀਦੀ ਸ਼ਰਬਤ ਪੀਣ ਵਾਲੇ ਥਾਂ ਸ਼ਹੀਦ ਗੰਜ, ਦੁਏ ਟਿਕਾਣੇ ਏਥੇ ਵਿਦਮਾਨ ਹਨ§।

---

*ਪਤਾ ਰਹੇ ਕਿ ਕਵੀ ਜੀ ਯਾ ਉਨ੍ਹਾਂਦੀ ਇਸਤ੍ਰੀ ਦੇ ਫੁਲ ਹਰਿਦਵਾਰ ਯਾ ਕੁਰਛੇਤ੍ਰ ਨਹੀਂ ਗਏ; ਦੇਖੋ 'ਕਵੀ ਜੀ ਦੀ ਇਸ਼ਟਪਤੀ' ਵਾਲਾ ਲੇਖ ਜੋ ਅਗੇ ਆਵੇਗਾ।

†ਸ: ਜੱਸਾ ਸਿੰਘ ਰਾਮਗੜ੍ਹੀਏ ਤੇ ਸਰਦਾਰ ਬੁਧ ਸਿੰਘ ਫੈਜ਼ੁੱਲਾ ਪੁਰੀਏ, ਇਨ੍ਹਾਂ ਸਰਦਾਰਾਂ ਨੇ ਵਾਕ ਪੂਰਾ ਕੀਤਾ। ਖਾ:ਤਵਾ:|| ‡ਮੁਨਾਰੇ ਬਾਬਤ ਪਤਾ ਲਗਦਾ ਹੈ ਕਿ ਕੰਵਰ ਨੌ ਨਿਹਾਲ ਸਿੰਘ ਨੇ ਬਨਵਾਇਆ।

§ਸਿੱਖਾਂ ਦੀ ਕਤਲਾਮ ਹੋਣ ਪਰ, ਇਹ ਗਲ ਦੱਸਣ ਲਈ ਕਿ ਸਿੱਖ ਨਹੀਂ ਮਰੇ ਤੇ ਨਾ ਹੀ ਇਤਨ ਅੱਤਯਾਚਾਰ ਨਾਲ ਇਨ੍ਹਾਂ ਦੀ ਚੜ੍ਹਦੀ ਕਲਾ ਝਵੀਂ ਹੈ, ਭਾਈ ਬੋਤਾ ਸਿੰਘ ਨੂਰ ਦੀ ਸਰਾਂ ਕੋਲ ਸਰਕਾਰੀ ਸੜਕ ਉਤੇ,ਜੋ ਤਦੋਂ ਲਾਹੌਰ ਨੂੰ ਓਥੋਂ ਦੀ ਜਾਂਦੀ ਸੀ, ਕੱਰ ਲਾਕੇ ਉਗ੍ਰਾਹੁਣ ਲਗ ਪਿਆ। ਫਿਰ ਇਸਨੇ ਲਾਹੌਰ ਦੇ ਨਵਾਬ ਨੂੰ ਇਕ ਚਿੱਠੀ ਲਿਖੀ, ਜਿਸਨੂੰ ਰਤਨ ਸਿੰਘ ਜੀ ਨੇ ਇਸ ਟੱਪੇ ਵਿਚ ਦੱਸਿਆ ਹੈ:—

'ਚਿਠੀ ਲਿਖੇ ਸਿੰਘ ਬੋਤਾ। ਹਥ ਹੈ ਸੋਟਾ। ਆਨਾ ਲਾਯਾ ਗੱਡੇ ਨੂੰ ਤੇ ਪੈਸਾ ਲਾਯਾ ਖੋਤਾ। ਆਖੋ ਭਾਬੀ ਖਾਨੋ ਨੂੰ ਯੌਂ ਆਖੇ ਸਿੰਘ ਬੋਤਾ। ਅਖੀਰ ਫੌਜ ਆਈ ਤੇ ਭਾਈ ਜੀ ਅਪਣੇ ਸਾਥੀ ਗਰਜਾ ਸਿੰਘ ਸਣੇ ਸ਼ਹੀਦ ਹੋਏ। ਇਹ ਸ਼ਹੀਦੀ ਸਾਕਾ ੧੮੦੧ ਬਿ: ਨੂੰ ਹੋਇਆ। ਤਦੋਂ ਦਿਲੀ ਦਾ ਪਾਤਸ਼ਾਹ ਮੁਹੰਮਦ ਸ਼ਾਹ ਸੀ ਤ ਲਾਹੌਰ ਦਾ ਸੂਬਾ ਜ਼ਕਰੀਆ ਖਾਂ ਸੀ, ਜਿਸ ਨੂੰ ਖਾਨ ਬਹਾਦਰ ਦਾ ਖ਼ਿਤਾਬ ਸੀ ਤੇ ਜਿਸ ਨੇ ਸਿੱਖਾਂ ਦੀ ਬੜੀ ਭਾਰੀ ਕਤਲਾਮ ਕਰਾਈ ਸੀ। ਭਾਬੀ ਖਾਨੋ ਦਾ ਮਤਲਬ ਜ਼ਕਰੀਆ ਖਾਂ ਦੀ ਭੈਣ ਹੈ ਜੋ ਫੈਜ਼ੁੱਲਾ ਖਾਂ ਫੈਜ਼ੁੱਲਾ ਪੁਰ ਵਾਲੇ ਦੀ ਵਹੁਟੀ ਸੀ। ਇਸ ਜ਼ਨਾਨੀ ਨੇ ਅਪਣੇ ਘਰ ਵਾਲੇ ਦੇ ਰੋਅਬ ਨੂੰ ਵਰਤ ਕੇ ਡੇੜ ਕੁ ਹਜ਼ਾਰ ਸਿੱਖ ਪਕੜਕੇ ਲਾਹੌਰ ਘੱਲੇ ਸਨ ਅਪਣੇ ਭਰਾ ਖਾਨ ਬਹਾਦਰ ਪਾਸ ਕਤਲ ਹੋਣ ਲਈ। ਭਾਈ ਬੋਤਾ ਸਿੰਘ ਬੀ ਫੈਜ਼ੁੱਲਾ ਪੁਰ ਦਾ ਸੀ, ਇਸ ਕਰਕੇ ਬੋਤਾ ਸਿੰਘ ਬੇਗਮ ਨੂੰ ਭਾਬੀ ਖਾਨੋ ਕਹਿੰਦਾ ਹੈ ਤੇ ਤਾਅਨਾ ਇਹ ਹੈ, ਕਿ ਤੁਹਾਡੇ ਚੁਣ ਚੁਣ ਕੇ ਸਿਖ ਮਰਵਾਕੇ ਬੀਜ ਨਾਸ਼ ਕਰ ਦੇਣ ਤੇ ਬੀ ਖਾਲਸਾ ਜੀਉਂਦਾ ਹੈ ਤੇ ਖਾਸ ਫੈਜ਼ੁੱਲਾਪੁਰ ਦਾ ਖਾਲਸਾ ਕਾਇਮ ਹੈ।

ਪਿਛੇ ਭੂਮਿਕਾ ਵਿਚ ਅਸੀਂ ਦੱਸ ਆਏ ਹਾਂ ਕਿ ਨੂਰ ਦੀ ਸਰਾਂ ਵਾਲੇ ਇਸ ਟਿਕਾਣੇ ਤੇ ਸ੍ਰੀ ਕਵੀ ਸੰਤੋਖ ਸਿੰਘ ਜੀ ਦੀ ਯਾਦਗਾਰ ਕਾਇਮ ਕਰਨ ਦਾ ਉਦਮ ਹੋ ਰਿਹਾ ਹੈ। ਤੇ ਸ੍ਰੀ ਮਾਨ ਗਿਆਨੀ ਖਜ਼ਾਨ ਸਿੰਘ ਜੀ ਪ੍ਰੋ: ਓਰੀਐਂਟਲ ਕਾਲਜ ਲਾਹੌਰ ਵਾਲੇ ਇਕ ਯਾਦਗਾਰ ਕਮੇਟੀ ਸਥਾਪਤ ਕਰਕੇ ਪਿਛਲੇ ਸਾਲ (੧੯੫੩) ਦੇ ਮੱਧ ਤੋਂ, ਇਸ ਸੁਹਣੇ ਉਦਮ ਵਿਚ ਜੁੱਟੇ ਹੋਏ ਹਨ। ਮਕਾਨ ਦੇ ਕਾਬਜ਼ ਮਾਲਕ ਨੇ ਮਕਾਨ ਮੁਫਤ ਭੇਟਾ ਕਰ ਦਿਤਾ ਹੈ, ਇਮਾਰਤ ਸ਼ੁਰੂ ਹੋ ਚੁਕੀ ਹੋਈ ਹੈ, ਇਕ ਦੋ ਕਮਰੇ ਵੀ ਬਣ ਗਏ ਹਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਵੇਸ਼ ਹੋ ਚੁਕਾ ਹੈ। ਉਪਰ ਦਿਤੀ ਤਸਵੀਰ ਵਾਲਾ ਮਕਾਨ ਹੁਣ ਵਜੂਦ ਵਿਚ ਨਹੀਂ ਹੈ। ਇਸ ਅਸਥਾਨ ਨਾਲ ਕੁਝ ਹੋਰ ਥਾਂ ਪ੍ਰਾਪਤ ਕਰਕੇ ਯਾਦਗਾਰੀ ਅਸਥਾਨ ਵਧੀਕ ਖੁੱਲਾ ਬਨਾਉਣ ਦੇ ਯਤਨ ਕੀਤੇ ਜਾ ਰਹੇ ਹਨ। ਇਸ ਨੱਗਰ ਦਾ ਨਾਮ ਬੀ 'ਕੋਟ ਕਵੀ ਭਾਈ ਸੰਤੋਖ ਸਿੰਘ' ਰਖਵਾਣ ਹਿਤ ਸ੍ਰੀ ਗਿਆਨੀ ਜੀ ਸਰਕਾਰ ਨਾਲ ਲਿਖਾਪੜ੍ਹੀ ਕਰ ਰਹੇ ਹਨ।

## ੨. ਵਿਦਯਾ—ਅੰਮ੍ਰਿਤਸਰ ਨਿਵਾਸ।

ਕਵੀ ਜੀ ਨੇ ਆਪਣੇ ਪਿਤਾ ਜੀ ਦਾ ਨਾਮ 'ਦੇਵਾ ਸਿੰਘ' ਆਪ ਦੱਸਿਆ ਹੈ*। ਮਾਤਾ ਦਾ ਨਾਮ ਆਪ ਨੇ ਕਿਤੇ ਨਹੀਂ ਦਿੱਤਾ, ਪਰ ਨਮਸਕਾਰ ਮਾਤਾ ਜੀ ਨੂੰ ਕੀਤੀ ਹੈ, ਯਥਾ—"ਨਿਜ ਮਾਤਾ ਕੋ ਕਰਿ ਅਭਿਬੰਦਨ†"ਪਰ ਕੁਰਛੇਤ੍ਰ ਦੇ ਪੰਡੇ ਤੋਤਾਰਾਮ ਚੂਨੀਲਾਲ ਦੀ ਵਹੀ ਤੋਂ ਮਾਤਾ ਜੀ ਦਾ ਪ੍ਰਸਿੱਧ ਨਾਮ 'ਰਜਾਦੀ' ਮਿਲਿਆ ਹੈ ਜੋ 'ਰਾਜਦੇਈ' ਯਾ 'ਰਾਇਜ਼ਾਦੀ' ਦਾ ਸੰਖੇਪ ਜਾਪਦਾ ਹੈ।

ਪਹਿਲਾਂ ਅੱਖਰ ਬੋਧ ਤੋਂ ਸ਼ੁਰੂ ਦੀ ਵਿਦਯਾ ਤਾਂ ਸੁਤੇ ਹੀ ਪਿੰਡ ਵਿਚ ਹੋਣੀ ਸੀ ਪਰ ਪਿਤਾ ਜੀ ਨੇ ਬੱਚੇ ਨੂੰ ਹੋਣਹਾਰ ਦੇਖਕੇ ਉਚੇਰੀ ਵਿਦਯਾ ਲਈ ਅੰਮ੍ਰਿਤਸਰ ਦੇ ਪ੍ਰਸਿੱਧ ਗਿਆਨੀ ਸੰਤ ਸਿੰਘ ਜੀ ਦੇ ਸਪੁਰਦ ਕੀਤਾ। ਦੇਵਾ ਸਿੰਘ ਜੀ ਆਪ ਚੰਗੇ ਵਿਦ੍ਵਾਨ ਸਨ, ਗੁਰਬਾਣੀ ਦੇ ਚੰਗੇ ਗਯਾਨੀ ਤੇ ਰਸੀਏ ਸਨ ਤੇ ਵੇਦਾਂਤ ਵਿੱਦਯਾ ਬੀ ਪੜ੍ਹੇ ਹੋਏ ਸਨ। ਸੋ ਸਤਿਸੰਗੀ ਤੇ ਵਿਦ੍ਵਾਨ ਪਿਤਾ ਨੇ ਪੁੱਤ੍ਰ ਨੂੰ ਸੁਤੇ ਹੀ ਸਤਿਸੰਗੀ ਬਨਾਉਣਾ ਸੀ। ਭਾਈ ਦੇਵਾ ਸਿੰਘ ਜੀ ਦੇ ਭ੍ਰਾਤਾ ਭਾਈ ਰਾਮ ਸਿੰਘ ਜੀ ਅੰਮ੍ਰਿਤਸਰ ਦੇ ਕਟੜਾ ਨਿਹਾਲ ਸਿੰਘ ਵਿਚ ਰਹਿੰਦੇ ਸਨ‡।ਇਥੇ ਹੀ ਆਕੇ ਭਾਈ ਦੇਵਾ ਸਿੰਘ ਜੀ ਟਿਕਦੇ ਹੁੰਦੇ ਸਨ ਤੇ ਪਹਿਲਾਂ ਕਵੀ ਜੀ ਬੀ ਏਥੇ ਹੀ ਰਹਿੰਦੇ ਰਹੇਹਨ,ਪਰ ਮਗਰੋਂ ਕਵੀ ਜੀ ਸਿਆਣੇ ਹੋ ਗਏ ਤਾਂ ਭਾਈ ਸੰਤ ਸਿੰਘ ਜੀ, ਅਪਣੇ ਵਿੱਦਯਾ ਦਾਤੇ ਦੇ ਬੁੰਗੇ ਵਿਚ ਰਹੇ ਤੇ ਵਿਦਯਾ ਪਾਉਂਦੇ ਰਹੇ§।

---

*ਯਥਾ:—'ਦੇਵਾ ਸਿੰਘ ਪਿਤ ਤੇ ਜਨਮ ਕਵਿ ਸੰਤੋਖ ਸਿੰਘ ਨਾਮ। [ਸ੍ਰੀ ਨਾ: ਪ੍ਰ: ਉ:ਧਿ: ੫੭-੧੧੧
ਪੁਨਾ:—'ਦੇਵਾ ਸਿੰਘ ਪਿਤਾ ਮਮ ਨਾਮੂ'। [ਗੁ: ਪ੍ਰ: ਸੂ: ਰੁ: ੧ ਅੰਸੂ ੧ ਅੰਕ ੩੪

†ਰੁ: ੧ ਅੰਸੂ ੧ ਅੰਕ ੩੫।

‡ਹੁਣ ਏਸ ਕਟੜੇ ਵਿਚ ਉਨ੍ਹਾਂ ਦਾ ਕੋਈ ਵੰਸ਼ਜ ਨਹੀਂ ਰਹਿੰਦਾ।

§ਇਸ ਬੁੰਗੇ ਦਾ ਟਿਕਾਣਾ ਇਹ ਹੈ:—ਬੜੇ ਸਾਹਿਬ ਤੋਂ ਸ੍ਰੀ ਦਰਬਾਰ ਸਾਹਿਬ ਦੀਆਂ ਪੌੜੀਆਂ ਉਤਰੀਏ ਤਾਂ ਪੌੜੀਆਂ ਤੋਂ ਪਹਿਲਾਂ ਖਬੇ ਹੱਥ ਨੂੰ ਸ: ਮੀਹਾਂ ਸਿੰਘ ਦਾ ਬੁੰਗਾ ਹੈ, ਉਸ ਤੋਂ ਅੱਗੇ ਗਯਾਨੀਆਂ ਦਾ ਬੁੰਗਾ ਹੈ ਤੇ ਓਸ ਤੋਂ ਅੱਗੇ ਨਕਈਆਂ ਦਾ ਬੁੰਗਾ ਹੈ ਜੋ ਅਕਾਲ ਬੁੰਗੇ ਦੇ ਕੋਲ ਵਾਰ ਹੈ। ਮੀਹਾਂ ਸਿੰਘ ਤੇ ਨਕਈਆਂ ਦੇ ਵਿਚਕਾਰਲਾ ਬੁੰਗਾ ਇਹ ਟਿਕਾਣਾ ਹੈ।

ਕਵੀ ਜੀ ਦੀ ਲਿਖੀ ਇਸ ਤੁਕ ਤੋਂ 'ਸੰਤ ਸਿੰਘ ਗੁਰੁ ਅੱਖਰ ਦਾਤਾ' ਸੰਸਾ ਹੋ ਸਕਦਾ ਹੈ ਕਿ ਆਪ ਨੇ ਅੱਖਰ ਬੋਧ ਤੋਂ ਹੀ ਵਿਦਯਾ ਗਯਾਨੀ ਸੰਤ ਸਿੰਘ ਜੀ ਤੋਂ ਸ਼ੁਰੂ ਕੀਤੀ ਸੀ, ਪਰ ਇਹ ਗਲ ਕਿਆਸ ਕਰਨੀ ਠੀਕ ਨਹੀਂ, ਕਿਉਂਕਿ ਗਯਾਨੀ ਸੰਤ ਸਿੰਘ ਜੀ ਬੜੇ ਵੱਡੇ ਆਦਮੀ ਸਨ, ਮਹਾਰਾਜਾ ਰਣਜੀਤ ਸਿੰਘ ਜੀ ਦੇ ਵਡਯਾਏ ਹੋਏ ਰਈਸ ਸਨ। ਸ੍ਰੀ ਦਰਬਾਰ ਸਾਹਿਬ ਦੇ ਗਯਾਨੀ ਤੇ ਇਮਾਰਤ ਦੀ ਸਪੁਰਦਗੀ ਜਿਨ੍ਹਾਂ ਦੇ ਹੱਥ ਵਿਚ ਸੀ, ਓਹ ਊੜਾ ਐੜਾ ਕਿਸ ਨੂੰ ਪੜ੍ਹਾ ਸਕਦੇ ਸਨ। ਕਵੀ ਜੀ ਨੂੰ ਜੋ ਵਿਦਯਾ ਉਨ੍ਹਾਂ ਦਿੱਤੀ ਹੈ ਇਹ ਬੀ ਭਾਈ ਦੇਵਾ ਸਿੰਘਾ ਜੀ ਦੀ ਵਿਦ੍ਵਤਾ ਤੇ ਸਰਦਾਰੀ ਘਰਾਂ ਨਾਲ ਸੰਬੰਧ ਹੋਣ ਕਰਕੇ ਤੇ ਲੜਕੇ ਦੇ ਹੋਣਹਾਰ ਹੋਣ ਕਰਕੇ ਸੀ। ਕਵੀ ਜੀ ਆਪ ਇਕ ਥਾਵੇਂ ਦੱਸ ਦਿੰਦੇ ਹਨ ਕਿ ਅਖਰ ਦਾਤਾ ਦਾ ਅਰਥ ਵਿਦਯਾ ਦਾਤਾ ਹੈ:—

ਸ੍ਰੀ ਮਤਿ ਸਿਮਰਨ ਰਤਿ ਗੁਰੂ ਸੰਤ ਸਿੰਘ ਸ਼ੁਭ ਨਾਮ।
ਬਿੱਦਯਾ ਜਿਨ ਤੇ ਮੈਂ ਪਠੀ ਤਿਨ ਪਦ ਕਰੌਂ ਪ੍ਰਨਾਮ ॥੧੦੧॥ [ਨਾ: ਪ੍ਰ: ਉ: ਧਿ: ੫੭

ਫਿਰ ਜੇ ਵਿਚਾਰ ਕਰੀਏ ਕਿ ਆਪ ਨੇ ਆਤਮ ਅੱਭਯਾਸ ਵਿਚ ਕਿਸਦੀ ਟੇਕ ਲਈ ਸੀ? ਤਾਂ ਪਤਾ ਲੱਗ ਜਾਂਦਾ ਹੈ ਕਿ ਕਵੀ ਜੀ ਨੇ ਇਹ ਟੇਕ ਵੀ ਗਯਾਨੀ ਸੰਤ ਸਿੰਘ ਜੀ ਦੀ ਹੀ ਲਈ ਸੀ। ਗਯਾਨੀ ਸੰਤ ਸਿੰਘ ਜੀ ਨੂੰ ਓਹ ਭਜਨ ਦੀ ਮੂਰਤੀ ਸਮਝਦੇ ਸਨ, ਤੇ ਵਿੱਦਯਾ ਦੇ ਉਸਤਾਦ ਹੋਣ ਦੇ ਨਾਲ ਹੀ ਉਨ੍ਹਾਂ ਨੂੰ ਗੁਰਮੁਖ ਬੀ ਸਮਝਦੇ ਸਨ। ਅੰਮ੍ਰਿਤ ਵੀ ਆਪ ਨੇ ਗਯਾਨੀ ਜੀ ਤੋਂ ਹੀ ਛਕਿਆ ਜਾਪਦਾ ਹੈ। ਜੈਸਾ ਕਿ ਕਵੀ ਜੀ ਆਪ ਲਿਖਦੇ ਹਨ:—

ਨਿੱਤਹੀ ਭਗਤ ਰਤਿ ਨਾਮ ਕੀਨੋ ਬ੍ਰਿਤਿ ਚਿੱਤ, ਸੰਤਨ ਸੋਂ ਹਿਤ ਅਤਿ, ਸੰਤ ਸਿੰਘ ਨਾਮ ਹੈ।
ਸੁਜਨ, ਦਿਆਲ, ਧੀਰ, ਧਰਮ ਬਿਸਾਲ ਧਰਿ, ਜਾਸ ਬੇਸ ਬਾਲ ਹੂੰ ਤੇ ਭਜਨ ਮੈਂ ਕਾਮ ਹੈ।
ਜਾਂਕੇ ਚਰਣੋਦਕ ਕੀ ਬੂੰਦ ਮੈਂ ਬਦਨ ਪਾਇ, ਸੁਮਤਿ ਸਦਨ ਭਯੋ ਕਦਨ ਬਿਰਾਮ ਹੈ।
ਤਾਂਕੇ ਅਰਬਿੰਦ ਪਦ ਸੁੰਦਰ ਮੁਕੰਦ ਦੁੰਦ,ਬੰਦਕਰ ਬੰਦਨਾਂ ਸਦਾ ਮੇ ਸੁਖ ਧਾਮ ਹੈ* ॥ ੩੩ ॥
[ਨਾ: ਪ੍ਰ: ਪ੍ਰ: ਧਿ: ੧

ਕਬਿੱਤ ਤੋਂ ਸਪਸ਼ਟ ਹੋ ਰਿਹਾ ਹੈ ਕਿ ਆਪ ਉਨ੍ਹਾਂ ਨੂੰ ਮਹਾਨ ਨਾਮੀ ਪੁਰਖ ਸਮਝਦੇ ਰਹੇ ਹਨ। ਸੰਤਾਂ ਦੇ ਪ੍ਰੇਮੀ, ਸੱਜਣ ਦਿਆਲ, ਧੀਰਜੀ, ਧਰਮੀ ਜਾਣਦੇ ਹਨ ਤੇ ਨਾਮ ਵਿਚ ਤਾਂ ਬਚਪਨ ਤੋਂ ਲਗੇ ਹੋਏ ਦੱਸਦੇ ਹਨ, ਉਨ੍ਹਾਂ ਤੋਂ ਅਪਣੇ ਕ੍ਰਿਤਾਰਥ ਹੋਣ ਦਾ ਪਤਾ ਦੇਂਦੇ ਹਨ। ਇਸੀ ਤਰ੍ਹਾਂ ਆਪ ਨੇ ਇਕ ਇਸ਼ਾਰਾ ਗਰਬ ਗੰਜਨੀ ਵਿਚ ਦਿੱਤਾ ਹੈ:—

ਸ੍ਰੀ ਮਤਿ ਮੁਰ ਗੁਰ ਭਜਨ ਮੈਂ ਦਇਆ ਧਾਮ ਅਭਿਰਾਮ।
ਤਿਨ ਕੇ ਪਗਨਿ ਪ੍ਰਨਾਮ ਹ੍ਵੈ ਸੰਤ ਸਿੰਘ ਸ਼ੁਭ ਨਾਮ। [ਗੁਰਬ ਗੰਜਨੀ

## ੩. ਕਵੀ ਜੀ ਦਾ ਵਿਦਯਾ ਦਾਤਾ।

ਉਪਰ ਅਸੀਂ ਦੱਸ ਆਏ ਹਾਂ ਕਿ ਕਵੀ ਜੀ ਦੇ ਵਿਦਿਆ ਦਾਤਾ ਭਾਈ ਸੰਤ ਸਿੰਘ ਜੀ ਸਨ, ਆਪ ਦਾ ਸੰਖੇਪ ਸਮਾਚਾਰ ਇਸ ਪ੍ਰਕਾਰ ਹੈ:—

*ਇਸ ਕਬਿੱਤ ਦੇ ਸਵਿਸਥਾਰ ਅਰਥ ਦੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼ ਵਿਖੇ ਉਪਰ ਦਿੱਤੇ ਪਤੇ ਵਾਲੀ ਥਾਵੇਂ।

ਭਾਈ ਮਨੀ ਸਿੰਘ ਜੀ ਦੇ ਸਮੇਂ ਦੇ ਲਗ ਪਗ ਚਣਯੋਟ ਵਾਸੀ ਭਾਈ ਰਾਮ ਚੰਦ ਜੀ ਗੁਰੂ ਘਰ ਵਿਚ ਆਏ ਤੇ ਸਿੰਘ ਸਜਕੇ ਰਾਮ ਸਿੰਘ ਜੀ ਸਦਾਏ। ਆਪ ਸਿੱਖੀ ਦਾ ਪ੍ਰਚਾਰ ਬਹੁਤ ਕਰਦੇ ਹੁੰਦੇ ਸੇ। ਆਪ ਦੇ ਪ੍ਰਚਾਰ ਦਾ ਅਸਰ ਇਤਨਾ ਜ਼ਬਰਦਸਤ ਪਿਆ ਕਿ ਮੁਲਤਾਨ ਦੇ ਮੁਸਲਮਾਨ ਹਾਕਮ ਨੂੰ ਆਪਦੇ ਪ੍ਰਚਾਰ ਨਾਲ ਖੁਣਸ ਹੋ ਗਈ, ਤੇ ਉਸ ਨੇ ਕੁਛ ਮਾੜੇ ਮਨਸੂਬੇ ਬਧੇ, ਜਿਨ੍ਹਾਂ ਦਾ ਭਾਈ ਰਾਮ ਸਿੰਘ ਜੀ ਨੂੰ ਪਤਾ ਲਗ ਗਿਆ, ਸੋ ਆਪ ਸ੍ਰੀ ਅੰਮ੍ਰਿਤਸਰ ਆ ਗਏ। ਪਰ ਹਾਕਮ ਨੇ ਆਪਦੇ ਮਗਰੋਂ ਇਕ ਹਿਕਮਤ ਕੀਤੀ ਕਿ ਆਪ ਦੇ ਪੁਤ੍ਰ ਭਾਈ ਸੁਰਤ ਸਿੰਘ ਜੀ ਨੂੰ ਨੌਕਰ ਰੱਖ ਲਿਆ। ਕੁਛ ਸਮੇਂ ਮਗਰੋਂ ਭਾਈ ਰਾਮ ਸਿੰਘ ਜੀ ਫੇਰ ਮੁਲਤਾਨ ਆਏ ਤੇ ਏਥੈ ਹੀ ਚਲਾਣਾ ਕਰ ਗਏ। ਭਾਈ ਸੁਰਤ ਸਿੰਘ ਨੇ ਨੌਕਰੀ ਛੋੜਕੇ ਪਿਤਾ ਵਾਂਙੂ ਧਰਮ ਪ੍ਰਚਾਰ ਦਾ ਕੰਮ ਅਰੰਭ ਕਰ ਦਿਤਾ। ਇਨ੍ਹਾਂ ਦੇ ਪ੍ਰਚਾਰ ਦਾ ਅਸਰ ਬੀ ਐਸਾ ਪਿਆ ਕਿ ਹਾਕਮ ਨੂੰ ਫੇਰ ਖ਼ਤਰਾ ਤੇ ਖੁਣਸ ਹੋ ਗਈ। ਸੋ ਭਾਈ ਸੁਰਤ ਸਿੰਘ ਜੀ ਆਪਣਾ ਮਾਲ ਮਤਾ ਬਹੁਤ ਕੁਝ ਸੰਭਾਲਕੇ ਛੇਤੀ ਨਾਲ ਅੰਮ੍ਰਿਤਸਰ ਆ ਗਏ ਤੇ ਇੱਥੇ ਦਰਬਾਰ ਸਾਹਿਬ ਦੇ ਪ੍ਰਬੰਧ ਦੀ ਸੇਵਾ ਪਰ ਲੱਗ ਗਏ। ਇਹ ਬੀ ਬਹੁ ਚਲਦਾ ਹੈ ਕਿ ਭਾਈ ਸੁਰਤ ਸਿੰਘ ਨੇ ਅਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭਾਈ ਗੁਰਬਖਸ਼ ਸਿੰਘ ਜੀ ਤੋਂ ਪੜ੍ਹੇ ਸਨ, ਜਿਨ੍ਹਾਂ ਨੇ ਕਿ ਆਪ ਭਾਈ ਮਨੀ ਸਿੰਘ ਜੀ ਤੋਂ ਅਰਥ ਪੜ੍ਹੇ ਸੇ*। ਫੇਰ ਜਲੰਧਰ ਦੁਆਬ ਵਿਚ ਥੋੜੀ ਜੇਹੀ ਜਗੀਰ ਆਪ ਨੂੰ ਮਿਲ ਗਈ, ਜਿੱਥੇ ਆਪ ਨੇ ਕੋਟ ਰਚਿਆ। ਪਰ ਫੇਰ ਅੰਮ੍ਰਿਤਸਰ ਆਕੇ ਟਿਕ ਗਏ ਤੇ ਸ੍ਰੀ ਦਰਬਾਰ ਸਾਹਿਬ ਜੀ ਦੀ ਇਮਾਰਤ ਦੀ ਸੇਵਾ ਕਰਦੇ ਰਹੇ। ਇਸ ਤੋਂ ਥੋੜਾ ਚਿਰ ਬਾਦ ਏਥੇ ਹੀ ਆਪ ਚੜ੍ਹਾਈ ਕਰ ਗਏ। ਮਹਾਰਾਜਾ ਰਣਜੀਤ ਸਿੰਘ ਜੀ ਨੇ ਜਲੰਧਰ ਦੁਆਬ ਫਤੇ ਕਰਨ ਦੇ ਬਾਦ ਦੁਆਬੇ ਵਾਲੀ ਜਗੀਰ ਬਹਾਲ ਰੱਖੀ। ਗਿਆਨੀ ਸੂਰਤ ਸਿੰਘ ਦੇ ਦੋ ਪੁੱਤ੍ਰ ਸੇ: ਭਾਈ ਗੁਰਦਾਸ ਸਿੰਘ ਤੇ ਭਾਈ ਸੰਤ ਸਿੰਘ। ਭਾਈ ਸੰਤ ਸਿੰਘ ਜੀ ਇਕ ਤਕੜੇ ਜੋਧਾ ਪੁਰਖ ਸੇ ਤੇ ਮਹਾਂਰਾਜੇ ਦੇ ਨਾਲ ਕਿਸੇ ਜੰਗ ਵਿਚ ਬੀ ਰਹੇ ਸੇ। ਕਿਸੇ ਔਖੇ ਵੇਲੇ ਮਹਾਰਾਜੇ ਦੀ ਇਸ ਮੈਦਾਨੇ ਜੰਗ ਵਿਚ ਆਪ ਨੇ ਮਦਦ ਕੀਤੀ ਸੀ, ਜਿਸ ਕਰਕੇ ਮਹਾਂਰਾਜਾ ਰਣਜੀਤ ਸਿੰਘ ਜੀ ਆਪ ਦਾ ਬਹੁਤ ਸਨਮਾਨ ਕਰਦੇ ਸਨ। ਕੁਛ ਸਮੇਂ ਬਾਦ ਆਪ ਦੇ ਵੱਡੇ ਭਰਾਤਾ ਭਾਈ ਗੁਰਦਾਸ ਸਿੰਘ ਜੋ ਦਰਬਾਰ ਸਾਹਿਬ ਵਿਚ ਸੇਵਾ ਕਰਦੇ ਸੇ ਚੜ੍ਹਾਈ ਕਰ ਗਏ। ਭਾਈ ਸੰਤ ਸਿੰਘ ਜੀ ਨੇ ਅਪਣੇ ਪੁੱਤ੍ਰ ਭਾਈ ਗੁਰਮੁਖ ਸਿੰਘ ਜੀ ਨੂੰ ਮਹਾਂਰਾਜੇ ਦੇ ਦਰਬਾਰ ਦੇ ਸੰਸਾਰਕ ਕੰਮ ਸਪੁਰਦ ਕਰ ਦਿੱਤੇ ਤੇ ਆਪ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਪਰ ਲੱਗੇ ਪਏ। ਹੁਣ ਆਪ ਨੇ ਕੇਵਲ ਧਰਮ ਵਿਦਯਾ, ਕਥਾ ਤੇ ਪ੍ਰਚਾਰ ਦਾ ਜੀਵਨ ਧਾਰ ਲਿਆ। ਭਾਈ ਸੰਤ ਸਿੰਘ ਜੀ 'ਗਯਾਨੀ ਸੰਤ ਸਿੰਘ' ਦੇ ਨਾਮ ਤੋਂ ਪ੍ਰਸਿੱਧ ਹੋਏ। ਖਾਨਦਾਨ ਦਾ ਨਾਮ 'ਗਯਾਨੀ ਪੈ ਚੁਕਾ ਸੀ ਜੋ ਹੁਣ ਤਕ ਜਾਰੀ ਹੈ। ਆਪ ਸ੍ਰੀ

---

*ਮਨੀ ਸਿੰਘ ਜੀ ਕ੍ਰਿਪਾ ਕਰਿ ਸੁਚ ਸੇਵਕ ਨਿਜ ਜਾਨ ॥
ਸ੍ਰੀ ਗੁਰਬਖਸ਼ ਮ੍ਰਿਗੇਸ਼ ਕੌ ਅਰਥ ਪਢਾਏ ਮਾਨ ॥ ੪੧ ॥
ਤਿਨ ਤੇ ਸੂਰਤ ਸਿੰਘ ਜੀ ਪਢੇ ਪ੍ਰੀਤਿ ਅਤਿ ਧਾਰਿ ॥
ਗਯਾਨੀ ਸੰਗਯਾ ਜਗਤ ਮੈਂ ਵਿਦਤ ਭਈ ਸੁ ਅਪਾਰ ॥ ੪੨ ॥ [ਕਬਿੱਤ ਭੇਦਾਵਲੀ

ਦਰਬਾਰ ਸਾਹਿਬ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀਦੀ ਕਥਾ ਲੌਢੇ ਪਹਿਰ ਕਰਿਆ ਕਰਦੇ ਸਨ*।

ਦੂਸਰਾ ਕੰਮ ਆਪ ਦਰਬਾਰ ਸਾਹਿਬ ਦੀ ਇਮਾਰਤ ਤੇ ਸੋਨੇ ਦੀ ਸੇਵਾ ਕਰਵਾਉਂਦੇ ਹੁੰਦੇ ਸੇ,ਜਿਸ ਬਾਬਤ ਸ੍ਰੀ ਦਰਬਾਰ ਸਾਹਿਬ ਦੀ ਪੂਰਬੋਤ੍ਰੀ ਬਾਹੀ ਤੇ ਇਕ ਖੁਤਬਾ ਲਿਖਯਾ ਹੋਯਾ ਹੈ:—

"ਸੇਵਾ ਸ੍ਰੀ ਗੁਰੂ ਰਾਮਦਾਸ ਜੀ ਕੀ ਸੂਰਨ ਕੀ ਅਰ ਸੰਗ ਸੁਪੇਦ
ਕੀ ਬਡਭਾਗੀ ਜਾਨਕੇ ਸ੍ਰੀ ਮਹਾਰਾਜਾ ਰਣਜੀਤ ਸਿੰਘ ਜੀ ਸੌਂ
ਕਰਾਈ ਮਾਰਫਤ ਸ੍ਰੀ ਭਾਈ ਸੰਤ ਸਿੰਘ ਗਯਾਨੀ ਜੀ ਕੀ।"

ਗਯਾਨੀ ਸੰਤ ਸਿੰਘ ਜੀ ਨੇ 'ਅੰਮ੍ਰਿਤ' ਪਰ ਇਕ ਪੋਥੀ ਲਿਖੀ ਸੀ, ਪਰ ਓਹ ਮਿਲਦੀ ਨਹੀਂ। ਤੁਲਸੀ ਰਾਮਾਯਣ ਦਾ ਆਪ ਨੇ ਇਕ ਟੀਕਾ ਨਸਰ ਵਿਚ ਕੀਤਾ ਹੈ। ਇਹ ਕੰਮ ਆਪ ਨੇ ੧੮੭੫ ਵਿਚ ਅਰੰਭਕੇ ੧੮੮੮ ਵਿਚ ਮੁਕਾਇਆ ਹੈ। ਇਹ ਪੋਥੀ ਸੰਮਤ ੧੯੫੧ ਦੇ ਲਗ ਪਗ ਗੁਰਮੁਖੀ ਵਿਚ ਲਾਹੌਰ ਛਪਣੀ ਸ਼ੁਰੂ ਹੋਈ ਸੀ। ਸੰਮਤ ੧੯੫੪ ਵਿਚ ਇਹ ਹਿੰਦੀ ਅੱਖਰਾਂ ਵਿਚ ਖੜਗ ਬਿਲਾਸ ਪ੍ਰੈਸ ਬਾਂਕੀਪੁਰ ਵਿਚ ਛਪੀ ਸੀ।

ਆਪ ਇਨ੍ਹਾਂ ਕੰਮਾਂ ਤੋਂ ਛੁੱਟ, ਕਈ ਇਕ ਗੁਣੀਆਂ ਦੇ ਉਸਤਾਦ ਬੀ ਸੇ। ਆਪਦਾ ਚਲਾਣਾ ਸੰਮਤ ੧੮੮੯ ਬਿ: ਵਿਚ ਹੋਇਆ†।

---

*ਕਵੀ ਸੰਤੋਖ ਸਿੰਘ ਜੀ ਦੇ ਸੰਪ੍ਰਦਾਈ ਭਾਈ ਮੇਘ ਸਿੰਘ ਜੀ ਗਯਾਨੀ ਸੰਤ ਸਿੰਘ ਜੀ ਦੇ ਕਥਾ ਆਦਿ ਗੁਣਾਂ ਪਰ ਐਉਂ ਲਿਖਦੇ ਹਨ:—

ਆਗਮ ਪੁਰਾਨ ਸ਼੍ਰੁਤਿ ਸਿੰਮ੍ਰਿਤਿ ਪ੍ਰਮਾਨ ਦੇਤਿ, ਬਯਾਸ ਕੇ ਸਮਾਨ ਕਥਾ ਕਰੈਂ ਮਨ ਹਰੇ ਹੈਂ।
ਸੁਰਪਤਿ ਸੰਪਤਿ ਸਬੁਧਿ ਸੁਰਗੁਰ ਸੀ ਹੈ, ਨਰੇਸ਼ ਧਨੁਰ ਧਰਿ ਅਰਿਨ ਸੌਂ ਅਰੇ ਹੈਂ।
ਜਨਕ ਸੇ ਗਯਾਨਵਾਨ, ਵਿਸ਼੍ਵਾਮਿੱਤ੍ਰ ਸੇ ਮਹਾਨ, ਭੀਖਮ ਪ੍ਰਮਾਨ ਧੀਰ ਧਾਰਿਬੇ ਕੋ ਖਰੇ ਹੈਂ।
ਜਾਂ ਕੋ ਅਵਿਲੋਕ ਔਰ ਦ੍ਰਿਸ਼ਟਿ ਤਰੇ ਆਵੈ ਨਾਹਿੰ ਸ੍ਰਿਸ਼ਟ ਮਾਂਹਿ ਮਾਨੋ ਸ੍ਰੀ ਵਸਿਸ਼ਟ ਅਵਤਰੇ ਹੈਂ॥੧੯॥
[ਬ੍ਰਿਜ ਰਾਜ ਵਿਨੋਦ ਲਿਖਤੀ।

ਸੰਤ ਨਿਹਾਲ ਸਿੰਘ ਜੀ ਕਵੀਰਾਜ ਐਉਂ ਲਿਖਦੇ ਹਨ:—

ਤਿਨ ਤੇ ਸੂਰਤ ਸਿੰਘ ਜੀ ਪਢੇ ਪ੍ਰੀਤਿ ਅਤਿ ਧਾਰਿ॥
ਗਯਾਨੀ ਸੰਗਯਾ ਜਗਤ ਮੇ ਵਿਦਤ ਭਈ ਸੁ ਅਪਾਰ॥ ੪੨॥
ਤਿਨ ਕੇ ਦ੍ਵੈ ਸੁਤ ਪ੍ਰਗਟ ਇਕ ਸ੍ਰੀ ਗੁਰਦਾਸ ਗ੍ਰਿਹੇਸ਼॥
ਸੰਤ ਸਿੰਘ ਗਯਾਨੀ ਦੁਤੀ ਮਨੋ ਵ੍ਯਾਸ ਜਸ ਏਸ॥ ੪੩॥
ਸੁਧਾਸਰੇ ਹਰੀ ਮੰਦਰੇ ਕਥਾ ਗੀਤਿ ਗੁਰ ਗ੍ਰੰਥ॥
ਬਾਸੁਰ ਚਤੁਰਥ ਜਾਮ ਮੈਂ ਸ਼੍ਰੋਤਾ ਸੁਨਿ ਸਭ ਪੰਥ॥ [ਕਵਿਤ ਭੇਦਾਵਲੀ

†ਗਯਾਨੀ ਸੰਤ ਸਿੰਘ ਜੀ ਦੇ ਚਲਾਣੇ ਦੇ ਸੰਮਤ ਬਾਬਤ ਕੁਛ ਰੌਲਾ ਹੈ। ਬਾਬੇ ਅਟੱਲ ਦੀ ਪੱਛਮੀ ਬਾਹੀ ਤੇ ਜੋ ਉਨ੍ਹਾਂ ਦੀ ਇਕ ਗੁੰਬਜ਼ਦਾਰ ਰੌਜ਼ੇ ਦੇ ਹੇਠ ਸਮਾਧ ਬਣੀ ਹੋਈ ਸੀ, ਅਕਾਲੀਆਂ ਨੇ ੧੯੭੧ ਬਿ: ਵਿਚ ਢਾਹ ਦਿੱਤੀ ਤੇ ਇਕ ਚਿੱਟੀ ਚੂਨੇ ਗਚ ਛੋਟੀ ਜੇਹੀ ਚਾਰ ਦਰੀ ਬਣਾ ਦਿੱਤੀ ਹੈ, ਇਸ ਪਰ ਚਲਾਣੇ ਦਾ ਸੰਨ ੧੮੦੪ ਈ: ਲਿਖਿਆ ਹੈ, ਇਹੋ ਸੰਨ ਪੰਜਾਬ ਚੀਫਸ ਵਿਚ ਲਿਖਿਆ ਹੈ। ਪਰ ਇਸੇ ਕਿਤਾਬ ਦੇ ਉਰਦੂ ਮੁਤਰੱਜਮ ਨੇ ਇਸ ਸੰਨ ਨੂੰ ਗ਼ਲਤ ਦੱਸਿਆ ਹੈ, ਕਿਉਂਕਿ ਇਸੇ ਕਿਤਾਬ ਦੇ ਗਯਾਨੀਆਂ ਦੇ ਹਾਲ ਵਾਲੇ ਅਧ੍ਯਾਇ ਦੇ ਦੂਸਰੇ ਪੈਰੇ ਵਿਚ ਇਹੋ ਲੇਖਕ ਗਯਾਨੀ ਜੀ ਨੂੰ ੧੮੦੯

[ਬਾਕੀ ਨੂਟ ਦੇਖੋ ਅਗਲੇ ਪੰਨੇ ਦੇ ਹੇਠ]

## ੪. ਸੰਸਕ੍ਰਿਤ ਵਿਦਯਾ।

ਪਿਛਲੇ ਅੰਕ ਵਿਚ ਅਸਾਂ ਕਵੀ ਜੀ ਦੇ ਵਿਦਯਾ ਦਾਤਾ ਦਾ ਜੋ ਹਾਲ ਲੱਭ ਸਕਿਆ ਹੈ, ਦਿੱਤਾ ਹੈ। ਇਸ ਤੋਂ ਪਤਾ ਲਗ ਗਿਆ ਕਿ ਕਿਸ ਗੁਣੀ ਪੁਰਖ ਤੋਂ ਆਪ ਨੇ ਹਿੰਦੀ ਬ੍ਰਿਜ ਭਾਸ਼ਾ, ਕਾਵ੍ਯ ਤੇ ਗੁਰੂ ਘਰ ਦੀ ਵਿਦਯਾ ਪ੍ਰਾਪਤ ਕੀਤੀ ਸੀ। ਪਰ ਸੰਸਕ੍ਰਿਤ ਵਿਦਯਾ ਪ੍ਰਾਪਤੀ ਦਾ ਪਤਾ ਠੀਕ ਤਰ੍ਹਾਂ ਨਹੀਂ ਚਲਦਾ, ਅੰਮ੍ਰਿਤਸਰੋਂ ਹੀ ਕਿਸੇ ਸਾਧੂ ਤੋਂ ਪੜ੍ਹ ਗਏ ਯਾ ਗ੍ਯਾਨੀ ਜੀ ਤੋਂ ਹੀ ਪੜ੍ਹੇ* ਯਾ ਕਿਤੇ ਹੋਰ ਥੌਂ। ਅਨੁਮਾਨ ਇਹੋ ਕਹਿੰਦਾ ਹੈ ਕਿ ਸੰਸਕ੍ਰਿਤ ਬੀ ਆਪ ਗ੍ਯਾਨੀ ਸੰਤ ਸਿੰਘ ਜੀ ਤੋਂ ਹੀ ਪੜ੍ਹੇ ਸਨ। ਜੋ ਕਥਾ ਸੰਤ ਗੁਲਾਬ ਸਿੰਘ† ਜੀ ਕਰਤਾ 'ਮੋਕਸ਼ ਪੰਥ' ਆਦਿ ਦੇ ਕਾਸ਼ੀ ਜਾਕੇ ਕਿਸੇ ਪੰਡਤ ਦੇ ਬੱਚੇ ਖਿਡਾਕੇ ਪੜ੍ਹਨ ਦੀ ਪ੍ਰਸਿੱਧ ਹੈ, ਕਈ ਗ੍ਯਾਨੀ ਓਸੇ ਕਥਾ ਨੂੰ ਕਵੀ ਜੀ ਨਾਲ ਬੀ ਜੋੜ ਦੇਂਦੇ ਹਨ, ਪਰ ਇਹ ਠੀਕ ਨਹੀਂ। ਬਾਲਮੀਕੀ ਰਾਮਾਯਣ ਦਾ ਟੀਕਾ, ਆਤਮ ਪੁਰਾਣ ਦਾ ਟੀਕਾ ਤੇ ਨਾਮ (ਅਮਰ) ਕੋਸ਼, ਤ੍ਰੈਏ ਗ੍ਰੰਥ ਕਵੀ ਜੀ ਦੀ ਰਚਨਾ ਦੇ ਸੰਸਾ ਨਹੀਂ ਰਹਿਣ ਦੇਂਦੇ ਕਿ ਸੰਸਕ੍ਰਿਤ ਵਿਦਯਾ ਵਿਚ ਆਪ ਨੂੰ ਪੂਰੀ ਪ੍ਰਬੀਨਤਾ ਪ੍ਰਾਪਤਿ ਸੀ।

## ੫. ਬੂੜੀਏ ਨਿਵਾਸ।

ਕਵੀ ਜੀ ਦੇ ਜਨਮ ਦਾ ਸੰਮਤ ੧੮੪੫ ਪ੍ਰਸਿੱਧ ਹੈ‡। ਤਿੱਥ ਵਾਰ ਤੇ ਮਹੀਨੇ ਦਾ ਥਹੁ

---

*ਗ੍ਯਾਨੀ ਸੰਤ ਸਿੰਘ ਜੀ ਦੀ ਤੁਲਸੀ ਰਾਮਾਇਣ ਦੇ ਟੀਕਾ ਦੇ ਪੜ੍ਹਨ ਤੋਂ ਪਤਾ ਲਗ ਜਾਂਦਾ ਹੈ ਕਿ ਆਪ ਸੰਸਕ੍ਰਿਤ ਦੇ ਪੰਡਤ ਬੀ ਸੈ।

†ਸੰਤ ਗੁਲਾਬ ਸਿੰਘ ਜੀ ਆਪ ਤੋਂ ਪਹਿਲੇ ਹੋਏ ਹਨ। ਉਨ੍ਹਾਂ ਦਾ ਜਨਮ ੧੭੯੯ ਬਿ: ਵਿਚ ਸੇਖਵਾਂ ਪਿੰਡ ਹੋਯਾ। ਆਪ ਦਾ ਅਖੀਰੀ ਗ੍ਰੰਥ ੧੮੪੯ ਬਿ: ਵਿਚ ਲਿਖਿਆ ਗਿਆ ਸੀ।

‡ਇਕ ਮਹੰਤ ਸਾਹਿਬ ਪਾਸ ਕਵੀ ਜੀ ਦੇ ਜਨਮ ਦਾ ਸੰਮਤ ੧੮੪੨ ਇਤਿਹਾਸਿਕ ਯਾਦ ਦਾਸ਼ਤਾਂ ਵਿਚ ਲਿਖਿਆ ਹੋਇਆ ਹੈ।

[ਪਿਛਲੇ ਪੰਨੇ ਦੀ ਬਾਕੀ ਦੀ ਟੂਕ]
ਤੇ ੧੮੨੧ ਈ: ਵਿਚ ਜੀਉਂਦਾ ਦੱਸਦਾ ਹੈ। ਸੋ ਇਸ ਇਤਿਹਾਸਕਾਰ ਨੇ ਤਾਂ ਆਪੇ ਆਪਣੇ ਆਪ ਨੂੰ ਖੰਡਨ ਕਰ ਲਿਆ ਹੈ। ਵਿਸ਼ੇਸ਼ ਖੋਜ ਕੀਤਿਆਂ ਪਤਾ ਲਗਦਾ ਹੈ ਕਿ ਸੰਮਤ ੧੮੭੧ ਵਿਚ ਗਯਾਨੀ ਜੀ ਨੇ ਕਟੜਾ ਆਬਾਦ ਕੀਤਾ, ਜਿਸ ਨੂੰ ਕਟੜਾ ਭਾਈ ਸੰਤ ਸਿੰਘ ਆਖਦੇ ਸਨ। ਹੁਣ ਇਸ ਨੂੰ ਭਾਈ ਦਾ ਕਟੜਾ ਸੱਦਦੇ ਹਨ, ਇਸ ਦੇ ਨਾਲ ਹੀ ਢਾਬ ਭਾਈ ਸੰਤ ਸਿੰਘ ਸੀ, ਜਿਸ ਦੇ ਇਕ ਸਿਰੇ ਖਟੀਕਾਂ ਦੇ ਘਰ ਸਨ। ਮਯੁ: ਕਮੇਟੀ ਨੇ ਇਸ ਨੂੰ ਪੂਰ ਕਰ ਦਿੱਤਾ ਤੇ ਮਗਰੋਂ ਕੁਛ ਹਿੱਸਾ ਹਿੰਦੂਆਂ ਨੂੰ ਦੇ ਦਿੱਤਾ ਜਿਨ੍ਹਾਂ ਨੇ ਇਥੇ ਹਾਈ ਸਕੂਲ ਬਨਾਇਆ ਤੇ ਹੁਣ ਕਾਲਜ ਹੈ। ਫਿਰ ਉਮਦਾਤੁੱਤਵਾਰੀਖ ਦੇ ਸਫਾ ੩੭੦ ਤੋਂ ਪਤਾ ਲਗਦਾ ਹੈ ਕਿ ਸੰਮਤ ੧੮੮੫ ਬਿ: ਵਿਚ ਭਾਈ ਸੰਤ ਸਿੰਘ ਜੀ ਜੀਉਂਦੇ ਸਨ।

ਗਿਆਨੀ ਸੰਤ ਸਿੰਘ ਜੀ ਦੀ ਆਪਣੀ ਲਿਖੀ ਤੁਲਸੀ ਰਾਮਾਇਣ ਦੀ ਟੀਕਾ ਤੋਂ ਪਤਾ ਲਗਦਾ ਹੈ ਕਿ ਸੰਮਤ ੧੮੭੫ ਵਿਚ ਆਪ ਨੇ ਇਹ ਟੀਕਾ ਅਰੰਭ ਕੀਤਾ ਤੇ ੧੮੮੮ ਚੇਤਰ ਵਦੀ ਪੰਚਮੀ ਨੂੰ ਮੁਕਾਇਆ। ਗ਼ਾਲਬਨ ੧੮੮੮ ਵਿਚ ਹੀ ਆਪ ਨੇ ਸ੍ਰੀ ਦਰਬਾਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦਾ ਭੋਗ ਪਾਇਆ ਹੈ। ਤਵਾਰੀਖ ਸ੍ਰੀ ਅੰਮ੍ਰਿਤਸਰ ਵਿਚ ਆਪ ਦੇ ਚਲਾਣੇ ਦਾ ਸੰਮਤ ੧੮੮੮ ਲਿਖਿਆ ਹੈ ਤੇ ਇਹ ਠੀਕ ਜਾਪਦਾ ਹੈ, ਜੋ ਈ: ਸੰਨ ੧੮੩੨ ਨਾਲ ਜਾ ਢੁਕਦਾ ਹੈ।

ਕਿਤੇਂ ਲਿਖਿਆ ਨਹੀਂ ਮਿਲ ਸਕਿਆ ਤੇ ਨਾਂ ਉਨ੍ਹਾਂ ਦੇ ਪਰਿਵਾਰ ਵਿਚ ਕਿਤੇ ਹੈ।ਵਿਦ੍ਯਾ ਪ੍ਰਾਪਤੀ ਦਾ ਹਾਲ ਅਸੀਂ ਦੇ ਆਏ ਹਾਂ। ਪਰ ਜੇ ਸੰਮਤ ਵਾਰ ਵੇਰਵਾ ਲੱਭੀਏ ਤਾਂ ੧੯੪੫ ਤੋਂ ਪਹਿਲੀ ਛਾਲ ਸੰਮਤ ੧੮੭੦ ਤੇ ਵਜਦੀ ਹੈ*। ਜਿਸ ਬਾਬਤ ਅਕਸਮਾਤ ਇਕ ਥਾਵੇਂ ਕਵੀ ਜੀ ਦੀ ਕਲਮ ਲਿਖ ਗਈ ਹੈ ਕਿ ੧੮੭੦ ਵਿਚ ਮੈਂ ਇਕ ਮਹਾਨ ਸਰਦਾਰ ਦੇ ਪਾਸ ਹੁੰਦਾ ਸਾਂ†। ਇਸ ਸੰਮਤ ਵਿਚ ਸਢੌਰੇ ਵਿਚ ਪੀਰ ਬੁੱਧੂ ਸ਼ਾਹ ਦੇ ਘਰ ਦੀ ਕੰਧ ਢੱਠੀ ਜਿਸ ਵਿਚੋਂ ਏਹ ਚੀਜ਼ਾਂ ਨਿਕਲੀਆਂ ਜੋ ਪੀਰ ਜੀ ਅਪਣੇ ਸ਼ਹੀਦ ਹੋਣ ਵੇਲੇ ਕੰਧ ਵਿਚ ਚਿਣ ਗਏ ਸਨ। ਏਹ ਸਨ ਗੁਰੂ ਦਸਮੇਂ ਪਾਤਸ਼ਾਹ ਦੇ ਬਖਸ਼ੇ ਪਦਾਰਥ: ਹੁਕਮ ਨਾਮਾ ਦਸਤਾਰ ਆਦਿਕ। ਪੀਰ ਦੇ ਵੰਸ਼ਜ ਇਹ ਚੀਜ਼ਾਂ ਲੈ ਕੇ ਉਸ ਮਹਾਨ ਸਰਦਾਰ ਪਾਸ ਆਏ ਦਿਖਾਲਣ ਵਾਸਤੇ ਤੇ ਕਵੀ ਜੀ ਬੀ ਤਦੋਂ ਉਸ ਸਰਦਾਰ ਪਾਸ ਰਹਿੰਦੇ ਸਨ†, ਸੋ ਆਪ ਨੇ ਬੀ ਦਰਸ਼ਨ ਕੀਤੇ।

ਸਢੌਰੇ ਦੇ ਕੋਲ ਜੇ ਵੱਡਾ ਸਰਦਾਰ ਘਰਾਣਾ ਉਸ ਸਮੇਂ ਦਾ ਲੱਭੀਏ ਤਾਂ ਬੂੜੀਏ ਦਾ ਹੀ ਮਤਲਬ ਹੈ। ਬੂੜੀਏ ਨੂੰ ਸਮਝਣ ਵਾਸਤੇ ਜ਼ਰਾਕੁ ਵਿਸਥਾਰ ਦੀ ਲੋੜ ਹੈ। ਬੂੜੀਆ, ਅਸਲ ਵਿਚ ਕੋਲੋ ਕੋਲ ਵਸਦੀਆਂ ੪ ਬਸਤੀਆਂ ਦਾ ਨਾਮ ਸੀ। ੧੮੬੩-੬੪ ਈ: ਸਿਨ ਦੀ ਆਰਕਜੋ-ਲਾਜੀਕਲ ਰੀਪੋਰਟ ਵਿਚ ਕਨਿੰਘਮ ਨੇ ੩੮੭੫ ਘਰ ਸਾਰੇ ਦੱਸੇ ਹਨ। ੩੫੦੦ ਬੂੜੀਏਵਿਚ, ੧੫੦ ਘਰ ਦਜਾਲ ਗੜ੍ਹ ਵਿਚ, ੧੦੦ ਮੰਡਲ ਪੁਰ ਤੇ ੧੨੫ ਸੁੱਘ ਵਿਚ। ਪਰ ਹੁਣ ਦਜਾਲ ਗੜ੍ਹ ਵਿਚ ਇਕ ਹਵੇਲੀ ਜਿਹੀ ਬਾਕੀ ਹੈ ਤੇ ਬੂੜੀਏ ਵਿਚ ਤ੍ਰੈ ਚਾਰ ਸੌ ਘਰ; ਬਾਕੀ ਵੈਰਾਨ ਹੋ ਗਏ ਹਨ। ਕਵੀ ਜੀ ਦੇ ਸਮੇਂ, ਜੋ ਉਪਰਲੀ ਰੀਪੋਰਟ ਤੋਂ ਪਹਿਲੇਂ ਦਾ ਸਮਾਂ ਹੈ, ਪਤਾ ਨਹੀਂ ਕੀਹ ਹਾਲ ਸੀ। ਪਰ ਤਦੋਂ ਏਹ ਇਸਤੋਂ ਵੀ ਚੰਗੀ ਵੱਸੋਂ ਦੇ ਟਿਕਾਣੇ ਸਨ। ਹੁਣ ਏਹ ਉੱਜੜਕੇ ਜਗਾਧਰੀ ਵਡੀ ਹੋ ਗਈ ਹੈ। ਤਦੋਂ ਬੂੜੀਆ ਇਕ ਰਿਆਸਤ ਸੀ ਤੇ ਦਜਾਲ ਗੜ੍ਹ ਇਕ ਵਡੀ ਭਾਰੀ ਸਰਦਾਰੀ ਸੀ। ਬੂੜੀਏ ਦੇ ਐਸ਼੍ਵਰਜ ਦੀ ਗੱਲ ਹੁਣ ਤਕ ਓਥੇ ਦੱਸੀਦੀ ਹੈ ਕਿ ਨਾਹਣ ਵਾਲੇ ਬੂੜੀਏ ਨੂੰ ਘੋੜਾ ਤੇ ਬਾਜ਼ ਹਰ ਸਾਲ ਘੱਲਿਆ ਕਰਦੇ ਸੇ। ਬੂੜੀਆ ਤੇ ਦਜਾਲ ਗੜ੍ਹ ਸਿੱਖਾਂ ਨੇ ਕੀਕੂੰ ਲਏ ਤੇ ਕਵੀ ਜੀ ਕੀਕੂੰ ਅੱਪੜੇ ਉਸਦੀ ਵਿਥ੍ਯਾ ਇਹ ਹੈ:—

ਭੰਗੀਆਂ ਦੀ ਮਿਸਲ ਵਿਚੋਂ ਮਾਝੇ ਝਬਾਲ ਮੰਨਨ‡ ਦੇ ਸਰਦਾਰ ਨਾਨੂ ਸਿੰਘ ਨੇ ਆਪਣੇ ਮਿਤ੍ਰ ਰਾਇ ਸਿੰਘ§ ਨੂੰ ਨਾਲ ਲਿਆ ਤੇ ਆਪਣੇ ਲੇਪਾਲਕ ਪੁੱਤ੍ਰ ਭਾਗ ਸਿੰਘ ਨੂੰ ਸਾਥੀ ਬਣਾਇਆ ਤੇ ਮਾਝੇ ਤੋਂ ਟੁਰਕੇ ਬੂੜੀਏ ਤੇ ਜਾ ਕਬਜ਼ਾ ਕੀਤਾ। ਇਹ ਗੱਲ ਸੰਮਤ ੧੮੨੧ ਬਿ: ਦੀ ਹੈ। ਪਹਿਲੇ ਇਥੇ ਨਰਵੜੀਏ ਸਿੰਘਾਂ ਨੇ ਇਕ ਸਾਲ ਤੋਂ ਕਬਜ਼ਾ ਕੀਤਾ ਹੋਇਆ ਸੀ। ਬੂੜੀਏ ਤੇ ਕਬਜ਼ਾ ਕਰ ਲੈਣ ਤੋਂ ਥੋੜੀ ਦੇਰ ਬਾਦ ਔਰੰਗਾਬਾਦ ਦੇ ਪਠਾਣਾਂ ਨੇ ਦਗੇ ਨਾਲ ਵਿਸਾਹ ਕੇ ਨਾਨੂ

---

*ਇਨ੍ਹਾਂ ਮਹੰਤ ਜੀ ਪਾਸ ਹੀ ਇਹ ਨੋਟ ਬੀ ਸੀ ਕਿ ਕਵੀ ਜੀ ਨੇ ਵਿਦ੍ਯਾ ਆਰੰਭ ੧੮੫੨ ਵਿਚ ਕੀਤੀ ਹੈ ਤੇ ਸੰਮਤ ੧੮੬੨ ਤਕ ਪੜ੍ਹਦੇ ਰਹੇ ਹਨ।

†ਅਠ ਦਸ ਸੈ ਸੱਤ੍ਰਹਿ ਬਿਖੈ ਔਚਕ ਗਿਰੀ ਸੁ ਜਾਇ। ਨਿਕਸੀ ਤਬ ਸੰਦੂਕਰੀ ਹੁਕਮ ਪੱਤ੍ਰ ਪਠਿ ਜਾਨਿ। ਰਹਿਤਿ ਹੁਤੇ ਕਵਿ ਜਿਸ ਨਿਕਟ ਸੋ ਸਰਦਾਰ ਮਹਾਨ ॥੫੩॥ [ਰੁ: ੨ ਅੰਸੂ ੩੧

‡ਝਬਾਲ ਨੂਰ ਦੀ ਸਰਾਂ ਤੋਂ ਤ੍ਰੈਕੁ ਮੀਲ ਹੈ।

§ਰਾਇ ਸਿੰਘ ਸਰਦਾਰ ਪਿੰਡ ਚਗ (ਅਲੰਗੀ) ਦਾ ਸੀ ਜੋ ਝਬਾਲ ਦੇ ਨੇੜੇ ਹੀ ਹੈ।

ਸਿੰਘ ਨੂੰ ਮਾਰ ਘੱਤਿਆ। ਪਰ ਨਾਨੂ ਸਿੰਘ ਦੇ ਦਗੇ ਨਾਲ ਮਾਰੇ ਜਾਣ ਦੇ ਗੁੱਸੇ ਵਿਚ ਆਕੇ ਰਾਇ ਸਿੰਘ ਤੇ ਭਾਗ ਸਿੰਘ ਨੇ ਪਠਾਣਾਂ ਨੂੰ ਹਾਰ ਦੇਕੇ ਉਨ੍ਹਾਂ ਦੇ ੨੦੪ ਪਿੰਡਾਂ ਤੇ ਕਬਜ਼ਾ ਕਰਕੇ ਆਪੋ ਵਿਚ ਵੰਡ ਲਏ। ਜਗਾਧਰੀ ਤੇ ਦਜਾਲਗੜ੍ਹ ੮੪ ਪਿੰਡਾਂ ਸਣੇ ਰਾਇ ਸਿੰਘ ਨੇ ਲਏ ਤੇ ਬੁੜੀਆ ੧੨੦ ਪਿੰਡਾਂ ਸਣੇ ਭਾਗ ਸਿੰਘ ਨੇ ਲੈ ਲਿਆ। ੧੮੪੨ ਬਿ: ਵਿਚ ਭਾਗ ਸਿੰਘ ਚੜ੍ਹ ਗਿਆ ਤੇ ਉਸਦਾ ਪੁੱਤ੍ਰ ਸ਼ੇਰ ਸਿੰਘ ਮਾਲਿਕ ਹੋਇਆ। ਇਹ ਸਰਦਾਰ ੧੮੬੧ ਬਿ: ਵਿਚ ਸਹਾਰਨਪੁਰ ਮਾਰਿਆ ਗਿਆ। ਸੋ ਵਾਰਸ ਇਸਦੇ ਦੁਏ ਪੁੱਤ੍ਰ ਸਰਦਾਰ ਜੈਮਲ ਸਿੰਘ ਤੇ ਸਰਦਾਰ ਗੁਲਾਬ ਸਿੰਘ ਹੋਏ। ਸਰਦਾਰ ਜੈਮਲ ਸਿੰਘ ੧੮੭੩ ਵਿਚ ਚੜ੍ਹ ਗਿਆ ਤੇ ਮਾਲਕ ਗੁਲਾਬ ਸਿੰਘ ਹੋਇਆ। ਅਸੀਂ ਦੱਸ ਆਏ ਹਾਂ ਕਿ ਦਿਆਲ ਗੜ੍ਹ ਤੇ ਜਗਾਧਰੀ ੮੪ ਪਿੰਡਾਂ ਸਣੇ ਰਾਇ ਸਿੰਘ ਦੇ ਹਿੱਸੇ ਆਏ ਸੇ। ਪਹਿਲੇ ਬੀ ਸਰਦਾਰੀ ਸੀ, ਸੋ ਇਸਦੀ ਰਾਜਧਾਨੀ ਦਿਆਲ ਗੜ੍ਹ ਰਹੀ। ਰਾਇ ਸਿੰਘਦੇ ਪਿੱਛੋਂ ਉਸਦਾ ਪੁੱਤ੍ਰ ਭਗਵਾਨ ਸਿੰਘ ਹੋਇਆ। ਰਾਇ ਸਿੰਘ ਦਾ ਵੱਡਾ ਜੋਧਾ ਜਰਨੈਲ ਦਿਆਲ ਸਿੰਘ ਸੀ। ਇਹ ਦਿਆਲ ਸਿੰਘ ਅੰਮ੍ਰਿਤ ਛਕਣ ਤੋਂ ਪਹਿਲੇ ਕਵੀ ਸੰਤੋਖ ਸਿੰਘ ਦੀ ਜ਼ਾਤ ਦਾ ਸੀ। ਇਸਦਾ ਰਸੂਖ ਤੇ ਸਤਿਕਾਰ ਦਿਆਲ ਗੜ੍ਹ ਵਿਚ ਬਹੁਤ ਸੀ। ਭਾਈ ਦੇਵਾ ਸਿੰਘ ਨਾਲ ਪਿਛਲੇ ਤਅੱਲਕਾਤ ਹੋਣ ਕਰਕੇ ਕਵੀ ਜੀ ਨੂੰ ਏਹ ਸੱਜਣ ਦਿਆਲ ਗੜ੍ਹ ਲੈ ਗਿਆ ਤੇ ਸਰਦਾਰ ਭਗਵਾਨ ਸਿੰਘ ਦੇ ਦਰਬਾਰ ਦੇ ਕਵੀ ਹੋਣ ਦਾ ਮਾਨ ਕਵੀ ਜੀ ਨੂੰ ਪ੍ਰਾਪਤ ਹੋਇਆ। ਇਸ ਮਹਾਨ ਸਰਦਾਰ ਪਾਸ ਆਪ ਸਨ, ਜਦੋਂ ਸਢੋਰੇ ਤੋਂ ਪੀਰ ਬੁੱਧੂ ਸ਼ਾਹ ਦੇ ਵੰਸ਼ਜ ਅੱਪੜੇ ਤੇ ਓਦੋਂ ਕਵੀ ਜੀ ਦੱਸਦੇ ਹਨ ਕਿ ਸੰਮਤ ੧੮੭੦ ਸੀ। ਤਦੋਂ ਦਜਾਲ ਗੜ੍ਹ ਬੂੜੀਆ ਤੇ ਦੋ ਵਸਤੀਆਂ ਹੋਰ ਸਭ ਨੂੰ ਬੁੜੀਆ ਸੱਦ ਲੈਂਦੇ ਸਨ। ਕਵੀ ਜੀ ਦੀ ਰਿਹਾਇਸ਼, ਖੋਜ ਕਰਨ ਤੋਂ ਦਜਾਲ ਗੜ੍ਹ ਵਿਚ ਸਹੀ ਹੋਈ ਹੈ। ਜਮਨਾਂ ਦੇ ਪੁਰਾਣੇ ਬਹਾਉ ਦੇ ਥਾਂ ਇਕ ਪਉੜੀ ਦਿੱਸਦੀ ਹੈ, ਹੋਰ ਪਉੜੀਆਂ ਦੱਬ ਚੁਕੀਆਂ ਹਨ, ਇਹ ਟਿਕਾਣਾ, ਸਾਨੂੰ ਪਤਾ ਲੱਗਾ ਹੈ, ਉਹ ਸੀ ਜਿੱਥੇ ਕਵੀ ਜੀ ਬਾਣੀ ਦਾ ਪਾਠ ਤੇ ਤਪ ਕਰਿਆ ਕਰਦੇ ਸਨ। ਏਹ ਪਉੜੀਆਂ ਸ: ਰਾਇ ਸਿੰਘ ਦੀ ਵਹੁਟੀ ਰਾਣੀ ਹੁਕਮ ਕੌਰ ਨੇ ਬਣਵਾਈਆਂ ਸਨ।ਇਹ ਬੀ ਪਤਾਲੱਗਾ ਹੈਕਿ ਦਜਾਲ ਸਿੰਘ,ਜੋ ਰਾਇ ਸਿੰਘ ਦਾ ਸੈਨਾਪਤ ਤੇ ਕਵੀ ਜੀ ਦਾ ਪਿੱਛੋਂ ਇੱਕ ਜ਼ਾਤੀਆ ਮਿੱਤ੍ਰ ਸੀ, ਉਸਦੇ ਖਾਨਦਾਨ ਵਿਚ ਕਵੀ ਜੀ ਦਾ ਲੜਕਾ ਬਲਦੇਵ ਸਿੰਘ ਤੇ ਪੋਤਾ ਪ੍ਰਦੁਮਨ ਸਿੰਘ ਵਿਆਹਿਆ ਗਿਆ ਸੀ। ਪੁਤ੍ਰ ਤੇ ਪੋਤਰੇ ਦਾ ਵਿਆਹ ਬਾਢੀ ਮਾਜਰੇ ਹੋਇਆ ਸੀ ਤੇ ਇਹ ਪਿੰਡ ਤਦੋਂ ਦਜਾਲ ਗੜ੍ਹ ਦੇ ਤਹਿਤ ਵਿਚ ਸੀ। ਇਹ ਗਿਰਾਂ ਦਜਾਲ ਗੜ੍ਹ ਤੋਂ ਛੇ ਮੀਲ ਤੇ ਹੈ। ਸੋ ਕਵੀ ਜੀ ਦਾ ਬੂੜੀਆ ਨੂੰ ਆਪਣਾ ਨਿਵਾਸ ਦੱਸਣਾ ਠੀਕ ਹੈ ਕਿਉਂਕਿ ਦਜਾਲ ਗੜ੍ਹ ਬੂੜੀਏ ਦੀ ਵਸਤੀ ਵਿਚ ਸੰਮਿਲਤ ਸੀ। ਹੁਣ ਦਜਾਲ ਗੜ੍ਹ ਵੈਰਾਨ ਹੋ ਚੁਕਾ ਹੈ।

ਜੇ ਸੰਮਤ ੧੮੭੦ ਤੋਂ ਮਗਰੋਂ ਭਾਲ ਕਰੀਏ ਤਾਂ ਕਵੀ ਜੀ ਸ਼੍ਰੀ ਗੁਰ ਨਾਨਕ ਪ੍ਰਕਾਸ਼ ਉ: ਅਧਯਾ ੫੭ ਅੰਕ ੧੦੩ ਵਿਚ ਲਿਖਦੇ ਹਨ ਕਿ 'ਤਿਹ ਤੀਰ ਬੁਰੀਆ ਨਗਰ ਇਕ ਕਵਿ ਨਿਕੇਤ ਲਖੀਏ ਤਹਾਂ'। ਇਹ ਗਲ ਓਹ ਸੰਮਤ ੧੮੮੦ ਵਿਚ ਲਿਖਦੇ ਹਨ ਜਿਸ ਤੋਂ ਸਮਝ ਪਈ ਕਿ ਇਸ ਸੰਮਤ ਵਿਚ ਓਹ ਬੂੜੀਏ ਐਸੇ ਟਿਕ ਗਏ ਸਨ ਕਿ ਉਸਨੂੰ ਅਪਣਾ ਘਰ ਬੀ ਬਣਾ ਲਿਆ ਸੀ। ਕਿਸੇ ਨਵੇਂ ਥਾਂ ਜਾਕੇ ਉਸ ਥਾਂ ਨੂੰ ਆਪਣਾ ਘਰ ਆਦਮੀ ਤਾਂ ਹੀ ਕਹਿੰਦਾ ਹੈ

ਜਾਂ ਓਥੇ ਟਿਕਕੇ ਰਹਿ ਪਵੇ ਤੇ ਰਹਿੰਦਿਆਂ ਮੁੱਦਤ ਹੋ ਜਾਵੇ। ਇਸਦੇ ਟਾਕਰੇ ਤੇ ਦੇਖੋ ਆਪ ੧੮੭੦ ਬਾਬਤ ਕਹਿੰਦੇ ਹਨ ਕਿ 'ਰਹਿਤ ਹੁਤੇ ਕਵਿ ਜਿਸ ਨਿਕਟ ਸੋ ਸਰਦਾਰ ਮਹਾਨ'। ਸੋ ਸਿਧਾਂਤ ਕੀਹ ਨਿਕਲਿਆ ਕਿ ੧੮੭੦ ਵਿਚ ਕਵੀ ਜੀ ਬੂੜੀਏ ਵਿਚ ਅਜੇ ਨਵੇਂ ਨਵੇਂ ਜਾਕੇ ਰਹੇ ਸਨ ਤੇ ਉਸਦਾ ਜ਼ਿਕਰ ਕਰਨ ਵੇਲੇ 'ਰਹਿਤ ਹੁਤੇ' ਪਦ ਵਰਤਦੇ ਹਨ, ਪਰ ੧੮੮੦ ਵਿਚ ਬੂੜੀਏ ਨੂੰ ਘਰ ਕਹਿ ਰਹੇ ਹਨ, ਕਿਉਂਕਿ ਰਹਿੰਦਿਆਂ ਦਸ ਯਾ ਕੁਛ ਵਧੀਕ ਬਰਸ ਹੋ ਗਏ ਹਨ ਤੇ ਓਥੇ ਹੀ ਟਿਕ ਗਏ ਹਨ। ਉਪਰਲੇ ਹਾਲ ਤੋਂ ਥਹੁ ਪਿਆ ਕਿ ਘੱਟ ਤੋਂ ਘੱਟ ੧੮੭੦ ਤੋਂ ੧੮੮੦ ਤਕ ਦਾ ਸਮਾਂ ਕਵੀ ਜੀ ਦਾ ਬੂੜੀਏ ਲੰਘਿਆ ਹੈ ਤੇ ਸੰਭਵ ਹੈ ਕਿ ਸੰਮਤ ੧੮੭੦ ਤੋਂ ਇਕ ਅੱਧ ਬਰਸ ਪਹਿਲੋਂ ਦੇ ਓਥੇ ਜਾਕੇ ਉਸ ਮਹਾਨ ਸਰਦਾਰ ਪਾਸ ਟਿਕੇ ਸਨ।

ਕਵੀ ਜੀ ਦਾ ਵਿਆਹ ਬੂੜੀਏ ਨਿਵਾਸ ਦੇ ਦਿਨਾਂ ਵਿਚ ਜਗਾਧਾਰੀ ਹੋਇਆ ਸੀ। ਜਗਾਧਾਰੀ ਵਿਚ ਰਹਿਣ ਵਾਲੀ ਇਕ ਰੁਹੀਲੇ ਗੋਤ ਦੀ ਬੀਬੀ 'ਰਾਮ ਕੌਰ' ਨੂੰ ਆਪ ਦੀ ਸੁਪਤਨੀ ਹੋਣ ਦਾ ਸੁਭਾਗ ਮਿਲਿਆ। ਕਵੀ ਜੀ ਦਾ ਗੋਤ ਕਰੀਰ ਸੀ। ਕਰੀਰ ਗੋਤ ਵਾਲੇ ਰੁਹੀਲੇ ਗੋਤ ਵਾਲਿਆਂ ਨਾਲ ਨਾਤੇ ਨਹੀਂ ਕਰਦੇ ਹੁੰਦੇ ਸਨ, ਸਗੋਂ ਵਰਤਨੋਂ ਬੀ ਪ੍ਰਹੇਜ਼ ਕਰਦੇ ਸਨ, ਪਰ ਕਵੀ ਜੀ ਨੇ ਏਹ ਅੜ ਤੋੜਕੇ ਇਸ ਗੋਤ ਦੀ ਬੀਬੀ ਵਿਆਹ ਲਈ ਸੀ।

## ੬. 'ਨਾਮ ਕੋਸ਼' ਤੇ 'ਸ਼੍ਰੀ ਗੁਰੂ ਨਾਨਕ ਪ੍ਰਕਾਸ਼'।

ਹੁਣ ਜੇ ਅਸੀਂ ਸੰਮਤ ਵਾਰ ਪਤਾ ਕਰਦੇ ਟੁਰੀ ਚਲੀਏ ਤਾਂ ੧੮੭੦ ਤੋਂ ੧੮੭੮ ਤੇ ਛਾਲ ਜਾ ਵਜਦੀ ਹੈ, ਜਦੋਂ ਦਾ ਆਪ ਪਤਾ ਦੇਂਦੇ ਹਨ ਕਿ ਨਾਮ (ਅਮਰ) ਕੋਸ਼ ਦਾ ਟੀਕਾ ਮੁੱਕਾ ਹੈ। ਇਤਨੇ ਬਰਸ ਆਪ ਓਥੇ ਹੀ ਰਹੇ। ੧੮੭੦ ਤੋਂ ੧੮੭੮ ਤਕ ਆਪ ਕੀਹ ਕਰਦੇ ਰਹੇ? ਵੇਰਵਾ ਨਹੀਂ ਮਿਲਦਾ। ਪਰ ਕਾਵ੍ਯ ਦੀਆਂ ਰਚਨਾਂ, ਵਿਦ੍ਯਾ ਦੇ ਪਠਨ ਪਾਠਨ ਤੇ ਪਰਚੇ ਤੇ ਗੁਰਜਸ ਦੇ ਛੰਦ ਰਚੇ ਜਾਂਦੇ ਰਹੇ ਹਨ। ਹਾਂ ਜਿਸ ਇਕ ਚੋਟੀ ਦੇ ਕੰਮ ਦੀ ਲਿਖਤ ਰਹਿ ਗਈ ਹੈ ਓਹ ਇਹ 'ਨਾਮ ਕੋਸ਼' ਹੈ। ਨਾਮ ਕੋਸ਼ ਸ਼ੁਰੂ ਬੂੜੀਏ ਹੋਇਆ ਤੇ ਮੁੱਕਾ ਅੰਮ੍ਰਿਤਸਰ ਵਿਚ ਹੈ: ਜੈਸਾ ਕਿ ਕਵੀ ਜੀ ਲਿਖਦੇ ਹਨ:—

> ਜਮਨਾ ਤਟ ਜੋ ਬੂਰੀਆ ਗ੍ਰਿੰਥ ਕਰਨ ਲਗ ਤਾਂਹਿ।
> ਆਨਿ ਸੁਧਾਸਰ ਤੀਰ ਪੁਨ ਕਰੀ ਸਮਾਪਤਿ ਯਾਹਿ। ੪੬੫।
> ਸੰਮਤ ਦਸ ਅਸ਼ਟਾ ਸਹਸ ਬਹੁਰ ਅਠੱਤਰਾ ਬੀਤ।
> ਕਿਯੋ ਗ੍ਰਿੰਥ ਪੂਰਨ ਭਲੇ ਗੁਨੀ ਪਢਹਿੰ ਧਰਿ ਚੀਤ। [ਨਾਮ ਕੋਸ਼ ਦੇ ਅੰਤ

ਅਠੱਤਰ ਸੰਮਤ ਦੇ ਬਿਤੀਤ ਹੋਣ ਪਰ ਗ੍ਰੰਥ ਮੁੱਕਾ* ਤੇ ਉਸ ਵੇਲੇ ਆਪ ਸ੍ਰੀ ਅੰਮ੍ਰਿਤਸਰ ਜੀ ਆਏ। ਇਹ ਆਉਣਾ ਬੂੜੀਏ ਛੱਡਣ ਦਾ ਸੂਚਕ ਨਹੀਂ। ਇਹ ਆਉਣਾ ਸ਼੍ਰੀ ਗੁਰ ਨਾਨਕ ਪ੍ਰਕਾਸ਼ ਲਈ ਮਸਾਲਾ ਕੱਠਾ ਕਰਨ ਵਾਸਤੇ ਹੈਸੀ। ਇਹ ਗਲ ਸ਼੍ਰੀ ਗੁਰ ਨਾਨਕ ਪ੍ਰਕਾਸ਼ ਦੇ ਅੰਤ ਵਿਚ ਕਵੀ ਜੀ ਆਪ ਦੱਸਦੇ ਹਨ:—

*ਨਾਮ ਕੋਸ਼ ਗ੍ਰੰਥ, ਕਵੀ ਜੀ ਦੀ ਆਪਣੀ ਕਲਮ ਦਾ ਲਿਖਿਆ ਹੋਇਆ ਅਸਲ ਨੁਸਖਾ ਸਾਨੂੰ ਅਪਣੇ ਪੂਜ੍ਯ ਪਿਤਾ ਸ੍ਰੀ ਮਾਨ ਡਾਕਟਰ ਚਰਨ ਸਿੰਘ ਜੀ ਦੇ ਸੰਦਾਕ ਵਿਚੋਂ ਮਿਲਿਆ ਹੈ।

ਆਦਿ ਸੁਧਾਸਰ ਜੇ ਇਸਥਾਨਾ। ਖੋਜਿ ਖੋਜਿ* ਨੀਕੇ ਬਿਧਿ ਨਾਨਾ।
ਲਿਖੀ ਦੇਖਿ ਕੇਤੀ ਬਹੁ ਥਾਈਂ। ਕੇਤੀ ਸੁਨੀ ਜੁ ਮਨ ਮਹਿਂ ਭਾਈ ॥ ੧੦੪ ॥
ਬੀਨਿ ਬੀਨਿ ਗੁਰ ਮਹਿੰਮਾ ਆਛੀ। ਮਾਖਨ ਜਸੋਂ ਲੀਨੀ, ਤਜਿ ਛਾਛੀ। [ਅਧ: ੫੭

ਇਸ ਤੋਂ ਵਿਦਤ ਹੋ ਗਿਆ ਕਿ ਸ੍ਰੀ ਅੰਮ੍ਰਿਤਸ਼ਰ ਜੀ ਆਉਣ ਦਾ ਪ੍ਰਯੋਜਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਤਿਹਾਸ ਟੋਲਣਾ ਸੀ, ਡੇਢਕ ਬਰਸ ਵਿਚ ਸ੍ਰੀ ਗੁ: ਨਾ: ਪ੍ਰਕਾਸ਼ ਮੁੱਕਾ, ਇਸ ਦੀ ਰਚਨਾ ਬੂੜੀਏ ਹੀ ਹੋਈ; ਜੈਸਾ ਕਿ ਇਸੇ ਗ੍ਰੰਥ ਦੇ ਅੰਤ ਵਿਚ ਲਿਖਦੇ ਹਨ:–

ਤਿਹ ਤੀਰ ਬੁਰੀਆ ਨਗਰ ਇਕ ਕਵਿ ਨਿਕੇਤ ਲਖੀਏ ਤਹਾਂ।
ਕਰਿ ਗ੍ਰੰਥ ਸਮਾਪਤਿ ਕੋ ਭਲੇ ਗੁਰ ਜਸ ਜਿਸ ਮਹਿਂ ਸੁਠ ਮਹਾਂ ॥੧੦੩॥

ਇਹ ਗੰਥ ਬੂੜੀਏ ਵਿਚ ਕਦੋਂ ਮੁੱਕਾ ?

ਏਕ ਆਂਕ ਅਰ ਅਸ਼ਟ ਕਰਿ ਬਹੁਰ ਅਸ਼ਟ ਪਰ ਸ਼ੂਨ।
ਕਾਤਿਕ ਪੂਰਨਮਾਂ ਬਿਖੇ ਭਯੋ ਗ੍ਰੰਥ ਬਿਨ ਊਨ ॥੧੧੦॥

੧੮੭੮ ਦੇ ਅੰਤ ਪਰ ਕੋਸ਼ ਮੱਕਾ ਤੇ ੧੮੮੦ ਦੀ ਕੱਤਕ ਪੂਰਨਮਾਂ ਨੂੰ ਇਹ ਗ੍ਰੰਥ। ਸੋ ਲਗ ਪਗ ਡੇਢ ਬਰਸ ਵਿਚ ਸ੍ਰੀ ਗੁਰ ਨਾਨਕ ਪ੍ਰਕਾਸ਼ ਤਿਆਰ ਹੋਇਆ। ਇਸ ਗ੍ਰੰਥ ਦੀ ਕਵਿਤਾ, ਵਿਦਵਤਾ, ਕਾਵਜ ਦੀ ਸੁੰਦਰਤਾ, ਰਚਨਾਂ ਦੀ ਸਰਲਤਾ ਤੇ ਸੁਤੇ ਪ੍ਰਵਾਹ ਦੱਸਦੇ ਹਨ ਕਿ ਡੇਢ ਬਰਸ ਵਿਚ ਇਤਨਾ ਕੰਮ ਅਸਲੀ ਰਚਨਾਂ ਦਾ ਕਰਨਾ ਭਾਰੀ ਕਮਾਲ ਹੈ,ਦਿਮਾਗ਼ੀ ਮਿਹਨਤ ਦੀ ਅਵਧੀ ਹੈ।

ਜਦੋਂ ਆਪ ਇਹ ਗ੍ਰੰਥ ਰਚਦੇ ਹੁੰਦੇ ਸਨ ਤਾਂ ਨਿਰਾ ਲਿਖਕੇ ਰੱਖੀ ਨਹੀਂ ਸਨ ਜਾਂਦੇ, ਸਗੋਂ ਬੂੜੀਏ ਇਸਦੀ ਹਰ ਰੋਜ਼ ਕਥਾ ਕਰਦੇ ਸਨ ਅਰ ਸ਼੍ਰੋਤੇ ਸੁਣਿਆਂ ਕਰਦੇ ਸਨ। ਸ਼੍ਰੋਤਿਆਂ ਵਿਚ ਚੰਗੇ ਸਮਝਦਾਰ ਬੀ ਸਨ ਜੋ ਉੱਤਰ ਪ੍ਰਸ਼ਨ ਬੀ ਕਰਦੇ ਸਨ। ਇਸ ਵਿਸ਼ੇ ਨੂੰ ਅਸਾਂ ਅੱਗੇ ਚਲਕੇ 'ਕੈਂਥਲ ਨਿਵਾਸ' ਵਿਚ 'ਕਥਾ' ਦੇ ਸਿਰਨਾਵੇਂ ਹੇਠ ਹੋਰ ਖੁਹਲਿਆ ਹੈ। ਰੋਜ਼ ਕਥਾ ਹੋਣ ਕਰਕੇ ਇਸ ਗ੍ਰੰਥ ਦਾ ਚਰਚਾ ਸਿੱਖਾਂ ਵਿਚ ਗ੍ਰੰਥ ਦੇ ਬਣਦੇ ਬਣਦੇ ਫੈਲ ਗਿਆ। ਇਸ ਗ੍ਰੰਥ ਦੇ ਉਤਾਰੇ ਬੀ ਹੋਣ ਲਗ ਪਏ ਤੇ ਥਾਂ ਥਾਂ ਕਥਾ ਅਰੰਭ ਹੋ ਗਈਆਂ।

ਇਹ ਗਲ ਆਪ ਦੀਆਂ ਸਾਰੀਆਂ ਰਚਨਾਂ ਪੜ੍ਹਨ ਤੋਂ ਸਹੀ ਹੋ ਜਾਂਦੀ ਹੈ ਕਿ ਸ੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਆਏ ਮੰਗਲ ਤੇ ਹੋਰ ਗੁਰੂ ਸਤੋਤ੍ਰ ਤੇ ਗੁਰ ਕੀਰਤੀ ਦੇ ਛੰਦ ਸਾਰੇ ਹੀ ਗ੍ਰੰਥ ਰਚਣ ਵੇਲੇ ਦੇ ਨਹੀਂ, ਪਰ ਕਈ ਪਹਿਲੋਂ ਦੇ ਹਨ, ਅਤੇ ਜੋ ਮੌਕਿਆ ਮੌਕਿਆ ਸਿਰ ਬੂੜੀਏ ਰਹਿੰਦਿਆਂ ਰਚੇ ਜਾਂਦੇ ਰਹੇ ਹਨ ਤੇ ਜੋ ਕਵੀ ਜੀ ਨੇ ਗ੍ਰੰਥ ਦੇ ਵਿਚ ਗੁੰਦੇ ਹਨ। ਗੁਰ ਪ੍ਰਤਾਪ ਸੂਰਜ ਵਿਚ ਬੀ ਆਏ ਸ੍ਤੁਤੀ ਦੇ ਕਈ ਛੰਦ, ਜਾਪਦਾ ਹੈ ਕਿ, ਗ੍ਰੰਥ ਰਚਣ ਵੇਲੇ ਰਚੇ ਜਾ ਰਹੇ ਹਨ ਪਰ ਕਵੀ ਜੀ ਦੀ ਤਰਜਮਾ ਕੀਤੀ ਰਾਮਾਯਣ ਦੇ ਪੜ੍ਹਿਆਂ ਪਤਾ ਲੱਗ ਜਾਂਦਾ ਹੈ ਕਿ ਐਸੇ

---

*ਗੁ: ਪ੍ਰ: ਸੂ: ਵਿਚ ਬੀ ਆਪ ਆਪਣੀ ਇਸ ਕੋਸ਼ਸ਼ ਬਾਬਤ ਲਿਖਦੇ ਹਨ:–ਰਹਯੋ ਚਾਹਤੋ ਗੁਰਨ ਬ੍ਰਿਤਾਂਤ (ਰਾ: ੧ ਅੰਸੂ ੫)। ਫਿਰ ਜਦ ਬੁੱਧੂ ਸ਼ਾਹ ਦਾ ਪ੍ਰਸੰਗ ਗੁ: ਪ੍ਰ: ਸੂ: ਵਿਚ ਕੋਈ ੨੫-੨੬ ਵਰ੍ਹੇ ਬਾਦ ਲਿਖਦੇ ਹਨ ਤਾਂ ੧੯੭੦ ਵਾਲੀ ਕੰਧ ਢਹਿਣ ਵਾਲੀ ਗਲ ਦਾ ਪਤਾ ਦੇਂਦੇ ਤੇ ਸੰਮਤ ਦੱਸਦੇ ਹਨ, ਸੋ ਇਸ ਤੋਂ ਪਤਾ ਲੱਗਾ ਕਿ ਇਤਿਹਾਸਿਕ ਘਟਨਾਵਾਂ ਨੂੰ ਆਪ ਲਿਖ ਲਿਆ ਕਰਦੇ ਸਨ।

ਛੰਦ ਕਵੀ ਜੀ ਨੇ ਪਹਿਲੋਂ ਰਚੇ ਹੋਏ ਸਨ। ਇਸ ਤਰ੍ਹਾਂ ਪੱਕੀ ਸੰਭਾਵਨਾ ਹੈ ਕਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਆਏ ਬਹੁਤ ਛੰਦ ਕਵੀ ਜੀ ਦੇ ਪਹਿਲੋਂ ਦੇ ਤੇ ਬੂੜੀਏ ਨਿਵਾਸ ਦੇ ਦਿਨਾਂ ਦੇ ਰਚੇ ਹੋਏ ਸਨ।

[ ਸ਼੍ਰੀ ਗੁਰ ਨਾਨਕ ਪ੍ਰਕਾਸ਼ ਦੀ ਪ੍ਰਸ਼ੰਸਾ। ]

ਇਹ ਗ੍ਰੰਥ ਰਚੇ ਜਾਣ ਪਰ ਹੀ ਆਮ ਸੰਗਤਾਂ ਵਿਚ ਪਸਿੰਦ ਹੋ ਗਿਆ ਸੀ। ਖੋਜ ਕਰਦਿਆਂ ਸਾਨੂੰ ਇਕ ਖਤ ਮਿਲਿਆ ਹੈ ਜੋ ਕਿਸੇ ਗੁਣੀ ਕਵੀ ਨੇ ਇਸ ਗ੍ਰੰਥ ਨੂੰ ਪੜ੍ਹਕੇ ਕਵੀ ਜੀ ਨੂੰ ਲਿਖਿਆ ਹੈ, ਉਸਦਾ ਉਤਾਰਾ ਹੇਠਾਂ ਦੇਂਦੇ ਹਾਂ। ਇਸ ਪੱਤ੍ਰ ਤੋਂ ਪਤਾ ਲਗ ਜਾਏਗਾ ਕਿ ਸਮਕਾਲੀ ਗੁਣੀਆਂ ਨੇ ਕਿਸ ਕਦਰਦਾਨੀ ਦੀ ਨਿਗਾਹ ਨਾਲ ਆਪ ਦੀ ਇਸ ਰਚਨਾ ਨੂੰ ਉਸ ਸਮੇਂ ਜੀਉ ਆਇਆਂ ਨੂੰ ਆਖਿਆ ਸੀ, ਸ਼ੋਕ ਹੈ ਕਿ ਇਸ ਦੇ ਲੇਖਕ ਦਾ ਨਾਮ ਪਤਾ ਠੀਕ ਨਹੀਂ ਲੱਭ ਸਕਿਆ*:—

ੴ ਸਤਿਗੁਰਪ੍ਰਸਾਦਿ ॥

ਦੋਹਰਾ—ਸਤਿਗੁਰ ਤਵ ਹੱਛਨਾ ਕਰੈ ਪੂਰੈ ਮਨ ਕੀ ਇਸ਼੍ਰ[1] ॥
ਗੁਰ ਚਰਿੱਤ੍ਰ ਲਿਖ ਕਾਵ੍ਯ ਮੈਂ ਮੁਖ ਸਸਿ ਕਾਵ੍ਯਾਭਿਸ਼੍ਰ[2] ॥ ੧ ॥
ਰਾਵਰਿ ਕਵਿਤਾ ਮਧੁਰ ਅਤਿ ਯਮਕ ਅਲੰਕ੍ਰਿਤ ਪਾਸ[3] ॥
ਮਨ ਮੋਹਤਿ ਕਵਿ ਕੋਵਿਦਹਿ ਭਾਵ ਬਡੇ ਜਹਿੰ ਭਾਸ[4] ॥ ੨ ॥
ਗੁਰ ਨਾਨਕ ਜਸ ਜੋ ਰਚ੍ਯੋ ਸੁੰਦਰ ਅੰਮ੍ਰਿਤ ਵਾਕ ॥
ਤ੍ਰਵਿਤ ਭਾਵ ਤਾਂ ਮੈਂ ਰਖੇ ਮਨਹਰਿ ਭੂਪਥ ਰਾਂਕ[5] ॥ ੩ ॥
ਕਬਿਤ—ਕਵਿਤਾ ਅਪਾਰ ਹੈ ਕਿ ਗੁਨ ਕੋ ਪਹਾਰ ਹੈ
ਕਿ ਮਾਧੁਰੀ ਅਗਾਰ ਹੈ ਕਿ ਭਾਵ ਕਾਵ ਕੋਸ਼ ਹੈ[6]।
ਭੂਖਨ ਹੈਂ ਕਵਿ ਕੇ, ਕਿ ਦੂਖਨ ਹਾ ਕਵਿ ਕੇ
ਬਿਦੂਖਨ ਕੇ ਬੀਚ ਬੀ ਪ੍ਰਸਿੱਧ ਹਰਿ ਦੋਸ਼ ਹੈ[7]।

---

[1]ਬਾਂਛਾ, ਪਿਆਰੀ ਕਾਮਨਾ, ਮਨ ਇੱਛਤ ਮੁਰਾਦ। [2](ਆਪ ਨੇ) ਚੰਦ ਵਰਗੇ ਮੁਖੜੇ ਤੋਂ ਮਨੋਹਰ ਕਾਵ੍ਯ ਉਚਾਰਕੇ ਗੁਰੂ ਚਰਿੱਤ੍ਰ ਕਵਿਤਾ ਵਿਚ ਲਿਖਿਆ ਹੈ |ਕਾਵ੍ਯ+ਅਭੀਸ਼ਟ=ਵਾਛਤ ਕਾਵ੍ਯ, ਮਨ ਨੂੰ ਹਰਨ ਵਾਲਾ ਕਾਵ੍ਯ|। [3]ਆਪ ਦੀ ਕਵਿਤਾ ਅਤ੍ਯੰਤ ਮਿੱਠੀ ਹੈ (ਤੇ ਜਿਸ ਵਿਚ) ਯਮਕ ਤੇ ਅਲੰਕਾਰਾਂ ਦੀ ਸੁਗੰਧੀ ਹੈ। [4]ਜਿੱਥੇ ਬਹੁਤ ਭਾਵ ਪ੍ਰਕਾਸ਼ ਰਹੇ ਹਨ। [5]ਜੋ ਰਾਜਾ ਰੰਕ ਸਭ ਦੇ ਮਨ ਨੂੰ ਹਰਨ ਵਾਲੇ ਹਨ। [6]ਮਿਠਾਸ ਦਾ ਘਰ ਹੈ ਯਾ ਭਾਵ ਤੇ ਕਾਵ੍ਯ ਦਾ ਖਜ਼ਾਨਾ ਹੈ। [7]ਕਵੀਆਂ ਦਾ (ਅਥਵਾ ਕਵਿਤਾ ਦਾ, ਇਹ ਗ੍ਰੰਥ) ਗਹਿਣਾ ਹੈ, (ਤੇ ਨਾਲ ਹੀ) ਕਵੀਆਂ ਦੇ (ਅਥਵਾ ਕਵਿਤਾ) ਦੇ ਦੂਖਣਾਂ ਨੂੰ ਨਾਸ਼ ਕਰਨ ਵਾਲਾ ਹੈ (ਤੇ ਫਿਰ) ਪੰਡਤਾਂ ਦੇ ਵਿਚ ਬੀ ਦੋਸ਼ਾਂ ਨੂੰ ਹਰਨ ਵਾਲਾ ਇਹ (ਗ੍ਰੰਥ) ਪ੍ਰਸਿੱਧ ਹੈ।

*ਸੱਤਵਾਂ ਛੰਦ ਇਸ ਪੱਤ੍ਰ ਦਾ ਐਉਂ ਅਰੰਭ ਹੋਕੇ:—'ਕਬਿਤ। ਭਾਈ ਗੁਰਦਿਤ ਚੰਦ ਚੰਦ ਸਮ ਸੁ ਜ਼ਾਹਰ' ਅਗੇ ਕਾਗਜ ਫਟਿਆ ਹੋਇਆ ਹੈ ਤੇ ਦੂਜਾ ਟੁਕੜਾ ਨਹੀਂ ਮਿਲਿਆ।

ਬਾਨੀ ਹੀ ਉਤੰਗ ਹੈ, ਸੁ ਅੰਕ ਹੀਉ ਰੰਗ ਹੈ
ਅਨੰਗ ਅੰਗ ਭੰਗ ਕੇ ਬਿਸੂਤ੍ਰਨ ਨਿਸੋਸ ਹੈ[1]।
ਨਾਨਕ ਅਰਥ* ਜੋਊ ਕੀਨੋ ਕਲੀ ਕਲ ਸੋਊ[2]
ਨਾਮ ਤੇ ਸੰਤੋਖ ਸਿੰਘ ਧੀਜਵਰ ਕੋਸ਼ ਹੈ[3] ॥ ੪ ॥
ਕੁੰਡਲ ਕਪੋਲ ਪਰ ਲੋਲ ਕਰੈਂ ਲਹਿ ਲਹਿ
ਮਾਨੋ ਤਿਗਮੰਸ ਸੋਮ ਰਹੀ ਛਬਿ ਛਾਇਕੈ[4]।
ਕਟ ਕਰਵਾਰ ਕਰਿ ਵਾਰ ਦਰੈ ਕਰੀ ਸਿਰ
ਧਰ ਪਰ ਗਿਰਾਧਰ ਧੀਰ ਨਹਿੰ ਕਾਇਕੈ[5]।
ਦਾਮਨ ਦਮਨ ਦਮੈ ਦਿਗ ਦਗੈ ਦਿਲ ਬੀਚ[6]
ਮਤ ਸਮ ਸ਼ੇਰ ਸ਼ਮਸ਼ੇਰ ਮਾਹੋ ਆਇਕੈ।
ਐਸੀ ਹੈ ਕੁਖੇਜਸ ਸੰਤੋਖ ਸਿੰਘ ਇਰ ਬਾਇੰ
ਉਪਮਾਂ ਨ ਬਨੈ ਉਪਮੇਵ ਕਵੀ ਰਾਇਕੈ[7] ॥ ੫ ॥
ਦੋਹਰਾ–ਮੁਖ ਰਵਿ ਕਵਿਤਾ ਕਿਰਨ ਸਮ ਹਰੈ ਛਾਇ ਹਾ ਦੰਭ[8]।
ਗੁਰ ਉਪਮਾ ਸੁਨਿ ਸਿੱਖ ਸਭਿ ਮਾਨੀ ਅਪਨੀ ਸੰਭ[9] ॥ ੬ ॥

## ੭. ਪਟਿਆਲਾ ਨਿਵਾਸ।

ਕਵੀ ਜੀ ਦੀਆਂ ਆਪਣੀਆਂ ਲਿਖਤਾਂ ਵਿਚੋਂ ਪਟਿਆਲੇ ਨਿਵਾਸ ਬਾਬਤ ਕੋਈ ਪੱਕੀ

---

[1]ਕਵਿਤਾ ਵੀ ਉੱਚੀ ਹੈ, ਤੇ ਹਿਰਦੇ ਨੂੰ ਸੁਹਣੇ ਪ੍ਰੇਮ ਵਿਚ ਰੰਗਣ ਵਾਲੀ ਹੈ, (ਮਾਨੋ ਇਹ) ਕਾਮ ਦੇ ਅੰਗ ਭੰਗ ਕਰਨ ਵਾਲੇ (ਸ਼ਿਵਜੀ) ਦੇ ਵਿਸ਼ੇਸ਼ ਮੰਤ੍ਰ ਹਨ, ਜੋ (ਕਾਮ ਨੂੰ) ਦੂਰ ਕਰਦੇ ਹਨ, (ਅਥਵਾ 'ਸ਼ੋਖਣ' ਆਦਿਕ ਕਾਮ ਦੇ ਤੀਰਾਂ ਲਈ ਸ਼ਿਵ ਮੰਤ੍ਰ ਹਨ)। (ਵਿਸੂਤ੍ਰ=ਵਿਸ਼ੇਸ਼ ਸੂਤ੍ਰ, ਵਿਸ਼ੇਸ਼ ਮੰਤ੍ਰ। ਨਿਸੋਸ=ਨਿ+ਸ਼ੋਖਣ=ਵਿਸ਼ੇਸ਼ ਕਰਕੇ ਦੂਰ ਕਰਨਾ)। [2](ਇਸ ਗ੍ਰੰਥ ਵਿਚ) ਜੋ ਨਾਨਕ (ਪਦ ਦਾ) ਅਰਥ (ਤੁਸਾਂ) ਕੀਤਾ ਹੈ (ਉਹ) ਕਲਿਜੁਗ ਨੂੰ ਪਰੇ ਸੱਟਣ ਵਾਲਾ ਹੈ (ਅਥਵਾ ਸੁੰਦਰ) ਹੈ। [3]ਨਾਮ (ਆਪ੍ਦਾ) ਸੰਤੋਖ ਸਿੰਘ ਹੈ ਅਤੇ ਸ੍ਰੇਸ਼ਟ ਬੁੱਧੀ ਦਾ (ਆਪ) ਕੋਸ਼ (ਖਜ਼ਾਨਾ) ਹੋ। [4](ਆਪ ਦੇ ਸੁਹਣੇ ਸੁਹਣੇ) ਕਪੋਲਾਂ ਪਰ ਕੁੰਡਲਾਂ ਦੀ ਲਟਕ ਐਉਂ ਲਹਿ ਲਹਿ ਕਰਦੀ ਸਜ ਰਹੀ ਹੈ ਮਾਨੋ ਸੂਰਜ ਚੰਦ੍ਰਮਾਂ ਦੀ ਛਬੀ (ਇਕੱਠੀ) ਛਾ ਰਹੀ ਹੈ। [ਤਿਗਮਾਂਸ਼=ਸੂਰਜ। ਸੋਮ=ਚੰਦ]। [5]ਲੱਕ (ਨਾਲ ਲਟਕਦੀ) ਤਲਵਾਰ ਵਾਰ ਕਰਨ ਤੇ ਹਾਥੀ ਦਾ ਸਿਰ ਉਡਾ ਦੇਣ ਵਾਲੀ ਹੈ, ਧਰਤੀ ਉਤੇ, ਪਹਾੜਾਂ (ਉਪਰ ਤੇ) ਪਤਾਲ (ਵਿਚ) ਕਿਸੇ ਨੂੰ (ਤਲਵਾਰ ਵੇਖਕੇ) ਧੀਰਜ ਨਹੀਂ (ਰਹਿੰਦੀ) [ਧਰ=ਧਰਤੀ। ਗਿਰ=ਪਹਾੜ। ਅਧਰ=ਹੇਠਾਂ ਦੀ ਦਿਸ਼ਾ, ਪਤਾਲ ॥]। [6](ਸਗੋਂ ਜਦੋਂ) ਬਿਜਲੀ ਦੇ ਚਮਕਣ ਵਾਂਙੂ (ਉਹ) ਚਮਕਦੀ ਹੈ ਤਾਂ ਦਿੱਗਜ ਦਿਲ ਵਿਚ ਡੋਲ ਜਾਂਦੇ ਹਨ। [7]ਹੇ ਕਵੀ ਰਾਇ ਸੰਤੋਖ ਸਿੰਘ! ਐਸੀ ਮੁਸ਼ਕਲ (ਆ ਬਣੀ) ਹੈ, ਕਿ ਬਾਣੀ ਵਿਖੇ ਉਪਮਾ ਨਹੀਂ ਬਣ ਪੈਂਦੀ ਉਪਮੇਯ (ਆਪ) ਜੀ ਦੀ। [ਇਰਾ=ਬਾਣੀ]। [8](ਆਪ ਦਾ) ਮੁੱਖ ਸੂਰਜ ਹੈ ਤੇ ਕਵਿਤਾ ਕਿਰਨਾਂ ਹਨ ਜੋ ਛਾਇਆ ਰੂਪ ਦੰਭਾਂ ਨੂੰ ਹਰਨ ਵਾਲੀਆਂ ਹਨ। [9](ਆਪ ਦੀ ਰਚੀ) ਗੁਰ ਉਪਮਾ ਸੁਣਕੇ ਸਮੂਹ ਸਿੱਖਾਂ ਨੇ ਇਸਨੂੰ ਆਂਪਣੀ ਕਲਯਾਣ ਕਰਤਾ ਮੰਨਿਆ ਹੈ।

*ਦੇਖੋ ਨਾ: ਪ੍ਰ: ਪ੍ਰ: ਅਧਯਾਯ ੪ ਅੰਕ ੫੭।

ਸੂਹ ਨਹੀਂ ਪੈਂਦੀ ਪਰ ਕਵੀ ਜੀ ਸ੍ਰੀ ਗੁਰ ਨਾਨਕ ਪ੍ਰਕਾਸ਼ ਰਚਣ ਦਾ ਜ਼ਿਕਰ ਕਰਕੇ ਕੈਥਲ ਪੁਜਣ ਦੇ ਜ਼ਿਕਰ ਵਿਚਾਲੇ ਗੁ: ਪ੍ਰ: ਸੂ: ਰਾ: ੧ ਅੰਸੂ ੫ ਵਿਚ ਕਹਿੰਦੇ ਹਨ:—'ਪਰਾਲਬਧ ਕਰ ਕਿਤ ਕਿਤ ਰਹੇ'। ਜਿਸ ਤੋਂ ਸਾਫ ਦਿੱਸ ਪਿਆ ਕਿ ਬੂੜੀਏ ਤੇ ਕੈਥਲ ਦੇ ਵਿਚਕਾਰ ਕਿਤੇ ਹੋਰ ਥੇ ਬੀ ਰਹੇ ਹਨ ਅਰ ਇਕ ਥਾਂ ਨਹੀਂ ਪਰ ਕਈ ਥਾਂ। ਹੋਰ ਥੇ ਕਿਤੇ ਰਹਿਣ ਦਾ ਪੱਕਾ ਥਹੁ ਨਹੀਂ ਪੈ ਸਕਿਆ ਪਰ ਪਟਿਆਲੇ ਵਿਚ ਆਪ ਦੇ ਪਰਿਵਾਰ ਦੇ ਸੱਜਣ ਦੁਹਿਤੇ ਪੜੋਤੇ ਆਦਿ ਹੈਨ ਅਤੇ ਸਥਾਨਕ ਖੋਜ ਕੀਤਿਆਂ ਉਨ੍ਹਾਂ ਦੀ ਓਥੇ ਰਿਹਾਇਸ਼ ਤੇ ਰਿਹਾਯਸ਼ ਦੇ ਮਕਾਨ ਦਾ ਥਹੁ ਲਗ ਗਿਆ ਹੈ। ਆਪ ਡੂੰਮਾਂ ਮਰਾਸੀਆਂ ਦੀ ਗਲੀ ਵਿਚ ਹਹੇ ਹੈਨ ਤੇ ਪ੍ਰਸਿੱਧ ਸੰਤ ਬੀਰ ਸਿੰਘ ਜੀ ਦੇ ਡੇਰੇ, ਜੋ ਇਸੇ ਮਹੱਲੇ ਵਿਚ ਹੈ, ਕਥਾ ਕਰਦੇ ਤੇ ਵਿਦਯਾ ਦਾਨ ਦੇਂਦੇ ਰਹੇ ਹਨ।

ਇਸ ਡੇਰੇ ਦੇ ਇਰਦ ਗਿਰਦ ਘੁਮਿਆਰ ਜਾਤੀ ਤੋਂ ਸਜੇ ਸਿੰਘਾਂ ਦੇ ਘਰ ਹੈਨ। ਇਨ੍ਹਾਂ ਤੋਂ ਪਤਾ ਲਗਦਾ ਹੈ ਕਿ ਕਈਆਂ ਦੇ ਬਜ਼ੁਰਗਾਂ ਨੇ ਕਵੀ ਜੀ ਤੋਂ ਵਿਦਯਾ ਪਾਈ ਸੀ। ਇਹ ਬੀ ਨਿਸ਼ਚਿਤ ਗਲ ਹੈ ਕਿ ਆਪ ਏਥੇ ਇਕੱਲੇ ਨਹੀਂ ਆਕੇ ਰਹੇ, ਇਸਤ੍ਰੀ ਸਮੇਤ ਆਏ ਸਨ। ਕੇਵਲ ਇਸ ਡੇਰੇ ਵਿਚ ਕਥਾ ਕਰਨ ਤੋਂ ਇਹ ਸੰਭਾਵਨਾ ਕਰਨੀ ਸ਼ੁਧ ਨਹੀਂ ਕਿ ਕਵੀ ਜੀ ਸੰਤ ਹੋ ਗਏ ਸੇ। ਚਾਹੇ ਸੰਤ ਗ੍ਰਿਹਸਤੀ ਦੋਹਾਂ ਹਾਲਤਾਂ ਵਿਚ ਉਨ੍ਹਾਂ ਦੀ ਸ਼ੋਭਾ ਇਕੋ ਜੇਹੀ ਹੈ, ਪਰ ਇਤਿਹਾਸਿਕ ਅਮਰ ਵਾਕਿਆ ਲੱਭਣ ਲਗਿਆਂ ਇਹੋ ਥਹੁ ਮਿਲਦਾ ਹੈ ਕਿ ਆਪ ਗ੍ਰਿਹਸਤੀ ਸੇ, ਗ੍ਰਿਹਸਤੀ ਰਹੇ ਤੇ ਪਟਿਆਲੇ ਅਪਣੀ ਇਸਤ੍ਰੀ ਸਮੇਤ ਰਹੇ ਤੇ ਅਪਣੇ ਖਾਲਸਾ ਖਿਆਲ ਵਿਚ ਹੀ ਰਹੇ। ਗਿਆਨੀ ਗਿਆਨ ਸਿੰਘ ਜੀ ਨੇ ਅਪਣੀ 'ਨਿਰਮਲ ਪੰਥ ਪ੍ਰਦੀਪਕਾ' ਵਿਚ ਉਨ੍ਹਾਂ ਨਿਰਮਲੇ ਸੰਤਾਂ ਦਾ ਜ਼ਿਕਰ ਕਰਦੇ ਹੋਏ, ਕਿ ਜਿਨ੍ਹਾਂ ਨੇ ਗੁਰੂ ਘਰ ਦੇ ਕੋਈ ਗ੍ਰੰਥ ਲਿਖੇ ਹਨ ਕਵੀ ਜੀ ਦਾ ਨਾਮ ਸੰਤਾਂ ਵਿਚ ਨਹੀਂ ਦਿੱਤਾ। ਗਿਆਨੀ ਜੀ ਨੇ ਦਸਾਂ ਪਾਤਸ਼ਾਹੀਆਂ ਦੇ ਹਾਲ ਲਗ ਪਗ ਗੁਰ ਪ੍ਰਤਾਪ ਸੂਰਜ ਗ੍ਰੰਥ ਤੋਂ ਲਏ ਹਨ ਤੇ ਉਸ ਅਪਣੀ ਤਾਰੀਖ ਖਾਲਸਾ ਨੂੰ 'ਵਾਰਤਿਕ ਸੂਰਜ ਪ੍ਰਕਾਸ਼' ਕਰਕੇ ਬੀ ਲਿਖਿਆ ਹੈ; ਉਥੇ ਬੀ ਆਪ ਨੇ ਕਵੀ ਜੀ ਬਾਬਤ ਕੋਈ ਐਸੀ ਗਲ ਨਹੀਂ ਲਿਖੀ। ਗਿਆਨੀ ਜੀ ਆਪ ਵਿਰਕਤ ਸਾਧੂ ਸੇ, ਪਟਯਾਲੇ ਵੀ ਰਹੇ, ਬਰਨਾਲੇ ਵਾਲੇ ਡੇਰੇ ਦੇ ਬੀ ਪੱਕੇ ਜਾਣੂ ਸੇ, ਕਵੀ ਜੀ ਦੇ ਨਾਮ ਤੇ ਰਚਨਾ ਤੋਂ ਲਾਭ ਕਰਕੇ ਉਨ੍ਹਾਂ ਤੋਂ ਸੱਗਯਾਤ ਸੈ, ਜੇ ਕਵੀ ਜੀ ਸੰਤ ਹੁੰਦੇ ਤਾਂ ਗਿਆਨੀ ਜੀ ਜ਼ਰੂਰ ਲਿਖਦੇ। ਕਵੀ ਜੀ ਆਪ ਆਪਣੀ ਸਾਰੀ ਰੰਚਨਾ ਵਿਚ ਆਪਣੇ ਸੰਤ ਹੋਣ ਦਾ ਯਾ ਕਿਸੇ ਸਾਧੂ ਸੰਤ ਤੋਂ ਦੀਖਯਤ ਹੋਣ ਦਾ ਜ਼ਿਕਰ ਬੀ ਨਹੀਂ ਕਰਦੇ ਤੇ ਜਗਾ ਜਗਾ ਅਪਣੇ ਆਪ ਨੂੰ ਸਿਖ, ਸਿਖਾਂ ਦਾ ਦਾਸ, ਸਿੱਖਾਂ ਦੀ ਚਰਨ ਧੂੜ ਦਾ ਯਾਚਕ ਤੇ ਸਤਿਗੁਰੂ ਤੋਂ ਸਿੱਖੀ ਦੀ ਯਾਚਨਾ ਕਰਨ ਵਾਲਾ ਲਿਖਦੇ ਹਨ:—

ਯਥਾ:—ਗੁਰ ਸਿਖ ਸਿੰਘ ਸਕਲ ਜਗ ਬਯਾਪਤਿ। ਕਰ ਇਸ਼ਨਾਨ ਗੁਰੂ ਨਿਤ ਜਾਪਤਿ ॥
ਤਿਨ ਸਭਿਹਿਨਿ ਕੇ ਚਰਨ ਮਨਾਊਂ। ਪੂਰਨ ਹੋਇ ਗ੍ਰੰਥ ਬਰ ਪਾਊਂ ॥੨੮॥ [ਰੁ: ੧ ਅੰਸੂ ੧

ਤਥਾ:—ਅਬਿ ਮੈਂ ਸਭਿ ਆਗੇ ਕਰ ਜੋਰਿ। ਬਾਰੰਬਾਰ ਨਿਹੋਰਿ ਨਿਹੋਰਿ ॥
ਅਸਿ ਤਿੱਖੀ ਸਿੱਖੀ ਅਸ ਜਾਚਿ। ਚਿਤ ਕੀ ਬ੍ਰਿਤੀ ਸਾਚ ਮਹਿੰ ਰਾਚ ॥੨੮॥ [ਐ: ੨ ਅੰਸੂ੨੬

ਪੁਨਾ:—ਲਾਜ ਰਖ ਨਿਜ ਨਾਮਹਿ ਕੀ ਸਿਖ ਮੈਂ ਤੁਮਰੋ ਜਗ ਮਾਂਹਿ ਕਹਾਵਤਿ। [ਠਾ: ੫ ਧਿ: ੧-੧੩

ਪਟਿਆਲੇ ਆਪ ਕਿਸ ਸੰਮਤ ਵਿਚ ਆਏ, ਕਿਤੋਂ ਲਿਖਤੀ ਪਤਾ ਨਹੀਂ ਚਲਦਾ।

ਸੰਮਤ ਵਾਰ ਟੋਲ ਕਰੀਏ ਤਾਂ ਕਵੀ ਜੀ ਦੀ ਅਪਣੀ ਲਿਖਤ ੧੮੮੦ ਕੱਤਕ ਤੋਂ ਛਾਲ ਮਾਰਕੇ ੧੮੮੬ ਚੇਤ ਵਦੀ ਦੂਜ ਤੇ ਲੈ ਜਾਂਦੀ ਹੈ, ਜਦੋਂ ਆਪ ਨੇ ਗਰਬ ਗੰਜਨੀ ਮੁਕਾਈ ਹੈ ਤੇ ਇਹ ਕੈਥਲ ਮੁਕਾਈ ਹੈ। ਸੋ ਲਗ ਪਗ ਸਾਢੇ ਛੇ ਬਰਸ ਦੇ ਅਰਸੇ ਵਿਚ ਆਪਦਾ ਬੂੜੀਏ ਨੂੰ ਛੱਡਣਾ, ਕਿਤ ਕਿਤ ਰਹਿਣਾ, ਪਟਿਆਲੇ ਰਹਿਣਾ, ਕਥਲ ਜਾਣਾ, ਤੇ ਗਰਬ ਗੰਜਨੀ ਦੀ ਰਚਨਾ ਕਰਨੀ ਸਾਰੇ ਕੰਮ ਹੋ ਗਏ। ਹੁਣ ਬਾਹਰੋਂ ਟੋਲ ਕਰੀਏ ਤਾਂ ਕੈਥਲ ਜਾਣ ਦਾ ਸੰਮਤ ੧੮੮੨ ਲਿਖਯਾ ਮਿਲਦਾ ਹੈ*। ਇਸ ਹਿਸਾਬ ਆਪ ਦੋ ਕੁ ਸਾਲ ਪਟਿਆਲੇ ਰਹੇ। ਖੋਜ ਕਰੋ ਤਾਂ ਕਿਸੇ ਤੋਂ ਛੇ ਮਹੀਨੇ ਹੀ ਰਹਿਣ ਦਾ ਪਤਾ ਲਗਦਾ ਹੈ ਤੇ ਕਿਸੇ ਤੋਂ ਚਾਰ ਪੰਜ ਸਾਲ ਦਾ। ਵਿਦਯਾ ਦੇ ਪਠਨ ਪਾਠਨ ਦੇ ਪਰਚੇ ਤੇ ਇਸ ਗਲ ਦਾ ਅੱਜ ਤੱਕ ਯਾਦ ਰਹਿਣਾ ਤੇ ਉਥੇ ਨਾਤੇਬੰਦੀ ਦੇ ਸੰਬੰਧ ਹੋਣੇ ਛੇ ਮਹੀਨੇ ਵਾਲੀ ਗਲ ਨੂੰ ਤਾਂ ਗ਼ਲਤ ਦੱਸਦੇ ਹਨ†। ਪਟਿਆਲੇ ਕੀਕੂੰ ਗਏ ਤੇ ਨੌਕਰ ਹੋਏ, ਇਸ ਦਾ ਬੀ ਪੱਕਾ ਥਹੁ ਨਹੀਂ ਪੈਂਦਾ। ਇਕ ਰਵਾਯਤ ਇਹ ਹੈ ਕਿ ਪਟਿਆਲਾ ਪਤੀ ਜੀ ਨੇ ਆਪ ਨੂੰ ਭਾਈ ਮੰਝ ਸਿੰਘ ਜੀ ਦੀ ਮਾਰਫਤ ਪਟਿਆਲੇ ਬੁਲਵਾਇਆ ਸੀ, ਪਰ ਇਸ ਦਾ ਸਬੂਤ ਕੋਈ ਨਹੀਂ ਲੱਭਾ। ਕਵੀ ਜੀ ਦੇ ਸ੍ਵੈ ਰਚਿਤ ਦੋ ਕਬਿੱਤ ਲੱਭੇ ਹਨ‡ ਜਿਨ੍ਹਾਂ ਵਿਚ ਬੇਰੁਜ਼ਗਾਰੀ ਦੀ ਕਸ਼ਟਣੀ ਬੜੇ ਦਰਦ ਨਾਲ ਵਰਣਨ ਕੀਤੀ ਹੈ। ਜੇ ਕਰ ਇਹ ਆਪ ਦੀ ਬੇਰੁਜ਼ਗਾਰੀ ਬਾਬਤ ਲਿਖੀ ਇਕ ਪ੍ਰਸ੍ਤਾਵਨਾ ਮਾਤ੍ਰ ਨਾ ਹੋਵੇ ਤੇ ਸ੍ਵੈ ਜੀਵਨੀ ਦੀ ਟੂਕ ਹੋਵੇ ਤਾਂ ਇਸ ਦਾ ਸਮਾਂ ਬੂੜੀਏ ਤੋਂ ਮਗਰੋਂ ਦੀ ਬੇਰੁਜ਼ਗਾਰੀ ਤੇ ਪਟਿਆਲੇ ਦੀ ਨਕਰੀ ਦੇ ਵਿਚ ਹੀ ਢੁੱਕੇਗਾ। ਪਿੱਛੇ ਦੱਸੇ ਉਨ੍ਹਾਂ ਦੇ ਵਾਕ 'ਪਰਾਰਬਧ ਕਰ ਕਿਤ ਕਿਤ ਰਹੇ' ਵਿਚ ਬੀ ਉਦਾਸੀ ਬੋਲੀ ਹੈ, ਉਹ ਬੀ ਨਾਲ ਮੇਲ ਖਾ ਜਾਂਦੀ ਦਿਸਦੀ ਹੈ ਜਿਸ ਵਿਚ ਬੇ ਰੁਜ਼ਗਾਰੀ ਦੀ ਧੁਨੀ ਹੈ। ਇਹ ਸਮਾਂ ਕੈਥਲ ਪੁਜਣ ਤੋਂ ਮਗਰੋਂ ਨਹੀਂ ਆਇਆ, ਇਹ ਗਲ ਅਗਲੇ ਜੀਵਨ ਪੜ੍ਹਨ ਤੋਂ ਸਿੱਧ ਹੋ ਜਾਏਗੀ। ਕੈਥਲ ਪਤੀ ਦੇ ਦੁਆਰੇ ਆਪ ਯਾਚਕ ਹੋ ਕੇ ਗਏ ਹੀ ਨਹੀਂ ਕਿਉਂਕਿ ਉਸ ਬਾਬਤ ਆਪ ਅੱਗੇ ਚੱਲਕੇ ਦੱਸਣਗੇ ਕਿ ਕੈਥਲ ਪਤੀ ਨੇ ਮੈਨੂੰ ਆਪ ਬੁਲਾਕੇ ਆਦਰ ਨਾਲ ਰੱਖਿਆ। ਫਿਰ ਦੂਸਰਾ ਕਬਿੱਤ ਰਾਜਿਆਂ ਦੇ ਦੁਆਰੇ ਯਾਚਨਾਂ ਦਾ ਪਤਾ ਦੇਂਦਾ ਹੈ। ਹੋ ਸਕਦਾ ਹੈ ਕਿ ਬੇ ਰੁਜ਼ਗਾਰ ਹੋਕੇ ਕਿਤ ਕਿਤ ਰਹਿ ਕੇ ਪਟਿਆਲੇ ਨੌਕਰੀ ਪ੍ਰਾਪਤੀ ਦੇ ਜਤਨ ਵਿਚ ਜੋ ਕੋਸ਼ਿਸ਼ ਕਰਨੀ ਪਈ ਹੋਵੇ, ਇਹ ਉਸ ਪੀੜਾ ਦੇ ਇਸ਼ਾਰੇ ਹੋਣ। ਹਰ ਹਾਲ ਕਬਿੱਤ ਸੁਹਣੇ ਹਨ ਤੇ ਹੋ ਸਕਦਾ ਹੈ ਕੋਈ ਹੋਰ ਹਾਲ ਮਿਲ ਜਾਣ ਤੇ ਇਨ੍ਹਾਂ ਦਾ ਠੀਕ ਟਿਕਾਣਾ ਖੁੱਲ੍ਹ ਆਵੇ ਤੇ ਜੇ ਇਹ ਪ੍ਰਸ੍ਤਾਵਨਾ ਮਾਤ੍ਰ ਹਨ ਤਾਂ ਬੇ ਰੁਜ਼ਗਾਰੀ

---

*ਮਹਾਨ ਕੋਸ਼।

†੧੮੮੦ ਤੋਂ ੮੬ ਦਾ ਸਮਾ ਪਟਿਆਲੇ ਮਹਾਰਾਜਾ ਕਰਮ ਸਿੰਘ ਜੀ ਦਾ ਹੈ। ਮਹਾਰਾਜਾ ਸਾਹਿਬ ਸੰਮਤ ੧੮੭੦ ਵਿਚ ਗੱਦੀ ਤੇ ਬੈਠੇ ਤੇ ੧੯੦੨ ਬਿ: ਵਿਚ ਸਚਖੰਡ ਪਧਾਰੇ। ਸੰਮਤ ੧੮੮੦ ਤੋਂ ੮੬ ਦੇ ਸਮੇਂ ਦੇ ਮਹਾਰਾਜਾ ਸਾਹਿਬ ਦੇ ਰੋਜ਼ਨਾਮਚੇ ਮੁਕੰਮਲ ਤੇ ਸਿਲਸਿਲੇ ਵਾਰ ਨਹੀਂ ਮਿਲਦੇ। ਰੋਜ਼ਨਾਮਚਿਆ ਵਿਚੋਂ ਚੰਗੀ ਖੋਜ ਕਰਨ ਪਰ ਬੀ ਕਵੀ ਜੀ ਦੇ ਹਾਲਾਤ ਪਰ ਕੋਈ ਰੌਸ਼ਨੀ ਪ੍ਰਾਪਤ ਨਹੀਂ ਹੋ ਸਕੀ।

‡ਜਿਸ ਕਾਗਤ ਪਰ ਏਹ ਲਿਖੇ ਹਨ ਉਸ ਦੇ ਹਾਸ਼ੀਏ ਪਰ ਲਿਖਿਆ ਹੈ 'ਭਾਈ ਸੰਤੋਖ ਸਿੰਘ ਜੀ ਕਵਿ ਕ੍ਰਿਤ ਦੋਨੋਂ ਕਬਿਤ ਹੈਂ'। ਇਹ ਕਾਗਤ ਮਿਲਿਆ ਬੀ ਕਵੀ ਜੀ ਦੇ ਅਪਣੇ ਕਾਗਤਾਂ ਵਿਚੋਂ ਹੈ।

ਦੀ ਇਕ ਤਸਵੀਰ ਹਨ। ਇਸ ਲਈ ਅਸੀਂ ਏਥੇ ਉਨ੍ਹਾਂ ਨੂੰ ਦੇ ਦੇਂਦੇ ਹਾਂ।

ਕਬਿੱਤ—ਛੂਟਜੋ ਹੈ ਪ੍ਰਾਕ੍ਰਮ[੧] ਔ ਬਿਸਰਜੋ ਹੈ ਨੇਮ ਧ੍ਰਮ ਔਰ ਖੋਈ ਹਜਾਉ ਸ਼੍ਰਮ[੨]
ਅਤਿ ਦੁਖ ਪਾਈਯਤਿ ਹੈ। ਘਰ ਕੇ ਰੁਸਾਨੇ, ਸਭ ਆਪਨੇ ਭਏ ਬਿਗਾਨੇ[੩],
ਨਾਰੀ ਦੇਤਿ ਤਾਨੇ, ਸੁਨ ਸਿਰ ਨਜਾਈਯਤਿ ਹੈ। ਮਿੱਤ੍ਰ ਹੂੰ ਛੁਪਾਏ ਨੈਨ,
ਸੂਧੇ ਹੂੰ ਨ ਬੋਲੈਂ ਬੈਨ, ਮਨ ਮੈਂ ਨ ਧਰੈਂ ਜਾਕੇ ਵਿਗ ਜਾਈਯਤਿ ਹੈ[੪]।
ਦ੍ਵਾਰ ਪੈ ਕਰਜ਼ਦਾਰ ਠਾਂਢੇ ਮੁਖ ਦੇਤਿ ਗਾਰ, ਬਿਨਾ ਰੋਜ਼ਗਾਰ ਰੋਜ਼ ਗਾਰ
ਖਾਈਯਤਿ ਹੈ[੫] ॥ ੧ ॥ ਰੋਜ਼ੀ ਕੀ ਗਰਜ਼ ਰਜੁ ਰਾਜਨ ਕੀ ਰਾਜੀਯਤਿ[੬]
ਪਾਜੀ ਪਾਇ ਪੂਜ ਪਰ ਪੀਰ ਪਾਈਯਤਿ ਹੈ[੭]। ਦਾਸ ਕੌਨ ਦੂਸਰੋ ਨ ਦੇਖੀਆ
ਗ਼ਰਜ਼ ਸਮ[੮] ਬਰਜਿ ਹਟਾਵੇ ਤਾਂ ਪੈ ਫਰ ਜਾਈਯਤਿ ਹੈ[੯]। ਜੀਵਕਾ
ਅਧੀਨ ਦੀਨ ਦੀਨਤਾ ਮੈਂ ਦਾਹ ਕੋ ਨ[੧੦], ਲੋਗ ਔ ਲੁਗਾਈਯਨ ਮੈਂ ਯੂਹੀ
ਗਾਈਯਤਿ ਹੈ[੧੧]:—ਗੁਨ ਕੋ ਗਰੂਰ ਕੂਰ, ਸਾਹਿਬ ਸ਼ਹੂਰ ਭੂਰ[੧੨]! ਅਪਨੀ
ਜਰੂਰ ਜਾ ਜਰੂਰ ਜਾਈਯਤਿ ਹੈ ॥ ੨ ॥

ਇਕ ਹੋਰ ਸਜਨ ਜੀ ਤੋਂ ਇਹ ਵਾਰਤਾ ਮਿਲੀ ਹੈ ਕਿ ਆਪ ਜਦ ਪਟਿਆਲੇ ਨੌਕਰ ਹੋ ਗਏ ਤਾਂ ਆਪ ਨੇ ਕੀਹ ਡਿੱਠਾ ਕਿ ਜਾਤ ਅਭਿਮਾਨੀ ਵਿਦਵਾਨਾਂ ਦਾ ਦਰਬਾਰ ਵਿਚ ਜ਼ੋਰ ਹੈ ਤੇ ਇਕ ਸਿੱਖ ਦੀ ਦਾਲ ਗਲਨੀ ਸੌਖੀ ਗਲ ਨਹੀਂ ਹੈ। ਜਦੋਂ ਕਵੀ ਸਭਾ ਵਿਚ ਆਪ ਗਏ ਤਾਂ ਓਥੇ ਕ੍ਰਿਸ਼ਨ ਲੀਲ੍ਹਾ ਪਰ ਕਵੀਆਂ ਦੀ ਕਾਬਲੀਅਤ ਦੀ ਜ਼ੋਰ ਆਜ਼ਮਾਈ ਹੋ ਰਹੀ ਦੇਖੀ। ਆਪ ਨੂੰ ਬੀ ਏਥੇ ਏਸੇ ਮੈਦਾਨ ਵਿਚ ਆਪਣੇ ਖਿਆਲ ਪ੍ਰਗਟ ਕਰਨੇ ਦੀ ਸਿਫਾਰਸ਼ ਹੋਈ। ਆਪ ਨੇ ਕਿਹਾ ਕਿ 'ਮੇਰਾ ਇਸ਼ਟ ਭਾਵ ਦਸਮੇ ਗੁਰੂ ਕਲਗੀਧਰ ਨਾਲ ਬੱਝਾ ਪਿਆ ਹੈ,ਮੈਂ ਉਸ ਉੱਜਲਤਾ ਦੇ ਮੰਡਲ ਦਾ ਜਸ ਗਾਇਨ ਕਰਨਾ ਚਾਹੁੰਦਾ ਹਾਂ'। ਦੋ ਤ੍ਰੈ ਵੇਰ ਤਾਂ ਇਸ ਉੱਤਰ ਤੇ ਚੁੱਪ ਵਰਤ ਜਾਂਦੀ ਰਹੀ,ਪਰ ਅੰਤ ਆਗਜਾ ਮਿਲੀ, ਆਪ ਕਵਿਤਾ ਕਹਿਣ ਲਗ ਪਏ ਤੇ ਅਪਣੀ ਕਾਵ੍ਯ ਸੁੰਦਰਤਾ ਕਰਕੇ ਉਹ ਸੁਣੀ ਜਾਣ ਲਗ ਪਈ*। ਹੌਲੇ ਹੌਲੇ ਸਾਰੀ ਸਭਾ ਆਪਦੀ ਕਾਬਲੀਅਤ ਨੂੰ ਸਲਾਹੁਣ ਲਗ ਪਈ। ਪਰੰਤੂ ਜੈਸਾ ਕਿ ਭਰਥਰੀ ਹਰੀ ਜੀ ਨੇ ਕਿਹਾ

---

੧ਬਲ ਛੀਨ ਹੋ ਗਿਆ ਹੈ। ੨ਪਤ ਅਬਰੋ ਸਭ ਨਾਸ਼ ਹੋ ਚੁਕੀ ਹੈ। ੩ਸਾਰੇ ਆਪਣੇ (ਸਾਕ ਅੰਗ) ਬਿਗਾਨ ਬਣ ਗਏ ਹਨ। ੪ਜਿਨ੍ਹਾਂ ਦੇ ਕੋਲ ਜਾਈਦਾ ਹੈ ਓਹ ਕੱਖ ਪ੍ਰਵਾਹ ਨਹੀਂ ਕਰਦੇ। ੫ਰੋਜ਼ਗਾਰ ਤੋਂ ਬਿਨਾਂ ਨਿਤ (ਕਰਜ਼ਦਾਰਾਂ ਦੀਆਂ) ਗਾਲਾਂ ਖਾਈਦੀਆਂ ਹਨ। ੬ਰੋਜ਼ੀ ਦੀ ਗ਼ਰਜ਼ ਕਰਕੇ ਰਾਜਿਆਂ ਦੀ ਰੱਸੀ (ਫਾਹੀ, ਨੌਕਰੀ) ਵਿਚ ਬੀ ਖ਼ੁਸ਼ ਹੋਈਦਾ ਹੈ। (ਅ) ਰਾਜਿਆਂ ਦੀ ਧੂੜ ਵਿਚ ਰੁਲੀਦਾ ਹੈ। ੭ਪਾਜੀਆਂ (ਨੀਚਾਂ) ਦੇ ਪੈਰ ਪੂਜੀਦੇ ਹਨ ਪਰ ਫੇਰ ਬੀ ਪੀੜਾ ਹੀ ਮਿਲਦੀ ਹੈ। ੮ਭਾਵ ਗ਼ਰਜ਼ ਵਰਗਾ ਕੋਈ ਹੋਰ ਗ਼ੁਲਾਮ ਨਹੀਂ ਡਿੱਠਾ। ੯(ਜੇਹੜਾ) ਵਰਜਕੇ (ਆਪਣੇ ਬੂਹੇ ਤੋਂ) ਹਟਾ ਦਿੰਦਾ ਹੈ ਉਸੇ ਦੇ (ਦਰ ਤੇ) ਫਿਰ ਜਾਈਦਾ ਹੈ। ੧੦ਜੀਵਕਾ ਦੇ ਅਧੀਨ ਜੋ ਹੈ, ਕੰਗਾਲ ਹੈ, ਤੇ ਕੰਗਾਲੀ ਵਿਚ ਕਿਹੜਾ ਸਾੜ ਨਹੀਂ ਹੈ? (ਭਾਵ ਇਸ ਤੁੱਲ ਦੁਖ ਹੋਰ ਕੋਈ ਨਹੀਂ, ਇਹ ਕੰਗਾਲੀ ਦਾ ਦੁਖ ਹੀ ਸਭਨਾ ਦੁਖਾਂ ਤੋਂ ਵਡਾ ਦੁਖ ਹੈ)। ੧੧(ਇਹ ਕਹਾਵਤ) ਨਰ ਨਾਰੀਆਂ ਵਿਚ ਇਉਂ ਹੀ ਕਹੀ ਜਾਂਦੀ ਹੈ। ੧੨ਗੁਣਾਂ ਦਾ ਗਰੂਰ ਕੂੜ ਹੈ (ਭਾਵੇਂ ਹੇ ਗੁਣੀ ਤੂੰ) ਕਿਡਾ ਹੀ ਵਡਾ ਦਾਨਾ (ਕਿਉਂ ਨਾਂ) ਹੋਵੇਂ।

*ਆਪਦੇ ਵੇਲੇ ਕੁਵੇਲੇ ਗੁਰੂ ਯਸ਼ ਬਾਬਤ ਰਚੇ ਛੰਦ ਗੁ: ਪ੍ਰ: ਸੂ: ਦੇ ਮੰਗਲਾਂ ਵਿਚ ਜਟਿਤ ਹਨ।

ਹੈ 'ਬੋਧਾਰੋ ਮਤਸ਼ਰ ਗ੍ਰਸਤਾ:*' ਉੱਚ ਜਾਤੀ ਦੇ ਅਭਿਮਾਨ ਵਾਲੇ ਦਰਬਾਰੀ ਵਿਦਵਾਨਾਂ ਦੀ ਇਹੋ ਸਲਾਹ ਠਹਿਰੀ ਕਿ ਕਿਵੇਂ ਨਵੀਨ ਕਵੀ ਜੀ ਦੇ ਪੈਰ ਨਾਂ ਲੱਗਣ। ਸੋ ਕਵੀਆਂ ਦੇ ਸਨਮਾਨੇ ਜਾਣ ਵੇਲੇ ਆਪ ਨੂੰ ਸਿਰੋਪਾਉ ਵਜੋਂ ਇਕ ਸੌ ਰੁਪਯਾ ਤੇ ਦੁਸ਼ਾਲਾ ਪੇਸ਼ ਹੋਇਆ। ਦੂਸਰਿਆਂ ਦੇ ਮੁਕਾਬਲੇ ਤੇ ਇਹ ਛੋਟੀ ਭੇਟਾ ਹੱਤਕ ਵਾਲੀ ਗਲ ਸੀ। ਸ਼ੁਰੂ ਸ਼ੁਰੂ ਵਿਚ ਕਵੀ ਜੀ ਨੂੰ 'ਪੇਂਡੂ' ਆਦਿ ਪਦਾਂ ਨਾਲ ਯਾਦ ਕੀਤਾ ਜਾਂਦਾ ਸੀ, ਜਿਸਦੀ ਸੂਹ ਕਵੀ ਜੀ ਨੂੰ ਪੈ ਜਾਂਦੀ ਸੀ। ਕਵੀ ਜੀ ਨੇ ਜਨਾਉਣਾ ਤਾਂ ਕੁਛ ਨਾ ਪਰ ਉਨ੍ਹਾਂ ਦੀ ਪ੍ਰਬੀਨਤਾ ਨੇ ਆਪਣੇ ਲਈ ਸਨਮਾਨ ਪੈਦਾ ਕਰ ਹੀ ਲਿਆ ਤੇ ਸ੍ਰੀ ਮਹਾਰਾਜਾ ਜੀ ਪਰ ਬੀ ਆਪ ਦੀ ਪ੍ਰਬੀਨਤਾ ਦਾ ਅਸਰ ਹੋ ਗਿਆ। ਹੁਣ ਪਟਿਆਲੇ ਵਿਚ ਆਪ ਰਾਜ ਕਵੀਆਂ ਵਿਚ ਸਨ, ਰਸਦਾਂ ਲਗੀਆਂ ਸਨ, ਰੁਜ਼ੀਨਾ ਮਿਲਦਾ ਸੀ ਤੇ ਹੋਰ ਸਨਮਾਨ ਬੀ ਪ੍ਰਾਪਤ ਸੀ। ਕੇਵਲ ਦਰਬਾਰ ਦੇ ਉੱਚ ਜ਼ਾਤੀ ਦੇ ਘਮੰਡ ਵਾਲੇ ਵਿਦਵਾਨਾਂ ਦੀ ਖੁਣਸ ਸੁਖਦਾਈ ਵਸਤੂ ਨਹੀਂ ਸੀ।

[ਸ੍ਰੀ ਕਲਗੀਧਰ ਜੀ ਦੀਆਂ ਬੰਦੂਕਾਂ]

ਸ੍ਰੀ ਗੁ: ਪ੍ਰ: ਸੂਰਜ ਰੁਤ ੫ ਅੰਸੂ ੫੧ ਅੰਕ ੩੫ ਵਿਚ ਕਵੀ ਜੀ ਨੇ ਸ੍ਰੀ ਦਸਮੇਸ਼ ਪਿਤਾ ਜੀ ਦੀ ਸ਼ਮਸ਼ੇਰ ਪਰ ਇਕ ਕਬਿੱਤ ਡਾਢਾ ਸੁੰਦਰ ਲਿਖਯਾ ਹੈ। ਇਹ ਕਬਿੱਤ 'ਗਰਬ ਗੰਜਨੀ' ਵਿਚ ਬੀ ਆਇਆ ਹੈ। ਆਪ ਨੇ ਰੁਤ ੬ ਅੰਸੂ ੧੭ ਦੇ ਅੰਕ ੪੬, ੪੭ ਵਿਚ ਦਸਮੇਸ਼ ਪਿਤਾ ਜੀ ਦੀਆਂ ਤੋਪਾਂ (ਬਾਘਨ ਤੇ ਬਿੱਜ ਘੋਖ) ਪਰ ਦੋ ਕਬਿੱਤ ਅਤਿ ਮਨਮੋਹਨ ਲਿਖੇ ਹਨ। ਇਸੀ ਤਰ੍ਹਾਂ ਆਪ ਨੇ ਸ੍ਰੀਗੁਰੂ ਜੀ ਦੀਆਂ ਬੰਦੂਕਾਂ ਦਾ ਇਕ ਛੰਦ ਬੜੀ ਜ਼ੋਰਦਾਰ ਰਚਨਾਂ ਵਿਚ ਰਚਿਆ, ਉਹ ਕਿਸੇ ਗ੍ਰੰਥ ਵਿਚ ਚੜ੍ਹਨੋਂ ਰਹਿ ਗਿਆ। ਜਾਪਦਾ ਹੈ ਕਿ ਇਹ ਰਚਨਾਂ ਪਟਿਆਲੇ ਨਿਵਾਸ ਦੇ ਦਿਨਾਂ ਦੀ ਦਰਬਾਰ ਵਿਚ ਕਿਸੇ ਸਮੇਂ ਉਚਾਰੀ ਹੈ, ਇਸ ਖ਼ਯਾਲ ਤੇ ਇਸ ਕਬਿੱਤ ਨੂੰ ਅਸੀਂ ਇਸ ਥਾਵੇਂ ਦੇਂਦੇ ਹਾਂ।

ਜ਼ਹਿਰ ਕੀ ਜੌਹਰ ਕੈ ਕਹਿਰ ਕੀ ਕਰਾਮਾਤ,
ਕਾਲਕਾ ਕਰਾਲ ਕੀ ਕੈ ਬਡੀ ਬਡੀ ਕੂਕੇ ਹੈਂ[੧]।
ਬੀਜਰੀ ਕੋ ਪੁੰਜ ਹੈ, ਕਿ ਕਾਲ ਹੂੰ ਕੀ ਕੁੰਜ ਹੈ[੨]
ਜਮਾਤ ਜਮ ਗੁੰਜ ਹੈ ਕਿ ਸਰਪਨ ਸੀ ਸੂਕੈ ਹੈਂ[੩]।
ਕਲਹ ਕੀ ਕੁਲਾਹਲ, ਹਲਾਹਲ ਕੀ ਨਲਕੀ ਹੈਂ[੪]
ਭਨਤਿ ਸੰਤੋਖ ਸਿੰਘ ਪਾਵਕ ਭਭੂਕੇ ਹੈਂ।
ਅਜਬ ਗਜਬ ਹੈ ਕਿ ਕੋਪ ਲਬਾਲਬ ਹੈ[੫]
ਕਿ ਮਜ਼ਬ ਕੀ ਬਿਜੈ ਹੈ ਕਿ ਗੁਰੂ ਕੀ ਬੰਦੂਕੇ ਹੈਂ[੬]।

---

੧ਯਾ (ਇਹ) ਭਯਾਨਕ ਕਾਲਕਾ ਦੀਆਂ ਵਡੀਆਂ ਵਡੀਆਂ ਕੂਕਾਂ ਹੈਨ। ੨ਯਾ ਕਾਲ ਦਾ ਘਰ (ਕੁੰਜ) ਹੈਨ (ਭਾਵ ਕਾਲ ਇਨ੍ਹਾਂ ਵਿਚ ਵਸਦਾ ਹੈ)। ੩ਯਾ ਏਹ ਜਮਾਂ ਦੀ ਜਮਾਤ ਦੀਆਂ ਗੂੰਜਾਂ (ਪ੍ਰਤੱਖ ਰੂਪ ਧਾਰੀ) ਹਨ ਯਾ ਸੱਪਾਂ ਦੀਆਂ ਸ਼ੂਕਾਂ (ਫੁਕਾਰੇ) ਹਨ। ੪ਕਲਹ ਦਾ ਇਹ ਮੰਗਲ ਹਨ ਯਾ ਜ਼ਹਿਰ ਦੀਆਂ ਨਲਕੀਆਂ ਹੈਨ। ੫(ਏਹ ਇਕ) ਅਨੋਖਾ ਗਜ਼ਬ ਹਨ ਯਾ (ਸਰਬੰਗ) ਪਰਿਪੂਰਣ ਕੋਪ ਹਨ। ੬ਯਾ (ਏਹ) ਧਰਮ (ਯੁੱਧ) ਦੀ ਬਿਜੈ ਦਾ ਰੂਪ ਹਨ ਯਾ ਗੁਰੂ ਜੀ ਦੀਆਂ ਬੰਦੂਕਾਂ ਹਨ।

*ਅਰਥਾਤ ਵਿਦਵਾਨ ਲੋਕ ਈਰਖਾ ਵਿਚ ਗ੍ਰਸੇ ਹੋਏ ਹਨ।

## ੮. ਕੈਥਲ ਨਿਵਾਸ।

ਕੈਥਲ ਜਾਣਾ ਕੀਕੂੰ ਹੋਇਆ, ਕੋਈ ਲਿਖਤੀ ਗਲ ਕਵੀ ਕਲਮ ਦੀ ਵਿਸਥਾਰ ਵਾਲੀ ਨਹੀਂ ਮਿਲਦੀ। ਸੁਣੀਦਾ ਹੈ ਕਿ ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੀਆਂ ਖ਼ੂਬੀਆਂ ਤੋਂ ਜਾਣੂ ਹੋਕੇ ਕੈਥਲਪਤੀ ਨੇ ਆਪ ਨੂੰ ਸਦਿਆ ਹੈ। ਆਮ ਪ੍ਰਸਿਧ ਗਲ ਇਹ ਹੈ ਕਵੀ ਜੀ ਦੇ ਗੁਣਾਂ ਦੀ ਕੀਰਤੀ ਸੁਣਕੇ ਤੇ ਰਚਨਾ ਵੇਖਕੇ ਕੈਥਲ ਪਤੀ ਜੀ ਨੇ ਆਪਨੂੰ ਪਟਿਆਲਾ ਪਤੀ ਮਹਾਰਾਜ ਕਰਮ ਸਿੰਘ ਜੀ ਤੋਂ ਮੰਗ ਲਿਆ ਤੇ ਉਨ੍ਹਾਂ ਨੇ ਆਪਨੂੰ ਖੁਸ਼ੀ ਨਾਲ ਕੈਥਲ ਘੱਲ ਦਿੱਤਾ। ਆਪ ਦੀ ਕੁਲ ਵਿਚੋਂ ਬੀ ਇਸੇ ਗਲ ਦੀ ਪੁਸ਼ਟੀ ਹੁੰਦੀ ਹੈ, ਪਰੰਤੂ ਇਕ ਗਲ ਪੂਰੀ ਨਿਸ਼ਚਿਤ ਹੈ ਕਿ ਕੈਥਲ ਪਤੀ ਮਹਾਰਾਜ ਭਾਈ ਉਦਯ ਸਿੰਘ ਜੀ ਨੇ ਆਪ ਨੂੰ ਆਪ ਬੁਲਵਾਕੇ ਆਪਣੇ ਪਾਸ ਆਦਰ ਨਾਲ ਰਖਿਆ ਹੈ, ਜੈਸਾ ਕਿ ਕਵੀ ਜੀ ਲਿਖਦੇ ਹਨ—

ਚੌਪਈ-ਉਦਯ ਸਿੰਘ ਬਡ ਭੂਪ ਬਹਾਦੁਰ। ਕਵਿ ਬੁਲਾਇ ਰਾਖ੍ਯੋ ਵਿਗ ਸਾਦਰ।

ਕੈਥਲ ਵਿਚ ਰਹਿਕੇ ਆਪ ਦੀ ਉਪਜੀਵਕਾ ਕਿਸ ਪ੍ਰਕਾਰ ਹੋਈ? ਪਤਾ ਲਗਦਾ ਹੈ ਕਿ ਰਹਿਣ ਨੂੰ ਮਕਾਨ ਚੰਗਾ ਵੱਡਾ ਮਿਲ ਗਿਆ*। ਆਖਦੇ ਹਨ ਕਿ ਇਸ ਮਕਾਨ ਦੀ ਡਿਉਢ਼ੀ ਵਿਚੋਂ ਤਦੋਂ ਹਾਥੀ ਅੰਦਰ ਲੰਘ ਜਾਂਦਾ ਸੀ। ਇਸਦੇ ਦਰਵਾਜ਼ਿਆਂ ਤੇ ਇਮਾਰਤੀ ਸ਼ੇਰ ਸਨ ਜਿਸ ਕਰਕੇ ਹੁਣ ਤਕ ਇਸਨੂੰ ਸ਼ੇਰਾਂ ਵਾਲੀ ਹਵੇਲੀ ਆਖਦੇ ਹਨ।ਇਸ ਹਵੇਲੀ ਦਾ ਦਰਵਾਜ਼ਾ ਹੁਣ ਜ਼ਰਾ ਬਦਲ ਗਿਆ ਹੈ।ਸਵਾਰੀ ਆਪਨੂੰ ਸਰਕਾਰੀ ਮਿਲਦੀ ਸੀ ਤੇ ਹਾਥੀ ਦੀ ਸਵਾਰੀ ਬੀ ਮਿਲਦੀ ਸੀ। ਰਸਦਾਂ ਬੀ ਖੁੱਲ੍ਹੀਆਂ ਲਗ ਗਈਆਂ ਸਨ, ੨) ਰੋਜ਼ ਜੇਬ ਖਰਚ ਮਿਲਦਾ ਸੀ ਤੇ ਅੱਧੇ ਪਿੰਡ ਦੀ ਆਮਦਨੀ ਛੇ ਮਹੀਨੇ ਬਾਦ ਹੋਰ ਮਿਲ ਜਾਂਦੀ ਸੀ।ਇਸਤੋਂ ਮਗਰੋਂ ਇਕ ਗਿਰਾਂ ਇਨਾਮ ਮਿਲਿਆ ਸੀ, ਜੈਸਾ ਕਿ ਰਾਮਾਯਨ ਦੇ ਟੀਕੇ ਵਿਚ ਆਪ ਦੱਸਦੇ ਹਨ ਕਿ ਕੈਥਲ ਨਾਥ ਨੇ ਇਸ ਟੀਕੇ ਪਰ ਪ੍ਰਸੰਨ ਹੋਕੇ ਮੋਥਲੀ ਨਾਮੇ ਪਿੰਡ ਮੈਨੂੰ ਬਖਸ਼ੀਸ਼ ਕੀਤਾ, ਇਹ ਗੱਲ ੧੮੯੧ ਸੰਮਤ ਦੀ ਹੈ। ਪਰ ਇਸ ਤੋਂ ਅਨੁਮਾਨ ਇਹੋ ਲਗਦਾ ਹੈ ਕਿ ਇਸ ਤੋਂ ਪਹਿਲੋਂ ਬੀ ਆਪ ਦੀ ਉਪਜੀਵਕਾ ਦਾ ਪ੍ਰਬੰਧ ਸਨਮਾਨ ਵਾਲਾ ਸੀ ਤੇ ਆਪ ਸਾਰੀ ਆਯੂ ਚੰਗੀ ਆਸੂਦਾ ਹਾਲਤ ਵਿਚ ਕੈਥਲ ਰਹੇ ਹਨ ਤੇ ਮਹਾਰਾਜ ਆਪ ਦੀ ਹਰ ਤਰ੍ਹਾਂ ਪ੍ਰਤਿਪਾਲਾ ਕਰਦੇ ਰਹੇ ਹਨ†।

---

*ਇਹ ਹਵੇਲੀ ਬ੍ਰਹਮਣਾਂ ਦੇ ਮਹੱਲੇ ਵਿਚ ਹੈ। ਕਵੀ ਜੀ ਦੇ ਚਾਰ ਲੜਕੇ ਮਿਲਕੇ ਇਹ ਹਜ਼ਾਰ ਕੁ ਨੂੰ ਵੇਚ ਚੁਕੇ ਸੁਣੀਂਦੇ ਹਨ ਤੇ ਹੁਣ ਇਹ ਕਿਸੇ ਮਹਾਜਨ ਸ਼ਾਹੂਕਾਰ ਪਾਸ ਹੈ। ਉਂਞ ਹਵੇਲੀ ਬੜੀ ਹੈ ਤੇ ਸ਼ਹਿਰ ਦੇ ਵਿਚਕਾਰ ਹੈ। ਇਸ ਵੇਲੇ ਜਦ ਕੈਥਲ ਮਾਮੂਲੀ ਕਸਬਾ ਰਹਿ ਗਿਆ ਹੈ ਇਸ ਦੀ ਕੀਮਤ ਦਸ ਪੰਦਰਾਂ ਹਜ਼ਾਰ ਖ਼ਿਆਲੀ ਜਾਂਦੀ ਹੈ।

†ਇਹ ਬੀ ਕਹਿੰਦੇ ਹਨ ਕਿ ਗੁਰ ਪ੍ਰਤਾਪ ਸੂਰਜ ਗ੍ਰੰਥ ਰਚਣ ਦੇ ਦਿਨਾਂ ਵਿਚ ਹੋਰ ਪਿੰਡ ਬੀ ਮਿਲੇ, ਪਰ ਕਵੀ ਜੀ ਦਾ ਲੇਖ ਨਹੀਂ ਮਿਲਦਾ। ਕਵੀ ਜੀ ਦੀ ਪੋਤੀ ਬੀਬੀ ਆਸ ਕੌਰ ਜੋ ਇਸ ਵਲੇ ੭੦ ਕੁ ਬਰਸ ਦੇ ਹਨ ਤੇ ਬੁਢਲਾਡੇ ਰਹਿੰਦੇ ਹਨ ਤੋਂ ਪਤਾ ਲਗਾ ਹੈ ਕਿ ਕਵੀ ਜੀ ਦੇ ਚਲਾਣੇ ਮਗਰੋਂ ਏਹ ਕੁਛ ਚਿਰ ਕੈਥਲ ਵਿਚ ਆਪਣੀ ਦਾਦੀ ਜੀ ਪਾਸ ਰਹੇ ਹਨ, ਉਨ੍ਹਾਂ ਦੀ ਸ਼ਾਦੀ ਬੀ ਦਾਦੀ (ਕਵੀ ਜੀ ਦੀ ਇਸਤ੍ਰੀ ਬੀਬੀ ਰਾਮ ਕੌਰ) ਨੇ ਕੀਤੀ ਸੀ। ਬੀਬੀ ਜੀ ਦਸਦੇ ਹਨ ਕਿ ਕਵੀ ਜੀ ਦੇ ਚਲਾਣੇ ਮਗਰੋਂ ਬੀ ਸਾਡੇ ਘਰ ਤ੍ਰੈ ਪਿੰਡਾਂ ਤੋਂ ਦੁਇ ਫਸਲਾਂ ਤੇ ਚਾਵਲ ਮੱਕੀ ਕਣਕ ਖੁੱਲ੍ਹੇ ਆਉਂਦੇ ਸਨ। ਜਿਸ ਤੋਂ ਪਤਾ ਲੱਗਾ ਹੈ ਕਿ ਤ੍ਰੈ ਪਿੰਡ ਕਵੀ ਜੀ ਪਾਸ਼ ਘਟ ਤੋਂ ਘਟ ਐਸੇ ਸਨ ਕਿ ਜਿਨ੍ਹਾਂ ਦਾ ਹਾਸਲ, ਚਾਹੇ ਸਾਰਾ ਚਾਹੇ ਥੋੜਾ, ਉਨ੍ਹਾਂ ਨੂੰ ਮਿਲਦਾ ਸੀ।

ਕਵੀ ਜੀ ਦੇ ਕਾਵਜ ਤੇ ਗਰ ਇਤਿਹਾਸ ਦੇ ਪ੍ਰਸੰਗ ਕੱਠੇ ਕਰਕੇ ਲਿਖਣੇ ਦੀ ਜੋ ਸੇਵਾ ਹੈ ਬੜੀ ਕਦਰ ਯੋਗ ਹੈ, ਪਰ ਇਸਦੇ ਨਾਲ ਭਾਈ ਉਦਯ ਸਿੰਘ ਮਹਾਰਾਜ ਬੀ ਕਦਰ ਦੇ ਯੋਗ ਹਨ। ਕਿਉਂਕਿ ਕਈ ਵੇਰ ਗੁਣੀ ਦੇ ਗੁਣ ਦੀ ਪ੍ਰਫੁੱਲਤਾਈ ਗੁਣਗ੍ਰਾਹਕ ਦੀ ਕਦਰ ਨਾਲ ਹੋਈ ਹੈ ਤੇ ਗੁਣਗ੍ਰਾਹਕ ਉਹੋ ਹੋ ਸਕਦਾ ਹੈ ਜੋ ਆਪ ਗੁਣ ਦਾ ਰਸਿਕ ਹੋਵੇ। ਕਈ ਗੁਣੀ ਸੰਸਾਰ ਵਿਚ ਆਏ, ਗੁਣ ਗ੍ਰਾਹਕ ਦੇ ਨਾ ਮਿਲਣ ਕਰਕੇ ਉਨ੍ਹਾਂ ਨੂੰ ਰਿਜ਼ਕ ਰੋਟੀ ਦੇ ਭਾਰ ਨੇ ਨੱਪ ਲਿਆ ਤੇ ਗੁਣ ਅਣਮੋਲਿਆ ਹੀ ਉਨ੍ਹਾਂ ਦੇ ਸਰੀਰ ਨਾਲ ਟਰ ਗਿਆ। ਗੁਣ ਗ੍ਰਾਹਕ ਜੋ ਗੁਣੀਂ ਨੂੰ ਰਿਜ਼ਕ ਰੋਟੀ ਤੋਂ ਸੁਬਕਦੋਸ਼ ਕਰਦਾ ਹੈ ਯਾ ਉਸਨੂੰ ਲੋੜਾਂ, ਥੁੜਾਂ ਤੇ ਮੁਸ਼ਕਲਾਂ ਵੇਲੇ ਸਹਾਈ ਹੁੰਦਾ ਹੈ, ਉਸਦੇ ਗੁਣ ਨੂੰ ਵਧੇਰੇ ਉੱਚਾ ਹੋਣ ਦਾ ਮੌਕਾ ਦੇਂਦਾ ਹੈ। ਇਹ ਠੀਕ ਹੈ ਕਿ ਕਈ ਗੁਣੀ ਗ਼ਰੀਬੀ ਤੇ ਦੁਖਾਂ ਵਿਚ ਸਾਂਈਂ ਮਿਹਰ ਨਾਲ ਉੱਚੇ ਉਠੇ, ਮੁਸ਼ਕਲਾਂ ਹੱਲ ਕੀਤੀਆਂ ਤੇ ਫਿਰ ਗੁਣੇ ਦਾ ਚਮਤਕਾਰ ਬੀ ਦਿਖਾ ਗਏ, ਪਰ ਜੇ ਕਦੇ ਓਹ ਰਿਜ਼ਕ ਰੋਟੀ ਦੀ ਚਿੰਤਾ ਦੇ ਕਸ਼ਟਾਂ ਤੋਂ ਸੁਖੇਰੇ ਰੱਖੇ ਜਾਂਦੇ ਤਾਂ ਖ਼ਬਰੇ ਉਨ੍ਹਾਂ ਦਾ ਗੁਣ ਕਿੰਨਾਂ ਕੁ ਵਧੀਕ ਮੌਲਦਾ ਤੇ ਜਗਤ ਨੂੰ ਕਿੰਨਾਂ ਵੱਧ ਲਾਭ ਪਹੁੰਚਦਾ। ਇਸ ਕਰਕੇ ਜਿੱਥੇ ਕਵੀ ਜੀ ਦੇ ਗੁਣ ਦੀ ਕੁਦਰ ਹੋਵੇ ਓਥੇ ਮਹਾਰਾਜ ਉਦਯ ਸਿੰਘ ਜੀ ਦੀ ਕਦਰ ਬੀ ਨਾਲ ਹੋਣੀ ਚਾਹੀਏ। ਕਵੀ ਜੀ ਨੇ ਬੀ ਆਪ ਦੀ ਗੁਣ ਗ੍ਰਾਹਕਤਾ ਦੀ ਸਾਖ ਭਰੀ ਹੈ। ਮਹਾਰਾਜ ਭਾਈ ਲਾਲ ਸਿੰਘ ਦਾ ਹਾਲ ਲਿਖਕੇ ਕਹਿੰਦੇ ਹਨ:—

ਕਬਿੱਤ—ਤਾਂਕੇ ਸੁਤ ਉਦਯ ਸਿੰਘ ਜੈਸੇ ਉਦਯ ਸਿੰਘ ਭਯੋ ਰਿਦੇ ਕੇ ਮ੍ਰਿਦੁਲ ਧੀਰ ਧਾਰਿਬੇ ਕੋ ਧਰ ਸੇ[1]। ਗੁਨ ਗ੍ਰਾਹ, ਗੁਨ ਗਾਹ, ਗੁਨ ਗ੍ਰਿਹ, ਗੁਨ ਗੌਰ, ਗੁਰੂ ਗਿਰਾ ਗੋਯ, ਗਤਿ ਗੰਮਿਜ ਗਾਰ ਗਿਰ ਸੇ[2]। ਦਸੋ ਦਿਸ ਦੌਰੇ ਜਸ ਦਾਨ ਦੈਬੋ ਦਿਨ ਦਿਨ, ਦਾਰਿਦ ਦੁਰਦ[3] ਦਰਬੇ ਕੋ ਸ਼ੇਰ ਦਰਸੇ[4]। ਬਾਲ ਬੇਸ ਬਪੁ ਮੈਂ ਬਿਲੋਕਿ ਲੋਕ ਬਿਸਮਤਿ: ਬ੍ਰਿੱਧਨਿ ਸੀ ਬੁੱਧਿ ਮੁਖ ਬਾਰਿਜ ਬਦਰਸੇ[5]॥ ੧੩ ॥ ਚੌਪਈ ॥ ਉਦਜ ਸਿੰਘ ਬਡ ਭੂਪ ਬਹਾਦੁਰ। ਕਵਿ ਬੁਲਾਇ ਰਾਖ੍ਯੋ ਵਿਗ ਸਾਦਰ। ਸ੍ਰੀ ਗ੍ਰਿੰਥ ਸਾਹਿਬ ਗੁਰਬਾਨੀ। ਸਰਬ ਸ਼ਿਰੋਮਣਿ ਜਪੁਜੀ ਜਾਨੀ॥ ੧੪ ॥ ਅਰਥ ਗੰਭੀਰ ਮਹਾਨ ਮਹਾਨੇ। ਅਸ ਲਖਿ ਕਵਿ ਸੋਂ ਬਚਨ ਬਖਾਨੇ। 'ਅਲੰਕਾਰ ਯੁਤ ਟੀਕਾ ਰਚੀਏ। ਨਿਰਨੇ ਅਰਥ ਧਰਹੁ ਮਤਿ ਖਚੀਏ ॥ ੧੫ ॥ ਹੋਤਿ ਅਸ਼ੰਕਾ ਯਾ ਮਹਿਂ ਜੇਤੀ। ਬੁਧਿ ਬਲ ਕਰਹੁ ਹਰਹੁ ਅਬਿ ਤੇਤੀ'। ਸੁਨਿ ਕਰਿ ਬਚਨ ਨ੍ਰਿਪਤ ਕੋ ਨੀਕਾ॥ ਕਵਿ ਨੇ ਰੁਚਿਰ ਰਚ੍ਯੋ ਜਪੁ ਟੀਕਾ॥ ੧੬ ॥ [ਗਰਬ ਗੰਜਨੀ

ਫਿਰ ਰਾਮਾਇਣ ਵਿਚ ਲਿਖਦੇ ਹਨ:—

ਕਬਿੱਤ—ਸਤਿਗੁਰੂ ਸਾਹਿਬ ਅਜਾਇਬ ਕਰਮ ਜਗ ਗੁਨਤੇ ਅਗਾਇਬ ਕੋ ਪ੍ਰੇਮ ਉਰ

[1]ਧਰਤੀ ਵਰਗੇ। [2]ਗੁਣਾਂ ਦੇ ਗ੍ਰਾਹਕ, ਗੁਣਾਂ ਦੇ ਜਾਣੂ, ਗੁਣਾਂ ਦੇ ਘਰ, ਗੁਣਾਂ ਪਰ ਗੌਰ ਕਰਨ ਵਾਲੇ ਤੇ ਗੁਰੂ ਬਾਣੀ ਦੇ ਜਾਣਨਹਾਰ ਹਨ (ਉਸ ਜਾਣਨ ਵਿਚ ਉਨ੍ਹਾਂ ਦੀ) ਗਤੀ ਕੰਦਰਾ ਤੇ ਪਹਾੜ ਵਿਚ ਗੰਮਤਾ ਰੱਖਣ ਵਾਲੇ ਵਾਂਙੂ ਹੈ। ਭਾਵ ਗੁਰ ਗਿਰਾ ਦੀ ਉਚਿਆਈ ਤੇ ਡੂੰਘਾਈ ਦੇ ਪੂਰੇ ਜਾਣੂ ਹਨ। [3]ਦਰਿੱਦ੍ਰਤਾ ਰੂਪ ਹਾਥੀ ਨੂੰ। [4]ਸ਼ੇਰ ਵਾਂਙ ਦਿੱਸਦੇ ਹਨ ਯਾ ਦਰ ਸੇ—ਫਾੜਨ ਵਾਲੇ। [5]ਕਵਲ ਵਰਗਾ।

ਪਾਰ ਪਾਰ[੧]। ਸਬਦ ਮਹਦ ਮੈਂ ਉਦਿਤ ਚਿਤ ਮੋਦ ਕਰ ਚਰਨ ਕਮਲ ਕੀ
ਸ਼ਰਨ ਪਰ ਬਾਰਿ ਬਾਰਿ[੨]। ਚਾਹਿ ਸਤਿਸੰਗ ਕਰਿ ਮਨ ਕੀ ਉਮੰਗ ਕਰਿ
ਔਗੁਣ ਕੋ ਭੰਗ ਕਰਿ ਨਾਮ ਕੋ ਉਚਾਰ ਚਾਰ। ਉਦੇ ਸਿੰਘ ਭੂਪਤਿ ਕੋ ਭਾਗ
ਭਰਜੇ ਭਾਲ ਬਰ, ਯਾਂਤੇ ਭਗਵੰਤ ਕੀ ਭਗਤਿ ਲੇਤਿ ਧਾਰਿ ਧਾਰਿ ॥ ੧੫੨ ॥

ਦੋਹਰਾ—ਇਕ ਸਤਿਗੁਰ ਕੋ ਆਸਰਾ ਕਰਿ ਰਾਖਜੇ ਨਿਰਧਾਰ।
ਸਿਮਰਤਿ ਚਿਤ ਸਤਿਨਾਮ ਕੋ ਪਰਹਰਿ ਸਰਬ ਬਿਕਾਰ ॥ ੧੫੩ ॥
ਦਾਸ ਜਾਨਿਕੇ ਆਪਨੋਂ ਹੁਇੰ ਸਹਾਇ ਸਭਿ ਥਾਇੰ।
ਕਾਰਜ ਕੋ ਪੂਰਨ ਕਰਹਿਂ ਸ੍ਰੀ ਗੁਰ ਸਦਾ ਸਹਾਇ ॥ ੧੫੪ ॥

ਕਬਿੱਤ—ਭਾਗ ਭੂਰ ਭਗਤੂ, ਭਗਤਿ ਭਰਪੂਰ ਭਾਵ[੩], ਭਾਰੇ ਭਯ ਭੰਜਨ ਭਗਤ
ਭਗਵਾਨ ਕੋ। ਤਾਂਕੇ ਸ਼ੁਭ ਬੰਸ ਮੈਂ ਵਤੰਸ[੪] ਉਦੇ ਸਿੰਘ ਭੂਪ ਜ਼ਾਹਰ ਜਹਾਨ
ਮੈਂ ਮਹਾਨ ਕੀਨਿ ਆਨ ਕੋ*।ਸਿਖੀ ਸੁਖ ਖਾਨ ਕੋ, ਸਿਖੇਯਾ ਸੀਖ ਸਜਾਨੇ ਕੋ,
ਸੁਨੇਯਾ ਗੁਣ ਗਜਾਨ ਕੋ, ਧਰੇਯਾ ਗੁਰ ਧਜਾਨ ਕੋ। ਪਕਰੈ ਕ੍ਰਿਪਾਨ ਕੋ,
ਨਸੇਯਾ ਸ਼ੱਤ੍ਰ ਜਾਨ ਕੋ, ਰਖੇਯਾ ਕੁਲ ਕਾਨਕੋ, ਦਿਵੇਯਾ ਜਗ ਦਾਨਕੋ॥੧੫੮॥
[ਲੰਕਾ ਕਾਂਡ ਸਰਗ ੧੨੧

ਇਸ ਪ੍ਰਕਾਰ ਕੈਥਲ ਪਤੀ ਦੇ ਗੁਣਾਂ ਬਾਬਤ ਕਵੀ ਜੀ ਦੇ ਖਿਆਲ ਮਿਲਦੇ ਹਨ। ਇਸੀ ਤਰ੍ਹਾਂ ਉਸ ਵੇਲੇ ਦੇ ਨੱਗਰ ਕੈਥਲ ਬਾਬਤ, ਜਦੋਂ ਓਹ ਸਿੱਖ ਰਾਜਧਾਨੀ ਸੀ, ਕਵੀ ਜੀ ਲਿਖਦੇ ਹਨ:—

ਤੀਰ ਤੀਰ ਤੀਰਥ ਕੀ ਭੀਰ ਬਡ ਪੀਰ ਹਰਿ, ਨੀਰ ਭਰੇ ਸੁੰਦਰ ਸੁਹਾਵਤਿ
ਸੁਪਾਨਕੀ[੫]। ਸੰਤ ਹੈਂ ਮਹੰਤ ਭਗਵੰਤ ਕੀ ਭਗਤਿਵੰਤਿ, ਅੰਤਕ[੬] ਕੇ ਅੰਤ ਕੋ
ਨ ਪਾਇੰ ਪੀਰ ਪ੍ਰਾਨ ਕੀ। ਪਰਮ ਪਵਿੱਤ੍ਰ ਹੈਂ ਬਚਿੱਤ੍ਰ ਦੇਵਤਾਨਿ ਥਾਨ, ਜੱਤ੍ਰ
ਤੱਤ੍ਰ ਚਿੱਤ੍ਰ ਚਿੱਤ੍ਰ[੭] ਦੇਤਿ ਮਤਿ ਸਜਾਨ ਕੀ। ਉਪਮਾ ਮਹਾਨ ਕੀ ਨ ਆਨ ਮੈਂ
ਸਮਾਨਕੀ ਪੁਰਾਨ ਮੈਂ ਪ੍ਰਮਾਨ ਕੀ ਸੁ ਕੈਥਲ ਸਥਾਨ ਕੀ ॥ ੧੫੯ ॥
[ਲੰਕਾ ਕਾਂਡ ਸਰਗ ੧੨੧

ਅਜੇ ਤਕ ਬੀ ਤੀਰਥ ਮੰਦਰ ਤੇ ਧਾਰਮਿਕ ਟਿਕਾਣੇ ਕੈਥਲ ਵਿਚ ਕਾਫੀ ਹਨ।

ਉਂਵ ਜੇ ਕੈਥਲ ਤੇ ਕੈਥਲ ਪਤੀ ਦਾ ਹਾਲ ਦੇਖਣਾ ਹੋਵੇ ਕਿ, ਜਿਸਦੀ ਕਦਰਦਾਨੀ ਹੇਠ ਕਵੀ ਜੀ ਨੇ ਆਪਣੀ 'ਵਾਕ' ਨੂੰ ਹੁਲਾਰੇ ਵਿਚ ਆਂਦਾ, ਤਾਂ ਇਸ ਪ੍ਰਕਾਰ ਹੈ:—

---

[੧] ਜਿਸ ਦੀ ਅਚਰਜ ਮਿਹਰ ਨੂੰ ਜਗਤ ਪ੍ਰਗਟ ਹੀ ਗਾ ਰਿਹਾ ਹੈ (ਉਸ) ਸਤਿਗੁਰੂ ਦੇ ਪ੍ਰੇਮ ਨੂੰ ਦਿਲ ਵਿਚ (ਉਦੇ ਸਿੰਘ) ਬਾਰੰਬਾਰ ਪਾਲਦਾ ਹੈ। [੨] ਉਸਦਾ ਚਿਤ ਖੁਸ਼ੀ ਨਾਲ ਵਡੇ ਸ਼ਬਦ (=ਗੁਰ ਮੰਤ੍ਰ) ਵਿਚ (ਲੱਗਕੇ) ਚਰਨਾਂ ਕਮਲਾਂ ਦੀ ਸ਼ਰਨ ਉਤੇ ਬਾਰੰਬਾਰ ਉਦਿਤ ਹੋ ਰਿਹਾ ਹੈ। [੩] ਵਡੇ ਭਾਗਾਂ ਵਾਲੇ ਭਗਤੂ ਜੀ, ਭਗਤੀ ਭਾਵ ਨਾਲ ਭਰਪੂਰ। [੪] ਭੂਖਣ। [੫] ਪੌੜੀਆਂ। [੬] ਜਮ। [੭] ਜਿੱਧਰ ਕਿੱਧਰ ਮੂਰਤਾਂ ਚਿੱਤ੍ਰੀਆਂ ਹੋਈਆਂ। *ਪਾਠਾਂਤ੍ਰ=ਨੀਕ ਨਜਾਨ ਕੋ।

# ੯. ਕੈਥਲ ਤੇ ਮਹਾਰਾਜ ਭਾਈ ਉਦਯ ਸਿੰਘ।

ਕੇਥਲ ਇਕ ਪੁਰਾਣਾ ਸ਼ਹਿਰ ਹੈ, ਇਸ ਦਾ ਅਸਲੀ ਨਾਮ ਕਪਿਸਥਲ ਹੈ। ਹਨੂਮਾਨ ਦੀ ਮਾਤਾ ਅੰਜਨਾਂ ਦਾ ਇਹ ਤਪ-ਸਥਾਨ ਸਮਝਿਆ ਜਾਂਦਾ ਹੈਸੀ। ਹਨੂਮਾਨ ਦਾ ਜਨਮ ਏਥੇ ਹੀ ਹੋਇਆ ਦੱਸਦੇ ਹਨ। ਅੰਜਨਾਂ ਦਾ ਯਾਦਗਾਰੀ ਥੜਾ ਹੁਣ ਤਕ ਮੌਜੂਦ ਹੈ, ਜੋ ਤਲਾ ਤੇ ਪੁਲ ਦੇ ਨੇੜੇ ਵਾਰ ਹੈ ਜੋ ਕੇਥਲ ਤੋਂ ਕਰਨਾਲ ਵਾਲੀ ਸੜਕ ਦੇ ਖਬੇ ਹੱਥ ਹੈ। ਆਖਦੇ ਹਨ ਯੁਧਿਸ਼ਟਰ ਨੇ ਇਹ ਨਗਰ ਵਸਾਇਆ ਸੀ ਤੇ ਇਹ ਨਾਮ ਦਿੱਤਾ ਸੀ। ਅੱਜ ਕੱਲ ਇਹ ਕਰਨਾਲ ਦੇ ਜ਼ਿਲੇ ਵਿਚ ਹੈ। ਮੁਹੰਮਦ ਸ਼ਾਹ ਦਿੱਲੀ ਪਤੀ ਦੇ ਸਮੇਂ ਕੇਥਲ ਇਕ ਪਰਗਨਾ ਸੀ ਜਿਸ ਵਿਚ ਤੇਰਾਂ ਤੱਪੇ ਸਨ। ਸੰਮਤ ੧੭੯੦ ਬਿ: ਦੇ ਲਗ ਪਗ ਇਹ ਪਰਗਨਾ ਇਕ ਬਲੋਚ ਕੁਮਰੁੱਦੀਨ ਖਾਨ ਪਾਸ ਦਿੱਲੀ ਵਲੋਂ ਅਜਾਰੇ ਤੇ ਸੀ, ਪਰ ਵਰ੍ਹੇ ਬਾਦ ਨਾਦਰ ਦੀ ਕਤਲਾਮ ਵਿਚ ਇਹ ਆਦਮੀ ਦਿੱਲੀ ਮਾਰਿਆ ਗਿਆ। ਇਸ ਦੇ ਬਾਦ ਅਜ਼ੀਮੁੱਲਾ ਖਾਂ ਬਲੋਚ, ਉਸ ਦਾ ਸੰਬੰਧੀ,ਕਾਬਜ਼ ਹੋਗਿਆ ਤੇ ਖ਼ੁਦ ਮੁਖ਼ਤਾਰ ਮਾਲਕ ਬਣ ਬੈਠਾ। ਇਖਤਜਾਰ ਖਾਂ ਨਾਮੇ ਇਕ ਪਠਾਣ ਜ਼ਿਮੀਦਾਰ ਰੱਯਤ ਵਿਚੋਂ ਇਸਦੇ ਮੁਕਾਬਲੇ ਤੇ ਖੜਾਹੋਗਿਆ। ਲੜਾਈਆਂ ਵਿਚ ਕਦੇ ਓਹ ਤੇ ਕਦੇ ਏਹ ਜ਼ੋਰਾਂ ਵਿਚ ਆਉਂਦੇ ਰਹੇ। ਇਹ ਹਾਲਤ ੧੮੦੮ ਸੰਮਤ ਬਿ: ਤੱਕ ਰਹੀ। ਫੇਰ ਇਨਾਯਤ ਖਾਂ ਨਾਮੇ ਇਕ ਪਠਾਣ ਜ਼ਿਮੀਦਾਰ ਨੇ ਪਰਜਾ ਦੇ ਲੋਕੀ ਨਾਲ ਰਲਾਕੇ ਬਲੋਚਾਂ ਦਾ ਜ਼ੋਰ ਭੰਨ ਦਿੱਤਾ ਤੇ ਆਪ ਮਾਲਕ ਹੋਗਿਆ। ਪਰ ੧੮੧੨ ਬਿ: ਤੱਕ ਇਹ ਹਾਲਤ ਰਹੀ ਕਿ ਕਦੀ ਬਲੋਚ ਤੇ ਕਦੀ ਪਠਾਣ ਕਾਮਯਾਬ ਹੁੰਦੇ ਰਹੇ। ੧੮੧੨ ਵਿਚ ਬਲੋਚਾਂ ਨੇ ਇਕ ਸਯਦ ਨੂੰ ਘੱਲਿਆ ਜਿਸ ਨੇ ਹਬਰੀ ਪਾਸ ਡੇਰੇ ਪਾਏ ਤੇ ਇਨਾਯਤ ਖਾਂ ਨੂੰ ਸੱਦ ਘੱਲਿਆ। ਇਨਾਯਤ ਖਾਂ ਆਪ ਤਾਂ ਨਾਂ ਆਇਆ ਪਰ ਅਪਣੇ ਭਿਰਾ ਗ਼ੁਲਾਮ ਭੀਖ ਨੂੰ ਘੱਲਿਆ ਜਿਸ ਨੂੰ ਸੱਯਦ ਨੇ ਦਗ਼ੇ ਨਾਲ ਮਾਰ ਦਿੱਤਾ। ਇਹ ਸੁਣਕੇ ਇਨਾਯਤ ਖਾਂ ਨੱਸ ਗਿਆ ਤੇ ਸੱਯਦ ਨੇ ਕੇਥਲ ਤੇ ਕਬਜ਼ਾ ਕਰ ਲਿਆ, ਪਰ ਤ੍ਰੈ ਮਹੀਨੇ ਬਾਦ ਇਨਾਯਤ ਖਾਂ ਨੇ ਫੇਰ ਕਬਜ਼ਾ ਕਰ ਲਿਆ। ਫਿਰ ਵਰ੍ਹੇ ਕੁ ਬਾਦ ਕੁਮਰੁਦੀਨ ਦਾ ਭਿਰਾ ਤਹੱਵਰ ਖਾਂ ਬਲੋਚ ਹਜ਼ਾਰ ਕੁ ਦੀ ਭੀੜ ਭਾੜ ਲੈਕੇ ਕੇਥਲ ਤੇ ਆ ਪਿਆ ਪਰ ਹਾਰ ਗਿਆ ਤੇ ਇਨਾਯਤ ਖਾਂ ਹੀ ਮਾਲਕ ਬਣਿਆ ਰਿਹਾ। ਸੰਮਤ ੧੮੧੭ ਬਿ: ਦੇ ਲਗ ਪਗ ਸਮਾਨਾ ਮੰਡਲ ਦੇ ਆਸਿਮ ਖਾਂ ਨੇ ਹੀ ਇਨਾਯਤ ਖਾਂ ਨੂੰ ਦਗ਼ੇ ਨਾਲ ਕਤਲ ਕਰ ਦਿੱਤਾ। ਇਸ ਪਰ ਮਕਤੂਲ ਦੇ ਦੋ ਭਿਰਾਵਾਂ ਭੀਖ ਬਖਸ਼ ਤੇ ਨਿਆਮਤ ਖਾਂ ਨੇ ਫੌਜ ਕੱਠੀ ਕਰਕੇ ਮੰਡਲ ਤੇ ਹੱਲਾ ਕਰ ਦਿੱਤਾ ਤੇ ਫਤੇ ਪਾਕੇ ਉਸ ਨੂੰ ਮਾਰ ਘੱਤਿਆ। ਫੇਰ ਦੋਵੇਂ ਭਿਰਾ ਸੰਮਤ ੧੮੨੪ ਬਿ: ਤਕ ਰਾਜ ਕਰਦੇ ਰਹੇ, ਜਦੋਂ ਕਿ ਭਾਈ ਦੇਸੂ ਸਿੰਘ ਨੇ ਆ ਹਮਲਾ ਕੀਤਾ, ਜਿਸ ਦਾ ਵੇਰਵਾ ਇਉਂ ਹੈ:—

ਭਾਈ ਭਗਤੂ ਪੰਜਵੇਂ ਸਤਿਗੁਰਾਂ ਦੇ ਅਨਿੰਨ ਸਿੱਖ ਹੋਏ ਹਨ, ਇਨ੍ਹਾਂ ਨੂੰ ਸਤਿਗੁਰਾਂ ਵਲੋਂ ਬਖਸ਼ਿਸ਼ ਪ੍ਰਾਪਤ ਸੀ। ਏਹ ਤੇ ਫੂਲਕੀਆਂ ਰਿਆਸਤ ਦੇ ਵਡਕੇ ਪਿੱਛੋਂ ਇਕੋ ਹੋਏ ਹਨ। ਭਾਈ ਭਗਤੂ ਦਾ ਪੁੱਤ੍ਰ ਗੌਰਾ ਸਤਿਗੁਰਾਂ ਦਾ ਪ੍ਰੇਮੀ ਸਿੱਖ ਸੀ। ਇਨ੍ਹਾ ਦਾ ਪੁੱਤ੍ਰ ਦਿਆਲ ਦਾਸ ਸੀ, ਜੋ

ਮਗਰੋਂ ਦਿਆਲ ਸਿੰਘ ਹੋਇਆ, ਜਿਸ ਦੀ ਕਥਾ ਦਸਮੇਸ਼ ਦੀ ਦੇ ਪ੍ਰਸੰਗ ਵਿਚ ਆਈ ਹੈ*। ਇਸ ਦਾ ਪੁੱਤ੍ਰ ਗੁਰਬਖਸ਼ ਸਿੰਘ ਸੀ ਜੋ ਬੜਾ ਜੋਧਾ ਵੀ ਸੀ ਤੇ ਇਨ੍ਹਾਂ ਦੀ ਇੱਜ਼ਤ ਸਤਿਗੁਰਾਂ ਦੇ ਵਰ ਦੇ ਕਾਰਨ ਸਿਖ ਰਿਆਸਤਾਂ ਵਿਚ ਬਹੁਤ ਬਣੀ ਹੋਈ ਸੀ। ਰਾਜਾ ਆਲਾ ਸਿੰਘ ਨਾਲ ਇਸ ਦੀ ਮਿੱਤ੍ਰਤਾ ਸੀ। ਦੋਵੇਂ ਕਈ ਵੇਰ ਇਕੱਠੇ ਮੁਹਿੰਮਾਂ ਤੇ ਚੜ੍ਹੇ ਤੇ ਜਿੱਤਾਂ ਪਾਈਆਂ। ਇਉਂ ਭਾਈ ਗੁਰਬਖਸ਼ ਸਿੰਘ ਨੇ ਅਪਨਾ ਰਾਜ ਬੰਨ੍ਹਿਆਂ ਜੋ ਛੋਟਾ ਜਿਹਾ ਸੀ। ੧੮੧੭ ਬਿ: ਵਿਚ ਗੁਰਬਖਸ਼ ਸਿੰਘ ਜੀ ਚੜ੍ਹਾਈ ਕਰ ਗਏ। ਇਸ ਦੇ ਛੇ ਪੁੱਤ ਸਨ। ਵੱਡਾ ਬੁੱਢਾ ਸਿੰਘ ਬੜਾ ਬਹਾਦਰ ਸੀ। ਉਸ ਨੇ ਥਾਨੇਸਰ ਤੇ ਪਹੋਆ ਫਤੇ ਕੀਤਾ ਤੇ ਕਾਹੋਡ ਨੂੰ ਅਪਨੀ ਰਾਜਧਾਨੀ ਬਨਾਇਆ, ਤੇ ਦੇਸੂ ਸਿੰਘ ਇਸ ਦੇ ਚੌਥੇ ਪੁੱਤ੍ਰ ਨੇ ਕੇਥਲ ਤੇ ਚੜ੍ਹਾਈ ਕੀਤੀ ਜਿੱਥੇ ਅਸੀਂ ਦੱਸ ਆਏ ਹਾਂ ਕਿ ਦੋ ਪਠਾਣ ਭਰਾ ਭੀਖ ਬਖਸ਼ ਤੇ ਨਿਆਮਤ ਖਾਂ ਕਾਬਜ਼ ਸਨ। ਇਸ ਨੇ ਕੈਥਲ ਫਤੇ ਕਰਕੇ ਅਪਣੀ ਰਾਜਧਾਨੀ ਬਣਾਈ। ਇਕੁਰ ਕੇਥਲ ੧੮੨੪ ਵਿਚ ਸਿੱਖ ਰਾਜਧਾਨੀ ਬਣੀ†।

ਦੇਸੂ ਸਿੰਘ ਨੇ ਕੈਂਥਲ ਦਾ ਪਹਿਲਾ ਕਿਲ੍ਹਾ ਜੋ ਕੱਚਾ ਜਿਹਾ ਸੀ ਬਨਾਇਆ, ਇਲਾਕੇ ਵਿਚ ਹੋਰ ਬੀ ਗੜ੍ਹੀਆਂ ਬਨਾਈਆਂ। ਮੰਗਨਾਂ ਤੋਂ ਇਸ ਨੇ ਇਕ ਨਹਿਰ ਖੱਟ ਕੇ ਬੀ ਕੇਥਲ ਆਂਦੀ ਸੀ। ਸਰਸੁਤੀ ਨਦੀ ਪਰ ਕਈ ਥਾਈਂ ਇਸ ਨੇ ਕੱਚੇ ਬੰਦ ਲਾਕੇ ਪਰਜਾ ਨੂੰ ਸੁਖ ਦਿੱਤਾ। ਇਨ੍ਹਾਂ ਦੇ ਤ੍ਰੈ ਪੁੱਤ੍ਰ ਸਨ। ਯਾਰਾਂ ਬਾਰਾਂ ਵਰ੍ਹੇ ਰਾਜ ਕਰਕੇ ਇਹ ਰਾਜਾ, ਜਿਸ ਦਾ ਰਾਜ ਪਰਜਾ ਨੂੰ ਚੰਗਾ ਸੁਖਦਾਈ ਸੀ,ਚੜ੍ਹਾਈ ਕਰ ਗਿਆ। ਦੇਸੂ ਸਿੰਘ ਦਾ ਵੱਡਾ ਪੁੱਤ੍ਰ ਖੁਸ਼ਾਲ ਸਿੰਘ ਛੋਟੇ ਹੁੰਦੇ ਹੀ ਮਰ ਗਿਆ ਸੀ ਸੋ ਬਹਾਲ ਸਿੰਘ ਗੱਦੀ ਬੈਠਾ। ਕਈ ਕਹਿੰਦੇ ਹਨ ਕਿ ਲਾਲ ਸਿੰਘ ਦਿੱਲੀ ਕੈਦ ਸੀ ਤੇ ਲਾਲ ਸਿੰਘ ਦੀ ਮਾਂ ਨੇ ਚਾਲੀ ਹਜ਼ਾਰ ਰੁਪੱਯਾ ਘੱਲ ਕੇ ਲਾਲ ਸਿੰਘ ਨੂੰ ਦਿੱਲੀ ਤੋਂ ਛੁੜਾ ਲਿਆ ਸੀ। ਕਈ ਕਹਿੰਦੇ ਹਨ ਕਿ ਲਾਲ ਸਿੰਘ ਨੂੰ ਪਿਉ ਨੇ ਕੈਦ ਕਰ ਰਖਿਆ ਸੀ ਤੇ ਹੁਣ ਕਿਸੇ ਹਿਕਮਤ ਨਾਲ ਕੈਦ ਵਿਚੋਂ ਨਿਕਲ ਗਿਆ ਤੇ ਬਲ ਪਾਕੇ ਰਾਜਾ ਹੋ ਗਿਆ। ਬਹਾਲ ਸਿੰਘ ਨੂੰ ਉਸ ਨੇ ਕੁਲਾਰਨ ਪਿੰਡ, ਜਿਥੋਂ ਦੇਸੂ ਸਿੰਘ ਆਇਆ ਸੀ, ਘੱਲ ਦਿਤਾ। ਬਹਾਲ ਸਿੰਘ ਨੇ ਕੁਛ ਇਲਾਕਾ ਜਿੱਤਿਆ, ਪਰ ਸ਼ੱਕ ਕਰਦੇ ਹਨ ਕਿ ਦਗ਼ੇ ਨਾਲ ਮਾਰਿਆ ਗਿਆ। ਭਾਈ ਲਾਲ ਸਿੰਘ ਰਾਜੇ ਦੇ ਦੋ ਪੁੱਤ੍ਰ ਹੋਏ ਪ੍ਰਤਾਪ ਸਿੰਘ ਤੇ ਉਦਯ ਸਿੰਘ। ਭਾਈ ਲਾਲ

*ਭਾਈ ਦਿਆਲ ਸਿੰਘ ਦੇ ਅੰਮ੍ਰਿਤ ਛਕਣ ਦਾ ਪ੍ਰਸੰਗ ਕਵੀ ਜੀ ਤੋਂ ਸ੍ਰੀ ਗੁਰ ਪ੍ਰਤਾਪ ਸੂਰਜ ਵਿਚ ਲਿਖਣਾ ਜਾਣਾ ਰਹਿ ਗਿਆ ਹੈ। ਜੋ ਪ੍ਰਸੰਗ ਭਾਈ ਭਗਤੂ ਦੇ ਖਾਨਦਾਨ ਦਾ ਆਪ ਨੇ ਰਾਮਾਇਣ ਵਿਚ ਦਿੱਤਾ ਹੈ ਉਥੇ ਉਸ ਦੇ ਅੰਮ੍ਰਿਤ ਛਕਕੇ ਸਿੰਘ ਸਜਣ ਦਾ ਪ੍ਰਸੰਗ ਆਪ ਨੇ ਦਿੱਤਾ ਹੈ। ਯਥਾ:—

ਖੰਡੇ ਕੀ ਪਾਹੁਲ ਲ ਕਰਕੈ ॥ ਦਿਆਲ ਸਿੰਘ ਨਿਜ ਨਾਮ ਸੁਧਰਿਕੈ ॥

।ਲੰਕਾ ਕਾਂਡ ਸਰਗ ੧੩੧ ਅੰਕ ੧੨੩

†ਭਾਈ ਦੇਸੂ ਸਿੰਘ ਨੇ ਕਹਿੰਦੇ ਹਨ ਕਿ ਸੱਠਾਂ ਸਿੰਘ ਸਵਾਰਾਂ ਨਾਲ ਕੈਥਲ ਤੇ ਹਮਲਾ ਕੀਤਾ ਸੀ (ਵਾ: ਰਾ: ਲੰਕਾ ਕਾਂਡ ਸ: ੧੩੨) ਹਮਲਾ ਡੰਗਰ ਦਰਵਾਜ਼ੇ ਵਲੋਂ ਕੀਤਾ ਗਿਆ। ਪਠਾਣ ਕੁਛ ਮਾਰੇ ਗਏ ਤੇ ਕੁਛ ਭੇਸ ਵਟਾਕੇ ਦੂਸਰੇ ਦਰਵਾਜ਼ਿਆਂ ਥਾਣੀਂ ਨੱਸ ਗਏ। ਇਸੇ ਮਹੱਲੇ ਵਿਚ ਫੇਰ ਦੇਸੂ ਸਿੰਘ ਦੇ ਨਾਲ ਤੇ ਮਗਰੋਂ ਆਏ ਸਿੱਖਾਂ ਦੀ ਆਬਾਦੀ ਵੱਸੀ ਸੀ।

ਸਿੰਘ ਨੇ ਰਾਜ ਚੰਗਾ ਕੀਤਾ, ਲਾਗੇ ਦੇ ਸਰਦਾਰ ਇਸ ਦਾ ਤਪਤੇਜ ਤੇ ਆਗਜ਼ਾ ਮੰਨਦੇ ਸਨ। ਇਸ ਨੇ ਅੰਗ੍ਰੇਜ਼ਾਂ ਨੂੰ ਬੀ ਸਹਾਇਤਾ ਦਿਤੀ ਤੇ ਸੁਲਾਰ ਦਾ ਪਰਗਨਾ ਇਸ ਨੂੰ ੬੦ ਹਜ਼ਾਰ ਅੰਗ੍ਰੇਜ਼ ਤੋਂ ਸਰਕਾਰ ਨੇ ਦੇ ਦਿੱਤਾ। ਲਾਰਡ ਲੇਕ ਨੇ ਇਸ ਨੂੰ ਗੁਹਾਨਾ ਇਲਾਕਾ ਜਾਗੀਰ ਵਿਚ ਦਿੱਤਾ। ਕੈਂਥਲ ਦਾ ਕਿਲਾ ਇਸ ਨੇ ਮੁੜਕੇ ਪੱਕਾ ਬਨਾਇਆ। ੪੬ ਵਰ੍ਹੇ ਦੇ ਲਗ ਪਗ ਰਾਜ ਕਰਕੇ ਸੰਮਤ ੧੮੭੫ ਬਿ: ਵਿਚ ਭਾਈ ਲਾਲ ਸਿੰਘ ਮਹਾਰਾਜ ਚੜ੍ਹਾਈ ਕਰ ਗਿਆ।

ਮਗਰੋਂ ੧ ਅਕਤੂਬਰ ੧੮੧੮ ਈਸਵੀ ਅਰਥਾਤ ੧੮੭੫ ਬਿ: ਵਿਚ ਗੱਦੀ ਤੇ ਪ੍ਰਤਾਪ ਸਿੰਘ ਬੈਠਾ ਜੋ ਨਾਬਾਲਗ਼ ਸੀ। ਪ੍ਰਬੰਧ ਰਜਾਸਤ ਦਾ ਉਨ੍ਹਾਂ ਦੀ ਮਾਤਾ ਸਾਹਿਬ ਕੌਰ ਨੇ ਕੀਤਾ, ਜਿਸ ਦੀ ਕਾਰਦਾਰੀ ਉਸ ਦਾ ਭਰਾ ਸਮੁੰਦ ਸਿੰਘ ਕਰਦਾ ਸੀ। ਸਮੁੰਦ ਸਿੰਘ ਦੀ ਹਵੇਲੀ ਅਜੇ ਤੱਕ ਓਥੇ ਹੈ ਤੇ ਇਸ ਦੀਆਂ ਮੁਹਰਾਂ ਕਾਗਜ਼ਾਂ ਤੇ ਲਗੀਆਂ ਕਿਤੇ ਕਿਤੇ ਅਜੇ ਬੀ ਮਿਲਦੀਆਂ ਹਨ। ਪਰੰਤੂ ੧੮੮੦ ਬਿ: ਵਿਚ ਭਾਈ ਪ੍ਰਤਾਪ ਸਿੰਘ ਬੀ ਚੜ੍ਹ ਗਿਆ। ਦੋ ਇਕ ਵਾਕੇ ਭਾਈ ਪ੍ਰਤਾਪ ਸਿੰਘ ਰਾਜੇ ਦੇ ਇਸ ਉਮਰਾ ਵਿਚ ਹੋਏ ਮਿਲੇ ਹਨ ਜੋ ਪਾਠਕਾਂ ਨੂੰ ਮਨੋਰੰਜਕ ਹੋਣਗੇ ਅਰ ਰਾਜਾ ਜੀ ਦੀ ਹੋਣਹਾਰਤਾ ਦਾ ਸਬੂਤ ਰਹਿਣਗੇ।

ਸਰਕਾਰ ਅੰਗ੍ਰੇਜ਼ੀ ਦਾ ਏਜੰਟ ਕਪਤਾਨ ਮਰੇ ਕੈਥਲ ਇਕ ਵੇਰ ਆਇਆ ਤੇ ਰਾਜਾ ਭਾਈ ਪ੍ਰਤਾਪ ਸਿੰਘ ਨਾਲ ਮੁਲਾਕਾਤ ਹੋਈ। ਦਸਤ ਪੰਜਾ ਮਿਲਾਕੇ ਮਰੇ ਨੇ ਆਪ ਦੇ ਦੁਬਿ ਹੱਥ ਲਾਡ ਨਾਲ ਆਪਣੇ ਹੱਥਾਂ ਵਿਚ ਫੜਕੇ ਨੱਪ ਲਏ ਤੇ ਹੱਸਕੇ ਪੁਛਣ ਲਗਾ: 'ਰਾਜਾ ਸਾਹਿਬ ਆਪ ਕੇ ਦੋਨੋਂ ਬਾਜੂ ਹਮਾਰੇ ਕਾਬੂ ਮੇਂ ਆਗਏ, ਆਪ ਅਬ ਕਿਆ ਕਰ ਸਕਤੇ ਹੈਂ ?' ਭਾਈ ਪ੍ਰਤਾਪ ਸਿੰਘ ਜੀ ਨੇ ਹੱਸਕੇ ਕਿਹਾ ਕਿ 'ਮੈਨੂੰ ਹੁਣ ਕਛ ਬੀ ਕਰਨ ਦੀ ਲੋੜ ਬਾਕੀ ਨਹੀਂ ਰਹਿ ਗਈ, ਕੋਈ ਸਾਧਾਰਨ ਆਦਮੀ ਕਿਸੇ ਦੀ ਇਕ ਬਾਂਹ ਫੜ ਲਏ ਤਾਂ ਉਹ ਸਾਰੀ ਉਮਰ ਲਈ ਉਸਦਾ ਅੰਗ ਪਾਲਣ ਦਾ ਜ਼ਿੰਮੇਵਾਰ ਹੋ ਜਾਂਦਾ ਹੈ। ਆਪ ਜੈਸੇ ਨੇਕ ਮਰਦ ਨੇ ਮੇਰੀਆਂ ਦੁਏ ਬਾਹਾਂ ਫ਼ੜ ਲਈਆਂ ਹਨ, ਹੁਣ ਆਪ ਮੇਰੇ ਬਹੁਤ ਵਡੇ ਮਿੱਤ੍ਰ ਹੋ ਗਏ ਹੋ। ਮੇਰੇ ਦੁਖ ਸੁਖ ਲੋੜ ਵੇਲੇ ਦੋ ਬਾਹਾਂ ਗਹੀਆਂ ਦੀ ਲਾਜ ਪਾਲਨੀ ਤੁਸਾਡਾ ਫਰਜ਼ ਹੋਗਿਆ ਹੈ'। ਮਰੇ ਇਹ ਸੁਣਕੇ ਦੰਗ ਰਹਿ ਗਿਆ ਤੇ ਸੁਣਿਆ ਹੈ ਕਿ ਉਸਨੇ ਅਪਣੇ ਦੋਸਤਾਂ ਨੂੰ ਦੱਸਿਆ ਕਿ 'ਯਿਹ ਮਹਾਰਾਜ ਮਹਾਨ ਬੁਧੀਮਾਨ ਔਰ ਨੀਤੱਗਜ ਹੋਂਗੇ'।

ਦੂਸਰਾ ਵਾਕਿਆ ਇਹ ਹੈ:—ਇਕ ਗੁਵਾਲੇ ਦੀ ਗਾਂ ਸ਼ੇਰ ਨੇ ਨੱਪ ਲਈ, ਉਸਦੀ ਫਰਿਯਾਦ ਸੁਣਕੇ ਪ੍ਰਤਾਪ ਸਿੰਘ ਜੀ ਸੂਰਮੇ ਨਾਲ ਲੈਕੇ ਆਪ ਪਹੁੰਚੇ ਤੇ ਸ਼ੇਰ ਨੂੰ ਮਾਰ ਲਿਆ। ਕਵਿ ਸੰਤੋਖ ਸਿੰਘ ਜੀ ਦੇ ਆਪਣੇ ਕਾਗਜ਼ਾਂ ਵਿਚੋਂ ਇਸ ਵਾਕਿਆ ਬਾਬਤ ਇਕ ਛੰਦ ਕਵੀ ਹਰਚਰਨ ਦਾਸ ਦਾ ਲਿਖਿਤ ਮਿਲਿਆ ਹੈ, ਉਸ ਪਰ ਕਾਵਜ ਦੇ ਭਾਵ ਅਨੁਭਾਵ ਦੀ ਟਿੱਪਣੀ ਹੈ ਤੇ ਇਸ ਕਬਿੱਤ ਨੂੰ ਸੁਣਕੇ ਰਾਜਾ ਜੀ ਵਲੋਂ ਇਕ ਹਾਥੀ ਤੇ ਦਸ ਹਜ਼ਾਰ ਮੁਦ੍ਰਿਕਾ ਇਨਾਮ ਮਿਲਣ ਦਾ ਜ਼ਿਕਰ ਹੈ। ਉਸ ਛੰਦ ਦੀ ਨਕਲ ਅਸੀਂ ਹੇਠਾਂ ਦੇਂਦੇ ਹਾਂ:—

ਕੋਪ ਕਰ ਗਾਇ ਲੋਟ ਪੋਟ ਕਰੀ ਨਾਹਰ ਨੇ, ਆਨ ਕਹੀ ਗ੍ਵਾਲ, ਵਾਂਕੇ ਰੂਪ
ਖੋਭ ਭਰਿਗੋ। ਜਮ ਕੀ ਜਮਾਤ ਸੀ ਲੇ ਸੰਗ ਮੈਂ ਸੁਭਟ ਦੌਰਜੋ, ਕੁਵਰ ਪ੍ਰਤਾਪ

ਸਿੰਘ ਕੋਪ ਓਪ ਭਰਿਗੋ*। ਬੀਜਰੀ ਸੀ ਭਾਸ ਉਪਜਾਵੈ ਜੋ ਅਰਿਨਿ ਤ੍ਰਾਸ
ਮਾਰਜੋ ਚੰਦ੍ਰਹਾਸ[1], ਦ੍ਵੈ ਟੂਕ ਹ੍ਵੈ ਕੈ ਪਰਿਗੋ। ਕਾਲੀ ਮੁੰਡ ਮਾਲੀ ਕੋ ਕਹਤਿ
ਐਸੇ ਦੇਖ ਲੀ ਮੈਂ ਮੇਖਲੀ ਬਨੈਗੀ ਬਜੋਂਤ ਛਾਲਾ ਕੋ ਬਿਗਰਿਗੋ[2] ॥

ਭਾਈ ਪ੍ਰਤਾਪ ਸਿੰਘ ਦੇ ਮਗਰੋਂ ਗੱਦੀ ਤੇ ਭਾਈ ਉਦਯ ਸਿੰਘ ਬੈਠਾ† ਜੋ ਨਾਬਾਲਗ ਸੀ‡ ਤੇ ਪ੍ਰਬੰਧ ਉਸੇ ਤਰ੍ਹਾਂ ਮਾਈ ਕਰਦੀ ਰਹੀ।

ਮਾਈ ਨੇ ਉਦਯ ਸਿੰਘ ਜੀ ਨੂੰ ਵਿੱਦਯਾ ਚੰਗੀ ਦਿੱਤੀ। ਆਪ ਪਿਤਾ ਪਿਤਾਮਾ ਵਾਂਙੂ ਜੰਗਜੂ ਘੱਟ ਸੇ ਪਰ ਉਂਞ ਬਹਾਦੁਰ ਕਾਫੀ ਸੇ। ਦੂਜੇ ਪਾਸੇ ਆਪ ਹੁਨਰ ਤੇ ਇਲਮ ਦੇ ਬੜੇ ਕਦਰ ਦਾਨ ਸੇ। ਪਹੋਏ ਤੇ ਕੈਥਲ ਜਿਨ੍ਹੀ ਦੋਹੀਂ ਥਾਂਈ ਇਹ ਰਿਹਾ ਕਰਦੇ ਸੇ ਇਮਾਰਤਾਂ ਦੇ ਨਿਸ਼ਾਨ ਦੱਸਦੇ ਹਨ ਕਿ ਇਨ੍ਹਾਂ ਨੂੰ ਇਸ ਫਨ ਵਿਚ ਕਾਫੀ ਰਸ ਸੀ। ਇਧਰ ਕਵੀ ਜੀ ਪਰ ਕ੍ਰਿਪਾਲਤਾ ਤੇ ਓਥੇ ਰਚੇ ਗਏ ਗ੍ਰੰਥਾਂ ਤੋਂ ਪਤਾ ਲਗਦਾ ਹੈ ਕਿ ਵਿਦਯਾ ਦਾ ਵੀ ਇਨ੍ਹਾਂ ਨੂੰ ਬਹੁਤ ਸ਼ੌਕ ਸੀ। ਹੁਣ ਤਕ ਦੇ ਮੰਦਰਾਂ ਤੇ ਉਨ੍ਹਾਂ ਦੇ ਵਿਚ ਰਹਿਣ ਵਾਲਿਆਂ ਤੋਂ ਪਤਾ ਚਲਦਾ ਹੈ ਕਿ ਸੰਸਕ੍ਰਿਤ ਵਿਦਯਾ ਤੇ ਜੋਗ ਅਭਯਾਸ ਦਾ ਵੀ ਆਪਨੂੰ ਬਹੁਤ ਸ਼ੌਕ ਸੀ। ਜਦੋਂ ਅਸੀਂ ਜਪੁਜੀ ਦੀ ਟੀਕਾ ਦਾ ਸੰਮਤ ੧੮੮੬ ਵੇਖਦੇ ਹਾਂ ਤਾਂ ਉਦੇ ਸਿੰਘ ਜੀ ਦੀ ਉਮਰਾ ਉਸ ਵੇਲੇ ਹਰ ਹਾਲ ੧੮ ਵਰ੍ਹੇ ਤੋਂ ਵਧੀਕ ਦੀ ਨਹੀਂ ਖਿਆਲ ਪੈਂਦੀ। ਉਸ ਵੇਲੇ ਕਵੀ ਜੀ ਲਿਖਦੇ ਹਨ (ਦੇਖੋ ਪਿਛੇ ਪੰਨਾ ੧੦੫)ਕਿ ਮਹਾਰਾਜ ਉਦੇ ਸਿੰਘ ਨੇ ਜਪੁਜੀ ਦੇ ਅਰਥ ਬੜੇ ਡੂੰਘੇ ਸਮਝਕੇ ਮੈਨੂੰ ਕਿਹਾ ਕਿ ਅਲੰਕਾਰਾਂ ਸਹਿਤ

---

[1]ਤਲਵਾਰ ਮਾਰੀ। [2]ਮੁੰਡਾਂ ਦੀ ਮਾਲਾ ਵਾਲੀ ਕਾਲੀ ਨੂੰ ਮੈਂ ਇਉਂ ਕਹਿੰਦਿਆਂ ਸੁਣਿਆ ਕਿ ਮ੍ਰਿਗ ਛਾਲਾ ਦੀ ਵਿਉਂਤ ਤਾਂ ਵਿਗੜ ਗਈ ਹੈ (ਹੁਣ) ਤੜਾਗੀ ਹੀ ਬਣੇਗੀ, ਭਾਵ ਇਹ ਕਿ ਸ਼ੇਰ ਦੀ ਖੱਲ ਦੋ ਟੁਕੜੇ ਹੋ ਗਈ ਸੀ।

*ਇਸ ਉਮਰਾ ਵਿਚ ਸੂਰਮਿਆਂ ਸਣੇ ਜਾਕੇ ਸ਼ੇਰ ਮਾਰ ਲੈਣ ਤੋਂ ਹੈਰਾਨ ਨਹੀਂ ਹੋਣਾ ਚਾਹੀਏ, ਸਿੱਖਾਂ ਵਿਚ ਉਸ ਸਮੇਂ ਸੂਰਬੀਰਤਾ ਦੇ ਕੰਮ ਬੜੀ ਛੋਟੀ ਉਮਰਾ ਵਿਚ ਸਿਖਾਏ ਜਾਂਦੇ ਸੀ ਤੇ ਰਾਜ ਘਰ ਣਿਆਂ ਵਿਚ ਤਾਂ ਇਨ੍ਹਾਂ ਗੱਲਾਂ ਦਾ ਸ਼ੌਕ ਅਤਯੰਤ ਸੀ। ਅਜ ਕਲ ਬੀ ਰਾਜ ਕੁਮਾਰਾਂ ਦੇ ਹਾਲਾਤ ਛਪਦੇ ਰਹਿੰਦੇ ਹਨ। ਤ੍ਰੀਕ ੧ ਜੁਲਾਈ ੧੯੩੪ ਦੇ ਮਿਲਾਪ ਅਖਬਾਰ ਦੇ ਸਫਾ ੧੧ ਵਿਚ ਇਕ ਸੱਤ ਬਰਸ ਦੇ ਰਾਜ ਕੁਮਾਰ ਦੇ ਸਾਢੇ ਨੌਂ ਫੁਟ ਲੰਮੇ ਸ਼ੇਰ ਨੂੰ ਮਾਰਨੇ ਦੀ ਖਬਰ ਪ੍ਰਕਾਸ਼ਤਿ ਹੋਈ ਸੀ।

†੨੩ ਅਕਤੂਬਰ ੧੮੨੪ ਦਾ ਇਕ ਪਰਵਾਨਾਂ ਮਰੇ ਸਾਹਿਬ ਦਾ ਦੇਖਣ ਵਿਚ ਆਇਆ ਹੈ ਜਿਸ ਵਿਚ ਇਕੁਰ ਦਾ ਭਾਵ ਹੈ ਕਿ ਚੂੰਕਿ ਭਾਈ ਪ੍ਰਤਾਪ ਸਿੰਘ ਚੜ੍ਹ ਗਿਆ ਹੈ, ਗੱਦੀ ਤੇ ਭਾਈ ਉਦਯ ਸਿੰਘ ਬਿਠਾਇਆ ਜਾਵੇ। ਭਾਈ ਉਦਯ ਸਿੰਘ ਨਾਬਾਲਗ ਹੈ ਪਰ ਓਹ ਗੁਰਮੁਖੀ ਪੜ੍ਹੇ ਹੋਏ ਹਨ ਤੇ ਗੱਦੀ ਦੇ ਜਾਇਜ਼ ਵਾਰਸ ਹਨ। ਇਹ ਪਰਵਾਨਾ ਗੁਰਮੁਖੀ ਵਿਚ ਤਰਜਮਾ ਕਰਕੇ ਦਿੱਤਾ ਜਾਵੇ, ਜਿਸ ਤੋਂ ਓਹ ਆਪ ਸਮਝ ਲੈਣਗੇ ਕਿ ਉਹ ਅਪਣੇ ਬਜ਼ੁਰਗਾਂ ਦੀ ਤਰ੍ਹਾਂ ਰਵੱਯਾ ਰੱਖਣ ਤੇ ਸਾਡੇ ਨਾਲ ਅੰਗ ਪਾਲ ਰਹਿਣ।

‡ਇਨ੍ਹਾਂ ਦੀ ਉਮਰ ਬਾਬਤ ਕੁਛ ਟਪਲੇ ਹਨ। ਇਕ ਹਿਸਾਬ ਭਾਈ ਪ੍ਰਤਾਪ ਸਿੰਘ ਮਰਨ ਵੇਲੇ ੯ਕੁ ਬਰਸ ਦਾ ਸੀ ਤੇ ਇਕ ਹਿਸਾਬ ੧੨ ਯਾ ੧੩ ਦਾ ਸੀ, ਉਦਯ ਸਿੰਘ ੧ ਬਰਸ ਛੋਟਾ ਸੀ ਸੋ ਇਸ ਹਿਸਾਬ ਸੰਮਤ ੧੮੮੦ਵਿਚ ਗੱਦੀ ਬੈਠਨ ਵੇਲੇ ਉਦਯ ਸਿੰਘ ੧੨ ਕੁ ਬਰਸ ਦਾ ਹੋਸੀ। ਇਕ ਬਰਖ-ਫਲ ਦਾ ਥਹੁ ਪਿਆ ਹੈ। ਉਸ ਵਿਚ ਆਪ ਦਾ ਜਨਮ ਫਗਣ ਵਦੀ ਅਸ਼ਟਮੀ (੧੬ ਫਗਣ ੧੮੭੬ ਬਿ:) ਲਿਖਿਆ ਹੋਇਆ ਹੈ। ਇਸ ਹਿਸਾਬ ਉਦਯ ਸਿੰਘ ਤਦੋਂ ੭-੮ ਬਰਸ ਦਾ ਸੀ।

ਟੀਕਾ ਲਿਖੋ ਤੇ ਜੋ ਸ਼ੰਕਾ ਹੁੰਦੀਆਂ ਹਨ ਉਨ੍ਹਾਂ ਦਾ ਸਮਾਧਾਨ ਕਰੋ। ਉਸ ਉਮਰਾ ਵਿਚ ਜਪੁਜੀ ਨੂੰ ਸਮਝ ਸਕਣਾ ਤੇ ਅਲੰਕਾਰਾਂ ਦੇ ਵਿਸ਼ੇ ਨੂੰ ਜਪੁਜੀ ਵਿਚ ਅਨੁਭਵ ਕਰ ਸਕਣਾ, ਗ਼ੈਰ ਮਾਮੂਲੀ ਲਤਾਫਤ ਦਾ ਸੂਚਕ ਹੈ। ਇਸ ਗਲ਼ ਦੀ ਉਗਾਹੀ, ਕਿ ਮਹਾਰਾਜ ਉਦਯ ਸਿੰਘ ਦੀ ਉਮਰਾ ਛੋਟੀ ਸੀ ਤੇ ਪ੍ਰਬੀਨਤਾ ਉਮਰਾ ਦੇ ਲਿਹਾਜ਼ ਨਾਲ ਉੱਚੀ ਸੀ, ਕਵੀਜੀ ਦੀ ਨਿਜ ਦੀ ਲਿਖਤ ਤੋਂ ਬੀ ਮਿਲਦੀ ਹੈ, ਯਥਾ:—

ਬਾਲ ਬੈਸ ਬਪੁ ਮੈਂ ਬਿਲੋਕ ਲੋਕ ਬਿਸਮਤਿ, ਬ੍ਰਿੱਧਨ ਸੀ ਬੁਧਿ, ਮੁਖਿ ਬ ਰਿਜ ਸਦਰਸੇ।

ਫਿਰ ਰਾਮਾਯਣ ਵਿਚੋਂ ਮਹਾਰਾਜ ਦੀ ਗੁਣ ਗ੍ਰਾਹਕਤਾ ਦੀ ਇਕ ਉਗਾਹੀ ਮਿਲਦੀ ਹੈ;ਕਵੀ ਜੀ ਦੇ ਰਾਮਾਯਣ ਦੇ ਟੀਕੇ ਨੂੰ ਮਹਾਰਾਜ ਨੇ ਪੜ੍ਹਿਆ ਤੇ ਇਕ ਪਿੰਡ ਇਨਾਮ ਦਿੱਤਾ। ਕਵੀ ਜੀ ਲਿਖਦੇ ਹਨ:—

ਕੇਥਲ ਨਾਥ ਪ੍ਰਸੰਨ ਭਯੋ ਪਠਿ ਗ੍ਰਾਮ ਦਯੋ ਤਬਿ 'ਸੌਰਥਲੀ' ॥ ੧੫੭ ॥

ਰਾਮਾਯਣ ਨੂੰ ਪੜ੍ਹਕੇ ਇਨਾਮ ਦਿੱਤਾ ਹੈ, ਐਵੇਂ ਨਹੀਂ ਦਿੱਤਾ। 'ਪੜ੍ਹਕੇ' ਪਦ ਦੱਸਦਾ ਹੈ ਕਿ ਆਪ ਵਿਦ੍ਵਾਨ ਸ।

ਫਿਰ ਦੇਖੋ ਮਹਾਰਾਜਾ ਭਾਈ ਉਦਯ ਸਿੰਘ ਨੇ ਕਿਲ੍ਹੇ ਨੂੰ ਵਡਾ ਕੀਤਾ, ਮਹਿਲ ਬਨਾਯਾ ਬਿਦਕਜਾਰ ਯਾ ਬਦਰੀਕਨ ਤੀਰਥ ਤੇ ਪੁਲ ਆਪਦੇ ਹੁਕਮ ਨਾਲ ਬਨਾਇਆ ਗਿਆ। ਪਹੋਏ ਇਕ ਬਾਗ਼ ਤੇ ਮਕਾਨ ਬਣਵਾਯਾ। ਗੰਗਾ ਕਿਨਾਰੇ ਇਕ ਬਾਗ ਤੇ ਹਵੇਲੀ ਬਨਵਾਈ। ਸਰਸ੍ਵਤੀ ਤੇ ਇਕ ਬੰਧ ਬਨਵਾਯਾ ਜਿਸ ਨਾਲ ਸਰਸ੍ਵਤੀ ਦਾ ਪਾਣੀ ਕੇਥਲ ਵਲ ਨੂੰ ਸੋਲਾਂ ਮੀਲ ਤਕ ਖੇਤੀਆਂ ਨੂੰ ਪਾਣੀ ਦੇਣ ਲਗ ਪਿਆ। ਇਹ ਬੰਧ ਰਿਆਸਤ ਅੰਗ੍ਰੇਜ਼ੀ ਰਾਜ ਵਿਚ ਸ਼ਾਮਲ ਹੋਣ ਤੋਂ ਬਾਦ ਤੋੜ ਦਿੱਤਾ ਗਿਆ ਸੀ।

[ ਨਯਾਯ ]

ਕੁਛ ਬਦੇਸ਼ੀ ਲੇਖਕਾਂ ਨੇ ਭਾਈ ਸਾਹਿਬ ਉਦਯ ਸਿੰਘ ਜੀ ਦੀ ਯੋਗਤਾ ਬਾਬਤ ਕੁਛ ਚੰਗੇ ਖਿਆਲ ਨਹੀਂ ਲਿਖੇ। ਇਸ ਦਾ ਕਾਰਨ ਉਨ੍ਹਾਂ ਦਾ ਸਾਡੇ ਦੇਸ਼ ਦੀ ਬੋਲੀ ਤੇ ਰਸਮੋਂ ਰਿਵਾਜ ਤੋਂ ਜਾਣੂ ਨਾ ਹੋਣਾ ਅਤੇ ਅੱਖਾਂ ਦੀ ਬਜਾਏ ਕੰਨਾਂ ਤੋਂ ਵਧੀਕ ਕੰਮ ਲੈਣਾ ਹੈ। ਇਨ੍ਹਾਂ ਲੋਕਾਂ ਦੀ ਵਾਕ਼ਫੀਅਤ ਦਾ ਆਧਾਰ ਮੁਨਸ਼ੀ ਮੁਸੱਦੀ ਹੁੰਦੇ ਸਨ। ਅੰਗ੍ਰੇਜ਼ ਜਦ ਜਮਨਾ ਦੇ ਇਸ ਪਾਰ ਵਧੇ ਹਨ ਤਾਂ ਇਨ੍ਹਾਂ ਦੇ ਨਾਲ ਮੁਨਸ਼ੀ ਮੁਸੱਦੀ ਅਸਿੱਖ ਸਨ। ਅਕਸਰ ਬਿਦੇਸ਼ੀ ਲੇਖਕਾਂ ਨੂੰ ਅਸਿੱਖ ਲੇਖਕ ਹੀ ਮਿਲਿਆ ਕਰਦੇ ਸਨ। ਆਪ ਇਨ੍ਹਾਂ ਲੋਕਾਂ ਨੂੰ ਪੰਜਾਬੀ ਨਹੀਂ ਸੀ ਆਉਂਦੀ ਤੇ ਨਾਂ ਸਿੱਖਾਂ ਦੇ ਰਸਮੋ ਰਿਵਾਜ ਤੇ ਹਾਲਾਤ ਦੀ ਨਿਜ ਵਾਕਫੀ ਰੱਖਦੇ ਸਨ। ਇਨ੍ਹਾਂ ਮੁਨਸ਼ੀਆਂ ਨੇ ਕੁਛ ਤਅੱਸਬ ਕਰਕੇ ਸਿੱਖਾਂ ਦੇ ਗੁਣ ਉਨ੍ਹਾਂ ਨੂੰ ਘੱਟ ਦੱਸੇ ਤੇ ਕੁਛ ਖੁਸ਼ਾਮਦ ਨਾਲ ਉਨ੍ਹਾਂ ਨੂੰ ਖੁਸ਼ ਕਰਨ ਵਾਸਤੇ ਭੁੱਲਾਂ ਵਡੀਆਂ ਕਰ ਕਰ ਕੇ ਦੱਸੀਆਂ।

ਭਾਈ ਉਦਯ ਸਿੰਘ ਦੇ ਬਾਰੇ ਇਕ ਹੋਰ ਗਲ ਬੀ ਵਰਤੀ ਹੈ। ਅਪ ਬਹੁਤ ਸ੍ਵੈ ਸਤਿ-ਕਾਰ ਵਾਲੇ ਸਨ, ਆਏ ਪੱਛਮੀਆਂ ਨੂੰ ਸ੍ਵੈ ਸਤਿਕਾਰ ਤੋਂ ਹੇਠਾਂ ਉਤਰਕੇ ਨਹੀਂਸਨ ਮਿਲਦੇ ਪਰ ਸ਼ਰੀਫਾਨਾ ਤ੍ਰੀਕੇ ਤੇ ਸ੍ਵੈ ਸਤਿਕਾਰ ਰੱਖ ਕੇ ਸਤਿਕਾਰ ਨਾਲ ਮਿਲਿਆ ਕਰਦੇ ਸਨ। ਇਸ ਕਰਕੇ ਕਈਆਂ ਪੱਛਮੀਆਂ ਵਿਚ, ਜੋ ਖੁਸ਼ਾਮਦ ਪਸੰਦ ਬਹੁਤ ਸਨ, ਆਪ ਬਾਬਤ ਖਯਾਲ ਚੰਗੇ ਨਹੀ

ਸਨ। ਸੋ ਬਿਦੇਸ਼ੀਆਂ ਦੇ ਲਿਖੇ ਹਾਲਾਤ ਇਸੀ ਤਰ੍ਹਾਂ ਜੇ ਕਿਤੇ ਆਪ ਪੜ੍ਹੋ ਕਿ ਰਾਜਾ ਉਦਯ ਸਿੰਘ ਮਾੜਾ ਸੀ, ਪਰਜਾ ਪਾਲਕ ਨਹੀਂ ਸੀ ਤਾਂ ਮੰਨ ਨਾ ਲੈਣਾ। ਅਸਲ ਵਿਚ ਅੰਗ੍ਰੇਜ਼ੀ ਵਿਚ ਲਿਖੇ ਇਤਿਹਾਸ ਸਿੱਖਾਂ ਬਾਬਤ ਬੜੀ ਇਹਤਯਾਤ ਨਾਲ ਪੜ੍ਹਨੇ ਚਾਹੀਏ। ਪੰਜਾਬੀ ਲੇਖਕਾਂ, ਫਾਰਸੀ ਲੇਖਕਾਂ ਤੇ ਅੰਗ੍ਰੇਜ਼ੀ ਲੇਖਕਾਂ ਬਹੁਤਿਆਂ ਨੂੰ ਟਾਕਰੇ ਕਰ ਕਰ ਪੜ੍ਹੋ ਤਾਂ ਕਿਤੇ ਅਸਲੀਅਤ ਦਾ ਥਹੁ ਪੈਂਦਾ ਹੈ। ਭਾਈ ਉਦਯਸਿੰਘ ਨੂੰ ਗੁਜ਼ਰਿਆਂ ਲਗ ਪਗ ਸਦੀ ਹੋ ਗਈ ਹੈ, ਉਸ ਦੇ ਗੁਣ ਤੇ ਕੀਰਤੀ ਲੋਕ ਅਜੇ ਤਕ ਗਾਉਂਦੇ ਹਨ ਅਰ ਐਸੇ ਆਦਮੀ ਮਿਲਦੇ ਹਨ ਜੋ ਉਸ ਦੇ ਸਮੇਂ ਦੇ ਨਿਜ ਜਾਣੂ ਸਨ; ਜਿਹਾ ਕੁ ਮੁਸਲਮਾਨਾਂ ਦੇ ਹੱਕ ਨਿਆਂ ਵਾਸਤੇ ਕਾਜ਼ੀ ਸਾਹਿਬ ਸਨ। ਉਨਾਂ ਦੇ ਬੇਟੇ ਜੋ ੭੦ ਬਰਸ ਦੇ ਲਗ ਪਗ ਦੀ ਉਮਰਾ ਦੇ ਹੈਨ* ਉਨ੍ਹਾਂ ਨੂੰ ਬੜਾ ਨਯਾਜ ਸ਼ੀਲ ਦੱਸਦੇ ਹੈਨ। ਭਾਈ ਉਦਯ ਸਿੰਘ ਜੀ ਦੇ ਸਮੇਂ ਦੇ ਲਗ ਪਗ ਬੂਟੇ ਸ਼ਾਹ ਜੀ ਪੰਜਾਬ ਦੇ ਇਕ ਫਾਰਸ਼ੀ ਇਤਿਹਾਸ ਦੇ ਪ੍ਰਸਿੱਧ ਲੇਖਕ ਹੋਏ ਹਨ। ਓਹ ਆਪ ਦੀ ਨਯਾਯ ਸ਼ੀਲਤਾ ਦੀ ਤਾਰੀਫ ਲਿਖਦੇ ਹਨ। ਯਥਾ:—

> ਭਾਈ ਪ੍ਰਤਾਪਸਿੰਘ ਵ ਭਾਈ ਉਦਯ ਸਿੰਘ ਦੋ ਪਿਸਰਾਨ ਬਜਾਏ ਪਿਦਰ ਮਸਨਦੇ ਰਾਜ ਵ ਰਿਆਸਤ ਕਾਇਮ ਸ਼ੁਦੰਦ। ਅਜ਼ਾਂ ਜਾ ਕਿ ਸਾਹਿਬਾਨੇ ਸਦਰ ਆਦਿਲ ਬੁਦਹ ਵ ਮੁਨਸਫੇ ਜ਼ਮਾਨੰਦ।
>
> ਅਰਥ—ਭਾਈ ਪ੍ਰਤਾਪ ਸਿੰਘ ਤੇ ਭਾਈ ਉਦਯ ਸਿੰਘ ਦੋਨੋਂ ਲੜਕੇ ਅਪਣੇ ਪਿਤਾ ਦੀ ਰਿਆਸਤ ਦੇ ਤਖਤ ਤੇ ਬੈਠੇ, ਉਪ੍ਰੋਕਤ ਦੋਨੋਂ ਰਾਜੇ ਅਦਲ ਕਰਨ ਵਾਲੇ ਤੇ ਇਨਸਾਫ ਕਰਨ ਵਾਲੇ ਪ੍ਰਸਿੱਧ ਹਨ"।

ਇਕ ਵਾਰਤਾ ਉਨ੍ਹਾਂ ਦੇ ਨਯਾਯ ਦੀ ਇਹ ਮਿਲੀ ਹੈ:—

ਇਕ ਦਿਨ ਮਹਾਰਾਜ ਅਪਣੇ ਮਹਲ ਦੇ ਉਪਰ ਬੈਠੇ ਸਨ, ਨਜ਼ਰ ਉਨ੍ਹਾਂ ਦੀ ਹੇਠਾਂ ਦੂਰ ਤਕ ਪੈ ਰਹੀ ਸੀ। ਇਕ ਖੂਹ ਤੋਂ ਕੁਛ ਕੁਮ੍ਹਿਆਰ ਮੁਟਿਆਰਾਂ ਪਾਣੀ ਭਰਕੇ ਆਈਆਂ ਤੇ ਮਹਿਲ ਦੇ ਅੱਗੋਂ ਦੀ ਲੰਘੀਆਂ। ਮਹਿਲ ਦੀ ਡੇਉਢੀ ਅੱਗੇ ਜੋ ਚੋਬਦਾਰ ਪਹਿਰਾ ਦੇ ਰਿਹਾ ਸੀ ਉਸ ਨੇ ਮੁਟਿਆਰਾਂ ਤੱਕੀਆਂ। ਆਖਿਆ ਤਾਂ ਕੁਝ ਨਾਂ ਪਰ ਦੋ ਚਾਰ ਖੰਘੂਰੇ ਮਾਰੇ। ਉਦਯ ਸਿੰਘ ਜੀ ਇਹ ਦੇਖਕੇ ਹੇਠਾਂ ਉਤਰ ਆਏ ਤੇ ਅਪਣੀ ਡੇਉਢੀ ਵਿਚ ਕੁਛ ਚਿਰ ਟਹਿਲਦੇ ਰਹੇ, ਇਹ ਦੇਖਣ ਲਈ ਕਿ ਚੋਬਦਾਰ ਨੂੰ ਕਿਤੇ ਖੰਘ ਤਾਂ ਨਹੀਂ ਹੈ, ਪਰ ਇਤਨੇ ਚਿਰ ਵਿਚ ਖੰਘ ਨਾਂ ਆਉਣ ਕਰਕੇ ਆਪ ਨਿਸ਼ਚਿਤ ਹੋ ਗਏ ਕਿ ਨਹੀਂ ਹੈ। ਉਸ ਵੇਲੇ ਚੋਬਦਾਰ ਨੂੰ ਬੁਲਾਕੇ ਪੁੱਛਣ ਲਗੇ 'ਤੈਨੂੰ ਖੰਘ ਹੋਈ ਹੈ?' ਉਸ ਨੇ ਕਿਹਾ:—'ਹਜ਼ੂਰ! ਨਹੀਂ, ਮੈਂ ਤਾਂ ਰਾਜ਼ੀ ਖੁਸ਼ੀ ਹਾਂ।' ਆਪ ਨੇ ਫੇਰ ਪੁੱਛਿਆ ਕਿ 'ਜਦ ਕੁਮ੍ਹਿਆਰੀਆਂ ਐਥੋਂ ਪਾਣੀ ਲੈਕੇ ਲੰਘੀਆਂ ਸਨ ਤਾਂ ਤੂੰ ਖੰਘੂਰੇ ਕਿਉਂ ਮਾਰੇ ਸਨ?' ਚੋਬਦਾਰ ਕੰਬਿਆ ਤੇ ਹੱਥ ਜੋੜਕੇ ਸੱਚ ਬੋਲ ਪਿਆ ਕਿ ,ਜੀ ਮੇਰੇ ਅੰਦਰ ਮੰਦੀ ਵਾਸ਼ਨਾ ਸੀ ਤੇ ਮੈਂ ਆਪਣੇ ਮੰਦ ਭਾਵ ਲਈ ਖੰਘੂਰੇ ਮਾਰੇ ਸਨ'। ਆਪ ਬੋਲੇ 'ਤੈਨੂੰ ਪਤਾ ਨਹੀਂ ਕਿ ਸਾਰੀ ਪਰਜਾ ਮੇਰੀ ਓਲਾਦ ਹੈ ਤੇ ਏਹ ਬਹੂ ਬੇਟੀਆਂ ਮੇਰੀਆਂ ਹਨ, ਤੂੰ ਮੇਰਾ ਚੋਬਦਾਰ ਸਭ ਦੀ ਅਬਰੋ ਦਾ ਰਖਵਾਲਾ ਹੈਂ ਕਿ ਤੂੰ ਉਲਟਾ ਟੁਰਕੇ ਮੇਰੀ ਤਾਕਤ ਦੇ

*ਕਾਜ਼ੀ ਸੈਫੁਦੀਨ ਭਾਈ ਉਦਯ ਸਿੰਘ ਦੇ ਵੇਲੇ ਕਾਜ਼ੀ ਸੀ। ਉਨ੍ਹਾਂ ਦੇ ਬੇਟੇ ਦਾ ਨਾਮ ਕੁਤਬੁੱਦੀਨ ਹੈ।

ਡਰਾਵੇ ਨਾਲ ਗ਼ਰੀਬਾਂ ਤੇ ਜ਼ੁਲਮ ਕਰਨਾਂ ਹੈ ?' ਚੋਬਦਾਰ ਕੀ ਉੱਤਰ ਦੇਂਦਾ। ਆਪ ਨੇ ਉਸੇ ਵੇਲੇ ਹੁਕਮ ਦਿੱਤਾ ਕਿ ਉਨ੍ਹਾਂ ਕੁਮ੍ਹਿਆਰਾਂ ਦੇ ਘਰੋਂ ਖੋਤਾ ਮੰਗਾਓ ਤੇ ਇਸ ਨੂੰ ਸ਼ਹਿਰ ਵਿਚ ਨਸ਼ਰ ਕਰੋ। ਨਸ਼ਰ ਕਰਨਾ ਉਸ ਸਮੇਂ ਦੀ ਇਕ ਸਜ਼ਾ ਦਾ ਨਾਮ ਸੀ ਕਿ ਮੁਜਰਮ ਦਾ ਮੂੰਹ ਕਾਲਾ ਕਰਕੇ ਖੋਤੇ ਤੇ ਚਾੜ੍ਹ ਕੇ ਸ਼ਹਿਰ ਵਿਚ ਫੇਰਦੇ ਸਨ, ਜਿਸ ਤੋਂ ਲੋਕਾਂ ਨੂੰ ਕੰਨ ਹੋ ਜਾਂਦੇ ਸਨ ਕਿ ਐਸਾ ਕੰਮ ਨਹੀਂ ਕਰਨਾਂ।

ਇਸ ਤਰ੍ਹਾਂ ਦੇ ਵਾਕਿਆਤ ਦੱਸਦੇ ਹਨ ਕਿ ਭਾਈ ਉਦਯ ਸਿੰਘ ਜੀ ਬੜੇ ਨਜਾਯ ਸ਼ੀਲ ਸਨ ਤੇ ਪਰਜਾ ਦੀ ਪੀੜਾ ਹਰਨ ਵਾਸਤੇ ਸਦਾ ਉਦਿਤ ਰਹਿੰਦੇ ਸਨ।

ਮਹਾਰਾਜ ਉਦਯ ਸਿੰਘ ਜੀ ਦੇ ਸਮੇਂ ਉਨ੍ਹਾਂ ਦੇ ਦਰਬਾਰ ਵਿਚ ਇਕ ਦੀਵਾਨ ਹੋਇਆ ਹੈ। ਇਹ ਬਹੁਤ ਇਤਬਾਰੀ ਤੇ ਲਾਇਕ ਪੁਰਖ ਸੀ। ਇਸ ਪਾਸੋਂ ਕੋਈ ਗੱਲ ਮਾੜੀ ਹੋ ਗਈ। ਜੇ ਮਹਾਰਾਜ ਲਿਹਾਜ਼ੀ ਹੁੰਦੇ ਤਾਂ ਸਿਰੇ ਨਾ ਆਉਂਦੇ, ਪਰ ਨਜਾਯ ਦੀ ਤੱਕੜੀ ਪੂਰੀ ਤੋਲਣ ਵਾਲੇ ਰਾਜੇ ਨੇ ਦੀਵਾਨ ਨੂੰ ਕਹਿ ਦਿੱਤਾ ਕਿ 'ਆਪ ਨੂੰ ਜੇ ਦੰਡ ਨਾ ਦਿਆਂ ਤਾਂ ਮੇਰਾ ਨਿਆਂ ਨਹੀਂ ਪੂਰਾ ਤੁਲਦਾ, ਇਸ ਲਈ ਆਪ ਨੂੰ ਮੈਂ ਜੁਰਮਾਨੇ ਦੀ ਸਜ਼ਾ ਦਿਆਂਗਾ। ਪਰ ਇਹ ਜੁਰਮਾਨਾ ਸਰਕਾਰੀ ਖਜ਼ਾਨੇ ਦਾਖਲ ਨਹੀਂ ਕੀਤਾ ਜਾਵੇਗਾ; ਬਦਰੀ ਕੰਦ ਤਲਾਉ ਉਤੇ ਤੁਸੀਂ ਪੁਲ ਬਣਵਾ ਦਿਓ ਤੇ ਏਹ ਰਕਮ ਉਸ ਪਰ ਲਾ ਦਿਓ, ਜੋ ਕਰਨਾਲ ਦੀ ਸੜਕ ਸਿੱਧੀ ਹੋ ਜਾਏ ਤੇ ਮੁਸਾਫਰ ਸੁਖੀ ਹੋ ਜਾਣ'। ਸੋ ਐਸਾ ਹੀ ਹੋਇਆ। ਇਹ ਪੁਲ ਹੁਣ ਤਕ ਮੌਜੂਦ ਹੈ ਤੇ ਪੱਕਾ ਬਣਿਆ ਹੋਇਆ ਹੈ। ਬਦਰੀ ਕੰਦ ਇਕ ਬੜਾ ਲੰਬਾ ਤੇ ਪੁਰਾਤਣ ਕੱਚਾ ਤਾਲ ਹੈ, ਜਿਸਦੇ ਕਿਨਾਰੇ ਸ਼ਹਿਰ ਤੋਂ ਪਰਲੇ ਪਾਸੇ ਅੰਜਨਾਂ ਦਾ ਥੜਾ ਹੈ ਤੇ ਇਕ ਪਾਸੇ ਦੰਡਿਕਾ ਤੇ ਇਕ ਹੋਰ ਪਾਸੇ ਦੰਡਿਕਾ ਦੇਵੀ ਦੇ ਮੰਦਰ ਹੈਨ। ਸਰੀਆ ਸਿੰਹ ਦਾ ਦੰਡੇਸ਼੍ਵਰੀ ਮੰ[illegible]ਰ ਤੇ ਹਰਚਰਨ ਪੁਰੀ ਦਾ ਮੰਦਰ ਬੀ ਇਸੇ ਦੇ ਕਿਨ ਰੇ ਹੈਨ।

ਇਸੀ ਤਰ੍ਹਾਂ ਜੇ ਆਪ ਕਿਸੇ ਬਦੇਸ਼ੀ ਲੇਖਕ ਦਾ ਲਿਖਿਆ ਪੜ੍ਹੋ ਕਿ ਭਾਈ ਉਦਯ ਸਿੰਘ ਜੀ ਬਦਮਾਸ਼ ਸਨ ਤੇ ਇਸੇ ਕਾਰਨ ਬੀਮਾਰੀ ਅਧਰੰਗ ਦੀ ਹੋਈ ਤਾਂ ਬੀ ਅਮੰਨਾ ਨਾ ਕਰੋ। ਉਨ੍ਹਾਂ ਦੀ ਬੀਮਾਰੀ ਦਾ ਕਾਰਨ ਹਠ ਯੋਗ ਦੀ ਕਿਸੇ ਸਾਧਨਾਂ ਕਰਦਿਆਂ ਕੋਈ ਭੁੱਲ ਹੋ ਜਾਣੀ ਹੈ। ਇਸ ਵਕਤ ਤਕ ਉਨ੍ਹਾਂ ਦੀ ਬਦਚਲਣੀ ਦੀ ਕੋਈ ਕਥਾ ਯਾ ਰਵਾਇਤ ਪ੍ਰਸਿੱਧ ਨਹੀਂ। ਉਨ੍ਹਾਂ ਦਾ ਨਜਾਯ ਸ਼ੀਲ ਹੋਣਾ, ਧਰਮੀ ਹੋਣਾ, ਨੇਕ ਹੋਣਾ, ਨੇਕੀ ਫੈਲਾਣੀ ਤੇ ਵਿਦਵਾਨ ਹੋਣਾ, ਲੋਕਾਂ ਨੂੰ ਯਾਦ ਹੈ ਤੇ ਉਸਦੀ ਸਿੰਮ੍ਰਤੀ ਸਭ ਹਿਰਦਿਆਂ ਵਿਚ ਸਤਿਕਾਰ ਨਾਲ ਟੁਰੀ ਆਉਂਦੀ ਹੈ।

ਕੈਥਲ ਵਿਚ ਚਾਰ ਹਵਲੀਆਂ ਚਾਰ ਗੁਣੀਆਂ ਨੂੰ ਰਾਜੇ ਨੇ ਦਿੱਤੀਆਂ ਹੋਈਆਂ ਸਨ, ਇਕ ਕਵੀ ਜੀ ਨੂੰ, ਜਿਸ ਦਾ ਹਾਲ ਪਿੱਛੇ ਦੱਸ ਆਏ ਹਾਂ।

ਕੈਥਲ ਵਿਚ ਇਕ ਹਟਚਰਨਪੁਰੀ ਨਾਮੇ ਸੰਨਜਾਸੀ ਰਹਿੰਦਾ ਸੀ। ਇਹ ਆਦਮੀ ਸੀ ਸੰਨਜਾਸੀ ਪੁਰ ਹਠ ਯੋਗ ਦਾ ਚੰਗਾ ਅਭਜਾਸੀ ਤੇ ਜਾਣੂ ਸੀ। ਮਹਾਰਾਜ ਉਦਯ ਸਿੰਘ ਨੇ ਇਸ ਨੂੰ ਸੁਹਣਾ ਮੰਦਰ ਬਣਵਾ ਦਿੱਤਾ ਹੋਇਆ ਸੀ। ਇਸ ਪਰ ਆਪ ਦੀ ਬਹੁਤ ਸ਼ਰਧਾ ਸੀ। ਇਸ ਮੰਦਰ ਦੇ ਨੇੜੇ ਹੀ ਇਕ ਹੋਰ ਮੰਦਰ ਹੈ ਜਿਸਦਾ ਨਾਮ ਹੈ ਦੰਡੇਸ਼੍ਵਰੀ। ਇਹ ਮੰਦਰ ਬੀ ਮਹਾਰਾਜ ਨੇ ਇਕ ਸਰੀਆ ਸਿੰਹ ਨਾਮੇ ਨੂੰ ਬਣਵਾ ਦਿੱਤਾ ਹੋਇਆ ਸੀ। ਤੀਸਰੇ ਇਕ ਸ਼ਿਵ ਸਹਾਇ ਮਿਸ਼ਰ ਕਾਂਸੀ ਤੋਂ ਪੜ੍ਹਕੇ ਆਇਆ ਸੀ। ਇਹ ਪੰਡਿਤ ਬੀ ਸੀ ਤੇ ਹਠਜੋਗ ਬੀ ਜਾਣਦਾ ਸੀ। ਇਸ ਨੂੰ ਬੀ ਰਾਜਾ ਨੇ

ਮਕਾਨ ਬਣਵਾ ਦਿੱਤਾ ਸੀ। ਏਹ ਤ੍ਰੈਏ ਬੜੇ ਸਤਿਕਾਰੇ ਜਾਂਦੇ ਸਨ। ਕਾਰਨ ਇਹ ਸੀ ਕਿ ਭਾਈ ਉਦਯ ਸਿੰਘ ਜੀ ਨੂੰ ਹਠਜੋਗ ਦਾ ਆਪੂੰ ਬਹੁਤ ਸ਼ੌਕ ਸੀ ਤੇ ਆਪ ਹਠ ਸਾਧਨ ਕਰਦੇ ਸਨ। ਗਲ ਇੱਕੁਰ ਜਾਪਦੀ ਹੈ ਕਿ ਮੁੱਢ ਵਿਚ ਕਿਸੇ ਘੱਟ ਵਾਕਫ ਤੋਂ ਜਾਚ ਸਿੱਖ ਕੇ ਹਠਜੋਗ ਦੇ ਸਾਧਨ ਕਰਦਿਆਂ ਕੋਈ ਉਕਾਈ ਹੋਈ ਹੈ ਤੇ ਆਪ ਨੂੰ ਅਧਰੰਗ ਹੋਇਆ ਹੈ। ਮਗਰੋਂ ਏਹ ਸੱਜਣ ਕੁਛ ਫਰਕ ਤੇ ਆਏ ਤੇ ਟਿਕਾਏ ਗਏ ਹਨ ਤੇ ਇਨ੍ਹਾਂ ਤੋਂ ਦਰੁਸਤ ਤਰੀਕੇ ਤੇ ਅਰੋਗ ਹੋਣ ਦੇ ਵਸੀਲੇ ਲੱਭਣ ਦੇ ਜਤਨ ਹੁੰਦੇ ਰਹੇ ਹਨ। ਹਰਚਰਨ ਪੁਰੀ ਦੇ ਪਾਸ ਤਾਂ ਭਾਈ ਜੀ ਆਪ ਬੀ ਪੀਨਸ ਵਿਚ ਸਵਾਰ ਆਉਂਦੇ ਰਹੇ ਹਨ ਤੇ ਉਸ ਮਕਾਨ ਦੇ ਦਰਵਾਜ਼ੇ ਦੀ ਚੁੜੱਤਣ ਦੱਸਦੀ ਹੈ ਕਿ



ਕਵੀ ਜੀ ਦੀ ਰਿਹਾਇਸ਼ੀ ਹਵੇਲੀ-ਕੈਥਲ

ਪਲੰਘ ਯਾ ਪੀਨਸ ਇਸ ਵਿਚੋਂ ਸੁਖਲੀ ਲੰਘ ਜਾਂਦੀ ਹੈ। ਇਸ ਮੰਦਰ ਦੇ ਮਹੰਤ ਸਾਹਿਬ ਬੀ ਦੱਸਦੇ ਹਨ ਕਿ ਮਹਾਰਾਜ ਇਥੇ ਹਰਚਰਨ ਪੁਰੀ ਜੀ ਪਾਸ ਯੋਗਾਭਯਾਸ ਦੇ ਸੰਬੰਧ ਵਿਚ ਆਇਆ ਜਾਇਆ ਕਰਦੇ ਸੇ ਤੇ ਬੀਮਾਰੀ ਦੇ ਕਾਰਨ ਪਲੰਘ ਪੁਰ ਬਿਰਾਜੇ ਹੀ ਆਇਆ ਕਰਦੇ ਸੀ। ਇਹ ਗਲ ਕਿ ਬੀਮਾਰੀ ਰਾਜਾ ਜੀ ਨੂੰ ਕਿਸੇ ਅੱਭਯਾਸ ਦੀ ਗ਼ਲਤੀ ਤੋਂ ਹੋਈ ਸੀ ਪਰੰਪਰਾ ਤੋਂ ਗਯਾਨੀਆਂ ਵਿਚ ਬੀ ਮਲੂਮ ਸੀ ਪਰ ਸਥਾਨਕ ਖੋਜ ਤੋਂ ਬੀ ਬੁੱਢੇ ਬੁੱਢੇ ਤੇ ਆਮ ਲੋਕ ਇਹੋ ਹੀ ਕਾਰਣ ਦੱਸਦੇ ਹਨ। [ਅਸੂਲ ਪ੍ਰਸਤੀ]

ਭਾਈ ਉਦਯ ਸਿੰਘ ਜੀ ਦੇ ਇਕ ਨਿਜ ਦੇ ਮੁਲਾਜ਼ਮ ਪਾਸੋਂ ਪਰ-ਤ੍ਰਿਯਾ ਨਾਲ ਸਬੰਧ ਦੀ

ਖੂਨਾਮੀ ਹੋਗਈ*। ਜਦ ਭਾਈ ਉਦਯ ਸਿੰਘ ਸਾਹਿਬ ਨੂੰ ਪਤਾ ਲੱਗ ਗਿਆ ਤਾਂ ਦੋਸ਼ੀ ਨੇ ਇਹ ਜਾਣਕੇ ਕਿ ਦੰਡ ਜ਼ਰੂਰ ਮਿਲੇਗਾ ਰਾਤੋ ਰਾਤ ਨੱਸ ਕੇ ਧਮਧਾਣ ਦੇ ਗੁਰਦ੍ਵਾਰੇ ਮਹੰਤ ਗ੍ਰੀਬ ਸਿੰਘ ਜੀ ਦੀ ਸ਼ਰਨ ਲੈਣ ਵਿਚ ਸਲਾਮਤੀ ਸਮਝੀ ਤੇ ਉਥੇ ਪੁਜਕੇ ਬੇਨਤੀ ਕੀਤੀ ਕਿ 'ਮੈਂ ਸ਼ਰਨਾਗਤ ਹਾਂ, ਮੈਨੂੰ ਰਾਜ ਕੋਪ ਤੋਂ ਬਚਾਓ ਮੈਂ ਨਿਰਦੋਸ਼ ਮਾਰਿਆ ਜਾਵਾਂਗਾ'। ਉਧਰ ਭਾਈ ਸਾਹਿਬ ਨੂੰ ਪਤਾ ਲੱਗ ਜਾਣ ਤੇ ਆਪ ਨੇ ਉਸਦੀ ਗ੍ਰਿਫਤਾਰੀ ਵਾਸਤੇ ਅਸਵਾਰ ਘੱਲੇ। ਮਗਰੋਂ ਸਭਾ ਵਿਚ ਹੱਸ ਕੇ ਬੋਲੇ ਕਿ 'ਜੇ ਗੁਰਦਵਾਰੇ ਦਾ ਮਹੰਤ ਗੁਰੂ ਕਾ ਸਿੰਘ ਹੈ ਤਾਂ ਨਿਹਾਲ ਸਿੰਘ ਨੂੰ ਸੁਵਾਰਾਂ ਦੇ ਹਵਾਲੇ ਨਹੀਂ ਕਰੇਗਾ'। ਉਧਰ ਜਦ ਸੁਵਾਰ ਅੱਪੜੇ ਤਾਂ ਪਹਿਲਾਂ ਤਾਂ ਮਹੰਤ ਨੇ ਮੁਲਜ਼ਮ ਹਵਾਲੇ ਕਰ ਦਿੱਤਾ ਪਰ ਪੁਨਰ ਵਿਚਾਰ ਤੇ ਫੇਰ ਵਾਪਸ ਲੈ ਲਿਆ ਤੇ ਕਿਹਾ ਕਿ 'ਭਾਈ ਸਾਹਿਬ ਨੂੰ ਕਹਿ ਦਿਓ ਕਿ ਜੋ ਗੁਰਦੁਆਰੇ ਦੀ ਸ਼ਰਨ ਆਯਾ ਹੈ ਅਸੀਂ ਦੇ ਨਹੀਂ ਸਕਦੇ'। ਜਾਂ ਸੁਵਾਰਾਂ ਨੇ ਆਕੇ ਹਕੀਕਤ ਦੱਸੀ ਤਾਂ ਆਪ ਹਸ ਪਏ ਤੇ ਕਹਿਣ ਲਗੇ 'ਸਿੱਖਾਂ ਵਿਚ ਜਾਨ ਪੂਰੀ ਹੈ, ਸਿੱਖੀ ਨਿਭੇਗੀ, ਤਰੇਗੀ।' ਅਗਲੇ ਦਿਨ ਕੁਛ ਸੁਵਾਰ ਲੈਕੇ ਬਿਨਾਂ ਕਿਸੇ ਨੂੰ ਦੱਸੇ ਦੇ ਏਕਾਏਕੀ ਸ੍ਰੀ ਉਦਯ ਸਿੰਘ ਸਾਹਿਬ ਆਪ ਧਮਧਾਣ ਪੁੱਜ ਗਏ। ਸਵਾ ਸੌ ਰੁਪੱਯਾ ਤੇ ਕੜਾਹ ਪ੍ਰਸ਼ਾਦ ਗੁਰਦ੍ਵਾਰੇ ਚੜ੍ਹਾਯਾ ਤੇ ਇਕ ਪਿੰਡ ਜਿਸ ਦਾ ਨਾਮ ਡੋਹਰ† ਸੀ ਗੁਰਦੁਆਰੇ ਨੂੰ ਅਰਦਾਸ ਕਰਾਇਆ ਤੇ ਆਖਿਆ:—'ਮਹੰਤ ਜੀ! ਤੁਹਾਡੀ ਸਿੱਖੀ ਨੂੰ ਧੰਨ ਹੈ। ਮੈਂ ਤੁਹਾਡੀ ਧਰਮ ਦੇ ਅਸੂਲਾਂ ਦੀ ਪਰਪੱਕਤਾ ਦਾ ਕਦਰਦਾਨ ਹਾਂ, ਪਰ ਇਹ ਪੁਰਖ ਨਿਸ਼ਪਾਪ ਨਹੀਂ। ਇਹ ਉਹ ਖੂਨਾਮੀ ਕਰਕੇ ਆਯਾ ਹੈ ਜੋ ਸਿੱਖੀ ਧਰਮ ਵਿਚ ਵਿਹਤ ਨਹੀਂ। ਇਹ ਕੋਈ ਰਾਜਸੀ ਭੁੱਲ ਕਰਕੇ ਨਹੀਂ ਆਯਾ, ਖੂਨਾਮੀਆਂ ਹੈ। ਐਸਿਆਂ ਨੂੰ ਪਨਾਹ ਦੇਣੀ ਪਾਪ ਤੇ ਜੁਰਮ ਨੂੰ ਵਧਾਏਗੀ, ਇਸ ਕਰਕੇ ਇਸ ਦਾ ਦੇਣਾ ਵਾਜਬ ਹੈ ਤੇ ਗੁਰਸਿੱਖੀ ਹੈ'। ਇਹ ਸੁਣਕੇ ਮਹੰਤ ਨੇ ਨਿਹਾਲ ਸਿੰਘ ਦੇ ਦਿੱਤਾ ਤੇ ਆਖਿਆ, 'ਨਿਆਂ ਕਰਨਾ, ਜੇ ਦੋਸ਼ੀ ਹੋਵੇ ਤਾਂ ਦੰਡ ਵਿਚ ਦਯਾ ਵਰਤਣੀ'।

ਇਸ ਪ੍ਰਕਾਰ ਦੇ ਖਯਾਲ ਮਹਾਰਾਜ ਉਦਯ ਸਿੰਘ ਜੀ ਦੇ ਇਸ ਲਈ ਬੀ ਸਨ ਕਿ ਆਪ ਇਕ ਗੁਰੂ ਬਖਸ਼ਿਸ਼ ਵਾਲੀ ਗੱਦੀ ਤੇ ਸਨ। ਆਪ ਰਾਜਾ ਹੋਕੇ ਭਾਈ ਸਾਹਿਬ ਸਦਾਉਂਦੇ ਸਨ। ਇਕ ਵੇਰ ਇਕ ਪੱਤ੍ਰਿਕਾ ਆਈ, ਜਿਸ ਪਰ ਪਤਾ 'ਰਾਜਾ ਉਦਯ ਸਿੰਘ' ਲਿਖ੍ਯਾ ਸੀ। ਇਹ ਪੱਤ੍ਰਿਕਾ ਆਪ ਨੇ ਮੋੜ ਦਿੱਤੀ ਤੇ ਕਹਿ ਦਿੱਤਾ ਕਿ ਇਹ ਰਾਜਾ ਉਦਯ ਸਿੰਘ ਪਾਸ ਜਾਵੇ, ਜੇ ਇਹ ਮੇਰੇ ਲਈ ਹੈ ਤਾਂ ਇਸ ਪਰ 'ਭਾਈ ਉਦਯ ਸਿੰਘ' ਲਿਖ੍ਯਾ ਹੋਣਾ ਚਾਹੀਦਾ ਹੈ। ਫੂਲਕੀਆਂ ਰਯਾਸਤਾਂ ਦੇ ਰਾਜੇ ਤੇ ਕੰਵਰ ਇਸੇ ਗੱਦੀ ਤੋਂ ਅੰਮ੍ਰਿਤ ਛਕਦੇ ਸਨ, ਇਸ ਕਰਕੇ ਧਾਰਮਿਕ ਪੱਖ ਵਿਚ ਆਪ ਇਕ ਜ਼ਿੰਮੇਵਾਰ ਆਗੂ ਸਮਝੇ ਜਾਂਦੇ ਸੇ। ਚਾਹੋ ਰਾਜਸੀ ਮਾਮਲਿਆਂ ਵਿਚ ਕਈ ਵੇਰ ਪਟਿਆਲੇ ਨਾਲ ਅਣਬਣਾਂ ਦੇ ਮੌਕੇ ਆਏ ਪਰ ਫਿਰ ਬੀ ਸਾਰੇ ਫੂਲਕੇ ਰਾਜੇ ਇਨ੍ਹਾਂ ਦੇ ਧਾਰਮਿਕ ਸਨਮਾਨ ਨੂੰ ਉਲੰਘਦੇ ਨਹੀਂ ਸਨ;ਸਗੋਂ ਪਟਯਾਲੇ ਰਯਾਸਤ ਵਲੋਂ ਕਈ ਪਿੰਡ ਆਪਨੂੰ ਮਿਲੇ ਹੋਏ ਸਨ। ਬੁਢਲਾਡੇ ਦੇ ਲਾਗੇ ਅਠ ਦਸ ਪਿੰਡ ਅਜੇ ਬੀ ਭਾਈ ਭਗਤੂ ਦੀਵੰਸ਼ ਪਾਸ ਹਨ।

ਕੇਥਲ ਵਿਚ ਦੋ ਗੁਰਦਵਾਰੇ ਨੌਵੀਂ ਪਾਤਸ਼ਾਹੀ ਦੇ ਹਨ, ਇਕ ਸ਼ਹਿਰੋਂ ਬਾਹਰ ਹੈ ਤੇ ਇਕ ਵਿੱਚ ਹੈ। ਵਿਚ ਵਾਲਾ ਕਵੀ ਜੀ ਦੇ ਘਰ ਦੇ ਨੇੜੇ ਹੈ, ਇਸ ਗੁਰਦਆਰੇ ਵਿਚ ਕਵੀ ਜੀ

*ਇਸ ਦਾ ਨਾਮ ਨਿਹਾਲ ਸਿੰਘ ਸੀ।

†ਇਹ ਪਿੰਡ ਆਖਦੇ ਹਨ ਰਯਾਸਤ ਦੀ ਜ਼ਬਤੀ ਨਾਲ ਜ਼ਬਤ ਹੋਗਿਆ ਸੀ।

ਲੌਢੇ ਪਹਿਰ ਕਥਾ ਕਰਿਆ ਕਰਦੇ ਸਨ*। ਕਥਾ ਬੜੀ ਰਸੀਲੀ ਹੁੰਦੀ ਸੀ ਤੇ ਸੁਣਨ ਵਾਲਿਆਂ ਦੇ ਹਜੂਮ ਕੱਠੇ ਹੋ ਜਾਇਆ ਕਰਦੇ ਸਨ। ਇਕ ਦਿਨ ਦੀ ਗਲ ਹੈ ਕਿ ਆਪ ਕਥਾ ਦਾ ਭੋਗ ਪਾ ਹਟੇ ਤਾਂ ਇਕ ਲੋਂਹਦੀ ਮਾਂ ਤੇ ਵਿਲਕਦਾ ਪਿਤਾ ਦੁਇ ਹੱਥ ਬੰਨ੍ਹਕੇ ਖੜੇ ਹੋ ਗਏ ਤੇ ਉਹਨਾਂ ਨੇ ਆਪਣੀ ਵਿਥਜਾ ਸੁਣਾਈ ਕਿ 'ਸਾਡਾ ਪੁੱਤਰ ਜਿਸ ਦੀ ਉਮਰ ਯਾਰਾਂ ਕੁ ਸਾਲ ਦੀ ਹੈ ਕਿਸੇ ਗੱਲੇ ਘਰੋਂ ਲੜ ਕੇ ਨੱਸ ਗਿਆ। ਅਸੀਂ ਮਗਰ ਖੋਜ ਵਿਚ ਲੱਗੇ। ਸੂੰਹਾਂ ਕਰਦਿਆਂ ਸਾਨੂੰ ਏਥੇ ਦੱਸ ਪਈ। ਏਥੇ ਆਕੇ ਅਸਾਂ ਪਤਾ ਲਾ ਲਿਆ ਹੈ, ਪਰ ਉਹ ਡਾਢੇ ਹੱਥਾਂ ਵਿਚ ਹੈ। ਅਸੀਂ ਬਥੇਰੇ ਹਾੜੇ ਤਰਲੇ ਕਰ ਆਏ ਹਾਂ, ਸਾਨੂੰ ਮਿਲਦਾ ਨਹੀ, ਸਾਧ ਸੰਗਤ ਸਾਡੀ ਬਾਹੁੜੀ ਕਰੇ'। ਤਦ ਸੰਗਤ ਵਿਚੋਂ ਜੋ ਪੁੱਤ-ਵਿਛੋੜੇ ਵਿਚ ਵਿਲਪਦੇ ਮਾਪਿਆਂ ਨਾਲ ਹਮਦਰਦ ਹੋ ਰਹੇ ਸਨ ਕਿੰਨੀਆਂ ਅਵਾਜ਼ਾਂ ਬੋਲੀਆਂ 'ਕੌਣ ਹੈ ਓਹ ? ਨਾਂ ਲਓ ਓਸਦਾ।' ਤਦ ਉਨ੍ਹਾਂ ਦੱਸਿਆ 'ਜੀ, ਉਹ ਹੈ ਸੰਨਿਆਸੀ ਰਾਮਗਿਰ। ਕੁਛ ਸਮੇਂ ਤੋਂ ਏਥੇ ਟਿਕਿਆ ਹੋਇਆ ਹੈ ਤੇ ਭਾਈ ਸਾਹਿਬ ਉਦਯ ਸਿੰਘ ਜੀ ਉਸ ਤੇ ਬੜੇ ਦਿਆਲੂ ਹੈਨ। ਉਸ ਸਾਧ ਨੇ ਸਾਡੇ ਪੁੱਤ੍ਰ ਦੇ ਕੇਸਾਂ ਦੀ ਬੇਅਦਬੀ ਕਰ ਦਿੱਤੀ ਹੈ ਤੇ ਚੇਲਾ ਬਣਾ ਲਿਆ ਹੈ ਤੇ ਸਾਨੂੰ ਆਖਦਾ ਹੈ ਮੈਂ ਬਾਲਕਾ ਨਹੀਂ ਦਿਆਂਗਾ, ਲਾ ਲਓ ਜ਼ੋਰ। ਲੋਕੀਂ ਸਾਨੂੰ ਡਰਾਉਂਦੇ ਹਨ ਕਿ ਰਾਜੇ ਪਾਸ ਗਏ ਤਾਂ ਰਾਮਗਿਰ ਤੁਹਾਨੂੰ ਔਖਾ ਕਰੇਗਾ।'

ਸੰਗਤ ਨੇ ਜਦ ਰਾਮਗਿਰ ਦਾ ਨਾਉਂ ਸੁਣਿਆਂ ਤਾਂ ਸੋਚਾਂ ਪੈ ਗਈਆਂ, ਕਿਸੇ ਦਾ ਹੀਆ ਨਹੀਂ ਸੀ ਕਿ ਮਹਾਰਾਜੇ ਦੇ ਮੂੰਹ ਚਿੜ੍ਹ ਲਗਦੇ ਸਾਧੂ ਦੇ ਵਿਰੁੱਧ ਕੁਛ ਕਰ ਸਕੇ। ਫਿਰ ਸਭ ਦੇ ਨੈਣ ਕਵੀ ਸੰਤੋਖ ਸਿੰਘ ਜੀ ਵਲ ਉੱਠੇ। ਇਕ ਦੋਂਹੁ ਸਿਆਣਿਆਂ ਆਪੋ ਵਿਚ ਗੋਸ਼ੇ ਕਰਕੇ ਆਖਿਆ: 'ਭਾਈ ਸਾਹਿਬ! ਇਨ੍ਹਾਂ ਦੀ ਬਾਹੁੜੀ ਆਪ ਕਰ ਸਕਦੇ ਹੋ। ਸਾਡੇ ਵਿਚ ਆਪ ਹੀ ਹੋ ਜੋ ਮਹਾਰਾਜ ਉਦਯ ਸਿੰਘ ਜੀ ਨੂੰ ਕਹਿ ਸਕਦੇ ਹੋ'। ਕਵੀ ਜੀ ਦਾ ਦਿਲ ਅੱਗੇ ਹੀ ਕੋਮਲ ਭਾਵਾਂ ਤੇ ਕੌਮੀ ਅਣਖ ਨਾਲ ਪੰਘਰ ਰਿਹਾ ਸੀ, ਕਹਿਣ ਲਗੇ 'ਸਤਿ ਬਚਨ, ਸੰਗਤ ਦੀ ਆਗਜ਼ਾ ਪਾਲਨ ਵਿਚ ਮੈਂ ਸਾਰਾ ਤਾਣ ਲਾਵਾਂਗਾ'। ਅਗਲੇ ਹੀ ਦਿਨ ਆਪ ਨੇ ਇਹ ਬਿਨਯ ਰਾਜਾ ਪਾਸ ਕਰ ਦਿੱਤੀ। ਸ੍ਰੀ ਉਦਯ ਸਿੰਘ ਜੀ ਨੇ ਸੁਣਕੇ ਕਿਹਾ ਕਿ 'ਮੇਰੇ ਕੰਨਾ ਤਕ ਇਹ ਗਲ ਨਹੀਂ ਅੱਪੜੀ; ਮੈਂ ਰਾਮਗਿਰ ਸਾਧੂ ਨੂੰ ਆਪ ਆਖਾਂਗਾ'। ਕਵੀ ਜੀ ਦੇ ਮਗਰੋਂ ਰਾਮਗਿਰ ਨੇ ਮਿਲਣਾ ਸੀ। ਉਸ ਵੇਲੇ ਮਹਾਰਾਜ ਉਦਯ ਸਿੰਘ ਜੀ ਨੇ ਗੱਲ ਆਖੀ, ਪਰ ਰਾਮਗਿਰ ਨੇ ਉਜ਼ਰ ਕੀਤਾ ਕਿ 'ਓਹ ਮੇਰਾ ਚੇਲਾ ਹੋ ਚੁਕਾ ਹੈ ਤੇ ਉਸਨੂੰ ਵਾਪਸ ਦੇਣਾ ਮੇਰਾ ਧਰਮ ਨਹੀਂ', ਆਪ ਉਨ੍ਹਾਂ ਨੂੰ ਨਾਂਹ

*ਏਥੇ ਗੁਰੂ ਤੇਗ ਬਹਾਦਰ ਜੀ ਪਹਿਲੋਂ ਟਿਕੇ ਸਨ, ਅਹਾਤੇ ਵਿਚ ਕੁਛ ਨਿੰਮਾਂ ਦੇ ਪੇੜ ਹਨ। ਲਿਖਦਾ ਹੈ ਕਿ ਇਕ ਨਿੰਮ ਦੇ ਪੱਤੇ ਤਾਪੀਆਂ ਨੂੰ ਗੁਰੂ ਜੀ ਨੇ ਖਿਲਾਏ ਤੇ ਓਹ ਵੱਲ ਹੋ ਗਏ। ਇਉਂ ਬੀ ਦੱਸਦੇ ਹਨ ਕਿ ਪਹਿਲੇ ਦਿਨ ਓਥੇ ਟਿਕੇ ਤੇ ਅੰਨ ਪਾਣੀ ਦੀ ਥਾਂ ਸਿੱਖਾਂ ਨੂੰ ਨਿੰਮ ਦੇ ਪਤੇ ਛਕਣੇ ਦਾ ਹੁਕਮ ਹੋ ਗਿਆ। ਓਹ ਡਾਲ ਮਿੱਠਾ ਹੋਗਿਆ। ਮਗਰੋਂ ਇਹ ਡਾਲ ਇਕ ਮੁਸਲਮਾਨ ਫਕੀਰ ਨੇ ਕੱਟ ਦਿੱਤਾ, ਜਿਸ ਦੀ ਕਬਰ ਨੇੜੇ ਹੀ ਹੈ। ਡਾਲ ਕੱਟਿਆ ਦਿੱਸਦਾ ਹੈ ਤੇ ਬਾਕੀ ਨਿੰਮ ਹਰੀ ਹੈ, ਇਸ ਦੇ ਪੱਤੇ ਹੋਰਨਾਂ ਨਿੰਮਾਂ ਵਾਂਙੂ ਕੌੜੇ ਨਹੀਂ ਹਨ, ਚੱਖ ਕੇ ਦੇਖੇ ਹਨ। ਇਸ ਗੁਰਦੁਆਰੇ ਨਾਲ ਕੁਛ ਜ਼ਿਮੀ ਹੈ ਤੇ ਪਟਿਆਲਾ ਤੇ ਜੀਂਦ ਤੋਂ ਸਾਲਾਨਾ ਥੋੜੀ ਥੋੜੀ ਰਕਮ ਮਿਲਦੀ ਹੈ। ਕੈਂਥਲ ਵਿਚ ਤਦੋਂ ਤ੍ਰੈ ਘਰ ਸਿਖਾਂ ਦੇ ਸਨ। ਜੋ ਗੁਰੂ ਜੀ ਨੂੰ ਸ਼ਹਿਰ ਅੰਦਰ ਲੈ ਗਏ। ਆਪ ਇਕ ਤ੍ਰਿਖਾਣ ਸਿੱਖ ਦੇ ਘਰ ਟਿਕੇ ਸਨ, ਤਿੰਨਾਂ ਸਿੱਖਾਂ ਨੇ ਬਹੁਤ ਪਜਾਰ ਕੀਤਾ। ਉਸ ਤ੍ਰਿਖਾਣ ਸਿੱਖ ਦੇ ਘਰ ਦਾ ਗੁਰਦੁਆਰਾ ਬਣਿਆ ਜਿਥੇ ਕਵੀ ਜੀ ਕਥਾ ਕਰਿਆ ਕਰਦੇ ਸੇ।

ਕਰ ਦਿਓ'। ਜਦੋਂ ਕਵੀ ਜੀ ਨੂੰ ਮਹਾਰਾਜ ਨੇ ਦੱਸਿਆ 'ਕਿ ਸਾਧੂ ਸੁਖ ਨਾਲ ਬੱਚਾ ਨਹੀਂ ਦਿੰਦਾ ਤੇ ਮੇਰੇ ਲਈ ਇਤਨੇ ਪ੍ਰਸਿੱਧ ਵਿਦਵਾਨ ਤੇ ਨਗਰੀ ਵਿਚ ਸਤਿਕਾਰੇ ਹੋਏ ਸਾਧੂ ਉਤੇ ਕੋਈ ਸਖਤੀ ਕਰਨੀ ਬੜੀ ਸ਼ੋਚਨੀਯ ਬਾਤ ਬਣ ਰਹੀ ਹੈ'। ਕਵੀ ਜੀ ਸੁਣਕੇ ਚੁਪ ਕਰ ਰਹੇ ਤੇ ਘਰ ਆਕੇ ਤਿਆਰੇ ਕਰ ਦਿੱਤੇ। ਅਗਲੇ ਦਿਨ ਚੁਪਾਤੇ ਹੀ ਸ਼ਹਿਰ ਛੱਡਕੇ ਟੁਰ ਪਏ। ਪਰ ਉਨ੍ਹਾਂ ਦੇ ਦਰਵਾਜਿਓਂ ਨਿਕਲਦਿਆਂ ਹੀ ਪਹਿਰੇਦਾਰਾਂ ਨੂੰ ਉਨ੍ਹਾਂ ਦੇ ਨੱਗਰ ਛੱਡ ਜਾਣ ਦਾ ਪਤਾ ਪੈਗਿਆ ਤੇ ਪਲੋਂ ਪਲੀ ਵਿਚ ਮਹਾਰਾਜ ਤਕ ਬੀ ਗਲ ਅੱਪੜ ਗਈ। ਮਹਾਰਾਜ ਜੀ ਨੇ ਉਸੇ ਵੇਲੇ ਸੁਵਾਰ ਦੁੜਾਏ ਕਿ ਸਰਪਟ ਜਾਓ ਤੇ ਕਵੀ ਜੀ ਨੂੰ ਮੋੜਕੇ ਲਿਆਓ, ਸੋ ਐਸਾ ਹੀ ਹੋਇਆ। ਜਦ ਕਵੀ ਜੀ ਵਾਪਸ ਆਂਦੇ ਤੇ ਹਾਜ਼ਰ ਕੀਤੇ ਗਏ ਤਾਂ ਮਹਾਰਾਜ ਨੇ ਹੱਸਕੇ ਪੁਛਿਆ 'ਕਵੀ ਜੀ! ਐਨੀਆਂ ਪੱਕੀਆਂ ਪ੍ਰੀਤਾਂ ਛਿਨ ਵਿਚ ਤੋੜਕੇ ਤੁਰ ਪਏ, ਜਾਣ ਲੱਗੇ ਨਾਂ ਫਤੇ ਨਾਂ ਅਲਵਿਦਿਆ'।

ਕਵੀ ਜੀ—'ਮੈਂ ਹਾਂ ਸ੍ਰੀ ਜੀ ਦਾ ਵਿਰਦ ਗਾਇਨ ਵਾਲਾ ਕਵੀ। ਆਪ ਦੀ ਅਪਕੀਰਤੀ ਹੋਣ ਦਾ ਮੈਨੂੰ ਪੈ ਗਿਆ ਸੀ ਭੈ, ਇਸ ਕਰਕੇ ਛੇਤੀ ਟੁਰ ਪਿਆ ਸਾਂ ਕਿ ਮੇਰੇ ਕੰਨ ਦੂਹਰੀ ਅਪਕੀਰਤੀ ਨਾਂ ਸੁਣਨ'। ਮਹਾਰਾਜ ਮੁਸਕ੍ਰਾਏ ਤੇ ਕਹਿਣ ਲਗੇ: 'ਕਵੀ ਜੀ! ਉਹ ਗਲ ਵੀ ਦੱਸ ਦਿਓ ਤਾਂ ਜੋ ਅਪਕੀਰਤੀ ਹੋਣ ਤੋਂ ਪਹਿਲਾਂ ਹੀ ਨੱਪ ਲਈ ਜਾਵੇ'। ਤਾਂ ਕਵੀ ਜੀ ਬੋਲੇ:— 'ਆਪ ਹੋ ਰਾਜਾ, ਰਾਜਾ ਦਾ ਧਰਮ ਹੈ ਨਿਆਂ, ਇਕ ਨਾਬਾਲਗ ਬੱਚਾ ਇਕੁ ਸਾਧੂ ਪਕੜਕੇ ਚੇਲਾ ਬਣਾਲੈਂਦਾ ਹੈ ਤੇ ਮਾਪੇ ਵਿਲਕਦੇ ਹਨ ਕਿ ਬੱਚਾਵਾਪਸ ਮਿਲੇ।ਸਾਧੂ ਬੱਚਾ ਦੇਂਦਾਨਹੀਂ ਤੇ ਉਲਾਂਭਾ ਆਪ ਦੇ ਸਿਰ ਆਉਣਾ ਹੈ। ਇਸ ਤੋਂ ਪਰਜਾ ਵਿਚ ਅਪਕੀਰਤੀ ਹੋਣ ਦਾ ਡਰ ਹੈ, ਜੋ ਮੇਰੇ ਕੰਨ ਸੁਣ ਨਹੀਂ ਸਕਦੇ। ਦੂਸਰੇ ਆਪ ਨਿਰੇ ਰਾਜੇ ਨਹੀਂ ਹੋ ਆਪ ਹੋ 'ਭਾਈ ਸਾਹਿਬ'। ਆਪਦੇ ਬਜ਼ੁਰਗਾਂ ਬਖਸ਼ਿਸ਼ਾਂ ਪਾਈਆਂ ਤੇ ਗੁਰੂ ਤੇ ਪੰਥ ਸੇਵਿਆ। ਆਪ ਦੇ ਰਾਜ ਵਿਚ ਇਕ ਨਾਬਾਲਗ ਸਿੱਖ ਬੱਚੇ ਨੂੰ ਪਤਿਤ ਕੀਤਾ ਜਾਏ, ਮਾਪੇ ਰੋਣ ਤੇ ਆਪ ਧਰਮ ਧੁਰੰਧਰ ਹੋਕੇ ਬਹੁੜੀ ਨਾਂ ਕਰੋ ਤਾਂ ਪੰਥ ਵਿਚ ਅਪਕੀਰਤੀ ਚੱਲੇਗੀ ਕਿ ਆਪਦੇ ਰਾਜ ਵਿਚ ਐਸਾ ਕਿਉਂ ਹੋਇਆ। ਇਸ ਲਈ ਦਿਲ ਨੇ ਇਹੋ ਉਛਾਲ ਖਾਧਾ ਕਿ ਲਾਂਭੇ ਹੋ ਚਲੀਏ, ਭਾਈ ਸਾਹਿਬ ਤਾਂ ਹੁਣ ਸੰਨਿਆਸ ਦੇ ਮਗਰ ਲਗ ਟੁਰੇ ਹਨ'।

ਇਹ ਹਿਤ ਤੇ ਸਚਿਆਈ ਦੇ ਵਾਕ ਸੁਣਕੇ ਆਪ ਹੱਸ ਪਏ ਤੇ ਬੋਲੇ:—'ਹਛਾ ਯਾਰਾ! ਜਾਹ ਡੇਰੇ ਅਰਾਮ ਨਾਲ ਸੌਂ, ਪੰਜਵੇਂ ਦਿਨ ਤਕ ਤੇਰੇ ਸਾਰੇ ਹੱਕ ਨਿਆਂ ਪੂਰੇ ਕਰ ਦਿਆਂਗੇ'। ਕਵੀ ਜੀ ਫਤੇ ਗਜਾਕੇ ਆਪਣੇ ਡੇਰੇ ਆ ਗਏ ਤੇ ਚੌਥੇ ਦਿਨ ਲੜਕਾ ਕਵੀ ਜੀ ਦੇ ਡੇਰੇ ਅਪੜਾ ਦਿੱਤਾ ਗਿਆ। ਇਹ ਬੱਚਾ ਕਵੀ ਜੀ ਨੇ ਮਾਪਿਆਂ ਨੂੰ ਸੱਦ ਕੇ ਹਵਾਲੇ ਕੀਤਾ ਤੇ ਉਨ੍ਹਾਂ ਦੀਆਂ ਅਸੀਸਾਂ ਲਈਆਂ ਤੇ ਬੱਚੇ ਦਾ ਮੁੜਕੇ ਗੁਰਸਿੱਖੀ ਸੰਸਕਾਰ ਕਰਕੇ ਸ੍ਵੈਧਰਮ ਵਿਚ ਪ੍ਰਵੇਸ਼ ਕਰਵਾਇਆ ਗਿਆ*। [ਘੋੜ ਸਵਾਰੀ]

ਆਮ ਤੌਰ ਤੇ ਵਿਦਯਾ ਦੋਸਤ ਹੋਣ ਕਰਕੇ ਤੇ ੧੨ ਬਰਸ ਦੇ ਲਗ ਪਗ ਅਧਰੰਗ ਨਾਲ ਬੀਮਾਰ ਰਹਿਣ ਕਰਕੇ ਖਿਆਲ ਕੀਤਾ ਜਾ ਸਕਦਾ ਹੈ ਕਿ ਭਾਈ ਉਦਯ ਸਿੰਘ ਸਿਪਾਹਗੀਰੀ ਦੇ ਕਰਤਬਾਂ ਵਿਚ ਮੁੱਢੋਂ ਹੀ ਢਿੱਲਾ ਮੱਠਾ ਹੋਣਾ ਹੈ, ਪਰ ਇਸ ਪਾਸੇ ਬੀ ਉਸ ਨੇ ਜਵਾਨੀ ਵਿਚ

*ਇਹ ਵਾਰਤਾ ਇਕ ਓਥੋਂ ਦੇ ਅੱਸੀ ਬਰਸ ਦੇ ਬ੍ਰਿਧ ਮਰਹਟੇ ਬ੍ਰਹਿਮਣ ਤੋਂ ਮਿਲੀ ਹੈ।

ਕਸਰਤ ਕੀਤੀ ਹੋਈ ਸੀ। ਤਲਵਾਰ ਵਾਹੁਣੀ, ਬੰਦੂਕ ਚਲਾਉਣੀ ਨੇਜ਼ੇਬਾਜ਼ੀ ਆਦਿ ਕਰਤਬਾਂ ਦਾ ਕਰਨਾ ਭਾਈ ਉਦਜਸਿੰਘ ਵਿਚਨਿਪੁਨਤਾ ਦੇ ਦਰਜੇ ਦਾ ਸੀ.ਘੋੜ ਸਵਾਰੀਦੀ ਇਕਗਲ ਹੁਣ ਤਕ ਯਾਦ ਹੈ। ਸ਼ਹਿਰੋਂ ਬਾਹਰ ਇਕ ਮੈਦਾਨ ਵਿਚ ਇਕ ਪੱਥਰ ਇੱਟਾਂ ਦਾ ਥੰਮ੍ਹ ਸੀ ਜੋ ਹੁਣ ਤਕ ਖੜਾ ਹੈ, ਇਸਦੇ ਉਤੇ ਇਕ ਨਗਾਰਾ ਟਿਕਿਆ ਰਹਿੰਦਾ ਸੀ। ਮਹਾਰਾਜ ਘੋੜਾ* ਸਰਪਟ ਛੱਡੀ ਇਸਦੀ ਸੇਧ ਤੇ ਆਉਂਦੇ ਹੋਏ ਘੋੜੇ ਨੂੰ ਐਸ ਤਰ੍ਹਾਂ ਟਪਾਉਂਦੇ ਕਿ ਨਗਾਰੇ ਦੇ ਉੱਤੋਂ ਦੀ ਉਛਲਕੇ ਉਹ ਪਾਰ ਜਾ ਪੈਂਦਾ ਤੇ ਜਾਂਦੇ ਹੋਏ ਦੇ ਦੁਇ ਪੈਰ ਇਸ ਤਰ੍ਹਾਂ ਨਗਾਰੇ ਨੂੰ ਛੁਹੰਦੇ ਕਿ ਉਹ ਵੱਜ ਤਾਂ ਪੈਂਦਾ ਪਰ ਨਗਾਰਾਂ ਆਪਣੇ ਟਿਕਾਣੇ ਤੋਂ ਹਿੱਲ ਕੇ ਡਿੱਗ ਨਾ ਪੈਂਦਾ।

[ਨਿਸ਼ਾਨਾ ਬਾਜ਼ੀ]

ਆਖਦੇ ਹਨ ਕਿ ਕਿਸੇ ਮੌਕੇ ਤੇ ਮਾਲਵੇ ਤੇ ਮੈਨਦਾਬ ਦੇ ਸਾਰੇ ਸਿੱਖ ਰਾਜੇ ਇਕੱਠੇ ਹੋਏ ਸਨ। ਇਕ ਦਿਨ ਰਾਜਿਆਂ ਰਾਜਿਆਂ ਦੀ ਨਿਸ਼ਾਨੇਬਾਜ਼ੀ ਦੇ ਕਰਤਬ ਕਰਕੇ ਦੱਸਣ ਦੀਪਰਸਪਰ ਵੀਚਾਰ ਹੋਈ। ਨਿਸ਼ਾਨੇ ਬਾਜ਼ੀ ਲਈ ਵਿਉਂਤ ਬੜੀ ਕਠਨ ਜੇਹੀ ਸੀ। ਉਸ ਵਿਚ ਸਭ ਤੋਂ ਅੱਗੇ ਭਾਈ ਉਦਯ ਸਿੰਘ ਜੀ ਰਹੇ ਤੇ ਇਕ ਹੋਰ ਰਾਜੇ ਦੇ ਨਿਸ਼ਾਨਾ ਮੂਲੋਂ ਉੱਕ ਜਾਣ ਤੇ ਭਾਈ ਉਦਯ ਸਿੰਘ ਵਲੋਂ ਹਾਸ ਦੇ ਵਚਨ ਬੇਵਸੇ ਨਿਕਲ ਗਏ ਕਿ ਸਿੱਖ ਕੀਹ ਤੇ ਨਿਸ਼ਾਨਾ ਉੱਕ ਜਾਣਾ ਕੀਹ ? ਇਤਨਾ ਫ਼ਖ਼ਰ ਇਸ ਰਾਜੇ ਦੇ ਜੀ ਵਿਚ ਅਪਣੀ ਨਿਸ਼ਾਨਾ ਬਾਜ਼ੀ ਦਾ ਸੀ।

[ ਸ਼ਿਕਾਰ ]

ਭਾਈ ਉਦਯ ਸਿੰਘ ਜੀ ਦਾ ਪਰਜਾ ਦੀ ਦੁਖਦਾਈ ਜੰਤੂਆਂ ਤੋਂ ਰਖਿਆ ਕਰਨ ਲਈ ਆਪ ਜਾ ਕੇ ਜਾਨਵਰਾਂ ਨੂੰ ਮਾਰਨਾ ਬੀ ਪ੍ਰਸਿੱਧ ਹੈ। ਕਵੀ ਸੰਤੋਖ ਸਿੰਘ ਜੀ ਦਾ ਰਚਿਤ ਇਸ ਬਾਰੇ ਵਿਚ ਸਾਨੂੰ ਇਕ ਛੰਦ ਮਿਲਿਆ ਹੈ, ਜੋ ਇਸ ਗਲ ਦੀ ਸਮਕਾਲੀ ਸਾਖ ਹੈ:—

ਉਦਯ ਸਿੰਘ ਕਾਨਨ ਹੁਇ ਕੋਇ॥ ਉਦਯ ਸਿੰਘ ਕਾਨਨ ਸੁਨਿ ਸੋਇ॥
ਸਹਿ ਨਹਿੰ ਸਕੈ ਚਢੈ ਤਤਕਾਲਾ॥ ਕਰਹਿ ਨਿਕੰਦਨ ਬੀਰ ਬਿਸਾਲਾ[੧]॥

[ਲੰਕਾ ਕਾਂਡ ਸਰਗ ੧੩੧

[ ਸਖਾਵਤ ]

ਭਾਈ ਉਦਯ ਸਿੰਘ ਦੀ ਸਖਾਵਤ ਬੀ ਪ੍ਰਸਿੱਧ ਹੈ। ਇਕ ਗਲ ਬੜੀ ਸੁਆਦਲੀ ਲੋਕਾਂ ਨੂੰ ਹੁਣ ਤਕ ਯਾਦ ਹੈ। ਮੁਸਲਮਾਨਾਂ ਦੇ ਵਿਆਹ ਕਰਨ ਵਾਲੇ ਮੁੱਲਾਂ ਲਈ ਵਿਆਹ ਕਰਾਈ ਦੇਖਣਾ ॥) ਯਾ ਵੱਧ ਤੋਂ ਵੱਧ ੧) ਦੇਣ ਦਾ ਆਮ ਰਿਵਾਜ ਸੀ। ਭਾਈ ਸਾਹਿਬ ਦੇ ਨਿਜ ਪਲੰਘ ਚਾਉਣ ਵਾਲੇ ਕਹਾਰਾਂ ਵਿਚੋਂ ਇਕ ਦਾ ਵਿਆਹ ਆਇਆ। ਜਾਂ ਜੰਞ ਕੁੜਮਾਂ ਦੇ ਘਰ ਅੱਪੜੀ ਤਾਂ ਕਾਜ਼ੀ ਨੇ ਕਿਹਾ ਮੈਂ ਵਿਆਹ ਕਰਾਈ ੧) ਨਹੀਂ ਲੈਣਾ। ਇਸ ਝਗੜੇ ਵਿਚ ਵਿਆਹ ਨਾਂ ਹੋਇਆ। ਰਿੱਧਾ ਪੱਕਾ ਐਵੇਂ ਗਿਆ ਤੇ ਜੰਞ ਭੁੱਖੀ ਰਹੀ। ਜਾਂ ਸਵੇਰੇ ਕਹਾਰ ਨੌਕਰੀ ਤੇ ਆ ਗਿਆ। ਤਾਂ ਭਾਈ ਸਾਹਿਬ ਨੇ ਹੱਸਕੇ ਪੁੱਛਿਆ ਕਿ 'ਸੁਣਾ ਬਈ ਵਿਆਹ ਹੋ ਗਿਆ'। ਉਸਨੇ ਉਦਾਸ ਹੋਕੇ ਕਿਹਾ ਕਿ 'ਜੀ ਕਾਜ਼ੀ ਨੇ ਨਿਕਾਹ ਨਹੀਂ ਪੜ੍ਹਾਇਆ, ਆਖੇ, ਮੈਂ ੧) ਨਹੀਂ ਲੈਣਾ

*ਇਸ ਘੋੜੇ ਦਾ ਨਾਉਂ ਬਰਛੀ ਸੀ।

[੧]ਜੇ ਕੋਈ ਸ਼ੇਰ ਬਨ ਵਿਚ ਪ੍ਰਗਟ ਹੋ ਜਾਵੇ ਤੇ ਉਦਯ ਸਿੰਘ ਉਸ ਦੀ ਖਬਰ ਕੰਨੀ ਸੁਣ ਲਵੇ ਤਾਂ ਉਸੇ ਵੇਲੇ ਚੜ੍ਹ ਪੈਂਦਾ ਤੇ ਉਸਨੂੰ ਮਾਰ ਦੇਂਦਾ ਹੈ ਐਸਾ ਬੀਰ ਬਹਾਦਰ ਹੈ।

ਵੱਧ ਲੈਣਾ ਹੈ। ਬਿਰਾਦਰੀ ਆਖੇ ਕਿ ਅਸਾਂ ਪਿਰਤ ਨਹੀਂ ਵਧਾਉਣੀ। ਇਸੇ ਰੇੜਕੇ ਵਿਚ ਸਹੁਰਿਆਂ ਦਾ ਅੰਨ ਪਾਣੀ ਐਵੇਂ ਗਿਆ, ਜੰਵ ਭੁੱਖੀ ਰਹੀ ਤੇ ਮੈਂ ਕੁਆਰੇ ਦਾ ਕੁਆਰਾ'। ਭਾਈ ਜੀ ਨੂੰ ਗਲ ਚੰਗੀ ਨਾਂ ਲੱਗੀ ਕਿ ਮੇਰੇ ਰਾਜ ਵਿਚ ਇਸ ਤਰ੍ਹਾਂ ਦੀ ਕਰੜਾਈ ਹੋਈ ਹੈ। ਕਾਜ਼ੀ ਨੂੰ ਬੁਲਾ ਘੱਲਿਆ ਤੇ ਕਾਰਨ ਪੁੱਛਿਆ। ਉਸਨੇ ਸਿਰ ਨਿਵਾ ਕੇ ਕਿਹਾ:—'ਹਜ਼ੂਰ! ਮੈਂ ਤਾਂ ਕਦੇ ਪੈਸਿਆਂ ਲਈ ਅੜ ਨਹੀਂ ਕੀਤੀ, ਗ਼ੀਬਾਂ ਪਾਸੋਂ ਤਾਂ ਮੈਂ ।=) ਤਕ ਬੀ ਲੈ ਲੈਂਦਾ ਹਾਂ। ਇਹ ਕਹਾਰ ਆਪ ਦੀ ਨਿਜ ਸਵਾਰੀ ਦਾ ਹੈ। ਇਸ ਪਾਸੋਂ ਮੈਂ ਆਪ ਦੀ ਹੈਸੀਅਤ ਦਾ ਲਾਗ ਲੈਣਾ ਹੈ'। ਕਹਾਰ ਨੇ ਕਿਹਾ 'ਹਜ਼ੂਰ! ਮੈਂ ਤਾਂ ਆਪਣੀ ਹੈਸੀਅਤ ਵਲ ਵੇਖਣਾ ਸੀ।' ਇਹ ਸੁਣ ਕੇ ਆਪ ਹੱਸ ਪਏ, ੨੫) ਕਾਜ਼ੀ ਨੂੰ ਅਪਣੇ ਪਾਸੋਂ ਦਿਵਾਏ ਤੇ ਜੰਵ ਦੇ ਖਰਚ ਲਈ ੧੦੦) ਕਹਾਰ ਦੇ ਸਹੁਰਿਆਂ ਨੂੰ ਕੋਲੋਂ ਹੋਰ ਦਿੱਤਾ*।

[ ਵਿਦ੍ਯਾ ਦਾ ਸ਼ੌਕ ]

ਭਾਈ ਉਦਯ ਸਿੰਘ ਜੀ ਨੂੰ ਵਿਦਜਾ ਆਪ ਪ੍ਰਾਪਤ ਕਰਨ ਦਾ ਕਿੰਨਾਂਕੁ ਸ਼ੌਕ ਸੀ, ਇਸ ਵਾਰਤਾ ਤੋਂ ਮਾਲੂਮ ਹੋ ਜਾਂਦਾ ਹੈ। ਆਪ ਨੇ ਇਕ ਦਿਨ ਵਿਦਵਾਨਾਂ ਦੀ ਸਭਾ ਵਿਚ ਨਜਾਯ ਦਾ ਇਕ ਗ੍ਰੰਥ ਪੜ੍ਹਨੇ ਦੀ ਇੱਛਾ ਪ੍ਰਗਟ ਕੀਤੀ ਤੇ ਕਿਹਾ ਕਿ ਉਸ ਤੋਂ ਇਹ ਵਿਸ਼ਾ ਪੜ੍ਹਨਾ ਹੈ ਜੋ ਇਸ ਵਿਦਜਾ ਵਿਚ ਸਭ ਤੋਂ ਸਿਆਣਾ ਹੋਵੇ। ਸਭਾਸਦਾਂ ਨੇ ਕਿਹਾ ਕਿ 'ਚਮਾਰੂ ਵਿਚ ਇਕ ਪੰਡਤ ਹੈ, ਹਰਜਸ ਉਸ ਦਾ ਨਾਮ ਹੈ, ਨਜਾਯ ਵਿਚ ਉਹ ਅਦੁਤੀ ਹੈ'। ਚਮਾਰੂ ਰਾਜ ਪਟਿਆਲਾ ਵਿਚ ਸੀ, ਤੇ ਉਨ੍ਹੀਂ ਦਿਨੀਂ ਦੁਹਾਂ ਰਿਆਸਤਾਂ ਵਿਚ ਕੁਛ ਅਜੋੜ ਸੀ। ਇਸ ਲਈ ਹੁਕਮ ਹੋਯਾ ਕਿ 'ਇਕ ਹਾਥੀ ਲੈ ਜਾਓ, ਕੁਛ ਸਵਾਰ ਨਾਲ ਚਲੇ ਜਾਓ ਤੇ ਬਿਲਕੁਲ ਅਚਾਨਕ ਜਾ ਮਿਲੋ। ਜੇ ਪੰਡਤ ਜੀ ਚੁਪ ਕਰਕੇ ਟੁਰ ਪੈਣ ਤਾਂ ਚੰਗਾ, ਨਹੀਂ ਤਾਂ ਮੱਲੋ ਮੱਲੀ ਹਾਥੀ ਤੇ ਲੱਦਕੇ ਲੈ ਆਓ'। ਸੋ ਐਸਾ ਹੀ ਕੀਤਾ ਗਿਆ। ਪੰਡਤ ਜੀ ਆਏ। ਦਾਨ, ਸਨਮਾਨ, ਮਕਾਨ ਰਸਤਾਂ ਲਗ ਗਈਆਂ। ਰਾਜਾ ਜੀ ਨੇ ਨਜਾਯ ਮੁਕ੍ਤਾਵਲੀ ਨਾਮੇ ਗ੍ਰੰਥ ਪੜ੍ਹਿਆ। ਗ੍ਰੰਥ ਸਮਾਪਤੀ ਪਰ ਰਾਜਾ ਜੀ ਪੰਡਿਤ ਨੂੰ ਹੋਰ ਮਾਇਆ ਦੇ ਨਾਲ ਇਕ ਸੁੱਚੇ ਮੋਤੀਆਂ ਦੀ ਕੀਮਤੀ ਮਾਲਾ ਗਲੇ ਪ੍ਰਹਿਨਾਕੇ ਕਹਿਣ ਲਗੇ, "ਪੰਡਿਤ ਜੀ ਤੁਸਾਂ ਨੇ ਸਾਡੇ ਗਲੇ ਨਜਾਯ ਦੀ ਮੁਕ-ਤਾਵਲੀ ਪਾਈ ਹੈ, ਅਸੀਂ ਤੁਹਾਡੇ ਗਲੇ ਮੋਤੀਆਂ ਦੀ ਮੁਕਤਾਵਲੀ† ਪਾਉਂਦੇ ਹਾਂ"। ਜਿਸ ਨੂੰ ਜਬਰੀ ਮੰਗਾਕੇ ਉਸਤਾਦ ਬਣਾਯਾ ਸੀ ਦਾਨ ਸਨਮਾਨ ਨਾਲ ਪ੍ਰਸੰਨ ਕਰਕੇ ਟੋਰਿਆ।

[ ਅਦਾਲਤ ]

ਉਸ ਸਮੇਂ ਅੱਜ ਵਾਲੇ ਸੰਮਣ ਵਰੇਟਾਂ ਦੇ ਬੱਝਵੇ ਤ੍ਰੀਕੇ ਨਹੀਂ ਸਨ। ਭਾਈ ਉਦਯ ਸਿੰਘ ਜੀ ਅਦਾਲਤ ਆਪ ਕਰਿਆ ਕਰਦੇ ਸਨ। ਜਿਨ੍ਹਾਂ ਉਗਾਹਾਂ ਯਾ ਮੁਦਈ ਮੁਦਾਅਲੇਹਾਂ ਨੂੰ ਆਪਣੀ ਕਚਹਿਰੀ ਵਿਚ ਸੱਦਣਾ ਹੁੰਦਾ ਸੀ ਉਨ੍ਹਾਂ ਪਾਸ ਆਪ ਦੀ ਛੜੀ‡ ਲੈਕੇ ਪਿਆਦਾ ਚਲਾ ਜਾਂਦਾ ਤੇ ਸਾਮੀ ਨੂੰ ਦਿਖਾਕੇ ਕਹਿੰਦਾ ਕਿ ਫਲਾਣੇ ਦਿਨ ਆਪ ਫਲਾਣੀ ਗਲ ਲਈ ਹਾਜ਼ਰ ਹੋਵੇ। ਛੜੀ ਦੇਖਣ ਵਾਲਾ ਠੀਕ ਵੇਲੇ ਸਿਰ ਆਪ ਪੁੱਜ ਜਾਂਦਾ। ਭਾਈ ਜੀ ਗਵਾਹ ਸ਼ਾਹਦ ਸੁਣਕੇ

---

*ਇਹ ਵਾਰਤਾ ਜਿਸ ਕਾਜ਼ੀ ਨਾਲ ਵਰਤੀ ਸੀ ਉਸ ਦੇ ਪੁੱਤ੍ਰ ਤੋਂ ਮਿਲੀ ਹੈ।

†ਮੁਕਤਾਵਲੀ ਦਾ ਅਰਥ ਹੈ ਮੋਤੀਆਂ ਦੀ ਮਾਲਾ।

‡ਇਹ ਛੜੀ ਦੋ ਕੁ ਫੁਟ ਲੰਮੀ ਸੀ, ਤੇ ਲੋਕੀਂ ਇਸ ਨੂੰ ਸਿਆਣਦੇ ਸਨ।

ਆਪ ਸੱਚ ਝੂਠ ਨਿਤਾਰਕੇ ਫੈਸਲਾ ਕਰ ਦੇਂਦੇ। ਉਨ੍ਹਾਂ ਦੇ ਰਾਜ ਵਿਚ ਵਰਿਆਂ ਬੱਧੀ ਮੁਕੱਦਮਿਆਂ ਦੀ ਧੂਹਘਸੀਟ ਨਹੀਂ ਸੀ ਹੁੰਦੀ ਤੇ ਨਾਂ ਫਰੀਕੈਨ ਦਾ ਰੁਪੱਯਾ ਪਾਣੀ ਦੀ ਤਰ੍ਹਾਂ ਰੁੜ੍ਹਦਾ ਸੀ। ਨਿਜ ਦੇ ਤੌਰ ਤੇ ਆਪ ਹਰ ਗੱਲ ਦਾ ਥਹੁ ਰੱਖਦੇ ਤੇ ਲਗਪਗ ਫੈਸਲੇ ਹੱਕ ਰਸੀ ਦੇ ਹੋ ਜਾਂਦੇ ਸਨ। ਤ੍ਰੀਕਾ ਚਾਹੇ ਪੁਰਾਤਨ ਸੀ ਪਰ ਪ੍ਰਜਾ ਉਸ ਵਿਚ ਸੁਖੀ ਸੀ।

ਇਸ ਪ੍ਰਕਾਰ ਦੇ ਹਾਲਾਤ ਇਸ ਸਿੱਖ ਰਾਜੇ ਦੇ ਹਨ ਜਿਸਨੇ ਗੁਰ ਪ੍ਰਤਾਪ ਸੂਰਜ ਗ੍ਰੰਥਤਯਾਰ ਕਰਵਾਯਾ। ਸ਼ੋਕ ਹੈ, ਜੈਸਾ ਕਿ ਪਿੱਛੇ ਦੱਸ ਆਏ ਹਾਂ, ਐਸਾ ਅੱਛਾ ਰਾਜਾ ਜੁਆਨੀ ਵਿਚ ਹੀ ਆਪ ਬੀਮਾਰ ਹੋ ਗਿਆ ਤੇ ਕਿਤਨਾ ਚਿਰ ਬਿਸਤਰੇ ਤੇ ਹੀ ਰਿਹਾ; ਪਰ ਇਸ ਵੇਲੇ ਬੀ ਰਾਜ ਸੁਹਣਾ ਕਰਦਾ ਰਿਹਾ ਤੇ ਅੰਤ ੧੪ ਮਾਰਚ ੧੮੪੩ ਈ: ਨੂੰ ਚਲਾਣਾ ਕਰ ਗਿਆ*। ਆਪ ਦੇ ਔਲਾਦ ਕੋਈ ਨਹੀਂ ਸੀ, ਇਸ ਲਈ ਰਯਾਸਤ ਸਰਕਾਰ ਅੰਗ੍ਰੇਜ਼ੀ ਨੇ ਜ਼ਬਤ ਕਰ ਲੀਤੀ ਜੋ ਪੰਜ ਕੁ ਲੱਖ ਦੀ ਉਸ ਵੇਲੇ ਸੀ। ਸੋ ਅਹਿਦਨਾਮੇ ਮੂਜਬ ਭਾਈ ਭਗਤੂ ਦੇ ਦੂਸਰੇ ਖਾਨਦਾਨ ਅਰਨੌਲੀ ਵਾਲਿਆਂ (ਭਾਈ ਗੁਲਾਬ ਸਿੰਘ ਭਾਈ ਸੰਗਤ ਸਿੰਘ) ਨੂੰ ਪੰਜਵਾਂ ਹਿੱਸਾ ਦੇਕੇ ਬਾਕੀ ੪ ਲੱਖ ਦੀ ਅੰਗ੍ਰੇਜ਼ੀ ਰਾਜ ਵਿਚ ਲੀਨ ਹੋ ਗਈ।


ਮਹਾਰਾਜ ਉਦਯ ਸਿੰਘ ਦੇ ਦੋ ਰਾਣੀਆਂ ਸਨ। ਇਕ ਦਾ ਨਾਮ 'ਸੁਰਾਜ ਕੌਰ' ਸੀ ਜੋ ਬਲਬਗੜ੍ਹ ਦੇ ਰਾਜੇ ਦੀ ਬੇਟੀ ਸੀ। ਇਹ ਬੜੀ ਵਿਦਵਾਨ ਸੀ, ਗੁਰੂ ਘਰ ਦੇ ਗ੍ਰੰਥਾਂ ਦੀ ਚੰਗੀ ਗਯਾਤਾ ਸੀ ਤੇ ਗੁਰਮੁਖੀ ਵਿਦ੍ਯਾ ਦੀ ਕਦਰਦਾਨ ਸੀ। ਆਪਣੇ ਪਤੀ ਜੀ ਦੇ ਵਿਦ੍ਯਾ ਦੇ ਸ਼ੌਂਕਾਂ ਵਿਚ ਹਿੱਸਾ ਲੈਂਦੀ ਸੀ ਤੇ ਅਨੁਮਾਨ ਹੈ ਕਿ ਕਵੀ ਜੀ ਦੀ ਬੀ ਕਦਰ ਕਰਦੀ ਸੀ। ਇਹ ਸੁਸ਼ੀਲਾ ਆਪਣੇ ਪਤੀ ਦਾ ਵਿਯੋਗ ਨਹੀਂ ਸਹਾਰ ਸਕੀ, ਉਨ੍ਹਾਂ ਦੇ ਚਲਾਣੇ ਮਗਰੋਂ ਰਯਾਸਤ ਦੇ ਜ਼ਬਤ ਹੋਣ ਦੇ ਥੋੜੇ ਹੀ ਦਿਨਾਂ ਬਾਦ ਚਲਾਣਾ ਕਰ ਗਈ। ਦੂਜੀ ਰਾਣੀ ਸ਼ਾਮ ਪੁਰ ਦੇ ਰਈਸ ਦੀ ਬੇਟੀ 'ਮਹਿਤਾਬ ਕੌਰ' ਸੀ। ਇਹ ਕੁਛ ਬਰਸ ਜੀਵੀ ਹੈ ਤੇ ਇਸ ਨੂੰ ਸਰਕਾਰ ਅੰਗ੍ਰੇਜ਼ੀ ਵਲੋਂ ਪੈਨਸ਼ਨ ਗੁਜ਼ਾਰੇ ਲਈ ਮਿਲਦੀ ਰਹੀ ਹੈ। ਰਾਣੀ ਅੰਮਾ ਅਰਥਾਤ ਸ੍ਰੀ ਉਦਯ ਸਿੰਘ ਜੀ ਦੀ ਮਾਤਾ ਬਾਬਤ ਰਜਬ ਅਲੀ ਜੀ ਲਿਖਦੇ ਹਨ† ਕਿ ਓਹ ਪੁਲੀਟੀਕਲ ਏਜੰਟ ਦੀ ਆਗਯਾ ਮੰਨਣ ਨੂੰ ਤਿਆਰ ਸੀ ਕਿ ਘਾਸ ਦੇ ਗੱਡੇ ਨੂੰ ਅੰਗ੍ਰੇਜ਼ੀ ਸਿਪਾਹ ਦੇ ਰੋਕ ਕਰਨ ਤੇ ਲੜਾਈ ਹੋ ਪਈ ਤੇ ਵਧਾਣ ਵਧ ਗਿਆ, ਜਿਸ ਪਰ ਅੰਗ੍ਰੇਜ਼ਾਂ ਵਲੋਂ ਕੈਥਲ ਤੇ ਹੱਲਾ ਹੋ ਗਿਆ। ਕੈਂਥਲ ਦੀ ਉਸ ਵੇਲੇ ਦੀ ਲੁੱਟ ਤੇ ਦੁਰਦਿਸ਼ਾ ਕਵੀ ਜੀ ਨੇ ਆਪ ਗੁਰ ਪ੍ਰਤਾਪ ਸੂਰਜ ਦੇ ਅੰਤ ਤੇ ਲਿਖੀ ਹੈ। ਰਾਣੀ ਅੰਮਾ ਉਸ ਘਬਰਾ ਦੇ ਵੇਲੇ ਕੁਛ ਮਾਲ ਮਤਾ ਲੈਕੇ ਨੱਸੀ ਪਰ ਪਕੜੀ ਗਈ, ਫੇਰ ਕਹਿੰਦੇ ਹਨ ਓਹ ਪਹੋਏ ਟਿਕੀ ਰਹੀ ਤੇ ਅੰਤ ਤਕ ਕੋਸ਼ਿਸ਼ ਕਰਦੀ ਰਹੀ ਕਿ ਕਿਵੇਂ ਕੈਥਲ ਦਾ ਰਾਜ ਉਸ ਨੂੰ ਮਿਲ ਜਾਵੇ, ਪਰ ਅੰਗ੍ਰੇਜ਼ੀ ਰਾਜ ਵਿਚ ਸ਼ਾਮਲ ਹੋ ਗਿਆ ਰਾਜ ਮੁੜ ਕਿੱਥੋਂ ਮਿਲਨਾ ਸੀ।

ਸਰੀਰ ਰਾਣੀ ਨੇ ਪਹੋਏ ਹੀ ਤਜਾਗਿਆ।

ਸ਼ਜਰਾ ਖਾਨਦਾਨ ਮਹਾਰਾਜ ਭਾਈ ਉਦਯ ਸਿੰਘ ਜੀ ਦਾ ਇਸ ਪ੍ਰਕਾਰ ਹੈ:–

*ਇਕ ਹੋਰ ਲਿਖਤੀ ਸੋਮੇਂ ਤੋਂ ਪਤਾ ਲੱਗਾ ਹੈ ਕਿ ਆਪਦਾ ਚਲਾਣਾ ਫਗਣ ਸੁਦੀ ੧੪ ਸੰਮਤ ੧੮੯੯ ਬਿ: ਨੂੰ ਹੋਇਆ ਹੈ ਤੇ ਓਥੇ ਹੀ ਅੰਗ੍ਰੇਜ਼ੀ ਤ੍ਰੀਕ ੧੫ ਮਾਰਚ ੧੮੪੩ ਲਿਖੀ ਸੀ। ਇਹ ਬੀ ਪਤਾ ਲਗਾ ਹੈ ਕਿ ਚਲਾਣਾ ਹੈਜ਼ੇ ਦੀ ਬੀਮਾਰੀ ਨਾਲ ਹੋਇਆ ਹੈ। ਅਧਰੰਗ ਮੌਤ ਦਾ ਕਾਰਨ ਨਹੀਂ ਬਣਿਆ।

†ਦੇਖੋ ਐਨ ੨ ਅੰਸੂ ੩੯ ਦੇ ਅੰਕ ੩੭ ਦੀ ਹੇਠਲੀ ਟੂਕ।




*ਇਨ੍ਹਾਂ ਚਹੁਵਾਂ ਭਰਾਵਾਂ ਦੀ ਸੰਤਾਨ ਅੱਗੇ ਸਤਿਗੁਰੂ ਜੀ ਦੇ ਵਰ ਨਾਲ ਬਹੁਤ ਵਧੀ ਹੈ। ਉਨ੍ਹਾਂ ਦਾ ਸ਼ਜਰਾ ਲਿਖਣਾ ਕਠਨ ਹੈ। ਕਵੀ ਸੰਤੋਖ ਸਿੰਘ ਜੀ ਨੇ ਇਨ੍ਹਾਂ ਦੀ ਸੰਤਾਨ ਬਾਬਤ ਲਿਖਿਆ ਹੈ:—
ਭਗਤੂ ਸੁਤ ਗੌਰਾ ਬਡ ਜੋਇ ॥ ਤਾਂਹਿ ਬੰਸ ਬੀਸਕ ਨਰ ਸੋਇ ॥ ਸੰਤ ਦਾਸ ਜੋ ਜੀਵਣ ਕੇਰਾ ॥ ਤਿਸ ਕੋ ਬੰਸ ਹਜ਼ਾਰੋਂ ਹੇਰਾ ॥ ੨੦ ॥ ਤੀਨ ਗ੍ਰਾਮ ਬਸਿ ਨਾਂਹਿ ਸਮਾਵੈ ॥ ਬਹੁਰ ਅਗਾਰੀ ਬਧਤੋ ਜਾਵੈ ॥ ਜਿਸ ਪ੍ਰਕਾਰ ਵਰ ਗੁਰੂ ਉਬਾਚਾ ॥ ਜਗਤ ਪ੍ਰਸਿੱਧ ਦੇਖ ਲਿਹੁ ਸਾਚਾ ॥ ੨੧ ॥ [ਰਾਸ ੧੦ ਅੰਸੂ ੧੯]।

†ਏਹ ਤਿੰਨੋ ਬੜੇ ਸੂਰਮੇਂ ਸੀ ਤੇ ਜੰਗ ਵਿਚ ਸ਼ਹੀਦ ਹੋਏ ਸਨ; ਦੇਖੋ ਰਾਮਾਯਣ ਲੰਕਾ ਕਾਂਡ ਸਰਗ ੧੩੧ ਅੰਕ ੧੧੯।

## ੧੦. ਕਵੀ ਜੀ ਦਾ ਮਹਾਰਾਜ ਭਾਈ ਉਦਯ ਸਿੰਘ ਨਾਲ ਸਨੇਹ।

ਗਰਬ ਗੰਜਨੀ ਤੇ ਰਾਮਾਯਣ ਵਿਚ ਆਏ ਰਾਜਾ ਜੀ ਦੇ ਜ਼ਿਕਰਾਂ ਤੋਂ ਪਤਾ ਲਗਦਾ ਹੈ ਕਿ ਰਾਜਾ ਉਦਯ ਸਿੰਘ ਜੀ, ਜਿਨ੍ਹਾਂ ਦਾ ਸੰਖੇਪ ਹਾਲ ਪਿੱਛੇ ਦੱਸ ਆਏ ਹਾਂ, ਆਪ ਨਾਲ ਸਨੇਹੀ ਸਨ ਤੇ ਕਵੀ ਜੀ ਦੇ ਜੀਂ ਵਿਚ ਬੀ ਬੜਾ ਸਤਿਕਾਰ ਸੀ। ਆਪ ਕਲਗੀਧਰ ਜੀ ਦੀ ਸੇਵਾ ਵਿਚ ਬਿਨੈ ਕਰਦੇ ਹਨ ਕਿ ਦਿਨ ਰਾਤ ਸ੍ਰੀ ਉਦਯ ਸਿੰਘ ਜੀ ਦੀ ਸਹਾਯਤਾ ਕਰੋ।

ਹੋਇਕੈ ਅਨੰਦ ਉਰ ਬਸਤਿ ਅਨੰਦਪੁਰਿ ਸ੍ਰੀ ਹਰਿਗੁਬਿੰਦ ਨੰਦ ਨੰਦਨ ਮਹਾਤਮਾਂ।
ਬਾਹਨ ਬਿਲੰਦ ਨਿਜ ਦਾਸ ਸੁਖਕੰਦ ਸਦ ਦਾਹੈ ਦੁਖ ਬ੍ਰਿੰਦ ਕੋ ਮੁਕੰਦ ਧਰਮਾਤਮਾਂ।
ਤੁਰਨ ਨਿਕੰਦ ਤੁਰਕਿੰਦਨ ਕੇ ਬ੍ਰਿੰਦ ਬਹੁ ਮਹਾਂ ਮਤਿਮੰਦ ਜੋ ਹੈਂ ਪਾਪਵੰਦ ਆਤਮਾਂ।
ਸ੍ਰੀ ਗੁਬਿੰਦ ਸਿੰਘ ਜੀ ਅਰਿੰਦਮ ਸੁ ਬੰਦਨੀਯ ਉਦਯ ਸਿੰਘ ਭੂਪਕੇ ਸਹਾਇ ਦਿਨਰਾਤਮਾਂ।
[ਕਵੀ ਜੀ ਦੇ ਕਾਗਜ਼ਾਂ ਵਿਚੋਂ

ਫਿਰ ਦੇਖੋ ਕਿਸੇ ਬੀਮਾਰੀ ਵੇਲੇ ਜਦ ਹਾਲਤ ਨਾਜ਼ਕ ਹੋ ਗਈ ਤਦ ਕਵੀ ਜੀ ਆਪ ਦੀ ਦੇਹਿ ਅਰੋਗਤਾ ਵਾਸਤੇ ਅਰਦਾਸੇ ਕਰਦੇ ਰਹੇ ਹਨ। ਕਵੀ ਜੀ ਦੇ ਦਿਲ ਦਾ ਪਯਾਰ ਤੇ ਉਨ੍ਹਾਂ ਦੀ ਅਰਦਾਸ ਵਿਚ ਦਿਲ ਪਸੀਜਵੀਂ ਲਿਵ ਉਨ੍ਹਾਂ ਦੇ ਉਸ ਵੇਲੇ ਦੇ ਆਪਣੇ ਰਚੇ ਛੰਦਾਂ ਵਿਚ ਅੰਕਿਤ ਹੈ, ਜੋ ਕਿਸੇ ਗ੍ਰੰਥ ਵਿਚ ਨਹੀਂ ਹਨ, ਪਰੰਤੂ ਵੱਖਰੇ ਇਕ ਕਾਗਤ ਤੇ ਲਿਖੇ ਹੋਏ ਮਿਲੇ, ਜੋ ਉਨ੍ਹਾਂ ਦੇ ਨਿਜ ਹੱਥਾਂ ਦੇ ਲਿਖੇ ਹੋਏ ਸਹੀ ਹੋਏ ਹਨ। ਇਨ੍ਹਾਂ ਦਾ ਉਤਾਰਾ ਅਸੀਂ ਹੇਠਾਂ ਦੇਂਦੇ ਹਾਂ। ਇਨ੍ਹਾਂ ਵਿਚ ਕੈਸੀ ਦਿਲੀ ਪੀੜਾ ਨਾਲ ਭਰੀ ਹਮਦਰਦੀ ਦੀ ਅਰਦਾਸ ਹੈ। ਦੂਸਰੇ ਇਸ ਬਿਪਤ ਵੇਲੇ ਕਸ਼ਟ ਨਿਵਾਰਨ ਲਈ ਗੁਰੂ ਜੀ ਅੱਗੇ ਅਰਦਾਸ ਕਰ ਰਹੇ ਹਨ, ਕਿਸੇ ਹੋਰ ਇਸ਼ਟ ਨੂੰ ਨਹੀਂ ਧਿਆ ਰਹੇ। ਛੰਦ ਏਹ ਹਨ:—

੧ ੴ ਸਤਿਗੁਰਪ੍ਰਸਾਦਿ ॥

ਦੋਹਰਾ—ਸਤਿਗੁਰੁ ਚਰਨ ਸਰੋਜ ਕੋ ਬੰਦਤਿ ਹੋਤਿ ਅਨੰਦ ॥
ਕਰਤਿ ਦਾਸ ਕੱਲ੍ਯਾਨ ਕੋ ਦੁਖ ਕੇ ਬ੍ਰਿੰਦ ਨਿਕੰਦ ॥ ੧ ॥
ਸਵੈਯਾ—ਸਤਿ ਚੇਤਨ ਆਨੰਦ ਰੂਪ ਮਹਾਂ, ਗੁਨ ਗਾਵਤਿ ਬੇਦ ਪੁਰਾਨ ਸਦਾਈ।
ਜਗ ਨਾਯਕ, ਘਾਯਕ ਘਾਯਕ ਕੋ[1] ਗਨ ਪਾਯਕ ਕੋ[2] ਤੁਮ ਹੋ ਸੁਖਦਾਈ।
ਜਸ ਉੱਜਲ ਫੈਲ ਰਹ੍ਯੋ ਜਗ ਮੈਂ, ਪਰਿ ਪੂਰਨ ਹੋ ਚਿਤਵੇ ਪ੍ਰਗਟਾਈ।
ਗੁਰ ਤੇਗ ਬਹਾਦਰ ਸੰਕਟ ਗੰਜਨ! ਕੈਥਲ ਨਾਥ ਕੇ ਹੋਹੁ ਸਹਾਈ ॥ ੨ ॥
ਗੁਨ ਗਾਹਕ ਹੋ, ਦੁਖ ਦਾਹਕ ਹੋ, ਸਿਖ ਚਾਹਕ ਹੋ ਜੁ ਰਹੈ ਸ਼ਰਨਾਈ।
ਨਿਤਿ ਦੀਨ ਦਯਾਲ ਕ੍ਰਿਪਾਲ ਬਿਸਾਲ, ਬਿਲੋਕਿ ਨਿਹਾਲ ਕਰੋ, ਸਮੁਦਾਈ।
ਗਨ ਔਗੁਨ ਕੇ ਬਖਸ਼ਿੰਦ ਪ੍ਰਭੂ, ਹਮ ਭੂਲ ਪਰੇ ਬਖਸ਼ੋ ਜਗਰਾਈ।
ਗੁਰ ਤੇਗ ਬਹਾਦਰ ਸੰਕਟ ਭੰਜਨ! ਕੈਥਲ ਨਾਥ ਕੇ ਹੋਹੁ ਸਹਾਈ ॥ ੩ ॥
ਸਭਿ ਹੀ ਜੁਗ ਮੈਂ ਨਿਜ ਪੈਜ ਰਖੀ, ਜਹਿਂ ਭੀਰ ਪਰੀ ਜਨ ਲੀਨਿ ਬਚਾਈ।
ਤਿਸ ਬਾਂਹਿ ਗਹੇ ਤੁਮ ਧਾਇ ਗੁਰੂ! ਜਿਨਿ ਕੀਨਿ ਅਰਾਧਨ ਕੋ ਚਿਤ ਲਾਈ।

[1]ਜਗਤ ਦੇ ਸੁਆਮੀ ਹੋ ਤੇ ਘਾਇਕ (ਰੋਗ ਆਦਿਕਾਂ ਦੇ) ਨਾਸ਼ ਕਰਦਾ ਹੈ। [2]ਸਾਰੇ ਦਾਸਾਂ ਦੇ।

ਗਜ ਗ੍ਰਾਹ ਗ੍ਰਸੇ ਸੁਨਿਕੈ ਬਿਨਤੀ, ਗਿਨਤੀ ਤਜਿ ਕੈ ਪਹੁੰਚੇ ਤੁਮ ਧਾਈ।
ਗੁਰ ਤੇਗ ਬਹਾਦਰ ਸੰਕਟ ਗੰਜਨ! ਕੈਥਲ ਨਾਥ ਕੇ ਹੋਹੁ ਸਹਾਈ॥ ੪॥
ਬਡਿ ਆਪਦ ਮੈਂ ਅਬਰੀਕ ਹੁਤੇ, ਤਿਸਿਕੇ ਰਖਵਾਰਿ ਭਏ ਸਹਿਸਾਈ।
ਜੁਵਤੀ ਬਰ ਪੰਡਵ ਪੰਚਨਿ ਕੀ[1] ਤਹਿ ਜਾਇ ਸਭਾ ਮਹਿ ਲਾਜ ਰਖਾਈ।
ਸਭਿ ਕੌਨ ਕਰੇ ਤੁਮਰੀ ਗਿਨਤੀ ਬਿਨਤੀ ਇਕਿ ਮਾਨਿਯ ਲੇਹੁ ਬਚਾਈ।
ਗੁਰ ਤੇਗ ਬਹਾਦਰ ਸੰਕਟ ਗੰਜਨ! ਕੈਥਲ ਨਾਥ ਕੇ ਹੋਹੁ ਸਹਾਈ॥ ੫॥
ਹਮ ਔਗੁਨਿਹਾਰਿ, ਬਡੇ ਬੁਰਿਆਰਿ, ਪੈ ਆਨਿ ਪਰੇ ਤੁਮਰੀ ਸ਼ਰਨਾਈ।
ਨਿਜ ਨਾਮ ਗ਼ਰੀਬ ਨਿਵਾਜ ਬਿਚਾਰਹੁ ਲਾਜ ਰਖਹੁ ਦੁਖ ਦੂੰਦ ਮਿਟਾਈ।
ਸਭਿ ਆਧਿ ਬਿਆਧਿ ਉਪਾਧਿਨਿ ਕੇ ਗਨ ਆਪ ਕੀ ਆਇਸ ਤੇ ਹਟਿ ਜਾਈ[2]।
ਗੁਰ ਤੇਗ ਬਹਾਦਰ ਸੰਕਟ ਗੰਜਨ! ਕੈਥਲ ਨਾਥ ਕੇ ਹੋਹੁ ਸਹਾਈ*॥ ੬॥

## ੧੧. ਦੁੱਧੀਂ ਨਹਾਉਣਾ।

ਕੈਥਲ ਨਿਵਾਸ ਦੇ ਦਿਨਾਂ ਦੀ ਕਵੀ ਜੀ ਦੀ ਇਕ ਵਾਰਤਾ ਮਿਲੀ ਹੈ ਕਿ ਉਥੇ ਇਕ ਦਿਗ ਵਿਜਈ ਪੰਡਤ ਆਇਆ ਤੇ ਰਾਜਾ ਜੀ ਦਾ ਪ੍ਰਾਹੁਣਾ ਰਿਹਾ। ਉਸਨੇ ਰਾਜਾ ਜੀ ਨੂੰ ਕਿਹਾ 'ਕਿ ਮੈਂ ਸੁਣਿਆਂ ਹੈ ਕਿ ਆਪ ਪਾਸ ਇਕ ਸਿੱਖ ਵਿਦ੍ਵਾਨ ਹੈ ਜੋ ਚੰਗੇ ਚੰਗੇ ਪੰਡਤਾਂ ਦੇ ਪੈਰ ਹਿਲਾ ਦੇਂਦਾ ਹੈ, ਮੈਂ ਉਸ ਨਾਲ ਚਰਚਾ ਕਰਨੀ ਚਾਹੁੰਦਾ ਹਾਂ'। ਰਾਜੇ ਨੇ ਕਿਹਾ 'ਬਹੁਤ ਅੱਛਾ, ਅਸੀਂ ਸਦਵਾ ਘੱਲਦੇ ਹਾਂ ਤੇ ਕੱਲ ਸਵੇਰੇ ਚਰਚਾ ਹੋ ਜਾਏ'। ਸੋ ਰਾਜਾ ਜੀ ਵਲੋਂ ਕਵੀ ਜੀ ਪਾਸ ਸੁਨੇਹਾਂ ਪੁੱਜ ਗਿਆ ਕਿ 'ਕੱਲ ਸਵੇਰੇ ਹੀ ਦਰਬਾਰ ਵਿਚ ਆਓ ਇਕ ਪੰਡਤ ਨਾਲ ਚਰਚਾ ਹੈ'। ਕਵੀ ਜੀ ਨੇ 'ਸੱਤਿ ਬਚਨ' ਕਹਿ ਘੱਲਿਆ ਤੇ ਪ੍ਰਸੰਨ ਚਿਤ ਸੁੱਤੇ ਕਿ ਪੱਤਿ ਦਾ ਰਾਖਾ ਵਾਹਿਗੁਰੂ ਹੈ। ਅੱਜ ਆਪ ਤ੍ਰਿਪਹਿਰੇ ਨਹੀਂ ਉਠੇ, ਪਰ ਅੱਜੇ ਮੁਨ੍ਹੇਰਾ ਹੀ ਸੀ ਕਿ ਜਿਸ ਵੇਲੇ ਆਪ ਉਠੇ। ਆਪ ਦੇ ਘਰ ਦੋ ਤ੍ਰੈ ਮੱਝਾਂ ਸਨ। ਵਾਗੀ ਨੇ ਦੁੱਧ ਚੋਕੇ ਵਲਟੋਹਾ ਧਰਿਆ ਸੀ। ਕਾਹਲੀ ਵਿਚ ਓਹ ਵਲਟੋਹਾ ਕਵੀ ਜੀ ਦੇ ਨ੍ਹਾਉਣ ਵਾਲੀ ਚੌਂਕੀ ਉਤੇ ਧਰ ਗਿਆ ਸੀ। ਕਵੀ ਜੀ ਵੀ ਕਾਹਲ ਵਿਚ ਸਨ, ਸੌਚ ਹੋ ਹੱਥ ਮਾਂਜ ਕੇ ਜਾਂ ਆਏ ਤਾਂ ਸਵੇਰੇ ਹੀ ਭਰ ਕੇ ਰੱਖਿਆ ਗਿਆ ਦੁੱਧ ਦਾ ਵਲਟੋਹਾ ਪਾਣੀ ਦਾ ਸਮਝ ਕੇ ਆਪ ਨੇ ਚਾ ਲਿਆ ਤੇ ਉੱਤੇ ਪਲਟ ਲਿਆ। ਪਲਟਿਆ ਤਾਂ ਪਤਾ ਲਗਾ ਕਿ ਦੁੱਧ ਨਾਲ ਨ੍ਹਾ ਬੈਠੇ ਹਾਂ। ਹਸਦੇ ਹਸਦੇ ਅਪਣੀ ਘਰ ਵਾਲੀ ਨੂੰ ਵਾਜ ਮਾਰੀਓ ਨੇ ਕਿ 'ਦੇਖ ਭਾਗਵਾਨੇ! ਅੱਜ ਸਾਰੀ ਗਲ ਪੂਰੀ ਹੋ ਗਈ, ਤੂੰ ਪੁੱਤੀ ਖਿਡਾਂਦੀ ਸੈਂ ਤੇ ਮੈਂ ਅੱਜ ਦੁੱਧੀਂ ਨ੍ਹਾ ਲਿਆ ਹੈ'। ਸਿੰਘਣੀ ਹੱਸ ਪਈ, ਤਾਂ ਆਪ ਬੋਲੇ 'ਅੱਜ ਨਿਸ਼ਚੇ ਪੰਡਤ ਤੇ ਜੀਤ ਹੋਵੇਗੀ। ਦੁੱਧ ਦਾ ਇਸ਼ਨਾਨ ਗ਼ਲਤੀ ਨਾਲ ਨਹੀਂ ਹੋਇਆ, ਬਿਜੈ ਦੀ ਦੇਵੀ ਨੇ ਕਾਮਯਾਬੀ ਦਾ ਰੰਗ ਲਾ ਦਿੱਤਾ ਹੈ'। ਸੋਈਓ ਗਲ ਹੋਈ, ਉਸ ਦਿਨ ਦੀ ਚਰਚਾ ਵਿਚ ਕਵੀ ਜੀ ਜਿੱਤੇ।

---

[1] ਪੰਜਾਂ ਪਾਂਡਵਾਂ ਦੀ ਇਸਤ੍ਰੀ ਦੀ। [2] ਸਭ ਆਧੀ, ਵ੍ਯਾਧੀ, ਉਪਾਧੀਆਂ ਦੇ ਸਮੂਹ ਆਪ ਦੇ ਹੁਕਮ ਨਾਲ ਹਟ ਜਾਂਦੇ ਹਨ, (ਇਸ ਲਈ)।

*ਜਾਪਦਾ ਹੈ ਕਿ ਇਹ ਅਰਦਾਸ ਕਵੀ ਜੀ ਨੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਵਿੱਤ੍ਰ ਚਰਨ ਕੰਵਲ ਪਾਉਣ ਵਾਲੇ ਗੁਰਦਵਾਰੇ ਵਿਚ ਕੀਤੀ ਹੈ।

ਇਹੋ ਜਿਹੇ ਮੌਕੇ ਹੀ ਹੁੰਦੇ ਸਨ ਜਦੋਂ ਤਦੋਂ ਦੇ ਰਿਵਾਜ ਮੁਜਬ ਸੋਨੇ ਦੇ ਕੜੇ ਮਿਲਿਆ ਕਰਦੇ ਸਨ। ਲੋਕੀਂ ਦੱਸਦੇ ਹਨ ਕਿ ਕਵੀ ਜੀ ਦੇ ਹੱਥੀਂ ਸੋਨੇ ਦਿਆਂ ਕੜਿਆਂ ਦੀ ਜੋੜੀ ਹੋਯਾ ਕਰਦੀ ਸੀ। ਮਰਦਾਂ ਦੇ ਕੜੇ ਤੇ ਕੈਂਠੇ ਪਹਿਨਣ ਦਾ ਰਿਵਾਜ ਥੋੜੇ ਹੀ ਚਿਰ ਤੋਂ ਹਟਿਆ ਹੈ, ਨਹੀਂ ਤਾਂ ਪਹਿਲੋਂ ਸਭ ਲੋਕ ਏਹ ਗਹਿਣੇ ਪਹਿਨਿਆ ਕਰਦੇ ਸਨ।

## ੧੨. ਗ੍ਰੰਥ।

ਕੈਥਲ ਨਿਵਾਸ ਵਿਚ ਜੇ ਕਵੀ ਜੀ ਦੇ ਰਚਨਾਂ ਸੰਬੰਧੀ ਕੰਮਾਂ ਵਲ ਵੇਖੀਏ ਤਾਂ ਜ਼ਰੂਰੀ ਮਲੂਮ ਹੁੰਦਾ ਹੈ ਕਿ ਏਥੇ ਉਨ੍ਹਾਂ ਦੀ ਰਚਨਾਂ ਦੇ ਨਾਮ ਦੇਈਏ, ਫੇਰ ਕ੍ਰਮਵਾਰ ਉਨ੍ਹਾਂ ਨੂੰ ਪੜਚੋਲੀਏ ਤੇ ਜੋ ਕੁਛ ਜੀਵਨ ਕਿ ਰਚਨਾਂ ਸੰਬੰਧੀ ਮਿਲਦਾ ਜਾਏ ਉਹ ਵਿਰੋਲਕੇ ਲਿਖਦੇ ਚੱਲੀਏ।

ਕਵੀ ਜੀ ਦੇ ਲਿਖੇ ਪ੍ਰਸਿੱਧ ਗ੍ਰੰਥ ਏਹ ਹਨ:—

ੳ. ਨਾਮ ਕੋਸ਼।
ਅ. ਸ੍ਰੀ ਗੁਰੂ ਨਾਨਕ ਪ੍ਰਕਾਸ਼।
ੲ. ਗਰਬ ਗੰਜਨੀ (ਟੀਕਾ ਜਪੁ ਜੀ)।
ਸ. ਬਾਲਮੀਕ ਰਾਮਾਯਣ (ਦਾ ਅਨੁਵਾਦ)।
ਹ. ਆਤਮ ਪੁਰਾਣ (ਦੀ ਟੀਕਾ)।
ਕ. ਗੁਰ ਪ੍ਰਤਾਪ ਸੂਰਜ ਗ੍ਰੰਥ।

ਇਨ੍ਹਾਂ ਤੋਂ ਵੱਖਰੇ ਪ੍ਰਸਿੱਧ ਕਿਸੇ ਗ੍ਰੰਥ ਦਾ ਥਹੁ ਨਹੀਂ ਚਲਦਾ। ਪਰ ਦੋ ਹੋਰ ਚੀਜ਼ਾਂ ਸਾਨੂੰ ਮਿਲੀਆਂ ਹਨ*; ਇਕ ਦੇ ਅੰਤ ਉਸਨੂੰ ਆਪ ਨੇ 'ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰਸੰਗ' ਕਰਕੇ ਲਿਖਿਆ ਹੈ। ਇਸ ਵਿਚ ਸੰਖਿਪਤ ਪ੍ਰਸੰਗ ਅੰਮ੍ਰਿਤ ਦਾ ਤੇ ਪੰਥ ਰਚਨ ਦਾ ਹੈ। ਦੂਸਰੇ ਦੇ ਆਦਿ ਆਪ ਨੇ ਨਾਮ ਦਿੱਤਾ ਹੈ 'ਸ੍ਰੀ ਗੁਰੂ ਉਸਤਤਿ'।

ਕਵੀ ਜੀ ਜੋਤਿਸ਼ ਵਿਦਯਾ ਦੇ ਵੀ ਦਾਨੇ ਸੇ। ਤ੍ਰੈ ਨਿੱਕੇ ਨਿੱਕੇ ਗ੍ਰੰਥ ਉਨ੍ਹਾਂ ਦੇ ਨਿਜ ਹੱਥਾਂ ਦੇ ਲਿਖੇ ਹੋਰ ਮਿਲੇ ਹਨ। ਉਨ੍ਹਾਂ ਦੇ ਨਾਮ ਏਹ ਹਨ:—੧. ਪ੍ਰਸ਼ਨ ਵਿਧੀ। ੨. ਘਰ ਬਨਾਉਣੇ ਦੀ ਵਿਧੀ। ੩. ਤੀਸਰੇ ਦਾ ਨਾਮ ਨਹੀਂ ਦਿੱਤਾ। ਇਸ ਵਿਚ ਗ੍ਰੇਹ ਨਿਛੱਤ੍ਰ ਰਾਸਾਂ ਵੇਖਕੇ ਕੁੰਡਲੀ ਭਰਨੀ ਦੱਸੀ ਹੈ। ਇਸ ਤਰ੍ਹਾਂ ਏਹ ੧੧ ਹੋ ਗਏ।

[ਸ੍ਰੀ ਗੁਰ ਉਸਤਤਿ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰਸੰਗ]।

ਸ੍ਰੀ ਗੁਰ ਉਸਤਤਿ ਵਿਚ ਸ੍ਰੀ ਗੁਰ ਮਹਿਮਾਂ ਦੇ ਪੰਜ ਛੰਦ ਹਨ, ਜਿਨ੍ਹਾਂ ਵਿਚੋਂ ਪਹਿਲਾ ਛੰਦ ਰਾਮਾਯਣ ਵਿਚ ਆ ਗਿਆ ਹੈ, ਤੀਸਰਾ ਸ੍ਰੀ ਗੁਰ ਪ੍ਰਤਾਪ ਸੂਰਜ ਵਿਚ ਆ ਗਿਆ ਹੈ ਤੇ ਪੰਜਵਾਂ ਸ੍ਰੀ ਗੁਰ ਨਾਨਕ ਪ੍ਰਕਾਸ਼ ਵਿਚ। ਦੂਸਰਾ ਤੇ ਚੌਥਾ ਛੰਦ ਦੋਵੇਂ ਕਿਤੇ ਨਹੀਂ ਆਏ, ਓਹ ਅਸਾਂ ਇਸ ਪੋਥੀ ਦੇ ਅੰਤ 'ਕਵੀ ਜੀ ਦੇ ਰਚਿਤ ਗੁਰੂ ਜਸ ਦੇ ਦੁਰਲਭ ਛੰਦ' ਦੇ ਸਿਰਨਾਵੇਂ ਹੇਠ ਦੇ ਦਿਤੇ ਹਨ। ਇਸੀ ਤਰ੍ਹਾਂ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਸੰਗ' ਵਿਚੋਂ ਵੀ ਪੰਜ ਛੰਦ ਐਸੇ ਮਿਲੇ ਹਨ ਜੋ ਅਸਾਂ ਓਸੇ ਟਿਕਾਣੇ ਦੇ ਦਿੱਤੇ ਹਨ।

## ੳ. ਨਾਮ ਕੋਸ਼ ਤੇ ਅ. ਸ੍ਰੀ ਗੁਰੂ ਨਾਨਕ ਪ੍ਰਕਾਸ਼।

ਇਨ੍ਹਾਂ ਬਾਬਤ ਪਿੱਛੇ-ਬੂੜੀਏ ਨਿਵਾਸ-ਵਿਚ ਅਸੀਂ ਹਾਲ ਦੇ ਆਏ ਹਾਂ। ਨਾਮ ਕੋਸ਼ ਲਗ ਪਗ ਅਮਰ ਕੋਸ਼ ਦਾ ਹਿੰਦੀ ਕਵਿਤਾ ਵਿਚ ਅਨੁਵਾਦ ਹੈ। ਕਵੀ ਜੀ ਨੇ ਇਸ ਦੇ ਬਹੁਤ ਪਦ

*ਸ੍ਰੀ ਪੂਜਯ ਪਿਤਾ ਡਾ: ਚਰਨ ਸਿੰਘ ਜੀ ਦੇ ਸੰਚਯ ਵਿਚੋਂ।

ਆਪਣੀ ਰਚਨਾਂ ਵਿਚ ਵਰਤੇ ਹਨ । ਸੰਦਿਗਧ ਪ੍ਰਯਾਵਾਂ ਵੇਲੇ ਸਾਨੂੰ ਕਵੀ ਜੀ ਦੇ ਇਸ ਕੋਸ਼ ਤੋਂ ਅਰਥ ਨਿਸ਼ਚਿਤ ਕਰਨ ਵਿਚ ਕਿਸੇਕਿਸੇ ਵੇਲੇ ਸਹਾਇਤਾ ਮਿਲਦੀ ਰਹੀ ਹੈ।ਇਸ ਗ੍ਰੰਥ ਤੋਂ ਕਵੀ ਜੀ ਦੇ ਜੀਵਨ ਸੰਬੰਧੀ ਦੋ ਹੀ ਗਲੀ ਮਿਲਦੀਆਂ ਹਨ: ਆਪ ਦਾ ਬੂੜੀਏ ਨਿਵਾਸ ਤੇ ਇਸ ਗ੍ਰੰਥ ਦੇ ਰਚਣ ਦਾ ਸੰਮਤ ੧੮੭੯।

## ੲ. ਗਰਬ ਗੰਜਨੀ ।

ਕੈਥਲ ਪਹੁੰਚ ਆਪ ਦਾ ਵਿਦਯਾ ਪ੍ਰਚਾਰ ਵਿਚ ਲੱਗਣਾ ਯਾ ਕਥਾ ਕਰਨੀ ਤਾਂ ਸੁਤੇ ਸਿੱਧ ਬਾਤ ਹੈ ਪਰ ਵਿਸ਼ੇਸ਼ ਕੰਮ ਆਪ ਦਾ ਮਹਾਰਾਜ ਜੀ ਨਾਲ ਵਿਦਯਾ ਸੰਬੰਧੀ ਮਿਲਾਪ ਸਨ । ਆਪ ਬੀ ਮਹਾਰਾਜ ਹੋਣਹਾਰ ਸਨ । ਮਾਤਾ ਦੀ ਇੱਛਾ ਪੁਤ੍ਰ ਨੂੰ ਲਾਇਕ ਵੇਖਣ ਦੀ ਸੀ ਤੇ ਕਵੀ ਜੀ ਦਾ ਆਉਣਾ ਹੋਰ ਸੁਭਾਗ ਹੋ ਗਿਆ ਸੀ, ਜਿਸ ਤੋਂ ਹੋਣਹਾਰ ਰਾਜਾ ਲਾਭ ਉਠਾਉਂਦਾ ਸੀ। ਪ੍ਰੰਤੂ ਜੋ ਇਨ੍ਹਾਂ ਮੇਲ ਮੁਲਾਕਾਤਾਂ ਤੇ ਖਿਆਲ ਵਟਾਂਦ੍ਰਿਆਂ ਯਾ ਮਹਾਰਾਜ ਦੇ ਸੁਸਿੱਖਯਤ ਹੋਣ ਦੇ ਹਾਲਾਂ ਦੇ ਵੇਰਵੇ ਲੱਭੀਏ ਤਾਂ ਨਹੀਂ ਮਿਲਦੇ। ਇਨ੍ਹਾਂ ਤੋਂ ਵੱਖਰੇ ਕਵੀ ਜੀ ਓਥੇ ਆਪਣੀ ਰਚਨਾਂ ਬੀ ਕਰਦੇ ਰਹੇ । ਜੋ ਗ੍ਰੰਥ ਕਵੀ ਜੀ ਦੇ ਮਿਲਦੇ ਹਨ, ਯਾ ਜਿਨ੍ਹਾਂ ਦੇ ਨਾਮ ਹੈਨ ਉਨ੍ਹਾਂ ਵਿਚੋਂ ਗਰਬ ਗੰਜਨੀ ਕੈਥਲ ਵਿਚ ਰਚੀ ਗਈ ਸੀ ।

ਸੰਮਤ ੧੮੯੬ ਵਿਚ ਇਸ ਗ੍ਰੰਥ ਦੇ ਸਮਾਪਤ ਹੋਣ ਦਾ ਪਤਾ ਮਿਲਦਾ ਹੈ। ਜਿਸ ਦੀ ਬਾਬਤ ਕਵੀ ਜੀ ਲਿਖਦੇ ਹਨ ਕਿ ਸ੍ਰੀ ਉਦਯ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਗੰਭੀਰਤਾ ਨੂੰ ਬੜੀ ਅੱਛੀ ਤਰ੍ਹਾਂ ਲਖਿਆ ਤੇ ਫਿਰ ਜਪੁਜੀ ਨੂੰ ਮੂਲ ਬਾਣੀ ਸਮਝਕੇ ਇਸ ਦੀ ਉੱਚਤਾ ਤੇ ਡੂੰਘਾਈ ਨੂੰ ਪਰਖਿਆ ਤੇ ਮੈਨੂੰ ਆਖਿਆ:—

'ਅਲੰਕਾਰ ਯੁਤ ਟੀਕਾ ਰਚੀਏ ॥ ਨਿਰਨੈ ਅਰਥ ਕਰਹੁ ਮਤ ਖਚੀਏ ॥
ਹੋਤਿ ਅਸ਼ੰਕਾ ਯਾ ਮਹਿੰ ਜੇਤੀ ॥ ਬੁਧਿ ਬਲ ਕਰਹੁ ਹਰਹੁ ਅਬਿ ਤੇਤੀ* ॥'

ਅਸਲ ਗਲ ਇਹ ਹੈ ਕਿ ਓਸ ਸਮੇਂ ਤੋਂ ਪਹਿਲੋਂ ਇਕ ਅਨੰਦਘਨ ਨਾਮੇ ਸਾਧੂ ਨੇ ਜਪੁਜੀ ਸਾਹਿਬ ਦਾ ਇਕ ਟੀਕਾ ਕੀਤਾ ਸੀ, ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਛੇ ਗੁਰੂ ਕਲਪੇ ਸੇ † । ਇਸ ਦੇ ਪੜ੍ਹਨ ਤੋਂ ਗੁਰ ਘਰ ਦੀਆਂ ਸੰਪ੍ਰਦਾਵਾਂ ਤੇ ਵਿਦ੍ਵਾਨ ਸਾਰੇ ਦੁਖੀ ਹੋਏ ਸੇ, ਮਹਾਰਾਜ ਉਦਯ ਸਿੰਘ ਜੀ ਗੁਰੂ ਘਰ ਦੇ ਪ੍ਰੇਮੀ ਤੇ ਵਿਦ੍ਵਾਨ ਸੇ, ਉਹਨਾਂ ਨੇ ਕਵੀ ਸੰਤੋਖ ਸਿੰਘ ਵਿਚ ਉਹ ਕਾਬਲੀਅਤਿ ਦੇਖੀ ਕਿ ਜੋ ਅਨੰਦਘਨ ਦਾ ਮੂੰਹ ਤੋੜ ਜਵਾਬ ਦੇ ਸਕਦੀ ਸੀ। ਸੋ ਆਪ ਨੇ ਆਗਯਾ ਕੀਤੀ ਕਿ ਜਪੁਜੀ ਦਾ ਅਲੰਕਾਰਿਕ ਟੀਕਾ ਰਚੋ, ਪਰ ਕਵੀ ਜੀ ਦੱਸਦੇ ਹਨ ਕਿ ਨਾਲ ਇਹ ਬੀ ਕਿਹਾ ਕਿ ਵਾਦੀਆਂ ਦੀ ਸ਼ੰਕਾ ਦਾ ਸਮਾਧਾਨ ਬੀ ਕਰੋ। ਸੋ ਕਵੀ ਜੀ ਨੇ ਇਹ ਟੀਕਾ ਰਚਿਆ ਜਿਸ ਨਾਲ ਗੁਰ ਵਾਦੀਆਂ ਦਾ, ਵਿਸ਼ੇਸ਼ ਕਰਕੇ ਅਨੰਦਘਨ ਦਾ ਗਰਬ ਦੂਰ ਹੁੰਦਾ ਹੈ। ਇਹ ਗ੍ਰੰਥ ੧੮੯੬ ਵਿਚ ਸਮਾਪਤ ਹੋਇਆ ਹੈ।

ਇਸ ਗ੍ਰੰਥ ਤੋਂ ਕਵਿ ਜੀਵਨ ਸੰਬੰਧੀ ਇਹ ਵਾਕਿਆਤ ਮਿਲਦੇ ਹਨ ਕਿ ਕਵੀ ਜੀ ਨੂੰ ਮਹਾਰਾਜ ਨੇ ਸੱਦਕੇ ਆਦਰ ਨਾਲ ਪਾਸ ਰੱਖਿਆ, ਜਪੁਜੀ ਦਾ ਟੀਕਾ ਫੁਰਮਾਇਸ਼ ਨਾਲ ਕਰਵਾਇਆ। ਫਿਰ ਕੈਥਲ ਰਾਜਵੰਸ਼ ਦਾ ਕੁਛ ਹਾਲ ਮਿਲਦਾ ਹੈ ਤੇ ਗ੍ਰੰਥ ਦਾ ਸੰਮਤ ਆਦਿ ਬੀ

*ਇਸ ਦੇ ਅੱਗੋਂ ਪਿੱਛੋਂ ਦੇ ਛੰਦ ਪਿੱਛੇ ਸਫੇ ੧੦੫ ਤੇ ਹੈਨ। †ਅਨੰਦ ਘਨ ਨੇ ਸ੍ਰੀ ਜਪੁਜੀ ਦਾ ਟੀਕਾ ੧੮੫੨ ਵਿਚ, ਆਰਤੀ ਦਾ ੧੮੫੩ ਵਿਚ ਅਤੇ ਆਸਾ ਦੀ ਵਾਰ ਦਾ ੧੮੫੬ ਬਿ: ਵਿਚ ਕੀਤਾ ਸੀ।

ਮਿਲਦੇ ਹਨ । ਚਾਹੇ ਜਪੁਜੀ ਦੇ ਅਰਥ ਆਪ ਨੇ ਆਪਣੇ ਢੰਗ ਤੇ ਕੀਤੇ ਹਨ, ਪਰ ਗ਼ੌਰ ਨਾਲ ਪੜ੍ਹਿਆਂ ਇਹ ਗੱਲ ਵਿਦਿਤ ਹੋ ਜਾਂਦੀ ਹੈ ਕਿ ਕਵੀ ਜੀ ਸੰਪ੍ਰਦਾਈ ਅਰਥ ਵੀ ਪੜ੍ਹੇ ਹੋਏ ਸਨ ।

## ਸ. ਬਾਲਮੀਕੀ ਰਾਮਾਯਣ ਦਾ ਅਨੁਵਾਦ ਕਵਿਤਾ ਵਿਚ।

ਗਰਬ ਗੰਜਨੀ ਤੋਂ ਬਾਦ ਆਪ ਕਿਸ ਕੰਮ ਵਿਚ ਰਹੇ, ਉਹਨਾਂ ਦੀ ਕਲਮ ਤੋਂ ਲਿਖਿਆ ਪਤਾ ਨਹੀਂ ਚਲਦਾ । ਪਰ ਜੇ ਸੰਮਤ ਵਾਰ ਟੋਲ ਕਰੀਏ ਤਾਂ ਪੰਜ ਵਰ੍ਹੇ ਦੀ ਹੋਰ ਛਾਲ ਵਜਦੀ ਹੈ ਤੇ ਥਹੁ ਪੈਂਦਾ ਹੈ ਕਿ ਆਪ ਨੇ ਜਪੁਜੀ ਦੇ ਟੀਕੇ ਮਗਰੋਂ ਬਾਲਮੀਕ ਰਾਮਾਯਣ ਦਾ ਸੰਸਕ੍ਰਿਤ ਤੋਂ ਭਾਸ਼ਾ ਦੀ ਕਵਿਤਾ ਵਿਚ ਅਨੁਵਾਦ ਕੀਤਾ ਹੈ ।

ਕਵੀ ਜੀ ਗੁਰ ਪ੍ਰਤਾਪ ਸੂਰਜ ਰਾਸ ੧ ਅੰਸੂ ੫ ਵਿਚ ਲਿਖਦੇ ਹਨ:—

ਚੌਪਈ—ਪੁਨ ਸੰਜੋਗ ਹੋਇ ਅਸ ਗਯੋ । ਰਾਮ ਚਰਿਤ ਕੇ ਮਨ ਹੁਲਸਯੋ ।<br>
ਬਾਲਮੀਕ ਕ੍ਰਿਤ ਕਥਾ ਸੁਨੀ ਜਬਿ । ਛੰਦਨ ਬਿਖੈ ਰਚੀ ਤਬਿ ਹਮ ਸਬਿ ॥ ੧੧ ॥<br>
ਰਾਮ ਕਥਾ ਪਾਵਨ ਬਿਸਤਾਰੀ । ਸੁਨਿ ਸਭ ਨੀਕੀ ਰੀਤਿ ਉਤਾਰੀ ।<br>
ਸੁੰਦਰ ਬਨ੍ਯੋ ਰਮਾਯਨ ਮਹਾਂ । ਤਤਛਿਨ ਲਿਖਿ ਲੀਨਸਿ ਜਹਿਂ ਕਹਾਂ ॥ ੧੨ ॥

ਕਵੀ ਜੀ ਇਹ ਰਾਮਾਯਣ ਲਿਖਣ ਬਾਬਤ ਦੱਸਦੇ ਹਨ ਕਿ ਅਸਾਂ ਰਾਮਾਯਣ ਦਾ ਤਰਜੁਮਾਂ ਕੀਤਾ ਤੇ ਇਸ ਪੋਥੀ ਦੇ ਉਤਾਰੇ ਉਸੇ ਵੇਲੇ ਲੋਕਾਂ ਨੇ ਕਰ ਲੀਤੇ* ।

ਇਸ ਗ੍ਰੰਥ ਦੀ ਸਮਾਪਤੀ ਦਾ ਹਾਲ ਆਪ ਨੇ ਇਉਂ ਦਿੱਤਾ ਹੈ:—

ਛਪਯ—ਸੰਮਤ ਬਿੱਕ੍ਰਮ ਜੀਤ ਅਸ਼ਟ ਦਸ ਸਹਸ ਭਣਿੱਜੈ ।<br>
ਤੀਮ ਤ੍ਰਿਗੁਣਾ ਕਰਿਯ ਭਯੋ ਪੂਰਨ ਲਖਿ ਲਿੱਜੈ ।<br>
ਪੁਨ ਇਕਾਨਵਾ ਚਢ੍ਯੋ ਸੰਧਿ ਦੋਇਨ ਕੀ ਮਾਨਹੁ ।<br>
ਰੁਤ ਬਸੰਤ ਅਤਿ ਸ਼ੁਭਤਿ ਚੈਤ੍ਰ ਸ਼ੁਭ ਮਾਸ ਪਛਾਨਹੁ ।<br>
ਤਬਿ ਭਈ ਸਮਾਪਤਿ ਗ੍ਰੰਥ ਕੀ ਰਾਮਾਯਣ ਸੁੰਦਰ ਸਰਸ ।<br>
ਕਵਿ ਹਾਥ ਜੋਰਿ ਬਿਨਤੀ ਕਰਤਿ ਚਾਹਤਿ ਚਿਤ ਰਘੁਪਤ ਦਰਸ ॥ ੧੩ ॥

ਦੋਹਰਾ—ਇਕ ਇਕ ਦਿਨ ਮਹਿ ਸਰਗ ਇਕ ਕਰ੍ਯੋ ਸੁ ਛੰਦਨ ਮਾਂਹਿ ।<br>
ਯਾਂਤੇ ਬਨ੍ਯੋ ਸ਼ਿਤਾਬ ਬਹੁ ਬਿਤੇ ਬਰਖ ਦੁਇ ਨਾਂਹਿ ॥ ੧੪ ॥

ਸੋ ਜੇ ਹਿਸਾਬ ਕਰੀਏ ਤਾਂ ੬੫੯ ਸਰਗ ਹਨ ਸਾਰੇ ਇਸ ਪੋਥੀ ਦੇ, ਦੋ ਸਾਲਾਂ ਦੇ ਦਿਨ ੭੩੦ ਹੁੰਦੇ ਹਨ । ਸੋ ਇਹ ਗ੍ਰੰਥ ੭੧ ਦਿਨ ਘੱਟ ਦੋ ਬਰਸਾਂ ਵਿਚ ਤਿਆਰ ਹੋਇਆ । ਜੇ ਸੰਮਤ ੯੦ ਦੇ ਬੀਤਣ ਤੇ ੯੧ ਦੇ ਚੜ੍ਹਨ ਦੀ ਸੰਧਿ ਕਿਤੇ ਚੇਤ ਦੇ ਅੱਧ ਦੇ ਲਗ ਪਗ ਹੋਵੇ ਤਾਂ ਅਨੁਮਾਨ ਲਗਦਾ ਹੈ ਕਿ ਜੇਠ ਦੇ ਅੰਤ ਯਾ ਹਾੜ ਦੇ ਆਰੰਭ ਸੰਮਤ ੧੯੮੯ ਬਿ: ਵਿਚ ਰਾਮਾਯਣ ਆਰੰਭ ਹੋਈ ਹੋਊ । ਇਹ ਅਨੁਮਾਨ ਇਸ ਆਧਾਰ ਤੇ ਹੈ ਕਿ ਕਵੀ ਜੀ ਦੇ ਇਕ ਇਕ ਸਰਗ ਰੋਜ਼ ਕਰਨ ਵਿਚ ਨਾਗਾ ਕਦੇ ਨਾ ਪਿਆ ਹੋਵੇ ਤਾਂ । ਚੇਤ ੯੦—

*ਅਸਾਂ ਨੇ ਬੀ ੧੯੯੨ ਦਾ ਇਕ ਲਿਖਤੀ ਉਤਾਰਾ ਆਪ ਡਿੱਠਾ ਹੈ । ਰਾਮਾਯਣ ਰਚੀ ੧੯੯੦ ਦੇ ਅੰਤ ਗਈ ਸੀ । ਇਸ ਤੋਂ ਪਤਾ ਲੱਗਾ ਕਿ ਠੀਕ ਇਸ ਰਚਨਾਂ ਦੇ ਹੁੰਦੇ ਸਾਰ ਹੀ ਉਤਾਰੇ ਹੋਣੇ ਸ਼ੁਰੂ ਹੋ ਗਏ ਸਨ ।


੯੧ ਵਿਚ ਇਹ ਮੁੱਕੀ ਤੇ ਜੇਠ ੧੮੯੧ ਵਿਚ ਆਪ ਨੂੰ ਗਿਰਾਂ ਮਿਲਿਆ ਹੈ। ਯਥਾ:—

ਸੁੰਦਰ ਸਾਦਰ ਗ੍ਰਿੰਥ ਬਨਜੋ ਪਦ ਗੁੰਥਤਿ ਨੌ ਰਸ ਰੀਤਿ ਭਲੀ॥
ਰਾਮ ਕਥਾ ਗੁਨ ਗ੍ਰਾਮ ਭਿਰਾਮ ਮਹਾਂ ਮਤਿਧਾਮ ਅਨੰਦ ਫਲੀ॥
ਰੰਜਨ ਹੈ ਭ੍ਰਮ ਭੰਜਨ ਹੈ ਗਮ ਗੰਜਨ ਹੈ ਪ੍ਰਦ ਗਯਾਨ ਬਲੀ॥
ਕੈਥਲ ਨਾਥ ਪ੍ਰਸੰਨ ਭਯੋ ਪਠਿ* ਗ੍ਰਾਮ ਦਯੋ ਤਬਿ ਮੋਰਥਲੀ ॥੧੫॥ ਲੰਕਾਕਾਂਡ ਸਰਗ ੧੩੧

ਸਾਨੂੰ ਉਹ ਸਨਦ ਬੀ ਮਿਲੀ ਹੈ ਜੋ ਰਾਜਾ ਭਾਈ ਉਦਯ ਸਿੰਘ ਜੀ ਵਲੋਂ ਇਹ ਗਿਰਾਂ ਬਖਸ਼ਿਸ਼ ਹੋਣ ਵੇਲੇ ਜਾਰੀ ਹੋਈ ਸੀ।

ਇਸ ਸਨਦ ਦੀ ਫ਼ੋਟੋ ਤੇ ਤਰਜਮਾ ਹੇਠਾਂ ਦੇਂਦੇ ਹਾਂ:—




੧ ਮੌਜੇ ਮੋਥਲੀ ਸੇਤੋਖਾ ਸਿੰਘ ਨੂ ਬਖਸਾ
ਪ੍ਰਵਾਨ ਕੀਸੂ ਕਾਰ ਕੀ॥

ਇਹ ਗੁਰਮੁਖੀ ਅੱਖਰ ਭਾਈ ਉਦਯ ਸਿੰਘ ਜੀ ਦੀ ਕਲਮ ਦੇ ਲਿਖੇ ਹੋਏ ਦੱਸੀਦੇ ਹਨ।

*ਇਸ ਰਾਮਾਯਣ ਨੂੰ ਪੜ੍ਹਨ ਪਰ ਮਹਾਰਾਜ ਦੇ ਦੋ ਮਹੀਨੇ ਦੇ ਕਰੀਬ ਲਗੇ, ਗ੍ਰੰਥ ਚੇਤ੍ਰ ਵਿਚ ਮੁੱਕਾ ਤੇ ਜੇਠ ਵਿਚ ਸਨਦ ਜਾਰੀ ਹੋਈ।

ਇਸ ਦਾ ਤਰਜਮਾ ਇਹ ਹੈ:—

ਅਕਾਲ ਸਹਾਇ
ਭਾਈ ਉਦਯ ਸਿੰਘ

ਅਸਲ ਦੀ ਨਕਲ

ਸਰਕਾਰ ਦੇ ਅਹਿਲਕਾਰ ਤੇ ਪਿੰਡ ਮੋਥਲੀ ਦੇ ਜ਼ਿਮੀਦਾਰ ਇਹ ਜਾਣ ਲੈਣ ਕਿ ਉਕਤ ਪਿੰਡ ਸੰਮਤ ੧੮੯੧ ਦੀ ਹਾੜ੍ਹੀ ਦੇ ਆਦਿ ਤੋਂ, ਬਾਲਮੀਕ ਰਾਮਾਯਣ ਦੀ ਰਚਨਾ ਪਰ ਬਖਸ਼ਿਆ ਜਾਕੇ ਸੰਤੋਖ ਸਿੰਘ ਦੇ ਨਾਮ ਅਰਦਾਸ ਹੋਕੇ ਦਰਜ ਕੀਤਾ ਗਿਆ ਹੈ। (ਅਗੋਂ ਨੂੰ) ਚਾਹੀਦਾ ਹੈ ਕਿ ਪਿੰਡ ਦੀ ਆਮਦਨ ਹਰ ਫਸਲ ਦੀ ਉਕਤ (ਸੰਤੋਖ ਸਿੰਘ ਨੂੰ) ਪੁਸ਼ਤ ਦਰ ਪੁਸ਼ਤ ਦਿੱਤੀ ਜਾਵੇ, ਇਸ ਗਲ ਤੇ ਹਜ਼ੂਰ ਦੇ ਹੁਕਮ ਅਨੁਸਾਰ ਸਖਤ ਤਾਕੀਦ ਨਾਲ ਅਮਲ ਕਰਨ। ਲਿਖੀ ਮਿਤੀ ਜੇਠ ਸ਼ੁਦੀ ਦਸ ਸੰ: ੧੮੯੧ ਪ੍ਰਵਾਨਗੀ ਰੂਬਰੂ ਸਰਕਾਰ ਤੇ ਨਰੈਣ ਸਿੰਘ ਤੋਸ਼ੇ ਖਾਨੇ ਵਾਲਾ। ਬਾਲਾ ਕੋਠੀ। ਫ਼ਕ੍ਤ।

੧ ਮੌਜੇ ਮੋਥਲੀ ਸੰਤੋਖ ਸਿੰਘ ਨੂੰ ਬਖਸ਼ਾ ਪ੍ਰਵਾਨਗੀ ਸਰਕਾਰ ਕੀ*।

ਰਾਮਾਯਣ ਵਿਚ ਲੰਕਾ ਕਾਂਡ ਦੇ ਅਖੀਰ ਕਵੀ ਜੀ ਨੇ ਕੈਥਲ ਰਾਜੇ ਦੇ ਵੰਸ਼ ਦਾ ਹਾਲ ਦਿੱਤਾ ਹੈ ਜੋ ਆਦਮ ਚੰਦ ਤੇ ਭਾਈ ਭਗਤੂ ਤੋਂ ਲੈ ਕੇ ਉਦਯ ਸਿੰਘ ਜੀ ਤਕ ਹੈ†। ਇਸ ਵਿਚ ਪਹਿਲਾਂ ਭਾਈ ਭਗਤੂ ਦਾ ਹਾਲ ਜੋ ਲਗ ਪਗ ਗੁਰ ਪ੍ਰਤਾਪ ਸੂਰਜ ਰਾਸ ੨ ਅੰਸੂ ੪੧-੪੨ ਨਾਲ ਮਿਲਦਾ ਹੈ ਤੇ ਫੇਰ ਭਾਈ ਜੀਵਣ ਦੀ ਮੌਤ ਤੇ ਗੋਰੇ ਦੇ ਸ੍ਰਾਪਾਂ ਨੂੰ ਬਖਸ਼ਣ ਵਾਲਾ ਤੇ ਮਹਿਲਾਂ ਦੀ ਰਾਖੀ ਕਰਨ ਵਾਲਾ ਪ੍ਰਸੰਗ ਜੋ ਰਾਸ ੧੦ ਦੇ ਅੰਸੂ ੪, ੧੦, ੧੧, ੧੩, ੧੪, ੧੫, ੧੬ ਵਿਚ ਬੜੇ ਫੈਲਾਉ ਨਾਲ ਆਇਆ ਹੈ, ਸੰਖੇਪ ਕਰਕੇ ਦਿੱਤਾ ਹੈ। ਇਸ ਤੋਂ ਅੱਗੇ

*ਇਸ ਥਾਵੇਂ ਦੋ ਸਤਰਾਂ ਗੁਰਮੁਖੀ ਅੱਖਰਾਂ ਵਿਚ ਮਹਾਰਾਜ ਭਾਈ ਉਦਯ ਸਿੰਘ ਜੀ ਲਿੱਖਤ ਦੱਸੀ ਦੀਆਂ ਹਨ। ਪੁਰਾਣੇ ਸਮਿਆਂ ਵਿਚ ਅਸਲ ਹੁਕਮ ਤੇ ਸਨਦਾਂ ਦਫਤਰ ਵਿਚ ਰੱਖਣ ਲਈ ਲਿਖੀਆਂ ਜਾਂਦੀਆਂ ਸਨ ਤੇ ਨਾਲ ਉਸ ਦੀ ਇਕ ਨਕਲ ਉਸ ਨੂੰ, ਜਿਸ ਨੂੰ ਇਹ ਬਖਸ਼ਿਸ਼ ਮਿਲੀ ਹੋਵੇ, ਦਿੱਤੀ ਜਾਂਦੀ ਸੀ ਪਰ ਸਹੀ ਦੱਹੀਂ ਥਾਈਂ ਸਰਕਾਰ ਦੀ ਹੁੰਦੀ ਸੀ।

†ਰਾਮਾਯਣ ਚੇਤ ਵਿਚ ਮੁਕੀ ਹੈ, ਕਵੀ ਜੀ ਦੇ ਸ੍ਵੈ ਲਿਖਤ ਦੋ ਕਾਂਡ (ਆਰੰਨ ਤੇ ਸੁੰਦਰ) ਜੋ ਸਾਡੇ ਪਾਸ ਹੈਨ, ਉਨ੍ਹਾਂ ਦੇ ਇਕ ਪੱਤ੍ਰੇ ਤੇ ਕਵੀ ਜੀ ਨੇ ਅਪਣੀ ਕਲਮ ਨਾਲ ਸੱਤਾਂ ਕਾਂਡਾਂ ਦੇ ਸਰਗਾਂ ਦੀ ਗਿਣਤੀ ਦਿੱਤੀ ਹੈ। ਉਸ ਗਿਣਤੀ ਨਾਲ ਆਮ ਨੁਸਖਿਆਂ ਦੇ ਸਰਗਾਂ ਦਾ ਮੁਕਾਬਲਾ ਕਰੀਏ ਤਾਂ ਲੰਕਾ ਕਾਂਡ ਤੇ ਉਤਰ ਕਾਂਡ ਦੇ ਸਰਗਾਂ ਦੀ ਗਿਣਤੀ ਵਿਚ ਫਰਕ ਨਿਕਲਦਾ ਹੈ।ਲੰਕਾ ਕਾਂਡ ਦੇ ਸਰਗ ਹਨ ੧੩੧ ਪਰ ਉਨ੍ਹਾਂ ਨੇ ਆਪ ਲਿਖੇ ਹਨ ੧੨੯, ਇਸ ਦਾ ਕਾਰਨ ਇਹ ਜਾਪਦਾ ਹੈ ਕਿ ਕਵੀ ਜੀ ਨੇ ਪਹਿਲੋਂ ਰਚੇ ੧੨੯ ਸਰਗ ਹੀ ਸਨ ਤੇ ਲੰਕਾ ਕਾਂਡ ਉਥੇ ਸਮਾਪਤ ਕਰ ਦਿੱਤਾ ਸੀ, ਫਿਰ ਉਤਰ ਕਾਂਡ ਰਚਕੇ ਗ੍ਰੰਥ ਸਮਾਪਤ ਕੀਤਾ ਤੇ ਮਹਾਰਾਜ ਉਦਯ ਸਿੰਘ ਜੀ ਨੇ ਉਸ ਦਾ ਪਾਠ ਕੀਤਾ, ਮੋਥਲੀ ਗ੍ਰਾਮ ਇਨਾਮ ਦਿੱਤਾ, ਇਹ ਗਲ ੧੮੯੧ ਦੇ ਜੇਠ ਦੀ ਹੈ। ਸੋ ਹੁਣ ਇਨਾਮ ਤੋਂ ਬਾਦ ਆਪ ਨੇ ਕੈਥਲ ਖਾਨਦਾਨ ਦੀ ਬੰਸਾਵਲੀ, ਪਿਛਲੇ ਹਾਲਾਤ, ਸੰਖੇਪ ਇਤਿਹਾਸ, ਰਾਮਾਯਣ ਰਚਣ ਤੇ ਮਹਾਰਾਜ ਦੇ ਪੜ੍ਹਕੇ ਪਿੰਡ ਦੇਣ ਦੇ ਹਾਲ ਲਿਖਕੇ ਦੋ ਸਰਗ ਲੰਕਾ ਕਾਂਡ ਵਿਚ ਵਧਾ ਦਿੱਤੇ, ਇਉਂ ਇਹ ੧੩੧ ਸਰਗ ਹੋ ਗਏ। ਬਾਕੀ ਰਿਹਾ ਉਤਰ ਕਾਂਡ, ਉਸ ਦੇ ਸਰਗ ਹਨ ੧੨੧ ਪਰ ਕਵੀ ਜੀ ਨੇ ੧੧੧ ਲਿਖੇ ਹਨ। ਇਸ ਦੇ ਕਾਰਨ ਦੋ ਹੋ ਸਕਦੇ ਹਨ, ਇਕ ਤਾਂ ਇਹ ਕਿ ਕਾਹਲੀ ਵਿਚ ੧੨੧ ਦੀ ਥਾਵੇਂ ੧੧੧ ਲਿਖੇ ਗਏ ਹਨ। ਦੂਸਟੇ-੧੨ ਆਖੇਪਕ ਸਰਗਾਂ ਵਿਚੋਂ, ਜੋ ਕਵੀ ਜੀ ਨੇ ਇਸੇ ਕਾਂਡ ਵਿਚ ਨਿਤਾਰ ਕੇ ਦੱਸੇ ਹਨ, ੧੦ ਸਰਗ ਵਿਚ ਹੋਰ ਮਗਰੋਂ ਵਧਾਏ ਹੋਣ ਤੇ ਪਹਿਲੋਂ ਜਦੋਂ ਗਿਣਤੀ ਕੀਤੀ ਹੋਵੇ ਹੋ ਸਕਦਾ ਹੈ ਉਸ ਵੇਲੇ ਨਾਂ ਪਾਏ ਹੋਣ।

ਗੌਰੇ ਦੀ ਮੌਤ, ਉਸਦੀ ਸੰਤਾਨ, ਭਾਈ ਦਜਾਲ ਦਾਸ ਦਾ ਅੰਮ੍ਰਿਤ ਛਕ ਕੇ ਸਿੰਘ ਸਜਣਾ, ਫੂਲ-ਗ੍ਰਾਮ ਵਿਚ ਬਾਬਾ ਆਲਾ ਸਿੰਘ ਦਾ ਗੁਜ਼ਰ ਜਾਣਾ ਤੇ ਇਨ੍ਹਾਂ ਦਾ ਜਿਵਾ ਦੇਣਾ, ਭਾਈ ਦਜਾਲ ਸਿੰਘ ਦਾ ਚਲਾਣਾ, ਉਨ੍ਹਾਂ ਦੇ ਪੁੱਤ੍ਰ ਗੁਰਬਖਸ਼ ਸਿੰਘ ਨੇ ਦੇਸ਼ ਸਾਂਭਣਾ ਤੇ ਬਾਬਾ ਆਲਾ ਸਿੰਘ ਦੀ ਮੌਤ ਆਉਣ ਤੇ ੧੨ ਬਰਸ ਆਪਣੀ ਆਯੂ ਦਾਨ ਕਰਕੇ ਉਨ੍ਹਾਂ ਨੂੰ ਜਿਵਾਉਣ ਤੇ ਆਪ ਪ੍ਰਲੋਕ ਗਮਨ ਕਰਨ ਦੇ ਪ੍ਰਸੰਗ ਹਨ। ਫਿਰ ਭਾਈ ਦੇਸੂ ਸਿੰਘ ਨੇ ਰਾਜ ਸੰਭਾਲਣਾ, ਕੈਥਲ ਫਤੇ ਕਰਨਾ। ਭਾਈ ਬਹਾਲ ਸਿੰਘ ਤੇ ਲਾਲ ਸਿੰਘ ਦੋ ਪੁੱਤ੍ਰ ਹੋਣੇ। ਭਾਈ ਲਾਲ ਸਿੰਘ ਦਾ ਕੈਥਲ ਪਤੀ ਬਣਨਾ, ਮਹਾਰਾਜਾ ਉਦਯ ਸਿੰਘ ਦਾ ਗੱਦੀ ਬੈਠਣਾ, ਸੰਖੇਪ ਸਮਾਚਾਰ ਹਨ ਜੋ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਨਹੀਂ ਆਏ।

ਇਸੀ ਤਰ੍ਹਾਂ ਗੁਰ ਸਤੁਤੀ ਦੇ ਅਨੇਕਾਂ ਛੰਦ ਰਾਮਾਯਣ ਵਿਚ ਆਏ ਹਨ ਜੋ ਕਵੀ ਜੀ ਨੇ ਫੇਰ ਗੁ: ਪ੍ਰ: ਸੂਰਜ ਵਿਚ ਲਿਖੇ ਹਨ। ਇਨ੍ਹਾਂ ਦਾ ਕੁਛਕ ਥਹੁ ਪਤਾ ਏਥੇ ਦੇਂਦੇ ਹਾਂ। ਗੁ: ਪ੍ਰ: ਸੂ: ਦੇ ਤੇ ਰਾਮਾਯਣ ਦੇ ਪਤੇ, ਹਰ ਛੰਦ ਦੀ ਪਹਿਲੀ ਤੁਕ ਦੇ ਸਾਹਮਣੇ ਹਨ:—

| ਗਿਣਤੀ | ਛੰਦ ਦੀ ਪਹਿਲੀ ਸਤਰ | ਛੰਦ ਦਾ ਪਤਾ ਰਾਮਾਯਣ ਵਿਚ | ਛੰਦ ਦਾ ਪਤਾ ਗੁ: ਪ੍ਰ: ਸੂ: ਵਿਚ |
|---|---|---|---|
| ੧. | ਸਭੈ ਗੁਨ ਊਰ ਭਰਪੂਰ ਭਯੋ ਔਗੁਨਨਿ ਕਾਮ ਕ੍ਰੋਧ ਕੂਰ ਹੂੰ ਕੀ ਬ੍ਰਿੰਧਤਾ ਫਰਦ ਕੀ। | ਬਾਲ ਕਾਂਡ ਸਰਗ ੭੭ ਅੰਕ ੧੯ ਤੇ ਉਤਰ ਕਾਂਡ ਸਰਗ ੧੨੧ ਅੰਕ ੫੦ | ਨਾ:ਪ੍ਰ: ਧਿ: ੫੭ ਅੰਕ ੧੧੨ ਤੇ ਗੁ: ਪ੍ਰ: ਸੂ: ਰਾਸ ੧੦ ਅੰਸੂ ੧ ਅੰਕ ੧੩ |
| ੨. | ਦਲ ਦਿਲੀਏਸ਼ ਅਵਲੇਸ਼ ਦੋਊ ਮਿਲ ਧਾਏ, ਧੁਰਵਾ ਸੇ ਧੌਂਸਾ ਕੀ ਧੁੰਕਾਰ ਉਠੈ ਘੋਰ ਘੋਰ। | ਅਯੁੱਧਯਾ ਕਾਂਡ ਸਰਗ ੧੩੩ ਅੰਕ ੧੫ | ਗੁ: ਪ੍ਰ: ਸੂ: ਰਾ: ੬ ਅੰਸੂ ੧ ਅੰਕ ੧੩ ਤੇ ਰੁਤ ੬ ਅੰਸੂ ੧੯ ਅੰਕ ੨੧ |
| ੩. | ਛਾਇ ਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ, ਧਾਇ ਜਾਤੀ ਕੁਚਿਲਤਾ ਕਤੇਬਨ ਕੁਰਾਨ ਕੀ। | ਆਰਿੰਨ ਕਾਂਡ ਸਰਗ ੧ ਅੰਕ ੩ ਤੇ ਉਤਰ ਕਾਂਡ ਸਰਗ ੧੨੧ ਅੰਕ ੪੭ | ਰੁਤ ੫ ਅੰਸੂ ੫੨ ਅੰਕ ੨੭ |
| ੪. | ਰਾਮ ਛੱਤ੍ਰ ਬੰਧ ਪਰ ਰਾਮ ਦਸਕੰਧ ਪਰ ਰਾਮ ਜਰਾਸੰਧ ਪਰ ਤ੍ਰੈ ਜਯੋਂ ਨਰ ਸਿੰਘ ਹੈਂ। | ਸੁੰਦਰ ਕਾਂਡ ਸਰਗ ੧ ਅੰਕ ੬ ਤੇ ਉਤਰ ਕਾਂਡ ਸਰਗ ੧੨੧ ਅੰਕ ੪੯ | ਰੁਤ ੫ ਅੰਸੂ ੫੨ ਅੰਕ ੨੯ |
| ੫. | ਖੰਦਨਾਂ ਕੋ ਲੇਤਿ ਹੀ ਅਬੰਦਤਾ ਕੋ ਦੇਤਿ ਜਨ, ਪ੍ਰੀਤ ਲੇਤਿ ਦੇਤਿ ਹੈਂ ਪ੍ਰਤੀਤ ਸੁਖ ਸੇਤ ਹੈਂ। | ਲੰਕਾ ਕਾਂਡ ਸਰਗ ੧ ਅੰਕ ੨ | ਨਾ: ਪ੍ਰ: ਉ: ਧਿ: ੫੭ ਅੰਕ ੧੧੩ ਤੇ ਗੁ: ਪ੍ਰ: ਸੂ: ਰਾ: ੬ ਅੰਸੂ ੧ ਅੰਕ ੩ |

| ਗਿਣਤੀ | ਛੰਦ ਦੀ ਪਹਿਲੀ ਸਤਰ | ਛੰਦ ਦਾ ਪਤਾ ਰਾਮਾਯਣ ਵਿਚ | ਛੰਦ ਦਾ ਪਤਾ ਗੁ: ਪ੍ਰ: ਸੂ: ਵਿਚ |
|---|---|---|---|
| ੬. | ਨਿਕਸਤਿ ਮਯਾਨ ਤੇ ਹੀ ਛਟਾ ਘਨ ਮਯਾਨ ਤੇ ਹੀ ਕਾਲ ਜੀਹ ਲਹਿ ਲਹਿ ਹੋਇ ਰਹੀ ਹਲਿ ਹਲਿ। | ਲੰਕਾ ਕਾਂਡ ਸਰਗ ੧ ਅੰਕ ੫ | ਰੁ: ੫ ਅੰਸੂ ੫੧ ਅੰਕ ੩੫ ਤੇ ਗਰਬ ਗੰਜਨੀ ਦਾ ਆਦਿ। |
| ੭. | ਆਦਿ ਤਿਮਰਲੰਗ ਤੇ ਅਨੇਕ ਪਾਤ-ਸ਼ਾਹ ਭਏ ਕੇਤੀ ਕੁਲ ਬੀਤ ਗਈ ਅਮਲ ਚਲਾਇ ਕੈ। | ਉਤਰ ਕਾਂਡ ਸਰਗ ੧ ਅੰਕ ੫ ਤੇ ਉਤਰ ਕਾਂਡ ਸਰਗ ੧੨੧ ਅੰਕ ੪੬ | ਰਾਸ ੭ ਅੰਸੂ ੧ ਅੰਕ ੧੩ |
| ੮. | ਤੈ ਸੋ ਨਹੀਂ ਦਾਤਾ ਕੋਊ ਮੋ ਸੋ ਨਾਂ ਭਿਖਾਰੀ ਦੀਨ ਤੋ ਸੋ ਨਾ ਦਿਆਲ ਦੁਖੀ ਮੋ ਸੈ ਨਾ ਅਲਾਈਏ। | ਉਤਰ ਕਾਂਡ ਸਰਗ ੧੨੧ ਅੰਕ ੫੧ | ਨਾ: ਪ੍ਰ: ਪ੍ਰੁ: ਧਿ: ੧ ਅੰਕ ੨੭ ਤੋ ਗੁ: ਪ੍ਰ: ਸੂ: ਐਨ ੨ ਅੰਸੂ ੩੬ ਅੰਕ ੩੩ |
| ੯. | ਖੰਜਰ ਤੁਫੰਗ ਜਮਧਰ ਜੰਗ ਜਾਲਮੀਕ ਜ੍ਵਾਲਾ ਜਾਲ ਜਾਗਤੀ ਜੰਬੂਰਨ ਜੰਜੈਲ ਕੀ। | ਬਾਲ ਕਾਂਡ ਸਰਗ ੬ ਅੰਕ ੧ | ਰੁ: ੧ ਅੰਸੂ ੩੭ ਅੰਕ ੩੯ |

ਪਿੱਛੇ ਦਿੱਤੇ ਕੁਲ ਦੇ ਹਾਲਾਤ ਤੇ ਛੰਦਾਂ ਦੇ ਮੇਲ ਤੋਂ ਅਸੀਂ ਇਸ ਸਿੱਟੇ ਤੇ ਅੱਪੜੇ ਕਿ ਕਵੀ ਜੀ ਆਪਣੇ ਪਹਿਲੇ ਲਿਖੇ ਛੰਦਾਂ ਨੂੰ ਮਗਰਲੇ ਗ੍ਰੰਥਾਂ ਵਿਚ ਵਰਤ ਲੈਂਦੇ ਸਨ ਇਸ ਲਈ ਜੋ ਸਮਾਂ ਕਵੀ ਜੀ ਦਾ ਭਾਸਦਾ ਹੈ ਕਿ ਤਦੋਂ ਕੋਈ ਗ੍ਰੰਥ ਨਹੀਂ ਲਿਖਿਆ ਗਿਆ ਓਦੋਂ ਕਵੀ ਜੀ ਸਮੇਂ ਸਮੇਂ ਸਿਰ ਗੁਰੂ ਜਸ ਲਿਖਦੇ, ਸਮੱਸਜਾ ਪੂਰਤੀਆਂ ਕਰਦੇ, ਦਰਬਾਰਾਂ ਵਿਚ ਉਚਾਰਿਆ ਕਰਦੇ ਤੇ ਉਨ੍ਹਾਂ ਛੰਦਾਂ ਨੂੰ ਫਿਰ ਗ੍ਰੰਥਾਂ ਵਿਚ ਵਰਤ ਲਿਆ ਕਰਦੇ ਸਨ।

ਕਵੀ ਜੀ ਦਾ ਰਾਮਾਯਣ ਨਾਲ ਕੇਵਲ ਅਨੁਵਾਦ ਕਰਨ ਦਾ ਹੀ ਸੰਬੰਧ ਸੀ ਜੋ ਉਨ੍ਹਾਂ ਦੇ ਲਿਖੇ ਤੋਂ ਸਹੀ ਹੋ ਜਾਂਦਾ ਹੈ। ਦੇਖੋ ਬਾਲ ਕਾਂਡ ਦੇ ਸਰਗ ੩ ਦਾ ਪਹਿਲਾ ਛੰਦ:—

ਦੂਖਨ ਔ ਭੂਖਨ ਸਮ੍ਹਾਰ ਨ ਉਚਾਰ ਕਰੋਂ, ਆਪਨੀ ਉਕਤਿ ਨਾ ਯੁਕਤਿ ਬਿਸਤਰਿ ਹੋਂ।
ਬਾਲਮੀਕ ਬਦਨ ਤੇ ਬਰਨ ਬਨੇ ਹੈਂ ਬਰ, ਬਰਨ ਬਿਚਾਰਿ ਸੋਈ ਭਾਖਾ ਮੈਂ ਸੁਧਰਿ ਹੋਂ।
ਕਰਨੋਂ ਅਸ਼ੇਸ਼ ਪਦ ਆਇ ਹੈ ਬਿਸ਼ੇਸ਼ ਕਿਤ, ਤਊ ਤਾਂ ਕੋ ਦੋਸ਼ ਗੁਨ ਤਹਾਂ ਅਨੁਸਰਿ ਹੋਂ।
ਸੰਸੇ ਕੋ ਪ੍ਰਸ਼ਨ ਗੁਨੀ ਆਦਿ ਕਵਿ ਹੂੰ ਪੇ ਕਰੋ,ਮੇਰੀ ਮਤਿ ਥੋਰੀ ਛਿਮਾ ਜਾਚਿਬੋਈ ਕਰਿ ਹੋਂ।

ਫਿਰ—ਬਾਲਮੀਕ ਮੁਨਿ ਕੀ ਕ੍ਰਿੱਤ, ਸਰਬ ਜਥਾਰਥ ਜਾਨਿ।
ਜਯੋਂ ਬੀਤੀ ਬਰਨੀ ਤਥਾ, ਬਾਧ ਨ ਘਾਟ ਪਛਾਨ ॥ ੧੪ ॥
ਮਨ ਕੀ ਉਕਤਿ ਬਨਾਇਕੇ, ਨਹਿਂ ਕੀਨੇਂ ਇਤਿਹਾਸ।
ਬੋਲਨਾਦਿ ਤੇ ਜਿਮ ਕ੍ਰਿਯਾ, ਜਥਾ ਜੋਗ ਪਰਕਾਸ਼ ॥ ੧੫ ॥

[ਅਰੰਨ ਕਾਂਡ ਸਰਗ ੭੩

ਪੁਨਾਃ—ਮੁਨਿ ਕੋ ਕਹ੍ਯੋ ਨ ਛੋਰਿਓ ਔਰ ਨਹੀਂ ਵਧਿ ਪਾਇ।
ਸਰਬ ਜਥਾਰਥ ਜਾਨੀਏ ਸਾਚ ਭਈ ਜਿਸ ਭਾਇ॥ ੧੮॥ [ਬਾਲ ਕਾਂ: ਸ: ੨੨

ਜਿਸ ਤੋਂ ਪਤਾ ਲੱਗਾ ਕਿ ਆਪ ਕੇਵਲ ਅਨੁਵਾਦ ਕਰਤਾ ਹੀ ਹਨ। ਅਤੇ ਏਸ ਗ੍ਰੰਥ ਵਿਚ ਜਿੰਨੇ ਸੰਸੇ ਉਠ ਸਕਦੇ ਹਨ, ਉਹਨਾਂ ਦੀ ਜ਼ਿੰਮੇਵਾਰੀ ਨਹੀਂ ਲੈਂਦੇ, ਉਹ ਵਾਲਮੀਕ ਦੇ ਸਿਰ ਹੀ ਯੋਗਤਾ ਪੂਰਬਕ ਧਰਦੇ ਹਨ।ਇਹ ਗਲ ਬੜੀ ਸ਼ਲਾਘਾ ਵਾਲੀ ਹੈ ਕਿ ਜੇ ਸੰਸਕ੍ਰਿਤ ਮੂਲ ਨਾਲ ਆਪ ਦੇ ਅਨੁਵਾਦ ਦਾ ਮੁਕਾਬਲਾ ਕਰੀਏ ਤਾਂ ਸੰਸਕ੍ਰਿਤ ਮੂਲ ਦਾ ਅਨੁਵਾਦ ਠੀਕ ਠੀਕ ਹੈ, ਛੰਦਾ ਬੰਦੀ ਤਰਜਮੇ ਵਿਚ ਜੋ ਕਿਤੇ ਕਿਤੇ ਮਜਬੂਰੀ ਖੁੱਲ੍ਹ ਲੈਣੀ ਪੈਂਦੀ ਹੈ ਉਸ ਤੋਂ ਵੱਧ ਕਵੀ ਜੀ ਲੈਂਦੇ ਦਿੱਸ ਨਹੀਂ ਪੈਂਦੇ। ਫਿਰ ਇਕ ਸੰਸਾ ਕੀਤਾ ਜਾ ਸਕਦਾ ਹੈ ਕਿ ਮੁਤਰੱਜਮ ਤਰਜਮਾ ਕੀਤੀ ਪੁਸਤਕ ਵਿਚ ਆਏ 'ਦੇਵ' ਨੂੰ ਆਪਣਾ ਇਸ਼ਟ ਦੇਵ ਮੰਨਦਾ ਹੈ? ਇਹ ਸੰਭਾਵਨਾ ਠੀਕ ਨਹੀਂ*। ਚਾਹੋ ਅਨਜਾਣ ਐਸੀਆਂ ਤੁਕਾਂ ਪੜ੍ਹ ਕੇ 'ਕਵੀ ਹਾਥ ਜੋਰਿ ਬਿਨਤੀ ਕਰਤਿ ਚਾਹਤਿ ਚਿਤ ਰਘੁਪਤਿ ਦਰਸ ਖ਼ਯਾਲ ਕਰ ਸਕਦੇ ਹਨ ਕਿ ਕਵੀ ਜੀ ਦੀ ਇਸਟਪਤੀ ਦਾ ਸੂਚਕ ਹੈ, ਪਰ ਦੀਰਘ ਖੋਜ ਇਸ ਸਿੱਟੇ ਤੋਂ ਰਤਾ ਹੋਰ ਅਗੇਰੇ ਲੈ ਜਾਂਦੀ ਹੈ। ਤਰਜਮਾ ਕਰ ਰਹੇ ਹਨ ਬਾਲਮੀਕੀਰਾਮਾਯਣਦਾ ਤੇ ਉਸਵਿਚ ਛੰਦ ਦੇਂਦੇ ਹਨਅਪਣੇ ਦਸੋ ਗੁਰੂਸਾਹਿਬਾਂ ਦੀ ਉਸਤਤੀ ਦੇ ਜੋ ਉਂਞ ਅਪ੍ਰਸੰਗਕ ਬਾਤ ਹੈ, ਪਰ ਕਵੀ ਜੀ ਇਸ ਵਾਸਤੇ ਦੇ ਰਹੇ ਹਨ ਕਿ ਓਹ ਅਪਣੀ ਇਸ਼ਟਪਤੀ ਨੂੰ ਸੂਚਨ ਕਰੀ ਜਾਣ ਤੇ ਦਿਲ ਵਿਚ ਇਹ ਲਗਨ ਹੈ ਕਿ ਰਾਮ ਉਪਾਸ਼ਕ ਜੋ ਇਸ ਨੂੰ ਪੜ੍ਹਨਗੇ ਉਹ ਨਾਲ ਹੀ ਦਸਾਂ ਪਾਤਸ਼ਾਹੀਆਂ ਦੇ ਨਾਮ ਗੁਣਾਂ ਤੇ ਅਵਤਾਰਤਾ ਤੋਂ ਜਾਣੂ ਹੋ ਜਾਣਗੇ ਤੇ ਉਨ੍ਹਾਂ ਨੂੰ ਕ੍ਰਿਤੱਗਜਤਾ ਸਫੁਰਣ ਹੋਵੇਗੀ ਜੈਸਾ ਕਿ ਉਨ੍ਹਾਂ ਦੇ ਅਪਣੇ ਖ਼ਯਾਲ ਰਾਮਾਯਾਣ ਵਿਚ ਸਫੁਟ ਆਉਂਦੇ ਹਨਃ—

ਸੋਰਠਾ॥ ਹਿੰਦੁ ਜਨਮ ਹੁਇ ਜੌਨ, ਗੁਰ ਉਪਕਾਰ ਨ ਲਖਿ ਭਜੇ।
ਅਧਮ ਕ੍ਰਿਤਘਨੀ ਕੌਨ, ਤਿਸ ਤੇ ਪਰੇ ਬਿਚਾਰੀਏ? [ਲੰ: ਕਾਂਡ ਸ: ੧

ਐਉਂ ਰਾਮਾਯਣ ਲਿਖਕੇ ਵੀ ਕਵੀ ਨੇ ਆਪਣੇ ਗੁਰੂ ਸਾਹਿਬਾਂ ਦੀ ਕੀਰਤੀ ਫੈਲਾਈ ਹੈ, ਏਹ ਉਸ ਸਮੇਂ ਤੇ ਉਸ ਪ੍ਰਭਾਵ ਵਿਚ, ਜੋ ਕੈਥਲ ਸੀ,ਕਵੀ ਜੀ ਆਪਣੇ ਖਿਆਲ ਮੂਜਬ ਆਪਣੇ ਇਸ਼ਟ ਦੇਵ ਜੀ ਸੇਵਾ ਕਰ ਰਹੇ ਹਨ। ਫਿਰ ਵੀਚਾਰ ਦੀ ਇਕ ਗਲ ਇਹ ਵੀ ਹੈ ਕਿ ਵਾਲਮੀਕੀ ਰਾਮਾਯਣ ਦੇ ਸ਼ੁਰੂ ਵਿਚ ਬਾਲਮੀਕ ਨਾਰਦ ਨੂੰ ਸ਼ੁਭ ਗੁਣਾਂਲੰਕ੍ਰਿਤ ਕਿਸੇ ਪੁਰਖ ਦਾ ਪਤਾ ਪੁੱਛ ਰਿਹਾ ਹੈ ਤੇ ਉਸ ਨੂੰ 'ਰਾਮ' ਜੀ ਦਾ ਨਾਮ ਦੱਸਿਆ ਗਿਆ ਹੈ। ਯਥਾਃ—

ਪ੍ਰਸ਼ਨ ਬਾਲਮੀਕ ਦਾਃ—ਭਯੋ ਕਿਸ ਕਾਲ ਮੈਂ ਬਿਸਾਲ ਗੁਣਵਾਨ ਕੌਣ? ਸਭ ਪੈ ਕ੍ਰਿਪਾਲ
ਬਲਵਾਨ ਸ਼ਾਂਤਿ ਆਤਮਾਂ। ਦ੍ਰਿੜ੍ਹ ਬ੍ਰਤ, ਸੱਤਜ ਵਾਕ, ਕ੍ਰੋਧ ਜਿਤੁ, ਧ੍ਰਤੀਵਾਨ, ਏਕ
ਪ੍ਰਿਯ ਦਾਸਨ ਮਹਾਨ ਹੁਇ ਧ੍ਰਮਾਤਮਾਂ। ਸਦਾ ਅਨੁਸੂਯਕ ਸਮ੍ਰੱਥ ਵਿਦ੍ਵਾਨ ਸਰਬ,
ਮਨ ਵਸੀਕਾਰ ਜੋ ਕ੍ਰਿਤੱਗਜ ਹੁਇ ਮਹਾਤਮਾਂ। ਰੋਸ ਹੂੰ ਕੋ ਜੇਸ਼ ਕਰੇ ਸੁਰਾਸੁਰ ਭਾਜੇਂ

---

*ਕਿਸੇ ਪੁਸਤਕ ਦਾ ਅਨੁਵਾਦ ਕਰਨਾ ਇਸ਼ਟਪਤੀ ਦਾ ਸੂਚਕ ਨਹੀਂ ਹੁੰਦਾ। ਰਾਮਾਯਣ, ਆਤਮ ਪੁਰਾਣ, ਅਮਰ ਕੋਸ਼ ਆਦਿਕ ਦੇ ਅਨੁਵਾਦ ਕਰਨੇ ਵਿਦਯਾ ਪ੍ਰਚਾਰ ਦੇ ਮਨੋਰਥ ਲਈ ਹਨ। ਜੈਸਾ ਕਿ ਸ੍ਰੀ ਕਲਗੀਧਰ ਜੀ ਨੇ ਅਪਣੇ ਹਜ਼ੂਰ ਮਹਾਂਭਾਰਤ ਆਦਿਕ ਅਨੁਵਾਦ ਕਰਾਏ ਸਨ।

ਰਣ, ਐਸੋ ਕ੍ਰਿਤ ਹੋਇ ਸੋ ਬਤਾਓ ਰਿਖੀ ਸਾਤਮਾਂ॥ ੨੦॥
ਉੱਤਰ ਨਾਰਦ ਦਾ:—ਤਿਨ ਸਭ ਗੁਣਨਿ ਸਮੇਤ ਜੋ ਨਰਵਰ ਸੋ ਕਹਿਤ ਹੌਂ।
ਇਖਾਕ ਵੰਸ ਨ੍ਰਿਪ ਜੇਤ 'ਰਾਮ' ਨਾਮ ਜਗ ਮਹਿੰ ਬਿਦਤ ॥[ਬਾਲਕਾਂਡਸ ੧-੨੦ ੨੪

ਇਸ ਤੋਂ ਰਾਮ ਚੰਦ੍ਰ ਜੀ ਗੁਣ ਸਪੰਨ ਮਹਾਂ ਪੁਰਖ ਹੋਏ, ਪਰ ਜੇ ਉਪਾਸਕਾਂ ਦੀ ਵੱਧ ਤੋਂ ਵੱਧ ਸ਼ਰਧਾ ਲਈਏ ਤਾਂ ਓਹ ਆਪ ਜੀ ਨੂੰ ਵਿਸ਼ਨੂੰ ਦਾ ਅਵਤਾਰ ਕਹਿੰਦੇ ਹਨ। ਪਰ ਕਵੀ ਜੀ ਇਸੇ ਰਾਮਾਯਣ ਵਿਚ ਆਪਣੇ ਇਸ਼ਟ ਦੇਵ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ 'ਬ੍ਰਹਮ' ਦਾ ਅਵਤਾਰ ਦੱਸ ਰਹੇ ਹਨ। ਯਥਾ:—

ਸ੍ਰੀ ਗੁਰੂ ਨਾਨਕ ਅਨੂਪ ਬ੍ਰਹਮ ਰੂਪ ਭਏ, ਅੰਗਦ ਅਮਰ ਗੁਰੂ ਰਾਮਦਾਸ ਦੇਖ ਹਰਿ।
[ਬ ਲ ਕਾਂਡ ਸਰਗ ੧ ਅੰਕ ੩,

ਨਿਰੰਕਾਰ ਆਕਾਰ ਗੁਰੂ ਨਾਨਕ ਜਗ ਹੋਯੋ। [ਅਰਿੰਨ ਕਾਂਡ ਸਰਗ ੧ ਅੰਕ ੨.
ਬੇਦ ਬੇਦ ਬਿਨ ਭੇਦ ਕੇ ਬਦਤੇ ਜਿਹ ਨਿਰੰਕਾਰ॥ ਜਗ ਉਧਾਰਿਬੇ ਹੇਤ ਸੋ
ਸ੍ਰੀ ਨਾਨਕ ਆਕਾਰ॥ ੨॥ [ਕਿਸ਼ਕਿੰਧਾ ਕਾਂਡ ਸਰਗ ੧

ਸੋ ਇਸ਼ਟ ਪਤੀ ਦੇ ਅਸੂਲ ਮੂਜਬ, ਨਿੰਦਾ ਨਹੀਂ ਕਰੀਦੀ, ਆਪਣੇ ਇਸ਼ਟ ਨੂੰ ਉਚੇਰਾ ਦੱਸੀਦਾ ਹੈ, ਦੂਜੇ ਇਸ਼ਟ ਨੂੰ ਸਨਮਾਨ ਯੋਗ ਤੇ ਉੱਚਾ ਕਹਿਕੇ ਵੀ ਆਪਣੇ ਇਸ਼ਟ ਦੀ ਤੁਲਤਾ ਨਹੀਂ ਦੇਈਦੀ। ਕਵੀ ਜੀ ਇੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬ੍ਰਹਮ ਦਾ ਅਵਿਤਾਰ ਦੱਸਕੇ ਉਹਨਾਂ ਨੂੰ ਸ੍ਰੀ ਰਾਮਚੰਦ੍ਰ ਆਦਿ ਸਭ ਤੋਂ ਉੱਚਾ ਸਿੱਧ ਕਰ ਰਹੇ ਹਨ।

ਇਕ ਹੋਰ ਸ਼ੈ ਕਵੀ ਜੀ ਦੀ ਕਾਬਲੀਅਤ ਬਾਬਤ ਰਾਮਾਯਣ ਤੋਂ ਸੂਚਤ ਹੁੰਦੀ ਹੈ ਕਿ ਆਪ ਬਾਲਮੀਕ ਵਿਚ ਆਖੇਪਾਂ ਦੇ ਗਜਾਤਾ ਹਨ। ਆਖੇਪ ਪਛਾਣਨੇ ਚੰਗੀ ਵਿਵੇਕ ਬੁੱਧੀ ਦਾ ਕੰਮ ਹੈ। ਆਪ ਆਖੇਪਾਂ ਨੂੰ ਕੱਢਦੇ ਨਹੀਂ, ਉਹਨਾਂ ਬਾਬਤ ਐਉਂ ਕਹਿੰਦੇ ਹਨ:—

ਦੋਹਰਾ—ਆਗੇ ਪੰਚ ਜਿ ਸਰਗ ਹੈਂ ਬਾਲਮੀਕ ਕ੍ਰਿਤ ਨਾਂਹਿ॥
ਕਿਸੂ ਔਰ ਨੇ ਕਰੇ ਹੈਂ ਲਿਖ ਦੀਨੇ ਇਸ ਮਾਂਹਿ॥ ੧॥
ਲਿਖੇ ਰਮਾਯਣ ਕੇ ਬਿਖੇ ਯਾ ਤੇ ਮੈਂ ਮਨ ਜਾਨਿ॥
ਕਰੌਂ ਬਨਾਵਨ ਛੰਦ ਮੈਂ ਸ਼੍ਰੋਤਾ ਸੁਨਹੁ ਸੁਜਾਨ॥ ੨॥ [ਉਤਰ ਕਾਂ: ਸ: ੨੪
ਪੰਚ ਸਰਗ ਪੂਰਨ ਕਰੌ ਆਨ ਬਨਾਇ ਜੋਇ॥
ਬਾਲਮੀਕ ਕੀ ਕ੍ਰਿੱਤ ਅਬ ਕਰਿ ਹੌਂ ਛੰਦ ਪਰੋਇ॥ [ਉਤਰ ਕਾਂ: ਸ: ੨੯

ਫਿਰ ਇਸੇ ਕਾਂਡ ਦੇ ੪੩ ਸਰਗ ਦੇ ਆਦਿ ਵਿਚ ਲਿਖਦੇ ਹਨ:—
ਪੰਚ ਸਰਗ ਆਗੇ ਅਬੈ ਬਾਲਮੀਕ ਕ੍ਰਿਤ ਨਾਂਹਿ॥
ਅਪਰ ਕਿਸੂ ਨੇ ਮਨ ਉਕਤ ਕਰੇ ਧਰੇ ਇਸ ਮਾਂਹਿ॥ ੧॥

ਫਿਰ ਜਿੱਥੇ ਇਹ ਪੰਜੇ ਸਰਗ ਸਮਾਪਤ ਹੁੰਦੇ ਹਨ:—
ਪੰਚ ਸਰਗ ਏ ਔਰ ਕੇ ਬਾਲਮੀਕ ਕ੍ਰਿਤ ਨਾਂਹਿ॥
ਕਰੀ ਛੰਦ ਬੰਦੀ ਤਿਨੇ ਜਾਨ ਗ੍ਰਿੰਥ ਕੇ ਮਾਂਹਿ॥ ੧॥ [ਉਤਰ ਕਾਂ: ਸ: ੩੮

੭੦ ਸਰਗ ਤੇ ੭੨ ਬਾਬਤ ਆਪ ਲਿਖਦੇ ਹਨ:—

ਅਪਰ ਸਰਗ ਏ ਔਰ ਕੇ ਕਰੇ ਹੁਏ ਪਹਿਚਾਨ॥
ਬਾਲਮੀਕ ਕੀ ਕ੍ਰਿਤੀ ਨਹਿੰ ਅਨਬਨ ਕਰੀ ਬਖਾਨ॥ ੧॥ [ਸਰਗ ੭੦
ਇਹ ਦ੍ਵ ਸਰਗ ਸੁ ਵਹਿਰਿ ਕੇ ਕਰੇ ਕਿਸੀ ਨੇ ਜਾਨਿ॥ ੫੫॥ [ ਸਰਗ ੭੨

ਸਾਰੇ ਸਰਗ ਆਖੇਪਕ ਐਉਂ ਗਿਣੇ ਹਨ:—

ਦਸ ਪੂਰਬਲੇ ਸਰਗ ਹੈਂ ਇਹ ਦ੍ਵੈ ਕੀਨ ਬਖਾਨਿ॥
ਦ੍ਵਾਦਸ਼ ਕੀਨੇ ਆਨ ਕੇ ਪੰਡਤਿ ਲੇਹੁ ਪਛਾਨ॥ ੧॥ [ ਸਰਗ ੭੩

## ਹ. ਆਤਮ ਪੁਰਾਣ ਦਾ ਟੀਕਾ।

ਕਵੀ ਜੀ ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ ੧ ਅੰਸੂ ੫ ਵਿਚ ਦੱਸਦੇ ਹਨ ਕਿ ਰਾਮਾਯਣ ਦੇ ਟੀਕੇ ਮਗਰੋਂ ਮੈਂ ਆਤਮ ਪੁਰਾਣ ਦਾ ਟੀਕਾ ਕੀਤਾ ਹੈ। ਗ਼ਾਲਬਨ ਇਹ ਰਚਨਾ ੧੮੯੧ ਦੀ ਹੈ। ਆਤਮ ਪੁਰਾਣ ਸੰਸਕ੍ਰਿਤ ਦਾ ਗ੍ਰੰਥ ਹੈ, ਇਹ ਇਕ ਤਰ੍ਹਾਂ ਉਪਨਿਸ਼ਧਾਂ ਦਾ ਸੰਚਯ ਹੈ ਤੇ ਵੇਦਾਂਤ ਵਿਦ੍ਯਾ ਦਾ ਇਕ ਮੂਲਕ ਗ੍ਰੰਥ ਮੰਨਿਆਂ ਜਾਂਦਾ ਹੈ। ਕਵੀ ਜੀ ਦਾ ਟੀਕਾ ਕੀਤਾ ਇਹ ਗ੍ਰੰਥ ਮਿਲਿਆ ਨਹੀਂ। ਅਸਾਂ ਜਿੱਥੋਂ ਜਿੱਥੋਂ ਟੋਲ ਕੀਤੀ ਹੈ ਪਤਾ ਇਹੋ ਲਗਦਾ ਹੈ ਕਿ ਹੈ ਨਹੀਂ। ਹੋ ਸਕਦਾ ਹੈ ਕਿ ਇਹ ਇੱਕੋ ਕਾਪੀ ਲਿਖੀ ਗਈ ਤੇ ਹੋਰ ਉਤਾਰੇ ਨਹੀਂ ਹੋਏ ਤੇ ਕਵੀ ਜੀ ਦਾ ਸੰਚਯ ਵੈਰਾਨ ਹੋਣ ਨਾਲ ਇਹ ਬੀ ਗੁੰਮ ਹੋ ਗਿਆ। ਹੋ ਸਕਦਾ ਹੈ ਕਿ ਕਿਤੇ ਇਸ ਦਾ ਉਤਾਰਾ ਕੋਈ ਹੋਵੇ* ਤੇ ਅਜੇ ਕਿਸੇ ਸਾਂਭਵੇਂ ਥਾਂ ਯਾਂ ਕਿਸੇ ਅਗ੍ਯਾਤ ਲੁਕਵੇਂ ਥਾਂ ਪਿਆ ਹੋਵੇ। ਪ੍ਰੰਤੂ ਭਾਲ ਕਰਦਿਆਂ ਸਾਨੂੰ ਇਸ ਦਾ ਇਕ ਨਮੂਨਾ ਮਾਤ੍ਰ ਮਿਲ ਗਿਆ ਹੈ ਜੋ ਇਸ ਗਲ ਦਾ ਸੂਚਕ ਹੈ ਕਿ ਅਸਲ ਤੋਂ ਉਤਾਰਾ ਬੀ ਹੋਯਾ ਹੈ। ਇਹ ਸ੍ਵੇਤਾ-ਸ੍ਵਤਰ ਉਪਨਿਖਧ ਦੇ ਕੁਛ ਹਿੱਸੇ ਦਾ ਟੀਕਾ ਹੈ। ਹੇਠਾਂ ਅਸੀਂ ਇਹ ਨਮੂਨਾ ਇਸ ਲਈ ਦੇਂਦੇ ਹਾਂ ਕਿ ਪਾਠਕਾਂ ਪਾਸ ਘੱਟ ਤੋਂ ਘੱਟ ਕਵੀ ਜੀ ਦੇ ਨਸਰ ਵਿਚ ਕੀਤੇ ਟੀਕੇ ਦਾ ਨਮੂਨਾ ਰਹਿ ਜਾਵੇ ਤੇ ਸ਼ਾਯਦ ਕਦੇ ਪੁਸਤਕ ਲੱਭ ਪੇਣ ਤੇ ਸਿਆਣ ਕਰਨ ਵਿਚ ਸਹਾਈ ਹੋਵੇ:—

"ਜਾਂ ਕਾਲ ਮੋਂ ਬ੍ਰਹਮ ਸੋਂ ਤਦਗਤਿ ਹੋਣੇ ਮੋ ਪ੍ਰਵਿਰਤੇ, ਚਾਹੀਯਤ ਹੈ ਜੋ ਸੁਇੱਛਤ ਬੈਠੇ, ਛਾਤੀ ਅਰ ਸਿਰ ਕੋ ਸੂਧੇ ਰਾਖੇ, ਅਰ ਸ੍ਰੀਰ ਕੇ ਅੰਗੋਂ ਕੋ ਹਿਲਾਵੇ ਨਹੀਂ, ਅਰ ਸੰਪੂਰਨ ਇੰਦ੍ਰੀਓਂ ਕਉ ਸਾਥ ਮਨ ਕੇ ਅਪਨੇ ਵਸ ਮੋਂ ਕਰਿ, ਸਾਥ ਬ੍ਰਹਮ ਕੇ ਜੋ ਮੱਧ ਛਿੱਦ੍ਰ ਮਨ ਕੇ ਹੈ ਤਦਿ ਗਤਿ ਹੋਵੈ ਅਰ ਸਮੁੰਦਰ ਸਮਾਨ ਜੋ ਭ੍ਰਮ ਭਯਾਨਕ ਬੀਚ ਮਨ ਕੇ ਉਪਜਤਿ ਹੈ ਬ੍ਰਹਮ ਰੂਪ ਨਾਵਕਾ ਸੋਂ ਵਾ ਸੋ ਪਾਰ ਹੋਵੈ। ਅਰ ਮਾਰਗ ਤਦਗਤਿ ਹੋਵਨੇ ਕਾ ਯਹਿ ਹੈ ਜੋ ਪਵਨ ਕੋ ਅਰੋਪਨ ਕਰੇ। ਅਰ ਅੰਤਹਕਰਨ ਕੀ ਬ੍ਰਿਤਿ ਅਰ ਇੰਦ੍ਰੀਆਂ ਕੋ ਇਕਾਗਰ ਰਖੇ, ਤਾਤਪਰਜ ਯਹ ਹੈ ਜੋ ਸਮ ਦਮ ਕਰੇ। ਅਰ ਨਿੰਦਾ ਕੋ ਵਸ ਕਰੇ ਅਰ ਦ੍ਰਿਸ਼ਟ ਅਵਰ ਠਵਰ ਨਾ ਕਰੇ। ਅਰ ਸ੍ਵਾਸ ਕੋ ਮਾਰਗ ਏਕ ਨਾਸਕਾ ਕੇ ਤੇ ਸਨੇ ਸਨੇ

*ਪਟਿਆਲੇ ਮਹਿੰਦ੍ਰਾ ਕਾਲਜ ਦੀ ਲਾਇਬ੍ਰੇਰੀ ਵਿਚ ਦੱਸ ਪਈ ਸੀ, ਪਰ ਉਥੇ ਬੀ ਨਹੀਂ ਇਹ ਮਿਲਿਆ, ਹੋ ਸਕਦਾ ਹੈ ਕਿਤੇ ਹੋਰਥੇ ਹੋਵੇ।

ਛੋੜੇ। ਅਰ ਮਾਰਗ ਮੁਖ ਕੇ ਤੇ ਸ੍ਵਾਸ ਕੋ ਨਾ ਨਿਕਾਸੇ। ਕਰਨ ਹਾਰਾ ਐਸੀ ਉਪਾਸਨਾਂ ਕਾ ਜੈਸੇ ਰਥ ਕੇ ਸਾਥ ਅਤਿ ਬਲੀ ਅਸ੍ਵ ਜੁਤੇ ਹੋਂ ਅਰੂੜ ਜੋ ਵਾ ਪਰ ਹੈਂ, ਸਾਥਿ ਅਤਿ ਪ੍ਰਾਕ੍ਰਮ ਕੇ ਵਾ ਕਉ ਮਾਰਗ ਲੇ ਜਾਤੇ ਹੈ। ਇਸੀ ਪ੍ਰਕਾਰ ਪਵਨ ਅਭਜਾਸੀ ਛੋੜਨ ਹਾਰ ਸ੍ਵਾਸ ਕਾ ਅਤੀ ਦ੍ਰਿੜ ਚਾਹੀਅਤਿ ਹੈ। ਜੋ ਵਾ ਕਉ ਮਨ ਟੇਢੇ ਮਾਰਗ ਨਾਂ ਲੇ ਜਾਵੇ। ਅਰ ਜਾ ਪ੍ਰਿਥਵੀ ਮੇਂ ਬੈਠੇ ਵਾ ਅਸਥਾਨ ਉਚ ਨੀਚ ਨਾ ਹੋਵੇ, ਅਰ ਕੁਹਥਰਾ ਨਾ ਹੋਵੇ, ਅਰ ਸੂਛਮ ਸੂਛਮ, ਪਖਾਨ ਅ ਦਿਕ ਨਾ ਹੋਵੇਂ, ਅਰ ਪ੍ਰਥਮੀ ਉਸਨ ਨਾ ਹੋਵੇ, ਅਰ ਗਰਦ ਆਦਿਕ ਨਾਂ ਹੋ, ਅਰ ਕਿਸੀ ਕਾ ਸ਼ਬਦ ਆਦਿਕ ਸ੍ਰਵਨੋ ਮੇ ਨਾ ਪਹੁਚੇ। ਅਰ ਮਾਰਗ ਮਨੁਖਾਦਿ ਕੋ ਨਾ ਹੋ। ਅਰ ਜਾਂ ਇਸਥਾਨ ਮੇਂ ਮਨ ਸੁਖ ਕੋ ਪਾਵੇ। ਅਰ ਜਾਂ ਇਸਥਾਨ ਕੇ ਦੇਖਨੇ ਤੇ ਨੇਤ੍ਰ ਦੁਖ ਨਾ ਪਾਵੇਂ। ਅਰ ਵਾ ਇਸਥਾਨ ਸੀਤ ਅਰ ਉਸਨ ਅਰ ਪਵਨ ਨਖਿਧ ਅਰ ਭੈ ਤੇ ਰਹਿਤ ਹੋ। ਅਰ ਸਰਬ ਪ੍ਰਕਾਰ ਤੇ ਇਸਥਾਨ ਰਖਜਾ ਕਾ ਹੋ। ਐਸੇ ਗ੍ਰਿਹ ਮੇ ਇਸਥਿਤ ਹੋ ਕਰਿ ਅਪਨੇ ਸਾਰੂਪ ਕੀ ਪ੍ਰਾਪਤੀ ਮੇ ਯਤਨ ਕਰੇ। ਲੱਖਣ ਪ੍ਰਗਟ ਹੋਨੇ ਬ੍ਰਹਮ ਅਵਸਥਾ ਕੇ ਊਪਰ ਮਨ ਜੋਗ ਅਭਜਾਸੀ ਕੇ ਯਹਿ ਹੈ। ਪ੍ਰਿਥਮ ਹੀ ਅਰੰਭ ਜੋਗ ਕੇ ਸੇ ਯਹਿ ਪਦਾਰਥ ਹੋਤਿ ਹੈ। ਕਬ ਹੀ ਭਾਵਨਾ ਵਾਕੀ ਮੇ ਕੁਹੀਰ ਸੀ ਦ੍ਰਿਸ਼ਟ ਪਰਤ ਹੈ। ਕਬ ਹੀ ਧੂਏ ਸੀ ਆਕਾਰ, ਅਰ ਕਬ ਹੀ ਸੂਰਜ ਸਾ ਪ੍ਰਕਾਸ਼ ਅਰ ਕਬ ਹੀ ਅਗਨੀ ਪ੍ਰਕਾਸ਼। ਅਰ ਕਬ ਹੀ ਜੈਸੇ ਪਵਨ ਚਲਤ ਹੈ ਅਰ ਕਬ ਹੀ ਉਸਨ ਕਾਲ ਸੀ ਨਿਸਾ ਅਰ ਕਬ ਹੀ ਪ੍ਰਕਾਸ਼ ਨਿਸਾਕਰ ਕਾ ਜੋ ਪੂਰਨਮਾ ਕੋ ਹੋਤ ਹੈ ਅਰ ਕਬ ਹੀ ਚਮਤਕਾਰ ਵਿਦੁਤ ਕਾ ਅਰ ਕਬ ਹੀ ਸੁੱਧਤਾ ਬਿਲਉਰ ਕੀ ਸੀ ਦੇਖਤ ਹੈ। ਅਰ ਅਸ਼ਟ ਅੰਗ ਜੋਗ ਕੇ ਹੈਂ ਤਾਂ ਸੋਂ ਪਾਂਚ ਆਗੇ ਬਰਨਨ ਭਏ। ਪ੍ਰਿਥਮ ਆਸਨ, ਦੁਤੀ ਪ੍ਰਾਣਾਯਾਮ, ਤ੍ਰਿਤੀ ਸਮ ਦਮ, ਚਤੁਰਥ ਅੰਤਹਕਰਨ ਅਰੋਧਤ, ਪੰਚਮ ਨਿੰਦ੍ਰਾ ਵਸ ਅਰ ਤੀਨ ਅਵਰ ਜੋ ਰਹੇ ਹੈਂ ਏਕ ਤਾਂ ਸੋਂ ਧਾਰਨਾ ਹੈ ਅਰ ਜੁਗਤਿ ਧਾਰਨਾ ਕੀ ਯਹਿ ਹੈ। ਤਦ ਯਥਾ ਪ੍ਰਥਮ ਪ੍ਰਿਥਵੀ ਕੇ ਰੂਪ ਕੋ ਯਥਾ ਸ਼ਾਸਤ੍ਰ ਮਨ ਮੇਂ ਧਾਰੇ ਅਰ ਨਿਸਚੇ ਤੇ ਪ੍ਰਿਥਵੀ ਰੂਪ ਆਪ ਹੀ ਕੋ ਜਾਨੇ ਤੈਸੇ ਹੀ ਆਪ ਰੂਪ ਯਥਾ ਸ਼ਾਸਤ੍ਰ ਮਨ ਮੇ ਧਾਰੇ ਅਰ ਆਪ ਹੀ ਕੋ ਆਪ ਰੂਪ ਜਾਨੇ। ਤਦ ਵਤ ਤੇਜ ਅਰ ਪਵਨ ਅਰ ਅਕਾਸ਼ ਇਨ ਕੀ ਧਾਰਨਾ ਕਰੇ ਅਰ ਜਬ ਪੰਚ ਭੂਤਾਤਮਿਕ ਰੂਪ ਆਪ ਹੀ ਭਇਆ ਵਾਕੋ ਰੋਗ ਅਰ ਜਰਾ ਨਹੀਂ ਹੋਤਿ, ਅਰ ਮ੍ਰਿਤੁ ਵਾਕੋ ਪ੍ਰਾਪਤਿ ਨਹੀਂ ਹੋਤਿ। ਜਾਂ ਤੇ ਜੋ ਸਰੀਰ ਵਾਕਾ ਜੋਗ ਅਗਨਿ ਭਯਾ ਹੈ। ਅਰ ਕਰਤਾ ਇਸ ਧਾਰਨਾ ਕਾ ਹਲਕਾ ਅਰ ਸੂਖਮ ਹੋਤ ਹੈ ਅਰ ਸਦਾ ਅਰੋਗ ਰਹਿਤ ਹੈ। ਅਰ ਮਨ ਵਾਂ ਕਾ ਕਹੀਂ ਜਾਤ ਨਹੀਂ ਅਰ ਮੁਖ ਵਾਂ ਕਾ ਪ੍ਰਕਾਸ਼ ਰੂਪ ਹੋਤ ਹੈ। ਅਰ ਸੁੰਦਰ ਸ਼ਬਦ ਹੋਤ ਹੈ। ਅਰ ਸਰੀਰ ਵਾਕੇ ਮੇ ਦੁਰਗੰਧ ਹੋਤਿ ਨਹੀਂ ਅਰ ਸੁਗੰਧਿ ਆਵਤਿ ਹੈ। ਮੂਤ੍ਰ ਅਰ ਮਲ ਗੁਹਜ ਇੰਦ੍ਰੀ ਕੀ ਵਾਕੋ ਸੂਖਮ ਹੋਤ ਹੈ। ਯਹਿ ਪਦਾਰਥ ਅਰੰਭ ਹੀ ਜੋਗ ਕੇ ਵਾ ਮੇ ਪ੍ਰਗਟ ਹੋਤ ਹੈ। ਜੈਸੇ ਸੁਫਟਕ ਜੋ ਮ੍ਰਿਤਕਾ ਮੇ ਆਛਾਦਿਤਿ ਹੈ ਅਰ ਪ੍ਰਕਾਸ਼ ਵਾਕਾ ਪ੍ਰਗਟ ਨਹੀਂ ਹੋਤ। ਜਬ ਵਾਕੋ ਸਬ ਸੇ ਸੁਧ ਕੀਜੀਐ ਤਬ ਪ੍ਰਕਾਸ਼ ਵਾਕਾ ਪ੍ਰਗਟ ਹੋਤ ਹੈ। ਇਸੀ ਪ੍ਰਕਾਰ ਜੀਵਾਤਮਾ ਜੋ ਕੇਵਲ ਪ੍ਰਕਾਸ਼ ਰੂਪ ਪਰਮਾਤਮਾ ਹੈ ਮ੍ਰਿਤਕਾ ਸਮਾਨ ਅਵਿੱਦਜਾ ਜੋ ਅਪਨੇ ਸਰੂਪ ਕੋ ਨਾਂ ਜਾਨਨਾ ਤਾਂਕੇ ਸੰਗ ਸੋਂ ਪ੍ਰਕਾਸ਼ ਵਾਕਾ ਨਹੀਂ ਦੇਖੀਅਤ। ਜਬ ਵਾਕੋ ਸਾਥ ਜਲ ਜੋਗ ਅਰ ਗਿਆਨ ਕੇ ਸੁਭ ਕੀਜੀਅਤਿ ਹੈ ਤਬ ਵਹਿ ਆਤਮਾ ਪ੍ਰਕਾਸ਼ ਪ੍ਰਗਟ ਹੋਤਿ ਹੈ। ਅਰ ਜਬ ਆਤਮਾ ਪ੍ਰਕਾਸ਼ ਪ੍ਰਕਾਸ਼ਤਿ ਭਇਆ

ਤਬ ਵਾ ਮੈ ਲੌਕਿਕ ਅਰ ਵੈਦਿਕ ਕਰਮ ਸਰਬ ਲੀਨ ਹੋਤਿ ਹੈਂ। ਅਰ ਹਰਖ ਸੋਗ ਤੇ ਰਹਿਤ ਵਾਕੋ ਕ੍ਰਿਯਾ ਕਛੁ ਕਰਨੀ ਰਹੀ ਨਹੀਂ। ਏਕ ਹੀ ਜੋ ਥਾ ਸੋ ਭਇਆ''।

ਇਤਿ ਸ੍ਵੇਤਾ ਸ੍ਵਤਰੋਪਨਿਖਧ ਦੂਤੀ ਖੰਡਃ।

## ਕ. ਗੁਰ ਪ੍ਰਤਾਪ ਸੂਰਜ-ਅੱਗੇ ਆਵੇਗਾ।

## ੧੩. ਕਵੀ ਜੀ ਦੇ ਹੋਰ ਰੁਝੇਵੇਂ।

**ਰਯਾਸਤ ਦੇ ਰੁਕਨ**-ਆਮ ਹਾਲਤਾਂ ਵਿਚ ਖਿਆਲ ਕੀਤਾ ਜਾਂਦਾ ਹੈ ਕਿ ਕਵੀ ਜੀ ਕੇਵਲ ਵਿਦਜਕ ਕੰਮਾਂ ਲਈ ਹੀ ਰਿਆਸਤ ਵਿਚ ਨੀਯਤ ਸਨ, ਪਰ ਐਸੀਆਂ ਗਲਾਂ ਮਿਲਦੀਆਂ ਹਨ ਜਿਨ੍ਹਾਂ ਤੋਂ ਸਮਝ ਸਕੀਦਾ ਹੈ ਕਿ ਮਹਾਰਾਜ ਉਦਯ ਸਿੰਘ ਆਪ ਨੂੰ ਆਪਣੀ ਰਿਆਸਤ ਦੇ ਸਨਮਾਨ ਯੋਗ ਰੁਕਨ ਬੀ ਸਮਝਦੇ ਸਨ। ਇਕ ਵਾਕਿਆ ਮਿਲਿਆ ਹੈ ਜਿਸ ਤੋਂ ਸਿੱਟਾ ਨਿਕਲਦਾ ਹੈ ਕਿ ਮਹਾਰਾਜ ਆਪ ਤੋਂ ਖਾਸ ਇਤਬਾਰ ਯੋਗ ਤੇ ਧਾਰਮਕ ਵਡਕਿਆਂ ਨਾਲ ਕੰਮ ਪੈਣ ਤੇ ਰਿਆਸਤ ਦੇ ਯਾ ਨਿਜ ਦੇ ਮਾਮਲਿਆਂ ਵਿਚ ਸਹਾਇਤਾ ਲਿਆ ਕਰਦੇ ਸਨ। ਪਤਾ ਚਲਦਾ ਹੈ ਕਿ ਇਕ ਵੇਰ ਮਹਾਰਾਜ ਜੀ ਨੇ ਆਪ ਨੂੰ ਊਨੇ ਸਾਹਿਬ ਬਾਬਾ ਸਾਹਿਬ ਸਿੰਘ ਜੀ ਪਾਸ ਕਿਸੇ ਮਾਮਲੇ ਲਈ ਘੱਲਿਆ ਸੀ। ਛੇ ਘੋੜੇ ਨਾਲ ਸਨ, ਜੋ ਸਰਕਾਰ ਵਲੋਂ ਉਨ੍ਹਾਂ ਨੂੰ ਦੇਣੇ ਸਨ। ਛੇ ਮਹੀਨੇ ਦੇ ਲਗ ਪਗ ਕਵੀ ਜੀ ਨੂੰ ਓਥੇ ਰਹਿਣ ਦਾ ਅਵਿਕਾਸ਼ ਬਣਿਆ ਤੇ ਫੇਰ ਅਨੰਦਪੁਰ ਸਾਹਿਬ ਦੀ ਯਾਤ੍ਰਾ ਕਰਦੇ ਵਾਪਸ ਆਏ।

ਇਸ ਗਲ ਦਾ ਕੋਈ ਸਬੂਤ ਨਹੀਂ ਮਿਲਦਾ ਕਿ ਕਿਸ ਕਾਰਣ ਉਨੇਂ ਘੋੜੇ ਲੇਕੇ ਗਏ ਸਨ। ਹੋ ਸਕਦਾ ਹੈ ਕਿ ਬੀਮਾਰੀ ਦੇ ਕਾਰਣ ਬਾਬਾ ਸਾਹਿਬ ਨੂੰ ਪ੍ਰਸੰਨ ਕਰਨ ਲਈ ਗਏ ਹੋਣ। ਕਵਿਤਾ ਵਿਚ ਕਵੀ ਜੀ ਦੇ ਨਿਜ ਹੱਥਾਂ ਦੇ ਲਿਖੇ ਇਕ ਖਤ ਦਾ ਖਰੜਾ ਮਿਲਿਆ ਹੈ, ਜੋ ਇਸੇ ਸਫਰ ਨਾਲ ਸੰਬੰਧ ਰਖਦਾ ਜਾਪਦਾ ਹੈ। ਉਤਾਰਾ ਇਸ ਦਾ ਇਹ ਹੈਃ-

੧ ੴ ਸਤਿਗੁਰਪ੍ਰਸਾਦਿ॥

ਦੋਹਰਾ-ਸ੍ਰੀ ਸਤਿਗੁਰ ਸਭਿ ਤੇ ਅਧਿਕ ਭਾਖੇ ਬੇਦ ਪੁਰਾਨ॥
ਗਯਾਨ ਦਾਨ ਦੇ ਮਾਨ ਦੇ ਸੁਖ ਦੇ ਗੁਨ ਗਨ ਖਾਨਿ॥੧॥
ਤੋਟਕ ਛੰਦ-ਪੁਰਿ ਕੈਥਲ ਨਾਥ ਅਨੰਦ ਰਹੋ॥ ਉਪਮਾ ਸਭਿ ਲਾਯਕ ਆਪ ਅਹੋ॥
ਕਵਿ ਨੇ ਕਰ ਜੋਰਿ ਪ੍ਰਨਾਮ ਕਰੀ॥ ਚਿਰ ਜੀਵਹੁ ਲੇਵਹੁ ਨਾਮ ਹਰੀ॥੨॥
ਸਭਿ ਰੋਗ ਬਿਨਾਸ਼ਨਿ ਹੈਂ ਤਨ ਕੇ॥ ਬਰ ਪੂਰ ਮਨੋਰਥ ਹੈਂ ਮਨ ਕੇ॥
ਨਹਿ ਘਾਸ ਤੁਰੰਗਨਿ ਖਾਵਨਿ ਕੋ॥ ਤੁਮ ਪਾਸਿ ਚਹੈਂ ਅਬਿ ਆਵਨਿ ਕੋ॥੩॥
ਦੋਹਰਾ-ਕੇ ਆਗਯਾ ਨਿਜ ਦੀਜਿਯੇ ਇਹਠਾਂ ਦੇਹਿਂ ਜੁ ਹੋਇ॥
ਸਤਿਗੁਰ ਤੁਮਰੇ ਦੇਹਿ ਕੋ ਕਰਿ ਅਨੰਦ ਦੁਖ ਖੋਇ॥੪॥

**ਪੋਥੀਆਂ**-ਗੁਰਸਿੱਖਾਂ ਵਿਚ ਆਦਿ ਕਾਲ ਤੋਂ ਗੁਰਬਾਣੀ ਦੀਆਂ ਪੋਥੀਆਂ ਲਿਖਣੀਆਂ ਤੇ ਲਿਖਕੇ ਵੰਡਣੀਆਂ ਇਕ ਭਾਰੀ ਸੁਭਾਗ ਹੈ। ਸਮੇਂ ਬਦਲ ਜਾਣ ਤੋਂ ਬੀ ਇਸ ਦਾ ਵਰਤਾਉ

ਬੰਦ ਨਹੀਂ ਹੋਇਆ ਸਗੋਂ ਛਾਪੇ ਦੀ ਸ਼ਕਲ ਲੇਕੇ ਹੁਣ ਤਕ ਜਾਰੀ ਹੈ ਕਿ ਸਿਖ ਗੁਰਬਾਣੀ ਦੇ ਗੁਟਕੇ ਛਪਵਾਕੇ ਵੰਡਦੇ ਹਨ। ਕਵੀ ਜੀ ਇੰਨੇ ਕੰਮਾਂ ਵਿਚ ਰੁੱਝੇ ਹੋਣ ਤੇ ਬੀ, ਸਾਨੂੰ ਸੂਹ ਮਿਲੀ ਹੈ ਕਿ, ਇਹ ਕੰਮ ਬੀ ਕਰਿਆ ਕਰਦੇ ਸੇ। ਇਸ ਵਿਸ਼ੇ ਵਿਚ ਕਵੀ ਜੀ ਸ੍ਰੀ ਗੁਰਬਾਣੀ ਦੇ ਲਿਖਣੇ ਦੀ ਵਡਿਆਈ ਇਸ ਪ੍ਰਕਾਰ ਕਰਦੇ ਹਨ*:—

ਧੰਨ ਜਨਮ ਜਿਨ ਲਿਖਯੋ ਭਾਉ ਧਰਿ ਸਫਲ ਹਾਥ ਅਪਨੇ ਕਰਿ ਤਾਂਹਿ। [ਰਾਸ ੪ ਅੰਸੂ ੬੯

**ਸ੍ਵਾਗਤ—**ਤੀਸਰਾ ਰੁਝੇਵਾਂ ਆਪ ਨੂੰ ਆਗਤ ਭਾਗਤ ਦਾ ਸੀ। ਆਪ ਸੰਤ ਤੇ ਅਤਿੱਥੀ ਸੇਵਕ ਸਨ। ਆਏ ਗਏ ਸਾਕ ਸਨਬੰਧੀਆਂ ਤੇ ਮਿਤਰਾਂ ਤੋਂ ਛੁਟ ਸਾਧੂ ਸੰਤਾਂ ਦੀ ਆਵਾ ਜਾਈ ਬੀ ਰਹਿੰਦੀ ਸੀ। ਇਹ ਆਗਤ ਭਾਗਤ ਦਾ ਗੁਣ ਖਰਚ ਦੇ ਸਿਵਾ ਸਮਾਂ ਬੀ ਲੈਂਦਾ ਹੈ। ਬਾਕੀ ਗ੍ਰਿਹਸਤ ਆਸ਼੍ਰਮ ਤੇ ਵਡ ਪਰਵਾਰੀ ਹੋਣਾ ਬੀ ਇਕ ਭਾਰੀ ਜ਼ਿੰਮੇਵਾਰੀ ਤੇ ਰੁਝਾ ਹੁੰਦਾ ਹੈ। ਇਨ੍ਹਾਂ ਗਲਾਂ ਦੇ ਸਿਵਾ ਕਵੀ ਜੀ ਦੀ ਦਿਨ ਚਰ੍ਯਾ ਦਾ ਜੋ ਥਹੁ ਲਗ ਸਕਿਆ ਹੈ ਐਉਂ ਦਾ ਹੈ:—

## ੧੪. ਦਿਨ ਚਰਯਾ†।

ਇਕ ਸੱਜਣ ਜੀ ਤੋਂ ਪਤਾ ਲੱਗਾ ਹੈ ਕਿ ਉਨ੍ਹਾਂ ਨੂੰ ਇਕ ਬ੍ਰਿਧ ਸਿੰਘ ਨੇ ਦੱਸਿਆ ਸੀ ਕਿ ਸਾਡੇ ਵਡਿਆਂ ਵਿਚੋਂ ਕੋਈ ਸੱਜਣ ਕੈਥਲ ਗੁ:ਪ੍ਰ: ਸੂਰਜ ਗ੍ਰੰਥ ਦਾ ਉਤਾਰਾ ਕਰਨ, ਕਵੀ ਜੀ ਦੇ ਜੀਉਂਦੇ ਜੀ ਗਏ ਸਨ।ਓਹ ਦੱਸਿਆ ਕਰਦੇ ਸੇ ਕਿ ਕਵੀ ਜੀ ਅੰਮ੍ਰਿਤ ਵੇਲੇ ਦੇ ਜਾਗਣ ਵਾਲੇ ਤੇ ਨਾਮ ਅੱਭਯਾਸੀ ਸਨ। ਇਹੋ ਗੱਲ ਇਕ ਮਾਈ ਨੇ, ਜੋ ਪਸ਼ੌਰ ਦੇ ਪਾਸੇ ਦੀ ਸੀ, ਕਿਸੇ ਸੱਜਣ ਨੂੰ ਦੱਸੀ ਸੀ ਕਿ ਮੈਨੂੰ ਕਵੀ ਜੀ ਦੀ ਭੈਣ ਨੇ ਦੱਸਿਆ ਸੀ ਕਿ ਮੈਂ ਗੁ: ਪ੍ਰ: ਸੂਰਜ ਦੇ ਰਚੇ ਜਾਣ ਦੇ ਦਿਨਾਂ ਵਿਚ ਕੈਥਲ ਗਈ ਤਾਂ ਇਹ ਡਿੱਠਾ ਕਿ ਕਵੀ ਜੀ ਤ੍ਰਿਪਹਿਰੇ ਦੇ ਲਗ ਪਗ ਜਾਗ ਕੇ ਭਜਨ ਵਿਚ ਲਗ ਜਾਂਦੇ ਸਨ। ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਕੇ ਜਦ ਬਾਹਰ ਆਉਂਦੇ ਤਾਂ ਚਿਹਰਾ ਲਾਲੋ ਲਾਲ ਹੁੰਦਾ ਸੀ। ਪਹਿਲੇ ਸੱਜਣ ਜੀ ਨੇ ਇਹ ਬੀ ਦੱਸਿਆ ਸੀ ਕਿ ਦਿਨ ਚੜ੍ਹਦੇ ਹੀ ਕੰਮ ਵਿਚ ਲਗ ਪੈਂਦੇ ਸਨ ਤੇ ਸੂਰਜ ਡੁਬਦੇ ਤਕ ਮਾਨੋਂ ਲਗੇ ਹੀ ਰਹਿੰਦੇ ਸਨ। ਕੰਮ ਕਰਨ ਵੇਲੇ ਆਪ ਦੇ ਗਲ ਅੱਧੀਆਂ ਬਾਹਾਂ ਵਾਲੀ ਕੁੜਤੀ ਤੇੜ ਕਛਹਿਰਾ ਤੇ ਸਿਰ ਤੇ ਨਿੱਕੀ ਦਸਤਾਰ ਹੁੰਦੀ ਸੀ‡।

ਆਪਣੇ ਭਜਨ ਦੇ ਬਾਦ ਕੁਛ ਛਕਕੇ ਆਪ ਆਪਣੀ ਵਿਦਯਾ ਘੋਖ ਤੇ ਰਚਨਾ ਰਚਨ ਵਿਚ ਲਗਦੇ ਤੇ ਦੁਪਹਿਰ ਮਗਰੋਂ ਗ੍ਰੰਥ ਲਿਖਾਉਣ, ਪੜ੍ਹਾਉਣ ਤੇ ਕਥਾ ਕਰਦੇ ਸੇ। ਦੇਖੋ 'ਕਥਾ' ਵਾਲਾ ਲੇਖ ਜੋ ਅੱਗੇ ਆਵੇਗਾ।

ਇਹ ਗੱਲ ਪਤਾ ਲੱਗੀ ਹੈ ਕਿ ਆਪ ਦੇ ਮਕਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕਮਰਾ ਵੱਖਰਾ ਸੀ। ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਵੇਲੇ ਬੜੇ ਅਦਬ ਤੇ ਪਿਆਰ ਵਿਚ ਹੁੰਦੇ ਸਨ ਤੇ ਅਕਸਰ ਪਾਠ ਕਰਦੇ ਸਜਲ ਨੇਤ੍ਰ ਹੋ ਜਾਂਦੇ ਸਨ। ਇਨ੍ਹਾਂ ਗਲਾਂ ਦੇ ਝਲਕਾਰੇ ਆਪ ਦੀ ਰਚਨਾਂ ਵਿਚ ਬੀ ਜਗਾ ਜਗਾ ਮਿਲਦੇ ਹਨ। ਦਸਾਂ ਗੁਰੂ ਸਾਹਿਬਾਂ ਦੇ ਮੰਗਲ

---

*ਹੋਰ ਪੁਸਤਕਾਂ ਦੇ ਉਤਾਰੇ ਕਵੀ ਜੀ ਦੇ ਕੀਤੇ ਹੋਏ ਬੀ ਦੇਖਣ ਵਿਚ ਆਏ ਹਨ।

†ਦਿਨ ਚਰ੍ਯਾ ‡ਇਹ ਹੁਨਾਲੇ ਦਾ ਪਹਿਰਾਵਾ ਹੈ।

ਕਰਕੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੰਗਲ ਗੁਰੂ ਰੂਪ ਵਿਚ ਕਰਦੇ ਹਨ। ਸ਼੍ਰੀ ਗੁਰੂ ਜੀ ਦੇ ਪਾਠ ਕਰਨ ਬਾਬਤ ਆਪ ਐਉਂ ਲਿਖਦੇ ਹਨ: -

ਧੰਨ ਜਨਮ ਜਿਨ ਲਿਖਯੋ ਭਾਉ ਧਰਿ ਸਫਲ ਹਾਥ ਅਪੁਨੇ ਕਰਿ ਤਾਂਹਿ।
ਪਠਹਿਂ ਪ੍ਰੇਮ ਤੇ ਹਰਖਹਿਂ ਉਰ ਮਹਿਂ ਪਲਕਹਿਂ ਝਲਕਹਿਂ ਜਲ ਦ੍ਰਿਗ ਮਾਂਹਿ।
ਹਰਖਹਿਂ ਜਨ ਅੰਮ੍ਰਿਤ ਕੋ ਬਰਖਹਿਂ ਤਰਕਹਿਂ ਬਿਸ਼ਯ ਗੁਨਨ ਅਵਗਾਹਿਂ।
ਸੋ ਨਰ ਪਰੇ ਪਾਰ ਨਹਿਂ ਜਨਮਹਿਂ ਸੁਨਹਿਂ ਏਕ ਮਨ ਥਿਰਤਾ ਪਾਹਿਂ ॥੪੮॥ [ਰਾ: ੩ ਅੰਸ ੪੯

ਇਹ ਵਾਕ ਉਨ੍ਹਾਂ ਦੀ ਆਪਣੀ ਬੀਤੀ ਦੇ ਸੂਚਕ ਹਨ।

ਦੂਰੋਂ ਦੂਰੋਂ ਪੁਸਤਕਾਂ ਲੈਕੇ ਲੋਕਾਂ ਦੇ ਆਉਣ, ਹਾਲਾਤ ਸੁਨਾਉਣ ਵਾਲਿਆਂ ਦਾ ਸੱਦੇ ਜਾਕੇ ਯਾ ਆਪੇ ਪਹੁੰਚਕੇ ਹਾਲਾਤ ਦੱਸਣ ਤੋਂ ਸਮਝ ਸਕੀਦਾ ਹੈ ਕਿ ਕੁਛ ਵਕਤ ਮੇਲ ਮੁਲਾਕਾਤ, ਉਤਰ ਪ੍ਰਸ਼ਨ ਵਿਚ ਤੇ ਸਨਮਾਨ ਵਿਚ ਬੀ ਲਗਦਾ ਹੋਊ। ਕੋਈ ਵਕਤ ਵਿਦਯਾਰਥੀਆਂ ਨੂੰ ਪੜ੍ਹਾਉਣ ਤੇ ਵਿਦਯਾ ਦਾਨ ਤੇ ਬੀ ਲਗਦਾ ਸੀ।

ਭਾਈ ਲਟਕਨ ਜੀ ਦੇ ਲਿਖਾਰੀ ਵੰਸ਼ਜ ਜਿਸ ਸਤਿਕਾਰ ਨਾਲ ਕਵੀ ਜੀ ਦਾ ਜ਼ਿਕਰ ਕਰਦੇ ਸਨ ਉਸਤੋਂ ਅਨੁਮਾਨ ਹੁੰਦਾ ਸੀ ਕਿ ਕਵੀ ਜੀ ਤੋਂ ਪਰਮਾਰਥਿਕ ਲਾਭ ਬੀ ਲੋਕਾ ਨੇ ਉਠਾਇਆ ਹੈ ਤੇ ਓਹ ਅਪਣੇ ਸਮੇਂ ਵਿਚ ਗੁਰਮੁਖ ਸੱਜਣ ਸਮਝੇ ਜਾਂਦੇ ਸਨ*। ਇੰਨੇ ਭਾਰੇ ਕੰਮਾਂ ਦੇ ਕਾਰਨ ਹੀ ਆਪਦਾ ਸਾਰਾ ਸਮਾਂ ਸਵੇਰ ਤੋਂ ਸ਼ਾਮਾਂ ਤਕ ਰੋਝੇ ਦਾ ਹੁੰਦਾ ਸੀ। ਫਿਰ ਚਰਚਾ ਵਾਦਾਂ ਦਾ ਸਮਾਂ ਬੀ ਇਸੇ ਵਕਤ ਵਿਚੋਂ ਹੀ ਕੱਢਦੇ ਹੁੰਦੇ ਸਨ। ਪੰਡਤ ਆਉਂਦੇ ਸਨ, ਸਾਰੀ ਨਗਰੀ ਵਿਚ ਚੋਟੀ ਦਾ ਵਿਦਵਾਨ ਇਕੋ ਸਿੱਖ ਸੀ। ਸਿੱਖ ਦਾ ਵਿਦਵਾਨ ਹੋਣਾਂ ਪੰਡਿਤਾਂ ਨੂੰ ਹੈਰਾਨ ਕਰਦਾ ਤੇ ਓਹ ਬਹਿਸਾਂ ਲਈ ਉਮਲਦੇ। ਮਹਾਰਾਜ ਚਰਚਾ ਵਿਚ ਬੜੀ ਦਿਲਚਸਪੀ ਲੈਂਦੇ ਸਨ। ਸੋ ਜਦੋਂ ਆਗਯਾ ਜਾਂਦੀ ਕਵੀ ਜੀ ਅਪਣੇ ਨਿਤ ਦੇ ਕੰਮਾਂ ਵਿਚੋਂ ਵਕਤ ਕੱਢਕੇ ਇਨ੍ਹਾਂ ਦਿਮਾਗ਼ੀ ਦੰਗਲਾਂ ਵਿਚ ਬੀ ਸ਼ਾਮਲ ਹੋ ਜਾਂਦੇ।

## ੧੫. ਚਰਚਾ।

ਇਕ ਚਰਚਾ ਦਾ ਹਾਲ ਅਸੀਂ ਪਿੱਛੇ ਪੰਨਾ ੧੨੩ ਤੇ ਦੱਸ ਆਏ ਹਾਂ। ਇਕ ਹੋਰ ਹੈ:- ਇਕ ਪੰਡਤ ਜੀ ਕਈ ਥਾਵੀਂ ਚਰਚਾ ਵਾਦ ਵਿੱਚ ਜਿੱਤਕੇ ਕੈਥਲ ਮਹਾਰਾਜ ਪਾਸ ਆਏ।ਆਪ ਨੇ ਕਵੀ ਜੀ ਨੂੰ ਕਿਹਾ ਕਿ ਇਨ੍ਹਾਂ ਨਾਲ ਆਪ ਨੇ ਚਰਚਾ ਕਰਨੀ ਹੋਵੇਗੀ। ਕਵੀ ਜੀ ਨੇ ਸਤਿ ਬਚਨ ਕਿਹਾ ਤੇ ਦਿਨ ਮੁਕਰਰ ਹੋ ਗਿਆ। ਉਸ ਤੋਂ ਪਹਿਲਾਂ ਕਵੀ ਜੀ ਪੰਡਤ ਜੀ ਨੂੰ ਜਾ ਮਿਲੇ ਤੇ ਵਾਰਤਾਲਾਪ ਦੇ ਮਗਰੋਂ ਕਹਿਣ ਲਗੇ ਕਿ 'ਤੁਸੀਂ ਮੇਰੇ ਨਾਲ ਚਰਚਾ ਕਰਨ ਤੋਂ ਪਹਿਲਾਂ ਟੁਰ ਜਾਓ ਤਾਂ ਚੰਗਾ ਰਹੇਗਾ ਤੇ ਤੁਸਾਡੇ ਸਨਮਾਨ ਲਈ ਇਕ ਦੁਸ਼ਾਲਾ ਤੇ ੨੫) ਰੁਪਏ ਮੇਰੀ ਵਲੋਂ ਹਾਜ਼ਰ ਹਨ'। ਪੰਡਤ ਨੇ 'ਆਖਿਆ ਬਹੁਤ ਅੱਛਾ' ਅਤੇ ਰੁਪਏ ਤੇ ਦੁਸ਼ਾਲਾ ਲੈ ਲਿਆ। ਪਰ ਪੰਡਤ ਨੇ ਬਚਨ ਨਾਂ ਪਾਲਿਆ, ਸਗੋਂ ਮਹਾਰਾਜ ਨੂੰ ਦੱਸ ਦਿੱਤਾ ਕਿ ਕਵੀ ਜੀ ਮੈਨੂੰ ੨੫) ਤੇ

*ਬਾਰਨੇ ਦੇ ਗਾਹਕ ਨੂੰ ਅੰਮ੍ਰਿਤ ਛਕਾਉਣਾ ਕਵੀ ਜੀ ਨੇ ਆਪ ਲਿਖਯਾ ਹੈ।

ਦੁਸ਼ਾਲਾ ਦੇਕੇ ਤੁਰ ਜਾਣ ਨੂੰ ਆਖ ਗਏ ਹਨ। ਮਹਾਰਾਜ ਜੀ ਨੇ ਕਵੀ ਜੀ ਨੂੰ ਏਕਾਂਤ ਬੁਲਾਕੇ ਪੁੱਛਿਆ ਕਿ 'ਕੀਹ ਏਹ ਬਾਤ ਠੀਕ ਹੈ?' ਕਵੀ ਜੀ ਨੇ ਕਿਹਾ ਕਿ 'ਪੰਡਤ ਨੇ ਆਪ ਨੂੰ ਸੱਚ ਦੱਸਿਆ ਹੈ ਕਿ ਮੈਂ ਉਸਨੂੰ ੨੫) ਤੇ ਦੁਸ਼ਾਲਾ ਦੇਕੇ ਟੁਰ ਜਾਣ ਨੂੰ ਕਿਹਾ ਹੈ'। ਮਹਾਰਾਜ ਨ ਜ਼ਰਾ ਕੁ ਉਦਾਸ ਹੋਕੇ ਪੁੱਛਿਆ: 'ਕਿਉਂ,ਡਰ ਗਏਹੋ?' ਕਵੀ ਜੀ ਮੁਸਕ੍ਰਾਏ ਤੇ ਕਹਿਣ ਲਗੇ 'ਪੰਡਤ ਨੇ ਗਲ ਪੁੱਠੀ ਸਮਝੀ ਹੈ। ਮੈਂ ਉਸ ਨਾਲ ਵਾਰਤਾਲਾਪ ਕਰਕੇ ਟੋਹ ਲਾ ਲਈ ਸੀ ਕਿ ਓਹ ਕਿਤਨੇ ਕੁ ਪਾਨੀ ਵਿਚ ਹੈ, ਓਹ ਐਸਾ ਧੁਰੰਧਰ ਵਿਦਾਨ ਨਹੀਂ ਕਿ ਮੇਰੇ ਨਾਲ ਬਹੁਤ ਚਿਰ ਅੜ ਸਕੇ। ਇਸ ਲਈ ਮੈਂ ਚਾਹਿਆ ਕਿ ਓਹ ਏਥੋਂ ਸ਼ਰਮਿੰਦਾ ਹੋਕੇ ਨਾਂ ਟੁਰੇ, ਅਪਣੀ ਪੱਤਿ ਅਬਰੋ ਜੋ ਉਸਦੀ ਬਣੀ ਹੋਈ ਹੈ, ਸਲਾਮਤ ਲੈ ਜਾਵੇ। ਉਸਨੇ ਜਾਤਾ ਹੈ ਕਿ ਮੈਂ ਡਰ ਗਿਆ ਹਾਂ, ਪਰ ਐਸਾ ਕਰਨ ਵਿਚ ਉਸਨੇ ਆਪਣੇ ਅਪਮਾਨ ਨੂੰ ਆਪ ਨਿਉਤਾ ਦਿੱਤਾ ਹੈ'। ਸੋ ਐਸਾ ਹੀ ਹੋਇਆ, ਚਰਚਾ ਵਾਲੇ ਦਿਨ ਪੰਡਿਤ ਨੇ ਕਈ ਪਹਿਲੂ ਲਏ ਤੇ ਕਈ ਪਾਸੇ ਪਰਤੇ, ਪਰ ਕਵੀ ਜੀ ਦੀ ਪ੍ਰਾਗੱਲਭ ਬੁਧੀ ਅਗੇ ਅਟਕ ਨਾਂ ਸਕਿਆ। ਹਰ ਪਹਿਲੂ ਵਿਚ ਹਾਰ ਖਾਕੇ ਸ਼ਰਮ ਉਠਾਈ। ਤਦੋਂ ਮਹਾਰਾਜ ਨੂੰ ਸਮਝ ਆਈ ਕਿ ਕਵੀ ਜੀ ਦਾ ਦਿਲ ਗੁਰਮੁਖ ਹੈ ਜੋ ਕਿਸੇ ਵਿਦ੍ਵਾਨ ਦਾ ਅਪਮਾਨ ਕਰਨੋ ਸੰਕੋਚ ਕਰਦਾ ਹੈ।

## ੧੬. ਗੁਰ ਪ੍ਰਤਾਪ ਸੂਰਜ ਗ੍ਰੰਥ।

ਹੁਣ ਅਸੀਂ ਕਵੀ ਜੀ ਦੇ ਸਭ ਤੋਂ ਆਖਰੀ, ਸਭ ਤੋਂ ਵਡੇ, ਸਭ ਤੋਂ ਵਧੀਕ ਲਾਭਦਾਇਕ ਕੰਮ ਦੇ ਆਰੰਭ ਹੋਣ ਦੇ ਸਮੇ ਤੇ ਅੱਪੜ ਪਏ ਹਾਂ। ੧੮੯੦ ਦੇ ਅਖੀਰ ਤਾਂ ਰਾਮਾਯਣ ਮੁੱਕੀ ਤੇ ਕਵੀ ਜੀ ਦੱਸਦੇ ਹਨ ਕਿ ਫਿਰ ਮੈਂ ਆਤਮ.ਪੁਰਾਣ ਦਾ ਟੀਕਾ ਕੀਤਾ*। ਪਤਾ ਨਹੀਂ ਇਸਨੂੰ ਕਿੰਨਾ ਕੁ ਚਿਰ ਲੱਗਾ। ਪਰ ਅਨੁਮਾਨ ਨਾਲ ਜੇ ਸਾਲਕੁ ਇਸ ਤੇ ਲੱਗਾ ਸਮਝ ਲਈਏ ਤੇ ਫੇਰ ਇਹੋ ਖਯਾਲ ਕਰੀਏ ਕਿ ਗੁ: ਪ੍ਰ: ਸੂਰਜ ਇਸ ਤੋਂ ਮਗਰੋਂ ਅਰੰਭ ਹੋਇਆ ਤਾਂ ਇਸਦਾ ਆਰੰਭ ਸੰਮਤ ੧੮੯੨ ਦੇ ਲਗ ਪਗ ਖਯਾਲ ਕਰ ਸਕਦੇ ਹਾਂ। ਕਵੀ ਜੀ ਆਤਮ ਪੁਰਾਣ ਦਾ ਜ਼ਿਕਰ ਕਰਕੇ ਐਉਂ ਲਿਖਦੇ ਹਨ: —

ਬਹੁਤ ਬਰਸ ਬੀਤੇ ਜਬਿ ਲਹੇ। ਗੁਰ ਜਸ ਰਚਨ ਚਾਹਿਤੇ ਰਹੇ।
ਉਰ ਅਭਿਲਾਖਾ ਨਿਤ ਕੀ ਮੇਰੀ। ਸਤਿਗੁਰ ਕ੍ਰਿਪਾ ਦ੍ਰਿਸ਼ਟਿ ਕਰਿ ਹੇਰੀ॥ ੧੪ ॥
ਭਯੋ ਅਚਾਨਕ ਸੰਚਯ ਆਈ। ਸਰਬ ਗੁਰਨਿ ਕੋ ਜਸ ਸਮੁਦਾਈ।
ਚਾਹਿਤ ਭਏ ਆਪ ਗੁਰ ਜਬਿਹੂੰ। ਭਾ ਸੰਚਯ ਦਸ ਗੁਰ ਜਸ ਸਭਿਹੂੰ॥ ੧੫ ॥
ਹੇਰਿ ਉਮੰਗ ਮੋਹਿ ਮਨ ਆਈ। ਕਰਨ ਲਗ੍ਯੋ ਇਹ ਗ੍ਰੰਥ ਸੁਹਾਈ।

---

*ਰਾਮਾਯਣ ਦੇ ਟੀਕੇ ਦਾ ਹਾਲ ਕਹਿਕੇ ਆਪ ਕਹਿੰਦੇ ਹਨ:—

ਪੁਨ ਬਿਦਾਂਤ ਕੋ ਗ੍ਰੰਥ ਮਹਾਨ। ਉਪਨਿਸ਼ਦਨ ਕੇ ਜਹਿਂ ਬਖਯਾਨ।
ਆਤਮ ਕੋ ਪੁਰਾਣ ਜਿਸ ਨਾਮ। ਸਕਲ ਬਨਾਯੋ ਸੋ ਅਭਿਰਾਮ॥ ੧੩ ॥

ਰਾਮ ਕੁਇਰ ਕੇ ਮੁਖ ਤੇ ਕਥਾ। ਬਰਨੋ ਸਭਿ ਮੈਂ ਹੋਈ ਜਥਾ॥ ੧੬॥
[ਰਾਸ ੧ ਅੰਸੂ ੫

ਇਸ ਛੰਦ ਵਿਚ ਬਹੁਤ ਵਰਖ ਦਾ ਇਸ਼ਾਰਾ ੧੮੮੦ ਵਲ ਹੈ, ਜਦੋਂ ਸ਼੍ਰੀ ਗੁਰ ਨਾਨਕ ਪ੍ਰਕਾਸ਼ ਮੁੱਕਾ ਹੈ। ਉਸਤੋਂ ਮਗਰੋਂ ਕਵੀ ਜੀ ਗੁਰੂ ਜਸ ਲਿਖਣ ਦੀ ਇੱਛਾ ਵਿਚ ਰਹੇ ਹਨ। ਹੁਣ ਇਤਿਹਾਸਿਕ ਮਸਾਲਾ ਅਕਸਮਾਤ ਕੱਠਾ ਹੋ ਗਿਆ ਹੈ ਜੋ ਸਤਿਗੁਰ ਜੀ ਦੀ ਪ੍ਰੇਰਨਾ ਨਾਲ ਕੱਠਾ ਹੋਇਆ ਸਮਝ ਕੇ ਤੇ ਅਪਣੀ ਅਭਿਲਾਖਾ ਤੇ ਮਿਹਰ ਹੋਈ ਸਮਝ ਕੇ ਕਵੀ ਜੀ ਨੂੰ ਅਪਣੀ ਨਿਤ ਦੀ ਚਾਹੀ ਪਰ ਨਾਂ ਸਿਰੇ ਚੜ੍ਹੀ ਅਭਿਲਾਖਾ ਪੂਰਨ ਕਰਨੇ ਦੀ ਉਮੰਗ ਆ ਗਈ। ਸੋ ਜੇ ਤਾਂ ਕੋਈ ਸਾਮਾਨ ਜੋ ਪਹਿਲੇ ਦੇ ਲਿਖੇ ਹੋਏ ਗੁਰ ਪ੍ਰਤਾਪ ਸੂਰਜ ਵਿਚ ਰਖੇ ਹਨ ਖ਼ਿਆਲ ਕਰੀਏ ਤਾਂ ਇਹ ਗ੍ਰੰਥ ਕੁਛ ਪਹਿਲੋਂ ਦਾ, ਨਹੀਂ ਤਾਂ ਉਪਰਲੇ ਖ਼ਿਆਲ ਦੀ ਲੜੀ ਵਿਚ ਟੁਰੀਏ ਤਾਂ ੧੮੯੨ ਦੇ ਲਗਪਗ ਗੁਰ ਪ੍ਰਤਾਪ ਸੂਰਜ ਸਿਲਸਿਲੇ ਵਾਰ ਲਿਖਣਾ ਜਾਣਾ ਆਰੰਭ ਹੋਇਆ ਮੰਨ ਲੈਣਾ ਦਰੁਸਤੀ ਤੋਂ ਦੂਰ ਨਹੀਂ ਹੋਵੇਗਾ।

ਜੋ ਸੰਚਯ ਇਸ ਵੇਲੇ ਅਚਾਨਕ ਕੱਠਾ ਹੋ ਗਿਆ ਹੈ, ਉਸਦਾ ਵੇਰਵਾ ਕਵੀ ਜੀ ਨੇ ਨਹੀਂ ਦਿੱਤਾ, ਪਰ ਜੋ ਕੁਛ ਆਪ ਪਾਸ ਸੀ ਯਾ ਜਮਾ ਹੋ ਗਿਆ ਉਸਦੇ ਵੇਰਵੇ ਲਈ ਦੇਖੋ ਇਸੇ ਪੋਥੀ ਵਿਚ ਸਿਰਨਾਵਾਂ 'ਗੁ: ਪ੍ਰਤਾਪ ਸੂਰਜ ਦੇ ਸੋਮੇ'। ਭਾਈ ਉਦਯ ਸਿੰਘ ਮਹਾਰਾਜ ਨੇ ਇਸ ਕੰਮ ਵਿਚ ਪੂਰੀ ਸਹਾਇਤਾ ਕੀਤੀ। ਅਚਰਜ ਨਹੀਂ ਕਿ ਜੋ ਸੰਚਯ ਅਚਾਨਕ ਹੋਇਆ ਹੈ ਉਹ ਮਹਾਰਾਜ ਦੇ ਵਿਦਯਾ ਪ੍ਰੇਮੀ ਹੋਣ ਕਰਕੇ ਸਾਮਾਨ ਓਥੇ ਆ ਗਏ, ਪਰ ਅੱਗੋਂ ਦੀ ਗਲ ਇਹ ਹੈ ਕਿ ਮਹਾਰਾਜ ਨੇ ਇਹ ਗੱਲ ਦੇਸ਼ ਵਿਚ ਫੈਲਾ ਦਿੱਤੀ ਕਿ ਇਤਿਹਾਸਿਕ ਸਾਮਾਨ ਲੈਕੇ ਲੋਕੀਂ ਆਉਣ। ਫਿਰ ਜਿਵੇਂ ਕਿਵੇਂ ਹੋ ਸਕਿਆ ਤੇ ਜਿੱਥੇ ਜਿੱਥੇ ਮਸਾਲੇ ਸੁਣੇ ਉਥੋਂ ਉਥੋਂ ਮੰਗਵਾਏ। ਜੋ ਪੋਥੀਆਂ ਭੇਟਾ ਤੇ ਮਿਲ ਸਕੀਆਂ ਸੋ ਭੇਟਾ ਦੇਕੇ ਲੀਤੀਆਂ ਗਈਆਂ, ਜਿਨ੍ਹਾਂ ਦੇ ਮਾਲਕਾਂ ਨੇ ਪੋਥੀਆਂ ਨਾ ਦਿੱਤੀਆਂ ਪਰ ਉਤਾਰੇ ਕਰ ਲੈਣ ਦੀ ਆਗਯਾ ਦਿੱਤੀ, ਉਨ੍ਹਾਂ ਦੇ ਉਤਾਰੇ ਕਰਾਏ ਗਏ ਤੇ ਅਸਲ ਪੋਥੀਆਂ ਪੂਜਾ ਭੇਟਾ ਦੇ ਕੇ ਮੋੜੀਆਂ ਗਈਆਂ ਤੇ ਜਿਨ੍ਹਾਂ ਨੇ ਦੁਇ ਗੱਲਾਂ ਨਾ ਮੰਨੀਆਂ, ਉਨ੍ਹਾਂ ਦੇ ਮਾਲਿਕ ਪੋਥੀਆਂ ਲੈਕੇ ਕੈਥਲ ਆ ਗਏ; ਭਾਈ ਸਾਹਿਬ ਨੇ ਓਹ ਪੜ੍ਹ ਲਈਆਂ ਤੇ ਟੂਕਾਂ ਲੈ ਲਈਆਂ। ਪੋਥੀਆਂ ਵਾਲੇ ਦਾਨ ਸਨਮਾਨ ਨਾਲ ਵਿਦਾ ਕੀਤੇ ਗਏ।

ਅਪਣੇ ਗ੍ਰੰਥ ਰਚਨ ਵਿਚ ਕਵੀ ਜੀ ਨੇ ਜੀਕੂੰ ਸ਼੍ਰੀ ਗੁਰੂ ਨਾ: ਪ੍ਰ: ਦੀ ਉਥਾਨਕਾ ਬਾਲੇ ਵਾਲੀ ਸਾਖੀ ਤੋਂ ਲੈਕੇ ਰੱਖੀ ਸੀ ਕਿ ਬਾਲਾ ਸੰਧੂ ਜੀ ਕਥਾ ਕਰ ਰਹੇ ਹਨ, ਇਸੀ ਤਰ੍ਹਾਂ ਏਥੇ ਭਾਈ ਰਾਮ ਕੁਇਰ* ਜੀ ਦੀ ਉਥਾਨਕਾ ਬੱਧੀ ਨੇ ਕਿ ਉਹ ਕਥਾ ਕਰ ਰਹੇ ਹਨ ਤੇ ਗੁਰੂ ਕੇ ਸਿੰਘ ਸੁਣ ਰਹੇ ਹਨ। ਗ਼ਾਲਬਨ ਇਹ ਉਥਾਨਕਾ ਉਨ੍ਹਾਂ ਨੂੰ ਚਕ ਰਾਮਦਾਸ ਤੋਂ

*ਜੀਵਨ ਚਰਿਤ੍ਰ 'ਬਾਬਾ ਬੁੱਢਾ' ਵਿਚ ਲਿਖਿਆ ਹੈ:—

'ਆਖਦੇ ਹਨ ਕਿ ਆਪ ਨੇ ਦਸਾਂ ਸਤਿਗੁਰਾਂ ਦਾ ਜੀਵਨ ਲਿਖਿਆ ਸੀ, ਇਹ ਸੰਚੀਆਂ ਭਾਈ ਸੰਤੋਖ ਸਿੰਘ ਜੀ ਨੇ ਵਾਚਕੇ ਗੁਰ ਪ੍ਰਤਾਪ ਸੂਰਜ ਲਿਖਿਆ ਸੀ। ਇਹ ਸੰਚੀਆਂ ਗੁੰਮ ਹੋ ਗਈਆਂ।'

ਆਈਆਂ ਸੈਂਚੀਆਂ ਤੋਂ ਫੁਰੀ ਹੈ*। ਜੇ ਉਥੋਂ ਸਾਰੀਆਂ ਸਾਖੀਆਂ ਦੀ ਪੋਥੀ ਆਈ ਹੈ, ਤਾਂ ਉਸ ਵਿਚ ਤਾਂ ਦਸਾਂ ਹੀ ਗੁਰੂ ਸਾਹਿਬਾਂ ਦੀਆਂ ਪੰਜ ਸੌ ਸਾਖੀਆਂ ਦੱਸੀ ਦੀਆਂ ਹੈਨ†।

ਜਦੋਂ ਕਵੀ ਜੀ ਦੇ ਇਸ ਗ੍ਰੰਥ ਦੇ ਲਿਖਣ ਦੀ ਵਿਉਂਤ ਦੀ ਭਾਲ ਕਰੀਦੀ ਹੈ ਤਾਂ ਪਤਾ ਲਗਦਾ ਹੈ ਕਿ ਕਵੀ ਜੀ ਨੇ ਸਾਰੇ ਸਾਮਾਨਾਂ ਨੂੰ ਪੜ੍ਹਕੇ ਆਪਣੀ ਵਿਉਂਤ ਬੰਨ੍ਹ ਲਈ ਸੀ। ਅੰਮ੍ਰਿਤ ਵੇਲੇ ਆਪਣੇ ਭਜਨ ਨਿਤਨੇਮ ਤੋਂ ਵਿਹਲੇ ਹੋਕੇ ਪੁਸਤਕਾਂ ਦਾ ਮੁਤਾਲਆ ਕਰਦੇ ਤੇ ਇਹ ਸੁਹਣਾ ਸਮਾਂ ਉਨ੍ਹਾਂ ਦਾ ਉਸ ਦਿਨ ਦੇ ਰਚੇ ਜਾਣ ਵਾਲੇ ਮਜ਼ਮੂਨ ਨੂੰ ਵਿਚਾਰਨ, ਤਰਤੀਬ ਦੇਣ ਵਿਚ ਤੇ ਬਹੁਤਾ ਰਚਨਾ ਰਚ ਲੈਣ ਵਿਚ ਲਗਦਾ ਸੀ। ਦੂਸਰੇ ਪਹਿਰ ਸੌਚ ਸ਼ਨਾਨ ਤੋਂ ਵਿਹਲੇ ਹੋਕੇ ਆਪ ਆਪਣੀ ਰਚਨਾ ਉਚਾਰਦੇ ਸਨ ਤੇ ਲਗ ਪਗ ਚਾਰ ਲਿਖਾਰੀ ਲਿਖਦੇ ਜਾਂਦੇ ਸਨ। ਇਹ ਬੀ ਸੁਣੀਂਦਾ ਹੈ ਕਿ ਲਿਖਾਰੀਆਂ ਨੂੰ ਲਿਖਾਉਣ ਵੇਲੇ ਛੋਟੀ ਜੇਹੀ ਚਪਤੀ ਆਪ ਦੇ ਹੱਥ ਹੁੰਦੀ ਸੀ, ਦੂਸਰੇ ਹੱਥ ਉਤੇ ਇਹ ਸਹਿਜੇ ਸਹਿਜੇ ਐਉਂ ਵਜਦੀ ਸੀ ਜਿਵੇਂ ਕਿ ਜੋੜੀ ਦੀ ਗਤ ਹੁੰਦੀ ਹੈ, ਪਰ ਤਾਰ ਉਹ ਵਜਦਾ ਸੀ ਜੋ ਛੰਦ ਦੀ ਚਾਲ ਨਾਲ ਪੂਰਾ ਢੁਕਦਾ ਸੀ। ਲਿਖਾਉਣ ਵੇਲੇ ਅਕਸਰ ਟਹਿਲਦੇ ਰਹਿੰਦੇ ਸਨ, ਤੇ ਰਚਨਾ ਉਚਾਰੀ ਜਾਂਦੇ ਸਨ। ਇਹ ਗਲ ਬੀ ਦੱਸੀ ਜਾਂਦੀ ਹੈ ਕਿ ਗੁਰ ਪ੍ਰਤਾਪ ਸੂਰਜ ਦੀ ਰਚਨਾ ਰਚਣ ਵੇਲੇ ਸਰਦਾਈ ਦਾ ਇਕ ਗਲਾਸ ਜਿਸ ਵਿਚ ਸੁੱਖਾ ਆਦਿਕ ਅਮਲ ਹੁੰਦੇ ਸਨ, ਪਿਆ ਰਹਿੰਦਾ ਸੀ ਤੇ ਕਿਸੇ ਕਿਸੇ ਵੇਲੇ ਕੰਮ ਕਰਕੇ ਘੁੱਟ ਘੁੱਟ ਕਰਕੇ ਪੀਂਦੇ ਸਨ, ਇਸਨੂੰ 'ਨਵਰਤਨਾ' ਆਖਦੇ ਸਨ, ਪਰ ਇਸ ਗਲ ਦਾ ਪੱਕਾ ਸਬੂਤ ਨਹੀਂ ਮਿਲਦਾ। ਸੁੱਖੇ ਦੀ ਮਹਿਮਾਂ ਉਨ੍ਹਾਂ ਦੀ ਰਚਨਾ ਵਿਚ ਹੋਣ ਕਰਕੇ ਤੇ ਉਸ ਸਮੇਂ ਆਮ ਰਿਵਾਜ ਸੁੱਖੇ ਦਾ ਪੈ ਜਾਣ ਕਰਕੇ ਉਨ੍ਹਾਂ ਦੇ ਇਸ ਅਮਲ ਨੂੰ ਵਰਤਣ ਦਾ ਖਿਆਲ ਲੋਕਾਂ ਵਿਚ ਮਸ਼ਹੂਰ ਹੋ ਗਿਆ ਹੋਵੇ ਤਾਂ ਅਸਚਰਜ ਨਹੀਂ। ਉਂਵ ਕਈ ਵੇਰ ਗੁਣੀ ਜਨਾਂ ਨੂੰ ਅਮਲ ਦੇ ਆਸਰੇ ਅਪਣੀ ਤਬੀਅਤ ਦੀ ਆਮਦਨ ਵਿਚ ਸਹਾਇਤਾ ਮਿਲੀ ਉਨ੍ਹਾਂ ਦੇ ਜੀਵਨਾਂ ਵਿਚ ਵਰਣਨ ਹੋਈ ਹੈ।

---

*ਇਹ ਬੀ ਸੁਣਿਆ ਸੀ ਕਿ ਮਹਾਰਾਜਾ ਉਦਯ ਸਿੰਘ ਜੀ ਨੇ ਇਹ ਸੰਚੀਆਂ ਮਹਾਰਾਜਾ ਪਟਿਆਲਾ ਦੀ ਮਾਰਫਤ ਬਾਬੇ ਬੁੱਢੇ ਦੇ ਡੇਰਿਓਂ ਬੀਬੀ ਪਰਧਾਨ ਤੋਂ ਮੰਗਵਾਈਆਂ ਸਨ। ਪਰ ਇਹ ਸਾਖੀ ਠੀਕ ਨਹੀਂ ਹੈ। ਪਤਾ ਰਹੇ ਕਿ ਸ਼ਾਹਿਬ ਰਾਮ ਕੌਰ ਦਾ ਟਿਕਾਣਾ ਕਈ ਗਿਰਾਵਾਂ ਆਦਿਕਾਂ ਦੀ ਮਾਲਕੀ ਸਮੇਤ ਇਕ ਰਾਜ ਘਰ ਬਣ ਗਿਆ ਸੀ। ਉਨ੍ਹਾਂ ਦੇ ਪੁਤ੍ਰ ਮੋਹਰ ਸਿੰਘ ਨਾਲ ਬਾਬਾ ਆਲਾ ਸਿੰਘ ਦੀ ਸਪੁੱਤ੍ਰੀ ਬੀਬੀ ਪਰਧਾਨ ਦਾ ਵਿਆਹ ਹੋਇਆ ਸੀ, ਪਰ ਇਸ ਸਮੇਂ ਜਦ ਗੁ: ਪ੍ਰ: ਸੂਰਜ ਲਿਖਿਆ ਗਿਆ ਸੀ, ਸਾਹਿਬ ਰਾਮ ਕੌਰ ਜੀ ਦੀ ਵੰਸ਼ ਦੇ ਗੱਦੀ ਨਸ਼ੀਨ ਮੁਕ ਚੁਕੇ ਸਨ ਤੇ ਮਹੰਤੀ ਪਰ ਚਰਨ ਦਾਸ ਨਾਮੇ ਸਾਧੂ ਸੀ। ਇਸ ਸਾਧੂ ਤੋਂ ਸੈਚੀਆਂ ਪ੍ਰਾਪਤ ਹੋਈਆਂ। ਕਿਉਂਕਿ ਕਵੀ ਜੀ ਦਾ ਸਮਾ ਇਸ ਮਹੰਤ ਜੀ ਦੇ ਸਮੇਂ ਨਾਲ ਟਾਕਰਾ ਖਾਂਦਾ ਹੈ।

†ਪੰਜ ਸੌ ਸਾਖੀ ਦੀ ਪੋਥੀ ਦੇਖਣ ਵਿਚ ਨਹੀਂ ਆਈ। ਭਾਈ ਕਰਮ ਸਿੰਘ ਜੀ ਦੱਸਦੇ ਸਨ ਕਿ ਮੈਂ ਵੀ ਨਹੀਂ ਵੇਖੀ। ਪਰ ਤਵਾ: ਖਾਲਸਾ ਦਾ ਕਰਤਾ ਦੇਖੀ ਦਾ ਪਤਾ ਦੇਂਦਾ ਹੈ ਤੇ ਨਿਰਮਲ ਪੰਥ ਪ੍ਰਦੀਪਕਾ ਦੇ ਸਫੇ ੪੨ ਉਤੇ ਸ਼ਿਵਰਾਮ ਖੱਤ੍ਰੀ ਆਗਰੇ ਵਾਲੇ ਦੇ ਘਰ ਇਸ ਦਾ ਕੁਛ ਹਿੱਸਾ ਦੇਖਣ ਦਾ ਤੇ ਕੁਛ ਨੈਣੇ ਦੇ ਕੋਟ ਮਹੰਤ ਪਾਸ ਹੋਣ ਦਾ ਥਹੁ ਦੇਂਦਾ ਹੈ। ਸੌ ਸਾਖੀ ੯੩ ਵਿਚ ਪੰਜ ਟਿਕਾਣੇ ਸੌ ਸੌ ਸਾਖੀ ਦੇ ਲਿਖੇ ਹਨ।

ਦੱਸੀਦਾ ਹੈ ਕਿ ਚਾਰ ਲਿਖਾਰੀ*, ਜਦ ਗੁਰ ਪ੍ਰਤਾਪ ਸੂਰਜ ਲਿਖਣ ਬੈਠਦੇ ਸਨ ਤਾਂ ਕਵੀ ਜੀ ਰਚਨਾ ਬੋਲੀ ਜਾਂਦੇ ਸਨ ਤੇ ਓਹ ਲਿਖੀ ਜਾਂਦੇ ਸਨ ਪਰ ਵੀਚਾਰ ਕਰਨ ਤੇ ਸਮਝ ਸਕੀਦਾ ਹੈ ਕਿ ਇਸ ਪ੍ਰਕਾਰ ਦੀ ਰਚਨਾ ਜਿਸ ਵਿਚ ਦੂਜੇ ਗ੍ਰੰਥਾਂ ਦਾ ਮੁਤਾਲਜਾ, ਪੂਰਬ ਅਪਰ ਮੇਲਣੇ ਤੇ ਕਈ ਵੇਰ ਗੇਣਤੀਆਂ ਦੇਣ ਦੀ ਲੋੜ ਪਵੇ ਐਵੇਂ ਉਚਾਰੀ ਜਾਣੀ ਨਹੀਂ ਹੋ ਸਕਦੀ। ਇਸ ਦਾ ਇਹ ਭਾਵ ਨਹੀਂ ਕਿ ਕਵੀ ਜੀ ਕਾਵਜ ਦੇ ਅਲੰਕਾਰ, ਰਸ, ਕਟਾਖਜ ਆਦਿ ਵਾਲੀ ਕਵਿਤਾ ਫਿਲਬਦੀਯ (ਸਦਜਃ ਕ੍ਰਿਤ=ਤਤ ਛਿਨ ਰਚੀ ਜਾਣ ਵਾਲੀ ਕਵਿਤਾ) ਉਚਾਰਨ ਨਹੀਂ ਸੀ ਕਰ ਸਕਦੇ, ਪ੍ਰੰਤੂ ਜਦੋਂ ਦੂਜੀਆਂ ਪੁਸਤਕਾਂ ਦੇ ਸਾਮਾਨ ਕਵੀ ਜੀ ਨੇ ਅਪਣੀ ਰਚਨਾ ਵਿਚ ਪਾਉਣੇ ਹਨ ਤੇ ਹੋ ਚੁਕੇ ਤਵਾਰੀਖੀ ਵਾਕਯਾਤ ਦੇ ਕ੍ਰਮ ਨੂੰ ਵੀਚਾਰਨਾ ਤੇ ਸੋਧਕੇ ਲਿਖਣਾ ਹੈ ਤਾਂ ਓਹ ਨਿਰੇ ਕੰਠੋਂ ਕੀਕੂੰ ਉਚਾਰੇ ਜਾ ਸਕਦੇ ਹਨ। ਫਿਰ ਜਿੱਥੇ ਗੇਣਤੀ ਦੇਣੀ ਹੈ ਅਰ ਓਹ ਗੇਣਤੀ ਦੂਸਰੇ ਥਾਓਂ ਲੈਣੀ ਹੈ ਤਦ ਬੀ ਪਹਿਲਾਂ ਲਿਖ ਲੈਣਾ ਜ਼ਰੂਰੀ ਹੈ, ਮਸਲਨ ਸੌ ਸਾਖੀ ਦੀਆਂ ਅਰਦਾਸਾਂ ਟੂਰੀਆਂ, ਜਦ ਦੁਹਾਂ ਦਾ ਮੁਕਾਬਲਾ ਕਰੇ ਤਾਂ ਕਈ ਥਾਂ ਉਹੋ ਪਦ ਤੇ ਫਿਕਰੇ ਮਿਲਣਗੇ। ਕੰਠੋਂ ਲਿਖਵਾਣਾ ਤਾਂ ਹੋ ਸਕਦਾ ਹੈ ਜੇ ਸਾਰਾ ਕੁਛ ਕੰਠਾਗਰ ਹੋਵੇ। ਜੇ ਕਵੀ ਜੀ ਨੇ ਅੱਜ ਅਰਦਾਸਾਂ ਲਿਖਾਉਣੀਆਂ ਹਨ ਤਾਂ ਕੀ ਓਹ ਪਹਿਲਾਂ ਸੌ ਸਾਖੀ ਤੋਂ ਯਾਦ ਕਰਨਗੇ ਤੇ ਫਿਰ ਲਿਖਾਉਣਗੇ ? ਇਉਂ ਯਾਦ ਕਰਨਾ ਵਕਤ ਤੇ ਦਿਮਾਗ ਨੂੰ ਬ੍ਰਿਥਾ ਜ਼ਾਯਾ ਕਰਨਾ ਹੈ। ਅਸਲੀ 'ਕਰਤ੍ਰੀ ਸ਼ਕਤੀ' ਦੇ ਕੋਮਲ ਉਨਰੀਏ ਐਸਾ ਨਹੀਂ ਕਰਿਆ ਕਰਦੇ ਕਿ ਤੋਤੇ ਵਾਂਙੂ ਯਾਦ ਕਰਨ ਉਤੇ ਵਕਤ ਜ਼ਾਯਾ ਕਰਨ ਤੇ ਨਾਂ ਉਨ੍ਹਾਂ ਦੇ ਦਿਮਾਗ ਦੀ ਬਣਤਰ ਹੀ ਇਸ ਤਰ੍ਹਾਂ ਦੀ ਹੁੰਦੀ ਹੈ। ਇਸ ਤੋਂ ਲਗ ਪਗ ਨਿਰਸੰਸੇ ਸਿੱਟਾ ਨਿਕਲਦਾ ਹੈ ਕਿ ਸੌ ਸਾਖੀ ਦੀ ਪੋਥੀ ਸਾਹਮਣੇ ਪਈ ਹੈ ਤੇ ਕਵੀ ਜੀ ਚਾਹੋ ਉਸ ਵੇਲੇ ਤੇ ਚਾਹੋ ਉਸ ਤੋਂ ਪਹਿਲੋਂ ਲਿਖ ਚੁਕੇ ਹਨ ਤੇ ਹੁਣ ਲਿਖਾ ਰਹੇ ਹਨ। ਇਸੀ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਕਈ ਜਗਾ ਹੂਬਹੂ ਮਹਿਮਾਂ ਪ੍ਰਕਾਸ਼ ਦੇ ਛੰਦ ਲਿਖੇ ਹਨ। ਏਹ ਗ੍ਰੰਥ ਸਾਹਮਣੇ ਰਖ ਕੇ ਹੀ ਹੋ ਸਕਦਾ ਹੈ। ਸੋ ਅਨੁਮਾਨ ਦੱਸਦਾ ਹੈ ਕਿ ਸਵੇਰੇ ਆਪਣੇ ਨਿਤ ਨੇਮ ਆਦਿ ਤੋਂ ਵਿਹਲੇ ਹੋ ਕਵੀ ਜੀ ਮੁਤਾਲਜਾ ਕਰਦੇ ਤੇ ਉਸ ਵੇਲੇ ਰਚਨਾ ਰਚ ਲੈਂਦੇ ਸਨ। ਇਹ ਹੋ ਸਕਦਾ ਹੈ ਕਿ ਅਪਣੀ ਯਾਦ ਦੀ ਸਹਾਯਤਾ ਲਈ ਟੂਕਾਂ ਲਿਖ ਲੈਂਦੇ ਹੋਣ, ਪਰ ਰਚਨਾ ਰਚੀ ਹੋਈ ਹੁੰਦੀ ਜ਼ਰੂਰ ਹੋਊ ਜਦੋਂ ਕਿ ਆਪ ਬੋਲਦੇ ਤੇ ਲਿਖਾਰੀ ਲਿਖਦੇ ਸਨ। ਅਸੀਂ ਇਥੋਂ ਤਾਈਂ ਇਹ ਗਲ ਲਿਖ ਚੁਕੇ ਸਾਂ ਕਿ ਦੈਵਯੋਗ ਨਾਲ ਸਾਨੂੰ ਕਵੀ ਜੀ ਦੇ ਨਿਜ ਹੱਥਾਂ ਦਾ ਲਿਖਿਆ ਇਕ ਉਤੋਂ ਫਟਿਆ ਤੇ ਜੀਰਣ ਜਿਹਾ ਪਤਰਾ† ਮਿਲਿਆ ਜਿਸ ਪਰ ਆਪ ਨੇ ਰਾਮਰਾਇ ਜੀ ਦੀਆਂ ਕਰਾਮਾਤਾਂ ਪਹਿਲਾਂ ਇਕ ਇਕ ਕਰਕੇ ਕ੍ਰਮਵਾਰ ੪੦ ਤਕ

---

*ਚਹੁਵਾਂ ਲਿਖਾਰੀਆਂ ਵਿਚੋਂ ਇਕ ਦਾ ਨਾਮ ਜੀਵਨ ਸਿੰਘ ਸੁਣਿਆ ਹੈ, ਇਹ ਕਵੀ ਬੀ ਦੱਸੀਦਾ ਹੈ।

†ਪੱਤਰਾ ਫਟਿਆ ਤੇ ਜੀਰਣ ਹੈ ਕਿਸੇ ਹੋਰ ਕਾਗਤ ਪਰ ਚਸਪਾਨ ਹੈ, ਇਸ ਕਰਕੇ ਸਾਰੀਆਂ ਕਰਾਮਾਤਾਂ ਜੋ ਤ੍ਰੈ ਛੰਦਾਂ ਵਿਚ ਹੈਨ, ਇਸ ਪਰ ਨਹੀਂ ਹਨ; ਓਹ ਅਗਲਾ ਪੱਤ੍ਰਾ ਨਹੀਂ ਮਿਲਿਆ। ਜਿਸ ਪੱਤਰੇ ਪਰ ਪੌਣੇ ਦੋ ਛੰਦ ਆਏ ਹਨ ਜੋ ਅਗੇ ਦਿੱਤੇ ਹਨ, ਟਾਕਰਾ ਕਰਨ ਲਈ ਅਸਾਂ ਉਹ ਦੋਵੇਂ ਛੰਦ ਗੁ: ਪ੍ਰ: ਸੂਰਜ ਵਿਚੋਂ ਬੀ ਅਗੇ ਦੇ ਦਿਤੇ ਹਨ।

ਲਿਖੀਆਂ ਹਨ ਤੇ ਫੇਰ ਛੰਦਾਂ ਵਿਚ ਰਚਕੇ ਨਾਲ ਹੀ ਉਹ ਛੰਦ ਗੇਣਤੀ ਦੇ ਲਿਖੇ ਹਨ। ਇਹ ਛੰਦ ਉਹੋ ਹੈਨ ਜੋ ਗੁ:ਪ੍ਰ: ਸੂਰਜ ਗ੍ਰੰਥ ਵਿਚ ਰਾਸ੯.ਅੰਸੂ ੧੭ ਅੰਕ੩੯.੪੦ ਪਰ ਆਏ ਹਨ।ਯਥਾ:-

† . . . . ੪
. . ਮੁਖੀ ੫
ਸਸਿ ਦੂ ੬
. . . ਖਾਨਾ ੭
ਅਖੇਰ ਮੈਂ ਸ਼ੇਰ ੮
ਬਾਜ਼ . . ੯
ਕਲਪਤਰੁ ੧੦
ਸਮਸਕਾਲੀ ੧੧
ਜਮਨਾ ਪ੍ਰ ਫਿਰ ੧੨
ਓਰੈ ਹਟਾਏ ੧੩
. . . ਹਾਥੀ ੧੪
ਉਲਮਾਉ ਦੀ ਜੁਬਾਂ ੧੫
ਦਿਨ ਤਾਰੇ ੧੬
ਮੁਹਰ ਜੀਤੀ ੧੭

ਉਜਬਕ ੨੧
ਅਲਾਵਦ ੨੨
ਸੁਪਨੋ ੨੩
ਤਰੀ ਜਗੀ ੨੪
ਲੋਕਾਂ . . .
ਗੋ ਜਿਵਾਵਨ .
ਤਸਬੀਬਤਾ ੨੭
ਮੋਤੀ ਦੀ ੨੮
ਖਾਯਾ ਵਤਾਯ ੨੯
ਖਟ ਰੁਤ ਫਲ ੩੦
ਆਗ ਪ੍ਰ ਬਾ ੩੧
ਸਮਾਧ ਦਿ ੩੨
ਦਰਆਈ ੩੩
ਗ੍ਰੀਖਮ ਕੀ ੩੪

ਪੱਤਰੇ ਨਿਕਾਸ ੩੭
ਸੰਦੇ ਖੁਲ ੩੮
ਮਾਸ ਸ੍ਰਾਬ ਦੁਧਕਰਾ ੩੯
ਬਿਨ ਮਨੁਖ ਪਾਲਕੀ ਮੈਂ ਆਯਾ ੪੦

. . . . . . . . ਪਰਿ ਜਾਇ ਫਲ ਮਕੇ ਤੇ ਮੰਗਾਇ ਹਿ . . . . ਬੇਗਮ ਬਤਾਈ ਹੈ । ਚੰਦ ਮੁਖੀ ਆਨ ਚੰਦ ਦੂਜੇ ਅਸਮਾਨ ਭਯੋ ਤੋਸੇ ਖਾਨੇ ਥਾਨ ਪੁਨ ਗਿਨਤੀ ਸੁਨਾਈ ਹੈ ॥ ਕੇਹਰੀ ਅਖੇਰ ਕੋ ਜਨਮ ਬਾਜ ਪੂਰਬ ਕੋ ਫਲ ਦੇਵ ਰੁਖ ਕੇ ਚਿਕ ਰ ਸਜਾਮ ਤਾਈ ਹੈ ॥ ਜਮਨਾਪੇ ਫਿਰੇ ਓਰਹਰੇ ਮਤ ਕਰੀ ਚਰੇ ਜੀਹ ਠਾਕ ਤਾਰੇ ਦਿਨ ਜੀਤ ਧਨ ਪਾਈ ਹੈ ॥ ਮਰੀ ਕੋ ਹਟਾਇ ਛਾਉਛਾਈ ਪੈ ਪ੍ਰਸੂਤ ਸਿਸ ਉਜਬਕ ਢਾਹਿ ਅਲਾਵਦੀ ਮ੍ਰਿਤੁ ਕਹੀ ਹੈ । ਸੁਪਨੋ ਬਤਾਇ ਨੌਕਾ ਜੋਰ ਕੇ ਲੁ ਕਾਂਜਨ ਦੇ ਧੇਨ ਕੋ ਜਿਵਾਇ ਦਈ ਤਸਬੀ ਸੁ ਮੁਕਤਾ । ਖਾ ਯੇ ਸੋ ਬਤਾਯੋ ਖਟ ਰੁਤ ਫਲ ਇਕਠੇ ਕੇ ਆਗ ਪਰ ਬਾਗ ਪੇ ਸਮਾਧ ਸੰਗ ਜੁਕਤਾ ।


ਇਸ ਪੱਤਰੇ ਤੋਂ ਪਤਾ ਲੱਗਾ ਕਿ ਕਰਾਮਾਤਾਂ ਪਹਿਲਾਂ ਸਵਿਸਥਾਰ ਲਿਖ ਆਏ ਹਨ ਹੁਣ ਸੰਖੇਪ ਕਰਨ ਵੇਲੇ ਬੀ ਚੇਤੇ ਤੋਂ ਕੰਮ ਨਹੀਂ ਲੈ ਰਹੇ ਸਗੋਂ ਗਿਣਤੀਵਾਰ ਲਿਖਕੇ ਤੇ ਛੰਦ ਰਚਕੇ ਲਿਖ ਲੈਂਦੇ ਹਨ, ਮਗਰੋਂ ਜਦ ਅਪਣੇ ਗ੍ਰੰਥ ਵਿਚ ਨਕਲ ਕੀਤੀ ਹੈ ਤਾਂ ਛੰਦਾਂ ਨੂੰ ਅੰਤਮ ਰੂਪ ਦਿੱਤਾ ਹੈ ਤੇ ਕੁਛ ਕੁਛ ਸੋਧ ਕੀਤੀ ਹੈ ਕਿਉਂਕਿ ਅੰਤਮ ਰੂਪ ਉਪਰਲੇ ਛੰਦਾਂ ਦਾ ਆਪਨੇ ਇਹ ਬੱਧਾ ਹੈ:-

> ਅਜ ਕੋ ਜਿਵਾਇ, ਬੈਠੇ ਕੂਪ ਪਰ ਜਾਇ, ਫਲ ਮੱਕੇ ਤੇ ਮੰਗਾਇ, ਹਿਤੂ ਬੇਗਮ ਬਤਾਈਐ॥ ਪਦਮਨੀ ਆਨ, ਚੰਦ ਦੂਜੇ ਅਸਮਾਨ ਭਯੋ, ਤੋਸ਼ੇਖਾਨੇ ਥਾਨ ਕਰਿ ਗਿਨਤੀ ਸੁਨਾਈਐ॥ ਕੇਹਰੀ ਅਖੇਰ ਕੋ, ਜਨਮ ਬਾਜ ਪੂਰਬ ਕੋ, ਫਲ ਦੇਵ ਰੁਖ ਕੇ, ਚਿਕਰ ਸਜਾਮਤਾਈਐ ॥ ਜਮਨਾ ਪੇ ਫਿਰੇ, ਓਰੇ ਹਰੇ, ਮੱਤਜ ਕਰੀ ਚਟੇ, ਜੀਹ ਠਾਕ, ਤਾਰੇ ਦਿਨ, ਧਨ ਜੀਤ ਪਾਈਐ ॥ ੩੯ ॥ ਮਰੀ ਕੋ ਹਟਾਇ, ਛਾਉ ਛਾਈ, ਪੈ ਪ੍ਰਸੂਤ ਸਿਸ, ਉਜਬਕ ਢਾਹਿ, ਅਲਾਵਦੀਨ ਮ੍ਰਿਤੁ ਉਕਤਾ॥ ਸੁਪਨੋ ਬਤਾਇ, ਨੌਕਾ ਜੋਰਿ ਕੈ, ਲੁਕਾਂਜਨ ਦੇ, ਧੇਨ ਕੋ ਜਿਵਾਇ ਦਈ ਤਸਬੀ ਸੁ ਮੁਕਤਾ॥ ਖਾਯੋ ਸੋ ਬਤਾਯੋ ਖਟ ਰਿਤੁ ਫਲ ਇਕਠੇ ਕੇ, ਆਗ ਪਰ ਬਾਗ ਭਾ ਸਮਾਧਿ ਸੰਗ ਜੁਕਤਾ। ਅੱਸ੍ਰ ਦਰਯਾਈ ਜੇਠ ਸੀਤਲ ਚਲਾਈ ਬਾਉ, ਭੂਮ ਕੋ ਉਚਾਈ ਕਹਿ ਸੰਤੋਖ ਸਿੰਘ ਬਕਤਾ ॥ ੪੦ ॥ [ ਰਾਸ ੯ ਅੰਸੂ ੫੭

ਇਸੀ ਤਰ੍ਹਾਂ ਸਾਨੂੰ ਇਕ ਪੱਤ੍ਰਾ ਕਵੀ ਜੀ ਦੇ ਨਿਜ ਹੱਥ ਲਿਖਿਤ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਮਿਲ ਗਿਆ ਹੈ,ਜਿਸਦੀ ਅਸੀਂ ਫੋਟੋ ਅਗੇ ਦੇਂਦੇ ਹਾਂ:-

† ਕਾਗਜ਼ ਫਟੇ ਯਾ ਸ਼ਾਹੀ ਉਖੜੇ ਥਾਂ ਅਸਾਂ ਬਿੰਦੀਆਂ ਲਾਈਆਂ ਹਨ।

[ ਇਹ ਪਾਠ ਰਾਸ ੧੧ ਦੇ ਅੰਸੂ ੧੯ ਦਾ ਆਰੰਭ ਹੈ ]



ਇਨ੍ਹਾਂ ਗੱਲਾਂ ਤੋਂ ਨਿਰਸੰਸੇ ਸਿੱਧ ਹੋਗਿਆ ਕਿ ਆਪ ਅਪਨੀ ਰਚਨਾ ਕਰਕੇ ਲਿਖਿਆ ਕਰਦੇ ਸਨ। ਲਿਖੀ ਹੋਈ ਦੀ ਕਥਾ ਕਰਦੇ ਹੁੰਦੇ ਸਨ, ਕਥਾ ਦੇ ਉਤ੍ਰ ਪ੍ਰਸ਼ਨਾਂ ਦੀ ਸੋਧ ਮਗਰੋਂ ਲਿਖਾਰੀਆਂ ਨੂੰ ਲਿਖਾਉਂਦੇ ਹੁੰਦੇ ਸਨ। ਇਹ ਗਲ ਬੀ ਦੱਸਦੇ ਹੈਨ ਕਿ ਲਿਖਣ ਵੇਲੇ ਲਿਖਾਰੀਆਂ ਦੇ ਤੇ ਕਵੀ ਜੀ ਦੇ ਵਿਚਕਾਰ ਪਰਦਾ ਹੁੰਦਾ ਸੀ।

## ੧੧. ਕਥਾ।

ਅਸੀਂ ਪਿਛੇ ਦੱਸ ਆਏ ਹਾਂ ਕਿ ਕਵੀ ਜੀ ਅਪਨੀ ਰਚਨਾ ਦੀ ਨਾਲੋ ਨਾਲ, ਦਿਨ ਦੇ ਪਿਛਲੇ ਵੇਲੇ ਕਥਾ ਕਰਿਆ ਕਰਦੇ ਸੇ, ਅਰ ਸ਼੍ਰੋਤੇ ਸੁਣਿਆਂ ਕਰਦੇ ਸੇ। ਸ਼੍ਰੋਤਿਆਂ ਨਾਲ ਉਤਰ ਪ੍ਰਸ਼ਨ ਬੀ ਹੁੰਦੇ ਸੇ। ਇਸ ਸਾਰੀ ਗਲ ਦੇ ਬਾਹਰਲੇ ਸਬੂਤਾਂ ਤੋਂ ਵੱਖਰੇ ਉਨ੍ਹਾਂ ਦੀ ਰਚਨਾਂ ਵਿਚ ਕਾਫੀ ਸਬੂਤ ਮੌਜੂਦ ਹਨ। ਜਿਹਾ ਕੁ ਸ੍ਰੀ ਗੁਰ ਨਾ: ਪ੍ਰ: ਪੂ: ਅਧਯਾਯ ੩੭ ਵਿਚ ਕਵੀ ਜੀ ਆਪ ਦੱਸਦੇ ਹਨ ਕਿ ਕਵੀ ਇਹ ਸ਼੍ਰੀ ਗੁਰ ਨਾਨਕ ਪ੍ਰਕਾਸ਼ ਦੀ ਮਨੋਰਥ ਪੂਰਨ ਹਾਰ ਕਥਾ ਸ਼੍ਰੋਤਿਆਂ ਨੂੰ ਸੁਨਾਇਆ ਕਰਦੇ ਸਨ, ਤਾਂ ਇਕ ਦਿਨ ਸ਼੍ਰੋਤਿਆਂ ਨੇ ਸੰਸਾ ਪ੍ਰਗਟ ਕੀਤਾ, ਯਥਾ:—ਕਹਤਿ ਕਥਾ ਕਵਿ ਕਾਮਦਾ ਗੁਰ ਸਿੱਖਨ ਕੇ ਪਾਸ।

ਸ਼੍ਰੋਤਨ ਉਰ ਸੰਸਾ ਭਯੋ ਜਿਨ ਮਨ ਸੁਨਨਿ ਹੁਲਾਸ॥ ੫॥

ਇਸ ਤੋਂ ਇਹ ਬੀ ਵਿਦਤ ਹੋ ਗਿਆ ਕਿ ਸ਼੍ਰੋਤੇ ਕਥਾ ਬੜੇ ਚਾ ਨਾਲ ਸੁਣਦੇ ਸਨ, ਹੁਣ ਸ਼੍ਰੋਤਿਆਂ ਦੇ ਸੰਸੇ ਤੇ ਅਪਣੇ ਉੱਤਰ ਨੂੰ ਕਵੀ ਜੀ ਐਉਂ ਲਿਖਦੇ ਹਨ:—

'ਸ਼੍ਰੀ ਨਾਨਕ ਬਰ ਪਰਮ ਬਿਲਾਸਾ। ਬਹੁ ਪੋਥੀ ਪਰ ਹੈ ਇਤਿਹਾਸਾ।
ਸੋ ਤੇ ਲਿਖਯੋ ਅਵਰ ਬਿਧਿ ਤਹਿੰਵਾ। ਤੁਮ ਮੁਖ ਸੋਂ ਅਵਰਹਿ ਬਿਧਿ ਕਹਿਵਾ॥੬॥

ਇਹ ਸੰਸਾ ਹਮਰੇ ਉਰ ਆਯਹੁ । ਕਿਉਂ ਤੁਮ ਅਨਤਹਿ ਗਤਹਿ ਅਲਾਯਹੁ ।
ਸੋ ਕਹਿ ਕਰਿ ਸਭਿ ਦੇਹੁ ਮਿਟਾਇ । ਗੁਰ ਪਦ ਨਿਸ਼ਚਾ ਜਿਸ ਤੇ ਆਇ' ॥੭॥
ਤਿਨ ਤੇ ਸੁਨਿ ਕਵਿ ਬਚਨ ਬਖਾਨਾ:— 'ਤੁਮਰੀ ਧੰਨ ਸੁਮਤਿ ਮਤਿਵਾਨਾ!
ਭਲੋ ਸੰਦੇਹ ਆਪ ਮਨ ਠਾਨਾ । ਉੱਤਰ ਸੁਨਹੁ ਦੇਯ ਨਿਜ ਕਾਨਾ ॥੮॥
ਦੋਹਰਾ—ਪ੍ਰਥਮੇ ਤੁਮ ਸੰਦੇਹ ਕੋ ਸਭ ਬਿਧਿ ਕਰੌਂ ਬਿਨਾਸ ।
ਬਦਨਹਿੰ ਤੇ ਉਚਰੌਂ ਬਹੁਰ ਸ਼੍ਰੀ ਨਾਨਕ ਪਰਕਾਸ਼' ॥ ੯ ॥ [ਨਾ: ਪ੍ਰ: ਉ: ਧਿ: ਬ੭

ਸਾਫ ਪਤਾ ਲੱਗ ਰਿਹਾ ਹੈ ਕਿ ਕਵੀ ਜੀ ਕਥਾ ਕਰਦੇ ਸਨ । ਸ੍ਰੋਤੇ ਸੁਣਦੇ ਸਨ ਤੇ ਓਹ ਜੋ ਸੁਣਦੇ ਸਨ ਉਹੀ ਕਹਿ ਸਕਦੇ ਸਨ ਕਿ 'ਤੁਸਾਂ ਮੂੰਹੋਂ ਹੋਰ ਤਰ੍ਹਾਂ ਕਹਿਆ ਹੈ' । ਨਹੀਂ ਤਾਂ ਕਹਿੰਦੇ 'ਤੁਸਾਂ ਹੋਰ ਤਰ੍ਹਾਂ ਲਿਖ੍ਯਾ ਹੈ' । ਫਿਰ ਸ਼੍ਰੋਤੇ 'ਅਲਾਯਹੁ' ਪਦ ਵਰਤਦੇ ਹਨ । ਉੱਤਰ ਵਿਚ ਕਵੀ ਜੀ ਕਹਿੰਦੇ ਹਨ 'ਬਦਨਹਿ ਤੇ ਉਚਰਹੁੰ ਬਹੁਰ ਸ਼੍ਰੀ ਨਾਨਕ ਪਰਕਾਸ਼' ਅਰਥਾਤ 'ਮੂੰਹੋਂ ਤਦ ਉਚਾਰਨ ਕਰਾਂਗਾ ਸ੍ਰੀ ਨਾਨਕ ਪ੍ਰਕਾਸ਼' ।

ਫਿਰ ਮੂਲੇ ਦੇ ਪ੍ਰਸੰਗ ਵਿਚ ਜਦ ਮੂਲਾ ਸੱਪ ਡਸਣ ਨਾਲ ਚਲਾਣਾ ਕਰ ਜਾਂਦਾ ਹੈ ਤੇ ਸਤਿਗੁਰ ਜੀ ਇਹ ਕਹਿਕੇ ਕਿ ਦਸਵੇਂ ਜਾਮੇ ਉਧਾਰ ਕਰਾਂਗੇ ਅੱਗੇ ਟੁਰ ਗਏ ਜਾਂ ਇਹ ਕਥਾ ਕਵੀ ਜੀ ਨੇ ਸੁਨਾਈ ਤਾਂ ਕਵੀ ਜੀ ਕਹਿੰਦੇ ਹਨ:—

ਸੁਨਿਕੇ ਸ਼੍ਰੋਤਨਿ ਪ੍ਰਸ਼ਨ ਸੁ ਕੀਨਾ । 'ਮੂਲਾ ਕਿਸ ਬਿਧਿ ਬੰਧਨ ਹੀਨਾ ? ॥ ੮੯ ॥
ਜਿਸ ਪ੍ਰਕਾਰ ਪਾਈ ਗਤਿ ਤਾਂਹੀ । ਸਭਿ ਪਰਸੰਗ ਕਹਉ ਹਮ ਪਾਹੀ ।'
ਕਵਿ ਭਾਖ੍ਯੋ, 'ਸੁਨੀਐ ਮਤਿਵੰਤੇ ! ਮੂਲੇ ਕੋ ਆਗਲ ਬਿਰਤੰਤੇ ।

ਇਸੀ ਤਰ੍ਹਾਂ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਇਕ ਤੋਂ ਵਧੀਕ ਵੇਰ ਕਥਾ ਕਰਨ ਦਾ ਜ਼ਿਕਰ ਆਇਆ ਹੈ । ਗੁਰ ਪ੍ਰਤਾਪ ਸੂਰਜ ਦੀ ਕਥਾ ਆਪ ਸਾਹਿਬ ਰਾਮ ਕੌਰ (ਗੁਰਬਖਸ਼ ਸਿੰਘ) ਜੀਦੇ ਮੂੰਹੋਂ ਕਹਿਵਾ ਰਹੇ ਹਨ।ਪਰ ਕੁਛ ਟਿਕਾਣੇ ਐਸੇ ਹਨ ਕਿ ਜਿਥੋਂ ਸਪਸ਼ਟ ਹੋ ਜਾਂਦਾ ਹੈ ਕਿ ਰਚੇ ਜਾ ਰਹੇ ਗ੍ਰੰਥ ਦੀ ਕਥਾ ਕਵਿ ਜੀ ਆਪਣੀ ਭੀ ਕਰ ਰਹੇ ਹਨ, ਸ਼੍ਰੋਤੇ ਸੁਣ ਰਹੇ ਹਨ ਤੇ ਉੱਤਰ ਪ੍ਰਸ਼ਨ ਹੋ ਰਹੇ ਹਨ । ਦੇਖੋ ਪਹਿਲੀ ਰਾਸ ਦਾ ਦੂਸਰਾ ਅੰਸੂ, ਕਵੀ ਜੀ ਨੇ ਮੰਗਲ ਸੁਣਾ ਕਥਾ ਆਰੰਭ ਕੀਤੀ ਹੈ ਕਿ ਸਾਹਿਬ ਰਾਮ ਕੌਰ ਜੀ ਪਾਸ ਕੁਛ ਸਿੰਘਾਂ ਨੇ ਆਕੇ ਕਿਹਾ ਕਿ ਸਾਨੂੰ ਦਸਾਂ ਗੁਰੂ ਸਾਹਿਬਾਂ ਦੇ ਪ੍ਰਸੰਗ ਸੁਣਾਓ । ਪਰ ਏਥੇ ਕਵੀ ਸੰਤੋਖ ਸਿੰਘ ਜੀ ਦੇ ਸ਼੍ਰੋਤੇ ਮਿਲਕੇ ਆਖਣ ਲੱਗੇ ਕਿ ਦਸਾਂ ਗੁਰੂ ਸਾਹਿਬਾਂ ਦੀ ਕਥਾ ਜੋ ਭਾਈ ਰਾਮ ਕੁਇਰ ਦੀ ਜ਼ਬਾਨੀ ਤੁਸਾਂ ਸੁਨਾਉਣੀ ਹੈ ਉਸਤੋਂ ਪਹਿਲਾਂ ਰਾਮ ਕੁਇਰ ਜੀ ਦੀ ਅਪਣੀ ਕਥਾ ਸੁਨਾਓ, ਯਥਾ:—

ਇਹ ਪ੍ਰਸੰਗ ਸੁਨਿ ਸ਼੍ਰੋਤਾ ਸਾਰੇ ॥ ਮਿਲਿ ਸੰਤੋਖ ਸਿੰਘ ਨਿਕਟ ਉਚਾਰੇ ।
'ਰਾਮ ਕੁਇਰ ਕੀ ਪੂਰਬ ਕਥਾ ॥ ਹਮਹਿੰ ਸੁਨਾਵਹੁ ਹੋਈ ਜਥਾ ॥ ੩੧ ॥
ਕਿਮ ਗੁਰ ਨਿਕਟ ਰਹੇ ਸੁਖ ਪਾਇ ॥ ਭੇ ਗੁਰਬਖਸ਼ ਸਿੰਘ ਕਿਸ ਭਾਇ ?
ਕਹਹੁ ਚਰਿੱਤ੍ਰ ਪ੍ਰਿਥਮ ਇਨ ਕੇਰਾ ॥ ਪੁਨ ਉਚਰਹੁ ਇਤਿਹਾਸ ਬਡੇਰਾ' ॥ ੩੨ ॥
ਕਵਿ ਇਮ ਸੁਨਿ ਸ਼੍ਰੋਤਨਿ ਤੇ ਬਾਨੀ ॥ ਰਾਮ ਕੁਇਰ ਕੀ ਕਥਾ ਬਖਾਨੀ ॥
ਕੁਛਕੁ ਚਰਿੱਤ੍ਰ ਕਹੌਂ ਤਿਨ ਕੇਰਾ ॥ ਪਠਤਿ ਸੁਨਤਿ ਸੁਖ ਦੇਤਿ ਘਨੇਰਾ ॥ ੩੩ ॥

ਇਸੇ ਤਰ੍ਹਾਂ ਦੇਖੋ, ਰਾਸ ੨ ਅੰਸੂ ੪੦:–

ਸ਼੍ਰੋਤਾ ਸੁਨਿ ਕਰਿ ਸ਼ੁਭ ਇਤਿਹਾਸ॥ ਚਿਤ ਮਹਿਂ ਚੌਂਪ ਬਿਸਾਲ ਪ੍ਰਕਾਸ਼॥
ਸਿੱਖਜਨਿ ਗਨ ਕੇ ਸੁਨਿ ਕਰਿ ਨਾਮੁ॥ ਜਿਨ ਕਉ ਪ੍ਰਾਪਤਿ ਉੱਤਮ ਧਾਮੁ॥ ੩੩॥
ਗ੍ਯਾਨਵਾਨ ਪੂਰਨ ਪਦ ਪਾਯੋ॥ 'ਜਿਨ ਸਿੱਖਨ ਸਤਿਗੁਰੂ ਰਿਝਾਯੋ॥
ਤਿਨ ਕੀ ਕਰਹੁ ਬਾਰਤਾ ਸਾਰੀ॥ ਜੇ ਜੇ ਭਏ ਪਰਮ ਉਪਕਾਰੀ॥ ੩੪॥
ਸੋ ਸਭ ਕਰਹੁ ਕਥਾ ਰਮਣੀਕਾ॥ ਸੁਨਤ ਪ੍ਰੀਤ ਤੇ ਜਿਮ ਹੁਇ ਨੀਕਾ'॥
ਸ਼੍ਰੋਤਨਿ ਕੇ ਸੁਨਿਕੈ ਸਭਿ ਬੈਨ॥ ਬਕਤਾ ਭਯੋ ਪ੍ਰਫੁੱਲਜਤ ਨੈਨ॥ ੩੬॥
'ਨਿਸ਼ਚੇ ਪ੍ਰੇਮ ਲਖਯੋ ਤੁਮ ਸਾਚੋ॥ ਚਿਤ ਰਾਚੇ ਹਿਤ ਸੁਨਨਿ ਉਬਾਚੇ॥
ਯਾਤੇ ਮੈਂ ਬਰਨੌਂ ਸਭਿ ਕਥਾ॥ ਸਿੱਖਜਨ ਗਨ ਪ੍ਰਸੰਗ ਹੈਂ ਯਥਾ'॥ ੩੭॥

ਕਵਿ ਜੀ ਦਾ ਕਥਨ ਕਰਨਾ, ਸ਼੍ਰੋਤਿਆਂ ਦਾ ਸੁਣਨਾਂ, ਸਾਰਿਆਂ ਸਿੱਖਾਂ ਦੇ ਹਾਲ ਸੁਣਨ ਦੀ ਚੌਂਪ ਪ੍ਰਗਟ ਕਰਨੀ, ਕਵੀ ਜੀ ਦਾ ਕਹਿਣਾ ਕਿ 'ਯਾਤੇ ਮੈਂ ਬਰਨੌਂ ਸਭ ਕਥਾ' ਵਿਦਤ ਕਰ ਰਹੇ ਹਨ ਕਿ ਕਥਾ ਕਰ ਰਹੇ ਹਨ ਤੇ ਪ੍ਰਸ਼ਨੋਤਰ ਹੋ ਰਹੇ ਹਨ।

ਫਿਰ ਰਾਸ ੩ ਅੰਸੂ ੪੮ ਅੰਕ ੪, ੫ ਵਿਚ ਵੀ ਕਵੀ ਜੀ ਆਪਣੇ ਸ਼੍ਰੋਤਿਆਂ ਨੂੰ ਭੇਟਾਂ ਦੀ ਕਥਾ ਸੁਣਾਉਣ ਲਗੇ ਸਿੱਧ ਹੁੰਦੇ ਹਨ। ਰਾਸ ੭ ਅੰਸੂ ੩੨ ਦੇ ਆਰੰਭ ਵਿਚ ਬੀ ਅਪਣੇ ਸ਼੍ਰੋਤਿਆਂ ਨੂੰ ਕਵੀ ਜੀ ਸੰਬੋਧਨ ਕਰਕੇ ਕਹਿੰਦੇ ਹਨ:–

ਇਤ ਐਸੇ ਪਹੁੰਚਯੋ ਤੁਰੰਗ ਉਤ ਲਵਪੁਰਿ ਕੀ ਗਾਥ।
ਜਿਮ ਹੋਈ ਸੰਤਹੁ ਸੁਨਹੁ ਕਹਤਿ ਕਵੀ ਤੁਮ ਸਾਥ॥ ੧॥

ਇਸੇ ਤਰ੍ਹਾਂ ਰਾਸ ੯ ਅੰਸੂ ੨੧ ਵਿਚ ਇਕ ਇਸ਼ਾਰਾ ਮੌਜੂਦ ਹੈ:–

ਕਥਾ ਸੁਨਤਿ ਸ਼੍ਰੋਤਾ ਸਵਧਾਨ। ਸਰਮਦ ਕਥਾ ਸੁਨੀ ਜਬਿ ਕਾਨ।
ਬੂਝਨਿ ਕਰਯੋ 'ਕੌਨ ਇਹ ਭਯੋ ? ਕਿਮ ਖੁਦਾਇ ਕੋ ਮਾਰਗ ਲਯੋ ?'॥ ੩੬॥
ਸੁਨਿ ਸ਼੍ਰੋਤਨਿ ਤੇ ਪ੍ਰਸ਼ਨ ਬਿਸਾਲਾ। ਸਰਮਦ ਕੀ ਜਿਮ ਕਥਾ ਰਸਾਲਾ।
ਕਰੀਸੁਨਾਵਨਿ ਜਿਸ ਬਿਧਿ ਭਯੋ। ਜਿਮ ਅਵਰੰਗ ਮਰਿਵਾਵਨਿ ਕਯੋ॥ ੩੭॥

ਇਥੇ ਵੀ ਸ਼੍ਰੋਤਿਆਂ ਦਾ ਸਾਵਧਾਨਤਾ ਨਾਲ ਕਥਾ ਸੁਣਨਾ, ਪ੍ਰਸ਼ਨ ਕਰਨਾ ਤੇ ਆਪ ਦਾ ਉੱਤਰ ਦੇਣਾ ਪ੍ਰਗਟ ਹੈ। ਫਿਰ ਰਾ: ੧੧ ਅੰਸੂ ੪੩ ਵਿਚ ਕਵੀ ਜੀ ਕਹਿੰਦੇ ਹਨ:–

ਤਿਸ ਕੈਥਲ ਪੁਰਿ ਮਹਿਂ ਕਵਿ ਬਸੈ। ਗੁਰ ਜਸ ਕਰਤਿ ਰਹਯੋ ਅਘ ਨਸੈ॥ ੪੨।

ਮੁਕਾਮੀ ਖੋਜ ਨੇ ਬੀ ਸਾਬਤ ਕਰ ਦਿੱਤਾ ਹੈ ਕਿ ਕਵੀ ਜੀ ਨਾਵੀਂ ਪਾਤਸ਼ਾਹੀ ਦੇ ਗੁਰਦਵਾਰੇ ਸ਼ਹਿਰ ਦੇ ਅੰਦਰ ਗੁਰ ਪ੍ਰਤਾਪ ਸੂਰਜ* ਦੀ ਕਥਾ ਲੌਢੇ ਪਹਿਰ ਕਰਿਆ ਕਰਦੇ ਸਨ ਜੈਸਾ ਕਿ ਪਿੱਛੇ ਦੱਸ ਆਏ ਹਾਂ। ਇਕ ਸਿੱਧਾਂਤ ਇਹ ਬੀ ਨਿਕਲ ਆਇਆ ਕਿ ਆਪ ਰਚਨਾ ਰਚਕੇ, ਕਥਾ ਕਰਕੇ, ਫਿਰ ਕੋਈ ਲੋੜ ਪੈ ਜਾਣ ਤੇ ਸੁਧਾਈ ਕਰਕੇ ਲਿਖਾਰੀਆਂ ਨੂੰ ਲਿਖਾਯਾ ਕਰਦੇ ਸਨ। ਕਿਉਂਕਿ ਲਿਖਾਰੀ ਨੂੰ ਤਾਂ ਆਦਮੀ ਸੋਧੀ ਹੋਈ ਰਚਨਾ ਹੀ ਲਿਖਾਉਂਦਾ ਹੈ।

*ਕਿਉਂ ਇਸ ਗ੍ਰੰਥ ਦਾ ਨਾਮ ਗੁਰ ਪ੍ਰਤਾਪ ਸੂਰਜ ਰੱਖਿਆ ਇਸ ਬਾਬਤ ਕਵੀ ਜੀ ਨੇ ਆਪ ਰੁਤ ੧ ਅੰਸੂ ੧ ਅੰਕ ੧੫ ਤੋਂ ੧੮ ਐਨ ੧ ਅੰਸੂ ੧ ਅੰਕ ੮ ਤੇ ੯ ਵਿਚ ਕਾਰਣ ਦੱਸ ਦਿੱਤਾ ਹੈ।

## ੧੯. ਗੁਰਪ੍ਰਤਾਪ ਸੂਰਜ ਕਿਸ ਪ੍ਰਭਾਵ ਹੇਠ ਲਿਖ੍ਯਾ ਗਿਆ।

ਜਿਸ ਪ੍ਰਭਾਵ ਵਿਚ ਕੋਈ ਪੁਸਤਕ ਲਿਖ੍ਯਾ ਗਿਆ ਹੋਵੇ ਉਸ ਨੂੰ ਜਾਣ ਲਿਆਂ ਪੁਸਤਕ ਦੇ ਸਮਝਣ ਵਿਚ, ਕਦਰ ਤੇ ਨੁਕਤਾਚੀਨੀ ਕਰਨ ਵਿਚ ਰਹਨੁਮਾਈ ਮਿਲਦੀ ਹੈ ਤੇ ਅਕਸਰ ਵੇਰ ਅਨ੍ਯਾਯ ਕਰਨ ਤੋਂ ਬਚ ਜਾਈਦਾ ਹੈ। ਇਸ ਲਈ ਖੋਜ ਕਰਨ ਤੇ ਉਸ ਪ੍ਰਭਾਵ ਦਾ, ਜਿਸ ਹੇਠ ਇਹ ਗ੍ਰੰਥ ਰਚਿਆ ਗਿਆ, ਜੋ ਪਤਾ ਲੱਗਾ ਹੈ ਉਸਦਾ ਕੁਛ ਵੇਰਵਾ ਦੇਂਦੇ ਹਾਂ:–

ਕੈਥਲ ਕੁਰਛੇਤ੍ਰ ਦੀ ਧਰਮ ਛੇਤ੍ਰ ਧਰਤੀ ਦਾ ਹਿੱਸਾ ਹੈ। ਇਥੇ ਸਨਾਤਨ ਸਮੇਂ ਤੋਂ ਵਿਸ਼ੇਸ਼ ਵਸੋਂ ਬ੍ਰਹਮਣਾਂ ਦੀ ਸੀ। ਤੁਰਕ ਰਾਜ ਸਮੇਂ ਇਸ ਵਿਚ ਉਦਾਸੀ ਤੇ ਨ੍ਯੂਨਤਾ ਹੋ ਗਈ ਸੀ। ਅਖੀਰਲੇ ਬਲੋਚ ਪਠਾਨ ਰਾਜ ਰੌਲੇ ਵਿਚ ਕੈਥਲ ਦੁਖੀ ਰਿਹਾ ਹੈ ਤੇ ਉਜਾੜੇ ਵਲ ਰੁਖ ਹੋ ਗਿਆ ਸੀ। ਸਿੱਖ ਰਾਜ ਹੁੰਦੇ ਹੀ ਬ੍ਰਹਮਣੀ ਬਲ ਜਾਗ ਪਿਆ। ਸਿੱਖ ਰਾਜਿਆਂ ਨੇ ਵਿਦ੍ਯਾ ਦੀ ਸਰਪ੍ਰਸਤੀ ਕੀਤੀ, ਵਸੋਂ ਟਹਿਕ ਪਈ, ਦੂਰੋਂ ਦੂਰੋਂ ਪੰਡਿਤ ਆ ਆਬਾਦ ਹੋਏ। ਸੰਸਕ੍ਰਿਤ ਵਿਦ੍ਯਾ ਦਾ ਓਹ ਜ਼ੋਰ ਹੋਯਾ ਕਿ ਇਸ ਨੂੰ ਲੋਕ ਦੂਸਰੀ ਕਾਂਸ਼ੀ ਆਖਣ ਲੱਗ ਪਏ। ਉਵ ਬੀ ਧਰਤੀ ਕੁਰਛੇਤ੍ਰ ਦੀ ਹੋਣ ਕਰਕੇ ਕਾਂਸ਼ੀ ਵਾਂਙੂ ਪਵਿੱਤ੍ਰ ਮੰਨੀ ਹੋਈ ਸੀ। ਨਵ ਗ੍ਰੇਹਾਂ ਦਾ ਮੰਦਰ ਆਖਦੇ ਹਨ ਯਾ ਕਾਂਸ਼ੀ ਵਿਚ ਹੈ ਯਾ ਕੈਥਲ ਵਿਚ। ਭਾਈ ਉਦਯ ਸਿੰਘ ਦੇ ਵੇਲੇ ਤੱਕ ਹਜ਼ਾਰ ਤੋਂ ਵਧੀਕ ਘਰ ਵਿਦ੍ਵਾਨ ਬ੍ਰਹਮਣਾਂ ਦੇ ਕੈਥਲ ਵਿਚ ਹੋ ਗਏ ਹੋਏ ਸਨ। ਇਨ੍ਹਾਂ ਵਿਚੋਂ ਦੋ ਕੁ ਸੌ ਵਿਦਵਾਨ ਐਸੇ ਗਿਣੇ ਹੋਏ ਸਨ ਕਿ ਜੋ ਸ਼ਾਸਤ੍ਰਾਂ ਦੇ ਗ੍ਯਾਤਾ ਤੇ ਵੇਦਾਂ ਦੇ ਪੰਡਿਤ ਮੰਨੇ ਜਾਂਦੇ ਸਨ। ਰਾਜਾ ਆਪ ਵਿਦਵਾਨ ਸੀ ਤੇ ਵਿਦਵਾਨਾਂ ਦਾ ਕਦਰਦਾਨ ਸੀ। ਛੇਤ੍ਰ ਤੇ ਲੰਗਰ ਲਗੇ ਹੋਏ ਸਨ। ਸ਼ਹਿਰ ਦੀ ਰੌਣਕ ਤੇ ਵਿਦ੍ਵਤਾ ਦੀ ਗਰਮ ਬਾਜ਼ਾਰੀ ਸੀ। ਇਹ ਸਾਰਾ ਪ੍ਰਭਾਵ ਬ੍ਰਹਮਣੀ ਤੇ ਸੰਸਕ੍ਰਿਤ ਵਿੱਦ੍ਯਾ ਦਾ ਸੀ।

ਮਹਾਰਾਜ ਉਦਯ ਸਿੰਘ ਦੇ ਵੇਲੇ ਤਾਂ ਦੂਰੋਂ ਦੂਰੋਂ ਵਿਦ੍ਯਾਰਥੀ ਵਿਦ੍ਯਾ ਪਾਉਣ ਲਈ ਕੈਥਲ ਪਹੁੰਚਦੇ ਸਨ। ਚੰਗੇ ਚੰਗੇ ਪੰਡਿਤ ਏਥੇ ਚਰਚਾ ਵਾਦ ਕਰਨ ਆਉਂਦੇ ਤੇ ਰਾਜਾ ਵਲੋਂ ਦਾਨ ਸਨਮਾਨ ਪਾ ਕੇ ਜਾਂਦੇ। ਚਾਰ ਹਵੇਲੀਆਂ ਗੁ:ਪ੍ਰ:ਸੂਰਜ ਦੀ ਨਿਗਰਾਨੀ ਕਰਨ ਵਾਲੇ ਪੰਡਤਾਂ ਜੋਗ ਪ੍ਰਾਪਤ ਸਨ*। ਜੋਗ ਮਤ ਦੇ ਆਚਾਰਯ ਤੇ ਜਿਗ੍ਯਾਸੀ ਸਾਧੂ ਸਨਮਾਨੇ ਜਾਂਦੇਸਨ। ਕਾਂਸ਼ੀ ਤੋਂ ਪੰਡਿਤ ਸ਼ਿਵ ਸਹਾਇ ਨਾਮੇ ਵਿਦ੍ਯਾ ਦਾ ਧੁਰੰਧਰ ਏਥੇ ਆਦਰ ਪਾਕੇ ਆ ਵਸਿਆ ਸੀ। ਮਰਹਟੇ ਪੰਡਤ ਮੂਲਚੰਦ ਲਛਮੀ ਨਾਰਾਯਨ ਇਸ ਨਗਰ ਵਿਚ ਆ ਵਸੇ ਸਨ ਜੋ ਬੜੇ ਪ੍ਰਸਿੱਧ ਹੋਏ ਹਨ। ਬਾਗੜੀਏ ਪੰਡਤਾਂ ਦੀ ਕਾਫੀ ਵਸੋਂ ਆਬਾਦ ਸੀ। ਹੋਰ ਕਵੀ ਤੇ ਵਿਦਵਾਨ ਬੀ ਬਹੁਤ ਸਨ। ਦਰਜਨ ਤੋਂ ਵਧੀਕ ਹਿੰਦੂ ਮੰਦਰ ਉਸ ਵੇਲੇ ਗਹਿਮਾ ਗਹਿਮ ਕਰਦੇ ਸੇ। ਸਿੱਖ ਵਸੋਂ ਬਹੁਤ ਘਟ ਸੀ। ਰਾਜਾ, ਉਸਦੀ ਫੌਜ ਤੇ ਕੁਛ ਹੋਰ ਘਰਾਣੇ ਜੋ ਆਕੇ ਵੱਸੇ ਸਨ† ਗੇਣਤੀ

*ਇਨ੍ਹਾਂ ਹਵੇਲੀਆਂ ਨੂੰ ਅੱਜ ਕਲ ਐਉਂ ਪੁਕਾਰਦੇ ਹਨ:–ਇਕ ਰਜੌਂਦੀਏ ਬ੍ਰਹਮਣਾਂ ਦੀ, ਦੂਸਰੀ ਮੋਟੇ ਬ੍ਰਹਮਣ ਦੀ, ਤੀਸਰੇ ਮਾਤ੍ਰ ਮਿਸ਼ਰ ਦੀ ਤੇ ਚੌਥੇ ਚੰਦ੍ਰ ਸ਼ੇਖਰ ਦੀ।

†ਇਸ ਵੇਲੇ ਬੀ ੫੦੦ ਕੁ ਘਰ ਬ੍ਰਾਹਮਣਾਂ ਦੇ ਏਥੇ ਹੈਨ ਤੇ ਓਹ ਪਹਿਲਾ ਜ਼ੋਰ ਬੀ ਨਹੀਂ, ਪਰ ਨਵਾਂ ਗਿਆ ਆਦਮੀ ਉਥੇ ਰਹਿਕੇ ਬ੍ਰਹਮਣੀ ਵਿਦ੍ਯਾ ਦੇ ਪ੍ਰਭਾਵ ਨੂੰ ਅਜੇ ਬੀ ਪ੍ਰਤੀਤ ਕਰ ਲੈਂਦਾ ਹੈ। ਉਸ ਸਮੇਂ ਤਾਂ ਇਹ ਪ੍ਰਭਾਵ ਅਤਿ ਪ੍ਰਬਲ ਸੀ।

ਵਿਚ ਬਹੁਤ ਨਹੀਂ ਸਨ। ਰਾਜਾ ਸਿੰਘ ਸੀ, ਪੂਜਜ ਘਰਾਣੇ ਦਾ ਸੀ। ਰਾਜਾ ਹੋ ਕੇ ਭਾਈ ਸਾਹਿਬ ਅਖਵਾਉਣਾ ਪਸੰਦ ਕਰਦਾ ਸੀ। ਸਿੱਖੀ ਵਿਚ ਸਿਆਣਾ ਸੀ ਪਰ ਵਿਦਜਾ ਦੇ ਪ੍ਰਭਾਵ ਹੇਠ ਉਹ ਬੀ ਝੁਕਾਉ ਉਸ ਰੁਖ਼ ਦਾ ਰੱਖਦਾ ਸੀ ਜਿਸ ਰੁਖ਼ ਦੀ ਵਿਦਜਾ ਦਾ ਕਿ ਓਥੇ ਪ੍ਰਚਾਰ ਸੀ। ਕਵੀ ਜੀ ਨੇ ਇਸ ਪ੍ਰਭਾਵ, ਇਸ ਵਾਯੂ ਮੰਡਲ ਵਿਚ ਬੈਠਕੇ ਕੰਮ ਕੀਤਾ ਹੈ। ਕੈਥਲ ਪਹੁੰਚਕੇ ਜਪੁਜੀ ਦੇ ਟੀਕਾ ਦੇ ਬਾਦ ਰਾਮਾਯਣ ਤੇ ਆਤਮ ਪੁਰਾਣ ਦੋ ਗ੍ਰੰਥ ਉਸੇ ਮਤਿ ਦੇ ਲਿਖੇ ਹਨ ਤੇ ਰਾਜਾ ਨੇ ਰਾਮਾਯਣ ਪੜ੍ਹੀ ਤੇ ਇਕ ਪਿੰਡ ਇਨਾਮ ਦਿੱਤਾ ਹੈ। ਇਹ ਬੀ ਸੂਚਕ ਹੈ ਉਸ ਚੁਗਿਰਦ ਦਾ ਕਿ ਜਿਸ ਵਿਚ ਕਵੀ ਜੀ ਨੇ ਕੰਮ ਕੀਤਾ ਹੈ ਤੇ ਰਾਜਾ ਦੀ ਰੁਚੀ ਦਾ ਜੋ ਪੰਡਿਤਾਂ ਤੇ ਸੰਨਯਾਸੀਆਂ ਜੋਗੀਆਂ ਦੇ ਪ੍ਰਭਾਵ ਨਾਲ ਬਣ ਰਹੀ ਹੈਸੀ।

ਇਹ ਤਾਂ ਸੀ ਕੈਥਲ ਵਿਚ ਬਾਹਰਲਾ ਪ੍ਰਭਾਵ। ਜਿਸ ਸਮੇਂ ਗ੍ਰੰਥ ਲਿਖਿਆ ਗਿਆ ਤਦੋਂ ਅਕਸਰ ਸਿੱਖ ਗਜਾਨੀਆਂ ਦਾ ਰੌ ਕਿਸ ਪਾਸੇ ਸੀ, ਇਹਦੀ ਵੀਚਾਰ ਇਸ ਪ੍ਰਕਾਰ ਹੈ:—

ਵਿਸ਼ੇਸ਼ ਸਿੱਖ ਗਜਾਨੀਆਂ ਦਾ ਰੌ ਉਸ ਸਮੇਂ ਇਹ ਸੀ ਕਿ ਹਿੰਦੂ ਲੋਕ ਸਿੱਖ ਗੁਰੂ ਸਾਹਿਬਾਨ ਨੂੰ ਅਵਿਤਾਰ ਮੰਨ ਲੈਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੇਦ ਸਥਾਨੀ ਦਰਜਾ ਦੇਣ। ਇਹ ਅਸੂਲ ਬੀ ਸਿੱਖਾਂ ਵਿਚ ਤਦੋਂ ਪ੍ਰਪੱਕ ਸੀ ਕਿ ਨਿੰਦਿਆ ਕਿਸੇ ਦੀ ਨਹੀਂ ਕਰਨੀ, ਪਰ ਆਪਣੇ ਸਤਿਗੁਰਾਂ ਨੂੰ ਸਭ ਤੋਂ ਸ੍ਰੇਸ਼ਟ ਤੇ ਵਿਸ਼ੇਸ਼ ਮੰਨਣਾ ਹੈ। ਇਸ ਲਈ ਓਹ ਦੂਸਰੇ ਮਤ ਦੇ ਬਜ਼ੁਰਗਾਂ ਨੂੰ ਸਤਿਕਾਰ ਨਾਲ ਹੀ ਲਿਖਿਆ ਕਰਦੇ ਸਨ। ਇਸ ਸਮੇਂ ਲਾਹੌਰ ਦਰਬਾਰ ਦੇ ਡੋਗਰੇ ਅਹਿਲਕਾਰ ਬੀ ਸਿੱਖੀ ਵਿਚ ਬੇ ਮਲੂਮ ਰਲੇ ਪੁਆ ਰਹੇ ਸਨ। ਸੋ ਸਾਰੇ ਦੇਸ਼ ਵਿਚ ਨਿਰੋਲ ਸਿੱਖੀ ਦੇ ਖਜਾਲਾਂ ਵਿਚ ਰਲਵਾਂ ਰੰਗ ਪੈ ਰਿਹਾ ਸੀ। ਰਾਜੇ, ਸਰਦਾਰ ਰਾਜਸੀ ਕੰਮਾਂ ਵਿਚ ਰੁੱਝੇ ਪਏ ਸਨ ਤੇ ਸਿੱਖੀ ਧਰਮ ਵਿਚ ਇਕ ਰਲੇ ਦਾ ਰੌ ਚਲ ਰਿਹਾ ਸੀ।

ਦੇਵੀ ਦੇ ਪ੍ਰਸੰਗ ਲਿਖਣ ਬਾਬਤ ਕਵੀ ਜੀ ਦੇ ਆਪਣੇ ਪੁੱਤ੍ਰ ਅਜੈ ਸਿੰਘ ਵਲੋਂ ਤਲਵਾਰ ਦੇ ਡਰ ਨਾਲ ਮਜਬੂਰ ਕੀਤਾ ਜਾਣਾ ਕਵੀ ਜੀ ਦੇ ਪਰਿਵਾਰ ਦੇ ਲਗ ਪਗ ਸਾਰੇ ਬੰਦੇ ਦੱਸਦੇ ਹਨ। ਐਸੇ ਸਾਮਾਨਾਂ ਦੇ ਹੁੰਦਿਆਂ ਕਵੀ ਜੀ ਦਾ ਆਪਣੀਆਂ ਲੜਕੀਆਂ ਦੀ ਸ਼ਾਦੀ ਗੁਰਮਤ ਅਨੁਸਾਰ ਅਰਦਾਸਾ ਕਰਕੇ ਕਰਨੀ, ਰਾਮ ਰਾਈਏ ਨੂੰ ਸਿੰਘ ਸਜਾਏ ਬਿਨ ਲੜਕੀ ਨਾ ਦੇਣੀ, ਆਪਣਾ ਵਿਆਹ ਗੋਤ ਦਾ ਬੰਧਨ ਤੋੜਕੇ ਕਰਨਾ ਤੇ ਸ਼ਿਵ, ਦੇਵੀ, ਹਿੰਦੂ ਤ੍ਰਿਧਾਮੂਰਤੀ ਸਭ ਨੂੰ ਸਤਿਗੁਰਾਂ ਦੇ ਸੇਵਕ ਦੱਸਣਾ, ਗੁਰੂ ਸਾਹਿਬਾਂ ਨੂੰ ਨਿਰੰਕਾਰ ਯਾ ਬ੍ਰਹਮ ਦਾ ਅਵਿਤਾਰ ਦੱਸਣਾ, ਦੂਸਰੀ ਪਾਤਸ਼ਾਹੀ ਦੇ ਸਚਖੰਡ ਪਯਾਨ ਪਰ ਲੌਕਿਕ ਸ਼ਾਸਤ੍ਰਿਕ ਰੀਤੀ ਦੀ ਮਨਾਹੀ ਆਦਿ ਗੱਲਾਂ ਖੁੱਲ੍ਹੀਆ ਲਿਖਣੀਆਂ ਤੇ ਪੰਥ ਨੂੰ ਤੀਸਰਾ ਮਤ ਸਫੁਟ ਦੱਸਣਾ, ਪੁਰਸ਼ੋਤਮਾਂ ਤੇ ਪਰਾਵਰਾਂ ਤੋਂ ਗੁਰੂ ਜੀ ਨੂੰ ਅਧਿਕ ਲਿਖਣਾ, ਏਹ ਗੱਲਾਂ ਐਸੀਆਂ ਹਨ ਜਿਨ੍ਹਾਂ ਤੋਂ ਅਸੀਂ ਉਨ੍ਹਾਂ ਦੀ ਸਿੱਖੀ ਵਿਚ ਅਨਿੰਨਤਾਈ ਨੂੰ ਸਫੁਟ ਵੇਖ ਸਕਦੇ ਹਾਂ*।

ਪਟਿਆਲਾ ਰਾਜ ਵਿਚ ਇਕ ਨਿਰਮਲੇ ਸੰਤਾਂ ਦਾ ਡੇਰਾ ਠੀਕਰੀ ਵਾਲਾ ਹੈ, ਏਥੇ ਗੁਰ

*ਵੇਰਵੇ ਲਈ ਦੇਖੋ 'ਇਸ਼ਟਪਤ੍ਰੀ' ਵਾਲਾ ਲੇਖ ਜੋ ਅਗੇ ਆਵੇਗਾ।

ਪ੍ਰਤਾਪ ਸੂਰਜ ਦੀ ਕਥਾ ਹੋਇਆ ਕਰਦੀ ਸੀ। ਇਕ ਵੇਰ ਸੰਤ ਦੀਵਾਨ ਸਿੰਘ ਜੀ ਨੂੰ ਕਥਾ ਵਿਚ ਇਕ ਵਿਦਯਾਰਥੀ ਜੀ ਨੇ ਪੁੱਛਿਆ ਕਿ ਕੀਹ ਆਪ ਨੇ ਭਾਈ ਸੰਤੋਖ ਸਿੰਘ ਜੀ ਦੇ ਦਰਸ਼ਨ ਕੀਤੇ ਸਨ ? ਤਾਂ ਆਪ ਨੇ ਦੱਸਿਆ ਕਿ ਅਸੀਂ ਜਦੋਂ ਕੈਥਲ ਵਿਚ ਵਿਦਯਾ ਪਾਉਂਦੇ ਸਾਂ ਤਦੋਂ ਕਵੀ ਜੀ ਗੁਰ ਪ੍ਰਤਾਪ ਸੂਰਜ ਲਿਖਿਆ ਕਰਦੇ ਸਨ। ਕਵੀ ਜੀ ਬੜੇ ਪੱਕੇ ਸਿੱਖ, ਭਲੇ ਪੁਰਖ ਤੇ ਬੜੇ ਵਿਦਵਾਨ ਮੰਨੇ ਜਾਂਦੇ ਸਨ। ਇਸੀ ਤਰ੍ਹਾਂ ਇਕ ਹੋਰ ਗੱਲ ਇਕ ਗਯਾਨੀ ਜੀ ਤੋਂ ਸ਼੍ਰੋਤ ਪਈ ਹੈ ਕਿ ਇਕ ਸੱਜਣ ਗੁਪਾਲ ਸਿੰਘ ਜੀ ਸਾਧੂ ਹੋਏ ਹਨ, ਆਪ ਕਵੀ ਜੀ ਦੇ ਸ਼ਾਗਿਰਦ ਬੀ ਸਨ। ਆਪ ਨੇ ਗੁ: ਪ੍ਰ: ਸੂਰਜ ਵਿਚੋਂ ਅਵਤਾਰ ਤੇ ਸੱਚਖੰਡ ਪਯਾਨ ਦੇ ਪ੍ਰਸੰਗ ਸੰਕਲਤ ਬੀ ਕੀਤੇ ਸਨ*। ਇਹ ਦੱਸਿਆ ਕਰਦੇ ਸਨ ਕਿ ਗੁ: ਪ੍ਰ: ਸੂਰਜ ਰਚਨਾ ਦੇ ਦਿਨਾਂ ਵਿਚ ਕਵੀ ਜੀ ਨੂੰ ਕੈਥਲ ਦੀ ਆਮ ਬ੍ਰਹਿਮਣੀ ਜਨਤਾ ਕੁਛ ਉਸੇ ਨਜ਼ਰ ਨਾਲ ਦੇਖਦੀ ਸੀ, ਜਿਸ ਨਾਲ ਸਿੰਘ ਸਭਾ ਦੇ ਸੇਵਕਾਂ ਨੂੰ ਸੁਧਾਰ ਆਰੰਭ ਕਰਨ ਵੇਲੇ ਪੰਜਾਬ ਦੀ ਸਨਾਤਨੀ ਜਨਤਾ ਉਦਾਸੀ ਦੀ ਨਜ਼ਰ ਨਾਲ ਦੇਖਦੀ ਹੁੰਦੀ ਸੀ। ਇਸ ਤੋਂ ਪਤਾ ਲੱਗਾ ਕਿ ਕਵੀ ਜੀ ਨੇ ਆਪਣੇ ਸਮੇਂ ਤੇ ਹਾਲਾਤ ਵਿਚ ਆਪਣੀ ਸਮਝ ਮੁਜਬ ਕੁਛ ਉਸ ਤਰ੍ਹਾਂ ਦੇ ਕੰਮ ਦਾ ਉੱਦਮ ਕੀਤਾ ਸੀ ਜੀਕੂੰ ਦਾ ਕਿ ਉਨ੍ਹਾਂ ਤੋਂ ੩੦ ਕੁ ਵਰ੍ਹੇ ਮਗਰੋਂ ਸਿੱਖੀ ਦੇ ਪ੍ਰਚਾਰ ਵਿਚ ਸਿੰਘ ਸਭਾ ਨੇ ਕੀਤਾ।

ਇਕ ਹੋਰ ਗੱਲ ਪਰੰਪਰਾ ਤੋਂ ਚਲੀ ਆਈ ਹੈ ਤੇ ਖੋਜ ਤੋਂ ਬੀ ਨਿਸ਼ਚਿਤ ਜਾਪਦੀ ਹੈ। ਉਹ ਇਹ ਹੈ ਕਿ ਗੁ: ਪ੍ਰ: ਸੂਰਜ ਦੀ ਰਚਨਾਂ ਦੇ ਦਿਨਾਂ ਵਿਚ ਕਵੀ ਜੀ ਕੈਥਲ ਤੋਂ ਉਦਾਸ ਹੋਕੇ ਕਈ ਵੇਰ ਟੁਰ ਆਏ ਹਨ ਤੇ ਆਏ ਬੀ ਚੁਪ ਚਾਪ ਹਨ ਤੇ ਜਿੰਨੀ ਵਾਰੀ ਐਸਾ ਹੋਇਆ ਹੈ ਮਹਾਰਾਜ ਭਾਈ ਉਦਯ ਸਿੰਘ ਜੀ ਨੇ ਉਨ੍ਹਾਂ ਨੂੰ ਮਨਾ ਕੇ ਵਾਪਸ ਬੁਲਾ ਲਿਆ ਹੈ। ਇਹ ਉਦਾਸੀ ਇਸ ਗੱਲ ਦੀ ਹੁੰਦੀ ਸੀ ਕਿ ਕਵੀ ਜੀ ਇਸ ਗ੍ਰੰਥ ਦੀ ਰਚਨਾਂ ਵਿਚ ਨਿਰੰਕੁਸ ਚਲਣਾ ਚਾਹੁੰਦੇ ਸਨ ਪਰ ਉਹਨਾਂ ਦੇ ਸਿਰ ਤੇ ਚਾਰ ਕੁ ਹੋਰ ਵਿਦਵਾਨਾਂ ਦਾ ਕੁੰਡਾ ਲੱਗਾ ਹੋਇਆ ਸੀ। ਏਹ ਲਗਾਏ ਤਾਂ ਗਏ ਸਨ ਸਹਾਇਤਾ ਵਾਸਤੇ ਪਰ ਇਨ੍ਹਾਂ ਦਾ ਪ੍ਰਭਾਉ ਕੁੰਡੇ ਵਾਲਾ ਸੀ। ਏਹ ਬਹਿਮਣ ਤੇ ਬ੍ਰਹਿਮਣੀ ਖਿਆਲਾਤ ਦੇ ਸਨ। ਏਹ ਗੁਰਸਿੱਖੀ ਦੇ ਆਦਰਸ਼ਾਂ ਨੂੰ ਸਮਝਦੇ ਨਹੀਂ ਸਨ ਤੇ ਇਸ ਗ੍ਰੰਥ ਨੂੰ ਨਿਰੋਲ ਆਪਣੇ ਖਿਆਲਾਤ ਦਾ ਸ਼ੀਸ਼ਾ ਬਣਾਇਆ ਚਾਹੁੰਦੇ ਸਨ। ਕਵੀ ਜੀ ਭਾਹੀ ਨਹੀਂ ਸਨ ਦੇਂਦੇ ਤਾਂ ਕਈ ਵਲਾਂਵਿਆਂ ਵਿਚ ਸ਼ਕਾਇਤਾਂ ਹੋ ਜਾਇਆ ਕਰਦੀਆਂ ਸਨ। ਇਸ ਗੱਲ ਦਾ ਤੌਖਲਾ ਕਵੀ ਜੀ ਨੂੰ ਬੀ ਸੀ ਕਿ ਦਸਾਂ ਗੁਰੂ ਸਾਹਿਬਾਂ ਦੇ ਜਸ ਦਾ ਇਹ ਸਾਮਾਨ ਏਥੇ ਬੱਝ ਗਿਆ ਹੈ ਤੇ ਜੇ ਮੈਂ ਰਾਜਸੀ ਸਹਾਇਤਾ ਤੋਂ ਦੂਰ ਆਪਣੇ ਆਸਰੇ ਚਲਾ ਗਿਆ ਤਾਂ ਇਹ ਕੰਮ ਕਿਤੇ ਵਿੱਚੇ ਹੀ ਨਾ ਰਹਿ ਜਾਵੇ, ਇਸ ਕਰਕੇ ਉਨ੍ਹਾਂ ਸਿਰ-ਕੁੰਡਿਆਂ ਨਾਲ ਕਈ ਥਾਂ ਕੁਝ ਸਮਝੌਤਾ ਬੀ ਕਰ ਲੈਂਦੇ ਸਨ, ਉਨ੍ਹਾਂ ਦਾ ਆਖਿਆ ਕੁਛ ਪਾ ਦਿੱਤਾ ਕੁਛ ਨਾਂ ਪਾਇਆ। ਪਾਉਣ ਵਿਚ ਕੋਈ ਆਪਣੀ ਉੱਛਲ ਰਖ ਲਈ, ਕਿਤੇ ਅੱਗੇ ਪਿਛੇ ਪਾਈਆਂ ਗਲਾਂ ਦਾ ਸਮਾਧਾਨ ਕਰ ਦਿੱਤਾ। ਇਸ ਕਰਕੇ ਕਈ ਗੱਲਾਂ ਪਰਸਪਰ ਵਿਰੋਧੀ ਮਿਲਦੀਆਂ ਹਨ†। ਉਂਵ

*ਗੁਰਪੁਰਬਾਂ ਪਰ ਮੋਤੀ ਬਾਗ ਪਟਯਾਲਾ ਵਿਚ ਇਸੇ ਸੰਚੇ ਤੋਂ ਕਥਾ ਹੁੰਦੀ ਹੈ।

†ਸਾਨੂੰ ਇਸ ਪ੍ਰਕਾਰ ਦੇ ਹਾਲ ਕਈ ਗਯਾਨੀ ਸੱਜਣਾਂ ਨੇ ਬੀ ਜ਼ਬਾਨੀ ਯਾ ਲਿਖਕੇ ਦੱਸੇ ਹਨ।

ਵੀ ਰਾਜ ਦਰਬਾਰਾਂ ਵਿਚ ਜੇ ਕਿਸੇ ਦਾ ਸਤਿਕਾਰ ਹੋ ਜਾਵੇ ਤਾਂ ਦ੍ਵੈਖੀ ਲੋਕ ਉਤਪਤ ਹੋ ਜਾਇਆ ਕਰਦੇ ਹਨ। ਰਚਨਹਾਰ ਲਈ ਬੜਾ ਦੁਖਦਾਈ ਕੰਮ ਹੁੰਦਾ ਹੈ ਜਦੋਂ ਕਿ ਉਸਨੂੰ ਅਪਣੀ ਰਚਨਾਂ ਤੋਂ ਛੁੱਟ ਆਪਣੇ ਕੰਮ ਦੀਆਂ ਮੁਸ਼ਕਲਾਂ ਦੇ ਮੁਕਾਬਲੇ, ਅਪਣੀ ਉਪਜੀਵਕਾ ਦੀਆਂ ਕਠਨ-ਤਾਈਆਂ ਦੇ ਟਾਕਰੇ ਅਤੇ ਰਾਜਨੈਤਕ ਦ੍ਵੈਖੀਆਂ ਦੀਆਂ ਚਾਲਾਂ ਦੇ ਸਾਹਮਣੇ ਤੇ ਉਨ੍ਹਾਂ ਤੋਂ ਬਚਣ ਦੇ ਸਾਮਾਨ ਸੋਚਣੇ ਪੈ ਜਾਣ, ਜਦ ਕਿ ਰਾਜ ਦਰਬਾਰੀ ਲੋਕ ਕਿਸੇ ਇਖ਼ਲਾਕ ਕਿਸੇ ਦੀਨ ਧਰਮ ਦੇ ਅਸੂਲਾਂ ਦੀ ਪਰਵਾਹ ਨਹੀਂ ਕਰਦੇ, ਕੇਵਲ ਅਪਣੀ ਮਨੋਰਥ ਸਿੱਧੀ ਲਈ ਕਾਮਯਾਬੀ ਉਨ੍ਹਾਂ ਦਾ ਆਸ਼ਾ ਹੁੰਦੀ ਹੈ ਚਾਹੇ ਕਿਵੇਂ ਹੋ ਜਾਵੇ। ਕਵੀ ਜੀ ਜੈਸੇ ਵਿਦਵਾਨ ਤੇ ਧਰਮੀਂ ਜੀਵਨ ਵਾਲੇ ਨੂੰ ਅਪਣੇ ਵਰਤਾਉ ਤੇਮੁਕਬਲਿਆਂ ਵਿਚ ਸਦਾਚਾਰ ਦੀਆਂ ਲੀਹਾਂ ਨੂੰ ਟੱਪਣਾ ਕਠਨ ਹੋਇਆ। ਇਸੀ ਤਰ੍ਹਾਂ ਦੀ ਦਸ਼ਾ ਵਿਚ ਮੁਕਾਬਲਾ ਡਾਢਾ ਕਠਨ ਤੇ ਕਸ਼ਟ ਦਾਤਾ ਹੋ ਜਾਇਆ ਕਰਦਾ ਹੈ। ਕੇਵਲ ਅਪਣੇ ਦਿਮਾਗ਼ ਦੀ ਸੂੱਛਤਾ ਤੇ ਬੁੱਧੀ ਦੀ ਪ੍ਰਬਲਤਾ ਹੀ ਭਲੇ ਪੁਰਖਾਂ ਪਾਸ ਇਕ ਵਸੀਲਾ ਕਾਮਯਾਬੀ ਦਾ ਹੁੰਦਾ ਹੈ। ਇਸੇ ਕਰਕੇ ਜਦੋਂ ਕਿ ਕਵੀ ਜੀ ਸਭ ਪਾਸਿਓਂ ਰੁਕ ਜਾਂਦੇ ਸਨ ਤਦੋਂ ਹੀ ਫਿਰ ਨਿਰਾਸਤਾ ਦੇ ਘਰ ਆਕੇ ਰਜਾਸਤ ਵਿਚੋਂ ਹੀ ਉਠ ਟੁਰਦੇ ਸਨ। ਪਰ ਭਾਈ ਉਦਯ ਸਿੰਘ ਜੀ ਦੀ ਲਗਨ ਤੇ ਉਨ੍ਹਾਂ ਨਾਲ ਹਿਤ ਦੀ ਬੀ ਇਹ ਭਾਰੀ ਸਾਖ ਹੈ ਕਿ ਓਹ ਫੇਰ ਆਪ ਨੂੰ ਜਿੰਨੀ ਵੇਰ ਓਹ ਗਏ ਹਨ ਮਨਾਉਂਦੇ ਤੇ ਵਾਪਸ ਬੁਲਾਉਂਦੇ ਰਹੇ ਹਨ।

ਜਦੋਂ ਅਸੀਂ ਇਸ ਵਿਸ਼ੇ ਤੇ ਕਿ ਆਯਾ ਉਨ੍ਹਾਂ ਨੂੰ ਰੁਕਾਵਟਾਂ ਪੈਂਦੀਆਂ ਸਨ, ਉਨ੍ਹਾਂ ਦੀ ਰਚਨਾਂ ਵਿਚੋਂ ਪੜਚੋਲ ਕਰਦੇ ਹਾਂ ਤਾਂ ਸਾਨੂੰ ਕਾਫੀ ਸਾਮਾਨ ਮਿਲ ਜਾਂਦੇ ਹਨ।

ਸ੍ਰੀ ਗੁਰ ਨਾਨਕ ਪ੍ਰਕਾਸ਼ ਆਪ ਨੇ ਸ੍ਵੈਛੰਦ ਲਿਖਿਆ ਹੈ, ਉਸ ਵਿਚ ਵਿਘਨਾ ਦਾ ਜ਼ਿਕਰ ਸਾਧਾਰਨ ਹੈ, ਤੇ ਜੋ ਮੰਦ ਮਤੀਆਂ ਦਾ ਜ਼ਿਕਰ ਆਇਆ ਹੈ ਤਾਂ ਆਮ ਤੌਰ ਤੇ ਆਇਆ ਹੈ।

'ਮੰਦਮਤੀ ਚਹਿ ਬਾਦ ਘਨੇਰਾ। ਤਿਹ ਸੋਂ ਕੈਸੇ ਹੁਇ ਨ ਨਿਬੇਰਾ' [ਪੂ: ੫੭ ਅਕ ੧੦੮

ਇਹ ਮਾਮੂਲੀ ਸੰਸਾਰ ਦੇ ਬਹਿਸਾਂ ਮੁਬਾਹਸੇ ਕਰਨ ਵਾਲਿਆਂ ਵਲ ਇਸ਼ਾਰਾ ਹੈ* । ਇਸੀ ਤਰ੍ਹਾਂ ਗਰਬ ਗੰਜਨੀ ਦੇ ਲਿਖਣ ਦੇ ਦਿਨਾਂ ਵਿਚ ਆਪ ਨਵੇਂ ਨਵੇਂ ਗਏ ਸਨ ਤੇ ਅਜੇ ਦ੍ਵੈਖੀ ਘੱਟ ਸਨ ਤੇ ਜੋ ਸਨ ਉਨ੍ਹਾਂ ਨੂੰ ਬਹੁਤ ਫਿਕਰ ਨਹੀਂ ਪਿਆ ਸੀ, ਕਵੀ ਜੀ ਉਨ੍ਹਾਂ ਦਾ ਜ਼ਿਕਰ ਇਸ ਪੁਸਤਕ ਵਿਚ ਨਹੀਂ ਕਰਦੇ। ਰਾਮਾਯਣ ਵਿਚ ਬੀ ਇਹ ਗਲ ਨਜ਼ਰ ਨਹੀਂ ਪਈ, ਓਹ ਕੰਮ ਹੀ ਬ੍ਰਹਮਣੀ ਮਤ ਦੇ ਲੋਕਾਂ ਦੇ ਅਨਕੂਲ ਸੀ। ਸਗੋਂ ਇਸ ਕੰਮ ਦੇ ਹੋਣ ਵਿਚ ਓਹ ਸਹਾਈ ਹੋਏ ਹੋਣਗੇ। ਇਕ ਪਿੰਡ ਇਸ ਗ੍ਰੰਥ ਦੇ ਰਚਨ ਤੇ ਇਨਾਮ ਬੀ ਮਿਲਿਆ। ਹੁਣ ਜਦ ਅਸੀਂ ਗੁ: ਪ੍ਰ: ਸੂਰਜ ਨੂੰ ਪੜ੍ਹਦੇ ਹਾਂ ਤਾਂ ਕਵੀ ਜੀ ਨੂੰ ਵਿਘਨਾਂ ਤੋਂ ਬੜੇ ਡਰਦੇ ਵੇਖਦੇ

---

*ਇਹ ਕੋਈ ਕੁਦਰਤੀ ਗਲ ਹੈ ਕਿ 'ਕਰਤ੍ਰੀ ਸ਼ਕਤੀ' ਵਾਲਿਆਂ ਕਲਾ ਕੌਸਲੀਆਂ ਦੇ ਆ-ਮੁਹਾਰੇ ਦ੍ਵੈਖੀ ਪੈਦਾ ਹੋ ਜਾਂਦੇ ਹਨ; ਅਕਸਰ ਬਿਨਾ ਦੁਖਾਏ, ਬਿਨਾਂ ਕਾਰਣ ਐਸੇ ਵਿਰੋਧੀ ਉਪਜ ਪੈਂਦੇ ਹਨ। ਅਜ ਕਲ ਤਾਂ ਲਫਜ਼ 'ਨੁਕਤਾ ਚੀਨੀ' ਦੇ ਹੇਠਾਂ ਤੇ ਇਸੇ ਬਹਾਨੇ ਦ੍ਵੈਖੀ ਅਪਣੇ ਦਿਲਾਂ ਦੇ ਈਰਖੀ ਭਾਵਾਂ ਨੂੰ ਵਿਦ੍ਵਤਾ ਦੇ ਖੰਭ ਲਾ ਲਾ ਕੇ ਬਾਹਰ ਕਢਦੇ ਹਨ। ਤਦੋਂ ਬੀ ਇਹ ਰਵੱਯਾ ਸੀ ਪਰ ਢੰਗ ਹੋਰ ਸੀ।

ਹਾਂ ਤੇ ਬਹੁਤ ਅਰਦਾਸ ਦੇ ਭਾਵ ਵਿਚ ਲੀਨ ਹੁੰਦੇ ਵੇਖਦੇ ਹਾਂ*। ਇਹ ਉਨ੍ਹਾਂ ਦੇ ਭਗਤੀ ਭਾਵ ਵਾਲੇ ਮਨ ਅਤੇ ਕਰਜ ਦੀ ਮਹਾਨਤਾ ਕਰਕੇ ਬੀ ਹੋ ਸਕਦਾ ਹੈ, ਪਰ ਅਸੀਂ ਉਨ੍ਹਾਂ ਨੂੰ ਕਈ ਥਾਂ ਮਾਫ ਵਿਘਨ ਕਾਰੀਆਂ ਦਾ ਜ਼ਿਕਰ ਕਰਦੇ ਬੀ ਦੇਖਦੇ ਹਾਂ। ਤੇ ਇਸ ਕੰਮ ਦੇ ਵਿਰੁੱਧ ਅੜਚਨਾ ਪਾਉਣ ਤੇ ਉਨ੍ਹਾਂ ਦੇ ਕਾਮਯਾਬ ਨਾ ਹੋਣ ਦਾ ਜ਼ਿਕਰ ਬੀ ਪੜ੍ਹਦੇ ਹਾਂ। ਜਿਹਾ ਕਿ ਰਾ: ੧੨ ਦੇ ਅੰਤ ਆਪ ਲਿਖਦੇ ਹਨ:–

ਮੋ ਮਹਿ ਸ਼ਕਤਿ ਨ ਹੁਤੀ ਬਿਸਾਲਾ। ਵਧਤਿ ਲਾਲਸਾ ਰਹੀ ਸੁਚਾਲਾ।
ਅਪਨੀ ਕਥਾ ਆਪ ਬਨਵਾਈ। ਦਾਸ ਜਾਨਿ ਮੁਝਿ ਦਈ ਬਡਾਈ। ੩੮
ਸੁਰਸਰਿ ਸਮ ਗੁਰ ਕੀਰਤਿ ਪਾਵਨ। ਜਿਸਕੇ ਮਿਲੇ ਪਾਪ ਗਨ ਜਾਵਨ।
ਨਿੰਦਕ ਮੂਰਖ ਮਤਸਰ ਧਾਰੀ। ਰਾਸ਼ਭ, ਮਹਿਖ, ਕੋਲ ਸਮ ਭਾਰੀ। ੩੯
ਖੋਰੂ ਪਾਇ ਕੁਬਚ ਕੋ ਭਾਖੈਂ। ਦੂਖਤਿ ਕਰਨ ਗਾਂਧਲੀ ਕਾਂਖੈਂ।
ਸੋ ਝਖ ਮਾਰਤਿ ਰਹੈਂ ਕੁਪੱਤੇ। ਬਿਗਰਹਿ ਨਹਿੰ ਕਬਹੂ ਰਸ ਅੱਤੇ। ੪੦

ਇਥੇ ਕਵੀ ਜੀ ਆਪਣੀ ਰਚਨਾ ਦੀ ਵਡਿਆਈ ਸਤਿਗੁਰ ਦੀ ਮਿਹਰ ਨੂੰ ਦੇਕੇ ਅਪਣੀ ਮੁਸ਼ਕਲ ਦਾ ਜ਼ਿਕਰ ਕਰਦੇ ਹਨ ਕਿ ਗੰਗਾ ਦੀ ਤਰ੍ਹਾਂ ਗੁਰਜਸ ਦੀ ਨਿਰਮਲ ਧਾਰਾ ਰੂਪ ਕਥਾ ਮੈਂ ਰਚੀ ਹੈ, ਪਰ ਕੋਈ ਏਥੇ ਬੰਦੇ ਹੈਨ ਜੋ ਨਿੰਦਕ ਹੈਨ, ਮੂਰਖ ਹੈਨ, ਈਰਖਾ ਵਾਲੇ ਹੈਨ। ਓਹ ਕੈਸੇ ਹਨ? ਗਧੇ, ਝੋਟੇ ਤੇ ਸੂਰ ਸਮਾਨ। ਏਹ ਮਾਮੂਲੀ ਵੈਰੀਆਂ ਦਾ ਜ਼ਿਕਰ ਨਹੀਂ, ਇਹ ਕੋਈ ਦ੍ਵੈਖੀ ਹਨ ਜੋ ਆਪ ਦੀ ਰਚੀ ਕਥਾ ਵਿਚ ਉਹ ਕੁਛ ਪੁਆਉਣਾ ਚਾਹੁੰਦੇ ਹਨ ਜੋ ਕਵੀ ਜੀ ਨਹੀਂ ਚਾਹੁੰਦੇ। ਕਿਉਂਕਿ ਕਵੀ ਜੀ ਕਹਿੰਦੇ ਹਨ ਕਿ ਉਹ ਖੋਰੂ ਬੀ ਪਾਉਂਦੇ ਹਨ ਤੇ ਕੁਬਚਨ ਬੀ ਆਖਦੇ ਹਨ ਤੇ ਓਹ ਕਥਾ ਨੂੰ ਗੰਧਲੀ ਕਰਕੇ ਦੂਖਤਿ ਕਰਨਾ ਚਾਹੁੰਦੇ ਹਨ। ਫਿਰ ਅਪਣੇ ਆਸ਼ੇ ਨੂੰ ਦੱਸਦੇ ਹਨ ਕਿ ਓਹ ਪਏ ਝਖਾਂ ਮਾਰਨ ਮੈਂ ਇਸ ਰਸ ਨੂੰ ਨਹੀਂ ਵਿਗੜਨ ਦਿਆਂਗਾ। ਕਵੀ ਜੀ ਜੇ ਨਾਮ ਦੇ ਦੇਂਦੇ ਤੇ ਉਨ੍ਹਾਂ ਦੀ ਕਰਨੀ ਦਾ ਜ਼ਿਕਰ ਖੁਹਲ ਦੇਂਦੇ ਤਾਂ ਅੱਜ ਵਧੇਰੇ ਪਤਾ ਲਗ ਜਾਂਦਾ, ਪਰ ਜੋ ਕੁਛ ਲਿਖਯਾ ਹੈ ਉਹ ਕਾਫੀ ਪਤਾ ਦੇ ਰਿਹਾ ਹੈ ਦ੍ਵੈਖੀਆਂ ਦੀ ਹੋਂਦ ਦਾ। ਹੋ ਸਕਦਾ ਹੈ ਵਿਘਨਕਾਰੀਆਂ ਦੇ ਆਚਰਨ ਮੂਜਬ ਕਵੀ ਜੀ ਨੇ ਉਨ੍ਹਾਂ ਨੂੰ ਇਕ ਇਕ ਕਰਕੇ ਗਧੇ, ਝੋਟੇ, ਤੇ ਸੂਰ ਦਾ ਖ਼ਿਤਾਬ ਦਿੱਤਾ ਹੋਵੇ, ਅੱਗੇ ਜਾਕੇ ਇਕ ਹੋਰ ਨੂੰ ਨਾਲ ਰਲਾਉਣਗੇ। ਫਿਰ ਅਸੀਂ ਚੌਥੀ ਰੁਤ ਦੇ ਅੰਤ ਪਰ ਵੇਖਦੇ ਹਾਂ ਤਾਂ ਕਵੀ ਜੀ ਆਖਦੇ ਹਨ:–

---

*ਅਰਜ਼ ਗੁਜ਼ਾਰੋਂ ਜੋਰਤਿ ਹਾਥਾ। ਬੰਦੋਂ ਧਰ ਪਰ ਧਰਿ ਧਰਿ ਮਾਥਾ। ਹੁਇ ਨਿਰਬਿਘਨ ਕਥਾ ਗੁਰ ਪੂਰੀ। ਛੰਦ ਬੰਦ ਮਾਧੁਰਤਾ ਰੂਰੀ ॥ ੨੭ ॥ ਗੁਰ ਸਿਖ ਸਿੰਘ ਸਕਲ ਜਗ ਬਯਾਪਤ। ਕਰਿ ਇਸ਼ਨਾਨ ਗੁਰੂ ਨਿਤ ਜਾਪਤਿ। ਤਿਨ ਸਭਿਹਿਨਿ ਕੇ ਚਰਨ ਮਨਾਊਂ। 'ਪੂਰਨ ਹੋਇ ਗ੍ਰੰਥ' ਬਰ ਪਾਊਂ ॥ ੨੮ ॥ ਭੂਤ ਭਵਿੱਖਯ ਸਿੱਖ ਨਹਿ ਗਿਨਤੀ। ਤੇ ਅਬ ਸਭਨਿ ਅੱਗ੍ਰ ਮਮ ਬਿਨਤੀ। ਬਿਨਸਹਿੰ ਬਿਘਨ, ਗ੍ਰੰਥ ਹੁਇ ਪੂਰਾ। ਜਿਸ ਮਹਿੰ ਸਤਿਗੁਰ ਕੋ ਜਸ ਰੂਰਾ ॥ ੩੩ ॥ [ਰੁਤ ੧ ਅੰਸੂ ੧

ਕਰਹੁ ਗ੍ਰੰਥ ਪੂਰਨ ਸਰਬ ਬੰਦੋਂ ਦ੍ਵੈ ਕਰ ਬੰਦਿ ॥੨॥ [ਰੁਤ ੫ ਅੰਸੂ ੧

ਕਵਿ ਸੰਤੋਖ ਸਿੰਘ ਗੁਰ ਕੀ ਕਥਾ। ਕੀਨ ਬਨਾਵਨਿ ਮਮ ਮਤਿ ਜਥਾ।
ਚਤੁਰਥ ਰੁਤ ਪੂਰੀ ਕਰਿ ਤਥਾ। ਲੀਨੋ ਸਾਰ ਜਥਾ ਘ੍ਰਿਤ ਮਥਾ। ੪੮
ਦਸ ਪਤਿਸ਼ਾਹਨ ਕੇ ਸ਼ੁਭ ਚਰਨ। ਧਰਿਕਰਿ ਧਯਾਨ ਬਿਘਨ ਕਿਯ ਹਰਨ।
ਅਭਿਲਾਖਾ ਨਿਜ ਪੂਰਨ ਕਰੀ। ਦੁਸ਼ਟਨ ਕੀ ਮਤਿ ਕਛੁ ਨਹਿਂ ਅਰੀ। ੪੯

ਇਥੇ ਇਕੋ ਤੁਕ ਜੋ ਅੰਤ ਵਿਚ ਹੈ ਕਵੀ ਆਸ਼ਯ ਨੂੰ ਦਰਸਾ ਰਹੀ ਹੈ ਕਿ ਕੋਈ ਉਥੇ ਦੁਸ਼ਟ ਹੈਸਨ ਜਿਨ੍ਹਾਂ ਨੇ ਉਨ੍ਹਾਂ ਦੇ ਕੰਮ ਵਿਚ ਅੜਚਨਾ ਪਾਈ ਹੈ ਪਰ ਉਨ੍ਹਾਂ ਦੀ ਕੋਈ ਪੇਸ਼ ਨਹੀਂ ਗਈ। ਜੋ ਮਤ ਦੁਸ਼ਟਾਂ ਵਰਤੀ ਸੀ ਓਹ ਕਵੀ ਜੀ ਦੇ ਅੱਗੇ ਅੜ ਨਹੀਂ ਸਕੀ। ਚਾਹੇ ਤਾਂ ਕਵੀ ਜੀ ਨੇ ਉਨ੍ਹਾਂ ਦੇ ਮਨਸੂਬੇ ਅਪਣੀ ਚਤੁਰ ਬੁੱਧੀ ਨਾਲ ਤੋੜ ਲਏ ਹਨ। ਚਾਹੇ ਕਵੀ ਜੀ ਦਿੱਕ ਹੋਕੇ ਕੈਥਲੋਂ ਚਲੇ ਗਏ ਹਨ ਤੇ ਮਹਾਰਾਜੇ ਨੇ ਫੇਰ ਮਨਾਕੇ ਬੁਲਵਾ ਲਏ ਤੇ ਐਉਂ ਜੋ ਮਨਸੂਬਾ ਦੁਸ਼ਟਾਂ ਨੇ ਬੱਧਾ ਸੀ ਓਹ ਉਡ ਗਿਆ ਤੇ ਉਨ੍ਹਾਂ ਦੀ ਬਿਜੈ ਰਹੀ।

ਫਿਰ ਰੁਤ ਪੰਜ ਦੇ ਅਖੀਰ ਪਰ ਕਵੀ ਜੀ ਆਖਦੇ ਹਨ:–

ਮਹਿਖ, ਕੋਲ, ਖਰ, ਸ੍ਵਾਨ ਮਿਲ ਚਹੈਂ ਮਲਿਨ ਕਰਿ ਗੰਗ॥
ਤਿਮ ਬਾਦੀ ਗੁਰ ਕਥਾ ਕੋ ਚਲੈ ਨ ਬਸਿ ਕੁਛ ਸੰਗ॥ ੩੨॥
ਪਰ ਗੁਨ ਨਹੀਂ ਸਰਾਹਿਤੇ ਅਪਨੇ ਮਹਿਂ ਗੁਨ ਨਾਂਹਿ॥
ਇਹਾਂ ਤਪੇ ਚਿਤ ਦੁਖ ਲਹੈਂ ਮਰੇ ਨਰਕ ਮਹਿਂ ਪਾਂਹਿ॥ ੩੩॥

ਇਥੇ ਫੇਰ ਓਹੋ ਝੋਟੇ, ਸੂਰ, ਖੋਤੇ ਗਿਣਕੇ ਇਕ ਕੁੱਤਾ ਨਾਲ ਹੋਰ ਰਲਾਇਆ ਹੈ। ਤੇ ਦੱਸਦੇ ਹਨ ਕਿ ਇਹ ਮੇਰੀ ਕਥਾ ਰੂਪ ਗੰਗਾ ਨੂੰ ਮੈਲਾ ਕਰਨਾ ਚਾਹੁੰਦੇ ਹਨ, ਏਹ ਗੁਰੂ ਜੀ ਦੀ ਕਥਾ ਦੇ ਵਾਦੀ ਹਨ। ਪਰ ਇਨ੍ਹਾਂ ਦਾ ਬਸ ਕੁਛ ਚਲ ਨਹੀਂ ਸਕਿਆ ਅਰਥਾਤ, ਮੈਂ ਅਪਨੇ ਆਸ਼ੇ ਵਿਚ ਟਰੀ ਗਿਆ ਹਾਂ। ਇਥੇ ਕਵੀ ਜੀ ਉਨ੍ਹਾਂ ਤੋਂ ਵਧੇਰੇ ਉਦਾਸ ਦਿਸਦੇ ਹਨ ਕਿ ਉਨ੍ਹਾਂ ਦੇ ਏਥੇ ਤਪੇ ਚਿਤ ਰਹਿਣ ਦੀ ਤੇ ਮਰਕੇ ਨਰਕਾਂ ਵਿਚ ਜਾਣ ਦੀ ਗਲ ਬੀ ਲਿਖਦੇ ਹਨ।

ਵਿਘਨਕਾਰੀ ਕੇਥਲ ਵਿਚ ਹਨ, ਉਨ੍ਹਾਂ ਦਾ ਮਨੋਰਥ ਕਥਾ ਵਿਚ ਰਲੇ ਪੁਆਉਣ ਦਾ ਹੈ, ਓਹ ਯਤਨ ਕਰਦੇ ਹਨ, ਪਰ ਓਹ ਗੁ: ਪ੍ਰ: ਸੂਰਜ ਦੀ ਰਚਨਾ ਦੇ ਕੰਮ ਨੂੰ ਬੰਦ ਕਰਵਾ ਦੇਣ ਵਿਚ ਨਾਕਾਮਯਾਬ ਹੋ ਜਾਂਦੇ ਹਨ, ਏਹ ਗਲਾਂ ਕਵੀ ਜੀ ਦੇ ਇਨ੍ਹਾਂ ਲੇਖਾਂ ਤੋਂ ਸਪਸ਼ਟ ਸਿੱਧ ਹੈਨ*।

# ੧੯. ਗ੍ਰੰਥ ਰਚਨਾਂ ਵਿਚ ਈਮਾਨਦਾਰੀ

ਕਵੀ ਜੀ ਦੀ ਦਿਆਨਤਦਾਰੀ ਜਗ੍ਹਾ ਜਗ੍ਹਾ ਉਨ੍ਹਾਂ ਦੇ ਆਪਣੇ ਇਸ ਕਿਸਮ ਦੇ ਬਿਆਨਾਂ ਤੋਂ ਪਈ ਮਿਲਦੀ ਹੈ ਕਿ ਅਮਕੀ ਗੱਲ ਸੁਣੀ ਹੈ, ਅਮਕੀ ਮੈਂ ਦੇਖੀ ਹੈ ਆਦਿ। ਵੰਨਗੀ ਲਈ ਦੇਖੋ:–

## ਆਪਣੀ ਅੱਖੀਂ ਡਿੱਠੇ:–

੧. ਅਬ ਲੌ ਤਹਾਂ ਖਰੀ ਤਰੁ ਬਨੀ। ਹਮ ਨੇ ਕਰੀ ਨਿਹਾਰਨ ਘਨੀ। [ਰਾਸ ੧੦ ਅੰਸੂ ੪

*ਬਾਕੀ ਰਿਹਾ ਕਵੀ ਜੀ ਦਾ ਆਸ਼ਯ ਤੇ ਈਮਾਨ ਕਿ ਕਿਉਂ ਉਨ੍ਹਾਂ ਤੋਂ ਹੋਰਨਾਂ ਦੇ ਜਸ ਆਦਿਕ ਲਿਖੇ ਗਏ, ਇਸ ਲਈ ਉਪਰਲੇ ਲੇਖ ਦੇ ਨਾਲ ਹੀ ਪੜ੍ਹੋ ਰਾਸ ੧ ਅੰਸੂ ੧ ਅੰਕ ੨੦ ਤੋਂ ੨੭ ਦਾ ਭਾਵ।

੨. ਰਾਸ ੧੦ ਅੰਸੂ ੧੮ ਅੰਕ ੨੦ ਵਿਚ ਦਸਦੇ ਹਨ ਕਿ ਗੌਰੇ ਦੀ ਔਲਾਦ ਥੋੜੀ ਤੇ ਸੰਤ ਦਾਸ ਦੀ ਬਹੁਤੀ ਕਵੀ ਨੇ ਵੇਖੀ ਹੈ। ਯਥਾ:—ਤਿਸਕੋ ਬੰਸ ਹਜ਼ਾਰੋਂ ਹੇਰਾ।

੩. ਰਾ: ੧੧ ਅੰਸੂ ੪੪ ਵਿਚ ਆਪ ਲਿਖਦੇ ਹਨ:—

ਕਹਿ ਕਵਿ ਸਿੰਘ ਬੰਸ ਤਿਸ ਕੇਰਾ। ਗ੍ਰਾਮ ਬਾਰਨੇ ਮਹਿਂ ਅਬ ਹੇਰਾ।
ਜਬ ਲੌ ਗੰਦਾਧੂਮ ਨ ਪੀਯੋ। ਤਬ ਲੌ ਘਰ ਮਹਿਂ ਸਭਿ ਕਿਛ ਥੀਯੋ ॥੪੭॥
ਜੋ ਅਬ ਅਹੈ ਕਰਜੈ ਤਿਨ ਪਾਨ। ਭਯੋ ਰੰਕ ਧਨ ਧਾਨ ਸੁ ਹਾਨ।
ਹਮ ਬੀ ਮਿਲ ਤਿਸ ਕੋ ਦੇ ਤ੍ਰਾਸ। ਖਾਨ ਹੇਤ ਅੰਨ ਨਹਿਂ ਜਿਸ ਪਾਸ ॥੪੮॥
ਗੰਦਾਧੂਮ ਪਿਯਨਿ ਤਜਿਵਾਯੋ। ਖੰਡੇ ਕੋ ਅੰਮ੍ਰਿਤ ਪੀਲਾਯੋ।
ਪੁਨ ਕਿਛ ਜਾਨਜੈ ਗਯੋ ਨ ਸੋਇ। ਰੰਕ ਰਹਜੈ ਕੇਯੋਂ ਧਨਿ ਹੋਇ ॥ ੪੯ ॥

੪. ਬੁਧੂ ਸ਼ਾਹ ਨੂੰ ਮਿਲੀਆਂ ਚੀਜ਼ਾਂ ਬਾਬਤ ਅਪਣੀ ਡਿੱਠੀ ਗਲ ਦਸਦੇ ਹਨ:—
ਕੰਧ ਬਿਖੇ ਰਖ ਤਾਂਹਿ ਕੋ ਤਾ ਮਹਿਂ ਦੀਨ ਚਿਨਾਇ। ਅਠ ਦਸ ਮੈ ਸਤ੍ਰਹਿ ਬਿਖੇ ਔਚਕ ਗਿਰੀ ਸੁ ਜਾਇ ॥੫੨॥ ਨਿਕਸੀ ਤਬ ਸੈ ਕਰੀ ਹੁਕਮ ਪੱਤ੍ਰ ਪਠਿ ਜਾਨ। ਰਹਤ ਹੁਤੇ ਕਵਿ ਜਿਸ ਨਿਕਟ ਸੋ ਸਰਦਾਰ ਮਹਾਨ ॥ ੫੩ ॥ ਪੂਰਬ ਲਜਾਏ ਸੋ ਤਹਾਂ ਦੇਖੀ ਸਭਨਿ ਪਛਾਨ। ਮਾਨੀ ਸਿਰ ਧਰਿ ਦੇਤਿ ਭੇ ਸਿਖ ਬਹੁ ਧਨ ਕੋ ਦਾਨ ॥ ੫੪ ॥ ਸੰਤਤਿ ਬੁੱਧੂ ਸ਼ਾਹ ਕੀ ਅਬ ਲੌ ਤਹਾਂ ਅਲੰਬ। ਕਰਤਿ ਜੀਵਕਾ ਤਿਸੀ ਤੇ ਪਾਵਤਿ ਦਰਬ ਕਦੰਬ ॥ ੫੫ ॥ ਸੰਮਤ ਬੀਤੇ ਆਇ ਸੋ ਹਮ ਕੋ ਦਰਸ ਦਿਖਾਇ। ਬੁੱਧੂ ਸ਼ਾਹ ਪ੍ਰਸੰਗ ਕੋ ਭਾਖਜੈ ਸਕਲ ਬਨਾਇ ॥ ੫੬ ॥ [ ਰੁ: ੨ ਅੰ: ੨੪

੫. ਰੁਤ ੧ ਅੰਸੂ ੫ ਦੇ ਆਦਿ ਵਿਚ ਪਤਾ ਦੇਂਦੇ ਹਨ ਕਿ ਜਿਥੇ ਬਾਬੇ ਬੁੱਢੇ ਨੇ ਘੋੜੇ ਚਾਰੇ ਸਨ, ਉਸ ਟਿਕਾਣੇ ਬ੍ਰਿਧ ਵੰਸ਼ ਦੇ ਬਾਬਾ ਗੁਰਦਿੱਤਾ ਜੀ ਨੇ ਨਾਵੇਂ ਸਤਿਗੁਰਾਂ ਦੇ ਸਾਕੇ ਹੋਣ ਪਰ ਸਰੀਰ ਤਿਆਗਿਆ, ਇਸ ਟਿਕਾਣੇ ਬਾਬਤ ਕਵੀ ਜੀ ਲਿਖਦੇ ਹਨ:—ਹੇਰ ਨਰਨ ਤਿਹਠਾਂ ਸਸਕਾਰਾ। ਅਬਲੌ ਚਿੰਨ੍ਹਤਿ ਥਾਨ ਨਿਹਾਰਾ ॥ ੪ ॥

ਜਿਸ ਤੋਂ ਪਤਾ ਲਗਾ ਕਿ ਕਵੀ ਜੀ ਦੇ ਸਮੇਂ ਤਕ ਇਹ ਟਿਕਾਣਾ ਮੌਜੂਦ ਸੀ। ਹੁਣ ਜੋ ਖੋਜ ਅਸੀਂ ਕਰ ਸਕੇ ਹਾਂ ਇਸ ਟਿਕਾਣੇ ਦਾ ਪਤਾ ਨਹੀਂ ਲੱਗਾ*। ਪਤਾ ਨਹੀਂ ਕਿਸੇ ਵੇਲੇ ਦਰਯਾ ਨੇ ਗੁੰਮ ਕੀਤਾ ਹੈ ਜਾਂ ਅਜੇ ਹੈ ਤੇ ਥਹੁ ਨਹੀਂ ਪਿਆ। ਘਟ ਤੋਂ ਘਟ ਵਿਸ਼ੇਸ਼ ਖੋਜੀ ਲਈ ਇਕ ਕੰਮ ਖੋਜ ਦਾ ਮਿਲਦਾ ਹੈ।

੬. ਭੀਖਣ ਸ਼ਾਹ ਲਖਨੌਰ ਦਸਮੇਸ਼ ਜੀ ਨੂੰ ਮਿਲਿਆ ਸੀ ਤੇ ਉਸਨੇ ਬਿਨੈ ਕੀਤੀ ਸੀ ਕਿ ਤੁਸਾਂ ਜੋ ਤੁਰਕਾਂ ਦੀਆਂ ਜੜ੍ਹਾਂ ਪੁੱਟੀਆਂ ਜਾਣ ਦੇ ਅਗੰਮ ਵਾਕ ਕਹੇ ਹਨ, ਮੇਰਾ ਟੁਕੜਾ ਬਣਿਆ ਰਹੇ। ਇਸ ਪਰ ਸਤਿਗੁਰਾਂ ਨੇ ਫੁਰਮਾਇਆ ਸੀ:—ਚਿਰੰਕਾਲ ਰਹਿ ਦੇਗ ਤੁਮਾਰੀ ॥ ੨੬ ॥ ਜੋ ਤੇਰੇ ਟੁਕਰੇ ਕੋ ਖੋਵਹਿ। ਖੋਯੋ ਜਾਇਸੁ ਨਹਿਂ ਥਿਰ ਹੋਵਹਿ।'

---

*ਭਾਈ ਮੱਖਣ ਸਿੰਘ ਦੇ ਲਿਖੇ ਦਿਲੀ ਗੁਰਦਵਾਰਿਆਂ ਦੇ ਹਾਲਾਤ, ਪੰਡਤ ਤਾਰਾ ਸਿੰਘ ਦਾ ਰਤੀਰਥ ਸੰਗ੍ਰਹਿ ਤੇ ਮਹਾਨ ਕੋਸ਼ ਵਿਚੋਂ ਬੀ ਇਸ ਟਿਕਾਣੇ ਦਾ ਥਹੁ ਨਹੀਂ ਲਗਾ।

ਇਸ ਵਾਕ ਪਰ ਕਵੀ ਜੀ ਕਹਿੰਦੇ ਹਨ:—
ਕਵਿ ਸੰਤੋਖ ਸਿੰਘ ਕਰਤਿ ਉਚਾਰੇ ॥ ਇਸ ਕੋ ਗ੍ਰਾਮ ਸੁ ਨਿਕਟ ਹਮਾਰੇ ॥
ਚਹੁੰ ਦਿਸ਼ ਸਿੰਘਨ ਰਾਜ ਬਡੇਰਾ ॥ ਠਸਕਾ ਗ੍ਰਾਮ ਬੀਚ ਹਮ ਹੇਰਾ ॥ ੪੨ ॥
ਸ਼ਾਹੁ ਭੀਖ ਕੇ ਰਹੇ ਫਕੀਰ ॥ ਦੇਤਿ ਦੇਗ ਜੋ ਆਵਹਿ ਤੀਰ ॥ ਸਿੰਘ ਭੂਪ ਨਹਿ
ਛੀਨਯੋ ਕਾਹੂ॥ਰਹਯੋ ਤਿਨਹੁ ਢਿਗ ਸਭ ਕੇ ਮਾਹੂੰ ॥੪੩॥ ਸ੍ਰੀ ਗੁਰ ਗੋਬਿੰਦ ਸਿੰਘ
ਕੇ ਬੈਨ ॥ ਜਗ ਮਹਿ ਅਟਲ ਮਿਟੈਂ ਕਿਮ ਹੈ ਨ ॥ [ਰਾ: ੧੨ ਅੰਸ ੫੬

੭. ਰਾਇਪੁਰ ਰਾਣੀ ਦੇ ਵੰਸ਼ਜ ਕਵੀ ਜੀ ਨੇ ਆਪ ਦੇਖੇ:—
ਕਹੈ ਕਵੀਸ਼ਰ ਤਹਾਂ ਕੇ ਹੇਰੇ ਸਿਰਦਾਰਾ ॥ ਅਬ ਲੌ ਮਾਨਹਿੰ ਦੁਰਗ ਮਹਿੰ ਸ਼ੁਭ
ਥਾਨ ਸੁਧਾਰਾ ॥ ੩੫ ॥ ਦ੍ਵੈ ਭ੍ਰਾਤਾ ਥੇ ਹਮ ਪਿਖੇ ਗੁਰ ਬਰ ਨਿਤ ਸਾਚਾ ॥ [ਤ੍ਰ: ੨ ਐਕ ੨੪
ਇਸ ਟਿਕਾਣੇ ਗੁਰਦਵਾਰਾ ਅਜੇ ਹੈ। ਕਵੀ ਜੀ ਦੀ ਉਗਾਹੀ, ਇਤਿਹਾਸਿਕ ਸਬੂਤ
ਗੁਰਦਵਾਰਿਆਂ ਦੇ ਕਾਇਮ ਰਹਿਣਗੇ।

## ਸੁਣੇ ਸਮਾਚਾਰ:—

੧. ਅਬ ਗੁਰ ਜਾਗਾ ਨਾਮ ਕੋ ਭਾਖਤ ਹੈਂ ਟੋਕਾਂ ॥ ਸਿੰਘਨ ਤੇ ਹਮ ਸ਼੍ਰੋਨ ਸੁਨ
ਨਹਿੰ ਆਂਖ ਬਿਲੋਕਾ ॥ [ਰੁ: ੨ ਅੰਸ ੪੪

੨. ਰਾਇ ਕੱਲੇ ਦੇ ਪੋਤੇ ਨੇ ਸਤਿਗੁਰਾਂ ਦੀ ਕ੍ਰਿਪਾਨ ਦੀ ਅਵੱਗਜਾ ਕੀਤੀ ਤੇ ਓਹ
ਉਸੇ ਤਲਵਾਰ ਨਾਲ ਹਰਨ ਨੂੰ ਮਾਰਦਾ ਆਪ ਜ਼ਖਮੀ ਹੋਕੇ ਢਹਿ ਪਿਆ
ਤੇ ਮਰ ਗਿਆ। ਇਸ ਵਾਕਿਆ ਪਰ ਕਵੀ ਜੀ ਲਿਖਦੇ ਹਨ:—
ਪੰਥ ਬਿਖੇ ਹੀ ਮਰ ਗਯੋ ਨਹਿੰ ਘਰ ਲਗ ਆਵਾ ॥ ਕਵਿ ਭਾਖੇ ਹਮ ਅਲਪ
ਬਯ ਜਬ ਇਹ ਸੁਨ ਪਾਵਾ ॥ ਗੁਰ ਕ੍ਰਿਪਾਨ ਤੇ ਕਟ ਮਰਯੋ ਬਨ ਗਏ ਅਖੇਰਾ।
ਰਾਜ ਬੰਸ ਅਰ ਤੇਜ ਸਭ ਜੁਤਿ ਮੂਲ ਉਖੇਰਾ ॥੧੭॥ਫੁਰਯੋ ਬਾਕ ਸਤਿਗੁਰੂ ਕਾ
ਸੁਨ ਸ੍ਰੁਤ ਦ੍ਰਿਗ ਹੇਰਾ*॥ ਇਮ ਤਿਨ ਕੋ ਅਵਸਾਨ ਭਾ ਜਗ ਲਖੇ ਘਨੇਰਾ ॥ [ਰਾ: ੬-੫੪

੩. ਇਸੀ ਤਰ੍ਹਾਂ ਰਾਮ ਸਿੰਘ ਦੀ ਵੰਸ਼ ਵਿਚ ਰੋਗ ਦਾ ਜਾਰੀ ਰਹਿਣਾ ਆਪ ਦਸਦੇ
ਹਨ ਕਿ ਅਸਾਂ ਸੁਣਿਆ ਹੈ, ਨਹੀਂ ਕਹਿੰਦੇ ਕਿ ਅਸਾਂ ਡਿੱਠਾ ਹੈ।
ਕਹਿ ਕਵਿ ਹਮ ਨੇ ਸੋ ਸੁਨਯੋ ਅਬ ਲੌ ਬਡ ਰੋਗੁ।
ਚਲਯੋ ਆਇ ਤਿਸ ਬੰਸ ਮਹਿੰ ਭੋਗਹਿੰ ਦੁਖ ਭੋਗੁ ॥ [ਰੁ: ੬ ਅੰਸੁ ੫੬-੧੭

# ੨੦. ਕਵਿ ਜੀ ਦੇ ਸਫਰ।

'ਨੂਰ ਦੀ ਸਰਾਂ' ਤੋਂ ਅੰਮ੍ਰਿਤਸਰ ਤਕ ਤਾਂ ਕਈ ਵੇਰ ਆਏ ਗਏ, ਤਰਨ ਤਾਰਨ ਰਾਹ ਵਿਚ ਹੀ ਹੈ। ਅੰਮ੍ਰਿਤਸਰ ਤੇ ਬੂੜੀਏ ਦੇ ਸਫਰ ਬੀ ਸਫੁਟ ਹਨ। ਬੂੜੀਏ ਤੋਂ ਪਟਿਆਲੇ ਤੇ ਪਟਿਆਲੇ ਤੋਂ ਕੈਂਥਲ ਜਾਣ ਵਿਚ ਕੋਈ ਸ਼ੱਕ ਹੀ ਨਹੀਂ। ਕੈਥਲ ਪਹੁੰਚਣ ਤੋਂ ਪਹਿਲਾਂ

*ਅਰਥਾਤ ਜਿਨ੍ਹਾਂ ਅੱਖੀਂ ਡਿੱਠਾ ਸੀ ਉਨ੍ਹਾਂ ਤੋਂ ਮੈਂ ਸੁਣਿਆ ਹੈ।

'ਕਿਤ ਕਿਤ ਰਹੇ' ਲਿਖਦੇ ਹਨ, ਪਰ ਇਸਦਾ ਪਤਾ ਨਹੀਂ ਲੱਭਾ। ਨਾਮ ਕੋਸ਼ ਤੋਂ ਪਤਾ ਲਗਦਾ ਹੈ ਕਿ ਬੂੜੀਏ ਤੋਂ ਆਪ ਅੰਮ੍ਰਿਤਸਰ ਆਏ। ਕੋਸ਼ ਓਥੇ ਅਰੰਭਿਆ ਸੀ ਤੇ ਏਥੇ ਮੁਕਾਯਾ। ਸ੍ਰੀ: ਗੁ: ਨਾ: ਪ੍ਰ: ਤੋਂ ਪਤਾ ਲਗਦਾ ਹੈ ਕਿ ਏਹ ਗ੍ਰੰਥ ਬੂੜੀਏ ਮੁੱਕਾ। ਸੋ ਇਹ ਸਫਰ ਬੀ ਸਪਸ਼ਟ ਹੈ। ਇਸੀ ਤਰ੍ਹਾਂ ਆਪ ਊਨੇ ਸਾਹਿਬ ਬੀ ਗਏ ਹਨ। ਦੇਖੋ ਪੰਨਾ ੧੩੫।

ਸ੍ਰੀ ਕਰਤਾਰ ਪੁਰ ਜਾਣਾ ਬੀ ਕਵੀ ਜੀ ਦੇ ਅਪਣੇ ਲਿਖੇ ਅਨੁਸਾਰ ਸਿੱਧ ਹੁੰਦਾ ਹੈ, ਆਪ ਜੀ ਨੇ ਕਰਤਾਰ ਪੁਰ ਜਾਕੇ, ਪੰਚਮ ਪਾਤਸ਼ਾਹ ਜੀ ਵਾਲੀ ਬੀੜ ਦੇ ਦਰਸ਼ਨ ਕੀਤੇ ਹਨ ਤੇ ਪੱਤ੍ਰਿਆਂ ਦੇ ਹਾਸ਼ੀਏ ਰੀਵੇ ਹੋਏ ਤੱਕ ਕੇ ਲਿਖਦੇ ਹਨ:—ਗਰਜੋ ਸੁਪੇਦਾ ਕਾਗਦ ਜੋਇ। ਅਪਰ ਲਗਾਇ ਸੁਧਾਰਜੋ ਸੋਇ। ਅਬ ਲੌ ਚਿੰਨ੍ਹਿਤ ਪੱਤਰੇ ਸਾਰੇ। ਕਹਤਿ ਕਵੀ ਹਮ ਆਪ ਨਿਹਾਰੇ॥ ੪੯॥ [ਰਾਸ ੧੧ ਅੰਸੂ ੨੬

ਗੁਰ ਪ੍ਰਤਾਪ ਸੂਰਜ ਤੋਂ ਬੀ ਆਪਦੇ ਸਫਰ ਦੇ ਪਤੇ ਮਿਲਦੇ ਹਨ। ਜੈਸੇ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਫਰ ਦੇ ਟਿਕਾਣਿਆਂ ਵਿਚੋਂ ਬਹੁਤ ਸਾਰੇ ਆਪ ਜੀ ਨੇ ਦੇਖੇ ਲਿਖੇ ਹਨ। ਯਥਾ:—

ਹੜਜਾਏ—ਲਗਜੋ ਤੜਾਗ ਤਹਾਂ ਪੁਨ ਭਾਰੀ। ਜਹਿਂ ਬੈਠੇ ਸੋ ਥਾਨ ਸੁਧਾਰੀ॥ ੨੪॥
ਸੋ ਅਬ ਲੌ ਹਮ ਦੇਖਨ ਕਰਯੋ। ਗੁਰਦ੍ਵਾਰਾ ਤਿਸ ਤੀਰ ਨਿਹਰਯੋ। [ਰਾ: ੧੧ ਅੰਸੂ ੩੫

ਖਜਾਲਾ—ਸੋ ਅਬ ਲਗੇ, ਕਹੈ ਕਵਿ ਜਾਨੇ॥ ੨੪॥ ਗ੍ਰਾਮ ਸੁ ਖਜਾਲੇ ਮਹਿਂ ਅਬ ਅਹੈ। [ਰਾ: ੧੧—੩੮

ਬਾਰਨੇ—ਕਹਿ ਕਵਿ ਸਿੰਘ ਬੰਸ ਤਿਸ ਕੇਰਾ। ਗ੍ਰਾਮ ਬਾਰਨੇ ਮਹਿਂ ਅਬ ਹੇਰਾ। [ਰਾ: ੧੧—੪੪

ਬਣੀ ਬਦਰਪੁਰ—ਬਣੀ ਬਦਰਪੁਰ ਏਕ ਸਥਾਨਾ…… । ਗੁਰਦ੍ਵਾਰਾ ਤਹਿਂ ਅਬ ਹਮ ਹੇਰਾ। [ਰ: ੧੧—੪੫—੨੯

ਮੁਕੰਦਪੁਰਾ—ਅਬਲੌ ਤਹਾਂ ਖਰੀ ਤਰੁ ਬਨੀ। ਹਮ ਨੇ ਕਰੀ ਨਿਹਾਰਨ ਘਨੀ॥ ੪੪॥ [ਰਾ: ੧੦—੪

ਰਾਣੀ ਕਾ ਰਾਇਪੁਰ—ਕਹੈ ਕਵੀਸ਼ਰ ਤਹਾਂ ਕੇ ਹੇਰੇ ਸਿਰਦਾਰਾ॥ ਅਬ ਲੌ ਮਾਨੇ ਦੁਰਗ ਮਹਿਂ ਸ਼ੁਭ ਥਾਨ ਸੁਧਾਰਾ॥ ੩੫॥ ਦ੍ਵੈ ਭ੍ਰਾਤਾ ਥੇ ਹਮ ਪਿਖੇ ਗੁਰ ਬਰ ਨਿਤਸਾਚਾ॥ [ਰੁ: ੨ ਅੰ ੩੪

ਚਿਹਕਾ—ਇਸੀ ਦਸ਼ਾ ਮਹਿਂ ਅਬ ਲੌ ਅਹੈਂ। 'ਹਮ ਨੇ ਪਿਖੇ' ਸਿੰਘ ਕਵਿ ਕਹੈ॥ ੧੯॥ [ਰਾ: ੧੨—੩੪

ਠਸਕਾ—ਚਹੁ ਦਿਸ਼ ਸਿੰਘਨ ਰਾਜ ਬਡੇਰਾ। ਠਸਕਾ ਗ੍ਰਾਮ ਬੀਚ ਹਮ ਹੇਰਾ॥੪੨॥ [ਰਾ: ੧੨—੫੬

ਦਿੱਲੀ—ਦਿੱਲੀ ਬੀ ਆਪ ਪੁੱਜੇ ਹਨ, ਬਾਬਾ ਬੁੱਢਾ ਜੀ ਜਿਥੇ ਘੋੜੇ ਲੈ ਕੇ ਜਮੁਨਾ ਕਿਨਾਰੇ ਟਿਕੇ ਸਨ ਤੇ ਜਿਥੇ ਬਾਬਾ ਬੁਢਾ ਜੀ ਦੇ ਪੋਤ੍ਰੇ ਬਾਬਾ ਗੁਰਦਿੱਤਾ ਜੀ ਨੇ ਸਰੀਰ ਤਿਆਗਿਆ ਤੇ ਜੋ ਥਾਂ ਅੱਜ ਕਲ ਬੇ ਪਤਾ ਹੈ, ਉਹ ਥਾਂ ਕਵੀ ਜੀ ਨੇ ਡਿੱਠਾ ਹੈ:— [ਰਾ: ੧ ਅੰਸੂ ੫—੪
ਅਬ ਲੌਂ ਚਿੰਨ੍ਹਤ ਥਾਨ ਨਿਹਾਰਾ।

ਜੈ ਪੁਰ, ਪੁਸ਼ਕਰ—ਇਨ੍ਹਾਂ ਥਾਵਾਂ ਤੇ ਜਾਣ ਦਾ ਪੂਰਾ ਪਤਾ ਤਾਂ ਨਹੀਂ ਲਗਦਾ, ਪ੍ਰਸੰਗ ਪੜ੍ਹਨ ਤੋਂ ਜਾਪਣ ਲਗ ਜਾਂਦਾ ਹੈ ਕਿ ਗਏ ਹਨ।

ਕਾਂਸ਼ੀ–ਕਾਸ਼ੀ ਦਾ ਹਾਲ ਜਦ ਵਰਣਨ ਕਰਦੇ ਹਨ ਤਾਂ ਬੀ ਆਪ ਐਉਂ ਲਿਖਦੇ ਹਨ ਜਿਵੇਂ ਕਿ ਦੇਖ੍ਯਾ ਹੁੰਦਾ ਹੈ।

ਪਾਉਂਟਾ-ਇਸੀ ਤਰ੍ਹਾਂ ਆਪ ਪਾਉਂਟੇ ਸਾਹਿਬ ਬੀ ਗਏ ਹਨ, ਇਲਾਕੇ ਦਾ ਵਰਣਨ, ਰਾਜ ਪੁਰ, ਗਿਰੀ, ਆਦਿ ਜਗ੍ਹਾਂ ਦੇ ਪਤੇ ਦਿੰਦੇ ਤੇ ਹੂਬਹੂ ਨਕਸ਼ੇ ਖਿਚਵੇ ਲਿਖਦੇ ਹਨ:–

ਅਬ ਲੌ ਥਲ ਤਿਸ ਖਹੇ ਰਸਾਲ। ਕਹੈ ਸਿੰਘ ਕਵਿ ਪਿਖੇ ਬਿਸਾਲ ॥ ੧੧ ॥ (ਰੁਤ ੧ ਅੰਸੂ ੧੦

ਅਨੰਦਪੁਰ–'ਵਿਦਯਾ ਧਰ ਗ੍ਰੰਥ' ਤੋਂ ਗੁਰੂ ਜਸ ਦੇ ਕਬਿੱਤ ਲੈਣ ਬਾਬਤ ਜ਼ਿਕਰ ਕਰਦਿਆਂ ਤੇ ਅਨੰਦ ਪੁਰ ਦੇ ਹੋਰ ਹਾਲ ਦਸਦਿਆਂ ਕਈ ਥਾਈਂ ਐਸੀ ਸੰਭਾਵਨਾ ਹੁੰਦੀ ਹੈ ਕਿ ਆਪ ਗਏ ਹਨ। ਜੈਸੇ ਕਿ ਬਰਛੀ ਮਾਰਕੇ ਪਾਣੀ ਕੱਢਣ ਵਾਲੀ ਥਾਂ ਕਹਿੰਦੇ ਹਨ ਕਿ ਹੁਣ ਤੇੜੀ ਇਹ ਥਾਂ ਚਿੰਨ੍ਹਤ ਹੈ।

## ੨੧. ਰਾਮ ਰਾਇ ਦੀਆਂ ਕਰਾਮਾਤਾਂ।

ਆਪਣੇ ਤੇ ਮਹਾਰਾਜ ਦੇ ਇਕੱਠੇ ਕੀਤੇ ਕਰਾਏ ਸੰਚੇ ਤੋਂ ਛੁਟ ਭਾਈ ਸੰਤੋਖ ਸਿੰਘ ਜੀ ਨੂੰ ਗੁ: ਪ੍ਰ: ਸੂਰਜ ਰਚਨਾਂ ਵਿਚ ਅਕਸਮਾਤ ਲੇਖ ਮਿਲਣ ਦੇ ਪ੍ਰਸੰਗ ਵੀ ਸੁਣਨ ਵਿਚ ਆਉਂਦੇ ਹਨ। ਇਕ ਦਿਨ ਕਵੀ ਜੀ ਦੇ ਘਰ ਪ੍ਰਾਹੁਣੇ ਸੰਤ ਆਏ, ਉਨ੍ਹਾਂ ਨੇ ਆਪਣਾ ਗਾਤ੍ਰਾ ਕਿੱਲੀ ਨਾਲ ਟੰਗ ਦਿੱਤਾ ਤੇ ਆਪ ਇਸ਼ਨਾਨ ਪਾਣੀ ਕਰਕੇ ਪ੍ਰਸ਼ਾਦ ਛਕਿਆ, ਰਾਤ ਆਰਾਮ ਕੀਤਾ ਤੇ ਸਵੇਰੇ ਤੜਕੇ ਹੀ ਆਪਣੇ ਰਾਹੇ ਟੁਰ ਗਏ। ਜਦ ਦਿਨ ਚੜ੍ਹਿਆ ਤਾਂ ਆਪ ਦੀ ਸੁਭਾਗ ਇਸਤ੍ਰੀ ਨੇ ਡਿੱਠਾ ਕਿ ਸੰਤਾਂ ਦਾ ਗਾਤ੍ਰਾ ਕਿੱਲੀ ਨਾਲ ਹੀ ਲਟਕਿਆ ਰਹਿ ਗਿਆ ਹੈ। ਜਦੋਂ ਇਹ ਗਾਤ੍ਰਾ ਖੁਹਲਕੇ ਡਿੱਠਾ ਗਿਆ ਤਾਂ ਇਸ ਵਿਚ ਇਕ ਲਿਖਤੀ ਗੁਟਕਾ ਸੀ, ਜਿਸ ਵਿਚ ਰਾਮਰਾਇ ਜੀ ਦੀਆਂ ਕਰਾਮਾਤਾਂ ਲਿਖੀਆਂ ਸਨ ਜੋ ਉਨ੍ਹਾਂ ਨੇ ਔਰੰਗਜ਼ੇਬ ਨੂੰ ਦਿਖਾਈਆਂ ਸਨ। ਕਵੀ ਜੀ ਉਨ੍ਹਾਂ ਦਿਨਾਂ ਵਿਚ ਰਾਮਰਾਇ ਜੀ ਦਾ ਪ੍ਰਸੰਗ ਲਿਖਣ ਵਾਲੇ ਸਨ ਤੇ ਆਪ ਨੂੰ ਕਰਾਮਾਤਾਂ ਦੇ ਵੇਰਵੇ ਦਾ ਪਤਾ ਨਹੀਂ ਸੀ ਲਗਦਾ, ਸੋ ਇਸ ਗੁਟਕੇ ਤੋਂ ਮਿਲ ਗਿਆ। ਚਾਹੇ ਤਾਂ ਇਹ ਗਲ ਕੁਦਰਤ ਨਾਲ ਹੋਈ ਕਿ ਇਕ ਸਾਧੂ ਆਪਣੀ ਪੋਥੀ ਭੁੱਲ ਗਿਆ ਤੇ ਚਾਹੋ ਉਹ ਰਾਮਰਾਈਆ ਸੰਤ ਸੀ, ਇਸ ਤਰਕੀਬ ਨਾਲ ਅਪਣੇ ਬਜ਼ੁਰਗ ਦੀਆਂ ਕਰਾਮਾਤਾਂ ਦਾ ਵੇਰਵਾ ਓਥੇ ਛੋੜ ਆਇਆ ਜਿਸ ਨੂੰ ਕਵਿ ਜੀ ਨੇ ਸ਼ਰਧਾ ਭਾਵ ਨਾਲ ਬਿਨਾਂ ਛਾਣ ਬੀਣ ਕੀਤੇ ਦੇ ਆਪਣੇ ਗ੍ਰੰਥ ਵਿਚ ਲਿਖ ਲਿਆ। ਇਹ ਤਾਂ ਸਾਰੇ ਦੇਸ਼ ਵਿਚ ਪਤਾ ਸੀ ਕਿ ਗੁ: ਪ੍ਰ: ਸੂਰਜ ਗ੍ਰੰਥ ਲਿਖਿਆ ਜਾ ਰਿਹਾ ਹੈ ਤੇ ਓਥੇ ਪੋਥੀਆਂ ਦੀ ਲੋੜ ਹੈ। ਕਵੀ ਜੀ ਦੀ ਕਾਕੀ ਰਾਮਰਾਈਆਂ ਦੇ ਪਰਨੀ ਹੋਈ ਸੀ ਜਿਨ੍ਹਾਂ ਨੂੰ ਕਵੀ ਜੀ ਨੇ ਸਿੰਘ ਸਜਾਕੇ ਵਿਆਹ ਕੀਤਾ ਸੀ। ਓਥੋਂ ਬੀ ਕਵੀ ਜੀ ਦਾ ਹਾਲ ਰਾਮਰਾਈਆਂ ਵਿਚ ਪ੍ਰਸਿੱਧ ਸੀ। ਸੋ ਅਚਰਜ ਨਹੀਂ ਕਿ ਪੋਥੀ ਜਾਣਕੇ ਓਥੇ ਇਸ ਢੰਗ ਨਾਲ ਪੁਚਾਈ ਗਈ ਹੋਵੇ ਕਿ ਜਿਸ ਨਾਲ ਕਵੀ ਜੀ ਦਾ ਮਨ ਪੋਥੀ ਦੀ ਪ੍ਰਾਪਤੀ ਨੂੰ ਦੈਵੀ ਸਹਾਇਤਾ ਸਮਝ ਲਵੇ ਤੇ ਕਿੰਤੂ ਕੀਤੇ ਬਿਨਾਂ ਅਨੁਵਾਦ ਕਰ ਲਵੇ। ਰਾਮਰਾਇ ਜੀ ਚਾਹੇ ਗੁਰੂ ਗੱਦੀ ਦੇ ਯੋਗ ਸੱਤਵੇਂ ਗੁਰਾਂ ਨੇ ਨਾ ਸਮਝੇ ਪਰ ਉਨ੍ਹਾਂ ਦੀ ਬਖਸ਼ਿਸ਼ ਨਾਲ ਆਪ ਕਰਾਮਾਤੀ ਤੇ ਕਰਨੀ ਵਾਲੇ ਤੇ ਸੁੱਚੇ ਇਖ਼ਲਾਕ ਵਾਲੇ ਹੋ ਚੁਕੇ ਸੇ। ਕਰਾਮਾਤਾਂ ਵਿਚ ਜੋ ਬਾਤਾਂ

ਸ਼ੁਭਾਚਰਨ ਵਿਰੁੱਧ ਹੈਨ ਰਾਮਰਾਇ ਜੀ ਕਦੇ ਨਾਂ ਕਰਦੇ। ਇਨ੍ਹਾਂ ਕਰਾਮਾਤਾਂ ਵਿਚ ਐਹੋ ਜਿਹੀਆਂ
ਗੱਲਾਂ ਜੈਸਾ ਕਿ ਪਦਮਨੀ ਦਾ ਪ੍ਰਸੰਗ ਹੈ ਦਸਦੀਆਂ ਹਨ ਕਿ ਜੋ ਪੋਥੀ ਕਵੀ ਪਾਸ ਇਉਂ ਪੁਚਾਈ
ਗਈ ਸੀ, ਓਸ ਵਿਚ ਲਿਖਣਹਾਰੇ ਨੇ ਕਈ ਗੱਲਾਂ ਲੋਕ ਪ੍ਰਸਿੱਧ ਵਿਗੜੇ ਇਤਿਹਾਸ ਦੀਆਂ ਬੀ
ਲਿਖ ਦਿਤੀਆਂ ਸਨ। ਜੈਸੇ ਕਿ ਪਦਮਨੀ ਵਾਲੀ ਕਰਾਮਾਤ। ਇਸ ਦੀ ਵੀਚਾਰ ਐਉਂ ਹੈ! ਸੰਸਕ੍ਰਿਤ
ਸਾਹਿਤਯ ਵਿਚ ਪਦਮਨੀ ਖਾਸ ਕਿਸਮ ਦੇ ਲੱਛਣਾਂ ਵਾਲੀ ਇਸਤ੍ਰੀ ਦੱਸੀ ਗਈ ਹੈ*। ਇਹ ਪਦ-
ਮਨੀ ਕਿਸੇ ਦੇਸ਼ ਕਿਸੇ ਥਾਂ ਦੀ ਹੋ ਸਕਦੀ ਹੈ। ਪਰੰਤੂ ਇਕ ਪਦਮਨੀ ਨਾਮ ਹੈ ਇਕ ਇਤਿਹਾਸਕ
ਇਸਤ੍ਰੀ ਦਾ। ਇਹ ਪਤੀਬ੍ਰਤਾ ਚਿਤੌੜ ਦੇ ਰਾਜੇ ਲਛਮਣ ਸਿੰਹ ਦੇ ਚਾਚਾ ਭੀਮ ਸਿੰਹ ਦੀ ਰਾਣੀ
ਹੋਈ ਹੈ। ਰਾਜਾ ਭੀਮ ਸਿੰਹ ਸਿੰਗਲਾਦੀਪ ਦੀ ਰਾਜ ਕੁਮਾਰੀ ਪਦਮਾਵਤੀ ਵਿਆਹ ਲਿਆਇਆ
ਸੀ। ਇਸ ਰਾਣੀ ਨੂੰ ਪਦਮਨੀ ਕਰਕੇ ਆਮ ਲੋਕ ਸਦਦੇ ਸਨ ਤੇ ਇਤਿਹਾਸਾਂ ਵਿਚ ਇਹੋ ਨਾਮ
ਪ੍ਰਸਿੱਧ ਹੈ। ਇਸ ਇਸਤ੍ਰੀ ਨੂੰ ਖੁਹਣ ਵਾਸਤੇ ਅਲਾਉਦੀਨ ਖਿਲਜੀ ਨੇ ਬਿ: ਸੰਮਤ ੧੩੬੧
ਵਿਚ ਚਿਤੌੜ ਤੇ ਹਮਲਾ ਕਰਕੇ ਉਸਨੂੰ ਵੈਰਾਨ ਕੀਤਾ ਪਰ ਪਦਮਨੀ ਦੀ ਸੁਆਹ ਤੋਂ ਬਿਨਾਂ
ਉਸਨੂੰ ਕੁਝ ਨਾ ਲੱਭਾ। ਹੁਣ ਤੋਂ ਆਮ ਜੰਨਤਾ ਵਿਚ ਕਾਵਯ ਦੀ ਪਦਮਨੀ ਤੇ ਇਹ
ਪਦਮਨੀ ਰਲ ਮਿਲ ਗਈਆਂ ਤੇ ਇਹ ਖਿਆਲ ਪਸਰ ਗਿਆ ਕਿ ਕਾਵਯ ਵਾਲੀ ਪਦਮਨੀ
ਦਾ ਸੁਦੇਸ਼ ਸਿੰਗਲਾਦੀਪ ਹੈ ਤੇ ਉਥੋਂ ਆਉਂਦੀ ਹੈ। ਕਵੀ ਜੀ ਦੇ ਘਰ ਪੋਥੀ ਜੋ ਪੁਚਾਈ ਗਈ
ਉਸ ਵਿਚ ਸਿੰਗਲਾਦੀਪ ਤੋਂ ਪਦਮਨੀ ਮੰਗਵਾ ਦੇਣ ਵਿਚ ਲੇਖਕ ਦੀ ਮੁਰਾਦ ਇਹ ਹੈ ਕਿ
ਐਡੀ ਦੂਰੋਂ ਰਾਮਰਾਇ ਜੀ ਨੇ ਕਿਡੀ ਛੇਤੀ ਸ਼ੈ ਮੰਗਵਾ ਦਿੱਤੀ। ਪਰ ਓਹ ਇਹ ਗਲ ਭੁੱਲ
ਗਿਆ ਕਿ ਰਾਮਰਾਇ ਜੀ ਦਾ ਸਦਾਚਾਰ ਕਦ ਉਨ੍ਹਾਂ ਨੂੰ ਆਗਿਆ ਦੇ ਸਕਦਾ ਹੈ ਕਿ ਓਹ
ਕਿਸੇ ਨੂੰ ਇਸਤ੍ਰੀਆਂ ਬੀ ਮੰਗਾਕੇ ਦੇਣ।"ਔਰੰਗਜ਼ੇਬ ਦੇ ਸਮੇਂ ਕੋਈ ਸਿੰਗਲਾਦੀਪ ਵਿਚ ਪ੍ਰਸਿਧ
ਪਦਮਨੀ ਨਾਮ ਦੀ ਯਾ ਪਦਮਨੀ ਵਾਲੇ ਲਛਣਾ ਦੀ ਇਸਤ੍ਰੀ ਇਤਿਹਾਸ ਵਿਚ ਨਹੀਂ ਆਈ
ਜਿਵੇਂ ਕਿ ਅਲਾਉਦੀਨ ਦੇ ਸਮੇਂ ਚਤੌੜ ਵਾਲੀ ਪਦਮਨੀ ਆਈ ਹੈ ਕਿ ਜਿਸਦੀ ਸੁੰਦਰਤਾ
ਦੀ ਧਾਕ ਔਰੰਗਜ਼ੇਬ ਤੱਕ ਅਪੜੀ ਹੋਵੇ ਤੇ ਓਹ ਉਸਨੂੰ ਲੈਣਾ ਚਾਹੁੰਦਾ ਹੋਵੇ, ਅਤੇ ਹੁਣ
ਸਾਹਿਬ ਕਰਾਮਾਤ ਦੇ ਮਿਲ ਪੈਣ ਤੋਂ ਉਸਨੇ ਬਿਨਾਂ ਜੰਗ ਰਚਾਏ ਇਹ ਪਦਮਨੀ ਪ੍ਰਾਪਤ
ਕਰ ਲਈ ਹੋਵੇ।" ਇਸਤਰ੍ਹਾਂ ਦੀਆਂ ਕਈ ਕਰਾਮਾਤਾਂ ਊਟ ਪਟਾਂਗ ਹਨ ਜੋ ਕਵੀ ਜੀ ਨੇ ਉਸ
ਪੋਥੀ ਦਾ ਆਗਮ ਕੁਦਰਤ ਵਲੋਂ ਸਮਝਕੇ ਬਿਨ ਪੜਚੋਲੇ ਲਿਖੀਆਂ ਹਨ, ਪੋਥੀ
ਪੁਚਾਉਣ ਵਾਲੇ ਨੇ ਬੀ ਜੇ ਜਾਣਕੇ ਪੁਚਾਈ ਹੈ ਤਾਂ ਸ੍ਰੀ ਰਾਮਰਾਇ ਜੀ ਨਾਲ ਸਿਆਣੀ ਮਿੱਤ੍ਰਤਾ
ਨਹੀਂ ਕੀਤੀ।

---

*ਭਵਤਿ ਕਮਲ ਨੇਤ੍ਰਾ ਨਾਸਿਕਾ ਖ਼ਸ਼ੁਦ੍ਰ ਰੰਧ੍ਰਾ, ਅਵਿਰਲ ਕੁਚ ਯੁਗਮਾ, ਦੀਰਘ ਕੇਸ਼ੀ ਕ੍ਰਿਸ਼ਾਂਗ੍ਰੀ। ਮ੍ਰਿਦੁ ਚਰਣ, ਸੁਸ਼ੀਲਾ, ਗੀਤ ਨ੍ਰਿਤ੍ਯਾਨੁਰਕਤਾ, ਸਕਲ ਤਨੁ ਸੁਵੇਸ਼ਾ ਪਦਮਿਨੀ ਪਦਮ ਗੰਧਾ।

ਅਰਥਾਤ—ਨੈਣ ਕਮਲਾਂ ਵਰਗੇ, ਨਾਸਾਂ ਦੇ ਛੇਕ ਛੋਟੇ,'" ਕੇਸ਼ ਲੰਮੇ, ਅੰਗ ਸੁਹਲ, ਪੈਰ ਕੂਲੇ, ਸੁਭਾਵ ਦੀ ਕੋਮਲ: ਗਾਉਣ ਤੇ ਨ੍ਰਿਤ੍ਯ ਦੀ ਪ੍ਰੇਮਣ, ਸਾਰੇ ਸਰੀਰ ਦੀ ਪੁਸ਼ਾਕ ਸੁਹਣੀ (ਰਖਣ ਵਾਲੀ) ਕਮਲ ਦੀ ਖੁਸ਼ਬੂ ਵਾਲੀ, (ਐਸੇ ਗੁਣਾਂ ਵਾਲੀ) ਪਦਮਨੀ ਹੈ।

# ੨੨. ਗੁਰੂ ਆਰਾਧਨਾ

ਸ੍ਰੀ ਗੁਰੂ ਨਾਨਕ ਪ੍ਰਕਾਸ਼ ਆਰੰਭ ਕਰਨ ਤੋਂ ਪਹਿਲਾਂ ਸ੍ਰੀ ਕਵੀ ਜੀ ਨੇ ਖਾਸ ਇਕਾਂਤ* ਬਹਿਕੇ ਗੁਰੂ ਸਾਹਿਬ ਜੀ ਦੀ ਅਰਾਧਨਾ ਕੀਤੀ ਹੈ। ਆਪ ਜਮੁਨਾ ਦੇ ਕਿਨਾਰੇ ਇਸ਼ਨਾਨ ਕਰਕੇ ਬੈਠ ਜਾਂਦੇ ਤੇ ਕਿੰਨਾ ਚਿਰ ਪਾਠ ਕਰਕੇ ਅਰਦਾਸ ਵਿਚ ਜੁੜੇ ਰਹਿੰਦੇ। ਇਸੀ ਤਰ੍ਹਾਂ ਦੀ ਸਾਖੀ ਮਿਲੀ ਹੈ ਕਿ ਗੁ: ਪ੍ਰ: ਸੂਰਜ ਦੀ ਸਮਾਪਤੀ ਦੇ ਦਿਨਾਂ ਵਿਚ ਆਪ ਉਦਾਸੀਨ ਹੋਣ ਲਗ ਪਏ। ਕਾਰਣ ਇਹ ਸੀ ਕਿ ਅਪਣੀ ਮਿਹਨਤ ਦੇ ਸਿਰੇ ਚੜ੍ਹਨ ਵਿਚ ਸ਼ੰਸੇ ਪੈਣ ਲੱਗ ਗਏ ਸਨ। ਕੈਥਲ ਰਾਜ ਜ਼ਬਤ ਹੋ ਗਿਆ, ਅਪਣੇ ਮੁਰੱਬੀ ਜੀ ਚਲ ਬਸੇ, ਦਿਨ ਰਾਤ ਦੀ ਮਿਹਨਤ ਨਾਲ ਅਪਣਾ ਸਰੀਰ ਥਕਿਤ ਤੇ ਸਿਹਤ ਨੀਵੀਂ ਰਹਿਣ ਲਗੀ, ਸਾਰੇ ਗ੍ਰੰਥ ਵਿਚ ਜੋ ਸਾਮਾਨ ਐਸੇ ਮੱਲੋ ਮੱਲੀ ਪਏ ਸਨ ਕਿ ਜਿਨ੍ਹਾਂ ਦੀ ਸੋਧ ਆਪ ਕਰਨੀ ਚਾਹੁੰਦੇ ਸਨ, ਉਨ੍ਹਾਂ ਲਈ ਸਾਮਾਨ ਤੇ ਸਰੀਰ ਹਾਰ ਦੇਂਦਾ ਦਿਸਦਾ ਸੀ। ਛੇਕੜਲੀਆਂ ਰੁੱਤਾਂ ਤੇ ਐਨਾਂ ਦੇ ਮੰਗਲਾਂ ਵਿਚੋਂ ਇਹ ਥਹੁ ਪੈਂਦਾ ਹੈ ਕਿ ਕਵੀ ਜੀ ਦੀਆਂ ਬੇਨਤੀਆਂ ਵਧੀਕ ਡੂੰਘੀਆਂ ਹਨ ਜੋ ਦਸਦੀਆਂ ਹਨ ਕਿ ਕੰਮ ਮੁਕਾਉਣ ਦੀ ਇੱਛਾ ਬੜੀ ਤੀਬ੍ਰ ਤੇ ਡੂੰਘੀ ਹੋ ਗਈ ਹੈ। ਇਸ ਹਾਲਤ ਵਿਚ ਆਪ ਦੀ ਆਸ ਕਲਗੀਧਰ ਜੀ ਤੋਂ ਛੁਟ ਹੋਰ ਕਿਸ ਪਰ ਹੋ ਸਕਦੀ ਸੀ ਜਿਨ੍ਹਾਂ ਅਗੇ ਅਰਜ਼ਾਂ ਕਰਦੇ ਹੁੰਦੇ ਸਨ:–

ਅਬ ਆਨ ਕੀ ਆਸ ਨਿਰਾਸ ਭਈ ਕਲਗੀਧਰ ਬਾਸ ਕੀਯੋ ਮਨ ਮਾਂਹੀ।

ਲੋਕੀ ਦਸਦੇ ਹਨ ਕਿ ਇਨ੍ਹਾਂ ਦਿਨਾਂ ਵਿਚ ਆਪ ਅਰਾਧਨਾ ਵਿਚ ਲੀਨ ਹੋ ਜਾਇਆ ਕਰਦੇ ਸੇ। ਕਵੀ ਜੀ ਦੇ ਅਪਣੇ ਲਿਖੇ ਵਾਕ ਬੀ ਆਪ ਦੀ ਇਸ ਦਰਸ਼ਨ ਸਿੱਕ ਦੀ ਤੀਬ੍ਰਤਾ ਦੇ ਸੂਚਕ ਹਨ:–

ਕਵਿ ਕਰ ਬੰਦਿ ਗੁਰੂ ਪਦ ਬੰਦੇ। ਸਿੱਖੀ ਜਾਚਹਿ ਆਨੰਦ ਕੰਦੇ।
ਏਕ ਆਸ, ਨਾਸੀ ਅਬਿ ਔਰੀ। ਦਰਸ਼ਨ ਦੇਹੁ ਲਾਲਸਾ ਮੋਰੀ ॥ ੫੬ ॥
[ਨਾ. ਪ੍ਰ. ਪੂ: ਅਧ ੩੯

ਸਾਨੂੰ ਇਹ ਪ੍ਰਸੰਗ ਦੱਸਣ ਵਾਲੇ ਸੱਜਣ ਜੀ ਨੇ ਦੱਸਿਆ ਹੈ ਕਿ ਉਨ੍ਹਾਂ ਨੂੰ ਸੁਨਾਉਣ ਵਾਲੇ ਸੱਜਣ ਨੇ ਦੱਸਿਆ ਸੀ ਕਿ ਕਵੀ ਜੀ ਨੂੰ ਸਾਹਿਬਾਂ ਦੇ ਸਰੂਪ ਦਾ ਇਕ ਦਿਨ ਝਾਉਲਾ ਵੱਜਾ ਤੇ ਧੀਰਜ ਮਿਲਿਆ। ਕਵੀ ਜੀ ਦੀ ਅਪਣੀ ਰਚਨਾਂ ਵਿਚੋਂ ਐਸੀ ਬਾਤ ਸਪਸ਼ਟ ਨਹੀਂ ਪਰ ਇਸ ਤੋਂ ਵਧੀਕ ਕੀਮਤੀ ਨਿਸਚੇ ਤੇ ਅਹਿੱਲ ਸਿਦਕ ਵਾਲੇ ਖਿਆਲ ਜ਼ਰੂਰ ਮਿਲਦੇ ਹਨ, ਜੋ ਆਤਮ ਪ੍ਰਾਪਤੀ ਦੇ ਲਖਾਯਕ ਪੂਰੇ ਹਨ।

ਜੀਵਤਿ ਜਗ ਮਹਿਂ ਸੁਖ ਦਏ, ਬਾਂਛਤਿ ਪ੍ਰਾਪਤਿ ਕੀਨਿ ॥
ਰਿਦੇ ਭਰੋਸ ਪ੍ਰਲੋਕ ਕੋ ਹੋਇਂ ਸਹਾਇ ਪ੍ਰਬੀਨ ॥ ੩੮ ॥ [ਰੁ: ੫ ਅੰਸੂ ੫੨
ਸਭ ਇੱਛਾ ਪੂਰਨ ਕਰੀ ਹਲਤ ਬਿਖੇ ਸੁਖ ਦੀਨ ॥
ਰਿਦੇ ਭਰੋਸਾ ਪਲਤ ਮਹਿਂ ਕਰਹਿਂ ਕਸ਼ਟ ਸਭ ਛੀਨ ॥ ੫ ॥ [ਰੁ: ੬ ਅੰਸੂ ੧

*ਬੂੜੀਏ ਵਿਚ ਉਸ ਟਿਕਾਣੇ ਦਾ ਜਿਥੇ ਕਵੀ ਜੀ ਬੈਠਦੇ ਸਨ ਨਿਸ਼ਾਨ ਹੁਣ ਤਕ ਹੈ, ਇਸ ਦਾ ਪਤਾ ਪਿੱਛੇ ਦੇ ਆਏ ਹਾਂ। ਵੇਖੋ ਪੰਨਾ ੯੫।

ਜਿਨਹੁ ਗੁਰਨ ਲਾਖਹੁ ਨਿਸਤਾਰੇ । ਜੁਗ ਲੋਕਨ ਸੁਖ ਦਯੋ
ਉਦਾਰੇ । ਮਹਿ ਮਹਿੰ ਮਹਿਮਾਂ ਮਹਾਂ ਮਹਾਨ । ਛਪੀ ਨਹੀਂ
ਸਭ ਲਖਹਿ ਜਹਾਨ ॥ ੩੦ ॥ [ਐਨ ੨ ਅੰਸੂ ੨੬

## ੨੩. ਕੈਥਲ ਦੀ ਲੁੱਟ।

ਇਕ ਘਟਨਾ ਕੈਥਲ ਵਿਚ ਜੋ ਵਾਪਰੀ ਕਵੀ ਜੀ ਓਹ ਆਪ ਅਤਿ ਸੰਖੇਪ ਜੇਹੀ ਲਿਖ ਗਏ ਹਨ। ਉਹ ਇਹ ਹੈ:—

ਸ਼ੂਨ ਸ਼ੂਨ ਗ੍ਰਿਹ ਆਤਮਾ ਸੰਮਤ ਆਦਿ ਪਛਾਨ। ਮਧੂ ਮਾਸ ਸ਼ੱਤ੍ਰੂਨ ਕਰਿ
ਭਾ ਉਤਪਾਤ ਮਹਾਨ ॥ ੩੫ ॥ ਪਰੀ ਲੂਟ ਕਪਿਥਲ ਵਿਖੇ ਮਿਲੇ ਚੋਰ
ਬਟਪਾਰ। ਆਪ ਆਪ ਕੋ ਭਜ ਚਲੇ ਤਜਿ ਪੁਰਿ ਸਭਿ ਇਕ ਬਾਰ ॥ ੩੬ ॥
ਸਿੰਘ ਫਿਰੰਗੀ ਗਹਿ ਲਏ ਕੈਦ ਕਰੇ ਵਥੁ ਛੀਨ। ਮੰਤਨ ਕੇ ਅਸਥਾਨ
ਭੀ ਲੂਟ ਕੂਟ ਭੇ ਦੀਨ ॥ ੩੭ ॥ ਅਸ ਅਪਦਾ ਕੇ ਦਿਨਨ ਮੈਂ ਸਤਿਗੁਰ
ਭਏ ਸਹਾਇ। ਭਯੋ ਨ ਬੰਕੋ ਬਾਰ ਭੀ ਦੇ ਦੇ ਹਾਥ ਬਚਾਇ ॥੩੮॥ ਚਹੁੰ
ਦਿਸ਼ ਅਪਨ ਬਿਗਾਨ ਨਰ-ਦੁਸ਼ਮਨ ਭੇ ਤਿਸ ਕਾਲ। ਮਮ ਰੱਛਾ ਸਤਿਗੁਰ
ਕਰੀ ਸਭ ਮਹਿੰ ਬਿਦਤ ਹਵਾਲ ॥ ੩੯ ॥ [ਅਨ ੨ ਅੰਸੂ ੩੬

ਇਸਤੋਂ ਪਤਾ ਲੱਗਾ ਕਿ ਕੈਥਲ ਦੀ ਸਿੱਖ ਰਜਾਸਤ ਅੰਗ੍ਰੇਜ਼ੀ ਰਾਜ ਵਿਚ ਲੀਨ ਕਵੀ ਜੀ ਦੇ ਦੇਖਦੇ ਹੋਈ ਹੈ। ਚੇਤ ਦਾ ਮਹੀਨਾਂ ਸੀ ਤੇ ੧੯੦੦ ਸੰਮਤ ਸੀ। ਕੈਥਲ ਦੀ ਰਜਾਸਤ ਦੇ ਜ਼ਬਤ ਕੀਤੇ ਜਾਣ ਦਾ ਹਾਲ ਅਸਾਂ ਐਨ ੨ ਦੇ ਅੰਸੂ ੩੬ ਦੇ ਅੰਕ ੩੭ ਦੀ ਟੂਕ ਵਿਚ ਦਿੱਤਾ ਹੈ। ਇਸ ਵੇਲੇ ਕੈਥਲ ਵਿਚ ਲੁੱਟ ਪਈ ਸੀ। ਇਸ ਲੁੱਟ ਦਾ ਕਾਰਨ ਅਸੀਂ ਉਥੇ ਇਤਿਹਾਸਾਂ ਦੇ ਹਵਾਲੇ ਦੇਕੇ ਦਸਿਆ ਹੈ ਕਿ ਮਹਾਂਰਾਜ ਉਦਯ ਸਿੰਘ ਦੀ ਅੰਮਾ ਜੀ ਅਰਥਾਤ ਰਾਜ ਮਾਤਾ ਜੀ ਨਹੀਂ ਸਨ, ਮਾਤਾ ਸਾਹਿਬ ਤਾਂ ਬ੍ਰਿਟਿਸ਼ ਸਫੀਰ-ਰੱਜਬ ਅਲੀ-ਦੀ ਗਲ ਮੰਨਕੇ ਸਮਝੌਤੇ ਲਈ ਤਿਆਰ ਸਨ। ਇਹ ਵਾਕਿਆ ਮਹਾਰਾਜ ਉਦਯ ਸਿੰਘ ਦੇ ਲਾਵਲਦ ਚਲਾਣਾ ਕਰ ਜਾਣ ਤੇ ਹੋਇਆ। ਆਪ ੧੪ ਮਾਰਚ ਸੰਨ ੧੮੪੩ ਈ: ਨੂੰ ਚੜ੍ਹਾਈ ਕਰ ਗਏ ਸਨ। ਇਸ ਵੇਲੇ ਅਜੇ ਗੁਰ ਪ੍ਰਤਾਪ ਸੂਰਜ ਗ੍ਰੰਥ ਮੁੱਕਾ ਨਹੀਂ ਸੀ। ਇਸ ਗ੍ਰੰਥ ਦੇ ਮੁੱਕਣ ਦੀ ਥਿਤ ਕਵਿ ਜੀ ਨੇ ਐਉਂ ਦਿੱਤੀ ਹੈ:—

ਸਾਵਣ ਮਹਿੰ ਇਸ ਗ੍ਰੰਥ ਕੀ ਭਈ ਸਮਾਪਤਿ ਆਇ ॥
ਬਿਘਨ ਬ੍ਰਿੰਦ ਤੇ ਬਚ ਰਹੇ ਸ੍ਰੀ ਕਰਤਾਰ ਸਹਾਇ ॥ ੪੦ ॥

੧੯੦੦ ਦੀ ਫਗਣ ਸ਼ੁਦੀ ੧੪ ਨੂੰ ਮਹਾਂਰਾਜ ਉਦਯ ਸਿੰਘ ਪ੍ਰਲੋਕ ਸਿਧਾਰੇ। ਕਵੀ ਜੀ ਦਸਦੇ ਹਨ ਕਿ ਚੇਤ੍ਰ ਵਿਚ ਕੈਥਲ ਲੁਟ ਪਈ ਤੇ ਰਜਾਸਤ ਜ਼ਬਤ ਹੋਈ। ਸਾਵਣ ਵਿਚ ਗੁਰ ਪ੍ਰਤਾਪ ਸੂਰਜ ਗ੍ਰੰਥ ਮੁੱਕਾ, ਗੋਯਾ ਪਰਉਪਕਾਰੀ ਉਦਯ ਸਿੰਘ ਜੀ ਨੇ ਅਪਣੀ ਮੁਰਾਦ ਸਿਰੇ ਚੜ੍ਹਦੀ ਆਪ ਨਹੀਂ ਤੱਕੀ। ਜੋ ਕਹਾਣੀਆਂ ਲੋਕਾਂ ਵਿਚ ਗ੍ਰੰਥ ਸਮਾਪਤੀ ਪਰ ਮਹਾਰਾਜ ਵਲੋਂ ਕਵੀ ਜੀ ਨੂੰ ਕਈ ਪਿੰਡ ਮਿਲਨ ਤੇ ਉਨ੍ਹਾਂ ਦੇ ਨਾਂ ਲੇਣ ਦੀਆਂ ਵਿਦਤ ਹਨ ਸੋ ਨਿਰਮੂਲ ਸਹੀ

ਹੋ ਗਈਆਂ। ਕਵੀ ਜੀ ਨੂੰ ਉਦਾਸੀ ਦੇ ਰੰਗ ਦੇਖਣੇ ਪਏ। ਸ਼ਹਿਰ ਵਿਚ ਲੁੱਟ ਮਚਣ ਪਰ ਉਨ੍ਹਾਂ ਦਾ ਲੁੱਟ ਤੋਂ ਗੁਰੂ ਸਹਾਯਤਾ ਨਾਲ ਬਚ ਰਹਿਣਾ, ਫਿਰ ਰਜਾਸਤ, ਰਾਜ ਭਾਗ, ਸ਼ਿੱਖ ਐਸ਼੍ਵਰਜ ਦੇ ਸਮਾਪਤ ਹੋ ਜਾਣ ਪਰ ਉਨ੍ਹਾਂ ਦਾ ਆਪਣੇ ਕੰਮ ਨੂੰ ਲਈ ਜਾਣਾ ਤੇ ਇਨ੍ਹਾਂ ਦੁਖਦਾਈ ਉਦਾਸੀ ਤੇ ਨਿਰਾਸਤਾ ਦੇ ਦਿਨਾਂ ਵਿਚ ਲੱਗੇ ਰਹਿਣਾ ਅਤੇ ਸਾਵਣ ਵਿਚ ਗ੍ਰੰਥ ਸਮਾਪਤਿ ਕਰ ਲੈਣਾ ਉਨ੍ਹਾਂ ਦੀ ਹਿੰਮਤ ਤੇ ਦਿਲ ਦੀ ਮਜ਼ਬੂਤੀ ਦਾ ਸੂਚਕ ਹੈ।

## ੨੪. ਸ੍ਰੀ ਹਰਿ ਮੰਦਿਰ ਸਾਹਿਬ ਜੀ ਦੀ ਅੰਤਮ ਯਾਤ੍ਰਾ।

ਕਵੀ ਜੀ ਗ੍ਰੰਥ ਸਮਾਪਤ ਕਰਕੇ ਅਪਨੇ ਲੜਕੇ ਬਲਦੇਵ ਸਿੰਘ ਤੇ ਪਰਿਵਾਰ ਸਮੇਤ ਸ੍ਰੀ ਅੰਮ੍ਰਿਤਸਰ ਜੀ ਆਏ। ਆਕੇ ਅਪਣਾ ਗ੍ਰੰਥ ਗਜਾਨੀ ਗੁਰਮੁਖ ਸਿੰਘ ਜੀ (ਜੋ ਗਜਾਨੀ ਸੰਤ ਸਿੰਘ ਜੀ ਦੇ ਸਪੁੱਤ੍ਰ ਸੇ) ਦੀ ਮਾਰਫਤ ਅਕਾਲ ਬੁੰਗੇ ਸਾਹਿਬ ਪੇਸ਼ ਕੀਤਾ। ਇਸ ਗ੍ਰੰਥ ਪਰ ਆਪ ਨੂੰ ਤਖਤ ਸਾਹਿਬ ਵਲੋਂ ਸਨਮਾਨ ਪ੍ਰਾਪਤ ਹੋਇਆ ਤੇ ਦੱਸੀ ਦਾ ਹੈ ਕਿ ਗ੍ਰੰਥ ਗਜਾਨੀ ਜੀ ਦੀ ਸਪੁਰਦੀ ਵਿਚ ਰੱਖਿਆ ਗਿਆ। ਪਰ ਕੁਛ ਦਿਨਾਂ ਵਿਚ ਹੀ ਲਾਹੌਰ ਵਿਚ ਮਹਾਂਰਾਜਾ ਸ਼ੇਰ ਸਿੰਘ ਦੇ ਕਤਲ ਦਾ ਦੁਖਦਾਈ ਵਾਕਿਆ ਹੋਗਿਆ ਤੇ ਨਾਲ ਹੀ ਵਜ਼ੀਰ ਧਜਾਨ ਸਿੰਘ ਮਾਰਿਆ ਗਿਆ। ਧਜਾਨ ਸਿੰਘ ਦੇ ਪੁੱਤ੍ਰ ਨੇ ਬਲ ਪਾਕੇ ਲਾਹੌਰ ਕਿਲੇ ਤੇ ਕਬਜ਼ਾ ਕੀਤਾ ਤੇ ਉਸਦੇ ਉਸ ਵੇਲੇ ਦੇ ਕੋਪ ਵਿਚ ਭਾਈ ਗੁਰਮੁਖ ਸਿੰਘ ਜੀ ਗਜਾਨੀ ਬੀ ਪਕੜੇ ਤੇ ਮਾਰੇ ਗਏ ਤੇ ਆਪ ਦੇ ਘਰ ਬਾਰ ਦਾ ਸਾਮਾਨ ਮਾਲ ਮਤਾ ਜ਼ਬਤ ਹੋਕੇ ਲਾਹੌਰ ਪਹੁੰਚਾ। ਗਜਾਨੀ ਜੀ ਦੇ ਪਰਿਵਾਰ ਨੇ ਬੜੀ ਮੁਸ਼ਕਲ ਨਾਲ ਰਾਤੋ ਰਾਤ ਹਰੀ ਕੇ ਪੱਤਣ ਦੇ ਰਸਤੇ ਸਤਲੁਜ ਪਾਰ ਹੋਕੇ ਲੁਧਿਹਾਣੇ ਜਾ ਪਨਾਹ ਲਈ। ਉਸ ਵੇਲੇ ਜੋ ਗਜਾਨੀ ਜੀ ਦਾ ਘਰ ਬਾਰ ਲੁਟਿਆ ਗਿਆ, ਉਸੇ ਵਿਚ ਉਨ੍ਹਾਂ ਦਾ ਪੁਸਤਕਾਲਯ ਤੇ ਵੀਹ ਵਿਸਵੇ ਕਵੀ ਜੀ ਦਾ ਅਰਦਾਸ ਕਰਾਇਆ ਸੂਰਜ ਪ੍ਰਕਾਸ਼ ਬੀ ਤਬਾਹ ਹੋਗਿਆ। ਇਸੇ ਕਰਕੇ ਗਜਾਨੀ ਸੰਤ ਸਿੰਘ ਜੀ ਦੇ ਪੁਸਤਕਾਲਯ ਦੀ ਕੋਈ ਸ਼ੈ ਗਜਾਨੀਆਂ ਦੇ ਖ਼ਾਨਦਾਨ ਵਿਚ ਇਸ ਵੇਲੇ ਨਹੀਂ ਮਿਲਦੀ*।

ਕਵੀ ਜੀ ਦੀ ਇਸ ਅੰਤਮ ਯਾਤ੍ਰਾ ਦਾ ਇਕ ਹੋਰ ਸਬੂਤ ਬੀ ਮਿਲਿਆ ਹੈ।

ਭਾਈ ਮਤਾਬ ਸਿੰਘ ਜੀ ਹਡਾਲੀ ਜ਼ਿਲਾ ਸ਼ਾਹ ਪੁਰ ਜੀ, ਜੋ ਗੁ: ਪ੍ਰ: ਸੂ: ਦੀ ਕਥਾ ਬੀ ਕਰਦੇ ਹਨ, ਦਸ਼ਦੇ ਹਨ ਕਿ ਉਨ੍ਹਾਂ ਦੇ ਬਾਬਾ ਜੀ, ਜਿਨ੍ਹਾਂ ਦਾ ਨਾਮ ਭਾਈ ਸੰਤ ਸਿੰਘ ਜੀ ਸੀ,

---

*ਸੂਰਜ ਪ੍ਰਕਾਸ਼ ਮੁੱਕਾ ਹੈ ਸਾਵਣ ਵਿਚ, ਮਹਾਰਾਜਾ ਸ਼ੇਰ ਸਿੰਘ ਕਤਲ ਹੋਏ ਹਨ ੧੫ ਸਤੰਬਰ ਨੂੰ ਅਰਥਾਤ ਭਾਦਰੋਂ ਦੇ ਅਖੀਰ ਯਾ ਚੜ੍ਹਦੇ ਅੱਸੂ, ਇਕ ਦੋ ਦਿਨ ਵਿਚ ਗਿਆਨੀ ਗੁਰਮੁਖ ਸਿੰਘ ਜੀ ਮਾਰੇ ਗਏ ਹਨ। ਸੋ ਇਸ ਅਰਸੇ ਵਿਚ ਕਵੀ ਜੀ ਦਾ ਅੰਮ੍ਰਿਤਸਰ ਪਹੁੰਚਣਾ, ਆਪਣੇ ਉਸਤਾਦ ਦੇ ਪੁਤਰ ਨੂੰ ਮਿਲਣਾ, ਅਕਾਲ ਬੁੰਗੇ ਸਾਹਿਬ ਗ੍ਰੰਥ ਪੇਸ਼ ਕਰਨਾ, ਆਪ ਦਾ ਸਤਿਕਾਰ ਹੋਣਾ ਤੇ ਗ੍ਰੰਥ ਦਾ ਲੁਟ ਵਿਚ ਚਲੇ ਜਾਣਾ, ਸਭ ਕੁਛ ਹੋ ਗਿਆ। ਇਸ ਤੋਂ ਇਹ ਬੀ ਪਤਾ ਲਗਦਾ ਹੈ ਕਿ ਗ੍ਰੰਥ ਮੁਕਾ ਕੇ ਕਵੀ ਜੀ ਛੇਤੀ ਹੀ ਅੰਮ੍ਰਿਤਸਰ ਆ ਗਏ ਸਨ।

ਗੁਰਦਾਸ ਪੁਰ ਨੂੰ ਉਠ ਲੈਕੇ ਗਏ ਹੋਏ ਸਨ। ਜਦੋਂ ਉਹ ਗੁਰਦਾਸ ਪੁਰੋਂ ਵਾਪਸ ਅੰਮ੍ਰਿਤਸਰ ਪੁੱਜੇ ਤਾਂ ਸੁਣਿਆਂ ਕਿ ਲੋਕੀਂ ਕਵੀ ਸੰਤੋਖ ਸਿੰਘ ਜੀ ਨੂੰ ਫੁਲਾਂ ਦੇ ਹਾਰ ਲੈਕੇ ਲੈਣ ਜਾ ਰਹੇ ਹਨ ਤੇ ਆਪ ਬੀ ਹਾਰ ਲੈਕੇ ਸੰਗਤ ਦੇ ਨਾਲ ਟੁਰ ਪਏ ਤੇ ਦਰਵਾਜ਼ਿਓਂ ਬਾਹਰ ਜਾਕੇ ਮਿਲੇ। ਕਵੀ ਜੀ ਆਪਣੀ ਸਵਾਰੀ ਤੋਂ ਉਤਰਕੇ ਬੈਠੇ ਹੋਏ ਸਨ, ਸਰੀਰ ਦੁਰਬਲ ਸੀ, ਸੰਗਤ ਨੇ ਪੀਨਸ ਪੇਸ਼ ਕੀਤੀ। ਆਪਨੇ ਪੀਨਸ ਤੇ ਚੜ੍ਹਕੇ ਯਾਤ੍ਰਾ ਕਰਨੀ ਮਨਾਸਬ ਨਾਂ ਸਮਝੀ। ਸੰਗਤ ਦੇ ਬਹੁਤ ਜ਼ੋਰ ਦੇਣੇ ਪਰ ਆਗਜ਼ਾ ਪਾਲਨ ਨਮਿੱਤ ਆਪ ਪਈ ਪੀਨਸ ਵਿਚ ਇਕ ਵੇਰ ਬੈਠਕੇ ਉਠ ਬੈਠੇ ਤੇ ਫੇਰ ਸਨੇ ਸਨੇ ਸ੍ਰੀ ਹਰਿ ਮੰਦਰ ਸਾਹਿਬ ਪਹੁੰਚ ਪਏ। ਇਸੀ ਤਰ੍ਹਾਂ ਇਕ ਹੋਰ ਸਬੂਤ ਇਸ ਯਾਤ੍ਰਾ ਦਾ ਮਿਲਿਆ ਹੈ:-

ਬਾਬਾ ਸ਼ਾਮ ਦਾਸ ਜੀ ਵਿੱਝਾਂ ਵਾਲੇ ਉਦਾਸੀ ਸੰਤ, ਜਿਨ੍ਹਾਂ ਦੀ ਆਰਬਲਾ ਹੁਣ ੭੦ ਕੁ ਬਰਸ ਦੀ ਹੋਸੀ, ਦੱਸਦੇ ਹਨ ਕਿ ਅਸਾਡੇ ਸੰਤ ਬਾਬਾ ਕਰਮ ਦਾਸ ਜੀ ਵਿੱਝਾਂ ਵਾਲਿਆਂ* ਨੇ ਸਾਨੂੰ ਦਸਿਆ ਸੀ ਕਿ "ਅਸੀਂ ਇਕ ਵੇਰ ਸ੍ਰੀ ਅੰਮ੍ਰਿਤਸਰ ਜੀਦੀ ਯਾਤ੍ਰਾ ਨੂੰ ਗਏ ਸਾਂ। ਪੁਲ ਪਰ ਬੈਠੇ ਸਾਂ ਕਿ ਕੁਛ ਪੁਜਾਰੀ ਸਿੰਘ ਅੰਦਰੋਂ ਸਿਹਰੇ ਹੱਥ ਵਿਚ ਲਈ ਕਾਹਲੀ ਕਾਹਲੀ ਦਰਸ਼ਨੀ ਡਿਉਢੀ ਨੂੰ ਜਾ ਰਹੇ ਸਨ ਤੇ ਸ਼ਹਿਰ ਦੇ ਹੋਰ ਪ੍ਰਤਿਸ਼ਠਤ ਸੱਜਣ ਬੀ ਨਾਲ ਜਾ ਰਹੇ ਸਨ ਤਾਂ ਅਸਾਂ ਪੱਛਿਆ ਕਿ ਚੌਧਰੀ ਜੀ ਕਾਹਲੀ ਕਾਹਲੀ ਕਿਉਂ ਤੇ ਕਿਧਰ ਜਾ ਰਹੇ ਹੋ? ਤਾਂ ਇਕ ਪੁਜਾਰੀ ਸਿੰਘ ਨੇ ਦੱਸਿਆ ਕਿ ਸੂਰਜ ਪ੍ਰਕਾਸ਼ ਦੇ ਕਰਤਾ ਸ੍ਰੀ ਭਾਈ ਸੰਤੋਖ ਸਿੰਘ ਜੀ ਸ੍ਰੀ ਅੰਮ੍ਰਿਤਸਰ ਆਏ ਹਨ, ਤੇ ਅਸੀਂ ਉਸ 'ਗੁਰੂ ਪਿਆਰੇ' ਨੂੰ ਲੈਣ ਜਾ ਰਹੇ ਹਾਂ।"

"ਪੁਜਾਰੀ ਸਿੰਘ ਤੇ ਹੋਰ ਸਾਰੇ ਚਲੇ ਗਏ। ਕੁਛ ਸਮਾ ਬੀਤ ਗਿਆ। ਅਸੀਂ ਅਜੇ ਪੁਲ ਤੇ ਬੈਠੇ ਸਾਂ ਤਾਂ ਕੀਹ ਦੇਖਦੇ ਹਾਂ ਕਿ ਕਵੀ ਜੀ ਆ ਰਹੇ ਹਨ, ਸਰੀਰ ਲਿੱਸਾ ਸੀ ਤੇ ਬਹੁਤ ਸਹਿਜੇ ਸਹਿਜੇ ਟੁਰਦੇ ਸਨ, ਪੁਜਾਰੀ ਸਿੰਘ ਤੇ ਹੋਰ ਸਿੰਘ ਸਤਿਕਾਰ ਨਾਲ ਆਪਦੇ ਮਗਰ ਮਗਰ ਆ ਰਹੇ ਸਨ। ਉਸ ਵੇਲੇ ਆਪਦੇ ਤੇੜ ਕਛਹਿਰਾ ਸੀ, ਸਿਰ ਤੇ ਸਿੱਧੀ ਦਸਤਾਰ ਸੀ, ਦਾਹੜਾ ਚੰਗਾ ਸੁਹਣਾ ਸੀ, ਸਰੀਰ ਬਹੁਤ ਲੰਮਾ ਨਹੀਂ ਸੀ। ਆਪ ਸਨੇ ਸਨੇ ਅੰਦਰ ਗਏ, ਯਾਤ੍ਰਾ ਕੀਤੀ, ਅਰਦਾਸਾ ਸੁਧਾਇਆ ਤੇ ਫੇਰ ਡੇਰੇ ਚਲੇ ਗਏ।"

ਏਹ ਆਪ ਦੀ ਸ੍ਰੀ ਅੰਮ੍ਰਿਤਸਰ ਜੀ ਦੀ ਅੰਤਮ ਯਾਤ੍ਰਾ ਸੀ। ਇਸ ਤੋਂ ਮਗਰੋਂ ਆਪ ਕੈਥਲ ਚਲੇ ਗਏ। ਜੋ ਖੇਚਲ ਸਰੀਰ ਨੂੰ ਸੀ ਉਹ ਘਟਦੀ ਵਧਦੀ ਰਾਜ਼ੀ ਨਾਂ ਹੋਈ ਤੇ ਅੰਤ ਆਪ ਦੀ ਕਾਵ੍ਯ ਪਰਾਂ ਨਾਲ ਭੂਸ਼ਤਿ ਆਤਮਾਂ ਤੇ ਗ੍ਯਾਨ ਨਾਲ ਤਰਲ ਹੋਈ ਰੂਹ ਇਸ ਪੰਚ ਭੌਤਕ ਸਰੀਰ ਨੂੰ ਕੈਥਲ ਛੋੜਕੇ ਗੁਰਧਾਮ ਨੂੰ ਟੁਰ ਗਈ।

## ੨੫. ਸ੍ਰੀ ਕਵੀ ਜੀ ਦਾ ਚਲਾਣਾ।

੧੯੦੦ ਦੇ ਚੇਤ ਵਿਚ ਕੈਥਲ ਦਾ ਸਿੱਖ ਰਾਜ ਸਮਾਪਤ ਹੋ ਗਿਆ। ੧੯੦੦ ਦੇ ਸਾਵਣ ਵਿਚ ਗੁਰ ਪ੍ਰਤਾਪ ਸੂਰਜ ਗ੍ਰੰਥ ਮੁੱਕਾ ਤੇ ੧੯੦੦ ਸਮਾਪਤਿ ਹੋਣ ਤੋਂ ਪਹਿਲੇ ਸ੍ਰੀ ਕਵੀ ਜੀ, ਜਿਨ੍ਹਾਂ ਦੀ ਕਾਵ੍ਯ ਪ੍ਰਬੀਨਤਾ ਉਸ ਚੋਟੀ ਤੇ ਅੱਪੜੀ ਹੋਈ ਸੀ ਕਿ ਜਿੱਥੇ ਜਾਕੇ ਵੱਡੇ ਵੱਡੇ

*ਆਪ ਬੜੇ ਪ੍ਰਸਿੱਧ, ਸ਼ਕੀਲ ਤੇ ਸਾਧਨਾ ਕਰਨ ਵਾਲੇ ਮਹਾਤਮਾ ਹੋਏ ਹਨ।

ਕਵੀਆਂ ਦੀ ਕਾਵਯ ਚੋਟੀ ਨੀਵੀਂ ਨੀਵੀਂ ਲੱਗਣ ਲਗ ਪੈਂਦੀ ਹੈ ਤੇ ਜਿਸ ਕਲਾ ਕੌਸ਼ਲ ਦੇ ਗੁਣੀ ਨੇ ਅਪਣੀ ਵਿੱਦਯਾ ਤੇ ਬਲ ਅਨੁਸਾਰ ਇਤਨਾ ਵਡਾ ਸਾਗਰ ਇਤਿਹਾਸਿਕ ਸਾਮਾਨ ਦਾ ਕੱਠਾ ਕਰ ਦਿਤਾ ਸੀ, ਇਸ ਅਸਾਰ ਸੰਸਾਰ ਤੋਂ ਚਲਾਣਾ ਕਰ ਗਏ। ਅਪਣੇ ਗ੍ਰੰਥ ਦੀ ਪੁਨਰ ਸੁਧਾਈ ਲਈ ਬੀ ਕੁਛ ਸਾਲ ਆਪ ਨੂੰ ਨਾ ਮਿਲ ਸਕੇ।

ਚਲਾਣੇ ਦਾ ਸੰਮਤ ੧੯੦੦ ਹੈ, ਥਿਤਵਾਰ ਤੇ ਮਹੀਨੇ ਦੀ ਟੋਹ ਐਉਂ ਹੈ:—ਕਵੀ ਜੀ ਦੇ ਖ਼ਾਨਦਾਨ ਵਿਚ ਆਪ ਦੀ ਯਾਦਗਾਰੀ ਤਿਥ ਏਕਾਦਸ਼ੀ ਮਨਾਈ ਜਾਂਦੀ ਹੈ। ਪਰ ਮਹੀਨਾ ਤੇ ਪਖ ਦਾ ਪਤਾ ਕਿਸੇ ਨੂੰ ਨਹੀਂ। ਇਕ ਮਹੰਤ ਸਾਹਿਬ ਜੀ ਦੀਆਂ ਯਾਦਦਾਸ਼ਤਾਂ ਵਿਚ ਕਵੀ ਜੀ ਦਾ ਚਲਾਣਾ ਗ੍ਰੰਥ ਸਮਾਪਤਿ ਹੋਣ ਤੋਂ ਤ੍ਰੈ ਮਹੀਨੇ ਮਗਰੋਂ ਦਾ ਲਿਖਯਾ ਹੈ। ਇਸ ਹਿਸਾਬ ਜੇ ਅਨੁਮਾਨ ਲਾਈਏ ਤਾਂ ਆਪ ਦੇ ਚਲਾਣੇ ਦੀ ਤਿੱਥ ਕਤਕ ਵਦੀ ਯਾ ਸੁਦੀ ਏਕਾਦਸ਼ੀ ਸੰਮਤ ੧੯੦੦ ਤੇ ਜਾ ਟਿਕੇਗੀ*।

## ੨੬. ਕਵੀ ਜੀ ਦੀ ਯਾਦਗਾਰ ਤੇ ਸਿੱਖਾਂ ਦੀ ਅਨਗਹਿਲੀ।

ਓਹ ਆਦਮੀ ਜਿਸਨੇ ਰੱਬ ਦਿੱਤੀ ਅਕਲ ਤੇ ਲਯਾਕਤ ਨਾਲ ਉਸ ਸਮੇਂ ਦੇ ਅਨੁਸਾਰ ਜੋ ਅਪਣੀ ਕੌਮ ਦੀ ਇਤਿਹਾਸਿਕ ਤੇ ਸਾਹਿਤਿਕ ਸੇਵਾ ਕੀਤੀ, ਚਾਹੇ ਓਹ ਕੁਛ ਕਮੀਆਂ ਆਪਣੇ ਵਿਚ ਰਖਦੀ ਹੋਵੇ, ਇਕ ਮਹਾਨ ਸੇਵਾ ਹੈ। ਉਸਦਾ ਭਾਵ ਇਤਿਹਾਸ ਨੂੰ ਆਪਣੀ ਸਮਝ ਮੂਜਬ ਨਿਰੋਲ ਕਰਨ ਦਾ ਤੇ ਗੁੰਮ ਹੋਣੋਂ ਬਚਾਉਣ ਦਾ ਸੀ, ਉਸਨੂੰ ਸਿਰੇ ਚਾੜ੍ਹਿਆ। ਤੇ ਸੱਚ ਹੈ ਕਿ ਜੇ ਸਾਰਾ ਸਾਮਾਨ ਓਹ ਕੱਠਾ ਨਾ ਕਰ ਜਾਂਦੇ ਤਾਂ ਅੱਜ ਇੰਨਾ ਕੁਛ ਮਿਲ ਸਕਣਾ ਕਠਨ ਸੀ। ਫਿਰ ਓਹ ਆਪ ਨੂੰ ਸਰਬੱਗ ਨਹੀਂ ਲਿਖਦੇ, ਅਪਣੀ ਰਚਨਾਂ ਬਾਬਤ ਲਿਖਦੇ ਹਨ:—ਜਹਾਂ ਭੂਲ ਮੁਝ ਤੇ ਕੁਛ ਹੋਈ। ਸੁਨਿ ਪਠਿ ਕਰੇ ਹੋਸ ਨਹਿਂ ਕੋਈ। ਕ੍ਰਿਪਾ ਧਾਰਿ ਸੋ ਲੇਹੁ ਬਨਾਇ। ਜਨੌਂ ਸਤਿਗੁਰ ਸਿੱਖਨ ਮਨ ਭਾਇ। ੧੦੬। [ਨਾ: ਪ੍ਰ: ਉ: ਰਿ: ੫੭

ਫਿਰ ਕਵਿਤਾ ਦਾ ਇਹ ਕਮਾਲ ਹੈ ਕਿ ਬ੍ਰਿਜ ਭਾਸ਼ਾ ਦੇ ਚੋਟੀ ਦੇ ਕਵੀ ਉਨ੍ਹਾਂ ਤੋਂ ਉਚੇਰਾ ਮੋਢਾ ਨਹੀਂ ਦਿਖਾ ਸਕਦੇ, ਜਗਤ ਦੇ ਉਚੇ ਕਵੀਆਂ ਵਿਚ ਉਨ੍ਹਾਂ ਦਾ ਦਰਜਾ ਹੈ। ਤੇ ਸਿੱਖਾਂ ਵਿਚ ਤਾਂ ਆਪ ਦੀ ਸ਼ਾਨ ਦੇ ਕਵੀ ਬਹੁਤ ਥੋੜੇ ਹੋਏ ਹਨ ਤੇ ਇਤਨਾ ਭਾਰੀ ਕੰਮ ਤਾਂ ਸ਼ਾਇਦ ਹੀ ਕਿਸੇ ਹੋਰ ਨੇ ਕੀਤਾ ਹੋਵੇ। ਉਸ ਭਲੇ ਪੁਰਖ ਦੀ ਯਾਦਗਾਰ ਉਸਦੀ ਅਪਣੀ ਰਚਨਾ ਹੀ ਹੈ। ਉਸਦਾ ਜਨਮ ਦਾ ਸਥਾਨ ਵਿਕ ਗਿਆ। ਉਸਦੇ ਦੂਸਰੇ ਵਸੇਬੇ ਦਾ ਟਿਕਾਣਾ ਬੂੜੀਏ (ਦਜਾਲ ਗੜ) ਵਾਲਾ ਹੁਣ ਅਪਨਾਂ ਨਿਸ਼ਾਨ ਬੀ ਨਹੀਂ ਦੱਸਦਾ। ਉਸਦੇ ਕੈਥਲ ਰਹਿਣ, ਵਸਣ ਤੇ ਚਲਾਣੇ ਦਾ ਥਾਂ, ਜਿੱਥੇ ਬੈਠਕੇ ਇਡਾ ਭਾਰਾ ਗ੍ਰੰਥ ਰਚਿਆ ਗਿਆ, ਵਿਕ

---

*ਹਰਦੁਵਾਰ ਦੀਆਂ ਵਹੀਆਂ ਵਿਚ ਕਵੀ ਜੀ ਦੇ ਚਲਾਣੇ ਦਾ ਤੇ ਫੁੱਲ ਗੰਗਾ ਪੁਜਣ ਦਾ ਜ਼ਿਕਰ ਉਨ੍ਹਾਂ ਦੀ ਜ਼ਾਤ ਦੇ ਪੰਡਤ ਪਾਸੋਂ ਨਹੀਂ ਮਿਲਿਆ ਤੇ ਨਾ ਹੀ ਕੁਰੁਛੇਤ੍ਰ ਦੇ ਪੰਡਿਆਂ ਦੀਆਂ ਵਹੀਆਂ ਵਿਚੋਂ ਆਪ ਦੇ ਫੁਲ ਪੁੱਜਣ ਦਾ ਪਤਾ ਚਲਦਾ ਹੈ। ਸੋ ਆਪ ਦੇ ਫੁੱਲ ਇਨ੍ਹਾਂ ਤੀਰਥਾਂ ਤੇ ਨਹੀਂ ਗਏ। ਇਨਾਂ ਥਾਵਾਂ ਤੋਂ ਬੀ ਚਲਾਣੇ ਦੀ ਤ੍ਰੀਕ, ਮਹੀਨਾ, ਵਾਰ ਨਹੀਂ ਮਿਲ ਸਕੇ।

ਗਿਆ ਤੇ ਥੋੜੇ ਅਰਸੇ ਨੂੰ ਇਹ ਸੈਨਤ ਹੋ ਸਕਣੀ ਬੀ ਭੁੱਲ ਜਾਏਗੀ ਕਿ ਆਹ ਮਕਾਨ ਆਪ ਦੀ ਰਿਹਾਯਸ਼ ਦਾ ਸੀ। ਸ਼ੋਕ ਹੈ ਕਿ ਉਸ ਮਹਾਨ ਉਪਕਾਰੀ ਦਾ, ਉਸਦੇ ਪਰਵਾਰ ਨੇ, ਉਸਦੇ ਪੰਥ ਨੇ ਕੋਈ ਨਿਸ਼ਾਨ ਕਾਯਮ ਨਹੀਂ ਰੱਖਿਆ ਕਿ ਸਿੱਖਾਂ ਦੇ ਬੱਚੇ ਉਸਤੇ ਮਾਣ ਕਰਦੇ। ਨਾਂ ਸਿੱਖ ਰਾਜਿਆਂ, ਨਾਂ ਸਿੱਖ ਸੰਤਾਂ, ਮਹੰਤਾਂ, ਡੇਰੇਦਾਰਾਂ, ਨਾਂ ਸਿੱਖ ਸਭਾ ਸੁਸਾਇਟੀਆਂ, ਨਾਂ ਕਿਸੇ ਪ੍ਰੇਮੀ ਨੇ ਆਪਦੇ ਜਨਮ ਤੇ ਚਲਾਣੇ ਦੀਆਂ ਥਾਂਵਾਂ ਨੂੰ ਯਾਦਗਾਰ ਬਣਾਕੇ ਕਾਇਮ ਕੀਤਾ ਤੇ ਨਾਂ ਹੀ ਉਸਦੀ ਰਚਨਾ ਦੇ ਅਸਲੀ ਨੁਸਖੇ ਲੱਭਕੇ ਉਨ੍ਹਾਂ ਥਾਈਂ ਸਥਾਪਨ ਕੀਤੇ। ਕਾਮਯਾਬ ਕੌਮਾਂ ਆਪਣੇ ਬਜ਼ੁਰਗਾਂ ਦੇ ਨਿਸ਼ਾਨ ਕਾਯਮ ਕਰਕੇ ਕੌਮਾਂ ਵਿਚ ਜਾਨਾਂ ਭਰਦੀਆਂ ਹਨ, ਸਿੱਖ ਅਪਣੇ ਬਜ਼ੁਰਗਾਂ ਨੂੰ ਵਿਸਾਰਦੇ ਹਨ ਤਦੇ ਕੌਮ ਵਿਚੋਂ ਕਾਮਾਯਾਬੀ ਪਰੇ ਪਰੇ ਹਟਣ ਦੇ ਨਿਸ਼ਾਨ ਦਿਖਾਲਦੀ ਰਹਿੰਦੀ ਹੈ*।

## ੨੭. ਕਵੀ ਜੀ ਦੀ ਇਸ਼ਟਪਤੀ†।

ਇਸ ਵਿਸ਼ੇ ਤੇ ਇਸ ਗ੍ਰੰਥਾਵਲੀ ਵਿਚ ਕਈ ਜਗਾ ਥੋੜਾ ਥੋੜਾ ਜ਼ਿਕਰ ਆ ਗਿਆ ਹੈ‡, ਪਰ ਏਥੇ ਥੋੜਾ ਹੋਰ ਲਿਖਦੇ ਹਾਂ ਜੋ ਮਾਮਲੇ ਨੂੰ ਹੋਰ ਸਾਫ ਕਰਕੇ ਦੱਸੇਗਾ।

[ਅਕਾਲ ਪੁਰਖ।]

ਕਵੀ ਜੀ ਇਕ ਅਕਾਲ ਪੁਰਖ ਦੇ ਉਪਾਸਕ ਸੇ। ਯਥਾ:–

ਤੀਨੇ ਕਾਲ ਅਚੱਲ ਰਹਿ ਅਲੰਬ ਸਕਲ ਜਗ ਜਾਲ
ਜਾਲ ਕਾਲ ਲਖ ਮੁਚਤਿ ਜਿਸ ਕਰਤਾ ਪੁਰਖ ਅਕਾਲ ॥ ੧ ॥ [ਰ: ੧ ਅੰਸੂ ੧

ਤਾਰਨ ਗੈਨ ਗਿਨੈ ਤੁ ਗਿਨੈ ਸੁਖ ਸਾਗਰ ਕੇ ਗੁਨ ਕੋ ਕਬ ਪਾਰ ਨ। ਪਾਰਨ ਜੀਵਨ
ਕੋ ਕਰਤਾ ਜਿਸ ਕੋ ਜਸ ਬੇਦ ਬਦੈ ਸਮ ਚਾਰਨ। ਚਾਰਨ ਭੇਦ ਲਖ਼ੇ ਨ ਗਯੋ
ਕਿਸ ਕੋ ਨ ਬਿਸ਼ੇ ਅਸ ਰੂਪ ਅਕਾਰਨ। ਕਾਰਨ ਜੋ ਬ੍ਰਹਮੰਡ ਅਖੰਡ ਨਿਰੰਤਰ
ਆਪ ਰਮਯੋ ਤਮ ਤਾਰਨ ॥ ੩ ॥ [ਰਾ:ਸ਼ ੫ ਅੰਸੂ ੧

[ਗੁਰੂ ਸਾਹਿਬਾਨ]

ਦਸਾਂ ਗੁਰੂ ਸਾਹਿਬਾਂ ਨੂੰ ਇਕ ਅਕਾਲ ਪੁਰਖ ਦਾ ਸ੍ਵਰੂਪ 'ਗੁਰ ਨਾਨਕ ਦੇਵ ਗੋਬਿੰਦ ਰੂਪ' ਦੇ ਅਸੂਲ ਮੂਜਬ ਮੰਨਦੇ ਸੇ:–

ਬੇਦ ਭੇਦ ਨਿਰਾਕਾਰ ਜਾਂਕੋ ਕਹੈਂ ਖੇਦ ਬਿਨ ਸੋਊ ਹ੍ਵੈ ਆਕਾਰ ਗੁਰੂ ਨਾਨਕ ਅਨੰਦ ਮੈਂ।
ਅੰਗਦ, ਅਮਰ ਦਾਸ, ਰਾਮ ਦਾਸ, ਅਰਜਨ, ਸ੍ਰੀ ਹਰਿਗੁਬਿੰਦ ਭਏ ਸੋਊ ਸੁਖਕੰਦ ਮੈਂ।
ਗੁਰੂ ਹਰਿ ਰਾਇ ਹਰਿ ਕ੍ਰਿਸ਼ਨ ਪਰਮ ਜੋਤਿ, ਤੇਗ ਕੇ ਬਾਹਦਰ ਬਿਸ਼ਾਰਦ ਮੁਕੰਦ ਮੈਂ।

---

*ਇਹ ਸ਼ੁਕਰ ਦੀ ਗਲ ਹੈ ਕਿ ਕਵੀ ਜੀ ਦੀ ਯਾਦਗਾਰ ਨੂਰ ਦੀ ਸਰਾਂ, ਉਨ੍ਹਾਂ ਦੇ ਜਨਮ ਟਿਕਾਣੇ ਉਸਾਰਨੀ ਆਰੰਭ ਹੋ ਗਈ ਹੈ। ਜੈਸਾ ਕਿ ਅਸੀਂ ਪਿਛੇ ਪੰਨੇ ੨੬ ਤੇ ੯੯ ਪਰ ਦੱਸ ਆਏ ਹਾਂ।

†ਇਸ ਦੀ ਮੁਰਾਦ ਹੈ ਕਿ ਆਪਣੇ ਇਸ਼ਟ ਦੇਵ ਵਿਚ ਅਨਿੰਨ ਭਾਵਨਾ ਹੋਣੀ ਜੋ ਹੋਰ ਕਿਸੇ ਵਿਚ ਨਾਂ ਹੋਵੇ।

‡ਇਸ ਵਿਸ਼ਯ ਲਈ ਦੇਖੋ ਸ੍ਰੀ ਗੁਰ ਨਾ: ਪ੍ਰ: ਪੂ: ਧਿ: ੧ ਅੰਕ ੨। ਪੁਨ: ਗੁ:ਪ੍ਰ: ਸੂਰਜ, ਰਾਸ਼ਿ ੧ ਅੰਸੂ ੧ ਅੰਕ ੨੦ ਤੋਂ ੨੭ ਦਾ ਭਾਵ। ਪੁਨ: ਰੁਤ ੩, ਅੰਸੂ ੧੨ ਦੀ ਅੰਤਲੀ ਟੂਕ।

ਸ੍ਰੀ ਗੁਬਿੰਦ ਸਿੰਘ ਲੋ ਪਦਾਰਬਿੰਦ ਸਭਿਨਿ ਕੇ ਬੰਦੋਂ ਬ੍ਰਿੰਦ ਦੁੰਦਹਰ ਦੁੰਦ ਹ ਥ ਬੰਦ ਮੈਂ ॥੪॥

[ਰੁਤ ੫ ਅੰਸੂ ੧

ਦਸਾਂ ਗੁਰੂ ਸਾਹਿਬਾਨ ਨੂੰ ਇਕ ਜਯੋਤਿ ਸਮਝਦੇ ਸਨ, ਯਥਾ:—

ਛਪਯ—ਨਿਰੰਕਾਰ ਆਕਾਰ ਗੁਰੂ ਨਾਨਕ ਜਗ ਹੋਯੋ। ਸ੍ਰੀ ਅੰਗਦ ਗੁਰ ਅਮਰ ਕਸ਼ਟ ਦਾਸਨ ਕੋ ਖੋਯੋ। ਰਾਮਦਾਸ ਗੁਨ ਰਾਸ ਗੁਰੂ ਅਰਜਨ ਸੁਖ ਕਰਤਾ। ਹਰਿ ਗੁਵਿੰਦ ਹਰਿ ਰਾਇ ਗੁਰੂ ਹਰਿ ਕ੍ਰਿਸ਼ਨ ਸਿਮਰਤਾ। ਗੁਰ ਤੇਗ ਬਹਾਦਰ ਧਰਮ ਧੁਰ ਭਏ ਗੁਬਿੰਦ ਸਿੰਘ ਖੜਗ ਧਰ। ਦਸ ਏਕ ਜੋਤ ਤਨ ਭਿੰਨ ਜਿਨ ਪਦ ਬੰਦੋਂ ਜੁਗ ਬੰਦ ਕਰ ॥ ੨ ॥

[ਅ ਰੰਨ ਕਾਂਡ ਸਰਗ ੧

ਪੁਨ:—ਇਕ ਜੋਤਿ ਉਦੋਤਕ ਰੂਪ ਦਸੋ ਸ਼ੁਭ, ਹੋਤਿ ਅੰਧੇਰ ਗੁਬਾਰ ਉਦਾਰਾ ॥

[ਰਾਸ ੧ ਅੰਸੂ ੧ ਅੰਕ ੧੯

[ਦਸਮ ਗੁਰੂ]

ਦਸਮੇਂ ਗੁਰੂ ਜੀ ਦੀ ਆਰਾਧਨਾ ਕਵੀ ਜੀ ਦੀ ਇਸ ਪ੍ਰਕਾਰ ਹੈ:—

੧. ਸ੍ਵੈਯਾ—ਗੋਬਿੰਦ ਸਿੰਘ ਗੁਰੂ ਗਤਿ ਦਾਯਕ! ਆਨ ਕੀ ਆਸ ਨਹੀਂ ਮਨ ਰਾਈ। ਚਾਤ੍ਰਿਕ ਚੀਤ ਮੁਹੁਰਮੁਹੁ ਰਟ; ਸ੍ਵਾਂਤਿ ਦਿਦਾਰ ਕਬੇ ਇਹ ਪਾਈ। ਜੀਉ ਪਤੰਗ ਸਨੇਹ ਕੀ ਡੋਰ ਬੰਧਾ, ਡਗਡੋਲ ਸੁ ਲੇਹੁ ਮਿਲਾਈ। ਸਿੰਧ ਹੁਤਾਸਨ ਹੈ ਭਵ ਕੀ ਗਤਿ, ਮੋਹਿ ਮਯਾ ਕਰਿ ਲੇਹੁ ਬਚਾਈ ॥ ੨੫ ॥

੨. ਕਬਿੱਤ—ਅੰਤਕ ਕੀ ਪਾਸਨ ਬਚਾਇ ਨਿਜ ਦਾਸਨ ਕੋ ਹਾਥ ਮੈਂ ਸਰਾਸਨ ਅਰੂਢਾਂਤ ਤੁਰੰਗ ਕੇ। ਕਮਲ ਬਿਸਾਲ ਦਲ, ਲੋਚਨ ਦਿਆਲ ਕਲ, ਲੋਕਨ ਬਿਲੋਕ ਕੈ ਅਸ਼ੋਕ ਕਰੇ ਸੰਗ ਕੇ। ਸੋਚਨ ਬਿਮੋਚਨ ਕੋ ਪੋਚਨ ਸੰਕੋਚੇ ਜਗ ਨਯੋ ਪੰਥ ਧਾਰੀ, ਬਲਿਹਾਰੀ ਅੰਗ ਅੰਗ ਕੇ। ਪਾਗ ਜਿਗਾ ਸੰਗ ਖਚੇ ਮਾਣਕ ਸੁ ਰੰਗ ਰੰਗ ਵਾਰੋਂ ਮੈਂ ਉਮੰਗ ਮਨ ਕਲਗ਼ੀ ਉਤੰਗ ਕੇ ॥ ੨੮ ॥

੩. ਸ੍ਵੈਯਾ—ਕਟ ਸੋਂ ਪਟ ਤੇਗ ਨਿਖੰਗ ਕਸੇ, ਮੁਖ ਮੰਦ ਹਸੇ ਦਮਕੇ ਕਿ ਛਟਾ ਹੀ। ਮੁਕਤਾ ਗਰ ਮਾਲ ਬਿਸਾਲ ਬਨੀ, ਸ਼ਮਸ਼ਾਨਨ ਸ਼ਜਾਮ ਭਲੀ ਉਪਮਾਹੀ। ਹਿਤ ਸੋਂ ਤਮ ਸੋਮ ਕਿ ਪਾਸ ਬਸਯੋ, ਮੁਖ ਪੰਕਜ ਮੈਂ ਮਧੁ ਪੁੰਜ ਸੁਹਾਹੀ। ਅਬ ਆਨ ਕੀ ਆਸ ਨਿਰਾਸ ਭਈ, ਕਲਗ਼ੀਧਰ ਬਾਸ ਕਿਯੋ ਮਨ ਮਾਂਹੀ ॥ ੩੦ ॥

੪. ਭੂਲ ਜੋ ਚੂਕ ਭਈ ਹਮਤੇ, ਗੁਰ! ਕਿੰਕਰ ਸੋ ਤੁਮਤੇ ਬਖਸ਼ਾਵਤਿ। ਲਾਜ ਰਖੋ ਨਿਜ ਨਾਮਹਿ ਕੀ, ਸਿਖ ਮੈਂ ਤੁਮਰੋ ਜਗ ਮਾਂਹਿ ਕਹਾਵਤ। ਤੂੰ ਬਖਸੰਦ ਸਦਾ ਸੁਖਦਾਇਕ ਮੋ ਮਨ ਨਾਹਿੰ ਵਿਸ਼ੈ ਛੁਟਕਾਵਤਿ। ਲੋਹ ਤੇ ਹੇਮ ਇਰਿੰਡ ਤੇ ਚੰਦਨ, ਮਾਨੁਖ ਤੇ ਸੁਰ ਤੂੰ ਹੀ ਬਨਾਵਤਿ ॥ ੩੧ ॥

੫. ਕਬਿਤ—ਸੁੰਦਰਤਾ ਸਾਲ ਕਰ ਕਰਭ ਬਿਸਾਲ ਕਰ, ਕਰਮਤ ਚਾਲ ਤਰੁ ਤੁਰਕਨ ਤੋਰੀਆ। ਹਿੰਦ ਅਵਿਲੰਬ ਤਾਰੇ ਭਵ ਨਿਧਿ ਅੰਬ ਸਭਿ ਦੁਸ਼ਟਨ ਦੰਡ ਹਰਿ ਰੂਪ ਗੁਰ ਮੋਰੀਆ। ਕਿੰਕਰ ਉਤਾਰ ਪਾਰ ਦੀਜੀਏ ਦਿਦਾਰ ਨਿਜ, ਲਾਗੀ ਤੇਰੇ ਨਾਮ ਤਾਰ ਛੋਰੀ ਆਸ ਹੋਰੀਆ। ਪਰਜੋ ਦਰਬਾਰ ਸਭੇ ਥਾਂਵ ਨਿਰਧਾਰ ਕਰ ਮੋਖ ਕੇ ਉਦਾਰ ਤੁਮ ਨਮੋ ਕਰ ਜੋਰੀਆ ॥ ੩੨ ॥

[ਨਾ: ਪ੍ਰ: ਪੂ: ਧਿ: ੧

੬ ਦੋਹਰਾ-ਗੁਰ ਗੋਬਿੰਦ ਸਿੰਘ ਸਿਮਰ ਨਿਤ, ਅਪਰ ਨ ਜਾਂਹਿ ਸਮਾਨ। ਜਿਯਤਿ ਰਾਜ ਸੁਖ ਸਰਬਦਾ, ਮਰਤਿ ਮੁਕਤ ਦੇਂ ਦਾਨ ॥ ੧ ॥ [ਨਾ: ਪ੍ਰ: ਉ: ।ਧ: ੪੧

[ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਸਾਹਿਬਾਂ ਦਾ ਰੂਪ ਮੰਨਦੇ ਸੇ ਤੇ ਇਤਨੀ ਭਾਵਨਾ ਰਖਦੇ ਸੇ ਕਿ ਜੋ ਪੂਰਨ ਭਗਤ ਵਿਚ ਹੋ ਸਕਦੀ ਹੈ। ਸ੍ਰੀ ਪੰਚਮ ਸਤਿਗਰ ਜੀ ਦੇ ਮੁਖਾਰਬਿੰਦ ਤੋਂ:—

ਸ੍ਰੀ ਗੁਰ ਕੇਰ ਸਰੀਰ ਜੋਊ ਸਭ ਥਾਨ ਸਮੈਂ ਸਭਿ ਨਾ ਦਰਸੈ ਹੈ। ਗ੍ਰਿੰਥ ਰਿਦਾ ਗੁਰ ਕੇ ਇਹੁ ਜਾਨਹੁ ਉਤਮ ਹੈ ਸਭਿ ਕਾਲ ਰਹੈ ਹੈ। ਮੇਰੇ ਸਰੂਪ ਤੇ ਯਾਂ ਤੇ ਹੈ ਦੀਰਘ ਸਾਹਿਬ ਜਾਨ ਅਦਾਇਬ ਕੈਹੈ। ਪੂਜਹੁ ਚੰਦਨ ਕੇਸਰ ਕੋ ਘਸਿ ਧੂਪ ਧੁਖਾਇ ਕੇ ਫੂਲ ਚਢੈ ਹੈ॥ ੫॥ ਬੇਦ ਪੁਰਾਨ ਮਹਾਨ ਮਹਾਤਮ ਜਾਹਿ ਬਖਾਨ ਕਰਹਿੰ ਸਮੁਦਾਏ। ਅੰਤ ਨ ਪਾਵਤ ਸ਼ੇਸ਼ ਨ ਸ਼ਾਰਦ ਨੇਤਿ ਹੀ ਨਤਿ ਅਸ਼ੇਸ਼ ਬਤਾਏ। ਜੇ ਸਰਬੋਤਮ ਜੋ ਸਰਬਾਸ਼੍ਰਯ ਤਾਂਹੀ ਕੇ ਨਾਮ ਇਸੀ ਮਹਿ ਗਾਏ। ਨਾਮ ਸੁ ਨਾਮੀ ਕੋ ਭੇਦ ਨਹੀਂ ਇਹ ਮੂਰਤਿ ਸ੍ਰੀ ਕਰਤਾਰ ਸੁਹਾਏ॥ ੮ ॥ [ਰਾਸ ਬ ਅੰਸੂ ੫੦

ਬ੍ਰਹਮ ਗਯਾਨ ਹਰ ਭਗਤਿ ਖਜ਼ਾਨਾ। ਸਾਗਰ ਜਗਤ ਜਹਾਜ ਸਮਾਨਾ। ਸੰਗਤ ਅਪਨੀ ਸਗਲ ਉਧਾਰਨ। ਗੁਰੂ ਗ੍ਰੰਥ ਗੁਰ ਕੀਨ ਉਚਾਰਨ॥ ੩੦॥ ਜਿਸ ਮਹਿੰ ਜ਼ਾਹਰ ਜਾਗਤਿ ਜੋਤਿ। ਸਿੱਖਜਨ ਅਭਿਮਤਿ ਪੂਰਨ ਹੋਤਿ। ਭੁਗਤ ਮੁਕਤਿ ਦਾਇਕ ਜਗ ਨਾਥਾ। ਨਮੋਂ ਕਰੋਂ ਧਰ ਪਰ ਧਰਿ ਮਾਥਾ॥ ੩੧॥ ਲਾਖਹੁ ਲਿਖੇ ਧਰਾਤਲ ਸਾਰੇ। ਪਠਹਿ ਸੁਨਹਿੰ ਸਿਖ ਵਾਰ ਨ ਪਾਰੇ। ਸਕਲ ਕਾਮਨਾ ਲਹੀਅਤਿ ਜਿਸ ਤੇ। ਅੰਤ ਸਮੇ ਕੇਵਲ ਹੁਇ ਤਿਸ ਤੇ॥ ੩੨॥ [ਰੁਤ ੧ ਅੰ: ੧

ਜਿਸ ਮਹਿ ਅੰਮ੍ਰਿਤ ਗਯਾਨ ਹੈ ਮਾਨਿਕ ਭਗਤਿ ਵਿਰਾਗ।
ਗੁਰੂ ਗ੍ਰੰਥ ਸਾਹਿਬ ਉਦਧਿ ਬੰਦੋਂ ਕਰ ਅਨੁਰਾਗ॥ [ਨਾ: ਪ੍ਰ: ਪੁ: ਧਿ: ੫੯

ਸੁਧਾ ਕੀ ਤਰੰਗਨੀ ਸੀ ਰੋਗ ਭ੍ਰਮ ਭੰਗਨੀ ਹੈ ਮਹਾਂ ਸ੍ਰਿਤ ਰੰਗਨੀ ਮਹਾਨ ਮਨ ਮਾਨੀ ਹੈ। ਕਿਧੌਂ ਯਹਿ ਹੰਸਨੀ ਸੀ ਮਾਨਸਵਤੰਸਨੀ ਹੈ ਗਨੀਨ ਪ੍ਰਸੰਸਨੀ ਸਰਬ ਜਗ ਜਾਨੀ ਹੈ। ਕਿਧੌਂ ਚੰਦ ਚਾਂਦਨੀ ਸੀ ਮੋਹ ਘਾਮ ਮੰਦਨੀ ਹੈ ਰਿਦੈ ਕੀ ਅਨੰਦਨੀ ਸਦੀਵ ਸੁਖਦਾਨੀ ਹੈ। ਪ੍ਰੇਮ ਪਟਰਾਨੀ ਸਜਾਨੀ ਗਯਾਨ ਕੀ ਜਨਨਿ ਜਾਨੀ ਗੁਨੀ ਭਨੀ ਬਾਨੀ ਤਾਂਕੀ ਗੁਰੂ ਗੁਰਬਾਨੀ ਹੈ॥ ੧ ॥ [ਨਾ: ਪ੍ਰ: ਪੁ: ਧਿ: ੨੪

[ਗੁਰਮਤਿ]

ਕਵੀ ਜੀ ਗੁਰੂ ਕੇ ਪੂਰੇ ਸਿੱਖ ਸੇ ਤੇ ਗੁਰੂ ਜੀ ਦੇ ਮਤ ਦੇ ਉਪਾਸਕ ਸੇ। ਆਪ ਗੁਰੂ ਮਤ ਨੂੰ ਸਰਬ ਮਤਾਂ ਤੋਂ ਸ਼ਰੋਮਣੀ ਸਮਝਦੇ ਸੇ। ਇਹ ਗਲ ਉਨ੍ਹਾਂ ਦੀ ਅਪਣੀ ਲਿਖੀ ਮਿਲਦੀ ਹੈ।

"ਸਤਿਗੁਰੂ ਕੋ ਉਪਦੇਸ਼ ਹੈ ਜਿਸ਼ ਰੀਤ ਕੋ, ਸੋ ਤੋ ਸਿੰਘ ਕੀ ਰੀਤਿ ਸੋਂ ਗਰਜਤਿ ਹੈ ਦੋਸ਼ਨ ਪਰਦੋਸ਼ਨ ਮੇਂ : ਭਾਣਾ ਮਾਨਣੇ, ਹਉਮੈਂ ਕੋ ਤਜਕੇ, ਸਚਿਦਾਨੰਦ ਕੋ

ਸਿਮਰਨ, ਸਰੂਪ ਕੀ ਪ੍ਰਾਪਤਿ, ਇਹ ਮਤ ਸਤਿਗੁਰਨ ਕੋ। ਜੈਂਬੁਕ ਜੈਸੇ ਅਪਰ ਮਤ ਜੋ ਹੈਂ ਤਿਨੋਂ ਮੈਂ ਕੈਸੇ ਮਿਲਤ ਹੈਂ। ਹੈਰੰਨ ਗਰਭ ਭੀ ਬ੍ਰਹਮਾ ਕੇ ਸੇਵਕਨ ਕੋ ਮਤ, ਸ਼ੈਵੀਨ ਸ਼ਿਵਕੇ ਉਪਾਸ਼ਕੀ ਤਿਨ ਕੋ ਮਤ, ਤੀਨੋ ਦੇਵਨ ਕੇ ਮਤ ਆਦਿ ਔਰ ਅਨੇਕ ਹੈਂ, ਪਰਸਪਰ ਬਿਰਧੀ ਏਕ ਦੂਸਰੇ ਕੋ ਖੰਡਨ ਕਰਤਿ ਹੈਂ, ਤਿਸ ਕੋ ਔਰ ਖੰਡਤਿ ਹੈਂ, ਅਪਨੇ ਪੱਖ ਬਾਦ ਕੇ ਹੇਤ ਅਨੇਕਾਨ ਅਨੇਕ ਤਰਕ ਉਠਾਵਤਿ ਹੈਂ। ਅਪਨੇ ਮਤ ਕੇ ਅਨੁਸਾਰ ਬੇਦ ਕੀ ਸ਼੍ਰੁਤੀ ਖੋਜ ਖੋਜ ਕਰ ਰਾਖੀ ਹੈਂ, ਔਰ ਕੇ ਖੰਡਬੇ ਹਿਤ ਭੀ ਖੋਜ ਲਈ ਹੈਂ। ਅਪਨੇ ਸਤਿਗੁਰ ਨਿਰਵੈਰ ਜਿਸ ਮੈ ਜੀਵਨ ਕੋ ਕਲਯਾਨ ਹੋਇ ਸੋ ਕਹਿ ਗਏ ਹੈਂ ਸੂਧੀ ਬਾਤ। ਜਿਸ ਕੋ ਇਸ ਰੀਤ ਕੀ ਗਯਾਤਾ ਨਹੀਂ ਸੋ ਅਨੇਕ ਕਲਪਨਾ ਉਠਾਵਤਿ ਹੈਂ। ਜਿਨ੍ਹੋਂ ਨੇ ਏਹ ਸਮਝ ਰਾਖੀ ਹੈ, ਬਹੁਰ ਸਤਿਗੁਰ ਕੋ ਉਪਦੇਸ਼ ਕਮਾਵਤੇ ਹੈਂ, ਤਿਨ ਕੋ ਮੁਕਤਿ ਪ੍ਰਾਪਤਿ ਸੁਖੇਨ ਹੀ ਹੁਇ ਆਵਤਿ ਹੈ। ਔਰ ਜੋ ਸ਼ਾਸਤ੍ਰਨ ਮੈਂ ਹੋਕਰ ਪੱਖਬਾਦ ਕੋ ਉਠਾਵਤ ਹੈਂ, ਬਹੁਰ ਸਤਿਗੁਰ ਕੇ ਮਤ ਕੋ ਰਲਾਯੋ ਚਾਹਤ ਹੈਂ, ਸੋ ਅਨਜਾਨ ਹੀ ਠਗਾਏ ਜਾਇਂਗੇ, ਨਿਸ਼ਚੇ ਵਾਰੇ ਜੋ ਸਿੱਖ ਹੈਂ ਸੋ ਤੋ ਸੁਪਨ ਮਾਤ੍ਰ ਭੀ ਤਿਨਕੇ ਕਹਿਨੇ ਨਹੀਂ ਮਾਨੇਂਗੇ"। [ਗਰਬ ਗੰਜਨੀ

[ਸ਼ਾਰਦਾ, ਦੇਵੀ।]

ਕਵੀ ਜੀ ਸਰਸ੍ਵਤੀ ਦੇ ਉਪਾਸ਼ਕ ਨਹੀਂ ਸੇ, ਉਪਾਸਕ ਵਾਹਿਗੁਰੂ ਤੇ ਗੁਰੂ ਜੀ ਦੇ ਸਨ। ਅਪਨੇ ਵਾਹਿਗੁਰੂ ਤੇ ਗੁਰੂ ਜੀ ਦੇ ਜਸ ਲਈ ਉਸਨੂੰ ਯਾਦ ਕਰਦੇ ਹਨ:—

ਸ਼ਾਰਸਤੀ ਸਰਿਤਾ ਸਰਸ ਮਮ ਉਹ ਕਰਹੁ ਪ੍ਰਵਾਹ
ਉਠਹਿ ਲਹਿਰ ਛੰਦਨ ਰਚਨ ਗੁਰ ਹਰਿ ਜਸ ਕੇ ਮਾਂਹਿ ॥ ੧ ॥ [ਰਿਤ: ੧: ੧

ਇਸ ਤੋਂ ਸਪਸ਼ਟ ਹੈ ਕਿ ਇਸ਼ਟ ਤਾਂ ਆਪਦਾ ਅਕਾਲ ਪੁਰਖ ਤੇ ਗੁਰੂ ਸਾਹਿਬ ਹਨ, ਜੀਵਨ ਦਾ ਪ੍ਰਯੋਜਨ ਹਰੀ ਤੇ ਗੁਰੂ ਦਾ ਜਸ ਹੈ ਤੇ ਸੁਰੱਸ੍ਵਤੀ ਨੂੰ ਇਸ ਪ੍ਰਯੋਜਨ ਦੀ ਸਿੱਧੀ ਲਈ ਯਾਦ ਕਰ ਰਹੇ ਹਨ।

ਅਤੇ ਆਪ 'ਸ਼ਾਰਦਾ' ਨੂੰ ਵਕਤਾ ਦੀ ਸ਼੍ਰੇਣੀ ਵਿਚ ਗਿਣ ਰਹੇ ਹਨ, ਦੇਖੋ ਰਾਸ ੧ ਅੰਸੂ ੧ ਅੰਕ ੨੯:—

ਸ਼ਾਰਦ ਆਦਿਕ ਬਕਤਾ ਤੇਈ।

ਫਿਰ 'ਸ਼ਾਰਦ' ਪਦ ਨੂੰ ਆਪ ਨੇ 'ਬਾਣੀ' ਦੇ ਅਰਥਾਂ ਵਿਚ ਆਪਣੇ ਇਸੇ ਗ੍ਰੰਥ ਵਿਚ ਵਰਤਿਆ ਹੈ, ਦੇਖੋ ਰੁਤ ੪ ਅੰਸੂ ੫੦ ਅੰਕ ੨੩ ਪੰਨਾ ੫੪੦੯,

ਇਸੀ ਤਰ੍ਹਾਂ ਕਵੀਜੀ ਅਪਣੀ ਕਲਮ ਤੋਂ ਦੱਸ ਗਏ ਹਨ ਕਿ ਦੇਵੀ ਨੂੰ ਦਸਮੇ ਗੁਰੂ ਜੀ ਗੁਰੂ ਅਰਥਾਤ ਇਸ਼ਟ ਦੇਵ ਨਹੀਂ ਸਨ ਮਿਲਦੇ। ਇਸ ਤੋਂ ਇਹ ਬੀ ਸਹੀ ਹੋ ਗਿਆ ਕਿ ਦੇਵੀ ਕਵੀ ਜੀ ਦਾ ਇਸ਼ਟ ਬੀ ਨਹੀਂ ਸੀ। ਆਪ ਲਿਖਦੇ ਹਨ:—

"ਅਰਿ ਦੇਵੀ ਸੋਂ ਪ੍ਰਤੱਖ ਕਵੀ ਕਹਿਤੇ ਹੈਂ, ਸੋ ਕੈਸੇ ਜੋ ਅਨੇਕ ਸਥਾਨ ਬਿਖੇ ਅਪਨੀ ਬਾਨੀ ਮੈਂ ਉਸਤਤਿ ਚੰਡਿਕਾ ਕੀ ਕਰੀ ਹੈ। ਤਿਸ ਕੋ ਸੁਨਿਕੇ ਪੀਛੇ ਤੇ

ਲੋਕ ਅਨੰਦਘਨ ਜੈਸੇ ਕਹਿਤੇ ਹੈਂ ਜੋ ਦਸਵੀਂ ਪਾਤਸ਼ਾਹੀ ਕੋ ਗੁਰੂ ਦੇਵੀ ਹੈ, ਤਹਾਂ ਬੀ ਨਿਰਨੇ ਕਰ ਗਏ ਹੈਂ, ਪ੍ਰਮਾਣਃ–ਅਰੁ ਸਿਖ ਹੋ ਅਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋ"। [ਕਬਕ ਗੰਜਨੀ

ਫਿਰ ਕਵੀ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ਼ਟ, ਉਨ੍ਹਾਂ ਦੇ ਗੁਰੂ ਦਾ ਪਤਾ ਆਪ ਦੇਂਦੇ ਹਨਃ–

"ਜੋ ਲੋਕ ਆਸ਼ਜ ਤੋ ਸਤਿਗੁਰਨ ਕੋ ਸਮਝਹਿੰਗੇ ਨਹੀਂ, ਕੋਈ ਕਿਸੀ ਕੋ ਮਤਿ ਕੋ ਅਨੁਮਾਨ ਕਰੇਗੋ, ਕੋਈ ਕਿਸੀ ਕੋ ਕਹੇਗੋ। ਯਾਹੀਂ ਤੇ ਗੁਰੂ ਬਤਾਇ ਗਏ ਹੈਂ ਸੋਈ ਕਹਤਿ ਹੈਂਃ–ਆਦਿ ਅੰਤ ਏਕੈ ਅਵਤਾਰਾ॥ ਸੋਈ ਗੁਰੂ ਸਮਝੀਅਹੁ ਹਮਾਰਾ"। [ਕਥਾ ਤ ਸਕ

[ਉਪਾਸ਼ਨਾ]

ਇਸ਼ਟ ਦਾ ਪਤਾ ਉਤੇ ਦੇ ਆਏ ਹਾਂ, ਆਪ ਦੀ ਉਪਾਸ਼ਨਾਂ ਦਾ ਢਬ ਇਸ ਪ੍ਰਕਾਰ ਦਾ ਹੈਃ–

ਸਿਖੀ ਭਾਵ–ਕਵੀ ਜੀ ਨਿਜ ਨੂੰ ਸਿੱਖ ਸਮਝਕੇ ਪ੍ਰਸੰਨ ਹੁੰਦੇ ਹਨ, ਸਿੱਖਾਂ ਵਾਂਙੂ ਗੁਰੂ ਦੀ ਉਪਾਸਨਾ ਕਰਦੇ ਹਨ। ਇਸ ਵਿਸ਼ੇ ਤੇ ਉਨ੍ਹਾਂ ਦੇ ਅਪਣੇ ਲੇਖ ਇਸ ਪ੍ਰਕਾਰ ਹਨਃ–

੧. ਗੁਰ ਸਿੱਖੀ ਜਾਚਉਂ ਹਉਂ ਦਾਨਾ॥ ਜਿਸਤੇ ਹੋਇ ਪਰਮ ਕੱਲਜਾਨਾ॥ ਮਨਸਾ ਸਗਰੀ ਮਨਹਿੰ ਸਮਾਵਹਿ॥ ਸ਼ਾਂਤਿ ਹੋਇ ਨੀਕੋ ਪਦ ਪਾਵਹਿ॥੧੦੯॥ [ਨਾਃ ਪ੍ਰਃ ਉਃ ਧਿਃ ਪ੭

੨. ਅਬ ਮੈਂ ਸਭ ਆਗੇ ਕਰ ਜੋਰਿ॥ ਬਾਰੰਬਾਰ ਨਿਹੋਰਿ ਨਿਹੋਰ॥ ਅਸਿ ਤਿੱਖੀ ਸਿੱਖੀ ਅਸ ਜਾਚ॥ ਚਿਤ ਕੀ ਬ੍ਰਿਤੀ ਸਾਚ ਮਹਿੰ ਰਾਚ॥ ੨੮॥ ਲਹੌਂ ਦਰਸ ਗੁਰ ਦਿਹੁ ਇਮ ਬਰ ਕੋ॥ ਜਿਸ ਤੇ ਬ੍ਰਹਮ ਗਜਾਨ ਹੁਇ ਉਰ ਕੋ। ਜਨਮ ਮਰਨ ਕੋ ਕਸ਼ਟ ਬਡੇਰਾ॥ ਬਹੁਰ ਨ ਜਗ ਮਹਿੰ ਹੁਇ ਕਬ ਫੇਰਾ॥ ੨੯॥ [ਐਨ ੨ ਅੰਸੂ ੧੬

੩. ਕਰਮ ਹੀਣ ਕੁੜਿਆਰ ਮੈਂ ਲੋਭੀ ਕਾਮੀ ਬਾਮ॥ ਲਾਜ ਰਖਹੁ ਨਿਜ ਬਿਰਦ ਕੀ ਜਗਤ ਕਹੈ 'ਸਿੱਖ' ਨਾਮ॥ [ਨਾਃ ਪ੍ਰਃ ਉਃ ਧਿਃ ੪੧

੪. ਮਿਟਿਕੇ ਬਿਕਾਰਨ ਤੇ ਸ਼ਰਨ ਪਰੀਜੇ ਨਿਤ ਨਾਮਕੇ ਉਚਾਰਨ ਤੇ ਮੋਹ ਜਾਤ ਘਟਿ ਕੈ। ਘਟ ਕੇ ਮਝਾਰ ਧਜਾਨ ਧਾਰਨਿ ਤੇ ਪਾਰ ਹੋਹਿ ਮਨ ਟਿਕ ਜਾਇ ਬਿਸ਼ਯਾਨ ਤੇ ਉਲਟ ਕੈ। ਲਟਕੇ ਨਾਂ ਸਿਰ ਤਰਵਾਯੋ ਹ੍ਵੈ ਗਰਭ ਬੀਚ ਪਰਜੋ ਬਸਿ ਸਦਾ ਬਹੁ ਬੰਧਨ ਬਿਕਟ ਕੇ। ਕਟਿਕੇ ਸੁ ਦੇਹਿੰ ਮੋਖ ਐਸੇ ਗੁਰ ਨਾਨਕ ਜੀ ਬੰਦ ਹੌਂ ਪਦਾਰਬਿੰਦ ਇੰਦ੍ਰਿਨਿ ਸਿਮਟਿਕੇ॥ ੩॥ [ਰਾਸ ੪ ਅੰਸੂ ੧

ਸਿਦਕ–ਸੰਸਾਰਕ ਕਸ਼ਟਾਂ ਵੇਲੇ ਤੇ ਮਾਨਸਿਕ ਲੋੜਾਂ ਦੀ ਪੂਰਣਤਾ ਲਈ ਤੇ ਪ੍ਰਲੋਕ ਸੰਵਰਨ ਨਮਿੱਤ ਕਵੀ ਜੀ ਸਿਦਕ ਭਰੋਸੇ ਵਾਲੇ ਬੰਦੇ ਸੇ ਤੇ ਗੁਰੁ ਸਾਹਿਬ ਅਗੇ ਹੀ ਅਰਦਾਸੇ ਕਰਦੇ ਸਨ। ਇਸ ਬਾਬਤ ਇਸ ਪ੍ਰਕਾਰ ਆਪ ਲਿਖਦੇ ਹਨ :–

੧. ਸਭੈ ਗੁਣ ਉਰ ਭਰਪੂਰ ਭਯੋ ਔਗੁਨਨਿ ਕਾਮ ਕ੍ਰੋਧ ਕੂਰ ਹੂੰ ਕੀ ਬ੍ਰਿਧਤਾ ਫਰਦ ਕੀ। ਹੋਯੋ ਮਨ ਚੂਰ ਚੂਰ ਰਹੀ ਮਤ ਝੂਰ ਝੂਰ ਦੇਖ ਰਹਯੋ ਦੂਰ ਦੂਰ ਦਾਰੂ ਨ ਦਰਦ ਕੀ। ਮਿਲੇ ਗੁਰ ਪੂਰਨ ਸੰਤੋਖ ਸਿੰਘ ਤੂਰਨ ਸੁ ਲਖ ਦੁਖ ਭੂਰ ਗਤਿ ਏਕਲੀ

ਨਰਦ ਕੀ। ਨਾਮ ਹੈ ਸ਼ਰਨ ਸੁਰ ਪਾਵਨ ਪਤਿਤ ਕੂਰ ਰਾਖ ਹੈਂ ਜ਼ਰੂਰ ਲਾਜ ਆਪਨੇ ਬਿਰਦ ਕੀ ॥ ੧੧੨ ॥ [ਨਾ: ਪ੫ ਉ: ਧਿ: ਪ੭

੨. ਤੋਸੇ ਨਹੀਂ ਦਾਤਾ ਕੋਊ, ਮੋ ਸੇ ਨ ਭਿਖਾਰੀ ਦੀਨ, ਤੋਸੋ ਨ ਦਿਆਲ ਦੁਖੀ ਮੋ ਸੋ ਨ ਅਲਾਈਏ। ਮੋਸੋ ਨਹੀਂ ਕ੍ਰਿਤਘਣ ਤੋਸੋ ਉਪਕਾਰੀ ਨਾਹਿ ਮੋਸੋ ਨ ਅਨਾਥ ਨਾਥ ਤੋਸੋ ਨ ਬਤਾਈਏ। ਔਗੁਣੀ ਨ ਮੋਸੋ ਕੋਊ ਤੋਸੋ ਗੁਣਵਾਨ ਨਾਹਿੰ ਜਪ ਤਪ ਬ੍ਰਤ ਮੋ ਮੈਂ ਏਕ ਨਹੀਂ ਪਾਈਏ। ਕਵਿ ਆਯੋ ਹੈ ਸ਼ਰੰਨ ਗਹੇ ਧਾਇਕੇ ਚਰੰਨ ਗੁਰੂ ਤਾਰਨ ਤਰੰਨ ਨਿਜ ਹਾਥ ਦੇ ਬਚਾਈਏ ॥ ੩੩ ॥ [ਐਨ ੨ ਅੰਸੂ ੩੬

੩. ਸਤਿਗੁਰ ਮਮ ਬੇਰੀ ਕਟੋ ਨਿਜਬੇਰੀ ਪਰ ਚਾਰਿ। ਇਹ ਬੇਰੀ ਹੁਇ ਭਵ ਸਫਲ ਬਿਨ ਬੇਰੀ ਕਰਿ ਪਾਰਿ ॥ ੩੪ ॥ [ਐ: ੨ ਅੰਸੂ ੩੬

੪. ਸੀਰ ਨਾ ਸੁਸੰਗ ਮੈਂ ਕੁਸੰਗ ਮੈਂ ਸੰਤੋਖ ਸਿੰਘ ਰਮਜੇ ਨਿਤ ਪਾਪਨ ਮੈਂ ਮਿਲ੍ਯੋ ਕਬ ਧੀਰ ਨਾ। ਧੀਰ ਨਾ ਧਰਤਿ ਕਾਮ ਲੰਪਟ ਕਠੋਰ ਕ੍ਰੂਰ ਬੋਰਯੋ ਮੈਂ ਬਿਕਾਰਨ ਮੈਂ ਭਯੋ ਮਨ ਤੀਰ ਨਾ। ਤੀਰ ਨਾ ਪਛਾਨਯੋ ਤੁਮੈਂ ਦੂਰ ਕਰ ਜਾਨਯੋ ਪ੍ਰਭੁ ! ਆਪਨੇ ਉਧਾਰ ਕੀ ਬਿਚਾਰੀ ਤਤਬੀਰ ਨਾ। ਬੀਰ ਨਾ ਭਗਤਿ ਭੇਖ ਧਾਰੀ ਹਿਤ ਨਾਰੀ ਜਿਮ ਰਾਖੀ ਪੈਜ ਤੋਸੇ ਮੇਰੀ ਹੇਰੋ ਤਕਸੀਰ ਨਾ ॥ ੪੪ ॥ [ਰੁਤ ੨ ਅਸੂ ੫੦

੫. ਦਸਹੁ ਗੁਰਨ ਕੀ ਕਰੁਨਾ ਪਾਈ। ਦਸਹੁੰ ਗੁਰਨ ਕੀ ਕਥਾ ਬਨਾਈ। ਪੁਨ ਪੁਨ ਧਰ ਪਰ ਧਰ ਧਰ ਸਿਰਕੋ। ਬੰਦਨ ਕਰੋਂ ਪ੍ਰੇਮ ਕਰ ਉਰਕੋ ॥ ੧੯ ॥ [ਐਨ ੨ ਅਸੂ ੩੬

੬. ਹੋਹਿ ਮਨੋਰਥ ਪੂਰਨ ਮੇਰਾ। ਗੁਰ ਪਦ ਸੇਵਉਂ ਸਾਂਝ ਸਵੇਰਾ ॥ ੩੧ ॥ ਯਾਂ ਤੇ ਅਹੈ ਭਰੋਸਾ ਮੋਹੀ। ਗ੍ਰੰਥ ਸੰਪੂਰਨ ਸਗਰੇ ਹੋਹੀ। [ਰਾਸ ੧ ਅੰਸੂ ੧

ਨਿੰਮ੍ਰਤਾ—ਇਤਨੇ ਵਿਦਵਾਨ, ਤੇ ਮਹਾਨ ਕਵੀ ਹੋਕੇ ਕਵੀ ਜੀ ਵਿਚ ਵਿਦਯਾਭਿਮਾਨ ਨਹੀਂ ਦਿੱਸ ਪੈਂਦਾ। ਹੇਠ ਲਿਖੇ ਛੰਦਾਂ ਤੋਂ ਉਨ੍ਹਾਂ ਦੀ ਨਿੰਮ੍ਰਤਾ ਸੂਚਕ ਹੁੰਦੀ ਹੈ:—

੧. ਅਚਰਜ ਚਰਿਤ ਗੁਰੂ ਕੇ ਅਹੈਂ। ਕਿਸ ਮਹਿੰ ਸ਼ਕਤਿ ਜੁ ਸਗਰੇ ਕਹੈ। ੫। ਗੁਰ ਕ੍ਰਿਪਾਲ ਜੇਤਿਕ ਕਿਯ ਕਰੁਨਾ। ਮੈਂ ਬੀ ਕਰਹੁ ਤਿਤਕ ਜਸ ਬਰਨਾ। ਮੋ ਮੈਂ ਸ਼ਕਤਿ ਨ ਰੰਚਕ ਭਰਿ ਹੈ। ਅਪਨੇ ਚਲਿਤ ਆਪ ਹੀ ਕਰਿ ਹੈ। ੬। [ਰੁ: ੪ ਅੰਸੂ ੧

੨. ਸ੍ਰੀ ਗੁਰ ਕੋ ਜਸ ਸਾਗਰ ਰੂਪ ਉਜਾਗਰ ਹੈ ਸਭਿ ਲੋਕਨ ਮਾਹੂੰ। ਮੈਂ ਤੁਲਹਾ ਤ੍ਰਿਣ ਜਜੋਂ ਕਰਿਕੇ ਨਿਜ ਬੁੱਧਿ ਤੇ ਪਾਰ ਪਰਯੋ ਅਬ ਚਾਹੂੰ। ਹੋਇ ਹਸੀ ਜਗ ਮੈਂ ਅਧਿ-ਕਾਇ ਤਊ ਚਿਤ ਮੈਂ ਅਤਿਸ਼ੇ ਉਤਸਾਹੂੰ। ਊਚ ਤਰੂ ਫਲ ਜਯੋਂ ਲਗ ਸੁੰਦਰ ਵਾਮਨ ਹਾਥ ਪਸਾਰਤਿ ਤਾਹੂੰ। ੨੮। [ਰਾ: ੧ ਅੰਸੂ ੧

੩. ਅੰਧ ਜੁ ਬਧਰ ਪਿੰਗ ਨਗਨ ਮ੍ਰਿਤਕ ਛੰਦ ਰੁਕਤ ਅਪਾਰਥ ਕੀ ਸਮਝ ਨ ਆਵਈ। ਵੈਰ ਦੇਸ਼ ਕਾਲ ਗਨ ਅਗਨ ਨਵੋਂ ਹੀ ਰਸ ਬਿਬਧਾਲੰਕਾਰ ਹੂੰ ਕੋ ਭੇਦ ਨਹਿੰ ਪਾਵਈ। ਕੋਊ ਗਨ ਹੈ ਨ ਮੈਂ ਭਨਤਿ ਮੱਧ ਜਾਨੋ ਮਨ ਗੁਨੀਅਨਿ ਹਾਸ ਜੋਗ ਅਟ-ਪਟੀ ਜਾਵਈ। ਏਕ ਗੁਨ ਯਾ ਮੈਂ ਸੋ ਬਿਦਤ ਸ਼੍ਰੂਤ ਮੰਤ ਸੁਨੋ ਸਤਿਗੁਰੁ ਕੀਰਤਿ ਸੁ ਨਿਰਮਲ ਭਾਵਈ ॥ ੧ ॥

[ਨਾ: ਪ੍ਰ ਪੁ: ਧਿ: ੪

# ੨੯. ਕਵੀ ਜੀ ਦਾ ਪਰਿਵਾਰ।

ਕਵੀ ਜੀ ਦੇ ਅੱਗੇ ਪਿੱਛੇ ਦਾ 'ਕੁਲ ਪੱਤ੍ਰ' ਇਹ ਹੈ ਜੋ ਅਨੇਕ ਟਿਕਾਣਿਆਂ ਦੀ ਤਲਾਸ਼ ਦੇ ਮਗਰੋਂ ਸਿਰੇ ਚੜ੍ਹਿਆ ਹੈ:-

- ਭਾਈ ਗੁਲਾਬ ਸਿੰਘ
  - ਭਾਈ ਰਾਮ ਸਿੰਘ
    - ਭਾਈ ਰਤਨ ਸਿੰਘ
  - ਭਾਈ ਦੇਵਾ ਸਿੰਘ (ਸਿੰਘਣੀ—ਰਜਾਦੀ ਅਥਵਾ ਰਾਜਦੇਈ)
    - ਅਨੋਖ ਸਿੰਘ
      - ਅਤਰ ਸਿੰਘ
        - ਮੁਤਬੰਨਾ ਨਾਨਕ ਸਿੰਘ ਦੋਹਤਰਾ
        - ਬੁੱਢਾ ਸਿੰਘ
    - ਸੰਤੋਖ ਸਿੰਘ (ਰਾਮ ਕੌਰ ਸਿੰਘਣੀ)
      - ਅਜੈ ਸਿੰਘ
        - ਪ੍ਰਦੁਮਨ ਸਿੰਘ ਲਾਵਲਦ
      - ਬਿਜੈ ਸਿੰਘ (ਕੈਥਲ)
        - ਤੇਲੂ ਸਿੰਘ
          - ਰਘੁਬੀਰ ਸਿੰਘ
            - ਹਰਬੰਸ ਸਿੰਘ
            - ਅਮਰ ਸਿੰਘ
            - ਚਰਨ ਸਿੰਘ
            - ਕਰਮ ਸਿੰਘ
            - ਰਾਜਿੰਦਰ ਸਿੰਘ
      - ਮਕਸੂਦਨ ਸਿੰਘ (ਲਾਵਲਦ)
      - ਬਲਦੇਵ ਸਿੰਘ (ਪਟਿਆਲਾ)
        - ਮੂਲ ਸਿੰਘ
        - ਦਯਾਲ ਸਿੰਘ
          - ਮਿਹਰ ਸਿੰਘ
          - ਕੇਹਰ ਸਿੰਘ
            - ਮੋਹਨ ਸਿੰਘ
        - ਹਰਨਾਮ ਸਿੰਘ
          - ਜੋਧ ਸਿੰਘ
      - ਅਨਰੁਧ ਸਿੰਘ
    - ਵਸਾਵਾ ਸਿੰਘ (ਹਰਕੌਰ ਸਿੰਘਣੀ)
    - ਬਸਤਾ ਸਿੰਘ
      - ਜਵਾਲਾ ਸਿੰਘ
    - ਮਹਤਾਬ ਸਿੰਘ (ਸਾਧੂ ਹੋ ਗਿਆ)

ਪਿੱਛੇ ਅਸੀਂ ਕਵੀ ਜੀ ਦੇ ਮਾਤਾ ਪਿਤਾ ਇਸਤ੍ਰੀ ਦੇ ਨਾਮ ਦੇ ਆਏ ਹਾਂ (ਦੇਖੋ ਪੰਨਾ ੮੫ ਤੇ ੯੦) ਆਪ ਦੇ ਘਰ ਪੰਜ ਪੁੱਤ੍ਰ ਤੇ ਤ੍ਰੈ ਕੰਨਿਆਂ ਹੋਈਆਂ। ਛੋਟਾ ਪੁੱਤ੍ਰ ਅਨਰੁਧ

ਸਿੰਘ ਤਾਂ ਛੋਟੀ ਵਰੇਸ ਵਿਚ ਗੁਜ਼ਰ ਗਿਆ। ਵਡੇ ਚਾਰ ਪੁੱਤ੍ਰਾਂ ਦੇ ਨਾਮ ਏਹ ਹਨ:— ਅਜੈ ਸਿੰਘ, ਬਿਜੈ ਸਿੰਘ, ਮਕਸੂਦਨ ਸਿੰਘ, ਬਲਦੇਵ ਸਿੰਘ ਤੇ ਬੇਟੀਆਂ ਦੇ ਨਾਮ ਹਨ:— ਖੇਮ ਕੌਰ, ਮੇਮਨ ਕੌਰ ਪ੍ਰਸਿੱਧ ਮੇਮੀ ਤੇ ਮਾਨ ਕੌਰ ਪ੍ਰਸਿੱਧ ਮਾਨੀ। ਵੱਡੀ ਕਾਕੀ ਖੇਮ ਕੌਰ ਅਕਾਲ ਤਖਤ ਦੇ ਪੁਜਾਰੀ ਭਾਈ ਸੋਭਾ ਸਿੰਘ ਦੇ ਕਾਕੇ ਨਰੈਣ ਸਿੰਘ ਨਾਲ ਵਿਆਹੀ ਸੀ। ਮੇਮੀ ਛਬਾਲ ਵਿਆਹੀ ਤੇ ਮਾਨੀ ਮਾਨਪੁਰ ਵਿਆਹੀ ਪਰ ਫੇਰ ਪਟਿਆਲੇ ਆ ਰਹੀ। ਕਾਕੀਆਂ ਦੇ ਵਿਆਹ ਕਵੀ ਜੀ ਨੇ ਪੁਰਾਣੇ ਤ੍ਰੀਕੇ ਨਾਲ ਨਹੀਂ ਕੀਤੇ, ਸਗੋਂ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਗੁਰਮਤਿ ਅਨਕੂਲ ਕੀਤੇ। ਬੀਬੀ ਮਾਨੀ ਨੂੰ ਪ੍ਰਾਪਤ ਹੋਣ ਵਾਲਾ ਵਰ ਰਾਮ ਰਾਈਆ ਸੀ। ਜਦੋਂ ਕਵੀ ਜੀ ਨੂੰ ਪਤਾ ਲਗਾ ਤਾਂ ਆਪ ਨੇ ਅਝੱਕ ਕਹਿ ਦਿੱਤਾ ਕਿ ਜਦ ਤਕ ਕਾਕਾ ਅੰਮ੍ਰਿਤ ਨਾ ਛਕੇ ਮਾਨੀ ਦਾ ਵਿਆਹ ਅਸਾਂ ਨਹੀਂ ਕਰਨਾ। ਇਹ ਗਾਲ ਦੁਵੱਲੀ ਬਹੁਤ ਵੀਚਾਰ ਤੇ ਝਗੜੇ ਦੀ ਹੋ ਗਈ। ਛੇਕੜ ਸ੍ਰੀ ਗੁਰੂ ਜੀ ਪਰ ਫੈਸਲਾ ਛੱਡਿਆ ਗਿਆ ਤੇ ਚਿੱਠੀਆਂ ਪਾਈਆਂ ਗਈਆਂ। ਗੁਰੂ ਮਿਹਰ ਨਾਲ ਚਿੱਠੀ ਇਸ ਗਲ ਦੀ ਆਈ ਕਿ ਕਾਕਾ ਅੰਮ੍ਰਿਤ ਛਕੇ। ਸੋ ਉਹ ਕਾਕਾ 'ਨੈਨਾ' ਅੰਮ੍ਰਿਤ ਛਕਕੇ ਨਹੈਣ ਸਿੰਘ ਸਜਿਆ। ਤੇ ਇਸ ਸੰਜੋਗ ਦਾ ਐਸਾ ਪ੍ਰਭਾਵ ਪਿਆ ਕਿ ਸਾਰਾ ਪਰਵਾਰ ਸਿੰਘ ਸਜ ਗਿਆ। ਕਵੀ ਜੀ ਦੇ ਕੁਟੰਬੀਆਂ ਦੀਆਂ ਹੋਰ ਕਈ ਲੜਕੀਆਂ ਬੀ ਉਸ ਪਰਵਾਰ ਵਿਚ ਵਿਆਹੀਆਂ ਗਈਆਂ ਤੇ ਓਹ ਬੀ ਸਾਰੇ ਵਿਆਹਾਂ ਤੋਂ ਪਹਿਲੇ ਸਿੰਘ ਸਜਾਏ ਗਏ। ਅਪਣੀ ਹਰੇਕ ਬੀਬੀ ਦੇ ਘਰ ਵਿਆਹ ਦੇ ਨਾਲ ਹੀ ਕਵੀ ਜੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸਥਾਪਨ ਕਰਵਾਏ* ਸਨ।

ਇਹ ਬੀ ਪਤਾ ਲਗਦਾ ਹੈ ਕਿ ਅਜੈ ਸਿੰਘ ਚੰਗਾ ਵਿਦਵਾਨ ਤੇ ਸਿਸਕ੍ਰਿਤ ਦਾ ਵੇਤਾ ਸੀ ਤੇ ਕਵੀ† ਬੀ ਸੀ ਪਰ ਇਸ ਦੀ ਰੁਚੀ ਦੇਵੀ ਉਪਾਸ਼ਨਾਂ ਵਲ ਵਧੇਰੇ ਸੀ। ਇਸ ਦਾ ਸੁਭਾਵ ਬੜਾ ਉਤੇਜਤ ਸੀ ਇਸ ਨੂੰ ਨਿਹੰਗ ਸਿੰਘ ਬੀ ਆਖਦੇ ਸਨ।ਇਹ ਬੀ ਗਲ ਖਾਨਦਾਨੀਆਂ ਤੋਂ ਪਤਾ ਲਗੀ ਹੈ ਤੇ ਕਈ ਗਿਆਨੀ ਬੀ ਦਸਦੇ ਹਨ ਕਿ ਦੇਵੀ ਪੂਜਨ ਦੇ ਪ੍ਰਸਿਗ ਦੇ ਗੁਰ ਪ੍ਰ: ਸੂਰਜ ਗ੍ਰੰਥ ਵਿਚ ਲਿਖੇ ਜਾਣ ਦੀ ਜ਼ਿੰਮੇਵਾਰੀ ਅਜੈ ਸਿੰਘ ਦੀ ਹੈ। ਜਦੋਂ ਕਵੀ ਜੀ ਦੇਵੀ ਦੇ ਹਾਲ ਪੜਕੇ ਸੰਸੇ ਬ੍ਰਿਤੀ ਵਿਚ ਸਨ ਕਹਿੰਦੇ ਹਨ ਤਦੋਂ ਇਸ ਪੁੱਤ੍ਰ ਨੇ ਮਜਬੂਰ ਕੀਤਾ,ਇਥੋਂ ਤਾਈਂ ਕਿ ਭਗੌਤੀ ਸੂਤ ਕੇ ਖੜੋ ਗਿਆ।ਪਰ ਕੋਈ ਲਿਖਤੀ ਜ਼ਿਕਰ ਇਸ ਗਲ ਦਾ ਨਹੀਂ ਮਿਲਿਆ।ਉਂਵ ਅਜੈ ਸਿੰਘ ਪੁੱਤਰ ਹੋਣ ਤੋਂ ਇਲਾਵਾ ਆਪਣੇ ਆਪ ਨੂੰ ਆਪਣੇ ਪਿਤਾ ਦਾ ਸ਼ਾਗਿਰਦ ਬੀ ਮੰਨਦਾ ਹੈ।

ਕਵੀ ਜੀ ਦੇ ਚਲਾਣੇ ਦੇ ਬਾਦ ਅਜੈ ਸਿੰਘ ਗੁਰ ਪ੍ਰਤਾਪ ਸੂਰਜ ਦੀ ਇਕ ਜਿਲਦ ਲੈਕੇ ਅਨੰਦਪੁਰ ਸਾਹਿਬ ਚਲਾ ਗਿਆ ਤੇ ਓਥੇ ਇਸ ਦੀ ਕਥਾ ਕਰਦਾ ਰਿਹਾ, ਉਸ ਦਾ ਦੇਹਾਂਤ ਓਥੇ ਹੀ ਹੋਇਆ ਤੇ ਪਤਾ ਨਹੀਂ ਲੱਗਾ ਕਿ ਕਦੋਂ ਤੇ ਕਿਸ ਤਰ੍ਹਾਂ ਹੋਇਆ। ਗੁ: ਪ੍ਰ: ਸੂਰਜ ਦੀ ਜਿਲਦ, ਜਿਸ ਤੋਂ ਓਹ ਕਥਾ ਕਰਦਾ ਸੀ, ਥਹੁ ਨਹੀਂ ਲਗ ਸਕਿਆ ਕਿ ਕਿੱਥੇ ਗਈ। ਅਜੈ ਸਿੰਘ ਦਾ ਲੜਕਾ ਪ੍ਰਦੁਮਨ ਸਿੰਘ ਬੁੜੀਏ ਰਿਹਾ ਤੇ ਪੁਲਿਸ ਵਿਚ ਨੌਕਰ ਰਿਹਾ ਇਥੋਂ ਉਸ ਨੂੰ ਪੈਨਸ਼ਨ ਮਿਲਦੀ ਰਹੀ। ਇਹ ਲਾਵਲਦ ਪ੍ਰਲੋਕ ਚਲਾ ਗਿਆ।

---

*ਇਨ੍ਹਾਂ ਵਿਚੋਂ ਇਕ ਪਾਵਨ ਬੀੜ ਜੀ ਦੀ ਸੇਵਾ ਦਾ ਸੁਭਾਗ ਸਾਨੂੰ ਮਿਲਿਆ ਹੈ।

†ਇਸ ਦੀ ਕਵਿਤਾ ਛਪੀ ਦੇਖੋ ਸਫਾ ੧੭੩-੭੪ ਸਿਰਨਾਵਾਂ 'ਕਵੀ ਜੀ ਦੇ ਜਮਾਤੀ ਤੇ ਸ਼ਾਗਿਰਦ' ਹੇਠ।

ਦੂਜਾ ਲੜਕਾ ਬਿਜੈ ਸਿੰਘ ਕੈਥਲ ਰਿਹਾ ਹੈ ਤੇ ਇਸ ਨੂੰ ਬਿਜੀਆ ਅਰਥਾਤ ਸੁਖ ਨਿਧਾਨ ਦਾ ਬਹੁਤ ਪ੍ਰੇਮ ਸੀ। ਉਸ ਦੇ ਲੋਰ ਵਿਚ ਤੇ ਉਸ ਦੀ ਲੋੜ ਵੇਲੇ ਕਵੀ ਜੀ ਦੇ ਸੰਚੇ ਕੀਤੇ ਹੋਏ ਤੇ ਲਿਖੇ ਹੋਏ ਕਈ ਗ੍ਰੰਥ ਇਸ ਦੇ ਹਥੋਂ ਭੰਗ ਦੇ ਭਾੜੇ ਚਲੇ ਗਏ। ਇਸ ਦਾ ਪੋਤ੍ਰਾ ਰਘੁਬੀਰ ਸਿੰਘ ਕੈਥਲ ਵਿਚ ਹੈ।

ਤੀਸਰਾ ਲੜਕਾ ਮਕਸੂਦਨ ਸਿੰਘ ਰਸਾਲੇ ਵਿਚ ਨੌਕਰ ਹੋਕੇ ਮਦਰਾਸ ਚਲਾ ਗਿਆ। ਸ਼ਾਦੀ ਓਧਰੇ ਕੀਤੀ ਤੇ ਪੇਨਸ਼ਨ ਲੈਕੇ ਪਟਿਆਲੇ ਆ ਰਿਹਾ। ਔਲਾਦ ਨਹੀਂ ਹੋਈ।

ਚੌਥਾ ਲੜਕਾ ਬਲਦੇਵ ਸਿੰਘ ਸੀ ਇਹ ਆਪਣੇ ਸਹੁਰੇ ਬਾਵੀ ਮਾਜਰੇ ਜਾ ਰਿਹਾ। ਇਨ੍ਹਾਂ ਦੇ ਦੇਹਾਂਤ ਮਗਰੋਂ ਲੜਕੇ ਪਟਿਆਲੇ ਆ ਰਹੇ। ਇਨ੍ਹਾਂ ਦਾ ਛੋਟਾ ਲੜਕਾ ਮੂਲ ਸਿੰਘ ਬਾਲਪਣੇ ਵਿਚ ਮਰ ਗਿਆ। ਭਾਈ ਦਿਆਲ ਸਿੰਘ ਅੱਜ ਕਲ ਕਿਲੇ ਪਟਿਆਲੇ ਵਿਚ ਨੌਕਰ ਹਨ ਤੇ ਭਾਈ ਹਰਨਾਮ ਸਿੰਘ ਜੀ ਛਛਰੌਲੀ ਵਿਚ ਕਿਸੇ ਅਛੇ ਅਹੁਦੇ ਤੇ ਰਹੇ ਹਨ। ਏਹ ਬਹੁਤ ਪੱਕੇ ਸਿਖ ਸਨ ਤੇ ਮਹਾਰਾਜ ਦੇ ਬੜੇ ਖੈਰਖਾਹ ਸਨ। ਰਜਾਸਤ ਵਿਚੋਂ ਪਟਯਾਲੇ ਆ ਗਏ। ਏਥੇ ਤਦੋਂ ਪੰਜਾਬੀ ਨੂੰ ਰਜਾਸਤ ਦੀ ਬੋਲੀ ਬਨਾਉਣ ਦਾ ਜਤਨ ਹੋ ਰਿਹਾ ਸੀ ਉਸ ਵਿਚ ਆਪ ਨੇ ਸੇਵਾ ਕੀਤੀ ਤੇ ਇਕ ਪੋਥੀ ਬੀ ਆਪਦੀ ਲਿਖੀ ਹੋਈ ਮਿਲਦੀ ਹੈ ਜਿਸਦਾ ਨਾਮ ਹੈ 'ਮੁਨਸ਼ੀ ਦੀਪਿਕਾ'। ਆਪ ਕਵੀ ਬੀ ਸਨ। ਏਹ ਪ੍ਰਲੋਕ ਗਾਮੀ ਹੋ ਗਏ ਹਨ ਤੇ ਇਨ੍ਹਾਂ ਦੇ ਸਪੁੱਤ੍ਰ ਭਾਈ ਜੋਧ ਸਿੰਘ ਜੀ ਪਟਯਾਲੇ ਵਿਚ ਖਾਲਸਾ ਸਕੂਲ ਵਿਚ ਨੌਕਰ ਹਨ, ਬੜੇ ਸੱਜਣ ਪੁਰਖ ਹਨ ਤੇ ਖੋਜ ਵਿਚ ਸਾਡੇ ਸਹਾਈ ਹੋਏ ਹਨ।

ਕਵੀ ਜੀ ਦੇ ਸੱਚ ਖੰਡ ਪਿਆਨ ਮਗਰੋਂ ਉਨ੍ਹਾਂ ਦੀ ਸੰਤਾਨ ਕੈਥਲ ਤੋਂ ਖਿੰਡ ਗਈ, ਕੁਛ ਓਥੇ ਰਹੇ, ਕੁਛ ਪਟਯਾਲੇ ਆ ਗਏ। ਪਟਿਆਲੇ ਬਲਦੇਵ ਸਿੰਘ ਜੀ ਗਏ ਤੇ ਕੈਥਲ ਬਿਜੈ ਸਿੰਘ ਜੀ ਰਹੇ। ਵੰਸ਼ਜ ਦੱਸਦੇ ਹਨ ਕਿ ਕਵੀ ਜੀ ਦੇ ਸੰਚੇ ਦੇ ਜੋ ਪੁਸਤਕ ਕੈਥਲ ਬਿਜੈ ਸਿੰਘ ਜੀ ਨੇ ਰਖੇ ਤੇ ਉਡਾਏ ਸਨ, ਉਨ੍ਹਾਂ ਤੋਂ ਵੱਖਰੇ ਕਵੀ ਜੀ ਦੇ ਪੁਸਤਕਾਂ ਦੇ ਦੋ ਗਡੇ ਭਰਕੇ ਪਟਿਆਲੇ ਤੇ ਬਾਵੀ ਮਾਜਰੇ ਨਾਲ ਆਏ ਸਨ; ਪਰ ਸ਼ੋਕ ਹੈ, ਉਨ੍ਹਾਂ ਦੀ ਸੰਤਾਨ ਪਾਸ ਕੋਈ ਸ਼ੈ ਉਸ ਸੰਚਯ ਵਿਚੋਂ ਯਾ ਗੁਰ ਪ੍ਰ: ਸੂਰਜ ਦੀ ਕੋਈ ਅਸਲੀ ਜਿਲਦ ਦੇਖਣ ਵਿਚ ਨਹੀਂ ਆਈ।

## ੨੯. ਕਵੀ ਜੀ ਦੇ ਜਮਾਤੀ ਤੇ ਸ਼ਾਗਿਰਦ।

'ਬ੍ਰਿਜ ਰਾਜ ਬਿਨੋਦ' ਤੇ 'ਭਾਸ਼ਾ ਭੂਸ਼ਣ' ਦੋ ਗ੍ਰੰਥ ਹਨ। ਪਹਿਲਾ ਕਾਵਜ ਦਾ ਹੈ ਤੇ ਲੇਖਕ ਦਾ ਸ੍ਵੈਕ੍ਰਿਤ ਹੈ ਤੇ ਦੂਸਰਾ ਬ੍ਰਿਜ ਭਾਸ਼ਾ ਦੇ ਗ੍ਰੰਥ ਭਾਸ਼ਾ ਭੂਸ਼ਣ ਕ੍ਰਿਤ ਰਾਜਾ ਜਸਵੰਤਸਿੰਘ ਦਾ ਅਨੁਵਾਦ ਤੇ ਸੰਖੇਪ* ਹੈ। ਏ ਦੁਏ† ਕਵਿ ਮੇਘ ਸਿੰਘ ਜੀ ਨੇ ਲਿਖੇ ਹਨ ਜੋ ਆਪ

---

*ਕਵੀ ਮੇਘ ਸਿੰਘ ਜੀ ਆਪ ਲਿਖਦੇ ਹਨ:—

ਰਾਜਾ ਜਸਵੰਤ ਸਿੰਘ ਰਚਯੋ ਭਾਖਾ ਭੂਖਨ ਕੋ ਟੀਕਾ ਮੈਂ ਕਬਿੱਤ ਲਿਖੇ ਮੀਨਾਕਾਰੀ ਕਰੀ ਮੈਂ।
ਦੋਹਰਾ—ਚਾਰ ਹਜ਼ਾਰ ਕਬਿੱਤ ਮੇਂ ਬੀਨਯੋ ਏਕ ਹਜ਼ਾਰ।
ਚੁਨ ਚੁਨ ਪੁਨ ਯਾ ਮੈਂ ਲਿਖੇ ਕਵੀ ਜਨ ਕੋ ਸਿੰਗਾਰ।

†ਇਹ ਦੋਨੋ ਗ੍ਰੰਥ ਪੁਸਤਕ ਸ੍ਰੀ ਮਾਨ ਡਾਕਟਰ ਚਰਨ ਸਿੰਘ ਜੀ ਦੇ ਸੰਚਯ ਵਿਚ ਹਨ।

ਅਪਣੀ ਜਾਤ ਸ਼ਿਲਪਕਾਰ ਲਿਖਦੇ ਹਨ*। ਜਨਮ ਆਪਦਾ ਲਗ ਪਗ ੧੮੫੯ ਵਿਚ ਹੈ, ਆਪ ਅੰਮ੍ਰਿਤਸਰ ਦੇ ਰਹਿਣ ਵਾਲੇ ਸਨ। ਬ੍ਰਿਜ ਰਾਜ ਬਿਨੋਦ ਆਪ ਨੇ ਸੰਮਤ ੧੮੯੫ ਬਿ: ਵਿਚ ਲਿਖਿਆ ਹੈ ਤੇ ਭਾਸ਼ਾ ਭੂਸ਼ਣ ੧੬੧੬ ਵਿਚ ਅਨੁਵਾਦਿਆ ਹੈ। ਜਿਸਤੋਂ ਪਤਾ ਲਗਾ ਕਿ ਆਪ ਕਵੀ ਜੀਦੇ ਗੁਰ ਪ੍ਰ: ਸੂਰਜ ਲਿਖੇ ਜਾ ਰਹੇ ਦਿਨਾਂ ਵਿਚ ਜੀਉਂਦੇ ਸਨ ਤੇ ਉਸਤੋਂ ਮਗਰੋਂ ਬੀ ਜੀਉਂਦੇ ਰਹੇ। ਆਪ ਨੇ ਅਪਣੀ ਰਚਨਾ ਵਿਚ ਅਪਣੇ ਉਸਤਾਦ ਦਾ ਜ਼ਿਕਰ ਕੀਤਾ ਹੈ ਕਿ ਗਜ਼ਾਨੀ ਸੰਤ ਸਿੰਘ ਜੀ ਨੇ ਰਾਮਾਯਨ ਦੀ ਟੀਕਾ ਕਰਨ ਸਮੇਂ ਮੇਰੇ ਤੇ ਕ੍ਰਿਪਾ ਕੀਤੀ, ਉਸਦੇ ਅਖਰ ਅਰਥ ਤੇ ਭਾਵ ਅਰਥ ਦੱਸਕੇ ਮੈਨੂੰ ਕ੍ਰਿਤਾਰਥ ਕੀਤਾ। ਸੋ ਆਪ ਕਵੀ ਜੀ ਦੇ ਸ੍ਵਾਧਜਾਈ ਹੋਏ।

ਆਪ ਦੀ ਕਵਿਤਾ ਦਾ ਆਭਾਸ ਕੁਛ ਕੁਛ ਕਵੀ ਜੀ ਵਰਗਾ ਪੈਂਦਾ ਹੈ। ਬ੍ਰਿਜਭਾਸ਼ਾ ਦੇ ਇਹ ਗ੍ਰੰਥ ਹੁਣ ਗੁੰਮ ਹੋ ਰਹੇ ਹਨ। ਇਸ ਕਰਕੇ ਕਵਿ ਮੇਘ ਸਿੰਘ ਜੀ ਲਿੱਖਤ ਗੁਰੂ ਜੀ ਦੀ ਸਤੁਤੀ ਤੇ ਮਹਾਰਾਜਾ ਰਣਜੀਤ ਸਿੰਘ ਸੰਬੰਧੀ ਛੰਦ ਇਥੇ ਦਿੰਦੇ ਹਾਂ, ਜੋ ਕਵੀ ਜੀ ਦੇ ਸਾਥੀ ਤੇ ਸਮਕਾਲੀ ਦੀ ਕਵਿਤਾ ਦੀ ਯਾਦਗਾਰ ਨਮੂਨੇ ਮਾਤ੍ਰ ਸਾਹਮਣੇ ਆ ਜਾਵੇ:-

[ਅਥ ਗੁਰ ਬੰਸ਼ਾਵਲੀ ਵਰਨਨੰ]

ਛਪਯ—ਚਰਨ ਸ਼ਰਨ ਤਮ ਹਰਨ ਕਰਨ ਮੰਗਲ ਗੁਰ ਨਾਨਕ। ਕਰਤਿ ਅੰਗ[1] ਪਰਲੌਕ ਲੋਕ ਅੰਗਦ ਉਰ ਆਨਕ। ਅਮਰ ਕਰਤਿ ਗੁਰ ਅਮਰਦਾਸ ਹਿਤ ਰਾਮਦਾਸ ਧਰ। ਅਰਜਨ ਹਰਿਗੋਬਿੰਦ ਨਾਮ ਅਰਿ ਨਾਸ਼ਨ ਦੁਖ ਹਰਿ। ਪੁਨ ਨਾਮ ਜਪੋ ਹਰਿ ਰਾਇ ਕੋ ਹਰੀ ਕ੍ਰਿਸ਼ਨ ਕਲਮਲ ਹਰਨ। ਜੈ ਤੇਗ ਬਹਾਦਰ ਨਾਮ ਰਟ ਗੋਬਿੰਦ ਸਿੰਘ ਤਾਰਨ ਤਰਨ ॥ ੪ ॥

[ਦਸਮੇਸ਼ ਜੀ ਦਾ ਜੰਗ ਤੇ ਤਿਆਰ ਹੋਣਾ]

ਕੰਪਤਿ ਮੇਰੁ ਕੁਬੇਰੁ ਦੇਰ ਲਗ ਦਿੱਗਜ ਡੋਲਤਿ। ਬਿੰਧੁ[2] ਟੂਕ ਦ੍ਵੈ ਜਾਤ ਸਿੰਧ ਸੁਕਤਿ ਜਿਯ ਬੋਲਤਿ। ਧੂਰ ਪੂਰ ਨਭ ਰਹਿਤ ਸੂਰ ਰਥ ਪੰਥ ਨ ਸੁੱਝਤਿ। ਧਰਤਿ ਪਰਤ ਸੁਰ ਯਾਨ[3], ਪ੍ਰਾਨ ਨਿਕਰਤਿ ਅਰਿ ਲੱਝਤਿ। ਹਰਿ ਹਰ ਵਿਰੰਚ ਚਿਤ ਚਕਿਤ ਫਨ ਕੱਛਪ ਕੋਲ ਵਿਸੁੱਧ ਹ੍ਵੈ। ਗੋਵਿੰਦ ਸਿੰਘ ਜਬ ਜੰਗ ਹਿਤ ਚਢਿ ਤੁਰੰਗ ਪਰ ਕ੍ਰੁੱਧ ਹ੍ਵੈ॥ ੫ ॥

ਕਬਿੱਤ—ਸ਼੍ਰੀ ਗੁਰੂ ਗੋਬਿੰਦ ਸਿੰਘ ਚਢਤ ਅਖੇਟ ਜਬ ਪੱਬ[4] ਸਭ ਚੂਨ ਹ੍ਵੈ ਨ ਭਾਨ

---

*ਸ਼ਿਲਪਕਾਰ ਬਰ ਬੰਸ਼ ਹੰਸ ਗਤਿ ਰਚਯੋ ਸੁਰੁਚਿ ਕਰਿ। ਤਿਹ ਕੁਲ ਭਯੋ ਉਦੋਤ ਵਾਸ ਨਿਤ ਹੇਰਿ ਸੁਧਾਸਰ। ਨਾਮ ਅਰੂੜ ਮ੍ਰਿਗਿੰਦ ਗੂੜ ਹਿਤ ਚੰਦ੍ਰ ਬੂਝ ਯੁਤਿ। ਈਸ਼੍ਵਰ ਕਰੁਨਾ ਕਰੀ ਕਵੀਸ਼ਰ ਮੇਘ ਸਿੰਘ ਸੁਭ। ਤਿਹ ਸ੍ਰੀ ਬ੍ਰਿਜਰਾਜ ਬਿਨੋਦ ਕੋ ਰਚਯੋ ਰਸਿਕ ਹ੍ਵੈ ਮੋਦ ਚਿਤ। ਪੁਨ ਭਾਖਾ ਭੂਖਨ ਗ੍ਰੰਥ ਕੀ ਟੀਕਾ ਕੀਨੀ ਕਬਿਨਿ ਹਿਤ ॥ ੭੬ ॥ [ਭਾਖਾ ਭੂਖਣ ਚੰਦੋਦਯ

[1]ਸਹਾਇਤਾ। [2]ਬਿੰਧ੍ਯਾਚਲ ਪਰਬਤ। [3]ਦੇਵ ਵਾਹਨ, ਦੇਵਤਿਆਂ ਦੀਆਂ ਸੁਆਰੀਆਂ ਦੇਵਤਿਆਂ ਦੇ ਬਿਮਾਨ। [4]ਪਹਾੜ।

ਪੱਬ ਪਾਤ ਹੈ[1] । ਧੂਰਨ ਸੋਂ ਪੂਰਨ ਹ੍ਵੈ ਪਰਤਿ ਵਿਮਾਨ ਦੇਵ ਧਰਾ ਅਕੁਲਾਤ ਕੀਚ ਹੋਤਿ ਸਿੰਧ ਸਾਤ ਹੈਂ[2] । ਦਿੱਗਜ ਚਕਾਰੈਂ[3] ਭੂੰਮਚਾਲ ਨਾਂ ਸੰਭਾਰ ਸਕੈਂ ਜਾਨ ਭਾਰ ਪਰਤਿ ਸੰਭਾਰ ਗਿਰ ਜਾਤਿ ਹੈਂ । ਕੂਰਮ ਕੀ ਪੀਠ ਪਰ ਫਨੀ[4] ਪਟਕਾਤ ਫਨ ਪਰਤਿ ਨਿਸ਼ਾਨ ਪਰ ਮਾਨੋ ਚੋਟ ਪਾਂਤ ਹੈ[5] ॥ ੬ ॥

[ਅਬ ਨੱਗਰ ਵਰਨਨੰ]

(ਸ੍ਰੀ ਅੰਮ੍ਰਤਸਰ ਜੀ ਦਾ ਹਾਲ)

ਦੋਹਰਾ—ਮੱਦ੍ਰ ਦੇਸ਼ ਮੈਂ ਨੱਗ੍ਰ ਇਕ ਸੁਧਾ ਸਰੋਵਰ ਨਾਮ ।
ਸੁੰਦਰ ਨਰ ਨਾਰੀ ਬਸੈਂ ਮਨੋ ਲਸੈਂ ਰਤਿ ਕਾਮ ॥ ੨੬ ॥

ਕਬਿੱਤ—ਚਹੂੰਓਰ ਬਾਗ ਚਿਤੈ[6] ਹੋਤਿ ਅਨੁਰਾਗ ਚਿਤ, ਕੋਕਿਲਾ ਕੁਹਕ ਲਸੈਂ ਲਹਿਰੈਂ ਨਹਿਰ ਕੀ । ਕੋਟ[7] ਕੇ ਕਿੰਗੂਰਨ ਕੀ ਪਾਂਤ ਭਲੀ ਭਾਂਤ ਬਨੀ ਮੇਘਸਿੰਘ ਦੇਵਨਿ ਕੀ ਪ੍ਰਤਿਮਾ[8] ਵਹਿਰ ਕੀ । ਵਿਸ਼ਦ ਵਿਸ਼ਾਲ ਧਾਮ ਕਾਮ ਕੇ ਬਨਾਏ ਮਨੋ ਅਟਾ[9] ਪੈ ਨਿਸ਼ਾਨ[10] ਕਹੂੰ ਬੈਰਕਾਂ ਫਹਿਰ ਕੀ[11] । ਧਨਕ ਬਨਕ[12] ਅਲਕੇਸ਼[13] ਕੇ ਸਮਾਨ ਰਾਜੈਂ ਐਸੀ ਛਬਿ ਛਾਜੇ ਰਾਮਦਾਸ ਕੇ ਸ਼ਹਿਰ ਕੀ ॥ ੨੭ ॥

[ ਹਰਿ ਮੰਦਰ ਵਰਨਨੰ ]

ਸਿੰਮ੍ਰਿਤ ਪੁਰਾਨ ਨਿਗਮਾਗਮ ਨਿਕਾਰਸਾਰ, ਵਿਰਚਜੋ ਰੁਚਿਰ ਗੁਰੂ ਗ੍ਰੰਥ ਪ੍ਰੇਮ ਕਰਿਕੇ । ਨਵਧਾ ਨਗਤਿ ਕਾਮਧੇਨੁ ਮਨੋ ਕਾਮਨਾ ਦੇ ਗਜਾਨ ਕਾਮਤਰੁ ਰਹਜੋ ਸੰਪਦਾ ਸੋਂ ਫਰ ਕੇ[14] । ਕਹੈ ਮੇਘ ਸਿੰਘ ਹਰੀ ਮੰਦਰ ਵੈਕੁੰਠ ਰਚਜੋ ਚਾਰੋਂ ਈ ਪਦਾਰਥ ਦ੍ਵੈ ਦ੍ਵਾਰਪਾਲ ਦਰ ਕੇ[15] । ਸ਼ਿਵ ਪੈ ਪ੍ਰਕਾਸ਼ੀ ਕਾਸ਼ੀ ਮੁਕਤਿ ਉਦਾਸੀ ਕਰੀ[16] ਜਮ ਤੇ ਮਵਾਸੀ ਭਏ ਵਾਸੀ ਸੁਧਾਸਰ ਕੇ[17] ॥ ੨੮ ॥

ਦੋਹਰਾ—ਸੁਧਾ ਸਰੋਵਰ ਸ਼ੋਭ ਧੁਤਿ ਸੁਠ ਦ੍ਵੈ ਸੂਰਨ ਨਿਸ਼ਾਨ[18] ।
ਝੁਲਤਿ ਪਵਨ ਝਕੋਰਤੇ ਉਰਝ ਸੁਰਝ ਸੁਰਯਾਨ[19] ॥ ੨੯ ॥

---

[1]ਰਾਹ ਖਹਿੜਾ ਦਿਖਾਈ ਨਹੀਂ ਦਿੰਦਾ। [2]ਸੱਤੇ ਸਮੁੰਦਰ ਚਿਕੜ ਬਣ ਜਾਂਦੇ ਹਨ। [3]ਦਿਸ਼ਾਪਾਲ ਬਿਹਬਲ ਹੋਕੇ ਚੀਕਾਂ ਮਾਰਦੇ ਹਨ। [4]ਸ਼ੇਸ਼ ਨਾਗ। [5]ਮਾਨੋ ਧੌਂਸੇ ਤੇ (ਚੋਬਾਂ ਦੀ) ਲਗਾਤਾਰ ਚੋਟ ਪੈ ਰਹੀ ਹੈ। [6] ਦਿਸਦੇ ਹਨ। [7]ਫ਼ਸੀਲ, ਸ਼ਹਿਰ ਦੇ ਚੁਗਿਰਦੇ ਦੀ ਕੰਧ ਜੋ ਅੰਗ੍ਰੇਜ਼ ਰਾਜ ਆਏ ਤੇ ਢੱਠੀ ਹੈ। [8] ਮੂਰਤਾਂ। [9]ਅਟਾਰੀਆਂ। [10]ਝੰਡੇ। [11]ਝੰਡੀਆਂ ਝੂਲ ਰਹੀਆਂ ਹਨ। [12]ਧਨੀ ਬਾਣੀਏ। [13]ਕੁਬੇਰ। [14]ਵਿਭੂਤੀਆਂ ਨਾਲ ਫਲ ਰਿਹਾ ਹੈ। [15]ਦਰਵਾਜੇ ਦੇ ਚੋਬਦਾਰ, ਭਾਵ ਏਹ ਹੈ ਕਿ ਇਸ ਮੰਦਰ ਵਿਚ ਆਉਣ ਵਾਲੇ ਨੂੰ ਚਾਰੇ ਪਦਾਰਥ ਨਿਰ ਇੱਛਤ ਪ੍ਰਾਪਤ ਹੁੰਦੇ ਹਨ। [16]ਕਾਂਸ਼ੀ ਦੀ ਮੁਕਤੀ ਉਦਾਸ ਹੋਕੇ ਸ਼ਿਵਜੀ ਪਾਸ ਜਾ ਫਰਿਆਦੀ ਹੋਈ ਕਿ। [17]ਅੰਮ੍ਰਿਤਸਰ ਦੇ ਵਾਸੀ (ਸਾਰੇ ਹੀ) ਧਰਮ ਰਾਜ ਤੋਂ ਆਕੀ ਹੋ ਗਏ ਹਨ, ਭਾਵ ਸਾਰੇ ਹੀ ਮੁਕਤ ਹੋ ਰਹੇ ਹਨ। [18]ਸੋਨੇ ਦੇ ਸੋਹਣੇ ਨਿਸ਼ਾਨ ਸਾਹਿਬ। [19]ਹਵਾ ਦੇ ਝੁਲਣ ਨਾਲ (ਨਿਸ਼ਾਨਾ ਦੇ ਫਰੈਰੇ) ਝੂਲਦੇ ਹਨ (ਤੇ ਉਸ ਵਿਚ) ਦੇਵ ਵਿਮਾਨ ਨਿਕਲ ਤੇ ਫਸ ਰਹੇ ਹਨ।

[ ਅਥ ਰਾਜ੍ਯਾ ਵਰਨਨੰ ]

( ਮਹਾਰਾਜਾ ਰਣਜੀਤ ਸਿੰਘ ਜੀ ਦੀ ਮਹਿਮਾਂ )

ਦੋਹਰਾ—ਤਾਂਹਿ ਨਗਰ ਕੋ ਨ੍ਰਿਪਤ ਜੋ ਸ਼੍ਰੀ ਰਣਜੀਤ ਮ੍ਰਿਗੇਸ਼।
ਜਾਂਕੋ ਦੇਸ਼ ਵਿਦੇਸ਼ਕੇ ਭੇਟਤਿ ਭੇਟ ਨਰੇਸ਼ ॥ ੩੦ ॥
ਰੰਕਨ ਕੋ ਰਾਜਾ ਕਰੈ ਰਾਜਨ ਕੋ ਕਰ ਰੰਕ।
ਸ਼੍ਰੀ ਰਣਜੀਤ ਮ੍ਰਿਗੇਸ਼ ਨ੍ਰਿਪ ਭਯੋ ਛੱਤ੍ਰਪਤਿ ਬੰਕ[1] ॥ ੩੧ ॥

ਕਰੁਨ, ਮਰੁਤ, ਹਰੀਚੰਦ, ਬਲ ਦਾਨੀ ਭਏ, ਅਜ ਕੀ ਕਹਾਨੀ ਮਨ ਦਾਨਪਨ ਮੋਹੇ ਨਾਂ[2]। ਸ਼ਿਵ ਔ ਦਧੀਚਿ ਮੋਰਧ੍ਵਜ ਦੀਹ ਦਾਨ ਦੀਨੇ, ਵਿਕ੍ਰਮ ਔ ਭੋਜ ਨ੍ਰਿਪ ਜੱਗ ਜਸ ਥੋਰੇ ਨਾਂ[3]। ਕਹੇ ਮੇਘ ਸਿੰਘ ਦਾਨ ਬੀਰ ਅਬ ਨਯੋ ਭਯੋ[4] ਕਾਂਪਤ ਕੁਬੇਰ ਮੇਰੁ ਇੰਦ੍ਰ ਤ੍ਰਾਸ ਤੋਰੇ ਨਾ[5]। ਰਾਜਾ ਰਣਜੀਤ ਸਿੰਘ ਜੂ ਕੇ ਅਸ੍ਵਦਾਨ ਦੇਖ ਯਾਂਹੀ ਤੇ ਕਿਕਾਨ ਭਾਨੁ ਸਜੰਦਨ ਤੇ ਛੋਰੇ ਨਾਂ[6] ॥ ੩ ॥ [ਬ੍ਰਿਜ ਰਾਜ ਵਿਨੋਦ, ਪ੍ਰਥਮ ਵਿਨੋਦ

ਕਵੀ ਸੰਤੋਖ ਸਿੰਘ ਜੀ ਦੇ ਸ਼ਾਗਿਰਦਾਂ ਵਿਚੋਂ ਇਕ ਨਾਮ ਸਾਧੂ ਗੁਪਾਲ ਸਿੰਘ ਜੀ ਸੀ, ਜਿਸ ਦਾ ਨਾਮ ਪਤਾ ਅਸਾਂ ਪਿਛੇ ਪੰਨਾ ੧੪੯ ਪਰ ਦੇ ਆਏ ਹਾਂ। ਦੂਸਰੇ ਆਪ ਦੇ ਵਡੇ ਬੇਟੇ ਭਾਈ ਅਜੈ ਸਿੰਘ ਨੇ ਆਪਣੇ ਰਚੇ ਨਿੱਕੇ ਜਿਹੇ ਗ੍ਰੰਥ 'ਜੋਤਿਸ਼ ਸਾਰ' ਦੇ ਆਦਿ ਵਿਚ ਆਪਣੇ ਆਪ ਨੂੰ ਉਨ੍ਹਾਂ ਦਾ ਸ਼ਾਗਿਰਦ ਲਿਖਿਆ ਹੈ:—

ਸੋਰਠਾ—ਬਾਗ੍ਰੇਸ਼ਰੀ ਮੁਖ ਮਾਂਹਿ ਕਰਤਿ ਪ੍ਰਕਾਸ਼ ਨਿਰੰਤਰੀ।
ਬਿਦਯਾ ਦਾਤੀ ਤਾਹਿੰ ਗੁਰ ਸੰਤੋਖ ਸਿੰਘ ਕੋ ਨਮੋ।
ਦੋਹਰਾ—ਜੋਤਿਸ਼ ਸਾਰ ਗ੍ਰੰਥ ਕੋ ਰਚਿ ਹੌਂ ਬੁੱਧ ਬਨਾਇ।
ਅਜੈ ਸਿੰਘ ਫਲ ਹੇਤ ਕੋ ਕਰਤ ਬੁੱਧ ਬਿਦਤਾਇ।

ਇਸ ਗ੍ਰੰਥ ਦੇ ਮੁੱਢ ਵਿਚ ਐਉਂ ਮੰਗਲ ਕੀਤਾ ਹੈ:—

ਸੋਰਠਾ—ਸਰਬ ਗੁਰੂ ਕੇ ਆਦਿ ਨਾਨਕ ਜੀ ਜਾਂਕੋ ਕਹੈਂ।
ਸਭ ਜਗ ਆਦਿ ਜੁਗਾਦਿ ਗੁਰ ਗੁਬਿੰਦ ਸਿੰਘ ਬੰਦ ਹੌਂ ॥ ੧ ॥
ਸ੍ਵੈਯਾ—ਚਾਰ ਸਿਕੰਧ ਬਿਰਾਜਤਿ ਉੱਤਮ, ਬੇਦ ਨਹੀਂ, ਰਹੈ ਜਾਂਹਿ ਕੇ ਪਾਸੇ[7]।

---

[1] ਬਾਂਕਾ, ਛੈਲ ਛਬੀਲਾ। [2] (ਇਨ੍ਹਾਂ ਸਾਰਿਆਂ ਦੀ) ਦਾਨ ਕਥਾ ਮੇਰੇ ਮਨ ਪਰ ਦਾਨ ਪੁਣੇ ਦਾ (ਅਸਰ) ਨਹੀਂ ਕਰਦੀ। [3] ਜਿਨਾਂ ਦਾ ਜੱਗ ਵਿਚ ਜਸ ਹੈ, ਬਥੇਰੇ ਹੋਏ ਹਨ। [4] ਕਵੀ ਮੇਘ ਸਿੰਘ ਕਹਿੰਦਾ ਹੈ ਹੁਣ ਤਾਂ ( ਇਕ ਹੋਰ ) ਨਵਾਂ ਦਾਨ-ਵੀਰ ਪੈਦਾ ਹੋ ਗਿਆ ਹੈ (ਜਿਸ ਦੇ ਦਾਨ ਤੋਂ)। [5] ਕੁਬੇਰ ਕੰਬਦਾ ਤੇ ਇੰਦਰ ਡਰਦਾ ਹੈ ਕਿ ਕਿਤੇ ( ਸਾਡੇ ਸੋਨੇ ਦੇ ਪਰਬਤ ) ਸੁਮੇਰ ਨੂੰ ਤੋੜਕੇ (ਹੀ ਦਾਨ ਨਾ ਕਰ ਦੇਣ)। [6] (ਚੂੰਕਿ ਮਹਾਰਾਜ ਬੜੇ ਸੁੰਦਰ ਬਲਵਾਨ ਤੇ ਅਲੌਕਿਕ ਘੋੜੇ ਬੀ ਦਾਨ ਦੇ ਦਿੰਦੇ ਹਨ ਇਸ ਲਈ) ਸੂਰਜ (ਡਰਦਾ ਆਪਣੇ) ਘੋੜੇ (ਆਪਣੇ) ਰਥ ਨਾਲੋਂ ਕਦੇ ਛੱਡਦਾ ਹੀ ਨਹੀਂ (ਹਰ ਵੇਲੇ ਜੋਈ ਰਖਦਾ ਹੈ ਕਿ ਕਿਤੇ ਮਹਾਰਾਜ ਇਨ੍ਹਾਂ ਨੂੰ ਬੀ ਨਾਂ ਦਾਨ ਵਿਚ ਕਿਸੇ ਨੂੰ ਦੇ ਦੇਣ)। [7] ਜਿਸ (ਹਰੀ ਮੰਦਰ) ਦੇ (ਚੌਹੀਂ) ਪਾਸੀਂ ਚਾਰ ਉਤਮ ਸਕੰਧ ਹਨ, (ਇਹ ਸਕੰਧ ਬੁਰਜੀਆਂ ਹਨ। ਸਕੰਧ=ਸ਼ਾਖਾਂ ਵਾਲੇ) ਵੇਦ ਨਹੀਂ ਹਨ। (ਅ) (ਚਾਰ) ਵੇਦ ਹੀ ਚਾਰ ਉਤਮ ਬੁਰਜੀਆਂ (ਬਣਕੇ) ਜਿਸ ਦੇ ਦੁਆਲੇ ਬਿਰਾਜ ਰਹੇ ਹਨ।

ਜਾਵਤਿ ਹੀ ਬਰ ਦਾਨ ਕੋ ਪਾਵਤਿ ਕੰਚਨ ਰੂਪ ਮਨੋਹਰ ਭਾਸੇ[1]।
ਜਾਚਕ ਪੇਖ ਹਟੇ ਕਬਹੂੰ ਨਹਿਂ 'ਸਾਮ' ਭਨੈ ਸੁਖ ਸਿੰਧ ਉਜਾਸੇ[2]।
ਸੁਧਾਸਰ ਸ੍ਰੀ ਗੁਰ ਪਾਸ ਲੁਕੇਸ਼ ਪੈ ਦੇਵ ਤਰੋਵਰ ਔਰ ਪ੍ਰਕਾਸ਼ੇ[3] ॥ ੨ ॥

ਉਸਦੇ ਜੋ ਹੋਰ ਫੁਟਕਲ ਛੰਦ ਪ੍ਰਾਪਤ ਹੋਏ ਹਨ ਇਸ ਪ੍ਰਕਾਰ ਹਨ:–

੧. [4]ਹਰ ਜਿਮ ਖਰ[5] ਪਰ, ਹਰ ਬਨਤਰੁ ਪਰ, ਹਰ ਕੰਜਸਰ[6] ਪਰ, ਹਰ ਤਮ ਛਾਰ ਪਰ।
ਹਰ ਮਾਰ[7] ਜਾਰ ਪਰ, ਹਰ ਬ੍ਰਿਤਰਾਰਿ[8] ਪਰ,ਹਰਿ ਬਲ[9] ਬਲਹਰ, ਹਰਕੰਸ ਮਾਰ ਪਰ।
ਹਰ ਮੁਨਿ ਪਾਨਿ[10] ਪਰ,ਹਰ ਭੌਰ ਜਾਨ ਪਰ, ਅਜੋ ਸਿੰਘ ਹਰੇ ਹਰ ਜਿਮ ਆਨ ਪ੍ਰਾਨ ਪਰ।
ਹਰ ਸਮ ਸ਼ੋਭਾ ਹਰਿ ਹਾਥ ਮੇਂ ਗੁਬਿੰਦ ਸਿੰਘ ਹਰ ਸਮ ਦੇਖ ਹਰ ਸ਼ਤ੍ਰੂ ਭਾਜ ਜਾਤ ਪਰ।

੨. ਮਾਵਸ ਰੈਨ ਕੋ ਦੇਖ ਕੇ ਸੁੰਦਰਿ[11] ਜਾਇ ਅਟਾ ਪੈ ਚਢੀ ਸਖੀਆਂ ਸਿੰਗ।
ਕੀਰਤਿ ਫੈਲ ਗਈ ਦਸਹੂੰ ਦਿਸਿ ਚਾਂਦਨੀ ਕੇ ਸਮ ਸੋਹਤਿ ਹੈ ਰੰਗ।
ਸ਼ਜਾਮ ਜੁ ਸਾਰੀ ਲਈ ਮੁਖ ਪੈ ਤਬ ਜਾਨ ਗਏ ਹਰ[12] ਰਾਹੂ ਕੇ ਸੰਗ।
ਦੇਖ ਰਹੇ ਪਤਰੇ ਕਢਕੇ ਦਿਜ ਪਾਵਤਿ ਹੈਂ ਨਹੀਂ, ਹੋਵਤ ਹੈਂ ਦੰਗ[13]।

੩. ਸਵੇਯਾ–ਕੂਲ ਕੀ ਕੁੰਜਨ ਪੁੰਜਨ ਮੇਂ ਅਤਿ ਗੁੰਜਤਿ ਹੈਂ ਅਲ ਜੋ ਸੁਖਦਾਈ।
ਸੀਤਲ ਮੰਦ ਸੁਗੰਧਿ ਸਮੀਰ ਬਹੈ ਮਨ ਰੰਜਨ ਕੰਜਨ ਮਾਂਹੀ।
ਨਿਰਮਲ ਹੈ ਜਲਧਾਰ ਤਿਨੋ ਮਧ ਸੋ ਉਪਮਾ ਕਵਿ ਦੇਤਿ ਬਨਾਈ।
ਸ੍ਰੀ ਬਨ ਕੋ ਕਰਤਾਰ ਮਨੋਹਰ ਮੋਤਿਨ ਮਾਲ ਮਨੋ ਪਹਿਰਾਈ[14]।

## ੩੦. ਅਸਲੀ ਗੁਰ ਪ੍ਰਤਾਪ ਸੂਰਜ।

ਕਵੀ ਸੰਤੋਖ ਸਿੰਘ ਜੀ ਰਚਿਤ ਤੇ ਲਿਖਿਤ ਗੁਰ ਪ੍ਰਤਾਪ ਸੂਰਜ ਗ੍ਰੰਥ ਬਾਬਤ ਕੁਛ ਕੁਛ ਅਸੀਂ ਪਿੱਛੇ ਲਿਖਦੇ ਆਏ ਹਾਂ। ਇਸ ਸ਼ੈ ਦੀ ਭਾਲ ਵਿਚ ਸਾਨੂੰ ਕੁਝ ਪੱਤ੍ਰੇ ਗੁਰ ਪ੍ਰਤਾਪ

---

[1](ਜਿਸ ਹਰੀ ਮੰਦਰ ਦਾ ਸਰੀਰ) ਸੋਨੇ ਦਾ ਹੈ ਤੇ ਰੂਪ ਮਨੋਹਰ ਭਾਸਦਾ ਹੈ। [2](ਜਿਸ ਹਰਿ ਮੰਦਰ ਵਿਚ) ਜਾਚਕ ਜਾਕੇ (ਖਾਲੀ) ਕਦੇ ਨਹੀਂ ਮੁੜਦੇ; 'ਮੈਂ ਸ਼ਰਨ ਹਾਂ' ਇੰਨਾਂ ਕਹਿੰਦੇ ਹੀ ਸੁਖਾਂ ਦੇ ਸਮੁੰਦਰ ਪ੍ਰਕਾਸ਼ ਪੈਂਦੇ ਹਨ। [3]ਬ੍ਰਹਮਾ ਪਾਸ ਤਾਂ ਕਲਪ ਬ੍ਰਿਛ ਹੈ, ਸ੍ਰੀ ਗੁਰੂ ਜੀ ਦੇ ਪਾਸ ਸੁਧਾਸਰ (ਬੈਕੁੰਠ ਤੋਂ ਉਚਾ ਧਾਮ) ਹੈ ਜਿਥੇ (ਕਲਪ ਬ੍ਰਿਛ) ਹੋਰ ਹੀ ਤਰ੍ਹਾਂ ਦਾ ਹੈ, ਭਾਵ 'ਸ਼ਾਮ' ਕਿਹਾ ਨਹੀਂ ਤੇ ਕਲਯਾਨ ਹੋਈ ਨਹੀਂ। [4]ਇਸ ਛੰਦ ਦੇ ਅਰਥ ਲਾਣ ਹਰਿ 'ਹਰਿ' ਪਦ ਦੇ ਅਰਥ ਜਾਨਣ ਦੀ ਲੋੜ ਹੈ, ਜੋ ਏਹ ਹਨ:– ਰਾਮ ਚੰਦਰ, ਅਗਨੀ, ਬਰਫ, ਦੀਪਕ, ਗਰੁੜ, ਸੂਰਜ, ਵਿਸ਼ਨੂੰ, ਕ੍ਰਿਸ਼ਨ, ਚੰਬੇ ਦਾ ਫੁਲ, ਯਮ, ਇੰਦ੍ਰ, ਹਰੇਕ, ਸ਼ੇਰ, ਹਰਨ, ਪੀਲਾ, ਭੂਰਾ ਯਾ ਬਦਾਮੀ ਰੰਗ, ਘੋੜਾ, ਬਾਂਦਰ, ਕਿਰਨ, ਚੰਦ੍ਰਮਾਂ, ਗਿੱਦੜ, ਤੋਤਾ, ਮੋਰ, ਕੋਇਲ, ਹੰਸ, ਡੱਡੂ, ਸੱਪ, ਵਾਯੂ, ਸ਼ਿਵ, ਸ਼ੁਕ੍ਰ, ਇਕ ਪਰਬਤ, ਗਰੁੜ ਦਾ ਪੁਤ੍ਰ, ਇਕ ਛੰਦ, ਗਿਣਤੀ, ਖੋਹਣਾ, ਦੂਰ ਕਰਨਾ, ਇਕ ਰਾਖਸ਼, ਗਧਾ ਆਦਿ। [5]ਇਕ ਰਾਖਸ਼। [6] ਕਵਲਾਂ ਦਾ ਤਾਲ। [7]ਸਰਪ (ਅ) ਮਾਰਜਾਰ=ਬਿੱਲਾ। (ੲ) ਮਾਰਜਾਰਕ=ਮੋਰ। [8]ਇੰਦਰ। [9] ਪ੍ਰਹਿਲਾਦ ਦਾ ਪੋਤ੍ਰਾ ਦੈਂਤ। [10]ਪਾਣਨੀ ਮਨੀ। [11]ਸੁੰਦਰੀ। [12]ਚੰਦ੍ਰਮਾ। [13]ਹੈਰਾਨ। [14](ਗੰਗਾ ਬਨ ਵਿਚ ਐਉਂ ਸ਼ੋਭ ਰਹੀ ਹੈ) ਮਾਨੋ ਕਰਤਾਰ ਨੇ ਬਨ ਰੂਪ ਲੱਛਮੀ ਨੂੰ ਮੋਤੀਆਂ ਦੀ ਮਨੋਹਰ ਮਾਲਾ ਪਹਿਨਾਈ ਹੈ।

ਸੂਰਜ ਦੇ ਅਜਿਹੇ ਮਿਲੇ ਹਨ ਜੋ ਕਵੀ ਸੰਤੋਖ ਸਿੰਘ ਦੇ ਅਪਣੇ ਲਿੱਖਤ ਹਨ। ਇਕ ਪੱਤ੍ਰਾ ਅਜਿਹਾ ਹੈ ਜੋ ਅਜ ਕਲ ਪ੍ਰਚਲਤ ਗੁਰ ਪ੍ਰਤਾਪ ਸੂਰਜ ਗ੍ਰੰਥ ਨਾਲ ਮਿਲਦਾ ਹੈ ਤੇ ਜਿਸਦੀ ਫੋਟੋ ਪੰਨਾ ੧੪੩ ਉਤੇ ਦਿਤੀ ਗਈ ਹੈ, ਪਰ ਸਾਨੂੰ ਅਪਣੇ ਜਤਨ ਵਿਚ ਅਜੇ ਤਕ ਸਾਰੀ ਅਸਲੀ ਕਾਪੀ ਗੁ: ਪ੍ਰ: ਸੂਰਜ ਗ੍ਰੰਥ ਦੀ ਨਹੀਂ ਮਿਲੀ। ਚਾਰ ਕਾਪੀਆਂ ਜੋ ਲਿਖਾਰੀ ਆਪ ਦੇ ਉਚਾਰਨ ਤੇ ਲਿਖਦੇ ਰਹੇ ਉਨ੍ਹਾਂ ਵਿਚੋਂ ਬੀ ਕਿਸੇ ਦਾ ਥਹੁ ਨਹੀਂ ਲਗ ਸਕਿਆ*। ਜੋ ਨੁਸਖਾ ਸ੍ਰੀ ਅਨੰਦ ਪੁਰ ਅਜੈ ਸਿੰਘ ਜੀ ਲੈ ਗਏ ਸਨ ਉਸਦਾ ਬੀ ਥਹੁ ਨਹੀਂ ਪਿਆ ਤੇ ਜੋ ਓਹ ਆਪ ਅੰਮ੍ਰਿਤਸਰ ਲਿਆਏ ਸਨ ਉਸਦੀ ਬੀ ਸੂੰਹ ਕੋਈ ਨਹੀਂ ਪੈਂਦੀ। ਸਾਡੀ ਨਜ਼ਰੇ ਤਾਂ ਪੁਰਾਣੇ ਤੋਂ ਪੁਰਾਣਾ ਨੁਸਖਾ ੧੯੧੯ ਦਾ ਪਿਆ ਹੈ। ਇਸ ਤੋਂ ਬੀ ਪੁਰਾਣਾ ੧੯੧੨ ਦਾ ਇਕ ਅਪੂਰਣ ਨੁਸਖਾ ਸਾਨੂੰ ਮਿਲਿਆ ਹੈ, ਹੋਰ ਪੁਰਾਤਨ ਨੁਸਖੇ ਅਸਾਂ ਸੁਧਾਈ ਵੇਲੇ ਕਈ ਮੰਗਾਏ ਸਨ ਪਰ ਯਾ ਉਨ੍ਹਾਂ ਪਰ ਸੰਮਤ ਨਹੀਂ ਸਨ ਯਾ ਉਪਰਲੇ ਸੰਮਤਾਂ ਤੋਂ ਪਛੇਤ੍ਰੇ ਸਨ।

ਕਵੀ ਜੀ ਦੇ ਸਮੇਂ ਇਕ ਗਿਆਨੀ ਹੋਏ ਹਨ, ਭਾਈ ਸਰੂਪ ਸਿੰਘ ਜੀ। ਆਪ ਗਿਆਨੀ, ਰਾਗੀ ਤੇ ਕਵੀ ਤ੍ਰੈਏ ਸਨ, ਆਪ ਚਿਰਕਾਲ ਸ੍ਰੀ ਅੰਮ੍ਰਿਤਸਰ ਜੀ ਬੀ ਰਹੇ ਹਨ। ਗੁਰਸਿੱਖੀ ਪ੍ਰਚਾਰ ਤੇ ਵਿਦਯਾ ਪੜ੍ਹਨ ਪੜ੍ਹਾਨ ਦਾ ਸ਼ੌਂਕ ਬਹੁਤ ਰਖਦੇ ਸੇ। ਆਪ ਕੈਥਲ ਗਏ ਸੁਣੀਦੇ ਹਨ, ਕਵੀ ਜੀ ਦੇ ਜੀਉਂਦਿਆਂ ਨਹੀਂ ਪਰ ਕੁਛ ਥੋੜਾ ਸਮਾਂ ਮਗਰੋਂ। ਉਥੇ ਜਾਕੇ ਆਪ ਨੇ ਅਸਲੀ ਕਾਪੀ ਗੁਰ ਪ੍ਰਤਾਪ ਸੂਰਜ ਦੀ ਦੇਖਣ ਲਈ ਯਤਨ ਕੀਤਾ। ਕਵੀ ਜੀ ਦੇ ਸੰਚੇ ਵਿਚ ਆਪਨੂੰ ਯਤਨ ਕਰਦਿਆਂ ਉਸਦੇ ਦਰਸ਼ਨ ਹੋਏ। ਉਸ ਵਿਚ ਆਪ ਨੇ ਕੀ ਡਿੱਠਾ ਕਿ ਕਈ ਪ੍ਰਸੰਗ ਤੇ ਸਤਰਾਂ ਪਰ ਜਗਾ ਜਗਾ ਗੇਰੂ ਨਾਲ ਲਾਲ ਲੀਕਾਂ ਦੇ ਨਿਸ਼ਾਨ ਦਿਤੇ ਹੋਏ ਹਨ। ਪਤਾ ਕਰਨ ਤੋਂ ਥਹੁ ਲਗਾ ਕਿ ਏਹ ਨਿਸ਼ਾਨ ਕਵੀ ਜੀ ਨੇ ਉਨ੍ਹਾਂ ਟਿਕਾਣਿਆਂ ਤੇ ਕੀਤੇ ਸਨ ਜਿਨ੍ਹਾਂ ਨੂੰ ਆਪ ਸੋਧਣਾ ਅਵੱਸ਼ਜਕ ਸਮਝਦੇ ਸਨ। ਅਨੁਮਾਨ ਕੀਤਾ ਗਿਆ ਸੀ ਕਿ ਲਗ ਪਗ ਇਤ੍ਰਾਜ਼ਾਂ ਵਾਲੇ ਥਾਂ ਲਾਲ ਲੀਕ ਨਾਲ ਅੰਕਿਤ ਸਨ। ਪਰ ਇਹ ਪਤਾ ਨਹੀਂ ਚਲਦਾ ਕਿ ਗਿਆਨੀ ਸਰੂਪਸਿੰਘ ਜੀ ਏਹ ਨੁਸਖਾ ਸਿਰਫ ਓਥੇ ਵੇਖਕੇ ਚਲੇ ਆਏ ਸਨ ਕਿ ਨਾਲ ਲੈ ਆਉਣ ਵਿਚ ਕਾਮਯਾਬ ਵੀ ਹੋਏ। ਹਾਲਾਂ ਤਕ ਕਿਸੇ ਐਸੇ ਨੁਸਖੇ ਦੀ ਹੋਂਦ ਕਿਸੇ ਟਿਕਾਣੇ ਸੁਣੀ ਨਹੀਂ ਗਈ।

ਸਾਨੂੰ ਇਹ ਬੀ ਦੱਸ ਪਈ ਸੀ ਕਿ ਪਹਿਲਾਂ ਕਵੀ ਜੀ ਨੇ ਕੁਛ ਹਿੱਸਾ ਗ੍ਰੰਥ ਦਾ ਛੋਟੀ ਛੋਟੀ ਲਿਖ ਲਿਆ ਸੀ, ਪਰ ਮਗਰੋਂ ਹੋਰ ਸਾਮਾਨ ਮਿਲ ਜਾਣ ਤੇ ਇਸਨੂੰ ਵਧਾਇਆ ਤੇ ਓਹ ਪਹਿਲਾ ਲਿਖਿਆ ਰੱਦੀ ਕੀਤਾ। ਇਸ ਦਾ ਬੀ ਇਕ ਪੱਤ੍ਰਾ ਸਾਨੂੰ ਮਿਲਿਆ ਹੈ। ਜਿਸਦਾ ਇਕ ਪਾਸਾ ਪੜ੍ਹਿਆ ਜਾਂਦਾ ਹੈ†। ਇਹ ਕਵੀ ਕਲਮ ਦਾ ਲਿਖਿਆ ਹੋਇਆ ਹੈ। ਇਸਦੀ

---

*ਕਵੀ ਜੀ ਦੀ ਤਰਜੁਮਾਂ ਕੀਤੀ ਹੋਈ ਬਾਲਮੀਕੀ ਰਾਮਾਯਣ ਦਾ ਇਕ ਨਾ ਮੁਕੰਮਲ ਨੁਸਖਾ ਮੌਜੂਦ ਹੈ ਜਿਸਦੇ ਲਗ ਪਗ ਹਰ ਕਾਂਡ ਦਾ ਮੁਢ ਕਵੀ ਜੀ ਆਪ ਅਪਣੀ ਕਲਮ ਨਾਲ ਆਰੰਭ ਕਰਦ ਹਨ ਤੇ ਅਗੋਂ ਫੇਰ ਲਿਖਾਰੀ ਜੀ ਦੇ ਦਸਤਖਤ ਹੈਨ ਤੇ ਵਿਚ ਵਿਚ ਸੁਧਾਈ ਵੀ ਕਵੀ ਜੀ ਦੀ ਆਪਣੀ ਕਲਮ ਨਾਲ ਕੀਤੀ ਹੋਈ ਹੈ। ਇਹ ਨੁਸਖਾ ਸਾਡੇ ਸੰਚੇ ਵਿਚ ਹੈ।

†ਇਕ ਫੱਟੀ ਮਿਲੀ ਹੈ ਜਿਸ ਪਰ ਕਵੀ ਜੀ ਕਾਗਤ ਰੱਖਕੇ ਲਿਖਿਆ ਕਰਦੇ ਸਨ। ਇਸ ਫੱਟੀ ਪਰ ਉਨ੍ਹਾਂ ਦੇ ਲਿਖੇ ਕਾਗਤ ਚਸਪਾਨ ਕੀਤੇ ਹੋਏ ਹਨ, ਤੇ ਇਕ ਪੱਤ੍ਰਾ ਗੁਰ ਪ੍ਰਤਾਪ ਸੂਰਜ ਦਾ ਇਹੋ ਜਟਿਤ ਹੈ।

ਇਬਾਰਤ ਨੂੰ ਜਦ ਅਸੀਂ ਪਰਵਿਰਤ ਗੁਰ ਪ੍ਰਤਾਪ ਸੂਰਜ ਨਾਲ ਮੇਲਦੇ ਹਾਂ ਤਾਂ ਸਾਫ ਦਿੱਸ ਪੈਂਦਾ ਹੈ ਕਿ ਇਹ ਪਹਿਲੀ ਕੋਈ ਸੰਖੇਪ ਲਿਖਤ ਹੈ ਤੇ ਮਗਰੋਂ ਵਿਸਤ੍ਰਿਤ ਕੀਤੀ ਗਈ ਹੈ। ਇਸ ਪੱਤ੍ਰੇ ਦਾ ਹੂਬਹੂ ਉਤਾਰਾ ਇਸ ਪ੍ਰਕਾਰ ਹੈ, ਮੁਕਾਬਲੇ ਲਈ ਸਾਹਮਣੇ ਰਖ ਲਵੋ ਰਾਸ ੧ ਅੰਸੂ ੬੧ ਅੰਕ ੪੯ ਤੋਂ ੬੬ ਤੱਕ।

॥ ੩੭ ॥ ਪੁਨ ਗੋਂਦੇ ਸੁਤ ਬਾਕ ਬਖਾਨਯੋ ॥ ਹਮ ਤੇ ਲੋਭ ਦਰਬ ਕੋ ਠਾਨਯੋ ॥ ਅਪਰ ਵਸਤੁ ਹਮ ਲੇਤਿ ਨ ਕੋਈ ॥ ਲੇਵਹਿੰਗੇ ਧਨ ਦੀਜਹਿ ਸੋਈ ॥ ੩੮ ॥ ਸਦਨ ਆਪਨੇ ਅਚਹਿ ਅਹਾਰਾ ॥ ਅੰਨ ਖਰੀਦਹਿੰ ਮੋਲ ਬਜਾਰਾ ॥ ਤੁਮਰੇ ਨਿਕਟਿ ਕਮੀ ਨਹਿ ਕੋਊ ॥ ਸੰਗਤਿ ਰਹੈ ਭੀਰਿ ਭਰਿ ਸੋਊ ॥੩੯ ॥ ਨਿਤਿ ਪ੍ਰਤਿ ਆਵਹਿ ਦਰਬ ਉਦਾਰਾ ॥ ਤਿਸਿ ਮਹਿ ਤੇ ਦਿਹੁ ਹੱਕ ਹਮਾਰਾ ॥ ਸੁਨਿ ਸ੍ਰੀ ਅਮਰ ਕਹਯੋ ਤਿਨਿ ਫੇਰਿ ॥ ਜੇ ਤੁਮ ਲੋਭ ਕਰਹੁ ਇਮਿ ਹੇਰਿ ॥ ੪੦ ॥ ਤੇ ਦਿਨ ਅਸ਼ਟਮ ਮਹਿ ਜੋ ਆਵੈ ॥ ਸਿਖ ਸੰਗਤਿ ਹਿਤ ਕਰਿ ਅਰਪਾਵੈ ॥ ਸੋ ਤੁਮ ਲੇਹੁ ਅਪਨਿ ਸਿਰਦਾਰੀ ॥ ਬੈਠਿ ਸਮੀਪੀ ਕਰਹੁ ਨਿਹਾਰੀ ॥ ੪੧ ॥ ਸੁਨਿੰ ਮੂਰਖ ਹਰਖ੍ਯੋ ਘਰਿ ਗਯੋ ॥ ਬਹੁਤਿ ਆਇ ਧਨ ਮਨ ਸਮਝਯੋ। ਦਿਨ ਦੋਇਕ ਜਬਿ ਦਏ ਬਿਤਾਇ ॥ ਤੱਬਿ ਨਿਬਾਬ ਇਕਿ ਉਤਰਯੋ ਆਇ ॥੪੨ ॥ ਲਵਪੁਰ ਤੇ ਦਿੱਲੀ ਕਹੁ ਜਾਤੇ ॥ ਗੋਇੰਦਵਾਲ ਬਸਯੋ ਇਕਿ ਰਾਤੇ ॥ ਨਿਸਾ ਅੰਧੇਰੀ ਪਰਿ ਕਰਿ ਸੋਯੋ ॥ ਤਸਕਰ ਗਨ ਦਿਨ ਮਹਿ ਧਨ ਜੋਯੋ ॥ ੪੩ ॥ ਸ਼੍ਰਮਤਿ ਨੀਂਦ ਗਾਵੀ ਮਹਿ ਪਰਯੋ ॥ ਇਕ ਖੱਚਰ ਜੁਤਿ ਧਨ ਤਿਸਿ ਹਰਯੋ ॥ ਭਈ ਭੋਰਿ ਸੁਧਿ ਪਾਇ ਰਿਸਾਯੋ ॥ ਇਸਿ ਪੁਰਿ ਪਤਿ ਨੇ ਧਨ ਚੁਰਿਵਾਯੋ ॥ ੪੪ ॥ ਇਸ ਨੇ ਤਸਕਰ ਰਾਖਨਿ ਕਰੇ ॥ ਨਦੀ ਘਾਟਿ-ਪਰਿ ਚੋਰੀ ਕਰੇ ॥ ਤਬਹਿ ਚੌਧਰੀ ਗਹਿ ਮੰਗਵਾਯਵ ॥ ॥ ਕਹਯੋ ਤੋਹਿ ਮਮ ਧਨ ਚੁਰਿਵਾਇਵ ॥੪੫ ॥ ਤਸਕਰ ਜੁਕਤਿ ਦੇਹੁ ਧਨ ਮੋਰਾ ॥ ਨਾਹਿਤ ਦਿਹੁ ਫਾਂਸੀ ਇਸਿ ਠੌਰਾ ॥ ਏਤਿਕ ਦਰਬ ਕਹਾਂ ਤੇ ਲਯਾਵੈਂ ॥ ਬੋਲ ਨ ਆਵਤਿ ਖਰੇ ਤਕਾਵੈਂ ॥ ੪੬ ॥ ਭਨਯੋ ਨਰਨਿ ਨਿਜ ਸਾਥਿ ਨਿਬਾਬ ॥ ਧਨ ਨ ਦੇਯ ਦਿਹੁ ਫਾਂਸਿ ਸ਼ਿਤਾਬ ॥ ਇਮਿ ਕਹਿ ਆਪਿ ਗਯੋ ਚਢਿ ਕਰਕੇ ॥ ਪੀਛੇ ਦਈ ਫਾਂਸਿ ਧਰਿ ਧਰਿ ਕੇ ॥ ੪੭ ॥ ਰਹਿ ਗਯੋ ਬਾਲਕ ਏਕਿ ਪਿਛਾਰੀ ॥ ਗੋਂਦੇ ਕੀ ਤਿਯ ਗੁਰੂ ਅਗਾਰੀ ॥ ਆਇ ਜੋਰ ਕਰਿ ਬਿਨੈ ਬਿਖਾਨੀ ॥ ਨਹਿ ਮਤਿ ਮੰਦਨ ਮਹਿਮਾ ਜਾਨੀ ॥ ੪੮ ॥ ਭਯੋ ਬਾਲ ਇਹਿ ਏਕਿ ਪਿਛਾਰੀ ॥ ਰਾਖਹੁ ਆਪਿ ਕ੍ਰਿਪਾ ਬਹੁ ਧਾਰੀ ॥ ਤਿਨਹੁ ਕਰਯੋ ਜਸ ਤਸ ਫਲ ਪਾਯੋ ॥ ਅਬਿ ਰਾਵਰ ਕੀ ਸ਼ਰਨੀ ਆਯੋ ॥ ੪੯ ॥ ਸੁਨਿ ਪ੍ਰਭੁ ਨੇ ਕਰੁਨਾ ਕਰਿ ਰਾਖਯੋ ॥ ਇਕਿ ਤੇ ਸਤ ਹੋਇ ਬਚ ਤਬਿ ਭਾਖਯੋ ॥ ਭਈ ਪ੍ਰਸੰਨ ਸੁ ਗ੍ਰਿਹ ਕੋ ਗਈ ॥ ਕਰੀ ਅਵਗਯਾ ਸੋ ਬਖਸ਼ਈ ॥ ੫੦ ॥ ਇਤਿ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ ਗੋਂਦੇ ਸੁਤ ਪ੍ਰਸੰਗ ਬਰਨਨੰ ਨਾਮ ਖਸਟ ਤ੍ਰਿੰਸਤੀ ਅੰਸੂ ॥ ੩੬ ॥

## ੩੧. ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਦੇ ਸੋਮੇ।

ਕਵੀ ਜੀ ਨੇ ਅਪਣੇ ਇਸ ਪੁਸਤਕ ਲਈ ਸਾਮਾਨ ਕਿਥੋਂ ਲਿਆ? ਇਸ ਬਾਬਤ

ਵਿਸ਼ੇਸ਼ ਖੋਜ ਤਾਂ ਉਨਾਂ ਦੀ ਅਪਣੀ ਰਚਨਾਂ ਵਿਚ ਹੀ ਕਰਨੀ ਠੀਕ ਹੈ। ਦੂਜੇ ਉਹ ਪਤੇ ਹਨ ਜੋ ਖੋਜ ਕੀਤਿਆਂ ਲਭ ਪੈਂਦੇਹਨ। ਫਿਰ ਕਈ ਐਸੇ ਹਨ ਜਿਨ੍ਹਾਂ ਦਾ ਪਤਾ ਅਜੇ ਨਹੀਂਲਗ ਸਕਿਆ। ਜੀਉਂਦੇ ਮਨੁਖਾਂ ਤੋਂ ਸੁਣਕੇ ਲਿਖਿਆਂ ਦਾ ਪਤਾ ਲਗਣਾ ਹੁਣ ਔਖਾ ਹੈ। ਜੋ ਗ੍ਰੰਥ, ਪੋਥੀਆਂ ਹੁਣ ਗੁੰਮ ਹੋ ਗਈਆਂ ਹਨ ਉਨ੍ਹਾਂ ਦਾ ਪਤਾ ਲਾਇਆ ਜਾ ਸਕਣਾ ਬੀ ਕਠਨ ਹੈ ਯਾ ਜੇ ਕੋਈ ਪੋਥੀਆਂ ਅਜੇ ਹਨ ਪਰ ਸਾਡੀ ਨਜ਼ਰੋਂ ਨਹੀਂ ਲੰਘੀਆਂ ਉਨ੍ਹਾਂ ਦਾ ਹਾਲ ਅਸੀਂ ਜਾਣ ਹੀ ਨਹੀਂ ਸਾਂ ਸਕਦੇ।

[ਸ੍ਰੀ ਗੁਰ ਨਾਨਕ ਪ੍ਰਕਾਸ਼]

੧. ਜੋ ਕੁਛ ਕਵੀ ਜੀ ਨੇ ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਆਪ ਦਿਤਾ ਹੈ [ਪੂ: ਅਧ: ੩੭] ਉਸਦਾ ਸਿੱਧਾਂਤ ਇਹ ਹੈ ਕਿ ਅਸਲ ਜਨਮ ਸਾਖੀ ਜੋ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸੰਚਯ ਕਰਵਾਈ ਸੀ ਸੋ ਇਕ ਹਿੰਦਾਲੀਏ ਨੇ ਤੇ ਇਕ ਕਬੀਰ ਪੰਥੀਏ ਨੇ ਰਲਕੇ ਆਖੇਪ ਕੀਤੀ। ਅਸਲ ਪੋਥੀ ਜ਼ਾਇਆ ਕਰ ਦਿੱਤੀ ਤੇ ਆਖੇਪਾਂ ਵਾਲੀ ਅਪਣੀ ਰਚੀ ਫੈਲਾ ਦਿੱਤੀ, ਜਿਸ ਵਿਚ ਹਿੰਦਾਲ, ਜੋ ਗੁਰੂ ਕਾ ਸਿੱਖ ਸੀ, ਉਸ ਦੀ ਤੇ ਕਬੀਰ ਦੀ ਮਹਿਮਾਂ ਵਧਾ ਦਿੱਤੀ। ਇਸ ਪੋਥੀ ਵਿਚੋਂ ਆਖੇਪ ਕੱਢ ਕੇ ਸੁੱਧ ਪ੍ਰਸੰਗ ਕਵੀ ਜੀ ਨੇ ਲੀਤੇ ਦੱਸੇ ਹਨ।

੨. ਦੂਸਰੇ ਵਾਰਾਂ ਭਾ: ਗੁਰਦਾਸ ਤੋਂ ਮਦਦ ਲੈਣ ਦਾ ਜ਼ਿਕਰ ਕਵੀ ਜੀ ਨੇ ਆਪ ਕੀਤਾ ਹੈ*।

੩. ਤੀਸਰੇ ਭਾਈ ਮਨੀ ਸਿੰਘ ਜੀ ਦਾ ਜ਼ਿਕਰ ਕੀਤਾ ਹੈ।

੪. ਚੌਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਸਹਾਯਤਾ ਵੀ ਲਈ ਹੈ ਜੈਸੇ:—

ਸ੍ਰੀ ਨਾਨਕ ਇਤਿਹਾਸ ਪੁਨੀਤਾ। ਗ੍ਰੰਥ ਅਨੁਸਾਰ ਕਥੀ ਮੈਂ ਗੀਤਾ ॥ ੬੭ ॥ ਪੁਨ ਗੁਰੁਦਾਸ ਭਯੋ ਜੋ ਭਾਈ। ਕਛੁਅਕ ਕੀਨ ਜਿ ਗੁਰੂ ਵਡਾਈ। ਸ੍ਰੀ ਅਰਜਨ ਕੀ ਰਹਤ ਹਜੂਰਾ। ਸਿੱਖੀ ਅਧਿਕ ਪ੍ਰੇਮ ਬ੍ਰਤ ਪੂਰਾ ॥ ੬੮। ਸੁਨਿ ਗੁਰ ਅਰਜਨ ਜਿਹ ਕੀ ਬਾਨੀ। ਬਰ ਦੀਨੋ ਅਸ ਬਿਧਿ ਗਤ ਦਾਨੀ। 'ਪਢਹਿ ਪ੍ਰੇਮ ਕਰਿਕੈ ਸਿਖ ਜੋਊ। ਸਿੱਖੀ ਕੋ ਪ੍ਰਾਪਤਿ ਹ੍ਵੈ ਸੋਊ' ॥ ੬੯ ॥ ਤਿਹ ਅਨੁਸਾਰ ਕਥੀ ਮੈਂ ਗਾਥਾ। ਤਿਹ ਕੀ ਸਾਖ ਸੁਨਹੁ ਹਿਤ ਸਾਥਾ। ਸ੍ਰੀ ਗੁਰ ਗੋਬਿੰਦ ਸਿੰਘ ਹਦੂਰੀ। ਮੰਨੀ ਸਿੰਘ ਭਯੋ ਗਤਿ ਰੂਰੀ ॥ ੭੦ ॥ ਜਿਹ ਸਿਰ ਲੈ ਸਿੱਖੀ ਨਿਰਬਾਹੀ। ਤਿਹ ਅਨੁਸਾਰ ਕਥਾ ਮੈਂ ਪ੍ਰਾਹੀ। [ਨਾ: ਪ੍ਰ: ਪੂ: ਧਿ: ੩੭

੫. ਹੁਣ ਜਦ ਵਿਸ਼ੇਸ਼ ਖੋਜ ਕਰੀਏ ਤਾਂ ਪਤਾ ਲਗਦਾ ਹੈ ਕਿ ਇਸ ਗੁਰ ਨਾਨਕ ਪ੍ਰਕਾਸ਼ ਵਿਚ ਭਾਈ ਗੁਰਦਾਸ ਜੀ ਦੀ੧੧ ਵੀਂ ਵਾਰ ਵਾਲੇ ਸ੍ਰੀ ਗੁਰਨਾਨਕਦੇਵ ਜੀਦੇ ਸਿਖਾਂ ਦੇ ਪ੍ਰਸੰਗ ਆਏ ਹਨ ਜੋ ਯਾਰਵੀਂ ਵਾਰ ਦੀ ਟੀਕਾ ਨਾਲ, ਜਿਸ ਦਾ ਨਾਮ 'ਭਗਤਿ ਰਤਨਾਵਲੀ' ਯਾ 'ਸਿੱਖਾਂ ਦੀ ਭਗਤ ਮਾਲ' ਹੈ, ਮਿਲਦੇ ਹਨ। ਇਸ ਤੋਂ ਪਤਾ ਲਗਾ ਕਿ ਕਵੀ ਜੀ ਪਾਸ ਇਹ ਪੁਸਤਕ ਬੀ ਸੀ।

੬. ਗਹੁ ਕਰਕੇ ਮੁਤਾਲਆ ਕਰਨ ਤੋਂ ਪਤਾ ਲਗਦਾ ਹੈ ਕਿ ਪੁਰਾਤਨ ਜਨਮ ਸਾਖੀ

---

*ਕਬਿਤ ਸ੍ਵਯੇ ਭਾ: ਗੁ: ਬੀ ਆਪ ਨੇ ਵਰਤੇ ਹਨ, ਦੇਖੋ ਪ੍ਰਸਤਾਵਨਾ ਦਾ ਸਫਾ ੧੯੨ ਅੰਕ ੧੦।

ਜਿਸ ਨੂੰ 'ਹਾਫਜ਼ਾ ਬਾਦੀ' ਤੇ 'ਵਲੈਤ ਵਾਲੀ' ਨਾਵਾਂ ਨਾਲ ਬੀ ਪੁਕਾਰਿਆ ਜਾਂਦਾ ਹੈ ਕਵੀ ਜੀ ਨੂੰ ਨਹੀਂ ਮਿਲੀ ਜਾਪਦੀ। ਕਵੀ ਜੀ ਨੇ ਅਵਤਾਰ ਦਾ ਦਿਨ ਕੱਤਕ ਪੂੰਨਮ ਦਿੱਤਾ ਹੈ, ਪੁਰਾਤਨ ਜਨਮ ਸਾਖੀ ਵਿਚ ਵੈਸਾਖ ਦੀ ਤ੍ਰਿਤੀਆ ਹੈ, ਇਸ ਦਾ ਕੋਈ ਇਸ਼ਾਰਾ ਗੁਰ ਨਾਨਕ ਪ੍ਰਕਾਸ਼ ਵਿਚ ਨਹੀਂ ਹੈ। ਜਿਵੇਂ ਕਵੀ ਜੀ ਨੇ ਸਤੇ ਬਲਵੰਡ ਦੀ ਸਾਖੀ ਵਿਚ ਦਸਿਆ ਹੈ ਕਿ ਇਹ ਵਾਕਿਆ ਕੋਈ ਦੂਸਰੇ ਕੋਈ ਪੰਜਵੇਂ ਸਾਹਿਬਾਂ ਵੇਲੇ ਦਸਦਾ ਹੈ ਫਿਰ ਅਪਨਾ ਸਿਧਾਂਤ ਬੀ ਦਸਿਆ ਨੇ ਤਿਵੇਂ ਜੇ ਆਪਦੀਨਜ਼ਰੋਂ ਇਹ ਸਾਖੀ ਗੁਜ਼ਰੀਹੁੰਦੀ ਤਾਂ ਓਹ ਜ਼ਿਕਰ ਜ਼ਰੂਰ ਕਰਦੇ ਕਿ ਅਵਤਾਰ ਦਿਨ ਪਰ ਕੁਛ ਭੇਦ ਹੈ ਤੇ ਇਹ ਬੀ ਦਸਦੇ ਕਿ ਅਸਾਂ ਕਤਕ ਨੂੰ ਸਹੀ ਮੰਨਿਆ ਹੈ। ਇਸਤੋਂ ਖਯਾਲ ਹੁੰਦਾ ਹੈ ਕਿ ਆਪਦੀ ਨਜ਼ਰੋਂ ਪੁਰਾਤਨ ਜਨਮ ਸਾਖੀ ਨਹੀਂ ਗੁਜ਼ਰੀ। ਕੁਛ ਸਾਖੀਆਂ ਜੋ ਬੜੀਆਂ ਜ਼ਰੂਰੀ ਹੈਨ ਤੇ ਜੋ ਮਹਾਨ ਉੱਚ ਦਿਮਾਗ ਕਵੀ ਜੀ ਅਪਣੀ ਕਲਮ ਤੋਂ ਜ਼ਰੂਰ ਲਿਖਣਾ ਪਸੰਦ ਕਰਦੇ ਸ੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਨਹੀਂ ਆਈਆਂ। ਓਹ ਪੁਰਾਤਨ ਜਨਮ ਸਾਖੀ ਵਿਚ ਹੈਨ ਤੇ ਪ੍ਰਸਿੱਧ ਬਾਲੇ ਵਾਲੀ ਵਿਚ, ਜੋ ਕਵੀ ਜੀ ਪਾਸ ਸੀ, ਯਾ ਭਾਈ ਮਨੀ ਸਿੰਘ ਜੀ ਵਾਲੀ ਵਿਚ ਨਹੀਂ ਆਈਆਂ। ਨਮੂਨੇ ਲਈ ਦੱਸਦੇ ਹਾਂ, ਸਾਖੀ ੨੧ ਮੋਹਰਾਂ ਦੇ ਕੋਲੇ ਹੋ ਜਾਣੇ; ਦੂਸਰੇ ੨੮ ਸਾਖੀ, ਸ਼ੇਖ ਫਰੀਦ ਵਾਲੀ ਵਿਚ ਦੁੱਧ ਦੇ ਤਬਲਬਾਜ ਵਿਚੋਂ ਮੁਹਰਾਂ ਨਿਕਲਣ ਵਾਲੀ।

[ਗੁਰ ਪ੍ਰਤਾਪ ਸੂਰਜ ਗ੍ਰੰਥ]

ਹੁਣ ਜਦ ਗੁਰ ਪ੍ਰਤਾਪ ਸੂਰਜ ਦੇ ਲਿਖਣ ਵੇਲੇ ਤੇ ਆਈਏ ਤਾਂ ਕਵੀ ਜੀ ਆਪ ਜੋ ਪਤੇ ਦੇਂਦੇ ਹਨ ਇਸ ਪ੍ਰਕਾਰ ਹੈਨ:—

੧. ਰਮਦਾਸ ਵਾਲੀਆਂ ਸਾਖੀਆਂ—ਜੀਵਨ ਬਾਬਾ ਬੁੱਢਾ ਵਿਚ ਇਨ੍ਹਾਂ ਸਾਖੀਆਂ ਦੇ ਕਵੀ ਜੀ ਨੂੰ ਮਿਲਣ ਦਾ ਜ਼ਿਕਰ ਹੈ। ਪਿਛੇ ਸਫੇ ੧੩੯ ਤੇ ਇਸ ਦਾ ਹਾਲ ਮੂਲ ਵਿਚ ਬੀ ਤੇ ਟੂਕਾਂ ਵਿਚ ਬੀ ਦੇ ਆਏ ਹਾਂ। ਉਥਾਨਕਾ ਆਪ ਨੇ ਸ੍ਰੀ ਰਾਮ ਕੁਇਰ ਦੇ ਮੂੰਹੋਂ ਕਥੀ ਹੈ, ਇਹ ਬੀ ਦਲੀਲ ਉਨ੍ਹਾਂ ਸੰਚੀਆਂ ਦੇ ਕਵੀ ਜੀ ਨੂੰ ਮਿਲਣ ਦੀ ਹੈ। ਤੀਸਰੀ ਗੱਲ ਇਹ ਹੈ ਕਿ ਆਪ ਗੁਰ ਪ੍ਰਤਾਪ ਸੂਰਜ ਦੂਜੀ ਪਾਤਸ਼ਾਹੀ ਤੋਂ ਅਰੰਭ ਨਹੀਂ ਕਰਦੇ। ਸਗੋਂ ਦੂਸਰੀ ਪਾਤਸ਼ਾਹੀ ਦਾ ਹਾਲ ਸ਼ੁਰੂ ਕਰਨ ਤੋਂ ਪਹਿਲਾਂ ਛੇਵੇਂ ਅੰਸੂ ਵਿਚ ਆਪ ਕੁਛ ਪ੍ਰਸੰਗ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਹਿਬਜ਼ਾਦਿਆਂ ਦੇ ਦੇਂਦੇ ਹਨ। ਨਾਲੇ ਰਾਸ ੨ ਅੰਸੂ ੫੭ ਵਿਚ ਸਿੱਖੀ ਪਰਖਣ ਦਾ ਇਕ ਪ੍ਰਸੰਗ ਦੇਂਦੇ ਹਨ ਜੋ ਗੁਰ ਨਾਨਕ ਪ੍ਰਕਾਸ਼ ਵਿਚ ਨਹੀਂ ਸੀ ਦਿੱਤਾ, ਇਨ੍ਹਾਂ ਗੱਲਾਂ ਤੋਂ ਵੱਖਰੇ ਕਵੀ ਜੀ ਆਪ ਕਹਿੰਦੇ ਹਨ:—ਰਾਮ ਕੁਇਰ ਇਸ ਭਾਂਤ ਭਾ ਢਿਗ ਦਸਮੇਂ ਪਤਿਸ਼ਾਹਿ।......ਇਸ ਕੀ ਕਹੌ ਕਿਤਿਕ ਗੁਰ ਕਥਾ। ਸਰਬ ਸੁਨਾਵੋਂ ਮਮ ਮਤਿ ਜਥਾ। ਪਰ ਦਸਾਂ ਗੁਰੂ ਸਾਹਿਬਾਂ ਦੇ ਸਾਰੇ ਬ੍ਰਿਤਾਂਤ ਇਸ ਵਿਚ ਬੀ ਨਹੀਂ ਹੋਣੇ ਕਿਉਂਕਿ ਕਵੀ ਜੀ ਕਹਿੰਦੇ ਹਨ ਕਿ ਕਿਸੇ ਇਕ ਥਾਵੇਂ ਸਾਰੇ ਨਹੀਂ ਮਿਲਦੇ ਯਥਾ:—

ਸ਼੍ਰੀ ਗੁਰ ਕੋ ਇਤਿਹਾਸ ਜਗਤ ਮਹਿੰ। ਰਲ ਮਿਲ ਰਹਯੋ ਏਕ ਥਲ ਸਭ ਨਹਿੰ॥

[ਰਾਸ ੧ ਅਸੂ ੫ ਅੰਕ ੫

ਅੰਸੂ ੭-੮ ਵਿਚ ਗੁਰ ਪਰਨਾਲੀ ਦੇਂਦੇ ਹਨ। ਇਸ ਦਾ ਸੋਮਾ ਤਾਂ ਨਹੀਂ ਦੱਸਦੇ ਪਰ

ਜਾਪਦਾ ਹੈ ਕਿ ਇਨ੍ਹਾਂ ਹੀ ਸੰਚੀਆਂ ਤੋਂ ਇਹ ਮਦਦ ਮਿਲੀ ਹੈ। ਅਤੇ ਅਕਸਰ ਲਿਖਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਵਿਖੇ ਗੁਰੂ ਸਾਹਿਬਾਂ ਦੇ ਜੋਤੀ ਜੋਤ ਸਮਾਉਣ ਦੇ ਸੰਮਤ ਮਿਲਦੇ ਹਨ, ਸੋ ਆਪ ਨੂੰ ਤਦੋਂ ਪ੍ਰਾਪਤ ਹੀ ਸਨ।

੨. 'ਸਿਖਾਂ ਦੀ ਭਗਤ ਮਾਲਾ' ਯਾ 'ਭਗਤ ਰਤਨਾਵਲੀ' ਦੇ ਲਗ ਪਗ ਸਾਰੇ ਪ੍ਰਸੰਗ ਗੁਰ ਪ੍ਰਤਾਪ ਸੂਰਜ ਵਿਚ ਆਏ ਹਨ ਤੇ ਖਯਾਲਾਤ ਉਵੇਂ ਹੀ ਹੈਨ, ਜਿਸ ਤੋਂ ਜਾਪਦਾ ਹੈ ਕਿ ਆਪ ਪਾਸ ਇਹ ਪੋਥੀ ਜ਼ਰੂਰ ਹੈ ਸੀ। ਕਵੀ ਜੋ ਆਪ ਬੀ ਲਿਖਦੇ ਹਨ ਕਿ ਭਾਈ ਮਨੀ ਸਿੰਘ ਦੇ ਲਿਖੇ ਬ੍ਰਿਤਾਂਤ ਮੈਂ ਲਿਖਾਂਗਾ। ਕਵੀ ਜੀ ਦੇ ਅਪਣੇ ਵਾਕਾਂ ਵਿਚ ਗੁਰ ਪ੍ਰਤਾਪ ਸੂਰਜ ਦਾ ਮੁੱਢ ਐਉਂ ਬੱਝਾ ਹੈ, ਜਿਸ ਤੋਂ ਕੁਛ ਸੋਮਿਆਂ ਦਾ ਪਤਾ ਲਗਦਾ ਹੈ:–

ਦੋਹਰਾ—ਰਾਮ ਕੁਇਰ ਇਸ ਭਾਂਤਿ ਭਾ ਢਿਗ ਦਸਮੇ ਪਤਿਸ਼ਾਹ।
ਬਹੁਤ ਬਾਰਤਾ ਤਬ ਕਰੀ ਆਗੈ ਸੁਨੀਐ ਤਾਂਹਿ ॥ ੧ ॥

ਚੌਪਈ—ਇਸ ਕੀ ਕਹੀ ਕਿਤਕ ਗੁਰ ਕਥਾ। ਸਰਬ ਸੁਨਾਵੌਂ ਮਮ ਮਤਿ ਜਥਾ। ਮਨੀ ਸਿੰਘ ਭਏ ਬੁਧਿਵਾਨ। ਤਿਨਹੁ ਬ੍ਰਿਤੰਤ ਜੁ ਕੀਨ ਬਖਾਨ ॥ ੨ ॥ ਇਸ ਸ਼ੁਭ ਗ੍ਰੰਥ ਬਿਖੇ ਮੈਂ ਕਹੌਂ। ਸ੍ਰੀ ਗੁਰ ਸੁਜਸ ਜਹਾਂ ਤੇ ਲਹੌਂ। ਤਹਿਂ ਤੇ ਕਰੌਂ ਬਟੋਰਨ ਸਾਰੇ। ਕਿਤਕ ਸੁਨੀ ਸਿੱਖਨ ਮੁਖ ਦ੍ਵਾਰੇ ॥ ੩ ॥ ਸੋ ਸਭ ਇਸ ਮੈਂ ਲਿਖੋਂ ਬਨਾਈ। ਛੰਦ ਬੰਦ ਕਰਿ ਸੁੰਦਰਤਾਈ। ਕਿਤ ਕਿਤ ਅਪਰ ਥਾਨ ਗੁਰ ਕਥਾ। ਸੋ ਮੈਂ ਰਚੌਂ ਦੇਖ ਹੌਂ ਜਥਾ ॥੪॥ ਸ੍ਰੀ ਗੁਰ ਕੇ ਇਤਿਹਾਸ ਜਗਤ ਮਹਿਂ। ਰਲ ਮਿਲ ਰਹਯੋ ਏਕ ਥਲ ਸਭਿ ਨਾਂਹਿ। ਜਿਮ ਸਿਕਤਾ ਮਹਿ ਕੰਚਨ ਮਿਲੇ। ਬੀਨ ਡਾਂਵਲਾ ਲੇ ਤਿਹ ਭਲੇ ॥ ੫ ॥ ਤਥਾ ਜਗਤ ਤੇ ਮੈਂ ਚੁਨਿ ਲੇਊਂ। ਕਥਾ ਸਮਸਤ ਸੁ ਲਿਖ ਕਰਿ ਦੇਊਂ। ਬਾਨੀ ਸਫਲ ਕਰਨ ਕੇ ਕਾਰਨ। ਕਰਿਹੌਂ ਸਤਿਗੁਰ ਸੁਜਸੁ ਉਚਾਰਨ ॥ ੬ ॥ ਜਿਮ ਦਧਿ ਬਿਖੇ ਘ੍ਰਿਤ ਮਿਲ ਰਹੈ। ਕਰਹਿ ਮਥਨ ਨੀਕੇ ਸ਼ੁਭ ਲਹੇ। ਤਿਮ ਜਗ ਮਹਿਂ ਕਰਿ ਬਾਦ ਬਿਬਾਦੂ। ਗੁਰ ਜਸ ਸੰਚੌਂ ਦੇ ਅਹਿਲਾਦੂ ॥ ੭ ॥ ਜਥਾ ਉਦਧਿ ਮਥਿ ਰਤਨ ਨਿਕਾਸੇ। ਵਹਿਰ ਭਏ ਜਗ ਮਹਿਦ ਪ੍ਰਕਾਸ਼ੇ। ਤਿਮ ਸਤਿਗੁਰ ਕੋ ਸੁਜਸ ਨਿਕਾਸੌਂ। ਸਭਿ ਤੇ ਸੁਨ ਇਕ ਥਾਨ ਪ੍ਰਕਾਸ਼ੌਂ ॥੮॥ ਪੂਰਬ ਮੈਂ ਸ੍ਰੀ ਨਾਨਕ ਕਥਾ। ਛੰਦਨ ਬਿਖੇ ਰਚੀ ਮਤਿ ਜਥਾ। ਰਹਯੋ ਚਾਹਤੋ ਗੁਰਨ ਬ੍ਰਿਤਾਂਤ। ਨਹਿ ਪਾਯੋ ਤਿਸਤੇ ਪਸ਼ਚਾਤ ॥ ੯ ॥ ਪਰਾਲਬਧ ਕਰ ਕਿਤ ਕਿਤ ਰਹੇ। ਚਿਤ ਮਹਿਂ ਗੁਰ ਜਸ ਰਚਿਬੋ ਚਹੇ। ਕਰਮ ਕਾਲ ਤੇ ਕੇਥਲ ਆਏ। ਥਿਤ ਹੁਇ ਜਪਜੀ ਅਰਥ ਬਨਾਏ ॥ ੧੦ ॥ ਪੁਨ ਸੰਜੋਗ ਹੋਇ ਅਸ ਗਯੋ। ਰਾਮ ਚਰਿਤ ਕੋ ਮਨ ਹੁਲਸਯੋ। ਬਾਲਮੀਕ ਕ੍ਰਿਤ ਕਥਾ ਸੁਨੀ ਜਬ। ਛੰਦਨ ਬਿਖੇ ਰਚੀ ਤਬ ਹਮ ਸਬ ॥ ੧੧ ॥ ਰਾਮ ਕਥਾ ਪਾਵਨ ਬਿਸਤਾਰੀ। ਸੁਨਿ ਸਭਿ ਨੀਕੀ ਰੀਤਿ ਉਤਾਰੀ। ਸੁੰਦਰ ਬਨਯੋ ਰਮਾਯਣ ਮਹਾਂ। ਤਤਛਿਨ ਲਿਖ ਲੀਨਸ ਜਹਿ ਕਹਾਂ ॥ ੧੨ ॥ ਪੁਨਿ ਬਿਦਾਂਤ ਕੋ ਗ੍ਰੰਥ ਮਹਾਨ। ਉਪਨਿਸ਼ਧਨ ਕੋ ਜਹਿਂ ਬੱਖਯਾਨ। ਆਤਮ ਕੋ ਪੁਰਾਨ ਜਿਸ ਨਾਮ। ਸਕਲ ਬਨਾਯੋ ਸੋ ਅਭਿਰਾਮ ॥ ੧੩ ॥ ਬਹੁਤ ਬਰਸ ਬੀਤੇ ਜਬ ਲਹੇ। ਗੁਰ ਜਸ ਰਚਨ ਚਾਹਤੇ ਰਹੇ। ਉਰ ਅਭਿਲਾਖਾ ਨਿਤ ਕੀ ਮੇਰੀ। ਸਤਿਗੁਰ ਕ੍ਰਿਪਾ ਦ੍ਰਿਸ਼ਟਿ ਕਰਿ ਹੇਰੀ ॥ ੧੪ ॥ ਭਯੋ

ਅਚਾਨਕ ਮਿਂਚੇ ਆਈ। ਸਰਬ ਗੁਰਨਿ ਕੋ ਜਸ ਸਮੁਦਾਈ। ਚਾਹਤਿ ਭਏ ਆਪ ਗੁਰ ਜਬਹੂੰ। ਭਾ ਸਿਂਚਯ ਦਸ ਗੁਰ ਜਸ ਸਭਿਹੂੰ ॥ ੧੫ ॥ ਹੇਰਿ ਉਮੰਗ ਮੋਹਿ ਮਨ ਆਈ। ਕਰਨ ਲਗਯੋ ਇਹ ਗ੍ਰੰਥ ਸੁਹਾਈ। ਰਾਮ ਕੁਇਰ ਕੇ ਮੁਖ ਤੇ ਕਥਾ। ਬਰਨੌਂ ਸਭ ਮੈਂ ਹੋਈ ਜਥਾ ॥ ੧੬ ॥ [ਰਾਸ ੧ ਅਂਸੂ ੫

ਇਸ ਉਪਰਲੇ ਪ੍ਰਮਾਣ ਵਿਚ ਇਸੇ ਦੇ ਅੰਕ ੩ ਤੋਂ ੬ ਤਕ ਹੋਰ ਸੋਮੇ ਇਹ ਦੱਸੇ ਗਏ ਹਨ:—

੩. ਸਿੱਖਾਂ ਦੀ ਜ਼ਬਾਨੋਂ ਸੁਣੇ ਪ੍ਰਸੰਗ।

੪. ਹੋਰਨਾਂ ਥਾਵਾਂ ਤੋਂ ਜਿੱਥੇ ਕਿਤੇ ਗੁਰੂ ਕਥਾ ਮਿਲਦੀ ਹੈ।

੫. ਹੋਰਨਾਂ ਥਾਵਾਂਤੇ ਕਿਤੇਕਿਤੇ ਇਤਿਹਾਸ ਰਲਜਾ ਪਿਆਹੈਚੁਣਕੇ ਅਲਗ ਕਰਕੇਲੈਣਾ।

ਸੁਣੇ ਤੇ ਹੋਰ ਥਾਵਾਂ ਤੋਂ ਪੜ੍ਹਕੇ ਲਏ ਹਾਲਾਤ ਬਾਬਤ ਕਵੀ ਜੀ ਐਉਂਬੀ ਲਿਖਦੇ ਹਨ:—

ਇਹ ਦੂਸਰ ਪਤਿਸ਼ਾਹ ਕੋ ਕਰਯੋ ਸੁਨਯੋ ਜਿਮ ਜੋਇ ॥ ੫੪ ॥ [ਰਾਸ ੧ ਅਸੂ ੮

ਅਰਥਾਤ—ਇਹ ਇਤਹਾਸ ਪਾਤਸ਼ਾਹੀ ਦੂਜੀ ਜੀ ਦਾ ਮੈਂ ਜਿਵੇਂ ਜੋ ਸੁਣਿਆ ਹੈ ਰਚਿਆ ਹੈ, ਪਰ ਇਸ ਤੋਂ ਇਹ ਨਹੀਂ ਸਮਝਣਾ ਚਾਹੀਏ ਕਿ ਕੇਵਲ ਸੁਣਕੇ ਹੀ ਲਿਖਿਆ ਹੈ ਤੇ ਕਿਤੇ ਪੜ੍ਹਿਆ ਨਹੀਂ, ਆਪ ਅੱਗੇ ਚਲ ਕੇ ਲਿਖਦੇ ਹਨ:—

ਸ੍ਰੀ ਨਾਨਕ ਅੰਗਦ ਗੁਰੂ ਅਮਰਦਾਸ ਬਿਰਤੰਤ। ਰਚਯੋ ਛੰਦ ਸੁੰਦਰ ਬਿਖੇ ਸੁਨਯੋ ਪਠਯੋ ਜਿਸ ਭਾਂਤਿ ॥ ੧੪ ॥ [ਰਾ ੨ ਅਸੂ ੧

ਪੁਨਾ:—ਮੈਂ ਸੁਨੀ ਜਿਤਕ ਸਿਖ ਮੁਖ ਦੁਆਰ। ਅਰ ਲਿਖੀ ਪਠੀ ਜਹਿਂ ਕਹਿਂ ਉਦਾਰ।

ਸੋ ਸ੍ਰਬ ਬਨਾਇ ਛੰਦਨ ਮਝਾਰ। ਅਬ ਕਰਹੁ ਨਿਰੂਪਣ ਰੀਤਿ ਚਾਰੁ। [ਰਾਸ ੧–੨੫–੨

ਸੋ ਸਪਸ਼ਟ ਹੋ ਗਿਆ ਕਿ ਆਪ ਸੁਣਕੇ ਤੇ ਹੋਰਨਾਂ ਗ੍ਰੰਥਾਂ ਵਿਚ ਪੜ੍ਹਕੇ ਲਿਖ ਰਹੇ ਹਨ ਫਿਰ ਇਹ ਵੀ ਪਤਾ ਲਗਦਾ ਹੈ ਕਿ ਜਣੇਖਣੇ ਦੀ ਗਲ ਸੁਣ ਕੇ ਨਹੀਂ ਸਨ ਲਿਖ ਲੈਂਦੇ। ਸ੍ਰੇਸ਼ਟ ਪੁਰਖਾਂ ਤੋਂ ਸੁਣਕੇ ਲਿਖਦੇ ਸਨ, ਜੈਸਾ ਕਿ ਲਿਖਦੇ ਹਨ:—

ਕੁਛ ਪ੍ਰਸੰਗ ਆਗੇ ਇਸ ਕਹੌਂ। ਜਿਸ ਬਿਧਿ ਸੁਨਿ ਸਿੰਤਨ ਤੇ ਲਹੌਂ ॥੫੮॥ [ਰਿ ੮ ਅਂ ੬੦

ਭਾਵੇਹ ਕਿ ਸੰਤਾਂ ਤੋਂ ਸੁਣਕੇ ਲਿਖਦਾਹਾਂ। ਸੰਤ ਸ਼ਾਂਤ ਚਿਤ ਸ੍ਰੇਸ਼ਟ ਪੁਰਖ ਨੂੰ ਕਹਿੰਦੇ ਹਨ।

ਪੁਨਾ:—ਜੇਤਿਕ ਸੁਨੀ ਲਿਖੀ ਪਠਿ ਸਾਰੀ। [ਰਾ: ੯ ਅਸੂ ੬੦ ਅੰਕ ੫੦

੬. ਇਹ ਵੀ ਥਹੁ ਪੈਂਦਾ ਹੈ ਕਿ ਕੁਛ ਪ੍ਰਸੰਗ ਆਪ ਜੀ ਨੇ ਜ਼ਿਕਰ ਕੀਤੇ ਸੱਜਣਾਂ ਦੇ ਵੰਸ਼ਜਾਂ ਪਾਸੋਂ ਵੀ ਲਏ ਹਨ। ਜੈਸਾ ਕਿ ਬੁੱਧੂ ਸ਼ਾਹ ਦੇ ਪ੍ਰਸੰਗ ਵਿਚ ਦੱਸਦੇ ਹਨ:—

ਸਿੰਮਤ ਬੀਤੇ ਆਇ ਸੋ ਹਮਕੋ ਦਰਸ ਦਿਖਾਇ। ਬੁੱਧੂ ਸ਼ਾਹ ਪ੍ਰਸੰਗ ਕੋ ਭਾਖਯੋ ਸਕਲ ਬਨਾਇ* ॥ ੫੬ ॥ [ਰ: ੨ ਅਂਸੂ ੩੨

੭ ਬਚਿੱਤ੍ਰ ਨਾਟਕ—ਹੁਣ ਜੇ ਹੋਰ ਸੋਮੇ ਲੱਭੀਏ ਤਾਂ ਗਹੁ ਨਾਲ ਪਾਠ ਕਰਨ ਤੋਂ ਸੰਭਾਵਿਤ ਹੋ ਜਾਂਦੇ ਹਨ, ਜੈਸਾ ਕਿ ਦਸਮੇ ਪਾਤਸ਼ਾਹ ਜੀ ਦੀ ਰਚਿਤ ਬਾਣੀ, ਖਾਸ ਕਰ ਬਚਿੱਤ੍ਰ ਨਾਟਕ। ਪਹਿਲੇ ਜੁੰਗਾਂ ਦੇ ਹਾਲ ਜੈਸੇ ਸਤਿਗੁਰਾਂ ਨੇ ਦਿੱਤੇ ਹਨ, ਵੈਸੇ ਹੀ ਆਪ ਦੇ ਹਨ। ਦੁਹਾਂ ਦੇ ਪਾਠ ਤੋਂ ਸਹੀ ਹੋ ਜਾਂਦਾ ਹੈ ਕਿ ਕਵੀ ਜੀ ਨੇ ਗੁਰੂ ਜੀ ਦੇ ਸ੍ਰਯੰ

*ਸਾਰੇ ਪ੍ਰਮਾਣ ਲਈ ਦੇਖੋ ਪੰਨਾ ੧੫੨।

ਲਿਖੇ ਹਾਲਾਤ ਨੂੰ ਸਭ ਤੋਂ ਵਧੇਰੇ ਪ੍ਰਮਾਣੀਕ ਜਾਣਕੇ ਉਨ੍ਹਾਂ ਦੀ ਪੈਰਵੀ ਕੀਤੀ ਹੈ। ਹੋਰ ਥੋਂ ਬੀ ਆਪ ਨੇ ਹਾਲ ਲਏ ਹਨ, ਪਰ ਗੁਰੂ ਰਚਨਾਂ ਨੂੰ ਬੀ ਪੜ੍ਹਿਆ ਹੈ। ਹੇਠ ਦਿੱਤੀਆਂ ਵੰਨ-ਗੀਆਂ ਤੋਂ ਪਤਾ ਲਗ ਜਾਏਗਾ ਕਿ ਕੀਕੂੰ ਆਪ ਗੁਰੂ ਜੀ ਦੇ ਦੱਸੇ ਹਾਲਾਤ ਲੈ ਰਹੇ ਹਨ, ਨਾਦੌਣ ਯੁੱਧ ਵਿਚ ਸ੍ਰੀ ਗੁਰੂ ਜੀ ਆਪ ਇਕ ਰਾਜੇ ਪਰ ਨਿਸ਼ਾਨੇ ਬੇਠਣੇ ਤੇ ਐਉਂ ਲਿਖਦੇ ਹਨ:—

ਤਵੈ ਕੀਟ ਤੋ ਲੌ ਤੁਫੰਗੰ ਸੰਭਾਰੇ॥ ਹ੍ਰਿਦੇ ਏਕ ਰਾਵੰਤ ਕੇ ਤੱਕਿ ਮਾਰੇ॥ ਗਿਰਯੋ ਝੂੰਮ ਭੂ ਮੈ ਕਰਯੋ ਜੁੱਧ ਸੁੱਧੰ। ਤਉ ਮਾਰਿ ਬੋਲਯੋ ਮਹਾਂ ਮਾਨਿ ਕ੍ਰੁੱਧੰ॥ ੧੭॥ [ਬਚਿੱਤ੍ਰ ਨਾਟਕ

ਇਸੇ ਵਾਕਿਆ ਨੂੰ ਕਵੀ ਜੀ ਐਉਂ ਲਿਖਦੇ ਹਨ:—

ਗੁਰੂ ਸ਼੍ਰਯਕੇ ਬੇਗ ਤਜਾਗੀ ਤੁਫੰਗਾ। ਚਲੀ ਸ਼ੂੰਕ ਗੋਰੀ ਲਗੀ ਜਾਇ ਅੰਗਾ॥ ੩੫॥
ਗਿਰਯੋ ਭੂਮ ਬੀਚੰ ਮਹਾ ਰੋਸ ਰਾਚਾ। ਹ੍ਰਿਦੈ ਫੇਰ ਡਾਰਯੋ ਨਹੀਂ ਪਾਨਿ ਜਾਚਾ॥ ੩੬॥
......ਮਰਯੋ ਮਾਰ ਮਾਰੰ ਬਕੰਤੰ ਸਰੋਸੰ। [ਗੁ: ਪ੍ਰ: ਸੂ: ਰੁਤ: ੨ ਅਸੂ ੪੧

ਪੁਨਾ ਸ੍ਰੀ ਗੁਰੂ ਜੀ ਲਿਖਦੇ ਹਨ:—ਤਜਿਯੋ ਤੁਪਕੰ ਬਾਨ ਪਾਨੰ ਸੰਭਾਰੇ॥ ਚਤੁਰ ਬਾਨਯੰ ਲੈ ਸੁ ਸੱਬਿਯੰ ਪ੍ਰਹਾਰੇ। ਤ੍ਰਿਤਿਯੋ ਬਾਣ ਲੈ ਬਾਂਮ ਪਾਣੰ ਚਲਾਏ। [ਬਚਿੱਤ੍ਰ ਨਾਟਕ

ਇਸੇ ਵਾਕਿਆ ਨੂੰ ਕਵੀ ਜੀ ਐਉਂ ਲਿਖਦੇ ਹਨ:—

ਦੀਨ ਤੁਫੰਗ ਸੁ ਦਾਸ ਕੌ ਗਰਜੇ ਸ੍ਰੀ ਰਣ ਸਿੰਘ...... । ਧਰ ਚਾਂਪ ਹਾਥ ਹਯ ਕੋ ਫੰਧਾਇ...... । ਇਮ ਚਾਰ ਬਾਨ ਦਾਏਂ ਸੁ ਹਾਥ। ਬਿਚ ਸ਼ੱਤ੍ਰਨ ਮਾਰੇ ਕੋਪ ਸਾਥਿ। ਪੁਨ ਬਾਮ ਹਾਥ ਤੇ ਐਂਚਿ ਚਾਂਪ। ਬਿੱਦਜਾ ਪ੍ਰਬੀਨ ਧਨੁ ਬਾਨ ਆਪ॥ ੭॥
ਛੋਰੇ ਖਤੰਗ ਭਟ ਅੰਗ ਭੇਗ। [ਰੁਤ ੨ ਅੰਸੂ ੪੨

ਇਸੇ ਜੁੱਧ ਵਿਚ ਅੱਗੇ ਜਾ ਕੇ ਗੁਰੂ ਜੀ ਦੇ ਤੀਰਾਂ ਕਰਕੇ ਵੈਰੀ ਵਾੜੇ ਵਿਚ ਜਾ ਵੜੇ:—ਤਿਨੈ ਖੇਦ ਕੈ ਬਾਰ ਕੇ ਬੀਚ ਡਾਰੈ। [ਬਚਿੱਤ੍ਰ ਨਾਟਕ

ਕਵੀ ਜੀ ਐਉਂ ਲਿਖਦੇ ਹਨ:—ਪ੍ਰਵਿਸ਼ਾਇ ਦੀਏ ਬਿਚ ਬਾਰਿ ਕ੍ਰੁੱਧ। [ਰੁ: ੨ ਅੰਸੂ ੪੨-੧੯

ਬਚਿੱਤ੍ਰ ਨਾਟਕ ਤੋਂ ਸਹਾਇਤਾ ਲੈਣ ਦੀ ਗਲ ਕਵੀ ਜੀ ਨੇ ਆਪਬੀ ਦੱਸੀ ਹੈ, ਭੰਗਾਣੀ ਜੁੱਧ ਵਿਚ ਕ੍ਰਿਪਾਲ ਮਹੰਤ ਦੇ ਕੁਤਕੇ ਨਾਲ ਹਯਾਤ ਖਾਂ ਦਾ ਸਿਰ ਫੁਟ ਜਾਣ ਪਰ ਬਚਿੱਤ੍ਰ ਨਾ: ਵਿਚ ਲਿਖਯਾ ਹੈ:—

ਕ੍ਰਿਪਾਲ ਕੋਪੀਅੰ ਕੁੱਤਕੋ ਸੰਭਾਰੀ॥ ਹਠੀ ਖਾਨ ਹਯਾਤ ਕੇ ਸੀਸ ਝਾਰੀ॥ ਉਠੀ ਛਿੱਛ ਇੱਛੰ ਕਢਾ ਮੇਝ ਜੋਰੰ॥ ਮਨੋ ਮਾਖਨੰ ਮੱਟਕੀ ਕਾਨ੍ ਫੋਰੰ॥ [ਬਚਿਤ੍ਰ ਨਾਟਕ

ਇਸ ਪਰ ਕਵੀ ਜੀ ਆਪ ਲਿਖਦੇ ਹਨ:—

ਕੁਤਕਾ ਬਲ ਸਾਥ ਸੰਭਾਰ ਲਯੋ। ਸਿਰ ਖਾਨ ਹਯਾਤ ਕੇ ਝਾਰ ਦਯੋ॥ ੩੪॥ ਪਗ ਕੋ ਬਲ ਪਾਇ ਰਕਾਬਨ ਤੈ। ਉਛਰਯੋ ਕਛੁ ਊਚਹਿ ਆਸਨ ਪੈ। ਸਗਰੇ ਤਨ ਓਜ ਲਗਾਇ ਬਡੋ। ਕੁਤਕਾ ਜੁਗ ਹਾਥਨ ਸਾਥ ਛਡੋ॥ ੩੫॥ ਇਸ ਭਾਂਤਿ ਲਗਯੋ ਸਿਰ ਫੋਰ ਦਯੋ। ਨਿਕਸੀ ਮਿਝ ਸੇਤ ਸੁ ਮ੍ਰਿਤੁ ਭਯੋ। ਬਹੁ ਖੰਡ ਕਰੇ ਜਿਹ ਸੀਸਹਿੰ ਕੇ। ਸਭ ਦੇਖਤਿ ਹੈਂ ਗਿਰ ਈਸ਼ਹਿੰ ਕੇ॥ ੩੬॥ ਗੁਰ ਸ੍ਰੀ ਮੁਖ ਤੇ ਉਪਮਾ ਸੁ ਭਨੀ। ਦਧਿ ਕੀ ਮਟਕੀ ਜਨੁ ਸ਼ਜਾਮ ਹਨੀ। [ਰੁ: ੨ ਅੰਸੂ ੨੭

ਇਸ ਤੋਂ ਅੱਗੇ ਕਵੀ ਜੀ ਬਚਿੱਤ੍ਰ ਨਾਟਕ ਦੀ ਇਬਾਰਤ ਆਪ ਦੇਂਦੇ ਹਨ ਜੋ ਉਪਰ ਅਸਾਂ ਦਿੱਤੀ ਹੈ 'ਕ੍ਰਿਪਾਲ ਕੋਪੀਅੰ......ਤੋਂ......ਮਟਕੀ ਕਾਨ੍ਹ ਫੋਰੰ' ਤਕ।

ਸ਼ਾਹਜ਼ਾਦੇ ਦੇ ਜੰਗ ਵਿਚ ਉਸਦਾ ਨਾਕਾਮ ਫਿਰਨਾ ਤੇ ਫਿਰ ਬਰਵੇ ਪਿੰਡ ਨੂੰ ਨਾਹੱਕ ਲੁੱਟ ਕੁੱਟ ਸੁੱਟਣ ਤੇ ਗੁਰੂ ਜੀ ਨੇ ਲਿਖਯਾ ਹੈ:—

ਤਵ ਬਲ ਈਹਾਂ ਨਾ ਪਰ ਸਕੇ ਬਰਵਾ ਹਨਾ ਰਸਾਯ ॥ ਸਾਲਨ ਰਸ ਜਿਮ
ਬਾਨੀਓ ਰੋਰਨ ਖਾਤ ਬਨਾਯ ॥ ੧੦ ॥ [ਬਚਿ: ਨਾ: ਤਿ: ੧੦

ਕਵੀ ਜੀ ਇਸੇ ਨੂੰ ਦੁਹਰਾਂਦੇ ਹਨ:—

ਜਥਾ ਬਾਨੀਓ ਮਾਸ ਕੋ ਨਾਂਹਿ ਖਾਵੇ। ਚਹੈ ਸ੍ਵਾਦ ਕੋ ਰੋਰ ਕੋ ਰਿੰਧ ਖਾਵੇ।
ਤਥਾ ਮੂਢ ਕੀਨੀ ਉਜਾਰਯੋ ਸੁ ਗ੍ਰਾਮੰ। ਲਹਯੋ ਅੰਨ ਆਦਿਕ ਜਿਤੀ ਸੌਂਜ ਧਾਮੰ ॥ ੭ ॥
[ਰੁ: ੨ ਅੰਸੂ ੪੭

੮. ਜ਼ਫਰਨਾਮਾ—ਚਮਕੌਰ ਯੁੱਧ ਦੇ ਔਰੰਗਜ਼ੇਬ ਨੂੰ ਖਤ ਲਿਖਣ ਬਾਬਤ ਕਵਿ ਜੀ ਨੇ ਜ਼ਫਰਨਾਮੇ ਵਿਚੋਂ ਹਾਲਾਤ ਲਏ ਹਨ। ਇਹ ਗੱਲ ਜ਼ਫਰਨਾਮੇ ਤੇ ਕਵੀ ਜੀ ਦੇ ਰੁਤ ੬ ਅੰਸੂ ੩੪ ਤੋਂ ੪੧ ਤੇ ਰੁ: ੬ ਅੰਸੂ ੫੭ ਵਿਚ ਦਿੱਤੇ ਜ਼ਫਰਨਾਮੇ ਦੇ ਸਾਰੰਸ਼ ਤੋਂ ਸਾਫ ਸਹੀ ਹੋ ਜਾਂਦੀ ਹੈ।

੯. ਭਾਈ ਨੰਦ ਲਾਲ, ਗਜ਼ਲਾਂ—ਰਤ ਤਿੰਨ ਦੇ ਅੰਸੂ ੨੭ ਵਿਚ ਕਵੀ ਜੀ ਨੇ ਗੁਰੂ ਜੀ ਦੇ ਹੋਲੀ ਖੇਲਣ ਦੇ ਪ੍ਰਸੰਗ ਵਿਚ ਭਾਈ ਨੰਦ ਲਾਲ ਜੀ ਦੀ ਗਜ਼ਲ ਦਿੱਤੀ ਹੈ। ਸੋ ਭਾਈ ਨੰਦ ਲਾਲ ਜੀ ਦੀ ਬਾਣੀ ਤੋਂ ਬੀ ਲਾਭ ਉਠਾਇਆ ਹੈ।

੧੦. ਅਪਣੀ ਇਤਿਹਾਸਿਕ ਢੂੰਡ ਵਿਚ ਕਵੀ ਜੀ ਨੇ ਭਾਈ ਗੁਰਦਾਸ ਦੀ ਬਾਣੀ ਵਿਚੋਂ ਬੀ ਇਤਿਹਾਸਕ ਮਦਦ ਲਈ ਹੈ। ਛੇਵੇਂ ਸਤਿਗੁਰਾਂ ਦੇ ਬੀਰ ਰਸੀ ਜੀਵਨ ਅਪਣੇ ਪੰਥ ਵਿਚ ਜਾਰੀ ਕਰਨੇ ਪਰ ਜੋ ਇਤਰਾਜ਼ ਉਸ ਵੇਲੇ ਲੋਕਾਂ ਨੇ ਕੀਤੇ ਓਹ ਭਾਈ ਗੁਰਦਾਸ ਜੀ ਨੇ ਅਪਣੀ ਵਾਰ ੨੬ ਪਉੜੀ ੨੪ ਵਿਚ ਦਿੱਤੇ ਹਨ। ਕਵੀ ਜੀ ਓਹ ਪਉੜੀ ਰਾਸ ੫ ਅੰਸੂ ੬੫ ਵਿਚ ਦੇਂਦੇ ਹਨ ਤੇ ਉਸਦੇ ਮੁੱਢ ਵਿਚ ਐਉਂ ਲਿਖਦੇ ਹਨ:—

ਸੁਨਿ ਗੁਰਦਾਸ ਕਹੀ ਨਿਜ ਬਾਨੀ। ਇਕਿ ਪਉੜੀ ਵਿਚਿ ਵਾਰ ਵਖਾਨੀ।

ਅਗੇ ਫਿਰ ਪਉੜੀ ਦਿੱਤੀ ਹੈ, 'ਧਰਮ ਸਾਲੁ ਕਰਿ ਬਹੀਦਾ ਇੱਕਤ ਥਾਉਂ ਨ ਟਿਕੈ ਟਿਕਾਇਆ'। ਜੋ ਜਵਾਬ ਭਾਈ ਗੁਰਦਾਸ ਜੀ ਨੇ ਮੁਅਤ੍ਰਿਜ਼ਾਂ ਨੂੰ ਤਦੋਂ ਦਿੱਤਾ ਸੀ ਸੋ ਉਨ੍ਹਾਂ ਨੇ ਇਸ ਪਉੜੀ ਦੇ ਅਖੀਰ ਦੀ ਸਤਰ ਵਿਚ ਦਿੱਤਾ ਹੈ, ਤੇ ਹੋਰ ਖਿਆਲ ਇਸ ਸਮੇਂ ਜੋ ਆਪ ਨੇ ਦਿੱਤੇ ਸਨ ਸੋ ਵਾਰ ੨੪ ਪਉੜੀ ੨੧ ਤੇ ੨੪ ਵਿਚ ਹਨ। ਫਿਰ ਕਵੀ ਜੀ ਨੇ ਕਬਿੱਤ ਸਵੱਯੇ ਭੀ ਭਾਈ ਗੁਰਦਾਸ ਜੀ ਦੇ ਵਰਤੇ ਹਨ, ਜੈਸੇ ਕਿ ਰਾਸ ੭ ਅੰਸੂ ੪ ਅੰਕ ੬੧ ਪਰ ਅਸਾਂ ਨੇ ਕਵੀ ਜੀ ਦੇ ਸ੍ਵਯੇ ਦੇ ਹੇਠਾਂ 'ਗਾਇ ਸੁਤ ਜੈਸੇ ਮਿਲ ਮਾਤ ਮਨ ਚਾਹਿ ਐਸ ਕੂਦ ਬਿਲਲਾਇ ਗਰ ਬੰਧਨ ਬਸਾਇ ਨਾ' ਦੇਕੇ ਦੱਸਿਆ ਹੈ ਕਿ ਇਹ ਭਾਈ ਗੁਰਦਾਸ ਜੀ ਦੇ ਸਵੈਯੇ ਦਾ ਅਨੁਵਾਦ ਹੈ ਜੋ ਐਉਂ ਟਰਦਾ ਹੈ:—'ਜੈਸੇ ਬਛੁਰਾ ਬਿਲਲਾਤ ਮਾਤ ਮਿਲਬੇ ਕਉ ਬੰਧਨ ਕੇ ਬਸਿ ਕਛੂ ਬਸ ਨ ਬਸਾਤ ਹੈ' ॥ ੫੨੦ ॥

੧੧. ਅਬਦੁਲ ਨੱਥਾ—ਰਾਸ ੮, ਅੰਸੂ ੪੯, ਅੰਕ ੧੦ ਵਿਚ ਕਵੀ ਜੋ ਦੱਸਦੇ ਹਨ ਕਿ ਛੇਵੇਂ ਗੁਰੂ ਸਾਹਿਬਾਂ ਦੇ ਜੁੱਧਾਂ ਦੇ ਹਾਲ ਢਾਡੀ ਅਬਦੁਲ ਨੱਥੇ ਨੇ ਵਾਰ ਬਣਾਕੇ ਰਚੇ, ਗੁਰੂ ਜੀ

ਦੀਆਂ ਸੰਗਤਾਂ ਵਿਚ ਇਸਦੇ ਗਾਉਣ ਜੀ ਆਗਿਆ ਹੋਈ। ਢਾਡੀ ਨੂੰ ਦਾਨ ਸਨਮਾਨ ਬਹੁਤ ਮਿਲਿਆ ਸੀ। ਇਸ ਤੋਂ ਪਤਾ ਲਗਦਾ ਹੈ ਕਿ ਕਵੀ ਜੀ ਦੇ ਵਕਤ ਤਕ ਇਹ ਵਾਰ ਪ੍ਰਚਲਤ ਸੀ ਤੇ ਕਵੀ ਜੀ ਨੂੰ ਪ੍ਰਾਪਤ ਹੋਈ ਹੈ*।

੧੨. ਮਹਿੰਮਾਂ ਪ੍ਰਕਾਸ਼ [ਸਰੂਪ ਦਾਸ]—ਫਿਰ ਸਾਨੂੰ ਮੁਕਾਬਲੇ ਕਰਨ ਤੋਂ ਕੁਛ ਪਤਾ ਚਲਦਾ ਹੈ ਕਿ ਕਵੀ ਜੀ ਦੇ ਪਾਸ ਇਹ ਗ੍ਰੰਥ ਬੀ ਹੈਸੀ ਤੇ ਆਪ ਨੇ ਉਸ ਤੋਂ ਲਾਭ ਉਠਾਇਆ ਹੈ। ਪ੍ਰਸੰਗਾਂ ਦੇ ਪੜ੍ਹਨ ਤੋਂ ਤਾਂ ਵਿਦਤ ਹੋ ਜਾਂਦਾ ਹੈ ਕਿ ਫਲਾਣਾ ਪ੍ਰਸੰਗ ਮਹਿਮਾ ਪ੍ਰਕਾਸ਼ ਤੋਂ ਲਿਆ ਗਿਆ ਹੈ। ਪਰ ਪੂਰੀ ਤਸੱਲੀ ਗ੍ਰੰਥ ਦੇ ਕਵੀ ਜੀ ਪਾਸ ਹੋਣ ਦੀ ਉਸ ਵੇਲੇ ਹੋ ਜਾਂਦੀ ਹੈ ਕਿ ਜਦੋਂ ਪਾਠ ਨੇੜੇ ਨੇੜੇ ਹੋਕੇ ਯਾ ਹੂਬਹੂ ਮਿਲ ਜਾਣ। ਕਿਉਂਕਿ ਮਹਿਮਾ ਪ੍ਰਕਾਸ਼ ੧੮੩੦-੩੩ ਦੇ ਲਾਗੇ ਦੀ ਲਿਖਤਿ ਹੈ ਤੇ ਗੁ: ਪ੍ਰਤਾਪ ਸੂਰਜ ਮਗਰੋਂ ਦਾ ਹੈ ਸੋ ਕਵੀ ਜੀ ਨੇ ਇਸਨੂੰ ਵਰਤਿਆ ਸਿੱਧ ਹੈ। ਹੂਬਹੂ ਪਾਠ ਦੇਖਕੇ ਇਹ ਉਪਾਲੰਭ ਸੋਚਣਾ ਨਹੀਂ ਚਾਹੀਏ ਕਿ ਉਨ੍ਹਾਂ ਨੇ ਨਕਲ ਕੀਤੀ ਤੇ ਪਤਾ ਨਹੀਂ ਦਿੱਤਾ। ਉਸ ਸਮੇਂ ਅਜੇ ਇਹ ਰਿਵਾਜ ਨਹੀਂ ਸੀ, ਵਰਨਾ ਕਵੀ ਜੀ ਨੂੰ ਕੋਈ ਕਵਿਤਾ ਰਚਣ ਵਿਚ ਕਮੀ ਨਹੀਂ ਸੀ, ਸੰਕੋਚ ਨਹੀਂ ਸੀ ਤੇ ਨਾਂ ਹੀ ਇਸ ਗ੍ਰੰਥ ਦੀ ਕਾਵ੍ਯਰਚਨਾ ਉਨ੍ਹਾਂ ਤੋਂ ਵਿਸ਼ੇਸ਼ ਸੀ ਕਿ ਉਨ੍ਹਾਂ ਨੂੰ ਦੂਸਰੇ ਦੀ ਕਾਵ੍ਯ ਰਚਨਾਂ ਤੋਂ ਆਪ ਸ਼ੋਭਾ ਲੈਣ ਦੀ ਲੋੜ ਸੀ। ਇਕ ਇਹ ਗਲ ਬੀ ਹੈ ਕਿ ਜੋ ਪਾਠ ਬਹੁਤ ਮਿਲਦੇ ਹਨ, ਉਨ੍ਹਾਂ ਵਿਚ ਆਪ ਨੇ ਕਈ ਵੇਰ ਅਸਲ ਪਾਠਾਂ ਨੂੰ ਸੁਧਾਰਿਆ ਤੇ ਚੰਗਿਆਂ ਕੀਤਾ ਹੈ। ਪ੍ਰਮਾਣ ਇਉਂ ਹਨ:—

| ਮਹਿਮਾ ਪ੍ਰਕਾਸ਼ ਦੇ ਪਾਠ:— | ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਪਾਠ:— |
|---|---|
| ੧. ਆਰਫ ਕਾਮਲ ਵਲੀ ਵਲਾਇਤ। ਮਿਲੇ ਮਕ਼ਸੂਦ ਚਲੋ ਇਹ ਸਾਇਤ। [ਸਾਖੀ ੭੦ ਅੰਕ ੧ | ੧. ਆਰਫ ਕਾਮਲ ਵਲੀ ਵਿਲਾਇਤ। ਮਿਲ ਮਕਸੂਦ ਚਲਹੁ ਇਹ ਸਾਇਤ। [ਰਾ: ੧ ਅਸੂ ੧੦ ਅੰਕ ੫੦ |
| ੨. ਸਤਿਗੁਰ ਸੰਤ ਸੋ ਲਾਭ ਤਿਹ ਜੋ ਗੁਰਮੁਖ ਦ੍ਰਿੜ ਮਤ ਹੋਇ। ਮਨਮੁਖ ਚੰਚਲ ਜੋ ਕਰੇ ਸਿੱਖੀ ਉਲਟੀ ਸੋਇ ॥ ੨੦ ॥ ਮਹਿਮਾ ਸਤਿਗੁਰ ਬਚਨ ਕੀ ਦੇਖੋ ਪੁਨ ਪ੍ਰਮਾਨ। ਸਿਖ ਸੰਗਤਿ ਫਾਸੀ ਮਿਲੇ ਚੜ ਗਇਓ ਚੋਰ ਬਿਬਾਨ॥੨੧॥ [ਸਾਖੀ ੭੧ | ੨. ਗੁਰੂ ਸੰਤ ਤੇ ਲਾਭ ਤਿਹ ਗੁਰਮੁਖ ਦ੍ਰਿੜ ਮਤਿ ਜੋਇ। ਮਨਮੁਖ ਚੰਚਲ ਸਿੱਖ ਕੋ ਸਿੱਖੀ ਉਲਟੀ ਹੋਇ ॥ ੫੦ ॥ ਮਹਿੰਮਾਂ ਸਤਿਗੁਰ ਬਚਨ ਕੀ ਦੇਖਹੁ ਪੁੰਨ ਪ੍ਰਮਾਂਨ। ਬਿਮੁਖ ਭਯੋ ਸਿਖ ਫ਼ਾਂਸਿ ਤਿਸ ਤਸਕਰ ਸ੍ਵਰਗ ਮਹਾਨ ॥ ੫੧ ॥ [ਰਾ: ੧ ਅੰਸੂ ੧੩ |
| ੩. ਗੁਰ ਦਰਸ਼ਨ ਪਰਬ. ਅਭੀਚ ਪੁੰਨਿ ਰੂਪ ਤੀਰਥ ਜਗਤ। ਤਾਂਕੋ ਜਨਮ ਨ ਮੀਚ ਜਿਨ ਸਤਿਗੁਰ ਦਰਸ਼ਨ ਪਰਸ ॥੧॥ [ਸਾਖੀ ੮੪ | ੩. ਦਰਸ਼ਨ ਪੁਰਬ ਅਭੀਚ ਪੁੰਨ ਰੂਪ ਤੀਰਥ ਗੁਰੂ। ਮਿਟਹਿ ਜਨਮ ਅਰ ਮੀਚ ਮਜਹਿੰ ਜੇ ਪ੍ਰੇਮੀ ਭਗਤਿ ॥ ੨ ॥ [ਰਾ: ੧ ਅੰਸੂ ੪੫ |

*ਇਹ ਵਾਰ ਭਾਈ ਕਰਮ ਸਿੰਘ ਜੀਨੂੰ ਕਿਸੇ ਢਾਡੀ ਨੇ ਸੁਣਾਈ ਸੀ ਪਰ ਉਹ ਲਿਖ ਨਾ ਸਕੇ ਤੇ ਢਾਡੀ ਚਲਾਣਾ ਕਰ ਗਿਆ। ਇਸ ਵਾਰ ਨੂੰ ਪ੍ਰਾਪਤ ਕਰਨੇ ਲਈ ਇਤਹਾਸ ਖੋਜੀਆਂ ਨੂੰ ਖੋਜ ਕਰਨੀ ਚਾਹੀਏ।

| | |
|---|---|
| ੪. ਧਰਮ ਧੁਰੰਧਰ ਸਤਿਗੁਰੂ ਕੀਨਾ ਪਰਉਪਕਾਰ। ਬਾਵਲੀ ਤੀਰਥ ਪ੍ਰਗਟ ਕਰ ਕੀਨਾ ਸਗਲ ਉਧਾਰ ॥ ੧ ॥ [ਸਾਖੀ ੯੦ | ੪. ਧਰਮ ਧੁਰੰਧਰ ਅਮਰ ਗੁਰ ਸਦਾ ਚਹਿਤ ਉਪਕਾਰ। ਰਚਿਬੇ ਤੀਰਥ ਬਾਵਲੀ ਸਿੱਖਗਨ ਹੇਤ ਉਧਾਰ ॥ ੧ ॥ [ਰਾ: ੧ ਅੰਸੂ ੫੧ |
| ੫. ਅਤ ਆਚਾਰੀ ਬੈਸਨੋ ਮਾਈ ਦਾਸ ਤਿਸੁ ਨਾਮੁ। ਕਰੇ ਧਿਆਨ ਸ੍ਰੀ ਕ੍ਰਿਸ਼ਨ ਕੋ ਹਿਰਦੇ ਭਗਤਿ ਨਿਹਕਾਮ ॥ ੧ ॥ [ਸਾਖੀ ੯੧ | ੫. ਅਤਿ ਆਚਾਰੀ ਵੈਸਨੋ ਮਾਈ ਦਾਸੁ ਸੁ ਨਾਮ। ਭਗਤਿ ਕਰਤ ਸ੍ਰੀ ਕ੍ਰਿਸ਼ਨ ਕੀ ਪ੍ਰੇਮ ਸਹਿਤ ਨਿਸ਼ਕਾਮ ॥ ੧ ॥ [ਰਾ: ੧ ਅੰਸੂ ੫੨ |
| ੬. ਕੀਨਾ ਬਖਸ਼ ਦਿਆਲ ਪੰਥ ਪ੍ਰਸਿੱਧ ਕਰਨੇ ਨਮਿਤ। ਹੋਵੈਂ ਸਿੱਖ ਨਿਹਾਲ ਪਾਰਬ੍ਰਹਮ ਗੁਰ ਦਰਸ ਕਰ ॥ ੨੧ ॥ [ਸਾਖੀ ੯੨ | ੬. ਬਖਸ਼ਿਸ਼ ਕਰਹਿੰ ਕ੍ਰਿਪਾਲ ਸਿੱਖੀ ਪੰਥ ਪ੍ਰਸਿੱਧ ਹਿਤ। ਸੇਵਕ ਹੋਤ ਨਿਹਾਲ ਪਾਰਬ੍ਰਹਮ ਗੁਰ ਪ੍ਰੇਮ ਚਿਤ ॥ ੪੫ ॥ [ਰਾਸ ੧ ਅੰਸੂ ੫੩ |

੧੩. ਸੌ ਸਾਖੀ—ਪੰਜਵੀਂ ਰੁਤ ਪੜ੍ਹ ਕੇ ਤੇ ਨਾਲ ਸੌ ਸਾਖੀ ਪੜ੍ਹਕੇ ਕੋਈ ਸੰਸਾ ਨਹੀਂ ਰਹਿ ਜਾਂਦਾ ਕਿ ਇਹ ਪੁਸਤਕ ਕਵੀ ਜੀ ਪਾਸ ਸੀ। ਅਰਥਾਤ ਉਹ ਨੁਸਖਾ ਜੋ ਅਸਲੀ ਖ੍ਯਾਲ ਕੀਤਾ ਜਾ ਸਕਦਾ ਹੈ ਨਹੀਂ, ਪਰ ਉਹ ਜੋ ਪਿੱਛੋਂ ਆਖੇਪ ਕੀਤਾ ਗਿਆ ਸੀ, ਜਿਸ ਦੀਆਂ ਕਾਪੀਆਂ ਅਜ ਕਲ ਬੀ ਮਿਲਦੀਆਂ ਹਨ*। ਇਨ੍ਹਾਂ ਵਿਚ ਕਵੀ ਜੀ ਦੇ ਵਕਤ ਤੋਂ ਬਾਦ ਬੀ ਕੁਛ ਰਤੀ ਰਵਾਲ ਵਰਕ ਹੋਏ ਹਨ, ਪਰ ਆਮ ਤੌਰ ਤੇ ਪਾਠ ਲਗ ਪਗ ਉਹੋ ਹਨ। ਪੰਜਵੀਂ ਰੁਤ ਨੂੰ ਤਾਂ ਸੌ ਸਾਖੀ ਦਾ ਇਕ ਤਰ੍ਹਾਂ ਦਾ ਉਲਥਾ ਹੀ ਸਮਝਣਾ ਚਾਹੀਏ, ਉਂਵ ਰੁਤ ੩, ਚਾਰ ਤੇ ਛੇ ਵਿਚ ਬੀ ਸੌ ਸਾਖੀ ਦੇ ਪ੍ਰਸੰਗ ਹੈਨ, ਜਿਨ੍ਹਾਂ ਦੇ ਨੋਟ ਅਸਾਂ ਥਾਓਂ ਥਾਈਂ ਇਸ ਗ੍ਰੰਥ ਵਿਚ ਦੇ ਦਿੱਤੇ ਹਨ। ਇਥੇ ਸਬੂਤ ਮਾਤ੍ਰ ਕੁਛ ਪ੍ਰਮਾਣ ਓਹ ਦੇਂਦੇ ਹਾਂ ਜਿਨ੍ਹਾਂ ਨੂੰ ਵੇਖਕੇ ਤਸੱਲੀ ਹੋ ਜਾਏਗੀ ਕਿ ਇਹ ਪੋਥੀ ਜ਼ਰੂਰ ਉਨ੍ਹਾਂ ਪਾਸ ਸੀ:—

| ਸੌ ਸਾਖੀ ਦੇ ਪਾਠ:— | ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਪਾਠ:— |
|---|---|
| ੧. ਅਧਿਕ ਭਲਾ ਰਜਪੂਤ ਕੁਲ ਜਿਨ੍ਹਾਂ ਜੰਮਣਾਂ ਸਤਰ। ਪਾਲਣ ਹਾਰਿਆਂ ਮਾਰਦੇ ਮੀਤ ਪੂਤ ਸਿਰ ਕਤਰ। ਤੇ ਇਸ ਤੋਂ ਅੱਗੇ ਤ੍ਰੈ ਦੋਹਰੇ ਹੋਰ। [ਸਾਖੀ ੩੯ | ੧. ਅਧਿਕ ਭਲਾ ਰਜਪੂਤ ਕੁਲ ਜਿਨ੍ਹਾਂ ਜੰਮਣਾ ਸਤਰ। ਪਾਲਣ ਹਾਰਿਆਂ ਮਾਰਿਕੈ ਪੂਤ ਮੀਤ ਸਿਰ ਕਤਰ ॥ ੧੦ ॥ ਇਸ ਤੋਂ ਅੱਗੇ ਅੰਕ ੧੩ ਤੱਕ। [ਰੁ: ੫ ਅੰਸੂ ੩ |
| ੨. ਸਾਰਾ, ਪਉਣਾ, ਦੂਜਾ ਗਉਣਾ।<br>ਨਰ ਨਾਰੀ ਬੇ ਦੋਨੋਂ ਭਉਣਾ।<br>ਕੁਛ ਖਾਧਾ ਕੁਛ ਲੈਕੇ ਸਉਣਾ।<br>ਗੁਰੂ ਜੀ ਉਤਰ ਪਾਉ ਸਹੀ।<br>[ਸਾਖੀ ੩੯ | ੨. ਸਾਰਾ, ਪਉਣਾ, ਦੂਜਾ ਗਉਣਾ।<br>ਨਰ ਨਾਰੀ ਤੇ ਦੋਨੋਂ ਭਉਣਾ।<br>ਕੁਛ ਖਾਧਾ ਕੁਛ ਲੈਕੇ ਸਉਣਾ।<br>ਉਤਰ ਦੇਹੁ ਗੁਰੂ ਜੀ ਕਉਣਾ ॥੩੦॥<br>[ਰੁ: ੫ ਅੰਸੂ ੫ |

*ਦੇਖੋ ਰੁਤ ੩ ਅੰਸੂ ੧੨ ਦੀ ਅੰਤਲੀ ਟੂਕ, ਤੇ ਇਸੇ ਜਿਲਦ ਦਾ ਪੰਨਾ ੧੩, ਤੇ ੫੫।

| | |
|---|---|
| ੩. ਏਕ ਬੇਰ ਸ੍ਰੀ ਸਤਿਗੁਰੂ ਜੀ ਬੈਠੇ ਅਪਨੇ ਭਾਇ। ਕਥਾ ਭਈ ਤਹਾਂ ਪਾਂਡਵਨਿ ਪੰਡਿਤ ਭਾਰਤਿ ਆਇ ॥ ੧ ॥ ਅੱਗੇ ਸਾਰੀ ਸਾਖੀ [ਸਾਖੀ ੬੩ | ੩. ਏਕ ਬਾਰ ਸ੍ਰੀ ਸਤਿਗੁਰੂ ਬੈਠੇ ਅਪਨੇ ਭਾਇ। ਕਥਾ ਭਈ ਤਹਿੰ ਪਾਂਡਵਨ ਪੰਡਤ ਭਾਰਤ ਆਇ ॥ ੧ ॥ ਅੰਕ ੩੧ ਤੱਕ ਸਾਰਾ ਉਤਾਰਾ ਹੈ ੬੩ਵੀਂ ਸਾਖੀ ਦਾ। [ਰੁ: ੫ ਅੰਸੂ ੧੦ |
| ੪. ਧ੍ਯਾਨ ਧਰੈ ਜਿਹ ਕਾਰਨ ਸਾਧਕ ਸੋ ਜਗਵਾਸੀ ਮੋਖ ਪਛਾਨੋ । ਕਾਮਨ ਪੁੰਜ ਬਿਨਾਸ਼ ਕਰੈ ਹੀਅ ਸੋ ਤੁਮ ਸਾਧਿਕ ਅਮਲ ਸਿਰਾਨੋ । ਮੂਰਤ ਸੂਰਤ ਬਾਂਧ ਧਰੀ ਜਿਨ ਮੂੜਨ ਕੀ ਪਰਤੀਤ ਬਖਾਨੋ । ਮੇਰੇ ਸੋਈ ਜਨ ਸਿੱਖ ਸੁਸ਼ੀਲਨ ਧ੍ਯਾਨ ਅਕਾਲ ਕੇ ਬੀਚ ਸਮਾਨੋ ॥ ਤੇ ਅਗੋਂ ਸਾਰੀ ਸਾਖੀ। [ਸਾਖੀ ੬੭ | ੪. ਧ੍ਯਾਨ ਧਰੈ ਜਿਹ ਕਾਰਨ ਸਾਧਕ ਸੋ ਜਗਵਾ-ਸਹਿ ਮੋਖ ਪਛਾਨੋ। ਕਾਮਨਾ ਪੁੰਜ ਬਿਨਾਸ਼ ਕਰੈ ਹਿਯ ਸੋ ਤੁਮ ਸਾਧਿਕ ਅਮਲ ਸਿਰਾਨੋ। ਮੂਰਤ ਸੂਰਤ ਬੰਧ ਧਰੀ ਜਿਨ ਮੂੜ੍ਹਨ ਕੀ ਪਰਤੀਤ ਬਖਾਨੋ । ਮੇਰੋ ਸੋਈ ਜਨ ਸਿੱਖ ਸੁਸ਼ੀਲ ਹੈ ਧ੍ਯਾਨ ਅਕਾਲ ਕੇ ਬੀਚ ਸਮਾਨੋ ॥ ੩੬॥ ਤੇ ਅੱਗੋਂ ਅੰਕ ੫੯ ਤਕ॥ [ਰੁ:੫ਅੰਸੂ੧੦ |
| ੫. ਸੌਂਹ ਨ ਕਰੀਏ ਸਾਚ ਪਰ ਝੂਠਾਟਿਕੈ ਨ ਪਾਇ॥ ਸਾਚੀ ਜੋਨਿ ਪਰ ਭੁਗੈ ਝੂਠਾ ਕੈਸਾ ਥਾਇ। [ਸਾਖੀ ੩੭ | ੫. ਸਪਥ ਨ ਕਰਿ ਗੁਰ ਸਾਚ ਪਰ ਝੂਠਾ ਟਿਕੈ ਨ ਪਾਇ। ਸਾਚਾ ਜੋਨੀ ਪਰ ਭੁਗੈ ਕੂਰੇ ਕੈਸਾ ਥਾਇ ॥ ੪੪ ॥ [ਰੁ: ੫ ਅੰਸੂ ੧੧ |

੧੪. ਵਾਰਤਿਕ ਮਹਿਮਾ ਪ੍ਰਕਾਸ਼—
੧੫. ਪਰਚੀਆਂ ਸੇਵਾਦਾਸ ਉਦਾਸੀ— } ਵਾਰਤਿਕ ਮਹਿਮਾ ਪ੍ਰਕਾਸ਼ ਤੇ ਪਰ-ਚੀਆਂ ਸੇਵਾ ਦਾਸ ਲਗ ਪਗ ਇਕੋ ਹੀ ਹਨ। ਇਨ੍ਹਾਂ ਵਿਚ ਦੀਆਂ ਸਾਖੀਆਂ ਲਗ ਪਗ ਗੁਰ ਪ੍ਰਤਾਪ ਸੂਰਜ ਵਿਚ ਹੈਨ। ਪਤਾ ਨਹੀਂ ਕਿ ਕਵੀ ਜੀ ਨੇ ਇਨ੍ਹਾਂ ਵਿਚੋਂ ਕਿਸ ਵਿਚੋਂ ਪ੍ਰਸੰਗ ਲਏ ਹਨ ਯਾ ਦੁਏ ਹੀ ਆਪ ਪਾਸ ਹੈਸਨ।

੧੬. ਵਿਦਯਾ ਧਰ—ਦਸਮੇ ਗੁਰੂ ਜੀ ਦੇ ਹਜ਼ੂਰ ਜੋ ਕਵੀਆਂ ਦੀ ਰਚਨਾਂ ਹੁੰਦੀ ਸੀ ਉਹ ਬ੍ਰੀਕ ਲਿੱਖਤ ਪਰ ਲਿਖੀ ਜਾ ਕੇ ਬੀ ਇਸਦਾ ਤੋਲ ਨੌ ਮਣ ਹੋਇਆ। ਇਸ ਦਾ ਨਾਂਵ ਵਿਦਯਾਧਰ ਯਾ ਵਿਦਯਾ ਸਾਗਰ ਧਰਿਆ ਗਿਆ। ਅਨੰਦ ਪੁਰ ਦੀ ਲੁੱਟ ਵੇਲੇ ਇਹ ਗ੍ਰੰਥ ਬੀ ਬਰਬਾਦ ਹੋ ਗਿਆ। ਕਵੀ ਜੀ ਦੱਸਦੇ ਹਨ ਕਿ ੬੨ ਪੱਤਰੇ ਇਸ ਗ੍ਰੰਥ ਦੇ ਕਿਵੇਂ ਅਨੰਦਪੁਰ ਰਹਿ ਗਏ ਸਨ। ਉਨ੍ਹਾਂ ਵਿਚੋਂ ਗੁਰੂ ਜਸ ਦੇ ਛੰਦ ਲੈਕੇ ਕਵੀ ਜੀ ਨੇ ਰੁਤ ੫ ਅੰਸੂ ੫੧-੫੨ ਵਿਚ ਦਿੱਤੇ ਹਨ ਤੇ ਉਪਰਲੀ ਕਥਾ ਨਾਲ ਦਿੱਤੀ ਹੈ।

੧੭. ਗੁਰ ਬਿਲਾਸ ਪਾਤਸ਼ਾਹੀ ੬—ਇਹ ਗ੍ਰੰਥ ਅਪਣੇ ਵਿਚ ਦਿੱਤੇ ਸੰਮਤ ਤੋਂ ੧੭੭੫ ਦਾ ਲਿਖ੍ਯਾ ਹੈ, ਉਥਾਨਕਾ ਇਹ ਹੈ ਕਿ 'ਗੁਰੂ ਨਾਨਕ ਸਰ' (ਜੋ ਲਹਿੰਦੇ ਵਿਚ ਹੈ) ਓਥੇ ਭਾਈ ਭਗਤ ਸਿੰਘ ਸਿੱਖ ਸੀ, ਭਾਈ ਮਨੀ ਸਿੰਘ ਨੇ ਓਥੇ ਜਾਕੇ ਉਨ੍ਹਾਂ ਨੂੰ ਛੇਵੇਂ ਗੁਰਾਂ ਦੀ ਕਥਾ ਸੁਣਾਈ ਹੈ, ਤੇ ਉਥੋਂ ਜੋ ਹੋਰ ਸ਼੍ਰੋਤੇ ਸਨ ਉਨ੍ਹਾਂ ਵਿਚੋਂ ਧਰਮ ਸਿੰਘ ਨੇ ਸੁਣੀ ਤੇ ਗ੍ਰੰਥ ਕਰਤਾ ਨੇ ਧਰਮ ਸਿੰਘ ਤੋਂ ਸੁਣੀ ਤੇ ੧੭੭੫ ਵਿਚ ਲਿਖ ਕੇ ਮੁਕਾ ਲਈ। ਭਾਈ ਮਨੀ ਸਿੰਘ ਜੀ ੧੭੬੨-੬੩ ਤੋਂ ੧੭੭੮ ਤੱਕ ਦਿੱਲੀ ਵਿਚ ਮਾਤਾ ਸੁੰਦਰੀ ਜੀ ਦੀ ਸੇਵਾ ਵਿਚ ਰਹੇ ਹਨ। ੧੭੭੮ ਵਿਚ ਮਾਤਾ ਜੀ ਨੇ ਆਪ ਨੂੰ ਅੰਮ੍ਰਿਤਸਰ ਘੱਲਿਆ ਲਿਖਿਆ ਮਿਲਦਾ ਹੈ।

ਭਾਈ ਕਰਮ ਸਿੰਘ ਜੀ ਲਿਖਦੇ ਹਨ ਕਿ ਗੁਰੂ ਸਰ ਵਿਚ ਜੋ ਗੁਰ ਬਿਲਾਸ ਮੈਂ ਡਿੱਠਾ ਹੈ ਪ੍ਰਚਲਿਤ ਨਾਲੋਂ ਉਹ ਵੱਖਰੀ ਸ਼ੈ ਸੀ। ਅਸੀਂ ਪਿਛੇ ਸਫੇ ੨੨ ਪਰ ਦੱਸ ਆਏ

ਹਾਂ ਕਿ ਇਹ ਸ਼ੈ ਹੁਣ ਉਥੇ ਨਹੀਂ ਮਿਲਦੀ। ਛੇਵੇਂ ਸਤਿਗੁਰਾਂ ਦਾ ਹਾਲ ਪੜ੍ਹਕੇ ਸੰਭਾਵਨਾ ਹੁੰਦੀ ਹੈ ਕਿ ਗੁਰੂ ਸਰ ਵਾਲਾ ਅਸਲੀ ਗੁਰਬਿਲਾਸ ਕਵੀ ਜੀ ਦੀ ਨਜ਼ਰੋਂ ਲੰਘਿਆ ਹੋਣਾ ਹੈ। ਇਹ ਵੀ ਦੱਸਦੇ ਹਨ ਕਿ ਪ੍ਰਵਿਰਤ ਗੁਰਬਿਲਾਸ ਦੇ ਅਕਾਲ ਬੁੰਗੀਏ ਭਾਈ ਗੁਰਮੁਖ ਸਿੰਘ ਤੇ ਭਾਈ ਦਰਬਾਰਾ ਸਿੰਘ ਚੌਕੀ ਵਾਲੇ ਰਚਨਹਾਰ ਹਨ। ਏਹ ਗੁਰੂ ਸਰੋਂ ਅਸਲੀ ਗੁਰਬਿਲਾਸ ਪੜ੍ਹ ਆਏ ਹੋਣ ਤਾਂ ਅਚਰਜ ਨਹੀਂ। ਇਹ ਹੁਣ ਵਾਲਾ ਗੁਰਬਿਲਾਸ ਮਹਾਰਾਜਾ ਸ਼ੇਰ ਸਿੰਘ ਦੇ ਰਾਜ ਵਿਚ ਮੁੱਕਾ ਹੈ। ਮਹਾਰਾਜਾ ਸ਼ੇਰ ਸਿੰਘ ਦਾ ਦੇਹਾਂਤ ਅੱਸੂ ੧੯੦੦ ਵਿਚ ਹੋਇਆ। ਇਹ ਉਹ ਸਮਾਂ ਸੀ ਕਿ ਗੁਰ ਪ੍ਰਤਾਪ ਸੂਰਜ ਦੇ ਅੰਤਮ ਹਿੱਸੇ ਲਿਖੇ ਜਾ ਰਹੇ ਸੇ। ਛੇਵੇਂ ਗੁਰਾਂ ਦੇ ਹਾਲ ਲਿਖੇ ਜਾ ਚੁਕੇ ਸੇ, ਪ੍ਰਸਿੱਧੀ ਸਾਰੇ ਹੋ ਗਈ ਸੀ, ਲੋਕੀ ਸੁਣ ਸੁਣ ਕੇ ਆ ਆਕੇ ਦੱਸ ਰਹੇ ਸੇ। ਉਤਾਰੇ ਹੋ ਰਹੇ ਤੇ ਫੈਲ ਰਹੇ ਸੇ। ਸੋ ਇਹੋ ਠੀਕ ਜਾਪਦਾ ਹੈ ਕਿ ਇਹ ਗੁਰ ਬਿਲਾਸ ਗੁਰੂ ਸਰ ਵਾਲੇ ਤੋਂ ਤੇ ਸੂਰਜ ਪ੍ਰਕਾਸ਼ ਤੋਂ ਹੀ ਬਣਿਆ ਹੈ। ਤੇ ਕਵੀ ਜੀ ਨੇ ਗ਼ਾਲਬਨ ਪਹਿਲਾ ਗੁਰਬਿਲਾਸ ਵਾਚਿਆ ਹੈ। ਨਮੂਨੇ ਲਈ ਤੱਕੋ:—

ਗੁ: ਪ੍ਰ: ਸੂ: ਦਾ ਪਾਠ:—

੧. ਚੰਦੂ ਨੂੰ ਕੜਛਾ ਵੱਜਣ ਤੇ—
ਕੜਛਾ ਲੋਹ ਗਰਵ ਅਤਿ ਤਾਤੋ।
ਲਗਯੋ ਦੁਸ਼ਟ ਕੇ ਉਦਰ ਬਿਘਾਤੋ।
ਤੀਛਨ ਕੋਰ ਚਰਮ ਕੋ ਚੀਰਾ।
ਮਨੋ ਚਹਤਿ ਮਿਸ ਅਸਤ ਸਰੀਰਾ।
ਆਂਤ੍ਰੈਂ ਨਿਕਸ ਗਿਰੀ ਧਰ ਮਾਹੀ।
ਪਰਯੋ ਧਰਾ ਮੁਖ ਹਾਇ ਸੁ ਪ੍ਰਾਹੀ।
ਗਿਰਤਯੋ ਸੰਕਟ ਪਾਇ ਉਚਾਰਯੋ।
ਹਰਿ ਗੁਬਿੰਦ ਮੋਹਿ ਅਵਗਤ ਮਾਰਯੋ।
[ਰਾ: ੫ ਅੰਸੂ ੧੧ ਅੰਕ ੩੩

੨. ਮਿਹਰਬਾਨ ਕਹਿੰਦਾ ਹੈ ਕਿ ਗੁਰੂ ਹਰਗੋਬਿੰਦ ਜੀ ਨਾਲ ਸੁਲਹ ਨਹੀਂ ਕਰਨੀ—
ਹਮ ਬੀ ਗਹੈਂ ਜਬ ਅਪਨੇ ਹਾਥ।
ਕਰੈਂ ਮੇਲ ਤਬ ਸ਼ਸਤ੍ਰਨ ਸਾਥ ॥ ੧੧ ॥
[ਰਾ: ੫ ਅੰਸੂ ੧੩

ਗੁਰ ਬਿਲਾਸ ਦਾ ਪਾਠ:—

੧. ਇਸੇ ਮੌਕੇ ਤੇ—
ਲਾਗਤ ਕੜਛੇ ਝੂਮ ਗਿਰਾਯੋ।
ਆਂਦ੍ਰਾਂ ਨਿਕਸ ਤਬੈ ਤੜਫਾਯੋ।
ਤੜਫਤਿ ਚੰਦੂ ਐਸ ਉਚਾਰਾ।
ਹਰ ਗੁਬਿੰਦ ਮਮ ਅਵਗਤ ਮਾਰਾ।੫੯੧।
[ਧਿਆ ੮

੨. ਤਾਂਕੇ ਬਚਨ ਸੁਨਾਇ
ਮਿਹਰਬਾਨ ਰਿਸ ਪਾਇਕੈ।
ਸ਼ਸਤ੍ਰਨ ਸੁਲਹ ਕਰਾਇ
ਬਾਤਨ ਮੇਲ ਨ ਹੋਇਗੋ ॥੬੧੭॥
[ਧਿ: ੮

ਇਸ ਪ੍ਰਕਾਰ ਦੇ ਕਈ ਪ੍ਰਮਾਣ ਹਨ ਜਿਨ੍ਹਾਂ ਤੋਂ ਸੰਭਾਵਿਤ ਹੁੰਦਾ ਹੈ ਕਿ ਗੁਰ ਬਿਲਾਸ ਦੇ ਲੇਖਕ ਨੇ ਗੁ: ਪ੍ਰ: ਸੂਰਜ ਪੜ੍ਹਿਆ ਸੁਣਿਆ ਹੋਇਆ ਸੀ ਤੇ ਉਸ ਪਾਸ ਅਸਲੀ ਗੁਰ ਬਿਲਾਸ ਦੀ ਨਕਲ ਬੀ ਹੈਸੀ*।

*ਭਾਈ ਕਰਮ ਸਿੰਘ ਜੀ ਨੇ ਲਿਖਿਆ ਹੈ:—'ਗੁਰ ਬਿਲਾਸ ਦੀ ਸਾਖੀ ਇਉਂ ਹੈ, ਕਿ ਅਕਾਲ ਬੁੰਗੇ ਸਾਹਿਬ ਦਾ ਇਕ ਪੁਜਾਰੀ ਇਨ੍ਹਾਂ ਗੁਰੂ ਸਰੀਆਂ ਦਾ ਰਿਸ਼ਤੇਦਾਰ ਸੀ, ਉਹ ਗੁਰ ਬਿਲਾਸ ਦੀ ਨਕਲ ਕਰਕੇ ਲੈ ਆਇਆ ਤੇ ਕੁਛ ਵਾਧਾ ਘਾਟਾ ਕਰਕੇ ਪ੍ਰਚਲਤ ਕਰ ਦਿਤਾ। ਅਜ ਕਲ ਦਾ ਛਪਿਆ ਹੋਇਆ ਗੁਰ ਬਿਲਾਸ ਉਹ ਅਸਲ ਗੁਰਬਿਲਾਸ ਨਹੀਂ ਜੋ ਗੁਰੂ ਸਰ ਹੈਸੀ'।

੧੮. ਗੁਰੂ ਵਿਲਾਸ ਪਾਤਿਸ਼ਾਹੀ ੧੦ ਭਾਈ ਸੁੱਖਾ ਸਿੰਘ ਕ੍ਰਿਤ:-ਇਹ ੧੮੫੪ ਦੇ ਲਗਪਗ ਅਨੰਦਪੁਰ ਵਿਚ ਲਿਖ੍ਯਾ ਗਿਆ ਸੀ। ਇਹ ਗ੍ਰੰਥ ਕਵੀ ਜੀ ਦੀ ਰਚਨਾਂ ਆਰੰਭ ਕਰਨ ਤੋਂ ਪਹਿਲੇ ਦਾ ਸੀ। ਜਦੋਂ ਇਹ ਗ੍ਰੰਥ ਬਣਿਆਂ ਤਦੋਂ ਕਵੀ ਜੀ ਦੀ ਉਮਰ ਨੌ ਦਸ ਬਰਸ ਦੀ ਸੀ। ਵਾਕਿਆਤ ਦੀ ਤਰਤੀਬ ਅਨੇਕ ਥਾਈਂ ਮਿਲਦੀ ਜੁਲਦੀ ਚਲਦੀ ਹੈ। ਖ਼ਯਾਲਾਤ ਬੀ ਅਕਸਰ ਥਾਈਂ ਬਹੁ ਦੇ ਜਾਂਦੇ ਹਨ ਕਿ ਕਵੀ ਜੀ ਨੇ ਇਹ ਗ੍ਰੰਥ ਪੜ੍ਹਿਆ ਹੈ। ਹੇਠ ਲਿਖੇ ਪ੍ਰਮਾਣ ਰਸਤਾ ਦੇਂਦੇ ਹਨ ਕਿ ਕਵੀ ਜੀ ਪਾਸ ਇਹ ਸ਼ੈ ਸੀ। ਇਹ ਪੁਸਤਕ ਬੀ ਅਪਣੇ ਰਚੇ ਜਾਣ ਦੇ ਵੇਲੇ ਪੰਥ ਵਿਚ ਪ੍ਰਸਿੱਧ ਹੋ ਗਿਆ ਸੀ ਤੇ ਕਵੀ ਜੀ ਦੇ ਲਿਖਣ ਸਮੇਂ ਇਹ ਦੁਰਲਭ ਪੁਸਤਕ ਨਹੀਂ ਸੀ। ਦੁਹਾਂ ਦੇ ਪਾਠਾਂ ਦੇ ਟਾਕਰੇ ਲਈ ਦੇਖੋ ਅਗਲਾ ਨਕਸ਼ਾ:-

| ਗੁਰ ਬਿਲਾਸ ਪਾ: ੧੦ ਦੇ ਪਾਠ। | ਗੁ: ਪ੍ਰ: ਸੂ: ਦੇ ਪਾਠ। |
| --- | --- |
| ੧. ਮੱਘੇ ਚੱਘੇ ਦੇ ਪ੍ਰਸੰਗ ਦੇ ਆਦਿ ਵਿਚ-<br>ਮੱਘਾ ਔਰ ਸੁ ਚੱਘਾ ਨਾਮ ਦੁਹਾਨ ਕੇ।<br>ਦੋਨਹੁ ਬਡੇ ਧਨਾਢ ਸੁਬੀਚ ਜਹਾਨ ਕੇ।<br>ਸਭ ਪੂਰਬ ਕੀ ਕਾਰ ਭੇਟ ਲੈ ਆਵਹੀਂ।<br>ਹੋ ਤੁਛ ਮਾਤਰ ਕਛੂ ਦੇਤ ਸਰਬ ਨਿਜ ਖਾਵਹੀ॥੯<br>ਪਟਣੇ ਕਾਂਸ਼ੀ ਗਾਜ਼ੀ ਪੁਰ ਮੈਂ ਜਾਨੀਯੇ।<br>ਰਾਜ ਮਹਿਲ ਮੁੰਗੇਰ ਕਿਧੌਂ ਸੇ ਪ੍ਰਮਾਨੀਯੇ॥<br>ਢਾਕੇ ਔ ਮਖਸੂਦਾਵਾਦ ਸੁ ਜਾਵਹੀ।<br>ਹੋ ਸਰਬ ਬੰਗਾਲਾ ਕਾਰ ਭੇਟ ਲੈ ਆਵਹੀ।੧੦<br>[ਪੰਨਾ ੨੧੯ | ੧. ਉਸ ਪ੍ਰਸੰਗ ਦੇ ਆਦ ਦੇਸ਼ਾਂ ਦਾ ਵਰਣਨ-<br>ਪੂਰਬ ਦਿਸ਼ ਮੈਂ ਨਗਰ ਬਿਸਾਲੇ। ਕਾਸ਼ੀ ਪਟਨਾ ਸਿਖ ਬਿਸਾਲੇ। ਗਾਜ਼ੀ ਪੁਰ ਢਾਕਾ ਮੁੰਘੇਰ। ਰਾਜ ਮਹਿਲ ਮਿਰਜ਼ਾ ਪੁਰ ਹੇਰ॥੨॥ ਫਰਕਾਬਾਦ ਮਕਸੂਦਾ ਬਾਦ। ਬ੍ਰਹਮ ਪੁਤ੍ਰ ਬਡ ਨਦ ਤੇ ਆਦਿ"॥ ੩॥<br>ਦ੍ਵੈ ਮਸੰਦ ਉਤ ਤੇ ਧਨ ਲ੍ਯਾਵੈਂ। ਅਧਿਕ ਅਰਧ ਤੇ ਆਪ ਛਪਾਵੈਂ। ਕੁਛ ਅਰਪਹਿਂ ਸਤਿਗੁਰੂ ਖਜ਼ਾਨੇ। ਬਹੁ ਧਨ ਤੇ ਜਿਨ ਗਰਬ ਮਹਾਨੇ॥ ੪॥<br>[ਰੁ: ੩ ਅੰਸੂ ੨੯ |
| ੨. ਬਜਰੂਰੜ ਮਾਰੀ ਦਾ ਹਾਲ ਲਿਖਦੇ ਹਨ:-<br>ਢਾਹ ਸੁ ਸਾਫ ਮੰਦਾਨ ਕਰ੍ਯੋ ਗਢ<br>ਖੱਗ ਗਹ੍ਯੋ ਵਹ ਮਾਰ ਗਿਰਾਯੋ।<br>ਤਾਂ ਦਿਨ ਤੇ ਸਭ ਸੰਗਤ ਖੇਮਨ<br>ਹੇ ਇਨ ਲੋਗਨ ਤ੍ਯਾਗ ਕਰਾਯੋ॥ ੨੬॥<br>ਜਯੋ ਅਲਸੂਨ ਸੁ ਨੂਹ ਲੁਟ੍ਯੋ ਪ੍ਰਭੁ,<br>ਤ੍ਯੋਂ ਬਜਰੂੜ ਕੀ ਛਾਰ ਉਡਾਈ।<br>ਤਾਂ ਦਿਨ ਤੇ ਇਨ ਮਾਰਗ ਖੇਮਨ<br>ਲੈ ਸਭ ਲੋਗਨ ਹੱਦ ਕਰਾਈ।<br>[ਪੰਨਾ ੨੫੪ | ੨. ਜਹਿਂ ਕਹਿਂ ਸੁਧ ਪਸਰੀ ਭਾ ਜੰਗ।<br>ਦੁਰਗ ਦੀਹ ਦਿਢ ਤਤਛਿਨ ਭੰਗ।<br>ਤਬ ਤੇ ਡਰ ਧਰਿ ਗ੍ਰਾਮ ਬਿਸਾਲਾ।<br>ਸੰਗਤ ਕੋ ਨ ਕਹੈਂ ਕਿਸ ਕਾਲਾ॥੪॥......<br>ਪ੍ਰਥਮੇ ਆਲਸੂਨ ਕਹੁ ਮਾਰਾ।<br>ਨੂਹ ਬਜਰੂੜ ਬਹੁਰ ਸੰਘਾਰਾ।<br>ਜੋ ਅਬ ਸੰਗਤ ਕੋ ਕਰ ਆਵੈ।<br>ਤਿਨ ਮਾਨਿੰਦ ਆਪ ਉਜਰਾਵੈ।<br>ਡਰ ਧਰ ਮਗ ਲੂਟਤਿ ਕੋ ਨਾਂਹੀ॥੭॥<br>[ਰੁ ੩ ਅੰਸੁ ੩੨ |
| ੩. ਦੇਵੀ ਪ੍ਰਸੰਗ ਵਿਚ ਸੰਗਤ ਦਾ ਆਉਣਾ, ਮਾਲੀ ਦਾ ਅੰਬ ਭੇਟ ਕਰਨਾ, ਤੀਰ ਨਾਲ ਸਵਾ ਕੋਹ ਤੇ ਨਿਸ਼ਾਨ ਲਗਾ ਕੇ ਅੰਬ ਲਗਾਉਣ ਪਰ:-<br>ਪੁਨ ਬਤੀਆਂ ਤਿਨ ਯੌਂ ਸੁਨ ਪਾਈ॥ ੫੦॥<br>ਊਪਰ ਹੈਂ ਸਤਿਗੁਰ ਮਹਾਂਰਾਜਾ। | ੩. ਸੁਨ੍ਯੋ ਸਭਿਨਿ ਸਤਿਗੁਰ ਗਿਰ ਪਰ ਹੈਂ।<br>ਜਗਦੰਬਾ ਕੋ ਪੂਜਨ ਕਰਿਹੈਂ॥ ੧੯॥<br><br>ਸੁਨ ਸਤਿਗੁਰ ਨਿਜ ਧਨੁਖ ਸੰਭਾਰਾ।<br>ਖੈਂਚੜ ਤਬਹਿ ਬਾਨ ਕੋ ਮਾਰਾ। |

ਪੂਜਤਿ ਛੰਡਿ ਗਰੀਬ ਨਿਵਾਜਾ।......
ਸੁਨਯੋ ਯੌਂ ਅਵਤਾਰੀ। ਕਰੰ ਚਾਪ ਧਾਰੀ।
ਸਰੰ ਖੈਂਚ ਭਾਈ।. ਦਯੋ ਯੌਂ ਚਲਾਈ ॥੫੬॥
ਸਵਾ ਕੋਸ ਥਾਨਾ। ਪਰਯੋ ਜਾਇ ਬਾਨਾ
ਗੁਰੂ ਜੀ ਸੁਨਾਈ। ਜਹਾਂ ਤੀਰ ਭਾਈ ॥ ੫੮ ॥
ਤਹੀਂ ਆਂਬ ਲਾਵੋ। ਤਲੇ ਬਗ ਜਾਵੋ।
ਸੁਨਯੋ ਬੀਰ ਧਾਏ। ਤਹੀਂ ਆਂਬ ਲਾਏ ॥੫੮॥
ਅਬੈ ਲਾਗ ਜਾਨਾ। ਵਿਧੈ ਤੌਨ ਬਾਨਾ ॥
[ਪੰਨਾ ੨੦੪

ਸਵਾ ਕੋਸ ਪਰ ਉਤਰਯੋ ਜਾਈ।
ਤਿਤ ਦਿਸ਼ ਤਿਸ ਕੋ ਦੀਨ ਬਤਾਈ ॥੨੬॥
ਸੇਵਕ ਲੇਕਰ ਸੰਗ ਸਿਧਾਏ।
ਗਡਯੋ ਤੀਰ ਜਿਹ ਥਾਨ ਦਿਖਾਏ।
ਤਹਾਂ ਅਰੋਪਨ ਕੀਨਸ ਮਾਲੀ।
ਪ੍ਰਤਿਪਾਲਾ ਪੁਨ ਭਈ ਬਿਸਾਲੀ ॥ ੨੭ ॥
ਅਬਲੌ ਖਰਯੋ ਸੁਨਯੋ ਹਮ ਜੋਇ।
ਨਹਿੰ ਲੋਚਨ ਤੇ ਦੇਖਯੋ ਸੋਇ।
[ਰੁ ੩ ਅੰਸੂ ੯

੪. ਕ੍ਰਿਪਾਲ ਦਾਸ ਉਦਾਸੀ ਮਹੰਤ ਦੇ ਚੇਲਿਆਂ ਦੇ ਨੱਸ ਜਾਣ ਤੇ, ਤੇ ਮਹੰਤ ਦੇ ਬੈਠੇ ਰਹਿਣ ਤੇ:—ਜੇ ਸਿਰ ਕਾਯਮ ਰਾਜਤਿ ਥਾਨੇ।
ਤਬ ਤਿਨ ਕਹੁ ਭਾਖਹੁ ਜਿਨ ਭਾਨੇ ॥ ੨੧੮ ॥
ਜੇ ਮਹੰਤ ਰਾਜਤਿ ਨਿਜ ਠੌਰੇ।
ਚਿਲਕਾ ਹ੍ਵੈ ਹੈਂ ਅਧਿਕ ਸੁ ਔਰੇ। [ਪੰਨਾ ੨੪੯

੪. ਜਬ ਲਗ ਹੈ ਜਿਸ ਕੋ ਸਿਰ ਕਾਯਮ।
ਜਗ ਜਾਨੈ ਤਬ ਲੌ ਜੰਗ ਕਾਯਮ।
ਰਹਯੋ ਮਹੰਤ ਜਿ ਬੀਰਨ ਛੋਰਾ।
ਚੇਲਾ ਬਨਹਿੰ ਆਨ ਗਨ ਔਰਾ।
[ਰੁ: ੨ ਅੰਸੂ ੨੩

੧੯. ਸ਼੍ਰੀ ਗੁਰੂ ਤੇਗਬਹਾਦਰ ਜੀ ਤੇ ਦਸਮੇਸ਼ ਜੀ ਦੇ ਮਾਲਵੇ ਦੇ ਸਫਰਾਂ ਵਾਲੀ ਸਾਖੀਆਂ ਦੀ ਪੋਥੀ—ਇਸਦੀਆਂ ਲਗਪਗ ਸਾਰੀਆਂ ਸਾਖੀਆਂ ਗੁਰ ਪ੍ਰਤਾਪ ਸੂਰਜ ਵਿਚ ਹੈਨ ਤੇ ਲਗ ਪਗ ਉਨ੍ਹਾਂ ਦੀ ਤਰਤੀਬ ਬੀ ਮਿਲਦੀ ਹੈ। ਜਿਸਤੋਂ ਪਤਾ ਲਗਦਾ ਹੈ ਕਿ ਇਹ ਪੁਸਤਕ ਬੀ ਕਵੀ ਜੀ ਪਾਸ ਹੈਸੀ। ਇਸ ਦਾ ਅੰਗ੍ਰੇਜ਼ੀ ਟੀਕਾ ਸਰ ਸ: ਅਤਰ ਸਿੰਘ ਨੇ ਕੀਤਾ ਸੀ। ਇਸ ਦੀ ਗੁਰਮੁਖੀ ਅਸਲ ਬੀ ਸਾਨੂੰ ਹੁਣ ਬਰਸਾਂ ਦੀ ਖੋਜ ਦੇ ਬਾਦ ਮਿਲ ਗਈ ਹੈ।

ਇਸ ਵਿਚ ਨੌਵੇਂ ਅਤੇ ਦਸਮੇ ਸਤਿਗੁਰੂ ਜੀ ਦੇ ਮਾਲਵੇ ਦੇ ਸਫਰ ਦੀਆਂ ਸਾਖੀਆਂ ਹਨ, ਰਚਨਾ ਮਾਲਵੇ ਦੀ ਹੀ ਹੈ, 'ਸੀ' ਦੀ ਥਾਵੇਂ 'ਥੀ', ਲਾਗੇ ਯਾ ਨੇੜੇ ਦੀ ਥਾਵੇਂ 'ਲਾਉਣੇ', ਤੇ 'ਬ' 'ਵ' ਦੀ ਥਾਵੇਂ ਬਹੁਤ ਵਰਤਿਆ ਹੋਯਾ ਹੈ, ਇਸੇ ਤਰ੍ਹਾਂ ਹੋਰ ਅਨੇਕਾਂ ਪਦ ਇਸ ਨੂੰ ਮਾਲਵੇ ਦੀ ਚੀਜ਼ ਹੀ ਸਿੱਧ ਕਰਦੇ ਹਨ। ਗੁਰੂ ਸਾਹਿਬਾਂ ਦੇ ਮੁਕੰਮਲ ਸਫਰ ਇਸ ਵਿਚ ਨਹੀਂ ਹਨ, ਕੇਵਲ ਰਿਆਸਤ ਪਟਿਆਲਾ ਜ਼ਿਲਾ ਕਰਨਾਲ ਲਾਗ ਦੇ ਗੁਰ ਅਸਥਾਨਾਂ ਦੀਆਂ ਸਾਖੀਆਂ ਦੇ ਕੇ ਇਹ ਪੁਸਤਕ ਸਮਾਪਤ ਹੋ ਜਾਂਦੀ ਹੈ।

ਗੁਰੂ ਸਾਹਿਬਾਨ ਦੇ ਸਫਰਾਂ ਦੀ ਤਰਤੀਬ ਜੋ ਇਸ ਪੁਸਤਕ ਵਿਚ ਹੈ ਉਹੀ ਗੁਰ ਪ੍ਰ: ਸੂ: ਵਿਚ ਹੈ, ਤੇ ਕਈ ਇਕ ਮਾਲਵੇ ਦੇ ਪਦ ਜੋ ਉਸੇ ਸਾਖੀ ਵਿਚ ਇਸ ਪੋਥੀ ਵਿਚ ਹਨ ਉਹੀ ਗੁ: ਪ੍ਰ: ਸੂ: ਵਿਚ ਬੀ ਉਸੇ ਪ੍ਰਸੰਗ ਵਿਚ ਆ ਗਏ ਹਨ ਜਿਸ ਤੋਂ ਸਿੱਧ ਹੁੰਦਾ ਹੈ ਕਿ ਇਹ ਪੁਸਤਕ ਬੀ ਕਵੀ ਜੀ ਪਾਸ ਹੈਸੀ। ਫਿਰ ਐਨ ੧ ਦੇ ਅਰੰਭ ਤੋਂ ਜਦੋਂ ਦਸਮ ਪਿਤਾ ਜੀ ਦਾ ਮਾਲਵੇ ਦਾ ਸਫਰ ਚਲਦਾ ਹੈ ਤਾਂ ਰੰਚਕ ਭੁਰ ਬੀ ਸ਼ੰਸਾ ਨਹੀਂ ਰਹਿ ਜਾਂਦਾ ਕਿ ਇਹ ਪੋਥੀ ਕਵੀ ਜੀ ਪਾਸ ਜ਼ਰੂਰ ਹੈਸੀ। ਕੀ ਜਾਣੀਏ ਕਵੀ ਜੀ ਨੇ ਆਪ ਹੀ ਕਿਸੇ ਸਿਆਣੇ ਦੇ ਜ਼ੁੰਮੇ ਮਾਲਵੇ ਦੇ ਗੁਰਧਾਮਾਂ ਦੀ ਯਾਤ੍ਰਾ ਸਪੁਰਦ ਕਰਕੇ, ਰਵਾਯਤਾਂ ਇਕੱਤ੍ਰ ਕਰਨ ਦਾ ਜਤਨ ਕੀਤਾ ਹੋਵੇ ਤੇ ਇਹ ਪੁਸਤਕ ਲਿਖਾਈ ਹੋਵੇ।

ਇਸ ਵਿਚ ਆਈਆਂ ਤੇ ਗੁ: ਪ੍ਰ: ਸੂ: ਗ੍ਰੰਥ ਦੇ ਪ੍ਰਸੰਗਾਂ ਦਾ ਟਾਕਰਾ ਕਰੀਏ ਤਾਂ ਕਿਤੇ ਕਿਤੇ ਪ੍ਰਸੰਗਾਂ ਵਿਚ ਫਰਕ ਹੈ, ਤਰਤੀਬ ਭਾਵੇਂ ਓਹੋ ਹੀ ਹੈ ਪਰ ਸਾਖੀਆਂ ਵਿਚ(ਸਾਰੀਆਂ ਵਿਚ ਨਹੀਂ, ਪਰ ਕਿਸੇ ਕਿਸੇ ਵਿਚ) ਫਰਕ ਹੈ । ਇਸ ਦਾ ਕਾਰਨ ਇਹ ਜਾਪਦਾ ਹੈ, ਕਿ ਇਨ੍ਹਾਂ ਗੁਰਦਵਾਰਿਆਂ ਵਿਚੋਂ ਬਹੁਤੇ ਅਸਥਾਨਾਂ ਦੀ ਕਵੀ ਜੀ ਨੇ ਆਪ ਯਾਤ੍ਰਾ ਕੀਤੀ ਹੈ ਜੈਸਾ ਕਿ ਅਸੀਂ ਪਿੱਛੇ 'ਕਵੀ ਜੀ ਦੇ ਸਫਰ' ਦੇ ਸਿਰ ਲੇਖ ਹੇਠ ਦੱਸ ਆਏ ਹਾਂ ਤੇ ਕਈਆਂ ਬਾਬਤ ਆਪ ਨੇ ਪੱਕੀ ਇਤਬਾਰ ਯੋਗ ਕੋਈ ਹੋਰ ਸਾਖ ਪ੍ਰਾਪਤ ਕੀਤੀ ਹੈ । ਓਥੋਂ ਜੋ ਰਵਾਇਤਾਂ ਆਪ ਨੂੰ ਮਿਲੀਆਂ ਉਨ੍ਹਾਂ ਦੀ ਬਿਨਾ ਉਤੇ ਇਨ੍ਹਾਂ ਸਾਖੀਆਂ ਨੂੰ ਆਪ ਨੇ ਸੋਧਿਆ ਤੇ ਆਪਣੇ ਗ੍ਰੰਥ ਵਿਚ ਗੁੰਥਨ ਕਰ ਲੀਤਾ ਤੇ ਆਪਣੇ ਵੇਲੇ ਤੱਕ ਦਾ ਇਤਿਹਾਸ ਬੀ ਜਿਥੇ ਯੋਗ ਖਿਆਲ ਕੀਤਾ ਲਿਖ ਦਿੱਤਾ, ਜਿਵੇਂ ਬਾਰਨੇ ਦੇ ਰਾਹਕ ਤੋਂ ਤੰਬਾਕੂ ਛੁੜਾਯਾ ਤੇ ਆਪ ਉਸ ਨੂੰ ਅੰਮ੍ਰਿਤ ਛਕਾਯਾ ਆਦਿ ।

੨੦. ਇਕ ਹੋਰ ਗਲ ਖੋਜ ਕਰਦਿਆਂ ਲੱਭੀ ਹੈ ਕਿ ਕਵੀ ਜੀ ਪੱਤ੍ਰ ਬਿਵਹਾਰ ਕਰਕੇ ਬੀ ਅਪਣੇ ਮਸਾਲੇ ਲਈ ਖੋਜਾਂ ਕਰਿਆ ਕਰਦੇ ਸਨ । ਉਨ੍ਹਾਂ ਦਾ ਸੰਚਯ ਢੂੰਡਦਿਆਂ ਸਾਨੂੰ ਇਕ ਕਾਗਜ਼ ਹੱਥ ਆਇਆ ਹੈ ਜੋ ਕਵੀ ਜੀ ਵਲ ਕਿਸੇ ਨੇ ਉਨ੍ਹਾਂ ਦੀ ਪੁੱਛ ਦੇ ਉੱਤਰ ਵਿਚ ਲਿਖਯਾ ਹੈ । ਇਹ ਕਾਗਜ਼ ਹੋਰ ਕਾਗਜ਼ਾਂ ਨਾਲ ਗੰਢਿਆ ਹੋਯਾ ਮਿਲਿਆ ਹੈ ਇਸ ਕਰਕੇ ਲੇਖਕ ਦਾ ਨਾਮ ਨਹੀਂ ਲੱਭਾ । ਪੱਤ੍ਰ ਇਸ ਪ੍ਰਕਾਰ ਹੈ:—

> ਇਕ ਸਮੇਂ ਸਾਹਿਬ ਛੇਵੀਂ ਪਾਤਸਾਹੀ ਪੰਜਾਂ ਬੇਟਿਆਂ ਸੰਜੁਗਤ ਬਾਬੇ ਸਿਰੀਚੰਦ ਦੇ ਦਰਸਨ ਨੂੰ ਚਲੇ ॥ ਸੁ ਪਹਾੜ ਦੀ ਕਾਛੜ ਨਾਲ ਇਕ ਪਿੰਡ ਹੈ ਤਿਥੇ ਜਾਕੇ ਦਰਸਨ ਕੀਤਾ । ਅਗੇ ਉਨ੍ਹਾਂ ਨੇ ਬਹੁਤ ਆਦਰ ਸਨਮਾਨ ਕੀਤਾ ਤੇ ਮੁਖੋ ਕਹਿਆ ਜੁ ਏਹੁ ਜੁ ਬੇਟਾ ਹੈ ਤੁਸਾਡਾ ਬਾਬਾ ਗੁਰਦਿਤਾ ਸੁ ਅਸਾਨੂ ਦੇਹੁ ॥ ਤ ਬਚਨ ਹੋਇਆ ਹਾਜਰ ਹੈ ॥ ਤਬ ਉਨਾ ਸੇਲੀ ਟੋਪੀ ਦੇ ਦਿਤੀ ॥ ਤਾਂ ਬਾਬਾ ਗੁਰਦਿਤਾ ਜੀ ਕੀਰਤ ਪੁਰ ਸਹਰ ਦਾ ਵਸਾਵਣਾ ਕੀਤਾ ॥ ਤਬ ਅਗੇ ਉਨ੍ਹਾਂ ਦੇ ਚਾਰ ਚੇਲੇ ਹੋਤ ਭਏ ॥ ਬਾਬਾ ਅਲਮਸਤ ਸਾਹਬ ਜੀ ॥ ਬਾਬਾ ਗੁਰਮੁਖ ਜੀ ॥ ਬਾਬਾ ਗੋਂਦ ਜੀ ॥ ਬਾਬਾ ਫੂਲ ਜੀ ॥ ਸੁ ਤਿਨਾ ਦੇ ਚਾਰੇ ਧੂਏ ਹੋਤ ਭਏ ॥ ਬਾਬਾ ਅਲਮਸਤ ਨਾਨਕ ਮਤੇ ॥ ਬਾਬਾ ਗੁਰਮੁਖ ਜੀ ਕਰਤਾਰ ਪੁਰ ॥ ਬਾਬਾ ਗੋਂਦ ਜੀ ਪਹਾੜ ਵਿਚ ਸਕਰ ਗੰਜ ॥ ਬਾਬਾ ਫੂਲ ਜੀ ਹੁਸੀਆਰਪੁਰੇ ॥ ਹੋਰ ਤੁਸਾ ਜੁ ਕਹਿਆ ਜੁ ਅਨੰਦ ਜੀ ਕਾ ਮੰਗਵਾਵਣਾ ਕੀਕੂ ਹੋਇਆ ਹੈ ਸੁ ਕੋਈ ਸਾਹਬਜਾਦਾ ਮਿਲਿਆ ਨਹੀ ਸੁ ਜਿਸ ਵੇਲੇ ਕੋਈ ਸਾਹਬਜਾਦਾ ਮਿਲੇਗਾ ਤਾਂ ਹਛੀ ਤਰਾਂ ਟੋਲ ਕੇ ਆਪ ਪਾਸ ਲਿਖ ਭੇਜਾਂਗੇ ॥ ਹੋਰ ਵਿਸਾਖ ਦੀ ੨੨ ਦੀ ਰਾਤ ਸ੍ਰੀ ਦਰਬਾਰ ਅੰਮ੍ਰਤਸਰ ਜੀ ਕਾ ਝੰਡਾ ਛੇ ਟੁਕੜੇ ਹੋ ਗਿਆ ਹੈ ਸੁ ਕੀ ਜਾਣੀਐ ਕੀ ਖੇਲ ॥ ਤੇ ਪਿਛੇ ਬੇੜੀ ਡੁਬੀ ਸੀ ਸੁ ਇਕ ਆਲੂਆਲੀਏ ਦਾ ਪੁਤ ਡੁਬਾ ਹੈ ਹੋਰ ਸਭ ਬਚ ਰਹੇ ਹੈਨ ॥ ਤੇ ਹੋਰ ਅਜੇ ਸਰਕਾਰ ਵਿਚ ਰਉਲਾ ਹੈ ਗਲ ਕਾਈ ਬਿਧ ਨਹ ਬੈਠੀ ।

ਇਸ ਚਿਠੀ ਤੋਂ ਇਹ ਤਾਂ ਪਤਾ ਲੱਗਾ ਕਿ ਇਹ ਵਿਸਾਖ ੨੨ ਦੇ ਮਗਰੋਂ ਲਿਖੀ ਗਈ ਹੈ, ਪਰ ਸੰਮਤ ਨਹੀਂ ਲੱਭਾ । ਝੰਡੇ ਦੇ ਡਿੱਗਣ ਦਾ ਸੰਮਤ ਖੋਜ ਕਰਦਿਆਂ ਪਤਾ ਲਗਾ ਹੈ ਕਿ

ਇਹ ਮਹਾਂਰਾਜਾ ਸ਼ੇਰ ਸਿੰਘ ਦੇ ਸਮੇਂ ਸੰਮਤ ੧੮੯੯ ਵਿਚ ਡਿੱਗਾ ਹੈਸੀ। ਸੋ ਇਹ ਚਿੱਠੀ ਵਿਸਾਖ ੧੮੯੮ ਦੀ ਹੈ। ਇਸ ਸੰਮਤ ਤੋਂ ਅਨੁਮਾਨ ਹੁੰਦਾ ਹੈ ਕਿ ਕਵੀ ਜੀ ਗੁਰ ਪ੍ਰਤਾਪ ਸੂਰਜ ਦੇ ਅੰਤਲੇ ਹਿੱਸੇ ਵਿਚ ਅੱਪੜੇ ਹੋਏ ਹਨ ਪਰ ਅਜੇ ਗੁਰ ਪ੍ਰਤਾਪ ਸੂਰਜ ਦੇ ਆਦਿ ਵਿਚ ਲਿਖੇ ਹਾਲਾਂ ਸੰਬੰਧੀ ਖੋਜ ਕਰ ਰਹੇ ਹਨ। ਜਦੋਂ ਇਸ ਚਿੱਠੀ ਤੇ ਗੁਰ ਪ੍ਰਤਾਪ ਸੂਰਜ ਵਿਚ ਆਏ (ਰਾਸ ੧ ਅੰਸੂ ੬ ਅੰਕ ੪੪) ਉਦਾਸੀ ਧੂਇਆਂ ਦੇ ਹਾਲ ਨੂੰ ਪੜ੍ਹਦੇ ਹਾਂ ਤਾਂ ਤਸੱਲੀ ਹੋ ਜਾਂਦੀ ਹੈ ਕਿ ਖੋਜ ਅਜੇ ਕਿਉਂ ਜਾਰੀ ਸੀ। ਆਪ ਧੂਇਆਂ ਦੇ ਨਾਮ ਤਾਂ ਦੇ ਆਏ ਹਨ ਪਰ ਟਿਕਾਣੇ ਨਹੀਂ ਦਿੱਤੇ ਸਨ। ਸੋ ਟਿਕਾਣਿਆਂ ਦੀ ਅਜੇ ਖੋਜ ਕਰ ਰਹੇ ਸਨ ਜੋ ਆਪ ਨੂੰ ਇਸ ਚਿੱਠੀ ਵਿਚ ਅੱਪੜੇ ਹਨ। ਗੁ: ਪ੍ਰਤਾਪ ਸੂਰਜ ਵਿਚ ਨਾਂ ਤਾਂ ਉਪਰਲੇ ਪਤੇ ਵਿਚ ਤੇ ਨਾ ਛੇਵੇਂ ਗੁਰਾਂ ਦੇ ਪ੍ਰਸੰਗ ਵਿਚ ਕਵੀ ਜੀ ਨੇ ਚਹੁ ਧੂਇਆਂ ਦੇ ਟਿਕਾਣੇ ਦੱਸੇ ਹਨ, ਹਾਲਾਂਕਿ ਇਹ ਖਬਰ ਉਨ੍ਹਾਂ ਪਾਸ ਮੌਜੂਦ ਸੀ। ਕਾਰਣ ਇਹੋ ਜਾਪਦਾ ਹੈ ਕਿ ਆਪ ਨੂੰ ਜ਼ਿੰਦਗੀ ਨੇ ਵਕਤ ਨਹੀਂ ਦਿੱਤਾ ਕਿ ਨਵੀਆਂ ਖੋਜਾਂ ਤੇ ਸੁਧਾਈਆਂ ਨੂੰ, ਜਿਨ੍ਹਾਂ ਦੇ ਸਾਮਾਨ ਇਸ ਖਤ ਤੋਂ ਪਤਾ ਲਗਦਾ ਹੈ ਕਿ ਆਪ ਲੱਭ ਰਹੇ ਸਨ, ਅਪਣੇ ਗ੍ਰੰਥ ਵਿਚ ਪਾ ਸਕਣ। ਦੂਜੀ ਗਲ ਇਸ ਪੱਤ੍ਰ ਤੋਂ ਇਹ ਪਤਾ ਲੱਗੀ ਕਿ ਕਵੀ ਜੀ ਪੱਤ੍ਰ ਬਿਵਹਾਰ ਨਾਲ ਭੀ ਮਸਾਲਾ ਲਭਦੇ ਹੁੰਦੇ ਸਨ।

੨੧. ਕੁਛ ਪੱਤ੍ਰੇ—ਕਵੀ ਜੀ ਦੇ ਸੰਚੇ ਵਿਚੋਂ ਕੁਛ ਪਤ੍ਰੇ ਮਿਲੇ ਹਨ। ਇਹ ਕਵਿਤਾ ਵਿੱਚ ਸ੍ਰੀ ਗੁਰੂ ਨਾਨਕ ਦੇਵਜੀਦੀ ਜਨਮ ਸਾਖੀ ਜਾਪਦੀ ਹੈ। ਇਸਦਾ ਨਾਮ ਪਤਾ ਨਹੀਂ, ਲੇਖਕ ਦਾ ਥਹੁ ਨਹੀਂ; ਸੰਮਤ ਨਹੀਂ, ਅਰ ਕਿਡੀਕੁ ਸੀ ਇਹ ਬੀ ਪਤਾ ਨਹੀਂ। ਏਹ ਪਤ੍ਰੇ ਲਗ ਪਗ ੧੩×੧੪ ਇੰਚ ਚੁੜਾਈ ਲੰਬਾਈ ਦੇ ਹਨ। ਜਿਸ ਪੱਤ੍ਰੇ ਦੀ ਅਸੀਂ ਹੇਠਾਂ ਨਕਲ ਦੇਂਦੇ ਹਾਂ ਉਸਦਾ ਅੰਕ ੧੧੧ ਹੈ ਤੇ ਅਜੇ ਪ੍ਰਸੰਗ ਪਹਿਲੀ ਉਦਾਸੀ ਤੋਂ ਬੀ ਮੁਹਰਲਾ ਚਲ ਰਿਹਾ ਹੈ। ਇਸ ਤੋਂ ਪੋਥੀ ਦੇ ਵਡੇ ਹੋਣ ਦਾ ਅਨੁਮਾਨ ਹੁੰਦਾ ਹੈ। ੧੧੧ ਪੱਤ੍ਰੇ ਦੇ ਪਾਠ ਦੀ ਕੁਛ ਵੰਨਗੀ ਹੇਠਾਂ ਦੇਂਦੇ ਹਾਂ, ਤਾਂ ਜੋ ਅਗੋਂ ਖੋਜ ਕਰਨ ਵਾਲਿਆਂ ਲਈ ਕੋਈ ਨਿਸ਼ਾਨ ਕਾਯਮ ਹੋ ਜਾਵੇ।

ਦੋ:॥ ਹਰਿਦਿਆਲ ਕਾ ਸੁਤ ਜੁਊ ਹਰੀ ਰਾਮ ਤਿਸ ਨਾਮ॥ ਨਾਨਕ ਦੇ ਉਪਦੇਸ ਤੇ ਪਾਇਯੋ ਸੁਖ ਬਿਸ੍ਰਾਮ॥ ਗੁਰ ਨਾਨਕ ਜੀ ਬਹੁਰ ਕਹਿਤੇ ਹੈਂ॥ ਦੋ:॥ ਹੇ ਭਾਈ ਤੂ ਸਾਚੁ ਨ ਛੋਡਿ॥ ਨਿਜ ਹੀਨ ਜਾਨ ਗਹੁ ਤਿਸਕੀ ਓਡਿ॥ ਜਿਨ ਕਰ ਦੇਖਯਾ ਜਗ ਪੁਨ ਏਹ॥ ਸੋਈ ਮਤਿ ਦੇ ਸੁਭਤਾ ਲੇਹ॥ ਇਸਨਾਨ ਦਾਨ ਸਮਤਾ ਪੁਨ ਜੋਇ॥ ਦਮਨ ਇੰਦ੍ਰੇ ਤਪ ਪੁਨ ਹੋਇ॥ ਵਿਗਜਾਨ ਸੁ ਮਜਨ ਸੁਚਤਾ ਤਾਸ॥ ਸੁਵ (ਸ੍ਵੈ) ਧਰਮ ਲਗੋ ਅਛਲ ਸੋਭਾਸ॥ ਪ੍ਰਪੰਚ ਮੋਹ ਮੈਂ ਨਹ ਜੋ ਛਲੇ॥ ਬ੍ਰਹਮਣ ਕਰ ਜਾਨ ਇਹ ਭਲੇ॥ ਹਰੀ ਰਾਮ ਤਬ ਵਚਨ ਉਚਾਰ॥ ਤੁਮ ਕਿਰਪਾ ਤੇ ਸੰਸੈ ਜਾਰ॥ ਹਮਤੇ ਚਿਤ ਮੇਂ ਐਸੀ ਆਇ॥ ਤੁਮਰੇ ਸੰਗ ਕਾਲ ਬੀਤਾਇ॥ ਗੁਨ (ਗੁਰ) ਨਾਨਕ ਤਬ ਇਹੈ ਬਖਾਨ॥ ਘਰ ਮੇਂ ਰਹੋ ਧਰਮ ਨਿਜ ਠਾਨ॥ ਬ੍ਰਹਮ ਚਰਯ ਆਸ਼੍ਰਮ ਗ੍ਰਹ ਜੋਇ॥ ਬਾਨ ਪ੍ਰਸਥ ਸਨਜਾਸ ਜੁ ਹੋਇ॥ ਆਸ੍ਰਮ ਚਾਰ ਵੇਦ ਬਖਾਨ। ਉਤਰੋ ਉਤਰੋ ਤਾਕੋ ਜਾਨ॥ ਗ੍ਰਿਸਤਿ ਧਰਮ ਅਬਿ ਤੁਮੇ ਕਰਾਇ॥ ਅਬ ਹਮ ਇਛਾ ਗਮਨ ਕਰਾਇ॥ ਸੰਤਿ ਸੇਵ ਤੁਹਿ ਕਰ ਨਿਹਕਾਮ॥ ਸਾਚ ਸਹਜ ਸੁਖ ਕਰ ਬਿਸ੍ਰਾਮ॥ ਤਬ

ਬ੍ਰਹਮਣ ਚਰਨੀ ਹੀ ਲਾਗੇ ॥ ਲੈ ਉਪਦੇਸ ਭਯੋ ਵਡਭਾਗੇ ॥ ਮਰਦਾਨਾ ਬਾਲਾ ਬੈਠੇ ਪਾਸ ॥ ਗੁਰ ਨਾਨਕ ਤਬ ਭਏ ਉਦਾਸ ॥"..... [ਪੰਨਾ ੧੧੧

੨੨. ਗੁਰ ਬਿਲਾਸ—ਇਸ ਵਿਚ ਦਿਤੇ ਸੰਮਤ ਦਾ ਹਿਸਾਬ ਕੀਤਿਆਂ ਇਹ ੧੮੦੮ ਦੀ ਰਚਨਾਂ ਸਹੀ ਹੁੰਦੀ ਹੈ। ਇਸ ਵਿਚ 'ਭਾਈ ਮਨੀ ਸਿੰਘ ਮਤ ਵਖ੍ਯਾਨ' ਲਿਖ੍ਯਾ ਹੋਣ ਕਰਕੇ ਭੁਲੇਵਾਂ ਪੈ ਸਕਦਾ ਹੈ ਕਿ ਇਸਦਾ ਕਰਤਾ ਭਾਈ ਮਨੀ ਸਿੰਘ ਹੈ। ਆਦਿ ਅੰਤ ਵਿਚ ਕਰਤਾ ਦਾ ਨਾਮ ਨਹੀਂ ਦਿੱਤਾ ਹੋਯਾ। ਅਸਾਂ ਜਦ ਵਿਸ਼ੇਸ਼ ਖੋਜ ਦ੍ਰਿਸ਼ਟੀ ਨਾਲ ਇਸ ਨੂੰ ਪੜ੍ਹਿਆ ਤਾਂ ਕਰਤਾ ਜੀ ਦਾ ਨਾਮ ਵਿਚੋਂ ਹੀ ਲਭ ਪਿਆ।ਇਸਦੇ ਤੀਸਰੇ ਅਧ੍ਯਾਯ ਦੇ ਅੰਤ ਵਿਚ ਰਚਨਹਾਰ ਜੀ ਤੋਂ ਅਪਨਾ ਨਾਮ ਪੈ ਗਿਆ ਹੈ ਜੋ ਐਉਂ ਹੈ:—ਸ਼ਿਵ ਨੈਨ ਧ੍ਯਾਇ ਸਮਾਪਤੰ 'ਸ਼੍ਰੀ—ਕੰਤ ਹਰਿ' ਯੋ ਉਚਾਰਿਯੋ*। ਇਸ ਤੋਂ ਥਹੁ ਪੈਂਦਾ ਹੈ ਕਿ ਲੇਖਕ ਦਾ ਨਾਉਂ 'ਵਿਸ਼ਨੁ ਸਿੰਘ' ਹੈ। ਜਦੋਂ ਅਸੀਂ ਇਸ ਗ੍ਰੰਥ ਦਾ ਟਾਕਰਾ ਭਾਈ ਸੁੱਖਾ ਸਿੰਘ ਜੀ ਦੇ ਗੁਰ ਬਿਲਾਸ ਨਾਲ ਕਰਦੇ ਹਾਂ ਤਾਂ ਕੋਈ ਸੰਸਾ ਨਹੀਂ ਰਹਿ ਜਾਂਦਾ ਕਿ ਇਹ ਗ੍ਰੰਥ ਉਨ੍ਹਾਂ ਪਾਸ ਹੈਸੀ। ਜਦੋਂ ਅਸੀਂ ਇਹ ਪੜਤਾਲ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਵਿਚ ਕਰਦੇ ਹਾਂ ਕਿ ਭਲਾ ਇਹ ਗ੍ਰੰਥ ਕਵੀ ਜੀ ਪਾਸ ਹੈਸੀ ਕਿ ਨਹੀਂ ਤਾਂ ਨਿਸ਼ਚਿਤ ਨਹੀਂ ਹੋ ਸਕੀਦਾ, ਕਿਉਂਕਿ ਕੋਈ ਐਸੀ ਗਲ ਅਜੇ ਤਕ ਨਹੀਂ ਲਭ ਸਕੀ ਕਿ ਜੋ ਭਾਈ ਸੁਖਾ ਸਿੰਘ ਜੀ ਦੇ ਗੁਰਬਿਲਾਸ ਵਿਚ ਨਾਂ ਹੋਵੇ ਤੇ ਗੁਰ ਪ੍ਰਤਾਪ ਸੂਰਜ ਤੇ ਇਸ ਗੁਰਬਿਲਾਸ ਵਿਚ ਹੋਵੇ। ਪਰ ਐਸੀਆਂ ਅਨੇਕਾਂ ਗਲਾਂ ਹਨ ਕਿ ਜੋ ਤ੍ਰੈਹਾਂ ਵਿਚ ਹਨ। ਭਾਈ ਸੰਤੋਖ ਸਿੰਘ ਜੀਨੇ ਓਹ ਗਲਾਂ ਭਾਈ ਸੁਖਾ ਸਿੰਘ ਜੀਤੋਂ ਲਈਆਂ ਯਾ ਇਸ ਗ੍ਰੰਥ ਤੋਂ, ਇਹ ਕਹਿ ਸਕਣਾ ਅਜੇ ਕਠਨ ਹੈ। ਹੇਠਾਂ ਅਸੀਂ ਕੁਛ ਨਮੂਨੇ ਦੇਂਦੇ ਹਾਂ ਜੋ ਤ੍ਰੈਹਾਂ ਗ੍ਰੰਥਾਂ ਵਿਚ ਮਿਲਵੇਂ ਹਨ।

| ਗੁਰ ਵਿਲਾਸ ਭਾ: ਮਨੀ ਸਿੰਘ ਮਤ ਵਖ੍ਯਾਨ | ਗੁਰ ਵਿਲਾਸ ਭਾ: ਸੁਖਾ ਸਿੰਘ | ਗੁਰ ਪ੍ਰਤਾਪ ਸੂਰਜ ਗ੍ਰੰਥ |
|---|---|---|
| ੧. ਤਨਵਾਰਤ ਹੈਂ ਸਮ ਦਾਸ ਭਏ ਅਤਿ ਕੂਪ ਸੁ ਬਾਪਕਾ ਜਾਇ ਦਿਖਾਹੀਂ। ਤਾਲ ਤਮਾਲ ਸੁ ਸਾਲਨ ਜਿਉਂ ਨਿੰਬੂਆ ਤਰੁ ਸ੍ਰੀ ਫਲ ਪੀਪਰ ਮਾਹੀ ॥ ੨੦॥ ਆਮਲ ਖਿਰਨਿ ਕੇ ਬ੍ਰਿੱਖ ਘਨੇ ਜਹ ਕੰਜਨ ਦਾਰੋਂ ਅਮਾਤ ਅਪਾਰੀ। ਜੁਗ ਮਾਲਤੀ ਸੇਵਤੀ ਜਾਨ ਗੁਲਾਬ ਗੁਲਾਲਾ ਤੇ ਸੇਵਤੀ ਭਾਰੀ। ਨਰਗਸ ਔ ਕਲਗਾ ਕਰਨਾ ਗੁਲ ਜਾਨ ਅਨੰਤ ਸੁ ਮੋਤੀਆ ਬਾਰੀ। ਕੌਨ ਕਵੀ ਕਹਿ ਤਾਂਹਿ ਲਹੈ ਪਰ ਜਾ ਪਰ ਸ੍ਰੀ ਹਰਿ ਅੰਘ੍ਰ ਧਾਰੀ ॥ | ੧. ਸੁੰਦਰ ਅਧਿਕ ਬਾਗ ਬਰ ਰਾਜੈਂ। ਨੰਦਨ ਸੇ ਜਿਨ ਕਹਿ ਲਖ ਲਾਜੈਂ। ਵਾਪੀ ਕੂਪ ਲਲਤ ਫੁਲਵਾਰੀ। ਬਟ ਪੀਪਰ ਬੱਦ੍ਰੀ ਫਰ ਭਾਰੀ। ਸ੍ਰੀ ਫਲ ਜਾਮਨ ਜੁਗਲ ਭਨੀਜੇ। ਖਿਰਨੀ ਦਾਰਮ ਆਂਬ ਲਹੀਜੈ। ਤਾਰ ਖਜੂਰ ਅਸੋਕ ਸੁਪਾਰੀ। ਏਲਾ ਖਾਰਕ ਸਰੂ ਸੁਧਾਰੀ ॥ ਦੋਹਰਾ ॥ ਪੁਹਪ ਮਾਲਤੀ ਸੇਵਤੀ ਚੰਪਕ ਕਰਨਾ ਸੋਇ। ਨਰਗਸ ਫੂਲ ਬਿਧੂਪ ਕੇ ਕੋ ਕਵਿ ਸਕਤ ਬਗੋਇ ॥੧੦੪॥ [ਧਿਆ ੩ | ੧. ਜਾਮਨ ਜੁਗਲ ਬਟ ਪੀਪਰ ਖਜੂਰ ਤੁੰਗ ਬੱਦਰੀ ਅਨੇਕ ਝੂਕੀ ਭਾਰ ਤੇ ਬਿਸਾਲਕੀ। ਦਾੜਮ ਨੁਰੰਗੀ ਬੀਜਪੂਰ ਤੇ ਸੁਪਾਰੀ ਬਹੁ ਖਾਰਕ ਖਰੇ ਹੈਂ ਖਰੀ ਖਿਰਨੀ ਸੁ ਤਾਲਕੀ। ਆੜੂ ਅਮਰੂਦ ਕਦਲੀਨ ਕੇ ਬਗੀਚੇ ਬਡੇ ਫੈਲ ਰਹੇ ਫਾਲਸੇ ਫਲੇ ਹੈਂ ਫਲ ਜਾਲਕੀ। ਛਬਿ ਆਲ ਬਾਲਕੀ ਉਦਾਲਕ ਰਸਾਲ ਕੀ ਸਰਲ ਤਰ ਤਾਲਕੀ ਹਿੰਤਾਲਕੀ ਤਮਾਲਕੀ ॥੩॥ ਸਰੂ ਏਕ ਸਾਰ ਖਰੇ" [ਰਾ: ੧੩-੧੯ |

*[ਸ਼ਿਵਨੈਨ ਧ੍ਯਾਇ=ਤੀਸਰਾ ਧਿਆ। ਸ੍ਰੀ ਕੰਤ ਹਰਿ=ਵਿਸ਼ਨੁ ਸਿੰਘ]।

| | | |
|---|---|---|
| ੨. ਪਰ ਹਿਤ ਤਨ ਸਤਿਗੁਰ ਤਜ ਦੀਨੋ। ਧ੍ਰੂਅ ਕੋ ਧੌਲਰ ਸਭ ਜਗ ਚੀਨੋ। ਗੁਰ ਜੀਵਤ ਸਦ ਹੀ ਤਿਨ ਨਾਮਾ। ਮਰਤ ਜੀਵ ਜਗ ਕੇ ਨਰ ਬਾਮਾ। | ੨. ਇਹ ਜਗ ਧ੍ਰੂਅਰੇ ਧਵਲ ਰਹਾ ਹੀ। ਗੁਰ ਬਿਨ ਸੁਖੀ ਅਵਰ ਕੋਊ ਨਾਂਹੀ। ਗੁਰ ਜੀਵਤ ਸਦ ਨੈਨ ਨਿਹਾਰੈ। ਪੋਥੀ ਗ੍ਰੰਥ ਸੁ ਦੇਖ ਮਝਾਰੈ। [ਧਿ: ੫ | ੨. ਗੁਰ ਹਿਤ ਸ਼ੋਕ ਬਿਲਾਪ ਨ ਕੀਜਹਿ ਸਿਮਰਹੁ ਗੁਨ ਪ੍ਰਭ ਕੇ ਸਮੁਦਾਇ। ਸਦਾ ਅਨੰਦ ਏਕ ਰਸ ਜਾਨਹੁ ਜਨਮ ਮਰਨ ਗੁਰ ਕੇ ਨਹਿੰ ਕਾਇ। (ਰੁਤ ੧ ਅੰਸੂ ੨ |
| ੩. ਭੰਗਾਣੀ ਜੁੱਧ ਵਿਚ ਪਠਾਣ ਨੱਸਕੇ ਜਦ ਪਹਾੜੀਆਂ ਨੂੰ ਜਾ ਮਿਲਦੇ ਹਨ ਤਾਂ ਗੁਰੂ ਜੀ ਦੀ ਫੌਜ ਦਾ ਵੇਰਵਾ ਐਉਂ ਦੱਸਦੇ ਹਨ:—ਭੰਖਨ ਭਨਿ 'ਸਾਹਿਬ ਕੋ ਨਾਉ। ਰਯਤ ਲੋਕ ਮਿਲੇ ਇਕ ਠਾਉ। ਜਾਟ ਗਵਾਰ ਸੁ ਤੇਲੀ ਨਾਈ। ਭਾਟੀ ਲਾਬਾਣੇ ਚਮ-ਰਾਈ। ਬਨੀਏ ਰੋਰੇ ਭਾਟ ਮਹਾਨਾ। ਸੂਦਰ ਛੀਪੇ ਜਾਤ ਤ੍ਰਿਖਾਨਾ। ਬਾਰਾਂ ਜਾਤ ਸਨਾਤ ਮਿਲਾਵੈ। ਇਨ ਕੋ ਤੀਰ ਕਮਾਨ ਸਿਖਾਵੈ। ਔਰ ਕਲਾਲ ਸੁਨਾਰੇ ਜੇਹੀ। ਪਕੜ ਨ ਜਾਨੈ ਬਰਛਾ ਤੇਹੀ। ਤੀਰ ਤੁਫੰਗ ਕੋ ਨਾਂਹਿ ਚਲਾਵੈ। ਜਾਤ ਅਰਾਈਂ ਘੋਸੀ ਚਾਵੈ। | ੩. ਇਨ੍ਹਾਂ ਬੀ ਇਥੇ ਵੇਰਵਾ ਦਿਤਾ ਹੈ:—ਸੈਨਾ ਫੌਜ ਖੁਦਾ ਕਾ ਨਾਉਂ। ਰਯਤ ਲੋਗ ਮਿਲੇ ਇਕ ਠਾਉਂ। ਤਿਨਕੇ ਤੁਮ ਕਹੁ ਨਾਮ ਸੁਨਾਊਂ। ਸੁਨੋ ਗਿਰਪਤੇ ਸਭ ਇਕਠਾਊਂ। ਜਾਟ ਗਵਾਰ ਸੁ ਤੇਲੀ ਘਨੇ। ਨਾਈ ਬਾਮਨ ਜਾਤ ਨ ਗਨੇ। ਰੱਜਕ ਸੂਦ ਲਬਾਣੇ ਜਾਨਹੁ। ਬਨੀਏਂ ਰੋੜੇ ਭਾਟ ਪਛਾਨਹੁ। ਬਾਢੀ ਔਰ ਲੁਹਾਰ ਸੁਨਾਰ। ਝੀਵਰ ਲੋਗ ਘੁਮਾਰ ਕੁਲਾਰ। ਕਿਤਕ ਬਾਹਤੀ ਔਰ ਚੁਮਾਰ। ਅਰ ਰੰਘਰੇਟੇ ਖੋਰ ਹਲਾਲ। ਬਾਰਾਂ ਜਾਤ ਸਨਾਤ ਮਿਲਾਵੈ। ਤਿਨਕਹਿ ਤੀਰ ਕਮਾਨਸਿਖਾਵੈ। ਬਰਛਾ ਪਕਰ ਕਿਸੂ ਨਹੀਂ ਆਵੈ। ਤੀਰ ਤੁਫੰਗ ਸੁ ਕੌਨ ਚਲਾਵੈ॥ ੨੧੦॥ [ਧਿਆ ੬ | ੩. ਬਾਕੀ ਦਲ ਖੁਦਾਇ ਕੇ ਨਾਉਂ। ਮਿਲੇ ਗਵਾਰ ਲੋਕ ਸਮੁਦਾਊ। ਹਸਿਬੇ ਜੋਗ ਜਾਤ ਜਿਨ ਕੇਰੀ। ਮੋ ਤੇ ਸੁਨੋ ਕਹੌਂ ਇਸ ਬੇਰੀ। ਘਨੇ ਜਾਤ ਹੈਂ ਅਧਿਕ ਗਵਾਰ। ਨਾਈ ਬਾਮਣ ਸੂਦ ਸੁਨਾਰ। ਬਨੀਏ ਰੋੜੇ ਜਾਟ ਲੁਹਾਰ। ਝੀਵਰ ਜਾਤ ਕਲਾਲ ਕੁਮ੍ਹਾਰ। ਖਾਤੀ ਛੀਂਬੇ ਔਰ ਲੁਬਾਣੇ। ਛੱਤੀਸ ਜਾਤਿ ਸਨਾਤਿ ਪਛਾਣੋ। ਅਪਰ ਕਹਾਂ ਲਗ ਕਰੌਂ ਉਚਾਰ। ਹੈਂ ਹਲਾਲ ਖੁਰ ਨੀਚ ਚਮਾਰ। ਪਕਰੀ ਜਾਇੰ ਨ ਕਰ ਤਰਵਾਰੈਂ। ਨਹਿੰ ਜਾਨਹਿੰ ਕਿਮ ਤੋਮਰ ਧਾਰੈਂ। ਤੀਰ ਤੁਫੰਗ ਪ੍ਰਹਾਰਨ ਜੋਇ। ਇਹਵਿਦਯਾ ਤਿਨਕੋਕਿਮ ਹੋਇ॥੩੯॥ [ਰੁਤ ੨ ਅੰਸੂ ੨੨ |

੨੩. ਸਿੰਘ ਸਾਗਰ-ਇਹ ਗ੍ਰੰਥ ੧੯੮੪ ਬਿ: ਵਿਚ ਭਾਈ ਵੀਰ ਸਿੰਘ ਬੱਲ ਨੇ ਲਿਖਿਆ ਹੈ। ਇਸ ਗ੍ਰੰਥ ਨੂੰ ਪੜ੍ਹਨ ਤੋਂ ਇਹੀ ਜਾਪਦਾ ਹੈ ਕਿ ਇਹ ਪੁਸਤਕ ਕਵੀ ਜੀ ਪਾਸ ਨਹੀਂ ਸੀ, ਯਾ ਜੇ ਸੀ ਤਾਂ ਇਸ ਵਿਚੋਂ ਕੋਈ ਗਲ ਖਾਸ ਤੌਰ ਤੇ ਲਈ ਗਈ ਸਹੀ ਨਹੀਂ ਹੁੰਦੀ।

ਇਹ ਗ੍ਰੰਥ ਬੀ ਦਸਮ ਗੁਰੂ ਜੀ ਦਾ ਜੀਵਨ ਹੈ ਇਤਿਹਾਸਿਕ ਮਸਾਲਾ ਘੱਟ ਹੈ ਪਰ ਕਵਿਤਾ ਬੜੀ ਸੁੰਦਰ ਹੈ। ਇਸ ਲੇਖਕ ਜੀ ਦੇ ਹੋਰ ਕਾਵ੍ਯ ਗ੍ਰੰਥ ਬੀ ਦੇਖੇ ਹੈਨ।

—o—

੧ ੳ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ੪. ਕਵੀ ਜੀ ਦੀ ਕਵਿਤਾ।

## ੧. ਬੋਲੀ।

ਇਤਿਹਾਸ ਤੋਂ ਛੁੱਟ ਕਵੀ ਸੰਤੋਖ ਸਿੰਘ ਜੀ ਦੀ ਰਚਨਾ 'ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ' ਇਕ ਸਾਹਿਤਜ ਦਾ ਬੜਾ ਭਾਰੀ ਗ੍ਰੰਥ ਹੈ, ਜਿਸ ਵਿਚ ਕਵਿਤਾ ਅਪਣੇ ਜੋਬਨਾਂ ਤੇ ਹੈ। ਇਸ ਦੀ ਬੋਲੀ ਵਿਸ਼ੇਸ਼ ਕਰਕੇ ਬ੍ਰਿਜਭਾਸ਼ਾ ਹੈ। ਇਸੇ ਬੋਲੀ ਵਿਚ ਸਿੱਖ ਕਵੀ ਅਕਸਰ ਰਚਨਾਂ ਰਚਦੇ ਰਹੇ ਹਨ ਤੇ ਪੰਜਾਬ ਵਿਚ ਇਹ ਮਾਨੋਂ ਵਿਦਵਾਨਾਂ ਦੀ ਭਾਸ਼ਾ ਰਹੀ ਹੈ*। ਕਵੀ ਜੀ ਦੀ ਭਾਸ਼ਾ ਇਹੋ ਹੈ, ਚਾਹੋ ਕਿਤੇ ਕਿਤੇ ਹੋਰ ਤਰ੍ਹਾਂ ਦੇ ਹਿੰਦੀ ਝਲਕੇ ਬੀ ਹੈਨ ਤੇ ਕੋਈ ਟਾਵਾਂ ਪਦ ਪੰਜਾਬੀ ਦਾ ਬੀ ਆ ਗਿਆ ਹੈ ਪਰ ਬੋਲੀ ਦੀ ਬੰਦਸ਼ ਮੁਹਾਵਰਾ ਤੇ ਬਿਆਨ ਦਾ ਤ੍ਰੀਕਾ ਬ੍ਰਿਜਭਾਸ਼ਾ ਦਾ ਹੈ। ਅਕਸਰ ਵੇਰ ਆਪ ਦੀ ਰਚਨਾ ਦੀ ਮਿਠਾਸ ਤੁਲਸੀ ਤੇ ਕੇਸ਼ੋਦਾਸ ਦਾ ਟਪਲਾ ਦੇ ਜਾਂਦੀ ਹੈ ਤੇ ਬਹੁਤ ਵੇਰ ਉਨ੍ਹਾਂ ਤੋਂ ਅਗ ਨਿਕਲ ਜਾਂਦੀ ਹੈ। ਚਾਹੋ ਬੋਲੀ ਦੇ ਲਿਹਾਜ਼ ਵਿਚ ਤੁਲਸੀ ਦੀ ਰਚਨਾ ਵਿਸ਼ੇਸ਼ ਕਰਕੇ ਅਵਧੀ ਹਿੰਦੀ ਹੈ ਤੇ ਇਸ ਕਰਕੇ ਕੰਨਾਂ ਨੂੰ ਵਧੇਰੇ ਪ੍ਰਿਯ ਲਗਦੀ ਹੈ। ਬ੍ਰਿਜਭਾਸ਼ਾ ਚਾਹੋ ਬ੍ਰਿਜ ਦੀ ਬੋਲੀ ਹੈ, ਪਰ ਵਿਦ੍ਵਾਨਾਂ ਦੇ ਹੱਥਾਂ ਵਿਚ ਸਦੀਆਂ ਮੰਝਦੇ ਰਹਿਣ ਕਰਕੇ ਇਸ ਵਿਚ ਸੰਸਕ੍ਰਿਤ ਦਾ ਪ੍ਰਵੇਸ਼ ਬਹੁਤ ਹੋਕੇ ਮਾਲਾਮਾਲ ਹੋ ਰਹੀ ਹੈ। ਇਸ ਪਹਿਲੂ ਵਿਚ ਕਵੀ ਜੀ ਨੇ ਬੀ ਕਸਰ ਨਹੀਂ ਛੱਡੀ। ਭਾਵੇਂ ਕਿ ਸੰਸਕ੍ਰਿਤ ਕੋਸ਼ ਨੂੰ ਆਪ ਨੇ ਇਸ ਗ੍ਰੰਥ ਵਿਚ ਕਾਫੀ ਤੋਂ ਵਧੀਕ ਵਰਤਿਆ ਹੈ। ਇਹੋ ਕਾਰਨ ਹੈ ਕਿ ਸਾਧਾਰਣ ਹਿੰਦੀ ਭਾਸ਼ਾ ਦਾ ਜਾਣੂ ਗੁ: ਪ੍ਰ: ਸੂਰਜ ਗ੍ਰੰਥ ਦੇ ਸਾਰੇ ਅਰਥ ਨਹੀਂ ਲਗਾ ਸਕਦਾ। ਕੋਸ਼ਕਾਰ ਹੋਣ ਕਰਕੇ ਆਪ ਦੀ ਗੰਮਤਾ ਕੋਸ਼ ਵਿਚ ਬਹੁਤ ਜ਼ਜਾਦਾ ਸੀ। ਸੋ ਪਹਿਲੀ ਚੀਜ਼ ਸਾਹਿਤਜ ਦੀ ਬੋਲੀ ਹੁੰਦੀ ਹੈ। ਇਸ ਵਿਚ ਕਵੀ ਜੀ ਦਾ ਬੋਲੀ ਲਿੱਖਣ ਦੇ ਨੁਕਤੇ ਤੋਂ ਕਮਾਲ ਹੈ। ਫਿਰ ਉਸ ਵਿਚ ਕਿਤੇ ਅਵਧੀ ਹਿੰਦੀ ਦੀ ਝਾਲ ਬੀ ਸੁੱਟ ਗਏ ਹਨ ਤੇ ਕਿਤੇ ਕੋਈ ਖੜੀ ਬੋਲੀ ਦਾ ਨਮੂਨਾ ਬੀ ਮਿਲ ਜਾਂਦਾ ਹੈ, ਪਰ ਵਿਸ਼ੇਸ਼ ਕਰਕੇ

---

*ਪੰਜਾਬ ਵਿਚ ਸਿੱਖਾਂ ਨੇ ਪੰਜਾਬੀ ਦਾ ਪ੍ਰਚਾਰ ਕੀਤਾ ਹੈ। ਇਹੋ ਹੀ ਮੋਢੀਵਾਲ ਹੈਨ, ਜਿਨ੍ਹਾਂ ਇਸ ਦੀ ਬਾਂਹ ਫੜੀ ਤੇ ਉੱਚੀ ਕੀਤੀ ਤੇ ਹੁਣ ਕੁਛ ਹਿੰਦੂ ਮੁਸਲਮਾਨਾਂ ਬੀ ਥੋੜਾ ਰੁਖ ਇਸ ਵਲ ਕੀਤਾ ਹੈ ਤੇ ਇਹ ਫੈਲ ਰਹੀ ਹੈ। ਪਰ ਬ੍ਰਿਜਭਾਸ਼ਾ ਵਿਚ ਸਿੱਖ ਕਵੀ ਐਨਾ ਕੁਛ ਲਿਖ ਚੁਕੇ ਹਨ ਕਿ ਇਸ ਨ ਲ ਸਤ ਓਪਰੇ ਹੋ ਜਾਣਾ ਸਾਡੇ ਲਈ ਆਪਣੇ ਬਜ਼ੁਰਗਾਂ ਦੇ ਇਕ ਭਾਰੀ ਖਜ਼ਾਨੇ ਤੋਂ ਵਾਂਜੇ ਜਾਣਾ ਹੋਵੇਗਾ। ਸਿੱਖ ਵਿਦਵਾਨਾਂ ਨੂੰ ਬ੍ਰਿਜ ਭਾਸ਼ਾ ਨਾਲ ਬੀ ਸਨੇਹ ਰੱਖਣਾ ਜ਼ਰੂਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੀ ਇਹ ਬੋਲੀ ਕਿਤੇ ਕਿਤੇ ਆਈ ਹੈ ਤੇ ਸੁਖਮਨੀ ਸਾਹਿਬ ਜੀ ਦੀ ਰਚਨਾਂ ਵਿਚ ਜੋ ਸਾਹਿਤਕ ਕਮਾਲ ਪੰਜਵੇਂ ਸਤਿਗੁਰਾਂ ਕੀਤਾ ਹੈ ਓਹ ਅਚਰਜ ਹੈ। ਇਸ ਦੀ ਬੋਲੀ ਐਸੀ ਹੈ ਕਿ ਪੰਜਾਬੀ ਤੇ ਹਿੰਦੀ ਦੇ ਜਾਣਨ ਵਾਲੇ ਦੋਵੇਂ ਹੀ ਸੁਖਮਨੀ ਸਾਹਿਬ ਨੂੰ ਸਮਝ ਲੈਂਦੇ ਹਨ।

ਬ੍ਰਿਜਭਾਸ਼ਾ ਹੀ ਹੈ। ਕਿਤੇ ਟਾਵੇਂ ਥਾਈਂ ਪੰਜਾਬੀ ਦੇ ਪਦਾਂ ਦੀ ਜੜਤਕਾਰੀ ਬੀ ਇਕ ਆਪਣੀ ਮਿੱਠੀ ਮਿੱਠੀ ਝਿਲਮਿਲਕਾਰੀ ਆਭਾ ਦੇ ਰਹੀ ਭਾਸਦੀ ਹੈ। ਕਈ ਥਾਈਂ ਆਪ ਨੇ ਛੰਦ ਹੀ ਪੰਜਾਬੀ ਦੇ ਰਚਕੇ ਵਿਚ ਮੀਨਾਕਾਰ ਕੀਤੇ ਹਨ। ਯਥਾ:—

*ਹਲਾਹਲੀ ਭਟ ਜੁੱਟੇ ਭੜਦੂ ਮੱਚਿਆ। ਚੜ੍ਹੇ ਕੰਧ ਪਰ ਸੁੱਟੇ ਮੁੰਡੀਆ ਹੇਠਵੇਂ।
ਕੇਤਿਕ ਪਚ ਪਚ ਹੱਟੇ ਘਾਇਲ ਗਿਰਪਰੇ। ਮਰਿਗੇ ਪ੍ਰਾਣ ਨਿਖੁੱਟੇ ਟੱਟਰ ਫੁੱਟਿ ਕੈ॥ ੨੮॥
[ਰੁ: ੬ ਅੰਸੂ ੩੬

ਫਿਰ ਉਸ ਸਮੇਂ ਦੇ ਲੇਖਕਾਂ ਵਾਂਙੂ ਸੰਸਕ੍ਰਿਤ ਨਾਲ ਇਸ ਬ੍ਰਿਜਭਾਸ਼ਾ ਨੂੰ ਭੂਸ਼ਿਤ ਕਰਨ ਵਿਚ ਆਪ ਦਾ ਕਦਮ ਸਭ ਤੋਂ ਅਗੇਰੇ ਹੈ, ਜਿਵੇਂ—ਜੇ ਇੰਦਰ ਦੇ ਨਾਮ ਲੱਭੋ ਤਾਂ ਸੰਸਕ੍ਰਿਤ ਦੇ ਲਗ ਪਗ ਸਾਰੇ ਆ ਗਏ ਹੋਣਗੇ। ਇਸ ਤਰ੍ਹਾਂ ਕਮਲ ਆਦਿ ਪਦਾਂ ਦਾ ਹਾਲ ਹੈ। ਹਿੰਦੀ ਵਿਚ ਜੇ ਕਿਸੇ ਸ਼ੈ ਲਈ ੨੦ ਪਦ ਹਨ ਤਾਂ ਕਵੀ ਜੀ ਲਗ ਪਗ ਸਾਰੇ ਵਰਤ ਜਾਣਗੇ। ਦੇਖੋ ਕਸ਼ਮੀਰੀ ਪੰਡਤਾਂ ਦੀ ਸ਼ਿਵ ਉਪਾਸਨਾ ਅੰਕਿਤ ਕਰਦੇ ਹੋਏ ਸ਼ਿਵ ਦੇ ਨਾਮ ਕਿਤਨੇ ਦਿੰਦੇ ਹਨ:—

ਸ਼ਿਵ ਕੇ ਨਾਮ ਹਜ਼ਾਰਹੁ ਕਹੈਂ। ਸੰਭੂ, ਚੰਦ੍ਰਚੂੜ, ਮ੍ਰਿੜ ਅਹੈਂ।
ਨੀਲਕੰਠ, ਸੂਲੀ, ਹਰ, ਜਟੀ। ਬਰਨ ਸੁ ਬਿਸਦ ਬਿਭੂਤੀ ਠਟੀ।
ਅੰਧਕ ਘਾਤਕ, ਰੁਦ੍ਰ, ਤ੍ਰਿਲੋਚਨ। ਸ਼ੰਕਰ ਸੇਵਕ ਸੋਚ ਬਿਮੋਚਨ ॥੩੦॥
ਤਪ ਕੀ ਮੂਰਤ ਬਹੁਤ ਪ੍ਰਤਾਪੇ। ਹੋਤਿ ਪ੍ਰਸੰਨ ਅਲਪ ਜਪ ਜਾਪੇ।
ਮਹਾਂ ਦੇਵ, ਭਵ, ਭੱਦ੍ਰ ਕਰੰਤਾ। ਤ੍ਰਿਪੁਰਹਰਗੋਤਿਮ ਵਿਘਨਹਰੰਤਾ॥੩੧॥
"ਪਾਰਬਤੀ ਪਤਿ, ਪਾਨ ਪਿਨਾਕੁ। ਕਰਹੁ ਚਹਹੁ ਜਿਮ ਕਹਿ ਇਕ ਵਾਕੁ।
"ਦੀਨ ਬੰਧੁ ਦੁਖ ਦਾਰਿਦ ਹਰਤਾ। ਸੈਲ ਕਿਲਾਸ਼ ਵਾਸ ਆਚਰਤਾ।
ਪ੍ਰਭੁ, ਪਸ਼ੂ ਪਤਿ, ਈਸ਼ੁਰ, ਭਗਵਾਨ। ਭੁਗਤਹਿ ਜਗ ਨਿਤ ਤੇਰੋ ਦਾਨ ॥੩੪॥
[ਰਾ: ੧੨ ਅੰਸੂ ੨੭

ਇਸੀ ਤਰ੍ਹਾਂ ਬ੍ਰਹਮਾ, ਇੰਦ੍ਰ, ਆਦਿਕਾਂ ਲਈ ਅਨੇਕਾਂ ਹੀ ਕਵੀ ਜੀ ਦੇ ਵਰਤੇ ਹੋਏ ਪਦ ਸੁਣ ਕੇ ਕੱਠੇ ਕਰੋ ਤਾਂ ਸੰਸਕ੍ਰਿਤ ਕੋਸ਼ ਢੇਰ ਸਾਰਾ ਵਰਤਿਆ ਹੋਇਆ ਦਿੱਸੇਗਾ। ਗੁਰ ਪ੍ਰਤਾਪ ਸੂਰਜ ਦੇ ਪੜ੍ਹਨ ਪੜ੍ਹਾਣ ਵਿਚ ਇਕ ਵੱਡੀ ਮੁਸ਼ਕਲ ਇਹੋ ਰਹੀ ਹੈ ਕਿ ਸੰਸਕ੍ਰਿਤ ਦੇ ਪਦਾਂ ਲਈ ਸਾਰੇ ਕੋਸ਼ ਦੇ ਪਦਾਂ ਦੇ ਜਾਣਨ ਦੀ ਲੋੜ ਪੈਂਦੀ ਹੈ, ਫਿਰ ਲਿਖਾਰੀਆਂ ਦੇ ਮਿਲਵੇਂ ਲਿੱਖਣ ਕਰ ਕੇ ਤੇ ਸੰਸਕ੍ਰਿਤ ਤੋਂ ਅੱਗਜਾਤ ਹੋਣ ਕਰਕੇ ਅਨੇਕ ਭੁੱਲਾਂ ਉਨ੍ਹਾਂ ਕੀਤੀਆਂ ਤੇ ਅਨੇਕ ਭੁੱਲਾਂ ਪਦ ਨਾਂ ਨਿਖੇੜੇ ਜਾ ਸਕਣ ਕਰਕੇ ਗਗਨੀਆਂ ਤੋਂ ਹੁੰਦੀਆਂ ਰਹੀਆਂ ਹਨ। ਜਿਹਾ ਕੁ ਪਿਛੇ ਬੀ ਕਹਿ ਆਏ ਹਾਂ, ਐਨ ਦੇ ਅੰਸੂ ੩੬ ਅੰਕ ੧੫ ਵਿਚ ਅਕਸਰ ਗਗਨੀ ਪਾਠ ਕਰਦੇ ਹਨ:—'ਜਿਨ ਕੋ ਪੂਜ ਕਰੇਤ ਕ੍ਰਿਸਾਨ' ਇਸ ਦਾ ਅਰਥ ਲਗਦਾ ਰਿਹਾ ਹੈ:—ਜਿਨ੍ਹਾਂ ਦੀ ਪੂਜਾ ਕਰਦੇ ਹਨ

*ਇਸ ਸਾਰੇ ਪ੍ਰਕਰਣ ਵਿਚ ਕਵੀ ਜੀ ਦੀ ਰਚਨਾ ਦੇ ਜੋ ਜੋ ਛੰਦ ਜਿੱਥੇ ਜਿੱਥੇ ਆਏ ਹਨ ਪਤੇ ਨਾਲ ਨਾਲ ਦਿੱਤੇ ਹੋਏ ਹਨ ਕਿ ਓਹ ਇਸ ਗ੍ਰੰਥਾਵਲੀ ਵਿਚ ਕਿਸ ਟਿਕਾਣੇ ਤੇ ਹਨ, ਤਾਂ ਕਿ ਪਾਠਕਾਂ ਨੂੰ ਪ੍ਰਯਾਯ ਤੇ ਅਰਥਾਂ ਦੇ ਲੱਭ ਲੈਣ ਦੀ ਸੁਖੈਨਤਾ ਹੋ ਜਾਵੇ। ਪਾਠਕ ਜਨ ਉਹਨਾਂ ਥਾਵਾਂ ਤੋਂ ਛੰਦਾਂ ਦੇ ਪ੍ਰਯਾਯ ਪੜ੍ਹ ਲੈਣ।

ਦੇਵਤੇ। 'ਕ੍ਰਿਸਾਨ' ਨਾਮ ਅਗਨੀ ਦਾ ਹੈ ਤੇ ਗੁਣੀ ਜਨ ਅਗਨੀ ਉਪਲਖਤ ਦੇਵਤਾ ਅਰਥ ਲਾਉਂਦੇ ਰਹੇ ਹਨ। ਪਰ ਕਵੀ ਜੀ ਦਾ ਅਭਿੱਪ੍ਰਾਯ ਇਉਂ ਸੀ 'ਜਿਨ ਕੇ ਪੂਜਕ ਰੇਤ ਕ੍ਰਿਸਾਨ'। ੧੯੧੨ ਵਾਲੇ ਨੁਸਖੇ ਦਾ ਇਹ ਪਾਠ ਸ਼ੁੱਧ ਹੈ। ਲਿਖਾਰੀਆਂ ਨੇ 'ਰੇ' ਨੂੰ 'ਰੋ' ਕਰ ਛਡਿਆ ਸੀ, ਜਿੱਥੋਂ ਟਪਲਾ ਲਗਦਾ ਸੀ। ਅੱਗੇ ਮਿਲਵੀਂ ਲਿੱਖਤ ਹੋਣ ਕਰਕੇ ਭਾਸ਼ਾ ਦੇ ਜਾਣਨਹਾਰ ਗਜਾਨੀ 'ਪੂਜ ਕਰੋਤ ਕ੍ਰਿਸ਼ਾਨ' ਪਦ ਛੇਦ ਕਰ ਲੈਂਦੇ ਸਨ। ਪਰ ਕਵੀ ਜੀ ਦਾ ਪਾਠ ਸੀ 'ਪੂਜਕ ਰੇਤ ਕ੍ਰਿਸ਼ਾਨ'। 'ਕ੍ਰਿਸ਼ਾਨੁ ਰੇਤਸੁ' ਸੰਸਕ੍ਰਿਤ ਵਿਚ 'ਸ਼ਿਵ ਜੀ' ਦਾ ਨਾਮ ਹੈ। ਇਸ ਦੀ ਵਿਤਪਤੀ ਹੈ:—ਕ੍ਰਿਸ਼ਾਨੁ=ਅਗਨੀ ਰੇਤਸੁ=ਬੀਰਜ, ਸੋ ਸ਼ਿਵ ਹੈ। ਜਦ ਅਸਾਂ ਕਵੀ ਜੀ ਦਾ ਨਾਮਕੋਸ਼ ਖੋਜਿਆ ਤਾਂ ਉਥੇ ਕਵੀ ਜੀ ਨੇ ਸ਼ਿਵ ਦੇ ਨਾਵਾਂ ਵਿਚ 'ਕ੍ਰਿਸ਼ਾਨ ਰੇਤਾ' ਪਦ ਦਿੱਤਾ ਹੈ, ਪਰ ਕਵੀ ਜੀ ਨੇ ਆਪਣੇ ਕੋਸ਼ ਵਿਚ 'ਕ੍ਰਿਸ਼ਾਨ' ਪਦ ਦਾ ਅਰਥ ਦੇਵਤਾ ਨਹੀਂ ਦਿੱਤਾ, ਐਉਂ ਨਿਰਸੰਸੇ ਸਿੱਧ ਹੋ ਗਿਆ ਕਿ ਤੁਕ ਦਾ ਸ਼ੁੱਧ ਪਾਠ ਹੈ:—'ਜਿਨ ਕੇ ਪੂਜਕ ਰੇਤ ਕ੍ਰਿਸ਼ਾਨੁ' ਤੇ ਅਰਥ ਹੈ ਕਿ ਜਿਨ੍ਹਾਂ (ਗੁਰੂ ਹਰਿਕ੍ਰਿਸ਼ਨ ਜੀ) ਦੇ ਪੂਜਾ ਕਰਨ ਵਾਲੇ ਸ਼ਿਵਜੀ ਹਨ। ਕਵੀ ਜੀ ਇਸ ਛੰਦ ਵਿਚ ਕ੍ਰਿਸ਼ਨ ਤੇ ਕ੍ਰਿਸ਼ਾਨ ਦਾ ਸ਼ਲੇਖ ਵਰਤਾਉ ਕਰ ਰਹੇ ਹਨ। ਇਸ ਤੁਕ ਦੇ ਅਰਥ ਵੇਲੇ ਖੋਜ ਕਰਦੇ ਕਰਦੇ ਸਾਨੂੰ ਪੂਜਜ ਪਿਤਾ ਜੀ ਦੀ ਇਕ ਟੂਕ ਮਿਲ ਗਈ ਜਿਸ ਵਿਚ ਆਪ ਨੇ ਇਹੋ ਪਾਠ ਤੇ ਇਹੋ ਅਰਥ ਕੀਤਾ ਸੀ ਤਦ ਮੂਲੋਂ ਤਸੱਲੀ ਹੋ ਗਈ*। ਇਸ ਤਰ੍ਹਾਂ ਅਨੇਕਾਂ ਥਾਈਂ ਕੋਸ਼ ਦੀਆਂ ਮੁਸ਼ਕਲਾਂ ਹਨ ਜੋ ਅਸੀਂ ਥਾਓਂ ਥਾਈਂ ਖੁਹਲਦੇ ਰਹੇ ਹਾਂ। ਏਹ ਮੁਸ਼ਕਲਾਂ ਮੁਸ਼ਕਲਾਂ ਤਾਂ ਹਨ, ਪਰ ਨਾਲ ਹੀ ਕਵੀ ਜੀ ਦੀ ਕੋਸ਼ ਦੀ ਵਾਕਫੀਅਤ ਦਾ ਕਮਾਲ ਹੈ।

## ੨. ਛੰਦ।

ਦੂਸਰਾ ਕਮਾਲ ਸਾਹਿਤਜ ਵਿਚ ਤੇ ਖਾਸ ਕਰਕੇ ਕਾਵਜ ਵਿਚ ਛੰਦਾ ਬੰਦੀ ਦਾ ਹੁੰਦਾ ਹੈ। ਕਵੀ ਜੀ ਇਸ ਪਾਸੇ ਬੀ ਬੜ੍ਹ ਚੜ੍ਹਕੇ ਚਲਦੇ ਹਨ। ਜੋ ਛੰਦ ਆਪ ਲੈਂਦੇ ਹਨ ਉਸ ਦੀ ਚਾਲ ਤੇ ਰਵਾਨੀ ਐਸੀ ਬੰਨ੍ਹਦੇ ਹਨ ਕਿ ਮਾਨੋਂ ਕੋਈ ਪਹਾੜੀ ਕੂਲ ਆਪਣੇ ਮਗਨ ਰਾਹੇ ਸੁਛੰਦ ਟੁਰ ਰਹੀ ਹੈ। ਕਵਿਤਾ ਦੀ ਗਤੀ ਕੁਦਰਤੀ ਜਾਪਦੀ ਹੈ। ਐਉਂ ਨਹੀਂ ਕਿ ਕਿਤੇ ਬੀ ਜਾਕੇ ਕੰਨਾਂ ਵਿਚ ਕੁਰੱਕਸ ਪੈਦਾ ਹੁੰਦੀ ਹੋਵੇ ਯਾ ਜਾਪੇ ਕਿ ਕਵੀ ਜੀ ਬੱਝ ਬੱਝ ਕੇ ਚੱਲ ਰਹੇ ਹਨ ਤੇ ਜਤਨ ਲਾ ਲਾਕੇ ਵਜ਼ਨਾਂ ਤੇ ਤੋਲਾਂ ਨੂੰ ਲਿਆ ਰਹੇ ਹਨ। ਅਸਲ ਵਿਚ ਆਪ ਦੀ ਤਬੀਅਤ ਵਿਚ ਕਵਿਤਾ ਦੀ ਰਵਾਨੀ ਕੁਦਰਤੀ ਸੀ, ਆਪ ਜਨਮੇ ਕਵੀ ਸੇ; ਯੂਨਾਨੀ ਭਾਸ਼ਾ ਵਿਚ ਕਹਾਵਤ ਹੈ ਕਿ 'ਕਵੀ ਜੰਮਦੇ ਹਨ ਬਣਾਏ ਨਹੀਂ ਜਾਂਦੇ।' ਅਸੀਂ ਆਪ ਦੇ ਜੀਵਨ ਵਿਚ ਇਕ ਮਾਈ ਦੀ ਜ਼ੁਬਾਨੀ ਦੱਸ ਆਏ ਹਾਂ ਕਿ ਕਵੀ ਜੀ ਨਿਰਯਤਨ ਕਮਾਲ ਦੀ ਰਵਾਨੀ ਦੇ ਛੰਦ ਉਚਾਰਿਆ ਕਰਦੇ ਸਨ।

ਚੌਪਈ ਵਿਚ ਮ੍ਰਿਦੁਲਤਾ ਤੇ ਦੋਹੇ ਵਿਚ ਗਮਕ ਮਸ਼ਹੂਰ ਲੋੜਾਂ ਹਨ। ਕਈ ਵੇਰ ਤੁਲਸੀ ਤੇ ਬਿਹਾਰੀ ਦੇ ਪਾਠਕਾਂ ਨੇ ਕਵੀ ਜੀ ਦੀ ਚੌਪਈ ਤੇ ਦੋਹਰੇ ਸੁਣਕੇ ਆਪਣੇ ਕਵੀਆਂ ਦੀ ਰਚਨਾ ਸਮਝੇ ਹਨ। ਦੇਖੋ ਚੌਪਈ ਤੇ ਦੋਹਰਾ:—

ਜਗ ਮਹਿੰ ਰਘੁਬਰ ਕੁਲ ਅਕਲੰਕਾ। ਪ੍ਰਗਟੇ ਬੇਦੀ ਕੁਮੁਦ ਮਯੰਕਾ। ਏਕੰਕਾਰ

*ਇਸ ਤੁਕ ਦੀ ਵਿਸ਼ੇਸ਼ ਵਜਾਖਜਾ ਲਈ ਦੇਖੋ ਐਨ ੨ ਅੰਸੂ ਸੁਣ ਅੰਕ ੧੫ ਦੇ ਅਰਥ।

ਧਾਰਿ ਨਿਜ ਰੂਪਾ। ਪ੍ਰਗਟੇ ਸਤਿਗੁਰ ਰੂਪ ਅਨੂਪਾ॥੨੬॥ ਦੋਹਰਾ—ਨਿਸ ਕੁਚਾਲ ਕਲਿਕਾਲ ਤਮ ਉਡਗਨ ਦੰਭ ਸਮਾਜ। ਭਏ ਕੁਮੁਦ ਸੇ ਅਨਿਕ ਮਤ ਇੰਦ ਮੁਹੰਮਦ ਰਾਜ॥੨੭॥ ਚੌਪਈ—ਤਿਨਕੇ ਹਰਨ ਬਾਲ ਦਿਨ ਰਾਊ। ਉਦੇ ਸੁ ਨਾਨਕ ਤੇਜ ਪ੍ਰਭਾਉ। ਬਚਨ ਕਿਰਨ ਜਾ ਮਹਿਂ ਪਰਕਾਸ਼ੇ। ਸੰਤ ਤਾਮਰਸ ਹੇਰਿ ਵਿਕਾਸ਼ੇਂ॥੨੮॥ ਦੰਭੀ ਸਮ ਉਲੂਕ ਦੁਖ ਭਾਰੀ। ਕਿੰਕਰ ਕੋਕ ਭਏ ਸੁਖਿਆਰੀ। ਆਤਪ ਭਗਤਿ ਜਗਤ ਪਰਕਾਸ਼ੀ। ਨੀਂਦ ਅਵਿੱਦਯਾ ਸਿੱਖਨ ਨਾਸ਼ੀ॥ ੨੯॥ ਗਯਾਨ ਨਾਮ ਮਹਿ ਨਰ ਬਰ ਜਾਗੇ। ਕਲਮਲ ਸੁਪਨਾ ਜਯੋਂ ਮਨ ਤਯਾਗੇ। ਧਰਮ ਧਰਤਿ ਧੀਰਜ ਕੇ ਹੇਤਾ। ਪ੍ਰਗਟੇ ਸ੍ਰੀ ਬੇਦੀ ਕੁਲਕੇਤਾ* ॥ ੩੦ ॥
[ਨਾ: ਪ੍ਰ: ਪ੍ਰ: ਧਿ: ੩

ਦੋਹਰਾ†—ਸਤਿਗੁਰ ਮਮ ਬੇਰੀ ਕਟਹੁ ਨਿਜ ਬੇਰੀ ਪਰ ਚਾਰਿ।
ਇਸ ਬੇਰੀ ਹੁਇ ਭਵ ਸਵਲ ਬਿਨ ਬੇਰੀ ਕਰਿ ਪਾਰ।੧। [ਨਾ: ਪ੍ਰ: ਪ੍ਰ: ਧਿ: ੪੯
ਸ੍ਰੀ ਗਰ ਪਗ ਸ਼ੋਭਾ ਬਿਮਲ ਕਰਿ ਉਰ ਕੋ ਲੰਕਾਰ।
ਸ਼ੁਭ ਸੁੰਦਰਤਾ ਪਾਇ ਹੈ ਦ੍ਵੈ ਲੋਕਨ ਸਤਿਕਾਰ॥ ੧॥ [ਨਾ: ਪ੍ਰ: ਪ੍ਰ: ਧਿ: ੬੭
ਮਨ ਮੂਖਕ ਬਿਲ ਬਾਸ਼ਨਾ ਪਕਰੈਂ ਕੋਨ ਉਪਾਇ।
ਪਾਰਦ ਸ਼੍ਰੀ ਗੁਰ ਪ੍ਰੇਮ ਪਗ ਪਜਾਵਹੁ ਹ੍ਵੈ ਥਿਰ ਥਾਇ॥੧॥ [ਨਾ: ਪ੍ਰ: ਪ੍ਰ: ਧਿ: ੬੪
ਸ੍ਰੀ ਗੁਰ ਚਰਨ ਤਰੋਵਰੰ ਸੀਤਲ ਸੁੰਦਰ ਛਾਇ।
ਮ੍ਰਿਗ ਮਨ ਬਿਸ਼ਯਾਤਪ ਤਪਜੋ ਹ੍ਵੈ ਸੁਖ ਤਹਾਂ ਟਿਕਾਇ।੧। [ਨਾ: ਪ੍ਰ: ਪ੍ਰ: ਧਿ: ੫੭
ਮਯਾ ਸਦਨ, ਪੰਕਜ ਬਦਨ, ਮੋਹ ਕਦਨ, ਗਤਿ ਦੈਨ।
ਚਰਨ ਸ਼ਰਨ ਤਿਨ ਪਰਨ ਮਮ ਦਰਸ਼ਨ ਪਰਸਨ ਚੈਨ।੧। [ਨਾ: ਪ੍ਰ: ਪ੍ਰ: ਧਿ: ੫੦

ਇਸੀ ਤਰ੍ਹਾਂ ਆਪ ਦਾ ਸਵੈਯਾ ਅਨੇਕ ਵਜ਼ਨਾਂ ਦਾ ਸੁਛੰਦ ਤੇ ਰਸਦਾਇਕ ਬੰਦਸ਼ ਵਿਚ ਹੁਰਦਾ ਹੈ:—

ਛਬਿ ਛਾਪ ਛਲਾਯਨਿ ਚਾਰੁ ਛਕੀ, ਕਟ ਤੇ ਤਟ ਕਾਛ ਕਛੀ ਬਿਧਿ ਆਛੀ।

---

*ਗੁਸਾਈਂ ਤੁਲਸੀ ਜੀ ਦੀ ਨਮੂਨਾ ਮਾਤ੍ਰ ਚੌਪਈ:—
ਯਹ ਸਭ ਰੁਚਿਰ ਚਰਿਤ ਮੈਂ ਭਾਖਾ। ਅਬ ਸੋ ਸੁਨਹੁ ਜੁ ਬੀਚਹਿਂ ਰਾਖਾ।
ਅਵਧਪੁਰੀ ਰਘੁਕੁਲ ਮੁਨਿ ਰਾਊ। ਬੇਦ ਬਿਦਤ ਤਿਹ ਦਸਰਥ ਨਾਊ।
ਧਰਮ ਧੁਰੰਧਰ ਗੁਨ ਨਿਧਿ ਗਯਾਨੀ। ਹ੍ਰਿਦਯ ਭਗਤਿ ਮਤਿ ਸਾਰੰਗ ਪਾਨੀ।
[ਬਾਲ ਕਾਂਡ ੨੧੪

†ਬਿਹਾਰੀ ਜੀ ਦੇ ਨਮੂਨੇ ਮਾਤ੍ਰ ਕੁਛ ਦੋਹੇ ਇਸ ਪ੍ਰਕਾਰ ਹਨ:—
ਕੋਊ ਕੋਰਿਕ ਸੰਗ੍ਰਹੋ ਕੋਊ ਲਾਖ ਹਜ਼ਾਰ। ਮੋ ਸੰਪਤਿ ਜਦੁਪਤ ਸਦਾ ਬਿਪਤ ਬਿਦਾਰਨ ਹਾਰ॥੯੭॥ ਯਾ ਅਨੁਰਾਗੀ ਚਿੱਤ ਕੀ ਗਤਿ ਸਮਝੈ ਨਹਿਂ ਕੋਇ। ਜਯੋਂ ਜਯੋਂ ਬੂਡੈ ਸ਼ਯਾਮ ਰੰਗ ਤਯੋਂ ਤਯੋਂ ਉਜਲ ਹੋਇ॥੧੨੧॥ ਬਡੇ ਨ ਹੂਜੈ ਗੁਨਨ ਬਿਨ ਬਿਰਦ ਬਡਾਈ ਪਾਇ। ਕਹਤ ਧਤੂਰੇ ਸੋਂ ਕਨਕ ਗਹਨੋ ਗਢਯੋ ਨ ਜਾਇ॥ ੧੯੧॥ ਨਿਰਦਯ ਨੇਹ ਨਯੋ ਨਿਰਖ ਭਯੋ ਜਗਤ ਭੈ ਭੀਤ। ਯਹ ਨ ਕਹੂੰ ਅਬ ਲੌ ਸੁਨੀ ਮਰਿ ਮਾਰਿਯੈ ਜੁ ਮੀਤ॥ ੩੭੦॥ [ਬਿਹਾਰੀ ਸਤਿਸਈ।

ਕਰ ਕੰਕਨ ਕੰਚਨ ਹੀਰ ਗਢੇ, ਬਿਚ ਚੰਚਲ ਲੋਚਨ ਜਯੋਂ ਜਲ ਮਾਛੀ।
ਗਰ ਪ੍ਰਾਬ੍ਰਿਤ ਨੀਵ ਮਨੋਗ ਬਨ੍ਯੋ, ਬਰ ਚੀਰਨ ਕੀ ਕਰਿ ਪੋਸ਼ਿਸ਼ ਕਾਛੀ।
ਖਰ ਤੀਰ ਧਰੇ ਕਰ ਫੇਰਤਿ ਹੇਰਤਿ, ਦੇਹਿ ਧਰੇ ਨਰ ਪੂਰਨ ਸਾਛੀ ॥ ੨੯ ॥

[ਨਾ: ਪ੍ਰ: : ਧਿ: ੧

ਇਹੋ ਹਾਲ ੨੮ ਮਾਤ੍ਰਾ ਦੇ ਦਵੇਯਾ ਆਦਿ ਛੰਦਾਂ ਦਾ ਹੈ:—

ਚਰਨ ਕਮਲ ਕਲਮਲਹਿ ਨਿਵਾਰਨ, ਉਰ ਧਰਿ ਧਯਾਨਹਿ ਤਿਨ ਕੋ।
ਸ੍ਰੀ ਨਾਨਕ ਇਤਿਹਾਸ ਬਖਾਨੋਂ, ਦੁਖ ਨਾਸ਼ਨ ਪ੍ਰਨ ਜਿਨ ਕੋ।
ਸੁਸਾ ਅਵਾਸ ਗਏ ਸੁਖਰਾਸੀ, ਮਿਲੀ ਸੋਦਰੀ ਹਿਤ ਸੋਂ।
ਸਾਦਰ ਮੰਚ ਡਸਾਇ ਬਿਸਾਏ, ਹਰਖੀ ਸਰਸ ਅਮਿਤ ਸੋਂ ॥ ੧ ॥

[ਨਾ: ਪ੍ਰ: ਪੂ: ਧਿ: ੪੫

ਕਬਿੱਤ ਉਤੇ ਆਪ ਦਾ ਕਮਾਲ ਡਾਢਾ ਹੀ ਵਧਵਾਂ ਹੈ:—

ਦਯੋਤ ਕਰ ਚੰਡ ਮਹਿਂ, ਨੀਤ ਨ੍ਰਿਪ ਦੰਡ ਮਹਿਂ, ਦਾਨ ਗਜ ਗੰਡ ਮਹਿਂ, ਸ਼ੋਭਤਿ ਅਪਾਰ ਹੈ। ਹਵੀ ਜਿਮ ਖੀਰ ਮਹਿਂ, ਧੀਰ ਜਿਮ ਬੀਰ ਮਹਿਂ, ਸੀਰ ਹਿਮ ਨੀਰ ਮਹਿਂ, ਹੋਤਿ ਸੁਖਕਾਰ ਹੈ। ਜੋਨ੍ਹ ਜਿਮ ਇੰਦ ਮਹਿਂ, ਗੰਧਿ ਅਰਵਿੰਦ ਮਹਿਂ, ਮੋਖ ਤਤਬਿੰਦ ਮਹਿਂ, ਜਾਨਿ ਨਿਰਧਾਰ ਹੈ। ਸੂੱਛ ਜਸ ਦਾਨ ਮਹਿਂ, ਤਾਨ ਜਿਮ ਗਾਨ ਮਹਿਂ, ਗ੍ਰੰਥ ਗੁਰ ਗਜਾਨ ਮਹਿ ਤੈਸੇ ਰਸ ਸਾਰ ਹੈ ॥ ੧ ॥

[ਨਾ ਪ੍ਰ: ਪੂ ਧਿ: ੭

ਡਾਢੇ ਕਠਨ ਵਜ਼ਨਾਂ ਨੂੰ ਜੋ ਆਮ ਵਰਤਾਰੇ ਦੇ ਨਹੀਂ ਹਨ, ਜਦ ਲੈ ਬੈਠਦੇ ਹਨ ਤਾਂ ਬੀ ਕਿਤੇ ਝਿਜਕ ਖਾਂਦੇ ਨਜ਼ਰ ਨਹੀਂ ਪੈਂਦੇ, ਉਵੇਂ ਹੀ ਮਸਤ ਚਾਲ ਤੇ ਸੁਤੇ ਪ੍ਰਵਾਹ ਚਲਦਾ ਹੈ ਜਿਵੇਂ ਕਿ ਸੌਖੇ ਛੰਦਾਂ ਵਿਚ ਦਿੱਸਦਾ ਹੈ ਤੇ ਫਿਰ ਵਾਧੇ ਦੀ ਗਲ ਇਹ ਵੀ ਹੈ ਕਿ ਉਸ ਵਿਚ ਆਪਣੀ ਚਿੱਤ੍ਰਕਾਰੀ ਦਾ ਕਮਾਲ ਦਿਖਾਉਂਦੇ ਹਨ:—

ਅੰਮ੍ਰਿਤ ਧੁਨਿ—ਥਲ ਥਲ ਦਲ ਖਲਭਲ ਪਰਯੋ ਲੋਥ ਉਲੱਥ ਪਲੱਥ। ਜਸਵਾਰੀ ਕੋ ਫਿਰਤਿ ਹੈ ਹਾਥੀ ਹੱਥ ਪ੍ਰਮੱਥ। ਹੱਥ ਪ੍ਰਮੱਥਥ ਕਿੱਤ ਨ ਪੱਥਥ ਥਿਤ ਜਹਿਂ ਜੁੱਥਥ। ਥਲ ਥਲ ਗੁੱਥਥ ਥਿਰਤ ਨ ਸੱਥਥ ਥਰ ਥਰ ਗੁੱਥਥ। ਥੰਭਤਿ ਨ ਕਿੱਥਥ ਥਿਰ ਥਿਰ ਚਿੱਥਥ ਥਪੁ ਉਪਲੱਥਥ। ਬਿਸਲ ਚਲੱਥਥ ਥੁਰਧ ਨਮੱਥਥ ਥਕਤ ਪਰੇ ਥਲ ਥਲ ॥ ੧੫ ॥

[ਰੁ: ੪ ਅੰਸੂ ੨੭

ਲਲਿਤਪਦ ਛੰਦ*—ਸੂਰਨ ਪਰਖਤਿ ਹੂਰਨ ਬਿਚਰਤਿ ਪਿਖਿ ਪਿਖਿ ਬਰਹਿ ਉਤਾਲਾ। ਖੰਜਨ ਲੋਚਨ ਅੰਜਨ ਅੰਜਤਿ ਕਰਹਿਂ ਸ਼ਿੰਗਾਰ ਬਿਸਾਲਾ। ਮੰਜਤਿ ਮੁਖ ਰੰਜਤਿ ਨਿਜ ਬਰ ਕੋ ਹਾਸ ਬਿਲਾਸਨ ਸੰਗਾ। ਮਹਿੰਦੀ ਕਰਹਿ ਅਰੁਨ ਕਰ ਚਰਨਨ ਤਰੁਨ ਹਰਨ ਮਨ ਅੰਗਾ ॥ ੪੪ ॥

[ਰੁ: ੪ ਅੰਸੂ ੨੭

ਚਿੱਤ੍ਰਪਦਾ ਛੰਦ—ਤ੍ਰਾਣ ਕਰੈਂ ਨਿਜ ਦਾਸਨ ਕੀ ਭਵ ਬੰਧਨ ਤੋਰਿ ਦਦੂ ਨਿਰਬਾਣ।

---

*ਪੁਰਾਤਨ ਚਾਲ ਲਲਿਤ ਪਦ ਦੀ ੧੬+੧੨ ਮਾਤ੍ਰਾ ਹੈ ਤੇ ਤੁਕਾਂਤ ਦੇ ਦੋ ਚਰਨਾਂ ਦਾ ਮਿਲਵਾਂ, ਪਰ ਰਾਮ ਦਾਸ ਜੀ ਨੇ ਲਲਿਤ ਪਦ ੧੫+੧੨ ਮਾਤ੍ਰਾ ਦਾ ਲਿਖਿਆ ਹੈ।

ਬਾਣ ਕੁਦੰਡ ਪ੍ਰਚੰਡ ਧਰੇ ਗਜ ਸੁੰਡ ਮਨੋ ਭੁਜਦੰਡ ਪ੍ਰਮਾਣ। ਮਾਣ ਨਿਮਾਣਨਿ ਹਾਣ ਅਰੀ ਗਣ ਬਾਣ ਸਦਾ ਜਿਨ ਆਯੁਧ ਪਾਣ। ਪਾਣਿਤ ਹਿੰਦਨ ਗੋਬਿੰਦ ਸਿੰਘ ਗੁਰੂ ਬਰ ਬੀਰ ਧਰੈਂ ਅਤਿ ਤ੍ਰਾਣ ॥ ੧੭ ॥ [ਰਾਸ ੧ ਅੰਸੂ ੧

ਮਰਹਰੀ ਛੰਦ—ਹੋਰਤਿ ਸੁਤਕਾਲੂ ਹਰਖ ਬਿਸਾਲੂ ਪਵਨੋਚਿਤ ਮਨ ਜਾਨ।
ਹਮ ਕਾਜ ਬਿਸੇਖਾ ਸੀਖਹਿ ਲੇਖਾ ਬੈਸ ਅਬਹਿ ਪਹਿਚਾਨ।
ਕਾਰੈਂ ਪਟਵਾਰੀ ਗ੍ਰਾਮਹਿੰ ਸਾਰੀ ਕਰਨੋਚਿਤ ਤਬਿ ਹੋਇ।
ਪਾਂਧੇ ਪਹਿ ਬੈਸੇ ਹੋ ਮਮ ਜੈਸੇ ਸਿਖ੍ਯਾ ਨਿਪੁਨਿ ਸੋਇ ॥ ੩ ॥
[ਨਾ: ਪ੍ਰ: ਪੂਰਬਿ: ੬

ਨਰਾਜ ਛੰਦ—ਭਲਾਨ ਆਨ ਗ੍ਰਾਮ ਕੋ ਬਿਲੋਕਿ ਡੇਰ ਕੀਨਿਓਂ। ਗੁਰੂ ਗੁਬਿੰਦ ਸਿੰਘ ਕੀ ਨ ਓਰ ਡੀਠ ਦੀਨਿਓਂ। ਕ੍ਰਿਪਾ ਨਿਕੇਤ ਕੀ ਕ੍ਰਿਪਾ ਕ੍ਰਿਪਾਨ ਕੇਤ ਜਾਂਹਿ ਕੇ। ਕਹੋ ਸੁ ਕੌਨ ਦੂਸਰੋ ਬਿਗਾਰ ਕਾਜ ਤਾਂਹਿ ਕੇ ॥ ੯ ॥ [ਰੁ: ੨ ਅੰਸੂ ੪੭

ਚੰਚਲਾ ਛੰਦ—ਸ਼੍ਰੀ ਗੁਰੂ ਬਿਲੋਕ ਤੇ ਉਤੰਗ ਥਾਨ ਪੈ ਥਿਰੰਤ। ਜੰਗ ਮੈਂ ਉਮੰਗ ਕੈ ਤੁਰੰਗ ਸੰਗ ਭੰਗਯੰਤਿ। ਗੋਰੀਆਂ ਦੁਓਰੀਆਂ ਸੁ ਛੋਰੀਆਂ ਸਰੀਰ ਫੋਰ। ਗੋਰੀਆਂ ਘਨੇਰੀਆਂ ਬਿਖੇਰੀਆਂ ਜਿ ਲੋਥ ਘੋਰ ॥ ੬ ॥ [ਰੁ: ੪ ਅੰਸੂ ੨੯

ਨਿਸਪਾਲਕ ਛੰਦ—ਸ਼੍ਰੀ ਗੁਰ ਪ੍ਰਯੰਕ ਨਿਸ ਕੇ ਬਿਚ ਸਦੀਵਹੀਂ। ਹੋਵਹਿੰ ਸੁਚੇਤ ਰਖਵਾਰ ਥਿਤ ਥੀਵਹੀਂ। ਬਿੰਸਤ ਸੁ ਪੰਚ ਗਿਨਤੀ ਤਿਨਹੁ ਜਾਨਿਯੇ। ਜਾਗਤਿ ਰਹੰਤ ਗਹਿ ਆਯੁਧ ਸੁ ਪਾਨਿਯੇ ॥ ੨ ॥ [ਰੁ: ੪ ਅੰਸੂ ੨੫

ਸਿਰਖੰਡੀ ਛੰਦ—ਮਿਲਿ ਮਿਲਿ ਹੇਲਾ ਘਾਲੈਂ ਛਾਲੈਂ ਉੱਛਲੈਂ। ਮੁੱਛੈਂ ਬੰਕ ਬਿਸਾਲੈਂ ਤੁੱਛੈਂ ਤਤਛਿਨੈਂ। ਰੱਛੈਂ ਗੱਛ ਉਛਾਲੈਂ ਢਾਲੈਂ ਛੇਲ ਜੇ। ਭੱਛੈਂ ਪੱਛ ਕਰਾਲੈਂ ਆਮਿਖ ਛਕ ਰਹੇ ॥ ੧੩ ॥ ਤਛਾ ਮੁੱਛ ਬਨਿ ਅੰਗੀ ਛੱਡਯੋ ਜੁੱਧ ਨਾਂ। ਬਾਣੇ ਰੰਗ ਸੁਰੰਗੀ ਸ਼੍ਰੋਣਿਤ ਸੋਂ ਭਰੇ। ਉਛਲੈਂ ਛੇਲ ਛਲੰਗੀ ਛਾਲੈਂ ਛੋਭਤੇ। ਕੱਛੈਂ ਕੇਸ ਭੁਜੰਗੀ ਜੰਗੀ ਸੋਭਦੇ* ॥ ੧੪ ॥ [ਰੁ: ੪ ਅੰਸੂ ੧੯

ਭੁਜੰਗ ਪ੍ਰਯਾਤ—ਛਕੇ ਛੇਲ ਛਾਜੇ ਛਬੰ ਛੇਤ੍ਰ ਛੱਤ੍ਰੀ। ਛਮਾ ਛੇਮ ਛੋਨੀ ਛੁਭੇ ਛੋਭ ਅੱਤ੍ਰੀ। ਮਲੇਛਾਨ ਲੱਛਾਨ ਛੇ, ਹੱਛ ਸ੍ਵੱਛੰ। ਲਸੇ ਬੀਰ ਰੂਪੰ ਬਸੋ ਦਾਸ ਬੱਛੰ† ॥ ੧੧ ॥ [ਰੁ: ੬ ਅੰਸੂ ੫੭

ਪਾਧੜੀ ਛੰਦ—ਚਰੜੰਤਿ ਚਾਂਪ ਬਰਖੰਤਿ ਤੀਰ। ਸਰੜੰਤਿ ਜਾਤਿ ਬਰੜੰਤਿ ਬੀਰ।
ਤਕਿਯੰਤਿ ਸ਼ੱਤ੍ਰ ਹਤਿਯੰਤਿ ਜੰਗ। ਅਤਿਯੰਤ ਤ੍ਰਾਸ ਬਰਰੰਤਿ ਅੰਗ ॥ ੫ ॥
ਕਰਿਯੰਤਿ ਸ਼ੀਘ੍ਰ ਨਿਕਸੰਤਿ ਬਾਨ। ਖਿਚਿਯੰਤਿ ਚਾਂਪ ਲਗਿਯੰਤਿ ਕਾਨ।
ਮੁਚਕੰਤਿ ਜਾਤ ਬਰਿਯੰਤ ਧਾਇ। ਗਿਰਯੰਤਿ ਬੀਰ ਬਕਿਯੰਤ 'ਹਾਇ' ॥ ੬ ॥
[ਰੁ: ੨ ਅੰਸੂ ੪੨

ਪ੍ਰਮਾਣਿਕਾ—ਕਮਾਨ ਬਾਨ ਸਾਧਿ ਕੇ। ਗੁਰੂ ਗੁਰੂ ਅਰਾਧਿ ਕੇ।

---

*ਇਸ ਛੰਦ ਦੀ ਬੋਲੀ ਪੰਜਾਬੀ ਹੈ ਪਰ ਖੂਬੀ ਇਹ ਹੈ ਕਿ ਹਿੰਦੀ ਦਾਨ ਸਮਝ ਸਕਦਾ ਹੈ।
†ਦੇਖੋ ਇਹ ਹਿੰਦੀ ਹੈ, ਪਰ ਪੰਜਾਬੀ ਦਾਨ ਸਮਝ ਸਕਦੇ ਹਨ।

ਸਊਰ ਸਿੰਘ ਜੇਤਨੇ । ਇਕੱਤ੍ਰ ਹੋਇ ਤੇਤਨੇ ॥ ੧੦ ॥ [ਰ: ੪ ਅੰਸੂ ੧੫

**ਨਵਨਾਮਕ**—ਤੜ ਭੜ ਤੁਪਕਨ । ਤਜਿ ਤਜਿ ਅਰਿ ਹਨਿ ।
ਖੜਗਨਿ ਹਤਿ ਹਤਿ । ਮਰਤਿ ਸੁ ਜਿਤ ਕਿਤ* ॥ ੨ ॥ [ਰੁ: ੪ ਅੰਸੂ ੬੫

**ਰੁਣ ਝੁਣ**—ਸਭ ਗਿਰ ਨਾਥੇ। ਧਨੁ ਸਰ ਹਾਥੇ। ਚਹਿੰ ਚਿਤ ਹੇਲਾ। ਕਰਨਿ ਧਕੇਲਾ॥ ੨੩ ॥ [ਰੁ: ੪ ਅੰਸੂ ੧੫

**ਚੰਪਕ ਮਾਲਾ**—ਦੀਰਘ ਰੋਰਾ ਦ੍ਵੈਦਿਸ਼ ਹੋਵਾ । ਚਾਹਤਿ ਹਾਥੀ ਕੋ ਤਬ ਢੋਵਾ।
ਸਿੰਘ ਗਏ ਘੋਰੇ ਅਸੁਵਾਰਾ । ਲੋਹ ਗੜ੍ਹੀ ਕੋ ਦ੍ਵਾਰ ਨਿਹਾਰਾ॥ ੨ ॥ [ਰ: ੪ ਅੰਸੂ ੩੬

**ਸਾਬਾਸ ਛੰਦ**—ਖਰ ਖਧਰਾ ਧਰਿ । ਧਨੁ ਗੁਨ ਮੈਂ ਭਰਿ । ਕਰਖਤਿ ਆਛਯ।
ਛੋਰਨ ਬਾਛਯ ॥ ੧੪ ॥ ਸਰਪ ਸਮਾਨਹਿ । ਛੁਟਤਿ ਪਯਾਨਹਿ ।
ਢਿਗ ਥਲ ਕਾਨਯ। ਲਗਤਿ ਸੁ ਬਾਨਯ ॥ ੧੫ ॥ [ ਰੁ: ੪ ਅੰਸੂ ੯

**ਹਰ ਬੋਲਮਨਾ**—ਹਤਿ ਭਾਲਨ ਤੇ। ਰੁਕ ਢਾਲਨ ਤੇ। ਗਹਿ ਤੋਮਰ ਕੋ। ਹਨਤੇ ਅਰਿ ਕੋ ॥ ੩ ॥ [ਰੁ: ੨ ਅੰਸੂ ੨੯

**ਰਸਾਵਲ** (ਸੰਖ ਨਾਰੀ)—ਗੁਰੂ ਬਾਨ ਲੀਨਾ। ਧਨੈਂ ਐਂਚ ਕੀਨਾ। ਤਜਯੋ ਬੇਗ ਸੰਗਾ।
ਲਗਯੋ ਖਾਨ ਅੰਗਾ ॥ ੨੪ ॥ ਗਿਰਯੋ ਜੰਗ ਖੇਤਾ। ਨਹੀਂ ਫੇਰ ਚੇਤਾ।
ਡਸਯੋ ਨਾਗ ਮਾਨੋ। ਕਰੇ ਪ੍ਰਾਨ ਹਾਨੋ ॥ ੨੫ ॥ [ਰ: ੨ ਅੰਸੂ ੩੦

ਪਿੰਗਲ ਦੇ ਪੱਖ ਵਿਚ ਇਕ ਕਮਾਲ ਆਪਦਾ ਇਹ ਹੈ ਕਿ ਛੰਦ ਅਪਣੇ ਆਪ ਵਿਚ ਸੁੱਧ ਬੱਝ ਗਿਆ ਲੋੜ ਪੂਰੀ ਹੋ ਗਈ, ਪਰ ਅਕਸਰ ਛੰਦ ਦੇ ਭਾਵ ਤੇ ਪਿੰਗਲ ਦੀ ਚਾਲ ਦਾ ਬੀ ਕਵੀ ਜੀ ਵਿਆਹ ਕਰ ਦਿਆ ਕਰਦੇ ਹਨ, ਜਿਵੇਂ ਕਿ ਆਪ ਨਾਚ ਦਾ ਵਰਣਨ ਕਰਨ ਲਗੇ ਹਨ ਤਾਂ ਉਸ ਲਈ ਤ੍ਰਿਭੰਗੀ ਛੰਦ ਵਰਤਿਆ ਹੈ। ਇਸ ਦੀ ਚਾਲ ਨਾਚ ਦੀ ਠੁਮਕ ਠੁਮਕ ਨਾਲ ਮਿਲਦੀ ਹੈ। ਇਹ ਛੰਦ ਅਕਸਰ ਬੀਰ ਰਸ ਵਿਚ ਵਰਤੀਂਦਾ ਹੈ। ਕਵੀ ਜੀ ਨੇ ਇਸ ਦੀ ਚਾਲ ਵਿਚ ਨਾਚ ਦਾ ਆਭਾਸ ਐਸਾ ਪਾਇਆ ਹੈ ਤੇ ਨਾਚ ਦੀ ਚਾਲ ਲਈ ਪਦ ਇਸ ਤਰ੍ਹਾਂ ਗੁੰਦੇ ਹਨ ਕਿ ਪੜ੍ਹਦਿਆਂ ਮਾਨੋ ਨਾਚ ਦੀ ਗਮਕਾਰ ਹੁੰਦੀ ਭਾਸਣ ਲਗ ਜਾਂਦੀ ਹੈ:—

ਚੰ ਚਟਪਟ ਨਾਰੀ ਲੇਤ ਭਵਾਰੀ ਛਮ ਛਮ ਕਾਰੀ ਛਬਿ ਧਰਨੀ।
ਸੰ ਸਟਪਟ ਬੈਠਤਿ ਭੁਜਾ ਅਮੇਠਤਿ ਤਾਲ ਇਕੇਠਤਿ ਮਨ ਹਰਨੀ।
ਲੰ ਲਟਪਟ ਛੈਲੀ ਰੂਪ ਨਿਵੇਲੀ ਗਤਿ ਅਲਿਬੇਲੀ ਸੁਠ ਅੰਗਾ।
ਠੰ ਠੁਮ ਠੁਮ ਠੁਮਕੀ ਝੁਕ ਝੁਕ ਝੁਮਕੀ ਦ੍ਰਮ ਦ੍ਰਮ ਦ੍ਰਮਕੀ ਮਿਰਦੰਗਾ ॥ ੪੮
ਲੰ ਲਟ ਸੁਠ ਲਟਕੀ ਚਿਕਨਤਿ ਚਟਕੀ ਬੇਨੀ ਸੱਟਕੀ ਬਿਸਿਯਰਤੰ ।
ਬੰ ਬਿਧ ਜਯੋਂ ਨਟਕੀ ਸਾਰਤ ਪਟਕੀ ਕਰਵਰ ਮਟਕੀ ਸਿਰ ਧਰਤੰ ।
ਕੰ ਕਿੰਕਨਿ ਕਟਕੀ ਤਬ ਛਬਿ ਥਟਕੀ ਸਭ ਮਤ ਝਟਕੀ ਚਿੱਤ੍ਰ ਲਿਖੇ।

*ਇਸ ਛੰਦ ਵਿਚ ਗੁਰੂ ਅਖਰ ਕੋਈ ਨਹੀਂ ਹੈ, 'ਰੌਦ੍ਰ ਰਸ' ਦੇ ਸਿਰਲੇਖ ਹੇਠਾਂ ਪੰਨਾ ੨੦੩ ਪਰ ਦੇਖੋ ਉਦਾਹਰਣ, ਇਹੋ ਛੰਦ ਕਿਤਨਾ ਲੰਬਾ ਲਈ ਜਾਂਦੇ ਹਨ ਤੇ ਖਿਆਲਾਂ ਦੀ ਲੜੀ ਕਿਵੇਂ ਪ੍ਰੋਤਵੀਂ ਤੁਰੀ ਜਾਂਦੀ ਹੈ।

ਮੈ ਸੁਧ ਨਹਿਂ ਘਟਕੀ ਸਭਾ ਸੁ ਠਟਕੀ ਦ੍ਰਿਸ਼ਟਹਿਂ ਅਟਕੀ ਨ੍ਰਿੱਤ ਵਿਖੇ॥੪੯
[ਨਾ: ਪ੍ਰ: ੧: ਧਿ: ੨੨

ਇਸੇ ਤਰ੍ਹਾਂ ਜੰਗ ਹੁੰਦਾ ਵਰਣਨ ਜਦ ਕਰਦੇ ਹਨ ਤਦ ਛੰਦ ਬੀ ਉਸੇ ਦੇ ਅਨਕੂਲ ਲੱਭਦੇ ਹਨ, ਤੇ ਪਦ-ਗੋਂਦ ਐਸੀ ਕਰਦੇ ਹਨ ਕਿ ਜੰਗ ਹੁੰਦਾ ਭਾਸਣ ਲਗ ਜਾਂਦਾ ਹੈ। ਉਸ ਵੇਲੇ ਛੰਦ ਦੀ ਚਾਲ, ਪਦ-ਗੋਂਦ ਤੇ ਵਿਚ ਬੱਧੇ ਭਾਵ ਤ੍ਰੈਹਾਂ ਦਾ ਸੰਗਮ ਕਰਕੇ ਤਸਵੀਰ ਖਿੱਚ ਦੇਣ ਦਾ ਕਮਾਲ ਕਰ ਦਿਖਾਉਂਦੇ ਹਨ। ਨਮੂਨੇ ਮਾਤ੍ਰ ਲਈ ਦੇਖੋ:—

ਰਸਾਵਲ—ਤੁਫੰਗੈਂ ਸੰਭਾਰੀ। ਬਰੂਦੰ ਸੁ ਡਾਰੀ। ਦੁਗੋਰੀ ਕਸੈਂਤੇ। ਪਲੀਤੇ ਜਮੈਂਤੇ॥ ੪੩॥
ਕਲਾ ਜੋਰ ਤੋੜੇ। ਕਲੀ ਸਾਥ ਮੋੜੇ। ਧਰੇ ਹਾਥ ਤਾਕੇ। ਝੁਕਾਇ ਕੜਾਕੇ॥ ੪੪॥
ਚਲੈਂ ਸੂੰਕ ਗੋਰੀ। ਲਗੈਂ ਦੇਹਿ ਫੋਰੀ। ਦੜਾ ਦਾੜ ਗੇਰੇ। ਸੁ ਤਾਲੰ ਚੁਫੇਰੇ॥ ੪੫॥
ਕੜਾ ਕਾੜ ਮਾਚੀ। ਲਹੂ ਧੂਲ ਰਾਚੀ। ਖਰੇ ਸਿੰਘ ਮਾਰੈਂ। ਨਹੀਂ ਤ੍ਰਾਸ ਧਾਰੈਂ॥੪੬॥
ਮਹਾਂ ਬੀਰ ਗਜਾਰਾਂ। ਤੜਾਗੰ ਕਿਨਾਰਾ। ਜਿਤੇ ਸ਼ੱਤ ਆਏ। ਤਹਾਂ ਘਾਵ ਘਾਏ॥੪੭॥
ਕ੍ਰਿਪਾਨੇ ਕਟੇਜੇ। ਪੁਰੇਜੇ ਪੁਰੇਜੇ। ਲਰੇ ਇੂੰਦ ਖਾਨਾ। ਬਡੋ ਜੰਗ ਠਾਨਾ॥ ੪੮॥
[ਐਨ ੧ ਅੰਸੂ ੧੦

ਭੁਜੰਗ ਪ੍ਰਯਾਤ—ਝਟਾ ਪੱਟ ਜੁੱਟੇ ਲਟਾ ਪੱਟ ਹੋਏ। ਸਟਾਪੱਟ ਸੁੱਟੇ ਕਟਾਕੱਟ ਜੋਏ।
ਕਟਾਕੱਟ ਕੱਟੇ ਚਟਾਪੱਟ ਮਾਰੇ। ਖਟਾ ਪੱਟ ਖੋਟੇ ਹਟਾਹੱਟ ਹਾਰੇ॥ ੫੧॥
[ਐਨ ੧ ਅੰਸੂ ੧੦

ਅਕਸਰ ਡਿੱਠਾ ਹੈ ਕਿ ਕਵੀ ਜੀ ਜੰਗ ਲਈ ਹੇਠ ਲਿਖੇ ਛੰਦ ਵਰਤਦੇ ਹਨ ਗ਼ਾਲਬਨ ਇਹ ਪੈਰਵੀ ਆਪ ਨੇ ਦਸਮੇਸ਼ ਜੀ ਦੇ ਜੁੱਧ ਲਈ ਵਰਤੇ ਕਈ ਛੰਦਾਂ ਦੀ ਕੀਤੀ ਹੈ:—

ਰਸਾਵਲ, ਭੁਜੰਗ ਪ੍ਰਯਾਤ, ਨਰਾਜ, ਪਾਧੜੀ, ਤ੍ਰਿਭੰਗੀ, ਚੰਪਕ ਮਾਲਾ, ਸਿਰ ਖੰਡੀ ਲਲਿਤ ਪਦ, ਨਵ ਨਾਮਕ, ਸਾਬਾਸ, ਰੁਣ ਝੁਣ, ਨਿਸ ਪਾਲਕ, ਦੋਧਕ, ਹਾਕਲ, ਚੰਚਲ, ਹਰ ਬੋਲਮਨਾ, ਤੋਮਰ ਆਦਿ।

ਜਿਵੇਂ ਗੁਰ ਪ੍ਰਤਾਪ ਸੂਰਜ ਵਿਚ ਬ੍ਰਿਜਭਾਸ਼ਾ ਤੇ ਸੰਸਕ੍ਰਿਤ ਦੇ ਕੋਸ਼ ਦਾ ਵਿਸ਼ਾਲ ਵਰਤਾਉ ਦੇਖਕੇ ਆਪ ਦਾ ਕੋਸ਼ ਪਰ ਕਮਾਲ ਦਿੱਸਦਾ ਹੈ ਤਿਵੇਂ ਗੁ: ਪ੍ਰ: ਸੂਰਜ ਤੇ ਰਾਮਾਯਣ ਤੇ ਹੋਰ ਗ੍ਰੰਥਾਂ ਵਿਚ ਵਰਤੇ ਛੰਦਾਂ ਤੋਂ ਪਿੰਗਲ ਪਰ ਆਪ ਦਾ ਕਮਾਲ ਦਿੱਸਦਾ ਹੈ। ਇਕ ਤਾਂ ਬੰਦਸ਼ ਦੀ ਰਵਾਨਗੀ ਕੁਦਰਤੀ ਸਰਲ ਤੇ ਮਸਤ ਚਾਲ ਵਾਲੀ ਹੈ, ਮਾਨ ਸੰਗੀਤ ਹੀ ਹੈ, ਦੂਸਰੇ ਛੰਦ ਜੋ ਵਰਤੇ ਹਨ ਇੰਨੇ ਬਹੁਤੇ ਹਨ ਕਿ ਆਪ ਦਾ ਪਿੰਗਲ-ਗਜਾਨ ਬੀ ਸਤਿਕਾਰ ਯੋਗ ਨਿਕਲਦਾ ਹੈ। ਛੰਦ ਜੋ ਆਪ ਨੇ ਵਰਤੇ ਹਨ ਉਹਨਾਂ ਵਿਚੋਂ ਕੁਝਕ ਦੇ ਨਾਮ ਏਥੇ ਦੇਂਦੇ ਹਾਂ:—

ਅਨੁਸ਼੍ਰੁਪ, ਅਨੰਗ ਸ਼ੇਖਰ, ਅੰਮ੍ਰਿਤ ਧੁਨਿ, ਅੜਿਲ, ਸ਼ਸ਼ਿਬਦਨਾ, ਸਾਬਾਸ, ਸਵੈਯਾ, ਸਿਰਖੰਡੀ, ਸੋਰਠਾ, ਸ਼ੰਕਰ, ਸੰਖਨਾਰੀ, ਹਰ ਗੀਤਕਾ, ਹਰਿਬੋਲਮਨਾ, ਹਾਕਲ, ਹੰਸਕ, ਕਬਿੱਤ, ਕੁੰਡਲੀਆ, ਚਾਚਰੀ, ਚੌਪਈ; ਚਿੱਤ੍ਰਪਦਾ, ਚੁਲਕਾ, ਚੰਚਲ, ਚੰਪਕ ਮਾਲਾ, ਛਪਯ, ਤੋਟਕ, ਤੋਮਰ, ਤ੍ਰਿਭੰਗੀ, ਦੁਵੈਯਾ, ਦੋਹਰਾ, ਦੋਧਕ, ਨਰਾਜ, ਨਵਨਾਮਕ, ਨਿਸ ਪਾਲਕ, ਨਿਸ਼ਾਨੀ, ਪਾਧੜੀ, ਪ੍ਰਮਾਣਕਾ, ਬੈਂਤ, ਭੁਜੰਗ ਪ੍ਰਯਾਤ, ਮਤ ਗ੍ਰਮਿਲਾ, ਮਰਹਰੀ; ਰਸਾਵਲ, ਰੁਣਝੁਣਾ, ਲਲਿਤ ਪਦ ਆਦਿ।

## ੩. ਰਸ।

ਸਾਹਿੱਤ੍ਯ ਵਿਚ ਤੇ ਖਾਸ ਕਰ ਕਾਵ੍ਯ ਵਿਚ ਜੋ ਰਸਦਾਯਕ ਭਾਵ ਬੰਨ੍ਹੇ ਜਾਂਦੇ ਹਨ ਓਹ ਕਈ ਜ਼ਬਾਨਾਂ ਵਿਚ ਖੁਲ੍ਹੇ ਵਰਣਿਤ ਹੁੰਦੇ ਹਨ, ਪਰ ਸੰਸਕ੍ਰਿਤ ਤੇ ਹਿੰਦੀ ਕਵੀਆਂ ਨੇ ਉਹਨਾਂ ਨੂੰ ਨੌ ਰਸਾਂ ਵਿਚ ਵੰਡਿਆ ਹੈ। ਇਸ ਪਹਿਲੂ ਵਿਚ ਜੇ ਕਵੀ ਜੀ ਦਾ ਕਮਾਲ ਦੇਖਣਾ ਹੋਵੇ ਤਾਂ ਪਾਠਕ ਪੁਸਤਕ ਵਿਚ ਆਪ ਮੁਤਾਲਿਆ ਕਰ ਸਕਦੇ ਹਨ। ਵੰਨਗੀ ਮਾਤ੍ਰ ਅਸੀਂ ਏਥੇ ਕਵਿ ਜੀ ਦੀ ਰਚਨਾਂ ਵਿਚੋਂ ਕੁਛਕ ਛੰਦ ਨਵਾਂ ਰਸਾਂ ਤੇ ਦੇਂਦੇ ਹਾਂ।

**ਸ਼੍ਰਿੰਗਾਰ ਰਸ**—ਇਕ ਜੇਮਲ ਤਨੁਜਾ ਤਨ ਸੁੰਦਰ। ਚਾਤੁਰਤਾ ਚੰਚਲ ਗੁਨ ਮੰਦਰ।
ਕਮਲ ਪੱਤ੍ਰ ਬਿਸਤਾਰ ਬਿਲੋਚਨ। ਪਿਖਤ ਕਟਾਛਨ ਧੀਰਜ ਮੋਚਨ। ੯।
ਬੇਨੀ ਨਾਗਨ ਸੀ ਸਟਕਾਰੀ। ਮੱਧ੍ਯ ਦੇਸ਼ ਸੂਖਮ, ਕੁਚ ਭਾਰੀ।
ਗੌਰ ਰੰਗ ਦੀਪਕ ਜਨੁ ਪਾਤ। ਕਿਧੌਂ ਦਿਪਤਿ ਕੰਚਨ ਅਵਿਦਾਤ। ੧੦।
ਭੌਰ ਗੁੰਜਾਰਤਿ ਜਿਹ ਪਰਵਾਰਤਿ। ਸਖੀ ਪਾਸ ਤੇ ਰਹਤਿ ਬਿਡਾਰਤਿ।
ਚੌਦਹਿ ਬਰਖਨ ਕੀ ਬਰ ਬਾਲਾ। ਮਨਹੁ ਅਧੂਮ ਲਾਟ ਹ੍ਵੈ ਜ੍ਵਾਲਾ। ੧੧।
[ਰਾ: ੨ ਅੰਸੂ ੪

ਪੁਨਾ—ਸੁੰਦਰ ਸਰਬੰਗਨ ਬਿਖੇ ਤਰੁਨੀ ਗਨ ਹੇਰੀ। ਆਂਖ ਕਮਲ ਕੀ ਪਾਂਖਰੀ ਚਲ ਚਾਲ ਘਨੇਰੀ। ਬਿਧੁ ਬਦਨੀ ਸੁ ਕ੍ਰਿਸ਼ੋਦਰਾ ਸੁਠ ਸਜਾਮ ਸੁ ਕੇਸੀ। ਗਜਗਮਨੀ ਸੁਰ ਕੋਕਿਲਾ ਕਟ ਕੇਹਰਿ ਜੈਸੀ। ੨੧। ਕੰਠ ਕਪੋਤੀ ਸੁੰਦਰੀ ਸਮ ਓਠ ਪ੍ਰਵਾਲਾ। ਜੋਗਿਨ ਕੇ ਧੀਰਜ ਹਰੈਂ ਐਸੀ ਗਨ ਬਾਲਾ।
[ਰਾ: ੧ ਅੰਸੂ ੩੧

ਫਿਰ ਆਪ ਦਰੋਪਦੀ ਦੀ ਤਸਵੀਰ ਐਉਂ ਖਿਚਦੇ ਹਨ:—

ਨਾਗਨ ਸਮ ਲਟਕੀ ਲਟ ਜਾਂਕੀ। ਮਦਨ ਧਨੁਖ ਭ੍ਰਿਕੁਟੀ ਸੁਠ ਬਾਂਕੀ।
ਕੁੰਦ ਰਦਨ ਬਦਨ ਸਸਿ ਰਾਂਕਾ। ਉਦਰ ਸਤ੍ਰਿਵਲਿ ਮਨੋਹਰ ਜਾਂਕਾ॥ ੧੪॥
ਰਤਿ ਰਤੀਕ ਹ੍ਵੈ ਜਿਹ ਦੁਤਿ ਦੇਖੀ। ਤੀਛਨ ਬਾਨ ਕਟਾਛ ਬਿਸੇਖੀ।'''
ਦੀਪ ਸ਼ਿਖਾ ਸੀ ਕੋਕਿਲ ਬੈਨੀ। ਗਜ ਗਾਮਨਿ ਮ੍ਰਿਗ ਸ਼ਾਵਕ ਨੈਨੀ।
ਜਮਨ ਭ੍ਰਮਰੀ ਨਾਭਿ ਗੰਭੀਰਾ। ਨਖਨ ਬਿਲੋਕਤਿ ਲਾਜਤਿ ਹੀਰਾ॥ ੧੬॥
ਦੋਹਰਾ—ਬਹੁਰ ਗ੍ਰੀਵ ਕੀ ਰੁਚਿਰਤਾ ਮਨਹੁ ਉਤਾਈ ਭਾਇ।
ਚਿਬੁਕ ਸ਼ਜਾਮਤਾ ਰਾਹੁ ਜਨੁ ਦੁਰਜੋ ਸਸੀ ਮਹਿਂ ਆਇ॥੧੭॥ [ਨਾ: ਉ: ਧਿ: ੨੪

**ਹਾਸ੍ਯ ਰਸ**—ਸਾਹਿਬ ਕਲਗੀਧਰ ਜੀ ਦੇ ਬਾਲ ਅਵਸਥਾ ਦੇ ਚੋਜਾਂ ਵਿਚ ਇਕ ਥਾਵੇਂ ਕਵੀ ਜੀ ਨੇ ਹਾਸ੍ਯ ਰਸ ਐਉਂ ਦਰਸਾਇਆ ਹੈ:—

ਭਾਂਤਿ ਅਨੇਕਨ ਖੇਲਨਿ ਖੇਲਤਿ ਡੋਲਤਿ ਡੋਲਤਿ ਮੰਦਰ ਮਾਂਹੀ।
ਏਕ ਬ੍ਰਿਧਾ ਘਰ ਪਾਸ ਪਰੋਸਨ ਜਾਇ ਖਿਡਾਵਤਿ ਹੈਂ ਘਰ ਤਾਂਹੀ।
ਆਂਖ ਬਚਾਇ ਉਚਾਇ ਲਿਜਾਵਤਿ ਕਾਤਨੀ ਤੂਲ ਰੁ ਸੂਤ ਜਿ ਪਾਹੀ।
ਸੋ ਅਵਿਲੋਕ ਸਕੋਪ ਉਠੈ ਗਹਿ ਛੂਛਕ ਹਾਥ ਪਰੈ ਪਿਛਵਾਹੀ॥ ੧੭॥
ਆਇ ਸਮੀਪ, ਪਲਾਇ ਚਲੈਂ ਤਬ, ਜਯੌਂ ਮਿਲਿਕੈ ਨਹਿਂ ਛੂਵਨ ਪਾਵੈਂ।

ਦੂਰ ਨ ਜਾਤਿ ਨਜੀਕ ਰਹੈਂ, ਇਮ ਜਾਨਤਿ-ਮੈਂ ਗਹਿ ਲੇਉਂ-ਪਲਾਵੈਂ।
ਨੂਪਰ ਕਿੰਕਨੀ ਕੰਕਨ ਕੰਚਨ ਭੂਖਨ ਏ ਸਭਿ ਨਾਦ ਉਠਾਵੈਂ।
ਧਾਇ ਇਤੈ ਉਤ ਜਾਇਂ ਜਿਤੈ ਕਿਤ, ਤਾਂਹਿ ਗਤਾਗਤਿ ਧਾਰਿ ਭ੍ਰਮਾਵੈਂ ॥ ੧੮ ॥
'ਜਾਂਹਿ ਕਹਾਂ ਗਹਿ ਕੈ ਤੁਝਕੋ ਤੁਵ ਮਾਤ ਕੇ ਪਾਸ ਮੈਂ ਦੇਉਂ ਗਹਾਈ।
'ਛਛਕ ਦੇ ਅਪਨੇ ਕਰ ਕੀ ਹਤਵਾਉਂ ਭਲੇ ਸਭ ਬਾਤ ਸੁਨਾਈ।
'ਰੇ ਸੁਨ ਗੋਬਿੰਦ ! ਜਾਹੁ ਅਬੈ ਟਰ, ਮੋਹਿ ਕੋ ਸ਼੍ਰਮ ਕਰੈਂ ਅਕੁਲਾਈ।
'ਹਾਥ ਤੇ ਡਾਰ ਉਤਾਇਲ ਦੇਵਹੁ ਨਾਂਹਿ ਤ ਮੈਂ ਕਹਿਹੌਂ ਘਰ ਜਾਈ' ॥ ੧੯ ॥
ਤਾਂਹਿ ਖਿਝਾਇ ਭਜਾਇ ਸ੍ਰਮਾਵਹਿਂ ਫੇਰ ਬਖੇਰਤਿ ਸੂਤ ਰੁ ਪੂਣੀ।
ਬੀਨਤਿ ਸੋ, ਤਬ ਜਾਇ ਮਿਲੈਂ ਜਹਿਂ ਬਾਲਕ ਬ੍ਰਿੰਦਨ ਖੇਲ ਸਲੂਣੀ।
ਤੂਲ ਰੁ ਤਾਰ ਜਬਾ ਬਿਗਰੇ ਤਿਮ ਹਾਥ ਧਰੇ ਹੁਇ ਕੋਪ ਤਿਊਣੀ।
ਸ੍ਰੀ ਗੁਜਰੀ ਢਿਗ ਤੀਰ ਦਿਖਾਵਤਿ ਬਾਤਿ ਬਨਾਇ ਸੁਨਾਵਤਿ ਦੂਣੀ ॥ ੨੦ ॥
[ਰਾ ੧੨ ਅੰਸੂ ੧੬

**ਫਿਰ ਭੰਗਾਣੀ ਯੁੱਧ ਵਿਚ ਇਕ ਹਲਵਾਈ ਸਿੱਖ, ਜਿਸ ਨੇ ਕਦੇ ਕੋਈ ਸ਼ਸਤ੍ਰ ਫੜਕੇ ਬੀ ਨਹੀਂ ਦੇਖਿਆ ਸੀ, ਯੁਧ ਲਈ ਤਿਆਰ ਹੁੰਦਾ ਹੈ, ਉਸ ਵੇਲੇ ਦਾ ਆਪ ਦੀ ਕਲਮ ਤੋਂ ਸਮਾਂ ਹਾਸ ਰਸ ਦਾ ਬਝਦਾ ਹੈ ਪਰ ਹਵਾ ਬੀਰਰਸੀ ਝੁੱਲਦੀ ਹੈ।**

'ਅਧਿਕ ਲਾਲਸਾ ਮੋਹਿ ਰਿਦੇ ਮਹਿਂ ਪ੍ਰਭੁ ਕੇ ਕਾਮ ਅਰੂੰ ਰਣ ਥਾਨ।
'ਸ਼ਸਤ੍ਰ ਹਾਥ ਮਹਿਂ ਗਹੇ ਨ ਕਬਹੂੰ ਤੋਮਰ ਤੁਪਕ ਨ ਬਾਨ ਕ੍ਰਿਪਾਨ।
'ਤਊ ਹੋਤਿ ਉਤਸਾਹ ਬਡੋ ਉਰ, ਹਤੋਂ ਰਿਪੂ ਕੋ ਕਰਹੁ ਬਖਾਨ।
'ਦੇਹੁ ਤੁਰੰਗਮ ਤੇ ਅਰੂਢ ਹੁਇ ਖੜਗ ਦਿਹੋ ਪੁਨ ਸਿਪਰ ਮਹਾਨ' ॥ ੨ ॥
ਸ੍ਰੀ ਕਲਗੀਧਰ ਸੁਨਿ ਮੁਸਕਾਨੇ ਕੋਤਲ ਖਰੇ ਤੁਰੰਗਮ ਹੇਰ।
ਜਿਨਕੋ ਬਿਰਦ ਗ਼ਰੀਬ ਨਿਵਾਜਨ 'ਲਿਹੁ ਕੁਮੈਤ ਚਢੀਅਹਿ ਬਿਨ ਦੇਰ।'
ਹੁਕਮ ਪਾਇ ਗਹਿ ਵਾਗ ਅਰੂਢੋ 'ਪ੍ਰਭੁ ਜੀ ਦੀਜਹਿ ਸ਼ਸਤ੍ਰ ਬਡੇਰ।
'ਤੋਮਰ ਕਿਧੋਂ ਤੁਪਕ ਧਨੁ ਤੀਰ ਕਿ ਜੋ ਮੈਂ ਹਤੌਂ ਕਿ ਦਿਹੁ ਸ਼ਮਸ਼ੇਰ' ॥ ੩ ॥
ਬਿਗਸਤਿ ਖੜਗ ਸਿਪਰ ਤਬ ਬਖ਼ਸ਼ੇ, ਬੂਝਤ ਭਯੋ ਹਤਨ ਕੋ ਦਾਇ।
'ਕਿਸ ਕਰ ਸਿਪਰ ਗਹੌਂ ? ਕਿਸ ਮੈਂ ਅਸਿ ? ਕਿਮ ਮਾਰੋਂ ਮੈਂ ਦੇਹੁ ਬਤਾਇ'।
ਦੇਖਤ ਸੁਨਤਿ ਦੁਹਨਿ ਦਿਸਿਕੇ ਭਟ ਹਸਹਿਂ ਪਰਸਪਰ ਪੁਨ ਬਿਸਮਾਇਂ ॥ ੪ ॥
[ਰੁ: ੨ ਅੰਸੂ ੨੯

**ਵੀਰ ਰਸ:**—ਸਤਿਗੁਰੂ ਹੁਕਮ ਦੀਨੋ ਉਚਾਰ। 'ਸਭਿ ਚਢਹਿ ਖਾਲਸਾ ਸ਼ਸਤ੍ਰ ਧਾਰਿ।
ਇਹ ਪ੍ਰਥਮ ਜੰਗ ਤੁਰਕਾਨ ਸੰਗ। ਧਰਿ ਖਰ ਖਤੰਗ ਪੂਰਹੁ ਨਿਖੰਗ' ॥ ੩ ॥
[illegible]ਕਾਲ ਡਾਰਿ ਜ਼ੀਨਨ ਤੁਰੰਗ। ਕਸਿ ਕਮਰ ਲੀਨ ਤੂਰਨ ਤੁਫੰਗ।
ਦੁੰਦਭਿ ਬਾਜਤੇ ਰਣਜੀਤ ਗਾਜ। [illegible] ਜਾਨਿ [illegible] ਕਾਲ ॥ ੪ ॥
ਗੁਲਕਾਂ ਬਰੂਦ ਭਰਲੀਇ [illegible]। [illegible] ਪ੍ਰਖਾਣਿ [illegible] [illegible]।

ਚਢਿ ਚਢਿ ਤੁਰੰਗ ਪਰ ਵਹਿਰ ਆਇ । ਜਿਤ ਸੁਨੇ ਤੁਰਕ ਤਿਤ ਸਮੁਖ ਜਾਇ ॥੫॥
ਕਸਿ ਕਸਿ ਤੁਫੰਗ ਗੁਲਕਾਨ ਮਾਰਿ । ਰੁਕਯੰਤਿ ਅੱਗ੍ਰ ਰਿਪੁ ਤ੍ਰਾਸ ਧਾਰਿ ।
ਜਬ ਛੁਟੀ ਸ਼ਲਖ ਤੁਰਕਾਣ ਜਾਨਿ । ਸ਼ਸਤ੍ਰਨ ਸੰਭਾਰ ਬਨਿ ਸਾਵਧਾਨ ॥ ੬ ॥
ਇਕ ਬਾਰ ਪਰੇ ਦੁੰਦਭਿ ਬਜਾਇ । ਮੋਰਨ ਮਨਿੰਦ ਘੋਰਨ ਫੰਧਾਇ ।
ਕਹਿ ਹਲਾ ਹੁਲ ਕੜਕੀ ਕਮਾਨ । ਬਹੁ ਐਂਚਿ ਐਂਚਿ ਮੁਚਕੰਤਿ ਬਾਨ ॥ ੭ ॥

[ਰਾ: ੪ ਅੰਸੂ ੯

ਚੌਪਈ ॥ ਆਇ ਪਰਜੋ ਕਰ ਖੜਗ ਪ੍ਰਹਾਰ । ਕਾਲੇ ਖਾਨ ਮਹਾਂ ਬਲ ਧਾਰਿ ।
ਸ੍ਰੀ ਹਰਿ ਗੋਬਿੰਦ ਢਾਲ ਸੰਭਾਲਿ । ਰੋਕ ਵਾਰ ਕੋ ਮਾਰੀ ਭਾਲ ॥ ੩੨ ॥
ਬਲ ਤੇ ਹਨੀ ਗਿਰਨ ਲਗਿ ਪਾਛੇ । ਕਰਾਚੋਲ ਬਾਹਜੋ ਤਬ ਆਛੈ ।
ਬਿਹਬਲ ਤੇ ਨ ਬਚਾਯੋ ਗਯੋ । ਲਗਜੋ ਸੀਸ ਚੀਰਤਿ ਬਪੁ ਭਯੋ ॥ ੩੩ ॥
ਏਕੋ ਆਂਖ ਏਕ ਹੀ ਸ਼੍ਰੋਨ । ਇਕ ਕਰ ਇਕ ਪਗ ਖੰਡ ਸੁ ਦੋਨ ।
ਅਰਧੋ ਅਰਧ ਸੁ ਚੀਰਨ ਕਰਤੀ । ਪੁਨ ਤਰਵਾਰ ਬਰੀ ਕੁਛ ਧਰਤੀ ॥ ੩੪ ॥
ਹੁਇ ਜੁਗ ਖੰਡ ਪਰੇ ਤਰਫੰਤੇ । ਗਯੋ ਭਿਸਤ ਕੋ ਭਾ ਸੁਖਵੰਤੇ ।

[ ਰਾਸ ੯ ਅੰਸੂ ੩੧

**ਰੌਦ੍ਰ ਰਸ**—ਨਵਨਾਮਕ ਛੰਦ—ਕੁਪ ਕੁਪ ਅਤਿ ਅਤਿ । ਕਹਿ ਕਹਿ ਦਲਪਤਿ । ਪਠਿ ਪਠਿ ਨਰ ਬਰ । ਖੜਗਨ ਧਰਿ ਧਰਿ ॥ ੩੮ ॥ ਜਿਤ ਕਿਤ ਫਿਰ ਫਿਰ । ਪਿਖ ਪਿਖ ਥਿਰ ਥਿਰ । ਚਢਨ ਚਹਿਤ ਚਿਤ । ਦੁਰਗ ਅਲਪ ਭਿਤ ॥ ੩੯ ॥ ਹੁਇ ਹੁਇ ਵਿਗ ਵਿਗ । ਲਗਿ ਲਗਿ ਡਿਗ ਡਿਗ । ਗੁਲਕਨਿ ਸਰ ਖਰ । ਅਰਿ ਬਪੁ ਬਰਿ ਬਰਿ ॥ ੪੦ ॥ ਜਿਯਨ ਸੁ ਹਰਿ ਹਰਿ । ਧਰ ਪਰ ਪਰਿ ਪਰਿ । ਰੁਧਰ ਅਧਿਕ ਬਹਿ । ਅਰੁਣ ਬਰਣ ਤਹਿ ॥ ੪੧ ॥ ਲਹਿ ਲਹਿ ਡਰ ਡਰ । ਇਤ ਉਤ ਟਰਿ ਟਰਿ । ਠਟਕ ਰਹਿਤਿ ਹਿਯ । ਮ੍ਰਿਤਕ ਨਿਰਖ ਲਿਯ ॥ ੪੨ ॥ ਮਿਟਤਿ ਹਟਤਿ ਜਬ । ਦਲਪਤਿ ਕਹਿੰ ਤਬ । 'ਕਿਤਹਿ ਟਰਤਿ ਅਬ । ਲਜ ਕੁਲ ਹਤਿ ਸਬ ॥ ੪੩ ॥ ਚਢਹੁ ਦੁਰਗ ਪਰ । ਭੁਜ ਬਲ ਕਰਿ ਕਰਿ । ਅਲਪ ਅਹਹਿੰ ਅਰਿ । ਤੁਮ ਕਿਤ ਲਖਿ ਨਰ' ॥੫੪॥ ਇਮ ਸ਼੍ਰੁਤ ਸੁਨਿ ਸੁਨਿ । ਧ੍ਰਿਤ ਧਰਿ ਪੁਨ ਪੁਨ । ਗੁਲਕਨ ਹਨਿ ਹਨਿ । 'ਹੜਿ ਹੜਿ' ਭਨਿ ਭਨਿ॥੪੫॥ ਖਰ ਖਗ ਕਟਿ ਕਟਿ । ਧਰਿ ਪਰਿ ਲਟਿ ਲਟਿ । ਝਟ ਕਰ ਸਟ ਪਟ । ਭਿਤ ਲਗ ਝਟ ਪਟ ॥ ੫੬ ॥ ਉਮੰਡ ਉਮੰਡ ਭਟ । ਘੁਮੰਡ ਘੁਮੰਡ ਘਟ । ਬਰਖਤਿ ਸਰ ਖਰ । ਪਰਖਤਿ ਨਰ ਬਰ ॥ ੪੭ ॥ ਤੁਮਲ ਸਮਰ ਮਚ । ਰੁਧਰਨਿ ਰਜ ਰਚਿ । ਕਰਦਮ ਪਗ ਗਡ । ਇਮ ਹੁਇ ਗਡ ਵਡ ॥ ੪੮ ॥

[ਰੁ: ੬ ਅੰਸੂ ੩੬

ਇਕ ਹੋਰ ਅਨੋਖਾ ਨਮੂਨਾ ਦੇਖੋ । ਸਥਾਈ ਭਾਵ ਤਾਂ ਕ੍ਰੋਧ ਆਕੇ ਲੈਂਦਾ ਹੈ ਤੇ ਉਹ ਰੰਗ ਪਕੜਦਾ ਹੈ ਪੂਰੇ ਰੌਦ੍ਰ ਰਸ ਦਾ, ਪਰ ਉਤਸ਼ਾਹ ਨਾਲ ਐਸਾ ਸੰਚਾਰ ਹੋਇਆ ਹੈ ਕਿ ਬੀਰ ਰਸ ਸੰਗਮ ਖਾ ਰਿਹਾ ਹੈ ਮਾਨੋ ਪ੍ਰਯਾਗ ਕੋਲ ਜਿਵੇਂ ਗੰਗਾ ਜਮਨ ਦੇ ਦੁਇ ਪਰਵਾਹ ਮਿਲਕੇ ਚਲ ਰਹੇ

ਹਨ, ਮਿਲੇ ਹੋਏ ਪਰ ਫੇਰ ਅੱਡ ਅੱਡ ਰੰਗ ਦੱਸਦੇ ਇਕ ਰੂਪਤਾ ਵਿਚ ਲੀਨ ਹੁੰਦੇ ਜਾਂਦੇ ਹਨ। ਉਹ ਛੰਦ ਇਹ ਹੈ:—

ਕਲਮੋਟ ਵਾਸੀਆਂ ਦੇ ਸੰਗਤ ਨੂੰ ਲੁਟ ਲੈਣ ਦੀ ਖ਼ਬਰ—

ਸੁਨਿ ਸਤਿਗੁਰ ਕੇ ਕੋਪ ਬਿਸਾਲਾ। ਫਰਕੇ ਅਧਰ ਬਿਲੋਚਨ ਲਾਲਾ......। ਆਲਮ ਸਿੰਘ ਜੋਰ ਕਰ ਕਹਾ। 'ਕੰਟਕ ਦੁਸ਼ਟ ਤਹਾਂ ਕੇ ਮਹਾਂ॥ ੮ ॥ ਤਜਿ ਅਨੰਦ ਪੁਰ ਜਬ ਚਲਿ ਆਏ। ਕੇਤਿਕ ਸਿੰਘ ਉਤੇ ਕੋ ਧਾਏ। ਰੋਕਯੋ ਚਹਿਤ ਰੁਕੇ ਨਹਿਂ ਕੋਇ। ਛਲ ਕਰਿ ਘੇਰਿ ਲਏ ਬਿਚ ਦੋਇ॥ ੯ ॥ ਤਿਨ ਕੇ ਸੀਸ ਕਾਟ ਕਰਿ ਗੇਰੇ। ਨਹੀਂ ਤ੍ਰਾਸ ਮਾਨਹਿਂ ਕਿਸ ਕੇਰੇ। ਅਸ ਦੁਸ਼ਟਨਿ ਕੋ ਹ੍ਵੈ ਨ ਸਜ਼ਾਇ। ਕਰਹਿਂ ਬਿਗਾਰ ਰਹਹਿਂ ਗਰਬਾਇ ॥ ੧੦ ॥ ਗੁਰ ਘਰ ਮੈਂ ਬਹੁ ਰਚਯੋ ਬਿਰੁੱਧਾ। ਚਹੀਯਤਿ ਹਤੇ ਕ੍ਰੁੱਧ ਕਰਿ ਜੁੱਧਾ'। ਸੁਨਿ ਪ੍ਰਭੁ ਕ੍ਰੋ ਰਿਸ ਭਈ ਘਨੇਰੀ। ਜਲਤ ਅਗਨਿ ਅਹੁਤੀ ਜਨੁ ਗੇਰੀ॥ ੧੧ ॥ ਹੁਕਮ ਕਰਯੋ ਪ੍ਰਭੁ 'ਬਜਹਿ ਨਗਾਰਾ। ਸਕਲ ਖਾਲਸਾ ਚਢਹਿ ਸ਼ਿਕਾਰਾ'...। ਪਰੀ ਦੁਚੋਬ ਖਾਲਸਾ ਚਢਯੋ। ਸ਼ਸਤ੍ਰਨ ਸਹਤ ਬੀਰ ਰਸ ਬਢਯੋ। ਕ੍ਰੁੱਧਤਿ ਪ੍ਰਭੁ ਕਰਯੋ ਪ੍ਰਸਥਾਨਾ। ਥਰਹਰ ਪ੍ਰਿਥਵੀ ਕੰਪ ਮਹਾਨਾ॥ ੧੪ ॥

ਸਵੈਯਾ—ਬਾਯੁ ਸਮਾਨ ਸੁ ਬੇਗ ਕੋ ਧਾਰਿ ਚਲੇ ਗੁਰ ਮਾਰਗ ਮਹਿਂ ਸਹਿਸਾਈ।
ਦੁੰਦਭਿ ਨਾਦ ਸੁਨਯੋ ਜਹਿਂ ਲੌ ਸਭ ਕੰਪ ਉਠੀ ਗਨ ਲੋਗ ਲੁਗਾਈ।
ਕੌਨ ਪੈ ਕੋਪ ਕਰਯੋ ਪ੍ਰਭੁ ਧਾਵਤਿ ਕੌਨ ਕੀ ਮ੍ਰਿਤੁ ਅਬੈ ਨਿਯਰਾਈ।
ਕੋ ਨਹਿਂ ਚਾਹਤਿ ਆਪ ਕੋ ਜੀਵਨ ? ਕੀਨ ਬਿਗਾਰ ਨਹੀਂ ਸੁਧ ਪਾਈ ॥੧੫॥
ਜਾਤਿ ਸੁ ਮਾਰਗ ਛੋਰਿ ਤੁਰੰਗਨ ਧਾਂਕ ਪਰੀ ਗਿਰ ਦੇਸ਼ ਮਝਾਰੀ।
'ਸ੍ਰੀ ਗੁਰੂ ਗੋਬਿੰਦ ਸਿੰਘ ਕੁਪਯੋ, ਮਤਿ ਹੀਨ। ਕਹੋ ਕਿਨ ਕੀਨ ਬਿਗਾਰੀ ?'
ਭਾਜਤਿ ਏਕ ਮਹਾਂ ਉਰ ਤ੍ਰਾਸਤਿ ਏਕ ਦੁਰੈ ਨਹਿਂ ਦੇਹਿਂ ਦਿਖਾਰੀ।
ਤੇਜ ਧਰੈਂ ਬਲ ਭੂਰ ਭਰੈਂ ਇਮ ਜਾਤ ਭਲੀ ਪ੍ਰਭੁ ਕੀ ਅਸਵਾਰੀ॥ ੧੬ ॥
[ਰੁਤ ੪ ਅੰਸੂ ੪੯

**ਭਯਾਨਕ ਰਸ**—ਕਾਲੀ ਦੀ ਤਸਵੀਰ ਭਯਾਨਕ ਰਸ ਵਿਚ ਆਪ ਐਉਂ ਖਿੱਚਦੇ ਹਨ:—

ਤ੍ਰਿਭੰਗੀ—ਜੁਗ ਚਰਨ ਬਿਸਾਲਾ ਨਖਨ ਕਰਾਲਾ ਜੰਘਨ ਤਾਲਾ ਤਰੁ ਜਥਾ।
ਕਟ ਮੈਂ ਅਲਬਾਲਾ ਹਾਡਨਿ ਮਾਲਾ ਪਿਖ ਭਯਹਾਲਾ ਉਦਰ ਤਥਾ।
ਪ੍ਰਿਸ਼ਟੀ ਪਰ ਵਾਲਾ ਲਟਕੇ ਜਾਲਾ ਦੀਰਘ ਕਾਲਾ ਰੰਗ ਸਜਾ।
ਤਰੁ ਕੇ ਜਨੁ ਡਾਲਾ ਮੁੰਡ ਕਿ ਬਜਾਲਾ ਕੇ ਬਡ ਬਜਾਲਾ ਅਸ਼ਟ ਭੁਜਾ॥ ੬ ॥
ਗਰ ਮੈਂ ਧਰਿ ਮਾਲਾ ਮੁੰਡਨ ਜਾਲਾ ਬਹੁਤ ਕਰਾਲਾ ਦਾੜ੍ਹ ਬਡੀ।
ਦੰਤਨ ਕੀ ਪਾਲਾ ਖਰੀ ਕੁਢਾਲਾ ਦੀਰਘ ਜ੍ਵਾਲਾ ਤੁੰਡ ਛਡੀ।
ਭ੍ਰਿਕੁਟੀ ਚਢਿ ਭਾਲਾ ਲੋਚਨ ਲਾਲਾ ਸੀਸ ਬਿਸਾਲਾ ਬਾਲ ਮਹਾਂ।
ਤਨ ਸਭਿ ਬਿੱਕ੍ਰਾਲਾ ਦਿਸ਼ਪਟ ਵਾਲਾ ਕਰ ਕਰਵਾਲਾ ਲਾਹ ਲਹਾ॥ ੭ ॥
ਗਨ ਜੋਗਨਿ ਸੰਗਾ ਤਨ ਜਿਨ ਨੰਗਾ ਮਹਾਂ ਕੁਰੰਗਾ ਨਾਚਤਿ ਹੈਂ।

ਬਹੁ ਭੂਤ ਸੁ ਪ੍ਰੇਤਾ ਕੇਤਿਕ ਕੇਤਾ ਗਹਿ ਕਰਿ ਲੇਤਾ ਮਾਚਤਿ ਹੈਂ।
ਮੁਖ ਹੜ ਹੜ ਹਾਸੈਂ ਬਾਕ ਪ੍ਰਕਾਸ਼ੈਂ ਫਿਰ ਚਹੁੰ ਪਾਸੈਂ ਕ੍ਰੀੜ ਕਰੇਂ।
ਬਹੁ ਬੀਰ ਬਿਲਾਸੈਂ ਦੋਇ ਪਚਾਸੈਂ ਅੱਗ੍ਰ ਪ੍ਰਭਾਸੈਂ ਮੋਦ ਧਰੇਂ॥ ੮॥
ਕਰਤੀ ਭੁਮਚਾਲਾ ਸੈਲ ਬਿਸਾਲਾ ਸ਼੍ਰਿੰਗ ਉਤਾਲਾ ਫੋਰਤਿ ਹੈ।
ਗਰਜਤਿ ਰਵ ਭਾਰੀ ਭੀਖਨ ਕਾਰੀ ਗਣਨ ਅਗਾਰੀ ਤੋਰਤਿ ਹੈ।
ਜਿਤ ਕਿਤ ਦਮਕੰਤੀ ਜ੍ਵਾਲ ਬਮੰਤੀ ਭੈ ਬਰਧੰਤੀ ਆਵਤਿ ਹੈ।
ਕਿਲਕਤਿ ਕਿਲਕਾਰੀ ਡਾਕਨ ਡਾਰੀ ਬੇਗ ਜੁ ਧਾਰੀ ਪਾਵਤਿ ਹੈ॥ ੯॥

[ਰੁ: ੪ ਅੰਸੂ ੧੧

**ਬੀਭਤਸ ਰਸ**—ਭੋ ਨ੍ਰਿਪ ! ਤ੍ਰਿਯ ਮੈਂ ਕੋ ਵਬੁ ਨੀਕੀ ? ਜਿਸ ਅਵਿਲੋਕ ਪ੍ਰੀਤ ਹ੍ਵੈ ਜੀ ਕੀ॥ ੩੨ ॥ ਜੇ ਲੋਚਨ ਕਹਿੰ ਕਮਲ ਸਮਾਨਾ । ਗੀਡ ਬਹਤਿ ਜਿਹ ਪਿਖਤਿ ਗਿਲਾਨਾ। ਫੇਰ ਬਿਲੋਕਹਿੰ ਜੇ ਤਿਨ ਮਾਂਹੀ। ਮਿੱਝ ਨੀਰ ਬਿਨ ਔਰ ਸੁ ਨਾਂਹੀ॥ ੩੩॥ ਅਪਰ ਅੰਗ ਤਿਨ ਰੀਤਿ ਸੁਨੀਜੈ। ਚੰਦ ਸਰਸ ਕੋ ਬਦਨ ਕਹੀਜੈ। ਚਰਬੀ ਰਕਤ ਲਪੇਟਜੋ ਚਾਮਾ। ਗੌਰ ਰੰਗ ਪਿਖਿਯਤਿ ਅਭਿਰਾਮਾ॥ ੩੪॥ ਇਨ ਵਸਤੁਨ ਬਿਨ ਹੋਇ ਨ ਆਨਾ। ਜਿਨਹਿ ਬਿਲੋਕੇ ਆਇ ਗਿਲਾਨਾ। ਪੁਨ ਜਿ ਦਾਂਤ ਕਹਿੰ ਕਲੀ ਸਮਾਨੇ। ਮਾਸ ਬਿਨਾ ਲਿਹੁ ਹਾਡ ਪਛਾਨੇ। ੩੫। ਮੁਖ ਤੇ ਟੂਟ ਜਾਂਹਿ ਜੇ ਸੋਊ। ਚਾਹਤਿ ਹਾਥ ਨ ਛ੍ਵਾਇਓ ਕੋਊ। ਇਸੀ ਪ੍ਰਕਾਰ ਦੇਹਿ ਲਖਿ ਸਾਰੀ। ਹਾਡ ਮਾਸ ਹੈਂ ਰਕਤ ਮਝਾਰੀ। ੩੬। ਬਿਸ਼ਟਾ ਮੂਤ੍ਰ ਯੁਕਤ ਦੁਰਗੰਧੇ। ਕਿਹ ਕੋ ਪਿਖ ਲੁਭਾਇ ਮਤਿ ਅੰਧੇ। ਮੁਖ ਮਹਿੰ ਥੂਕ ਸੀਂਢ ਬਹੁ ਨਾਸਾ। ਊਪਰ ਚਰਮ ਬਾਲ ਹੈਂ ਗਾਸਾ। ੩੭। ਹੇ ਨ੍ਰਿਪ ! ਇਸ ਪ੍ਰਕਾਰ ਉਰ ਧਾਰਹੁ। ਵਸਤੁ ਕੌਨ ਸੀ ਭਲੀ ਬਿਚਾਰਹੁ। ਮਹਾਂ ਦੁਰਗੰਧ ਮੰਦਨੀ ਸੋਊ। ਅਹੈ ਨਾਰਿ ਕੀ ਪ੍ਰੀਤਹਿ ਜੋਊ। ੩੮

[ਨਾ: ਪ੍ਰ: ਉ: ਧਿ: ੧੩

ਇਕ ਥਾਵੇਂ ਆਈ ਯੁੱਧ ਭੂਮਿਕਾ ਦੇ ਬੀਭਤਸ ਦਰਸ਼ਨ ਬੀ ਦੇਖਣ ਯੋਗ ਹਨ:—
ਤੁਰੰਗੇਂ ਤੜਾਕੇਂ ਸੁਗੋਰੀ ਸੜਾਕੇਂ। ੨੨। ਲਗੈਂ ਮੁੰਡ ਛੰਡੀ। ਮਨੋ ਫੂਟ ਹੰਡੀ।
ਕਟੀ ਬਾਂਹੁ ਕੋਈ। ਪਰੀ ਤੀਰ ਡੋਈ। ੨੩। ਬਹੀ ਮੀਝ ਸੇਤਾ। ਕੜ੍ਹੀ ਖਾਨ ਹੇਤਾ।
ਤਹਾਂ ਪ੍ਰੇਤ ਭਾਰੇ। ਮਨੋ ਸੂਪਕਾਰੇ। ੨੪ । ਰਸੋਈ ਬਨਾਵੈਂ। ਕਿਤੇ ਬੈਠ ਖਾਵੈਂ।
ਕਪਾਲੇ ਬਿਸਾਲੇ। ਲਹੂ ਪਾਨ ਵਾਲੇਂ। ੨੫। ਖਿਚੈਂ ਆਂਤ੍ਰ ਕੋਈ। ਗਰੇ ਪਾਇ ਸੋਈ।
ਮਨੋ ਫੂਲ ਮਾਲਾ। ਭਲੇ ਡਾਲ ਚਾਲਾ। ੨੬। ਭਖੈਂ ਮਾਸ ਫਾਰੇਂ। ਅਘਾਵੈਂ ਡਕਾਰੈਂ।
ਮਿਲੇ ਸਜਾਲ ਬ੍ਰਿੰਦਾ। ਸੁ ਖਾਵੈਂ ਬਿਲੰਦਾ।੨੭। ਘਨੀ ਜੋਗਨੀਆਂ। ਮਹਾਂ ਮੋਦ ਕੀਆ।
ਭਰੈਂ ਖੱਪਰ ਲੋਹੂ। ਕਰੈਂ ਪਾਨ ਓਹੂ। ੨੮।

[ਰਾ: ੭ ਅੰਸੂ ੪੯

**ਅਧਭੁਤ ਰਸ**—ਆਦਿ ਤਿਮਰਲੰਗ ਤੇ ਅਨੇਕ ਪਾਤਸ਼ਾਹ ਭਏ ਕੇਤੀ ਕੁਲ ਬੀਤ ਗਈ ਅਮਲ ਚਲਾਇਕੈ। ਦੇਸ਼ ਤੇ ਬਿਦੇਸ਼ ਚਾਰੋਂ ਚੱਕ ਸਭ ਨਿਵੇਂ ਆਇ ਕਹੂੰ ਨ ਮਵਾਸੀ ਭਏ ਦੀਏ ਵਿਚਲਾਇਕੈ। ਅਨਗਨ ਸੈਨ ਕੋਸ਼ ਦੀਰਘ ਦੁਰਗ ਭਾਰੀ ਰਾਜ ਕੋ ਸਮਾਜ

ਕੌਨ ਸਕੈ ਸੁ ਗਿਨਾਇਕੈ। ਸ੍ਰੀ ਗੁਬਿੰਦ ਸਿੰਘ ਏ ਸਰੂਪ ਪੰਥ ਖਾਲਸਾ ਕੋ ਕੌਨ ਜਾਨੈ ਦੈਂਗੋ ਪਾਤਸ਼ਾਹਤਿ ਖਪਾਇਕੈ।੧੨। [ਰਾਸ ੭ ਅੰਸੂ ੧

ਮੁਗਲਾਂ ਦੇ ਇੱਡੇ ਵਡੇ ਰਾਜ ਨੂੰ, ਕਿੱਡੀ ਅਸਚਰਜਤਾ ਵਾਲੀ ਗਲ ਹੈ ਕਿ ਪੰਥ ਖਾਲਸੇ ਨੇ ਮਿਟਾ ਦਿੱਤਾ, ਇਸ ਗਲ ਨੂੰ ਕੌਣ ਤਦੋਂ ਮੰਨ ਸਕਦਾ ਸੀ।

**ਸ਼ਾਂਤਿ ਰਸ**—ਤਾਤ ਸੁਤ ਮਾਤ ਹਿਤੂ ਸੋਦਰ ਸਹੋਦਰੀ ਸੋਂ ਮੋਦ ਮੈਂ ਕ੍ਰਿਸ਼ੋਦਰੀ ਸੋਂ ਗਾਢੇ ਲਪਟਾਯੋ ਹੈ। ਮੱਤ ਜੇ ਮਤੰਗ ਜਵੀ ਚੰਚਲ ਤੁਰੰਗ ਬ੍ਰਿੰਦ ਅਨੀ ਚਤੁਰੰਗਨੀ ਸੋਂ ਰਿਦਾ ਹੁਲਸਾਯੋ ਹੈ। ਆਬ ਨਿਤ ਹਾਥ ਚਾਹੈ ਜਨਮ ਅਕਾਥ ਖੋਤ ਅੰਤ ਕੋ ਨ ਸਾਥ ਮਨ ਜਾਂ ਸੇ ਡਹਕਾਯੋ ਹੈ। ਕੂੜ ਹੈ ਰੇ ਕੂੜ, ਮਨ ਮੂੜ! ਲਗ ਨਾਮ ਰੂੜ ਸਾਚੇ ਕੋ ਬਨਾਯੋ ਤਾਂਤੇ ਸਾਚੋ ਸੋ ਸੁਹਾਯੋ ਹੈ।੪੯। ਬਾਜੀਗਰ ਜੈਸੀ ਬਾਜੀ ਮਾਯਾ ਕੀ ਕਨਾਤ ਸਾਜੀ ਪਾਜੀ ਕੋ ਅਪਾਜੀ ਲਖ ਤਾਂ ਸੋਂ ਬਿਰਮਾਯੋ ਹੈ। ਸੁਪਨੇ ਪਦਾਰਥ ਸੁਆਰਥ ਮੈਂ ਰਚਜੋ ਸੰਚੇ ਸੰਚਿ ਸੰਚਿ ਜਾਗੇ ਤੇ ਬਹੁਰ ਪਛੁਤਾਯੋ ਹੈ। ਸੁਕਤਾ ਰਜਤ, ਮ੍ਰਿਗ ਤ੍ਰਿਸ਼ਨਾਂ ਮੈਂ ਨੀਰ ਜੈਸੇ ਰੱਜੁ ਮੈਂ ਸਰਪ ਆਦਿ ਅੰਤ ਹੂੰ ਨ ਪਾਯੋ ਹੈ। ਕੂੜ ਹੈ ਰੇ ਕੂੜ, ਮਨਮੂੜ!ਲਗ ਨਾਮ ਰੂੜ੍ਹ ਸਾਚੇ ਕੋ ਬਨਾਯੋ ਤਾਂਤੇ ਸਾਚੋ ਸੋ ਸੁਹਾਯੋ ਹੈ॥੫੦॥ [ਨਾ: ਪ੍ਰ: ਪੂ: ਪਿ: ੧

ਪੁਨਾ—ਦੇਖਹੁ ਜਗ ਸਨੇਹ ਕੀ ਚਾਲੀ। ਇਕ ਦਿਨ ਭਰੇ ਏਕ ਦਿਨ ਖਾਲੀ। ਕਬਹੂੰ ਹਰੇ, ਸ਼ੁਸ਼ਕ ਕਬ ਜਾਵਹਿਂ। ਕਬਹੂੰ ਜਨਮ ਕਬਹੁ ਬਿਨਸਾਵਹਿ॥ ੭॥ ਕਬ ਮੇਲਾ, ਕਬ ਬਿਰਹ ਦੁਹੇਲਾ। ਕਬ ਸੰਕਟ ਕਬ ਹੋਤਿ ਸੁਹੇਲਾ। ਸਦਾ ਪ੍ਰਣਾਮਵੰਤ ਜਗ ਅਹੈ। ਨਹੀਂ ਏਕਰਸ ਥਿਰਤਾ ਗਹੈ॥ ੮॥ ਮਿਲਬੇ ਤੇ ਹਰਖਹਿ ਨਹਿਂ ਗਜਾਨੀ। ਬਿਛੁਰੇ ਸ਼ੋਕ ਨ ਦੁਖ ਕੋ ਜਾਨੀ। ਲਖਹਿ ਕੂਰ ਨਹਿਂ ਕਰਹਿ ਸਨੇਹਾ। ਬਿਨਸ ਜਾਇ ਜਬ ਕਜੇਂ ਦੁਖ ਲੇਹਾ॥ ੯॥ ਜੋ ਵਸਤੁ ਨਿਤ ਇਕ ਰਸ ਰਹੈ। ਕਰਿ ਅਨੁਰਾਗ ਤਿਸਹਿ ਉਰ ਲਹੈ। [ਰਾਸ ੭ ਅੰਸੂ ੨੪

ਤਥਾ—ਪ੍ਰਭੁ ਮਰਜ਼ੀ ਮਹਿਂ ਰਹੁ ਨਿਤ ਰਾਜ਼ੀ। ਜਗ ਰਚਨਾ ਜਾਨਹੁ ਅਸ ਪਾਜੀ। ਥਿਰ ਨ ਰਹੈ ਨਿਤ ਬਿਨਸਨ ਹਾਰੀ। ਇਸ ਮਹਿ ਪ੍ਰੀਤਿ ਸੁਮਤਿ ਨਹਿਂ ਧਾਰੀ ॥ ੨੬॥ ਹਰਿ ਚੰਦੌਰੀ ਜਿਮ ਘਨ ਛਾਯਾ। ਸੁਪਨਾ, ਜਿਮ ਬਾਜੀਗਰ ਮਾਯਾ। ਇਨਹਿ ਸਾਚ ਲਖਿਕਰਿ ਦ੍ਰਿਢ ਗਹੈ। ਕਹਾਂ ਸੁ ਪ੍ਰਾਨੀ ਨਿਜ ਕਰ ਲਹੈ॥ ੨੨॥ ਬਿਨਸਹਿ ਕੋ ਆਗੇ ਕੋ ਪਾਛੇ। ਇਸ ਮਹਿਂ ਮੂਰਖ ਥਿਰਤਾ ਬਾਂਛੇ। ਚਲਜੋ ਜਾਤਿ ਜਿਮ ਨਦੀ ਪ੍ਰਵਾਹੂ। ਭਰਜੋ ਰਹਹਿ ਦਿਖੀਯਤ ਬਿਧ ਤਾਹੂ॥ ੨੮॥ ਉਪਜਨ ਬਿਨਸਨਿ ਕਾਰ ਹਮੇਸ਼। ਸਭ ਕੇ ਸੀਸ ਠਟੀ ਜਗਤੇਸ਼। [ਰਾਸ ੧੦ ਅੰਸੂ ੫੦

**ਕਰੁਣਾਰਸ**—ਸ਼੍ਰੀ ਅਨੰਦ ਪੁਰ ਦੇ ਯੁੱਧ ਵਿਚ ਕੇਸਰੀ ਚੰਦ ਤੇ ਹੋਰ ਸਿਰਕਰਦਿਆਂ ਦੀ ਮੌਤ ਹੋਣ ਤੇ ਪਹਾੜੀਆਂ ਦੀ ਹਾਲਤ ਦਾ ਚਿੱਤ੍ਰ ਕਰੁਣਾ ਰਸ ਵਿਚ ਕਵੀ ਜੀ ਨੇ ਐਉਂ ਬੱਧਾ ਹੈ:—

ਡੇਰੇ ਮਹਿਂ ਜਹਿਂ ਕਹਿਂ ਗਨ ਘਾਇਲ ਪਰੇ ਪੀਰ ਕੋ ਪਾਵੈਂ। ਕੇਤਿਕ ਰੁਦਤਿ ਸੰਬੰਧੀ

ਮਰਿਗੇ ਮਿਲਿ ਮਿਲਿ ਸ਼ੋਕ ਉਪਾਵੈਂ ॥ ੪੮ ॥ ਗਈ ਗਿਰਨ ਮਹਿਂ ਸੁਧ 'ਗਨ ਮਰਿਗੇ, ਪਰਜੋ ਪੀਟਨਾ ਭਾਰੀ। ਕੇਸ ਉਖਾਰਤਿ ਰੁਦਤਿ ਜਹਾਂ ਕਹਿਂ ਊਚੀ ਧੁਨਿ ਤੇ ਨਾਰੀ ॥ ੪੯ ॥ ਜਮ੍ਵਾਰੀ ਕੇ ਸੁਧ ਜਬ ਪਹੁੰਚੀ ਗਨ ਰਾਨੀ ਮਿਲਿ ਰੋਵੈਂ। ਹਾਹਾ ਕਾਰ ਜਹਾਂ ਕਹਿਂ ਉਚਰੈਂ ਦ੍ਰਿਗ ਜਲ ਤੇ ਪਟ ਧੋਵੈਂ ॥ ੫੦ ॥ ਕਹਿਂ ਲੌ ਕਹੌਂ ਸ਼ੋਕ ਵਧਿ ਗਿਰ ਗਨ ਰੋਦਤਿ ਬਾਇਸ ਧਾਰਾ। ਭੀਮ ਚੰਦ ਕੋ ਕਹੈਂ 'ਮੰਦ ਮਤਿ' ਦੇਤਿ ਹਜ਼ਾਰਹੁੰ ਗਾਰਾ ॥ ੫੧ ॥

[ਰੁ: ੪ ਅੰਸੂ ੨੮

ਇਸੇ ਤਰ੍ਹਾਂ ਇਕ ਥਾਵੇਂ ਲਿਖਦੇ ਹਨ:—ਜਹਿਂ ਕਹਿ ਬਿਧਵਾ ਗਨ ਤੁਰਕਾਨੀ। ਸਿਰ ਮੁਖ ਪੀਟਤਿ ਦੁਖੀ ਮਹਾਨੀ। ਉਤ ਕਾਬਲ ਅਰ ਦਿੱਲੀ ਦੇਸ਼। ਚਾਕਰ ਗ੍ਰਾਮਨ ਨੱਗਰ ਅਸ਼ੇਸ਼ ॥ ੩੭ ॥ ਸ਼ੋਕ ਬਾਸ ਕਰਿ ਬਿਚ ਤੁਰਕਾਨੇ। ਭ੍ਰਾਤ ਪਿਤਾਦਿ ਬੰਧੁ ਜਿਨ ਹਾਨੇ। ਕਿਸ ਕੋ ਪੁੱਤ੍ਰ ਭਤੀਜਾ ਕਾਹੂ। ਭਏ ਸ਼ਿੰਘਾਰਨ ਸਿੰਘਰ ਮਾਹੂ ॥ ੩੮ ॥ ...... ਜਹਾਂ ਕਹਾਂ ਤੁਰਕਨ ਕੇ ਓਕ। ਕੀਨ ਅਖਾਰੇ ਕੰਜਰ ਸ਼ੋਕ ॥ ੩੯ ॥ ਨਾਇਣ ਦੇਤਿ ਤਲੀਮਨ ਨਾਚਤਿ। 'ਹੈ ਹੈ ਓ ਹੋ' ਗਾਇਬੋ ਮਾਚਿਤ। ਸਿਰ ਮੁਖ ਕੋ ਪੀਟਤਿ ਇਕ ਬਾਰੀ। ਓਠਹਿਂ ਤਾਲ ਜਨੁ ਮਿਲਿ ਮਿਲਿ ਭਾਰੀ ॥ ੪੦ ॥

[ਰੁ: ੮ ਅੰਸੂ ੩੧

ਕਵੀ ਜੀ ਨੇ ਇਨ੍ਹਾਂ ਉੱਪਰਲੇ ਛੰਦਾਂ ਵਿਚ ਕਹੁਣਾ ਰਸ ਦੇ ਸੁਹਣੇ ਰੂਪਕ ਬੱਧੇ ਹਨ ਜਿਸ ਵਿਚ ਸ਼ੋਕ ਦੇ ਨਾਲ ਘਬਰਾ, ਅਸ਼ਾਂਤਿ ਤੇ ਪੀੜਾ ਸਹਾਯਕ ਹਨ, ਪਰ ਵਿਸ਼ਾ ਆਮ ਸ਼ੋਕ ਦਾ ਹੈ ਏਥੇ। ਇਸ ਤੋਂ ਵਧ ਕਮਾਲ ਆਪ ਦਾ ਇਹ ਹੈ ਕਿ ਸਿਮ੍ਰਤੀ ਤੇ ਦੀਨ ਬੇਨਤੀ ਤੇ ਨਿਕੀ ਜਿਹੀ ਰਸ ਤ੍ਰਾਸ ਦੀ ਤੇ ਇਕ ਛੁਹ ਵੈਰਾਗ ਦੀ ਲਾਕੇ, ਵਿਚ ਵਿਚ ਭਗਤੀ ਦੀ ਹਵਾ ਦੇਕੇ ਆਪ ਨੇ ਇਕ ਕਰੁਣਾਰਸ ਬੱਧਾ ਹੈ। ਕਰੁਣਾਰਸ ਦਾ ਸਥਾਈ ਭਾਵ ਸ਼ੋਕ ਹੈ ਅਰ ਇਸ ਰਸ ਵਿਚ ਕਵੀ ਸ਼ਿੰਗਾਰ ਤੇ ਸ਼ਾਂਤੀ ਦੀ ਹਵਾ ਨਹੀਂ ਲਗਣ ਦੇਂਦੇ; ਪਰ ਕਵੀ ਜੀ ਪ੍ਰੀਤਿ ਤੇ ਸਿਮ੍ਰਤੀ ਨੂੰ ਨਾਲ ਗੁੰਦ ਕੇ ਵਿਯੋਗ ਦਾ ਰੂਪ ਦੇਕੇ ਆਪਣੇ ਇਨ੍ਹਾਂ ਛੰਦਾਂ ਨੂੰ ਅਚਰਜ ਕਲੇਜੇ ਧੂਹਵਾਂ ਰੰਗ ਚਾੜ ਦੇਂਦੇ ਹਨ:— (ਕਲਗੀਧਰ ਪਾਤਸ਼ਾਹ ਦੇ ਜੋਤੀ ਜੋਤਿ ਸਮਾਉਣ ਵੇਲੇ)

ਸਵੈਯਾ—ਛੋਰਿਕੇ ਪੌਰ ਕੀ ਠੌਰ ਕਨਾਤ ਤੇ ਬਾਹਿਰ ਆਨਿ ਥਿਰੇ ਸਮੁਦਾਯਾ।
ਬੈਠ ਗਏ ਗਨ ਸਿੰਘ ਚਹੂੰ ਦਿਸਿ ਲੋਚਨ ਤੇ ਜਲ ਪੁੰਜ ਬਹਾਯਾ।
ਸੂਰਤ ਸ੍ਰੀ ਗੁਰ ਕੀ ਮ੍ਰਿਦੁ ਮੂਰਤਿ ਧ੍ਯਾਨ ਧਰੇ ਮਨ ਕੋ ਠਹਿਰਾਯਾ।
ਬ੍ਰਿੰਦ ਭਲੇ ਗੁਨ ਕੋ ਸਿਮਰੈਂ ਸ਼ੁਭ ਸ਼ੀਲ ਸਰਾਹਤਿ ਦੀਰਘ ਦਾਯਾ ॥ ੨੯ ॥
'ਸ੍ਰੀ ਪ੍ਰਭੁ! ਸਿੰਘ ਕਦੰਬ ਪੰਜਾਬ ਕੇ ਕੌਨ ਅਲੰਬ ਇਹਾਂ ਹਮ ਕੇਰਾ?
ਕੌਨ ਕੇ ਹੋਇ ਸਮੀਪ ਥਿਰੈਂ ਨਿਤ? ਕਾਂਹਿ ਪਿਖੈਂ ਸਭਿ ਸਾਂਝ ਸਵੇਰਾ?
ਸ੍ਰੀ ਮੁਖ ਤੇ ਬਿਨ ਚਾਰੁ ਗਿਰਾ ਕਿਸ ਤੇ ਉਪਦੇਸ਼ ਸੁਨੈਂ ਕਰਿ ਘੇਰਾ?
ਦੇਖਿ ਕਿਸੈ ਹਮ ਆਨੰਦ ਪਾਵਹਿ? ਲੋਕ ਦੁਹੂੰ ਵਿਸ਼ਵਾਸ਼ ਬਡੇਰਾ' ॥ ੩੦ ॥
ਲੋਚਨ ਤੇ ਜਲ ਮੋਚਤਿ ਸੋਚਤਿ ਨਿੰਮ੍ਰਿ ਕਰੇ ਮੁਖਿ ਹਿਯ ਦੁਚਿਤਾਈ।
ਏਕ ਕੇ ਸੰਗ ਨ ਦੂਸਰ ਬੋਲਤਿ ਦੇਖਨਿ ਕੋ ਨਹਿਂ ਦ੍ਰਿਸ਼ਟਿ ਚਲਾਈ।
ਜਯੋਂ ਬਹੁ ਨਾਗਨ ਕੀ ਮਣਿ ਏਕ ਭਈ ਕਿਤ ਲੋਪ ਨਹੀਂ ਪੁਨ ਪਾਈ।

'ਭਾਗ ਬਿਹੀਨ ਬਿਯੋਗ ਸਹ੍ਯੋ ਗੁਰ ਸੰਗ ਗਏ ਨ ਸਰੀਰ ਬਿਹਾਈ॥ ੩੧ ॥
'ਪੇਖਹੁ ਪ੍ਰੀਤ ਪਤੰਗਨ ਕੀ ਛਿਨ ਮਹਿਂ ਤਨ ਦੇਤਿ ਬਿਲੋਕ ਪ੍ਰਕਾਸ਼ਾ।
'ਨਾਦ ਸੁਨੇ ਅਹਿਲਾਦ ਰਿਦੇ ਕਰਿ ਹ੍ਵੈ ਵਿਸਮਾਦ ਤੇ ਏਣੁ ਬਿਨਾਸ਼ਾ।
'ਏਕ ਸੁਗੰਧਿ ਤੇ ਅੰਧ ਮਧੂ ਬ੍ਰਿਤਿ ਛੋਰਤਿ ਨਾਂਹਿ ਪ੍ਰਮੋਦ ਮਹਿਂ ਫਾਸਾ।
'ਮੀਨ ਰਹੇ ਜਲ ਤੇ ਸੁਖ ਮੈਂ ਬਿਛੁਰੇ ਮਰ ਜਾਤਿ ਸੁ ਪ੍ਰੇਮ ਉਪਾਸਾ ॥ ੩੨ ॥
'ਕਯਾ ਇਹ ਜੰਤੁ ਮਲੀਨ ਮਹਾਂ, ਕਰਿ ਪ੍ਰੇਮ ਕੋ ਦੇਤਿ ਹੈਂ ਆਪਨੇ ਪ੍ਰਾਨਾ।
'ਹੈ ਹਮਰੇ ਤਨ ਮਾਨੁਖ ਕੋ ਸਭਿ ਜਾਨਤਿ ਹੈਂ ਮਨ ਲਾਭ ਰੁ ਹਾਨਾ।
'ਸ੍ਰੀ ਗੁਰ ਪ੍ਰੀਤ ਸਦਾ ਸੁਖਦਾ ਦੁਹਿ ਲੋਕਨ ਮਹਿਂ ਕਰਤੀ ਸੁ ਕਲਯਾਨਾ।
'ਸੋ ਹਮ ਜਾਨਿ ਮਹਾਤਮ ਕੋ ਨਿਰਬਾਹ ਨ ਕੀਨ ਭਏ ਅਨਜਾਨਾ ॥ ੩੩ ॥
'ਪਾਹਿਨ ਤੇ ਨਿਠੁਰੇ ਹਮਰੇ ਉਰ ਪ੍ਰੀਤਮ ਕੇਰ ਬਿਯੋਗ ਸਹਾਰਾ।
'ਜਾਂਹਿ ਬਿਨਾ ਸੁਖ ਲੇਸ਼ ਨਹੀਂ ਦੁਹਿ ਲੋਕਨ ਕੋ ਪ੍ਰਭੁ ਮਾਲਕ ਭਾਰਾ।
'ਤਾਂ ਬਿਨ ਬੈਠਿ ਰਹੇ ਬਨਿ ਦੀਨ ਗਏ ਨਹਿਂ ਸਾਥ ਜੁ ਨਾਥ ਉਦਾਰਾ।'
ਭੂਰ ਬਿਸੂਰਤਿ ਹੈਂ ਬਨਿ ਮੂਰਤਿ ਅੰਗ ਅਡੋਲ ਥਿਰੇ ਇਕ ਸਾਰਾ॥ ੩੪ ॥

[ਐਨ ੨ ਅੰਸੂ ੨੪

ਇਸ ਤੋਂ ਵੱਧ ਜੇ ਕਵੀ ਜੀ ਦਾ ਰਸਾਂ ਦਾ ਸੰਗਮ ਖ਼ੂਬਸੂਰਤੀ ਨਾਲ ਨਿਭਦਾ ਦੇਖਣਾ ਹੋਵੇ ਤਾਂ ਤਕੋ ਸ੍ਰੀ ਗੁਃਨਾਃਪ੍ਰਃਪ੍ਰੁਃਅਧਜਾਃ ੬੯ਅੰਕ ੧੮-੪੧ਪੰਨਾ ੭੨੯ ਤੇ ਉਸਦੀ ਹੇਠਲੀਂ ਟੂਕਾ

## ੪. ਅਲੰਕਾਰ* ।

ਜਦ ਅਸੀਂ ਅਲੰਕਾਰਾਂ ਵਿਚ ਕਵੀ ਕਲਮ ਦਾ ਕਮਾਲ ਖੋਜੀਏ ਤਾਂ ਅਲੰਕਾਰਾਂ ਦਾ ਗ੍ਰੰਥ ਬਣ ਸਕਦਾ ਹੈ। ਨਮੂਨੇ ਮਾਤ੍ਰ ਆਪ ਦੇ ਕੁਛ ਅਲੰਕਾਰ ਦਿਖਾਲਦੇ ਹਾਂ:–

**ਉਤਪ੍ਰੇਖਾ†**–ਦੁੰਦਭਿ ਸ਼ਬਦ ਭੀਮ, ਘਾਲਤਿ ਕਦੀਮ ਸੀਮ, ਤੁਪਕ ਪਠੀ ਅਸੀਮ, ਮੀਨ ਤਨ ਛੁਦ੍ਰ ਕੋ। ਤੋਪੈਂ ਮਹਾਂ ਨੱਕ੍ਰ ਤੁੰਡ ਪਸਰੇ ਅਬੱਕ੍ਰ ਜਿਨ ਸਿਪਰੈਂ ਕਮਠ ਬੇਗ ਧਾਵਤਿ ਅਮੁੱਦ੍ਰ ਕੋ। ਸੁਧੁਜਾ ਮਤੰਗ ਤੁੰਗ ਸੈਲ ਹੈਂ ਸਪੰਖ ਰੰਗ ਤੋਮਰ ਭੁਜੰਗ ਹੈਂ ਤੁਰੰਗ ਜੰਤੁ ਹੁੱਦ੍ਰ ਕੋ। ਗੁਰੂ ਕੋਪ ਤਵਾ ਪੈ ਪਰਨ ਧਾਏ ਜੋਰ ਕਰਿ ਚਲਯੋ ਦਲ ਆਇ ਕੈਧੌਂ ਜਲ ਹੈ ਸਮੁੱਦ੍ਰ ਕੋ॥ ੧੮॥ ਦੀਰਘ ਦਮਾਮੇ ਧੁਨਿ ਹੋਤ ਹੈ ਗੰਭੀਰ ਤਾਮੈਂ ਘੋਖ ਹੈ ਬਿਸਾਲ ਜਾਮੈ ਚਲਯੋ ਦਲ ਆਵਈ। ਕੈਧੌਂ ਘਨ ਘਟਾ ਬਨਿ ਸ਼ਾਹ ਕੋ ਹੁਕਮ ਪੌਨ ਪ੍ਰੇਰਿ ਕੀਨ ਤਾਂਹੀ ਕੇ ਅਗੇਰੇ ਉਮਡਾਵਈ। ਤੋਪਨ ਅਵਾਜ ਮਾਨੋ ਗਾਜ ਪਰੈ ਬਾਰ ਬਾਰ ਪਾਵਕ ਪਲੀਤੇ ਕੀ ਧੁਖਤਿ ਚਮਕਾਵਈ। ਸੁੰਦਰ ਅਨੰਦ ਪੁਰ ਸੈਲ ਜਯੋਂ ਬਿਲੰਦ ਪਰ ਗੋਰੀ ਗੋਰੇ ਓਰੇ ਕੋ ਚਹਿਤ ਬਰਖਾਵਈ॥ ੧੯ ॥

[ਰੁਤ ੬ ਅੰਸੂ ੯

---

*ਸ਼ਬਦ ਅਰਥ ਜੋ ਚਿੱਤ੍ਰਤਿ ਕਰਿ ਹੀ। ਚਮਤਕਾਰ ਛਬਿ ਅਧਿਕੈ ਧਰਿ ਹੀ।
ਭੂਖਨ ਜੈਸੇ ਪਹਿਰੈ ਪ੍ਰਾਨੀ। ਤੈਸੇ ਅਲੰਕਾਰ ਮਿਲ ਬਾਨੀ। [ਗਰਬ ਗੰਜਨੀ

†ਉਪਮਾਨ ਵਿਚ ਉਪਮੇਯ ਦੀ ਕਲਪਨਾ ਕਰਨੀ।

**ਉਲੇਖ***—ਸ਼ੱਤ੍ਰ ਬਿਲੋਕਤਿ ਕਾਲ ਸਮ ਜਾਨਹਿਂ—ਲੇ ਪ੍ਰਾਨਾ—।—ਦੇਵ ਤਰੋਵਰ—ਕੋ ਲਖਹਿਂ ਜਨ ਕਾਮਨਵਾਨਾ॥ ੩੧ ॥ ਗਜਾਨੀ ਲਖਹਿਂ—ਪ੍ਰਮਾਤਮਾ ਬਾਂਛਤ ਤਨ ਧਾਰਾ—। ਨਿਸ਼ਚੇ ਭਗਤਨਿ ਕੇ ਰਿਦੇ-ਵਿਸ਼ਨੁ ਅਵਤਾਰਾ-।-ਸ੍ਰੀ ਨਾਨਕ ਕੋ ਤਨ ਦਸਮ-ਸਿੱਖਨ ਮਨ ਜਾਨਾ। ਪੂਜਾ ਲਖਹਿ-ਰਾਜਾ ਮਹਾਂ ਪਾਲਹਿ ਬਿਧਿ ਨਾਨਾ-॥ ੩੨॥

[ਰੁ: ੨ ਅੰਸੂ ੩੪

**ਸੰਸ੍ਰਿਸ਼ਟ†**—ਰਾਮ ਛੱਤ੍ਰ ਬੰਧ ਪਰ, ਰਾਮ ਦਸਕੰਧ ਪਰ, ਰਾਮ ਜਰਾਸੰਧ ਪਰ ਤ੍ਰੈ ਜਸੋਂ ਨਰਸਿੰਘ ਹੈਂ। ਹੁੱਦ੍ਰ ਜਸੋਂ ਮਾਰ ਪਾਰ, ਬੈਨਤੇਯ ਮਾਰ ਪਰ, ਪੌਨ ਦੀਪ ਮਾਰ ਪਰ, ਮਾਰ ਪਰ ਸਿੰਘ ਹੈਂ। ਸੂਰ ਤਮ ਬ੍ਰਿੰਦ ਪਰ, ਸੂਰ ਰਣ ਦੁੰਦ ਪਰ, ਸੂਰ ਦਿਤੀ ਨੰਦ ਪਰ, ਤ੍ਰਦੇ ਨਰਸਿੰਘ ਹੈਂ। ਕਾਲ ਸਰਬੰਸ ਪਰ ਦਾਵਾ ਬਨ ਬੰਸ ਪਰ ਤਜੋਂ ਮਲੇਛ ਬੰਸ ਪਰ ਸ੍ਰੀ ਗੋਬਿੰਦ ਸਿੰਘ ਹੈਂ ॥ ੨੮ ॥

[ ਰੁਤ ੫ ਅੰਸੂ ੫੨

**ਉਪਮਾ‡**—ਸ਼ਮਸ਼ ਸਜਾਮ ਸੁੰਦਰ ਗਿਰਦ ਲਘੁ ਲਘੁ ਸਮੁਦਾਈ।
ਸਹਿਜ ਸੁ ਚਿਕ੍ਰਨ ਕੇਸ ਸ਼ੁਭ ਅਸ ਉਪਮਾ ਗਾਈ।
ਰਤਨ ਉਰਗ ਮੁਖ ਚੰਦ ਵਿਗ ਪਸਰਜੋ ਤਮ ਜਾਲਾ।
ਦਿਪਤਿ ਦਸਨ ਮੁਸਕਜਾਨ ਜੁਤਿ ਦੁਤਿ ਚਾਰੁ ਬਿਸਾਲਾ॥ ੧੨॥

[ਰੁ: ੨ ਅੰਸੂ ੪੭

**ਮਾਲੋਪਮਾ§**— ਕਵੀ ਜੀ ਸ਼੍ਰੀ ਗੁਰੂ ਜੀ ਦੀ ਕੀਰਤੀ ਦਾ ਵਰਣਨ ਕਰਦੇ ਹਨ:—

ਖੁਰਾਸਾਨ ਕਾਬਲ ਕੰਧਾਰ ਹੂੰ ਮੈ ਕੇਵੜਾ ਸੀ ਮੱਧ ਮੁਲਤਾਨ ਹੂੰ ਕੇ ਮਾਲਤੀ ਸੀ ਫੂਲੀਆ। ਮੱਕੇ ਮੇਂ ਮੰਦਾਰ ਸੀ ਮਦੀਨੇ ਹੈ ਮਯੰਕ ਸਮ, ਕੰਬੂ ਜੈਸੀ ਕਾਸ਼ਮੀਰ ਭਲੀ ਭਾਂਤਿ ਝੂਲੀਆ। ਪਾਰਦ ਸੀ ਬਗਦਾਦ ਨਾਰਦ ਸੀ ਭੱਖਰਾਦਿ ਗੰਗ। ਕੇਸੀ ਧਾਰ ਭਈ ਗੰਗ ਜੁ ਕੇ ਕੂਲੀਆ। ਚੌਰ ਜੈਸੀ ਚਾਰੋਂ ਦਿਸ ਸੋਹੈ ਸਭਿ ਸੀਸ ਪਰ ਸਾਤ ਦੀਪ ਮੱਧ ਮੈਂ ਮਰਾਲ ਪਾਂਤ ਝੂਲੀਆ॥ ੫੭॥ ਅਮਲ ਕਮਲ ਜੈਸੀ ਕਾਸ਼ੀ ਮੈਂ ਬਿਰਾਜਮਾਨ ਸੁਧਾ ਸਮ ਸੁਧਾਸਰ ਦਿੱਲੀ ਦੂਧ ਸੋਹੀਏ। ਜੌਨ੍ਹ ਜੈਸੀ ਜੋਧਪੁਰ ਸੇਸ ਸੀ ਸੁਮੇਰ ਪਰ ਚੰਦਨ ਸੀ ਚੀਨ ਔ ਮਚੀਨ ਮਾਂਹਿ ਜੋਹੀਏ। ਨਿਪਾਲ ਮੈਂ ਨਿਹੱਕ ਸੀ ਕਮਾਊਂ ਮੈਂ ਕਪਾਸ ਸੀ ਹਿਸਾਰ ਕੋਟ ਹਿਮ ਸੀ ਸੁਖਦ ਅਵਰੋਹੀਏ। ਆਠੋਂ ਦਿਗ ਪਾਲਨ ਕੇ ਦਸਨ ਪੈ ਜਾਇ ਟਿਕੀ ਜਹਾਂ ਤਹਾਂ ਦੇਖੀਏ ਸਭਿਨਿ ਮਨ ਮੋਹੀਏ ॥ ੫੮ ॥ ਲਖਨਊ ਸਾਰਦ ਸੀ ਲਵਪੁਰ ਬਾਰਦ ਸੀ ਹਾਜੀਪੁਰ ਹੰਸਨੀ ਸੀ ਰੂਪਾ ਰੂਮ

---

*ਏਕਹ ਕਉ ਜੋ ਬਹੁ ਬਿਧਿ ਬਰਨੈ। ਉੱਲੇਖਾ ਕਹਿ ਕਰਿ ਕਵਿ ਨਿਰਨੈ। [ਗਰਬ ਗੰਜਨੀ

†ਅਲੰਕਾਰ ਇਕ ਥਲ ਬਹੁਤ ਜੁਦੇ ਜੁਦੇ ਲਖਿ ਜਾਹਿਂ। ਤਿਲ ਤੰਦੁਲ ਕੀ ਰੀਤਿ ਸੋਂ ਸੰਸ੍ਰਿਸ਼ਟ ਕਹੀਏ ਤਾਂਹਿ। [ਗਰਬ ਗੰਜਨੀ

‡ਉਪਮਾਨ ਨੂੰ ਕਿਸੇ ਅੰਗ ਵਿਚ ਉਪਮੇਯ ਜੇਹਾ ਦੱਸਣਾ।

§ਉਪਮੇਯਹਿ ਇਕ ਬਹੁ ਉਪਮਾਨ। ਸੋ ਮਾਲੋਪਮ ਲਖਹੁ ਸੁਜਾਨ। [ਗਰਬ ਗੰਜਨੀ

ਜਾਨੀਏ। ਕਰਿਕਾ ਐਰਾਕ, ਉਡਗਨ ਸੀ ਐਰਾਨ ਹੂਰੀ, ਫਟਕ ਸੀ ਫਰਕਾ ਬਾਦ ਬਿਸਦ ਬਖਾਨੀਏ। ਉਦਧਿ ਬੰਦਰ ਮੱਧ ਉਦਧਿ ਸੀ ਫੈਲ ਰਹੀ ਕੂਲ ਸੁ ਕਲਿੰਦਰੀ ਕੇ ਕੁੰਦ ਸੀ ਪ੍ਰਮਾਨੀਏ। ਕੌਂਡੇ ਸੀ ਕਲਿੰਜਰ, ਸਭਨ ਮੁਖ ਰਦਨ ਸੀ ਨਾਨਕ ਕੀ ਕੀਰਤ ਸੰਤੋਖ ਸਿੰਘ ਗਾਨੀਏ॥ ੫੯॥ [ਨਾ: ਪ੍ਰ: ਪੂ: ਧਿ: ੩੭

**ਵ੍ਰਿਤਯਾਨੁਪ੍ਰਾਸ***—ਗਾਢ ਮੈਂ ਸੁਚੇਤ ਭਏ ਲਾਖੋਂ ਦਲ ਦੇਖਿ ਲਏ ਬੋਲੇ ਸ੍ਰੀ ਗੁਬਿੰਦ ਸਿੰਘ 'ਸੁਨੋ ਬਾਕ ਖਾਲਸਾ। ਸਭ ਕੋ ਹਟਾਇ ਰਹੇ, ਪਤੇ ਕੋ ਦਿਖਾਇ ਰਹੇ, ਦਗ਼ੇ ਕੋ ਬਤਾਇ ਰਹੇ, ਸ਼ੱਤ੍ਰਨਿ ਕੀ ਲਾਲਸਾ। ਸਿੱਖ੍ਯਾ ਕੋ ਸਿਖਾਇ ਰਹੇ, ਸੁਖ ਦੇ ਲੁਭਾਇ ਰਹੇ, ਦੁੱਖ ਕੋ ਸੁਨਾਇ ਰਹੇ ਜੈਬੇ ਲਖੋ ਕਾਲਸਾ। ਰਹਿਬੋ ਮਨਾਇ ਰਹੇ, ਬੇਰੁਖ਼ ਬਨਾਇ ਰਹੇ, ਮ੍ਰਿਤੂ ਤੇ ਬਚਾਇ ਰਹੇ, ਧਰਜੇ ਹਠ ਬਾਲ ਸਾ। [ਰੁ: ੬ ਅੰਸੂ ੬੫

**ਸੰਭਾਵਨਾ†**—ਛਾਇ ਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ ਹੋਵਤੀ ਕੁਚੀਲਤਾ ਕਿਤਾਬਨ ਕੁਰਾਨ ਕੀ। ਪਾਪ ਹੀ ਪ੍ਰਪੱਕ ਜਾਤੇ, ਧਰਮ ਧਸੱਕ ਜਾਤੇ, ਬਰਨ ਗ਼ਰੇਕ ਜਾਤੇ, ਸਹਤ ਬਿਧਾਨ ਕੀ। ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ ਰੀਤਿ ਮਿਟ ਜਾਤੀ ਸਭਿ ਬੇਦਨ ਪੁਰਾਨ ਕੀ। ਸ੍ਰੀ ਗੁਰੂ ਗੁਬਿੰਦ ਸਿੰਘ ਪਾਵਨ ਪਰਮ ਸੂਰ ਮੂਰਤ ਨ ਹੋਤੀ ਜਉ ਪੈ ਕਰੁਣਾ ਨਿਧਾਨ ਕੀ॥ ੨੭॥ [ਰੁਤ ੫ ਅੰਸੂ ੫੨

**ਵਕ੍ਰੋਕ੍ਤਿ‡**—ਆਗੇ ਜਸ ਕੋ ਚੰਦ ਚਢਾਯਹੁ ਮਾਰ ਖਾਇ ਹਟਿ ਆਏ।
ਅਬਿ ਪੰਸੇ ਕੀ ਮਤਿ ਕੋ ਲੇਕੇ ਲੇਹੁ ਪਰਮ ਪਦ ਪਾਏ॥ ੧੮॥
[ਰੁਤ: ੪ ਅੰਸੂ ੩੭

**ਵਿਨੋਕ੍ਤਿ§**— ਜੋ ਸਿਖ ਗੁਰਬਾਨੀ ਭੈ ਕਰੈ। ਬਿਨ ਪ੍ਰਯਾਸ ਭਵ ਸਾਗਰ ਤਰੈ।
ਗਰਬਾਨੀ ਮਹਿਮਾ ਮਹੀਯਾਨੇ। ਜੇ ਮਿਰਯਾਦਾ ਹਮ ਨਹਿੰ ਠਾਨੇ॥ ੧੫॥
ਤੋ ਸਿਖ ਭੈ ਨ ਕਰੈ ਗੋ ਕੋਈ। ਬਿਨ ਭੈ ਕਰੇ ਸ਼੍ਰੇਯ ਨਹਿੰ ਹੋਈ।......
ਭਗਤਿ ਪ੍ਰਤੀਤ ਨਹੀਂ ਜਿਸ ਤਨ ਮੇਂ। ਤਿਹ ਗੁਰਬਾਣੀ ਭੈ ਨਹਿੰ ਮਨ ਮੇਂ॥੧੭॥
ਬਿਨ ਭੈ ਭਗਤਿ ਨ ਪ੍ਰਾਪਤ ਹੋਇ। ਭਗਤਿ ਬਿਨਾ ਨ ਗਯਾਨ ਅਵਿਲੋਇ।
ਗਯਾਨ ਬਿਨਾ ਮੁਕਤੀ ਕਿਮ ਪਾਇ। ਮੁਕਤਿ ਬਿਨਾ ਨ ਅਨੰਦ ਸਮਾਇ॥੧੮॥
...ਬਿਨ ਭੈ ਭਗਤਿ ਨ ਜਗਤ ਤਰਾਵੈ। ਤੀਰਥ ਬ੍ਰਤ ਜਗ ਜੋਗ ਕਮਾਵੈ॥੧੯॥
[ਰਾ: ੧੦ ਅੰਸੂ ੨੧

---

*ਹੋਇ ਬਰਨ ਸਮਤਾ ਬਹੁ ਬਾਰ। ਤਿਹ ਵ੍ਰਿਤਯਾਨੁੱਪ੍ਰਾਸ ਉਚਾਰ। [ਗਰਬ ਗੰਜਨੀ

†ਇਉਂ ਜੇ ਹੋਇ ਤਾਂ ਇਉਂ ਇਹ ਹੋਇ। ਇਸ ਪ੍ਰਕਾਰ ਜਹਿੰ ਤੁਕ ਮੈਂ ਜੋਇ।
ਤਹਿੰ ਸੰਭਾਵਨਾ ਹੈ ਲੰਕਾਰ। ਕਵਿਜਨ ਯਾਂ ਕੋ ਕਰਹਿੰ ਵਿਚਾਰ। [ਗਰਬ ਗੰਜਨੀ

‡ਜੋ ਕਿਹਾ ਜਾਏ ਟੇਢ ਖਾਕੇ ਉਸ ਦਾ ਭਾਵ ਉਲਟਾ ਨਿਕਲੇ।

§ਪ੍ਰਸਤੁਤਿ ਵਰਣਨੀਯ ਹੈ ਜੋਇ। ਏਕ ਵਸਤੁ ਬਿਨ ਨਯੂਨ ਜਿ ਹੋਇ।
ਤਾਂਹਿ ਬਿਨੋਕਤ ਕਹੈਂ ਬਿਚਾਰ। ਕਵਿ ਸੰਤੋਖ ਸਿੰਘ ਕਰਹਿ ਉਚਾਰ॥ [ਗਰਬ ਗੰਜਨੀ

ਪੁਨਾ:—ਗੁਣ ਬਿਹੀਨ ਪੂਜਾ ਕਹਾਂ, ਵਿਦਯਾ ਬਿਨ ਮਾਨਾ। ਜੀਤ ਕਹਾਂ ਬਿਨ ਸੂਰਤਾ, ਮਨ ਥਿਤ ਬਿਨ ਧਯਾਨਾ। ਬਿਨ ਸੰਤੋਖ ਉਰ ਸੁਖ ਕਹਾਂ, ਤਪ ਬਿਨਾਂ ਨ ਰਾਜੁ। ਗਯਾਨ ਕਹਾਂ ਬਿਨ ਸਤਿਗੁਰੂ ਸੋਭਾ ਬਿਨ ਲਾਜੁ।

**ਅਸੰਭਵ***—ਰਵਿ ਸੀਤਲ ਨਿਸਪਤਿ ਤਪਤਾਵੈ। ਪਵਨ ਟਿਕਹਿ ਨਿਜ ਮੇਰੁ ਹਿਲਾਵੈ। ਅਚਲਾ ਚਲਹਿ ਸਿੰਧੁ ਸੁਕ ਜਾਈ। ਹਿਮ ਸਮ ਪਾਵਕ ਤੇਜ ਬਨਾਈ॥ ੩॥ ਉਡਗਨ ਗ੍ਰਿਹ ਉਲਟੇ ਫਿਰ ਧਾਵੈਂ। ਨਿਜ ਮਿਰਜਾਦਾ ਜਗਤ ਨਸਾਵੈ। ਤਊ ਨ ਸਤਿਗੁਰ ਹੁਇ ਬਚ ਕੂਰਾ। ਕਾਰਨ ਕਰਨ ਦੇਨ ਬਰ ਸੂਰਾ॥ ੪॥

[ਰਾਸ ੧੧ ਅੰਸੂ ੭

**ਦ੍ਰਿਸ਼ਟਾਂਤ†**—ਮੱਖਣਸ਼ਾਹ ਨੂੰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਬਤ ਜਦ ਨਿਸ਼ਚਯ ਹੋ ਜਾਂਦਾ ਹੈ ਕਿ ਏਹੀ ਜਗਤ ਰੱਖਯਕ ਗੁਰੂ ਜੀ ਹਨ ਤਦ ਉਹ ਆਪਣੀ ਉਮਾਹਤਿ ਦਸ਼ਾ ਦਾ ਵਰਣਨ ਕਰਦਾ ਹੈ।

੧. ਦੁਸ਼ਕਰ ਸਾਧਨ ਸਾਧਤਿ ਜੈਸੇ। ਫਲ ਪ੍ਰਾਪਤਿ, ਮੇਰੀ ਗਤਿ ਤੈਸੇ।
੨. ਬਡੇ ਪ੍ਰਵਾਹ ਬਿਖੇ ਬਹੁ ਬਹਯੋ। ਚਹੁੰ ਦਿਸ਼ ਤੇ ਅਲੰਬ ਨਹਿੰ ਲਹਯੋ॥ ੫॥
ਤਿਸਕੋ ਨੌਕਾ ਪ੍ਰਾਪਤਿ ਹੋਇ। ਮੈਂ ਅਪਨੀ ਗਤਿ ਜਾਨੌਂ ਸੋਇ।
੩. ਜਿਮ ਸ਼ੱਤ੍ਰੂ ਕੇ ਬਸ ਕੋ ਪਰਿਓ। ਛੁਟਹਿ ਰਾਜ ਲੇ, ਤਿਮ ਦੁਖ ਹਰਿਓ॥ ੬॥
੪. ਜਥਾਜੀਵੰ ਕੋ ਗਹਿ ਲੇ ਜਾਹੀ। ਜਮ ਕਿੰਕਰ ਤਾੜਹਿ ਦੁਖ ਮਾਂਹੀ।
ਪਾਯੋ ਚਹੈਂ ਨਰਕ ਮੈ ਸੋਇ। ਤਿਸ ਕੋ ਸੁਰਗ ਦੇਹਿ ਜਿਮ ਕੋਇ॥ ੭॥
੫. ਜਥਾ ਗਯੋ ਨਰ ਕੋ ਪਰਦੇਸ਼। ਪਰਯੋ ਉਜਾਰ ਭ੍ਰਮਤਿ ਸ ਕਲੇਸ਼।
ਖਾਨ ਪਾਨ ਬਿਨ ਮ੍ਰਿਤਕ ਸਮਾਨਾ। ਘਰ ਪੁਚਾਇ ਤਿਹ,ਮੈਂ ਤਿਮ ਜਾਨਾ॥ ੮॥

[ਰਾਸ ੧੧ ਅਸੂ ੯

ਇੱਥੇ ਪੰਜ ਦ੍ਰਿਸ਼ਟਾਂਤ ਕੈਸੇ ਉੱਤਮ ਹਨ।

**ਯੁਕਤਿ‡**—ਨੌਵੇਂ ਪਾਤਸ਼ਾਹ ਜੀ ਦੇ ਆਗਯਾ ਕਰਨ ਤੇ ਕਿ ਅਸੀਂ ਬਾਹਰ ਪ੍ਰਗਟਣਾ ਨਹੀਂ ਚਾਹੁੰਦੇ, ਅੰਦਰ ਬੈਠਕੇ ਸਿੱਖਾਂ ਦੀਆਂ ਕਾਮਨਾਂ ਪੂਰਨ ਕਰਾਂਗੇ, ਕਿਉਂਕਿ ਗੁਰਤਾ ਦੀ ਪੋਟ ਗਉਰੀ ਹੈ, ਤਾਂ ਭਾਈ ਮੱਖਣ ਜੀ ਉਤਰ ਦਿੰਦੇ ਹਨ:—

ਜੇਕਰ ਕਹੋ ਰਹੈਂ ਇਸ ਰੀਤਿ। ਕਰਹਿੰ ਕਾਮਨਾ ਪੂਰਨ ਚੀਤ।
ਤਹਿੰ ਬੀ ਸਿੱਖੀ ਹਿਤ ਨਿਰਬਾਹ। ਬਾਂਛਾ ਪੂਰਨ ਕਰਹੁ ਉਮਾਹ॥ ੩੬॥
ਇਹ ਬੀ ਸਿੱਖਜਨ ਕੀ ਅਭਿਲਾਖਾ। ਸਭਿਨਿ ਮਨੋਰਥ ਯਾ ਮਹਿੰ ਰਾਖਾ।

---

*ਅਸੰਭਵ ਨੂੰ ਸੰਭਵ ਸਿੱਧ ਕਰਨਾ।

†ਬਿੰਬ ਪ੍ਰਤਿਬਿੰਬ ਵਾਕ ਦੁਹੁ ਮਾਂਹੀ। ਉਪਮੇਯੋ ਉਪਮਾ ਹ੍ਵੈ ਜਾਂਹੀ।
ਧਰਮ ਜੁਦੇ ਦੋਹਨ ਕੇ ਆਹੀ। ਲਖਿ ਦ੍ਰਿਸ਼ਟਾਂਤ ਨਾਮ ਹਹਿ ਤਾਂਹੀ। [ਗਰਬ ਗੰਜਨੀ

‡ਕਿਸੇ ਗਲ ਨੂੰ ਦਲੀਲ ਨਾਲ ਸਿੱਧ ਕੀਤਾ ਜਾਵੇ ਯਾ ਚਤੁਰਾਈ ਨਾਲ ਕਿਸੇ ਭਾਵ ਨੂੰ ਪ੍ਰਗਟ ਯਾ ਅਪਰਗਟ ਕੀਤਾ ਜਾਵੇ ਆਦਿ।

ਅਪਰ ਕਾਮਨਾ ਪੂਰਹੁ ਜੈਸੇ। ਹਰਖਤਿ ਕਰਹੁ ਸਿੱਖ ਗਨ ਤੈਸੇ॥ ੩੭॥
"ਬਿਦਤਹੁ ਜਗਤ ਵਿਖੇ ਇਸ ਭਾਂਤੀ। ਜਥਾ ਚੰਦ੍ਰਮਾਂ ਪੂਰਨ ਕਾਂਤੀ॥ ੩੮॥
[ਰਾਸ ੧੧ ਅੰਸੂ ੯

**ਯਮਕ***—ਤਰੀ ਤਰੀ ਸੰਗ ਔਰ ਤਹਾ ਤਰੀ ਤਰਿ ਤਰਿ ਉਤਰਿ।
ਨਰ ਬਰ ਸੂਰ ਸਿਰਮੌਰ ਬਾਰਿ ਬਾਰਿ ਬਰ ਬਾਰਿ ਬਰਿ॥ ੬॥ [ਰਾਸ ੧੨ ਅੰਸੂ ੨੦

**ਅਪੱਨ੍ਹੁਤੀ†**—ਦੇਵ ਤਰੋਵਰ ਹੈ ਨ ਇਹੈ ਹਰਿ ਰਾਇ ਗੁਰੂ ਕਰ ਦੇਵ ਤਰੋਵਰ। ਸੋ ਸੁਰਧੇਨੁ ਨਹੀਂ ਮਨ ਜਾਨਿਯੇ ਸੇਵ ਗੁਰੂ ਸੁਰਧੇਨੁ ਲਹੈ ਨਰ। ਹੈ ਨ ਚਿੰਤਾਮਣਿ ਬੂਝ ਜਿ ਦੇਖਿਯੇ ਸ੍ਰੀ ਗੁਰ ਕੇ ਨਖ ਚਿੰਤਮਣੀ ਬਰ। ਸੋ ਨ ਸੁਧਾ ਮਧੁਰਾਇ ਕੋ ਧਾਰਤਿ ਗਯਾਨ ਗਿਰਾ ਗੁਰ ਕੀ ਮਧੁਰੀ ਤਰ॥ ੯॥ [ਰਾ: ੬ ਅੰਸੂ ੧

**ਅਨਨ੍ਵਯ‡**—ਅਮਲ ਕਮਲ ਜੈਸੇ ਕੈਸੇ ਕਹੌਂ ਪਦ ਜੁਗ ਰਜਨੀ ਮੈਂ ਆਨ ਗਤਿ ਹੋਤਿ ਜਿਨ ਬਾਨ ਹੈ। ਜਾਨਿਯੇ ਸੰਤਾਨ ਕੇ ਸਮਾਨ ਬਨੈ ਅਨਬਨ ਦਾਨੀ ਮਨ ਕਾਮਨਾ ਨ ਦਾਨੀ ਮੋਖ ਗਯਾਨ ਹੈ। ਚਿੰਤਾਮਣਿ ਜੈਸੇ ਨਖ ਭਾਖੇ ਨ ਪਰਤਿ ਮੁਖ ਮੋਹ ਨ ਮਿਟਾਵੈਂ ਦੁਖ ਜਾਨਤਿ ਜਹਾਨ ਹੈ। ਸ੍ਰੀ ਹਰਿ ਗੁਵਿੰਦ ਪਦ ਆਨੰਦ ਕੇ ਕੰਦ ਜੋਊ ਉਪਮੇਯ ਆਪ ਪੁਨ ਆਪੇ ਉਪਮਾਨ ਹੈ॥ ੧੬॥ [ਨਾ: ਪੂ: ਪੂ ਵਿ: ੧

**ਰੂਪਕ§**—ਸ੍ਰੀ ਗੁਰੂ ਜਗਤ ਪਤ ਜਗਤ ਸਦਨ ਮਾਂਝ ਹਿੰਦਵਾਨ ਅਜਰ ਬਿਰਾਜਬੇ ਕੀ ਲਾਲਸਾ। ਸੂਰਤਣ ਬੀਜ ਤੇ ਅੰਕੁਰ ਭਯੋ ਮਹਾਂ ਜੁੱਧ ਅੰਮ੍ਰਿਤ ਕੇ ਦੇਨਿ ਤ੍ਵਚਾ ਬੂੰਧਤਿ ਨਿਰਾਲਸਾ। ਸਦ ਗੁਨ ਦਲ ਤੇ ਸਦਲ ਭਏ ਭੂਪ ਡਾਲ ਭਜਨ ਕੁਸਮ ਫਲ ਗਯਾਨ ਤੱਤਕਾਲਸਾ। ਪਰਮੱਤਿ ਕਾਲਸਾ ਦਰਿੱਦ੍ਰ ਖਲ ਦਾਲਸਾ ਪ੍ਰਤਾਪ ਰਿਪੁ ਘਾਲਸਾ ਕਲਪਤਰੁ ਖਾਲਸਾ॥ ੪੧॥ [ਰਾਸ ੧ ਅੰਸੂ ੧

**ਵਿਸ਼ੇਖ ਰੂਪਕ¶**—ਰਜਨੀ ਅਵਿੱਦ੍ਯਾ ਸਰ ਭ੍ਰਮ ਸੋ ਤਿਮਰ ਹਰਿ, ਕੋਕ ਸੇ ਕਿੰਕਰ ਬਰ ਕੀਨੇ ਬ੍ਰਿਹੁ ਛੀਨ ਹੈ। ਮਾਲ ਉਡ ਕਲਮਲ ਕੰਦਲ ਦੁਰਾਇ ਦਲ, ਪਲਪਲ ਗਯਾਨ ਸੋਂ ਪ੍ਰਕਾਸ਼ ਭਵ ਕੀਨ ਹੈ। ਬੇਮੁਖ ਕੁਮੁਦ ਦੁਖ ਸਨਮੁਖ ਕੰਜ ਸੁਖ, ਗਤਿ ਸੋ ਭਗਤਿ ਨਿਤ ਜਾਨੀਏ ਅਧੀਨ ਹੈ। ਅਮਰ ਦਰਸ ਭਾਨ ਲੱਛਨ ਸਮਾਨ ਸਭਿ, ਏਕ ਗੁਨ ਅਧਿਕ ਪੈ ਤਪਤ ਬਿਹੀਨ ਹੈ। [ਨਾ: ਪੂ: ਪੂ: ਵਿ: ੧

---

*ਇਕ ਪਦ ਵਾਰ ਅਨੇਕ ਜਿਆਵੇ। ਅਰਥਹਿ ਭਿੰਨ ਭਿੰਨ ਪ੍ਰਗਟਾਵੇ।
ਸੋ ਯਮਕਾਲੰਕਾਰ ਬਖਾਨੈਂ। ਕਵਿ ਸੰਤੋਖ ਸਿੰਘ ਗੁਣੀ ਪ੍ਰਮਾਨੈ॥ [ਗਰਬ ਗੰਜਨੀ

†ਉਪਮੇਯ ਦੇ ਥਾਂ ਉਪਮਾਨ ਨੂੰ ਸਤਿ ਕਰਕੇ ਕਹਿਣਾ।

‡ਉਪਮੇਯ ਨੂੰ ਹੀ ਉਪਮਾਨ ਕਥਨ ਕਰਨਾ।

§ਉਪਮੇਯਹਿ ਉਪਮਾਨਹਿ ਜੋਊ। ਏਕ ਰੂਪਕਰਿ ਬਰਨੈ ਦੋਊ।
ਤਿਹ ਕੋ ਰੂਪਕ ਕਰਹਿੰ ਉਚਾਰ। ਜੌਨ ਲਖੈਂ ਭੇਦਾਲੰਕਾਰ। [ਗਰਬ ਗੰਜਨੀ

¶ਮੁਕਾਬਲਾ ਕਰਦਿਆਂ ਉਪਮੇਯ ਵਿਚ ਅਧਿਕਤਾ ਦਰਸਾਉਣੀ।

ਪਾਂਸੁ ਪਰਾਗ ਸੀ ਸੋਹਤ ਸੁੰਦਰ ਗੰਧ ਸੀ ਕੀਰਤ ਮੱਧ ਬਸਾਨਾ।
ਕੋਮਲਤਾ ਕੋਮਲਤਾ ਇਕ ਸੀ ਨਿਰਲੇਪਤਾ ਸੀ ਨਿਰਲੇਪ ਸਮਾਨਾ।
ਜੋ ਭਵ ਭੂਰ ਭਰਾ ਸਰਸੀ ਤਿਸਤੇ ਨਿਤ ਊਰਧ ਸੋ ਬਿਗਸਾਨਾ।
ਹੈਂ ਅਰਬਿੰਦ ਸੇ ਅੰਗਦ ਕੇ ਪਦ ਮੋਖਦ ਏਕ ਬਿਸੇਖਤਾ ਜਾਨਾ॥ ੮॥

[ਨਾ: ਪੂ: ੧: ਧਿ: ੧

**ਵਿੱਭ੍ਰਮ***—ਸ੍ਰੋਨਨਿ ਮੈਂ ਸੁਨਿ ਬਾਜਨ ਕੀ ਧੁਨਿ ਬਿੱਭ੍ਰਮ ਹੋਤਿ ਭਯੋ ਮਨ ਨਾਰੀ। ਹਾਰ ਲਪੇਟ ਲਯੋ ਕਟ ਕੇ ਤਟ ਕਿੰਕਨਿ ਲੈ ਗਰ ਬੀਚ ਸੁਧਾਰੀ। ਨੂਪਰ ਹਾਥਨ ਮੈਂ ਪਹੁੰਚੀ ਪਗ ਅੰਚਰ ਅੰਗੀਆ ਸੋ ਨ ਸੰਭਾਰੀ। ਅੰਜਨ ਅੰਜਿ ਕਪੋਲਨ ਪੈ ਚਖ ਜਾਵਕ ਡਾਰਿ ਨ ਧੀਰ ਵਿਚਾਰੀ॥ ੧੭॥

[ਨਾ: ਪ: ਪੁ: ਧਿ: ੨੨

**ਨਿੰਦਾ ਵਜਾਜ ਉਸਤਤਿ†**—ਲਾਜ ਨ ਧਾਰਹੁ ਆਪ ਅਬਹਿ ਚਲਿ ਆਇਓ। ਸਭਿ ਗੁਰੂਅਨ ਕੇ ਸ਼ਬਦ ਲੈਨਿ ਹਿਤ ਧਾਇਓ। ਅਪਰ ਜਤਨ ਕਰ ਰਹਯੋ ਨ ਬਸ ਕੁਛ ਚਾਲਿਓ। ਹੇ ਭੂਤਲ ਬੈਠਿ ਗਲੀਨ ਪਖੰਡ ਬਿਸਾਲਿਓ॥ ੨੨॥ ਨਿ੍ਗੁਨ ਬਿਹੀਨੋ ਲਾਜ ਨਿਸ਼ੰਕ ਸਮਾਇਆ। ਜਹਿ ਕਹਿੰ ਢੀਠ ਕਰੰਮ ਕਰੇ ਨ ਸ਼ਰਮਾਇਆ। ਭੇਉ ਨ ਜਾਨਹਿੰ ਤੋਹਿ ਠਗਤ ਹੈਂ ਜਗਤ ਕੋ। ਹੇ ਸਦਾ ਦਿਖਾਇ ਅਧੀਨ ਅਪਨਪੌ ਭਗਤ ਕੋ॥ ੨੩॥

[ਰਾਸ ੪ ਅਸੁ ੪੦

ਇਨ੍ਹਾਂ ਛੰਦਾਂ ਵਿਚ ਜ਼ਾਹਰਾ ਦਿੱਸ ਰਿਹਾ ਹੈ ਕਿ ਬਾਬਾ ਮੋਹਨ ਜੀ ਨੇ ਸਤਿਗੁਰੂ ਪੰਚਮ ਪਾਤਸ਼ਾਹ ਜੀ ਦੀ ਨਿੰਦਾ ਕੀਤੀ ਹੈ। ਪਰ ਵਾਸਤਵ ਵਿਚ ਇਹ ਉਸਤਤੀ ਹੈ, ਦੇਖੋ ਰਾਸ ੩ ਅੰਸੂ ੩੪ ਵਿਖੇ ਇਸ ਦੇ ਅਰਥ ਜਿੱਥੇ ਖੋਲ੍ਹਕੇ ਲਿਖੇ ਗਏ ਹਨ।

**ਲੋਕੋਕ੍ਤਿ‡**—ਬਯ ਬਾਕੀ ਜਾਵਦ ਅਹੈ ਮਰੇ ਨਹੀਂ ਕਿਸ ਬਾਇ।
ਪੂਰਿ ਆਰਬਲ ਹੋਨ ਤੇ ਬਚੈ ਨ ਕੋਟ ਉਪਾਇ॥ ੪੦॥ [ਰੁਤ ੫ ਅੰਸੂ ੪੦

ਜੋ ਸਿਰ ਤੇ ਗੰਜਾ ਹੁਇ ਲਾਲ। ਤਿਸਹਿ ਸੁਹਾਇੰ ਨ ਕੇਸ਼ ਵਿਸ਼ਾਲ॥ ੭॥
ਕਿਸ ਬਿਧਿ ਕਰਿ ਜੋ ਕਾਨੋ ਹੋਇ। ਤਿਸ ਨ ਸੁਖਾਵੈ ਸੁਠ ਦ੍ਰਿਗ ਜੋਇ।
ਜਹਿੰ ਨਕਟੇ ਹੋਵਹਿੰ ਸਮੁਦਾਇ। ਸੁੰਦਰ ਨਾਕ ਨ ਤਹਾਂ ਸੁਹਾਇ॥ ੮॥ [ਰੁਤ ੩ ਅੰਸੂ ੩
ਦੰਡ ਉਚਿਤ ਹੈ ਨਿਤ ਅਪਰਾਧੀ। ਪੁਰਸ਼ੋਤਮ ਮਿਰਜਾਦਾ ਬਾਧੀ। [ਰਾਮ ੧੧-੧੨-੨੨

ਸੁਪਤਿ ਮ੍ਰਿਤਕ ਕੇ ਸਮਸਰ ਕਹੀਯਤਿ
ਕਹਾਂ ਕਹੌਂ ਕੁਛ ਕਹਯੋ ਨ ਜਾਇ। [ਰਾਸ ੯ ਅੰਸੁ ੧੧

---

*ਕਿਸੇ ਹੋਰ ਗਲ ਵਿਚ ਕਿਸੇ ਹੋਰ ਗਲ ਦਾ ਭ੍ਰਮ। ਕ੍ਰੋਧ, ਭਯ, ਹਰਖ ਵਿਚ ਆਕੇ ਕੁਛ ਦਾ ਕੁਛ ਸਮਝਣਾ ਯਾ ਕਰਨਾ।

†ਪਦਾਂ ਤੋਂ ਨਿੰਦਾ ਭਾਸੇ ਭਾਵ ਸਤੁਤੀ ਹੋਵੇ।

‡ਲੋਕ ਪ੍ਰਸਿਧ ਅਖਾਣਾਂ, ਕਹਾਵਤਾਂ ਨੂੰ ਯੋਗ ਥਾਵੇਂ ਵਰਤਣਾ।

# ੫. ਵਿਸ਼ੇਸ਼ ਚਮਤਕਾਰ।

ਆਪ ਜੀ ਦੀ ਕਵਿਤਾ ਵਿਚ ਕਵਿਤਾ ਦੀ ਓਡਾਰੀ, ਸੁਹਣੇ ਵਲਵਲੇ ਤੇ ਅਨੋਖੇ ਕਟਾਖ ਆਮ ਮਿਲਦੇ ਹਨ। ਅਲੰਕਾਰ ਤਾਂ ਇਨ੍ਹਾਂ ਵਿਚ ਦ੍ਰਿਸ਼ਟਾਂਤ ਉਪਮਾ ਯਮਕ ਆਦਿਕ ਹੀ ਵਰਤੇ ਹਨ ਪਰ ਓਹ ਕਮਾਲ ਦੇ ਚਮਤਕਾਰੀ ਹੋ ਚਮਕੇ ਹਨ। ਇਨ੍ਹਾਂ ਵਿਚੋਂ ਨਮੂਨੇ ਦੇ ਤੌਰ ਤੇ ਕੁਝਕ ਹੇਠ ਦਿੰਦੇ ਹਾਂ:–

੧. ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਾਲ ਅਵਸਥਾ ਦੇ ਚੋਜਾਂ ਵਿਚ ਇਕ ਥਾਵੇਂ ਆਪ ਜ਼ਿਕਰ ਕਰਦੇ ਹਨ ਕਿ ਪਰਮ ਪੂਜਜ ਮਾਤਾ ਜੀ ਨੇ ਦਾਤਾ ਜੀ ਦੇ ਸੁਹਣੇ ਸੁਹਣੇ ਮਸਤਕ ਤੇ ਸ਼ਜਾਮ ਬਿੰਦੂ ਲਗਾ ਦਿੱਤਾ ਹੈ। ਕਵੀ ਜੀ ਦੀ ਧਿਆਨ ਮੂਰਤੀ ਵਿਚ ਉਹ ਬਿੰਦੂ ਐਉਂ ਮਨ ਨੂੰ ਹਰ ਰਿਹਾ ਹੈ:–

ਸ਼ਜਾਮ ਬਿੰਦੁ ਜਨਨੀ ਸੁਭ ਲਾਇਵ। ਡੀਠ ਨ ਲਗੈ ਰਿਦਾ ਅਕੁਲਾਇਵ।
ਮਨਹੁ ਸੁਲੱਛਨ ਚੰਦ ਸੁਹਾਵਾ। ਦਾਸ ਚਕੋਰਨਿ ਗਨ ਹਰਖਾਵਾ॥ ੨੦॥
ਬਿਕਸਜੋ ਮਨਹੁ ਅਲਪ ਅਰਬਿੰਦ। ਬੈਠਜੋ ਸ਼ੋਭਤਿ ਬਤਸ ਮਲਿੰਦ।
ਸੁਧਾ ਕੁੰਡ ਮੁਖ ਮੰਡਲ ਮਨੋ। ਬਿਕਸਤਿ ਕਬਿ ਕਬਿ ਬੀਚੀ ਸਨੋ॥ ੨੧॥
[ਰਾਸ ੧੩ ਅੰਸੂ ੧੬

੨. ਇਸੇ ਸ਼ਜਾਮ ਬਿੰਦੂ ਦੇ ਆਪਨੇ, ਛੇਵੇਂ ਪਾਤਸ਼ਾਹ ਜੀ ਦੇ ਸੁਹਣੇ ਮਸਤਕ ਵਿਚ ਲਗੇ ਹੋਏ ਦੇ, ਦਰਸ਼ਨ ਕਰਾਏ ਹਨ, ਆਪ ਦੀ ਉੱਦਾਤ ਅਲੰਕਾਰ ਵਾਲੀ ਉਪਮਾ ਤੇ ਭਗਤੀ ਭਾਵਨਾ ਵਾਲੇ ਕਟਾਖਸ਼ ਨੇ ਉਸ ਨੂੰ ਐਉਂ ਚਿੱਤ੍ਰ ਕੀਤਾ ਹੈ:–

ਸ਼ਜਾਮ ਬਿੰਦੁ ਸੁੰਦਰ ਵਿਚ ਭੌਹਨਿ ਸ਼ਜਾਮ ਕੇਸ ਐਸੇ ਛਬਿ ਪਾਇ।
ਅਲ ਕੋ ਬਾਲਕ ਅਲਗਨ ਤਜਿ ਕਰਿ ਧਸਜੋ ਪੰਕ ਅੰਮ੍ਰਿਤ ਕੇ ਆਇ।
[ਰਾਸ ਰ ਅਸੂ ੬ ਅੰਕ ੨੭

੩. ਖੜਗਧਾਰੀ ਸਤਿਗੁਰੂ ਦੇ ਬਾਲ ਅਵਸਥਾ ਵਿਚ, ਲਾਲ ਲਾਲ ਕੋਮਲ ਬੁੱਲਾਂ ਵਿਚ ਚਿੱਟੇ ਚਮਕਦੇ ਦੋ ਦੰਦ ਕਵੀ ਜੀ ਦੀ ਧਿਆਨ ਮੂਰਤੀ ਵਿਚ ਆਏ ਕਿਵੇਂ ਚਿਤ੍ਰਿਤ ਹੋਏ ਹਨ:–

ਜੁਗ ਦੰਤ ਸੁਭੰਤ ਮਹਾਂ ਦੁਤਿਵੰਤ ਹੈਂ ਓਸ਼ਟ ਲਾਲ ਬਿਸਾਲ ਸੁਹਾਏ।
ਮੁਕਤਾ ਬਿਬ ਸਿਪੁਟ ਬਿੱਦ੍ਰਮ ਕੇ ਬਿਧਿ ਸੁੰਦਰ ਤੇ ਜਨੁ ਬੀਚ ਟਿਕਾਏ।
ਮੁਸਕਾਵਤਿ ਤੇ ਦਿਖਰਾਵਤਿ ਹੈਂ ਜਨੁ ਅੰਮ੍ਰਿਤ ਬੀਚ ਭਿਗੋਇ ਬਨਾਏ।
ਕਵਿ ਔਰ ਬਨਾਇ ਕਹੈ ਉਪਮਾ ਜਨੁ ਕੀਰਤਿ ਕੇ ਜੁਗ ਬੀਜ ਦਿਖਾਏ॥ ੨੫॥
[ਰਾਸ ੩ ਅੰਸੂ ੯

੪. ਸੁਹਣੇ ਸਤਿਗੁਰ ਦੇ ਸ਼ਰੀਰ ਤੇ ਭੂਸ਼ਨ ਪਹਿਰੇ ਹੋਏ, ਸ਼ਰੀਰ ਦੇ ਰੰਗ ਨਾਲ ਹੀ ਮਿਲ ਗਏ ਹਨ, ਇਹ ਪਛਾਣ ਨਹੀਂ ਹੋ ਸਕਦੀ ਕਿ ਗਹਿਣਾ ਕਿਹੜਾ ਹੈ ਤੇ ਸ਼ਰੀਰ ਦਾ ਅੰਗ ਕਿਹੜਾ ਹੈ, ਕੇਵਲ ਖੜਕਾਰ ਯਾ ਨਗਾਂ ਦੀ ਜੜਤਕਾਰੀ ਯਾ ਹੱਥ ਸਪਰਸ਼ਨ ਤੋਂ ਹੀ ਭੇਦ ਮਾਲੂਮ ਹੁੰਦਾ ਹੈ। ਇਸਦੀ ਉਪਮਾ ਦੇਣ ਪਰ ਕਵੀ ਜੀ ਦੱਸਦੇ ਹਨ ਕਿ ਕੋਈ ਉਪਮਾ ਨਹੀਂ ਮਿਲਦੀ ਲੱਭ ਲੱਭ ਕੇ ਹਾਰ ਚੁਕਾ ਹਾਂ ਜੋ ਮਿਲਦੀ ਹੈ ਉਹ ਇਸ ਉਪਮੇਯ ਅਗੇ ਤੁੱਛ ਹੈ:–

ਜ਼ੇਵਰ ਜਰੇ ਜਵਾਹਰ ਜਾਹਰ ਜ਼ੇਬ ਅਜਾਇਬ ਜਬਰ ਜਰੰਤ। ਸੁਵਰਨ ਕੋ ਸੁਵਰਨ ਤਨ ਦੁਤਿ ਮਿਲਿ ਸਮਤਾ ਤੇ ਭੇਵ ਨ ਲਖਿਯੰਤ। ਕਰਕਸ ਹੋਤਿ ਸਪਰਸ ਜਾਨੀਯਤਿ ਕੈ ਹੀਰਨ ਕੀ ਦਮਕ ਦਿਖੰਤਿ। ਤਿਨਕੀ ਉਪਮਾ ਕਹੌਂ ਕੌਨ ਬਿਧਿ ਮਨ ਭ੍ਰਮ ਹਾਰਯੋ ਲਘੁ ਲਗੰਤਿ ॥ ੨੫ ॥

[ਰਾਸ ੩ ਅੰਸੂ ੬

੫. ਸਾਹਿਬ ਛੇਵੇਂ ਪਾਤਸ਼ਾਹ ਜੀ ਦੇ ਅਸਵਾਰੀ ਦੇ ਘੋੜੇ ਦਾ ਨਖ ਸ਼ਿਖ ਬੰਨ੍ਹ ਕੇ, ਉਸ ਨੂੰ ਸਾਰੀਆਂ ਚਾਲਾਂ ਵਿਚ ਅਪਣਾ ਨਮੂਨਾ ਆਪ ਦੱਸਕੇ ਐਉਂ ਉਪਮਾਂ ਦੇਂਦੇ ਹਨ:—

ਜਨੁ ਬਾਜੀ ਮੇਲੀ ਬਡ ਬਾਜੀ। ਨਟ ਬਾਜੀ ਜਿਸ ਦੇਖਤਿ ਲਾਜੀ।
ਪੌਨ ਗੌਨ ਕੋ ਕੀਨ ਪਿਛੇਰੇ। ਬਪੁਰੇ ਮ੍ਰਿਗ ਕਹਾਂ ਸੋ ਦੌਰੈਂ ॥ ੧੧ ॥
ਮਨ ਕੇ ਸਾਥ ਸਖਾਪਨ ਧਾਰੇ। ਜਨੁ ਚਪਲਾ ਕੋ ਚਪਲ ਸਿਖਾਹੇ।
ਨਯਨ ਨਾਗਰੀ ਤੇ ਹੁਇ ਆਗਰ। ਕਿਧੌਂ ਜੂਪ ਕੇ ਦਾਵ ਉਜਾਗਰ ॥ ੧੨ ॥
ਛਾਤੀ ਛੁਵੈਂ ਛਾਲ ਪਗ ਦੇਨ। ਛਿਤ ਲਗ ਪਾਛਲ ਪਾਇ ਸੁ ਐਨ।
ਥਰਕਤਿ ਮਨਹੁ ਥਾਰ ਮਹਿ ਮੋਤੀ। ਜਨੁ ਜਲ ਮਛਲੀ ਇਤ ਉਤ ਹੋਤੀ ॥੧੩॥

[ਰਾਸ ੬ ਅਸੂ ੪੬

੬. ਇਕ ਥਾਵੇਂ ਸਾਹਿਬ ਕਲਗੀਧਰ ਜੀ ਨੇ ਭਾਈ ਰਾਮ ਕੁਇਰ ਜੀ ਦੇ ਬ੍ਰਿੱਧਾਂ ਦੀ ਅਪਣੇ ਮੁਖਾਰਬਿੰਦ ਤੋਂ ਉਸਤੁਤੀ ਕੀਤੀ ਹੈ, ਰਾਮ ਕੁਇਰ ਜੀ ਦਾ ਭਗਤੀ ਭਾਵ ਇਹ ਆਗਜਾ ਨਹੀਂ ਦੇਂਦਾ, ਓਹ ਝੁਕਦੇ ਹਨ, ਪਰ ਉਨ੍ਹਾਂ ਦੇ ਝੁਕਾਉ ਕਿਸੇ ਵਸਤੂ ਦੇ ਨਹੀਂ ਪਰ ਭਾਵ ਮਾਤ੍ਰ ਨਾਲ ਹੀ ਝੁਕ ਜਾਂਦੇ ਹਨ:—

ਰਾਮ ਕੁਇਰ ਸੁਨਿ ਵੰਸ਼ ਬਡਾਈ। ਮਸਤਕ ਟੇਕਯੋ ਗ੍ਰੀਵ ਨਿਵਾਈ।
ਮਨਹੁ ਲਾਜ ਕੋ ਭਾਰ ਉਦਾਰਾ। ਸਹਯੋ ਨ ਜਾਇ ਬਿਰਯੋ ਬਲਿ ਭਾਰਾ ॥ ੯ ॥

[ਰੁਤ ੪ ਅੰਸੂ ੪੭

੭. ਇਕ ਯੁੱਧ ਭੂਮਿਕਾ ਦੀ ਤੇ ਲਹੂ ਭਿੱਜੀ ਲਾਲੋ ਲਾਲ ਤਲਵਾਰ ਦਾ ਰੂਪ ਈਨ੍ਹਦੇ ਹਨ:—

ਕਰਾਚੋਲ ਸ਼੍ਰੋਣਤ ਸੋਂ ਲਿਪਟੇ ਚਮਕਤਿ ਹ੍ਵੈ ਹੈ ਲਾਲੰ।
ਲਹਿਲਹਾਤ ਜਨੁ ਜਮੁ ਕੀ ਜੀਹਾ ਚਰਬੇ ਪਾਨ ਗੁਲਾਲੰ।
ਰਕਤ ਬਹਯੋ, ਪਟ ਰੰਗ ਚਢਯੋ ਸਭਿ, ਧਰੇ ਲਾਲ ਜਨੁ ਬਾਗੇ।
ਮਨਹੁ ਅਧੂਮ ਅਗਨਿ ਹੈ ਦੀਖਤਿ ਗਿਰੇ ਲਰਤਿ ਹੁਇ ਆਗੇ ॥ ੨੪ ॥

[ਰੁ: ੪ ਅੰਸੂ ੪੪

੮. ਭਾਈ ਬਚਿੱਤ੍ਰ ਸਿੰਘ ਜੀ ਜਸਵਾਰੀਏ ਦੇ ਹਾਥੀ ਦਾ ਮੁਕਾਬਲਾ ਕਰਨ ਲਈ ਕਿਲ੍ਹੇ ਵਿਚੋਂ ਨਿਕਲਦੇ ਹਨ, ਕਵੀ ਜੀ ਦੇ ਉਤਸਾਹਿਤ ਮਨ ਨੇ ਸੂਰਮੇ ਦੀ ਵੀਰਰਸੀ ਅਲੌਕਿਕ ਤਸਵੀਰ ਦਿੱਚੀ ਹੈ। ਉਪਮਾ ਵਲ ਤਕੋ ਤਾਂ ਇਕ ਤੋਂ ਇਕ ਵੱਧ ਢੁਕਾ ਦਿਖਾਈਆਂ ਹਨ:—

ਥਰਬਤਿ ਓਠਨਿ ਲਾਲ ਬਿਲੋਚਨਿ ਫਰਕਤਿ ਮੂਛ ਉਠਾਈ। ਭ੍ਰਿਕੁਟੀ ਚਢੀ ਕੁਟਿਲ ਮੁਖ ਲਾਲੀ ਸ਼ਮਸ਼ ਮਹਾਂ ਛਬਿ ਛਾਈ ॥ ੩੫ ॥ ਮਨਹੁ ਕ੍ਰੋਧ ਤੇ ਸ਼ੇਰ ਸਟਾ ਉਠਿ

ਭੀਖਨ ਦਰਸ਼ਨ ਹੋਵਾ। ਤੋਮਰ ਧਰਿਕੈ ਹਾਥ ਉਭਾਰਯੋ ਹਾਥੀ ਮਸਤਕ ਜੋਵਾ ॥ ੩੬ ॥ ਪਗ ਕੋ ਬਲ ਰਕਾਬ ਪਰ ਕਰਿਕੈ ਉਛਲਯੋ ਆਸਨ ਛੋਰਾ। ਸਭ ਸਰੀਰ ਕੋ ਓਜ ਸੰਰੇਕੈ ਹਯ ਫਾਂਧਯੋ ਗਜ ਓਰਾ ॥੩੭॥ ਸੈਫ ਬਚਾਇ ਚਲਾਇ ਸੁ ਬਰਛਾ ਤਵਾ ਪੁਲਾਦੀ ਫੋਰਾ। ਬਰਯੋ ਜਾਇ ਜਬਿ ਗਜ ਮਸਤਕ ਮੈਂ ਤਬਿ ਪੁਨ ਕਰ ਜੁਗ ਜ਼ੋਰਾ ॥ ੩੮ ॥ ਕਰਯੋ ਧਸਾਵਨ ਪ੍ਰਵਿਸ਼ਯੋ ਐਸੇ ਉਪਮਾ ਕਹੌਂ ਬਨਾਈ। ਕ੍ਰੌਂਚ ਸੈਲ ਮਹਿ ਜਿਮ ਸ਼ਿਵ ਨੰਦਨ ਬਰਛੀ ਮਾਰਿ ਧਸਾਈ ॥੩੯॥ ਬਾਸ਼ਕ ਕਿਧੋਂ ਬੇਗ ਫਣ ਦੀਰਘ ਬਿਨਤਾ ਸੁਤ ਕੇ ਤ੍ਰਾਸਾ। ਦੇਖਿ ਹੰਧ੍ਰ ਗਿਰ ਬਿਖੇ ਪ੍ਰਵੇਸ਼ਾ ਨਹਿੰ ਪੁਨ ਬਦਨ ਨਿਕਾਸਾ। ੪੦ ॥ ਮਨਹੁ ਇੰਦ੍ਰ ਕਰਿ ਕ੍ਰੋਧ ਬਿਲੰਦੇ ਲੀਨ ਹੁੱਥ੍ਰ ਤੇ ਸੂਲੈਂ। ਗਿਰ ਕੇ ਹਤਯੋ ਬਧਨ ਕੇ ਹਿਤ ਕਰਿ ਅਸ ਉਪਮਾ ਅਨਕੂਲੈਂ ॥ ੪੧ ॥ [ਰੁ ੪ ਅੰਸੂ ੨੭

੯. ਨਿੱਕੀ ਜੇਹੀ ਚਮਕੌਰ ਦੀ ਗੜ੍ਹੀ ਵਿਚ ਸਾਹਿਬ ਕਲਗੀਧਰ ਜੀ ਵਿਰਾਜਮਾਨ ਹਨ, ਤੁਰਕਾਣੀ ਫੌਜ ਅਣਗਿਣਤ ਆ ਪੁੱਜੀ ਹੈ। ਕਵੀ ਦੀ ਉਨਰੀ ਕਲਮ ਨੇ ਸਰਵਾਂਗ ਮੁਕੰਮਲ ਤਸਵੀਰ ਉਸ ਸਮੇਂ ਦੀ ਐਉਂ ਬੱਧੀ ਹੈ:—

ਅਵਿਨੀ ਅਕਾਸ਼ ਤੇ ਪ੍ਰਕਾਸ਼ ਕੋ ਬਿਨਾਸ਼ ਕੀਨ ਭਯੋ ਤਮ ਰਾਸ ਉਡ ਪਾਸੁ ਫਲ ਫੈਲਪੈ। ਦੀਖਤਿ ਨ ਆਂਖ ਤੇ ਸੁਨੇ ਨ ਬੋਲ ਭਾਖਤੇ ਗੁਰੂ ਕੋ ਗਹੈਂ ਕਾਂਖਤੇ ਲਖੰਤਿ ਆਇ ਗੈਲਪੈ। ਚਾਰੌਂ ਓਰ ਸ਼ੋਰ ਕੋ ਚਹੰਤਿ ਹੇਲ ਰੌਰ ਕੈ ਮਲੇਛ ਆਇ ਦੌਰ ਕੈ ਛਬੀਲੇ ਬਡੇ ਛੈਲਪੈ। ਜੈਸੇ ਮੇਲਿ ਮੇਲਿ ਕੈ ਸ਼ਲਭ ਚੈ ਸਕੇਲ ਕੈ ਧਰੇ ਬਿਸਾਲ ਐਲ ਕੈ ਦੁਰਗ ਦੀਹ ਸੈਲਪੈ ॥ ੨੦ ॥ ਧਰਨੀ ਗਗਨ ਏਕ ਹ੍ਵੈਗਏ ਬਿਬੇਕ ਬਿਨ ਖੇਹ ਖੁਰ ਪੁੰਜ ਕੀ ਪਸਾਰੀ ਦਸ ਦਿਸ ਮੈਂ। ਮਾਨੋ ਘਨ ਘਟਾ ਘਨੇ ਘਨ ਕੀ ਘੁਮੰਡ ਘਿਰੀ ਘੇਰ ਘੋਖਿ ਘੋਖਿ ਕੈ ਮਿਲੀ ਹੈ ਭੂਮ ਭ੍ਰਿਸ ਮੈਂ। ਮੰਦਰ ਪਹਾਰ ਗਢ ਜਾਹੀਂ ਕੇ ਮਝਾਰ ਖਰੇ ਚਾਰੌਂ ਓਰ ਪਾਰਾਵਾਰ ਐਸੀ ਛਬਿ ਜਿਸਮੈਂ। ਗਿਨੇ ਮਤ ਕਿਸ ਮੈਂ ਅਸੰਖਤਾ ਹੈ ਤਿਸ ਮੈਂ ਬਿਲੋਕਿ ਲੋਕ ਬਿਸਮੈਂ ਸੁ ਆਯੋ ਦਲ ਰਿਸ ਮੈਂ ॥ ੨੧ ॥ ਪੁੰਜ ਹੈਂ ਮਤੰਗ ਪੈ ਪਤਾਕਾ ਜਿਨ ਸੰਗ ਧਰੀ ਸੈਲ ਹੈਂ ਸਪੰਖ ਤੁੰਗ ਇਤੇ ਉਤ ਧਾਵਤੇ। ਬਾਦਤਿ ਜੋ ਬਾਜਤਿ ਹੈਂ ਦੀਰਘਿ ਸੋ ਗਾਜਤਿ ਹੈਂ ਅਨਿਕ ਤੁਰੰਗ ਜਲ ਜੰਤੁ ਜਯੋਂ ਪਲਾਵਤੇ। ਸਾਂਗ ਸੈਲ ਸ਼ਕਤੀ ਸੁ ਤੋਮਰ ਤਰੰਗ ਭਏ ਧੁਖਤਿ ਪਲੀਤੇ ਬੜਵਾ-ਗਨਿ ਉਠਾਵਤੇ। ਗ੍ਰਾਮ ਚਮਕੌਰ ਕੇ ਜਹਾਜ ਕੋ ਸਮਾਜ ਭਰਯੋ ਚਾਹਤਿ ਡੁਬੋਯੋ ਗੁਰੂ ਕੇਵਟ ਤਰਾਵਤੇ ॥ ੨੨ ॥ [ਰੁ: ੬ ਅਸੂ ੩੫

੧੦. ਇਹ ਹੇਠ ਲਿਖਿਆ ਛੰਦ ਸ੍ਰੀ ਗੁਰ ਨਾਨਕ ਦੇਵ ਜੀ ਦੇ ਮੰਗਲ ਵਿਚ 'ਕਰਤਾਰਨ' ਪਦ ਦਾ ਸ਼ਲੇਖ ਹੈ। ਇਹ ਉਨ੍ਹਾਂ ਦੇ ਐਸੇ ਰਚੇ ਕਈ ਛੰਦਾਂ ਵਿਚੋਂ ਇਕ ਨਮੂਨਾ ਮਾਤ੍ਰ ਹੈ:—

ਕਰਤਾਰਨ ਸੇ ਸ਼ੁਭ ਬਾਕ ਬਿਲਾਸ ਬਿਹੰਗ ਬਿਕਾਰਨ ਕੋ ਕਰਤਾਰਨਿ।
ਕਰਤਾਰ ਨਹੀਂ ਮਨ ਜਾਨਤਿ ਜੇ ਤਿਨਕੇ ਹਿਤ ਕੇ ਸਿਫਤੀ ਕਰ ਤਾਰਨ।
ਕਰ ਤਾਰਨ ਪਾਪ ਉਤਾਰਨ ਕੋ ਗਨ ਦੰਭ ਛਪੈ ਸਵਿਤਾ ਕਰਤਾਰਨ।
ਕਰਤਾਰ ਨਿਹਾਰ ਗੁਰੂ ਬਰ ਨਾਨਕ ਦਾਸ ਉਧਾਰਨ ਜਿਉਂ ਕਰਤਾਰਨਿ ॥ ੮ ॥
[ਰਾਸ ੧ ਅੰਸੂ ੧

੧੧. 'ਸਾਰੰਗ' ਪਦ ਪਰ ਆਪ ਦੀ ਯਮਕ ਪ੍ਰਸ਼ੰਸ਼ਨੀਯ ਹੈ। ਇਸ ਛੰਦ ਵਿਚ ਆਪ ਨੇ 'ਸਾਰੰਗ' ਪਦ ੧੬ ਵਾਰ ਵਰਤਿਆ ਹੈ:—

ਸਾਰੰਗ ਪੈ ਕਬਿ ਸਾਰੰਗ ਪੈ ਚਢਿ, ਸਾਰੰਗ ਸ਼ੱਤ੍ਰਨਿ ਕੋ ਬਲਿ ਸਾਰੰਗ।
ਸਾਰੰਗ ਜਯੋਂ ਜਗ ਮੈਂ ਕੁਲ ਸਾਰੰਗ, ਸਾਰੰਗ ਗਯਾਨ ਪ੍ਰਕਾਸ਼ਨਿ ਸਾਰੰਗ।
ਸਾਰੰਗ ਦਾਸਨਿ ਕੋ ਪ੍ਰਿਯ ਸਾਰੰਗ, ਸਾਰੰਗ ਦੋਸ਼ਨਿ ਕੋ ਸਮ ਸਾਰੰਗ।
ਸਾਰੰਗ ਪਾਨ ਭਯੋ ਨਰ ਸਾਰੰਗ, ਸਾਰੰਗ ਸ੍ਰੀ ਹਰਿਗੋਬਿੰਦ ਸਾਰੰਗ ॥ ੧੨ ॥
[ਐਨ ੨ ਅੰਸੂ ੩੬

੧੨. ਇਸੇ ਤਰ੍ਹਾਂ ਆਪ ਦੀ 'ਸ਼ਰਨਾ' 'ਹਰਨਾ' 'ਤਰਨਾ' 'ਕਰਨਾ' ਆਦਿ ਪਦਾਂ ਦੀ ਚਿੱਤ੍ਰਕਾਰੀ ਬੀ ਇਕ ਅਪਣੀ ਮਿਸਾਲ ਆਪ ਹੈ:—

ਭਵ ਪਾਵਕ ਸਿੰਧ ਅਗਾਧ ਜਿਨ੍ਹੇ ਸ਼ਰਨਾ ਸਰਨਾ ਤਰਨਾ ਤਰ ਨਾ। ਪਰ ਐਸ਼੍ਵਰਜ ਹੇਰਿ ਰਿਦੇ ਜਰਨਾਂ ਨਿਜ ਓਜ ਮਹਾਂ ਜਰਨਾ ਜ਼ਰਨਾ। ਹਰਿਰਾਇ ਪ੍ਰਭੂ ਸਮ ਕੇਹਰਿ ਕੇ ਜਨ ਦੋਸ਼ ਕਰੇ ਹਰਨਾ ਹਰਨਾ। ਕਹਿਨਾ ਕਹਿਨਾ ਫੁਲ ਹ੍ਵੈ ਨ ਸੁਗੰਧਿ ਗੁਰੂ ਕਰੁਨਾ ਕਰਨਾ ਕਰਨਾ ॥ ੧੩ ॥ [ਐਨ ੨ ਅੰਸੂ ੩੬

੧੩. ਇਕ ਥਾਵੇਂ ਆਪ ਨੇ ਕਵਲ ਨੂੰ ਤਪੱਸ੍ਰੀ ਬਣਾਕੇ ਐਉਂ ਕਿਹਾ ਹੈ:—

ਪੰਕ ਬਿਖੇ ਬਸਤਾ ਰਸ ਮੈਂ ਰਸ ਊਰਧ ਕੋ ਨਿਸਰਾ ਸਰਸੇਰੋ।
ਗ੍ਰੀਵ ਲੌ ਨੀਰ ਮੈਂ ਧੀਰ ਧਰੇ ਇਕ ਪੈਰ ਖਰੋ ਥਿਰ ਹ੍ਵੈ ਰਵਿ ਹੇਰੋ।
ਆਤਪ ਸੀਤ ਸਹੈ ਬਰਖਾ ਤਪ ਸਾਧਤਿ ਯਾ ਬਿਧ ਕ੍ਰੂਰ ਘਨੇਰੋ।
ਸ੍ਰੀ ਹਰਿਰਾਇ ਕੇ ਪਾਇ ਸਮਾਨਤਾ ਪਾਇ ਨ ਕੰਜ ਉਪਾਇ ਬਤੇਰੋ ॥੧੮॥
[ਨਾ: ਪ੍ਰ: ਪੂ: ਬਿ: ੧

੧੪. ਇਕ ਹੋਰ ਸਮਾਂ ਭੰਗਾਣੀ ਯੁੱਧ ਵਿਚ ਕ੍ਰਿਪਾਲ ਉਦਾਸੀ ਦੇ ਹਯਾਤ ਖਾਂ ਨੂੰ ਵੰਗਾਰਨ ਵੇਲੇ ਬੰਨ੍ਹਦੇ ਹਨ:—

'ਕਿਤ ਜਾਤ ਭਜੰਜੋ ਇਤ ਹੋਹੁ ਖਰਜੋ। ਮਮ ਸਾਥ ਕ੍ਰਿਪਾਨ ਨਿਕਾਰ ਲਰਜੋ। ਹਮਰੇ ਬਹੁ ਬੀਰ ਹਤੇ ਰਨ ਮੈਂ। ਅਬਿ ਸਨਮੁਖ ਧੀਰ ਧਰੋ ਮਨ ਮੈਂ' ॥ ੨੮ ॥ ਸੁਨਿ ਖਾਨ ਮੁਰਜੋ ਲਲਕਾਰਤਿ ਹੀ। ਜਿਮ ਨਾਗ ਕਿ ਪੂੰਛਹਿ ਦਾਬਤਿ ਹੀ। [ਰੁ: ੨ ਅੰਸੂ ੨੭

੧੫. ਦਸਮੇਸ਼ ਪਿਤਾ ਜੀ ਦੀ ਬਰਾਤ ਦੇ ਚੜ੍ਹਨ ਸਮੇਂ ਸਾਹਿਬਾਂ ਦੇ ਅਪਣੇ ਰਚੇ 'ਗੁਰੂ ਕੇ ਲਾਹੌਰ' ਵਲ ਤੁਰਨ ਵੇਲੇ ਦੇ ਉਤਸਵ ਵਿਚ ਜਾਨ ਪਾ ਦਿੱਤੀ ਹੈ।

ਗੁਰ ਪੁਰੀ ਛੋਟ ਉਤਸਵ ਬਿਸਾਲ।
ਜਨੁ ਬਿਚ ਨ ਮੇਯ ਬਾਹਰ ਉਛਾਲ ॥ ੩੬ ॥ [ਰੁ: ੧ ਅ: ੧੨

੧੬. ਸ੍ਰੀ ਗੁਰ ਨਾਨਕ ਦੇਵ ਜੀ ਦੇ ਬਾਲ ਅਵਸਥਾ ਦੇ ਦਿਨਾਂ ਵਿਚ ਬਾਬਾ ਕਾਲੂ ਜੀ ਦੇ ਗੁੱਸੇ ਹੋਣ ਤੇ ਦਾਤਾ ਜੀ ਦੇ ਮੂਲੋਂ ਚੁੱਪ ਰਹਿਣ ਤੇ ਕਵੀ ਕਲਮ ਦੇ ਜੌਹਰ:—

ਜਨਕ ਕੀ ਬਾਤੇਂ ਸੁਨਿ ਤੂਸ਼ਨ ਹੀ ਰਹੇ ਗੁਰ ਵਾਕ ਨ ਬਖਾਨਜੋ ਸੁ ਕਲਜਾਨ ਕੋ ਜੁ ਦਾਨੀਆਂ। ਕਮਲ ਬਦਨ ਤੇ ਨਿਕਾਸੀ ਨ ਅਲਿਨ ਗਿਰਾ ਤਾਤ ਕੀ ਜਿਠਾਈ ਤਿਸ ਸਾਮੁਹੀ ਪ੍ਰਮਾਨੀਆਂ। ਮਾਨਸ ਮੈਂ ਹੰਸਨੀ ਸੀ ਤਹਾਂ ਹੀ ਬਿਰਾਜ ਰਹੀ ਹੁਤੀ ਜੋ

ਬਿਗਸਾਨ ਕੇ ਅਨੰਦ ਮੇਂ ਸਮਾਨੀਆਂ। ਹਿਤ ਸੋਂ ਬੁਲਾਇ ਮਾਤਾ ਭੋਜਨ ਅਚਾਯੋ ਪੁਨ ਪਾਨ ਪੈ ਕਰਾਯੋ ਪਰਯੰਕ ਪੌਢੇ ਆਨੀਆ ॥ ੨੭ ॥ [ਨਾ: ਪ੍ਰ: ਪੂ: ਧਿ: ੪੨

੧੭. ਦਸਮੇਸ਼ ਪਿਤਾ ਜੀ ਦੀ ਸਗਾਈ ਸਮੇਂ ਆਪਦੇ ਮਸਤਕ ਤੇ ਲਾਏ ਗਏ ਕੇਸਰ ਤੇ ਚੌਲਾਂ ਵਿਚ ਅਸਮਾਨੀ ਝਾਕੀ ਦਿਖਾ ਦਿੱਤੀ ਹੈ:—

ਬਹੁਰ ਨਿਕਾਸਯੋ ਮਸਤਕ ਟੀਕਾ। ਅੱਛਤ ਲਾਇ ਸੁਹਾਵਤਿ ਨੀਕਾ ॥੧੫॥
ਕੇਸ ਰਾਹੁ ਨੇ ਸਸਿ ਜਨੁ ਗਹਯੋ। ਖੰਡ ਖੰਡ ਕਰਿ ਖੇਬੇ ਚਹਯੋ।
ਸੋ ਭਕਰੇ ਅੰਮ੍ਰਿਤ ਬਲ ਭਰੇ। ਭਾਜਿ ਸਦਨ ਸੁਰ ਗੁਰ ਕੇ ਬਰੇ ॥ ੧੬ ॥
[ਰੁ: ੧ ਅੰਸੂ ੧੧

੧੮. ਕਵੀ ਜੀ ਨੇ ਦਸਮੇਸ਼ ਪਿਤਾ ਜੀ ਦੇ ਵਿਵਾਹ ਵਿਚ ਸਦਾ ਉਛਲਦੀ ਰਹਿਣ ਵਾਲੀ ਵਸਤੂ ਮੰਗਲ ਦੇ ਗਲ ਸੰਗਲ ਪਾ ਦਿੱਤਾ ਹੈ:—

ਬਾਜ ਉਠੇ ਸੁੰਦਰ ਸ਼ਦਿਯਾਨੇ। ਭਾਟ ਕਬਿੱਤਨਿ ਕੀਰਤਿ -ਗਾਏ।
ਬਜਹਿਂ ਪਖਾਵਜ ਗੁਨ ਤੰਬਰੇ। ਗਾਵਤਿ ਚਾਵ ਕਲਾਵਤਿ ਰੁਰੇ ॥ ੧੮ ॥
ਦੀਹ ਦਮਾਮੇ ਬਾਜਤ ਸ਼ੁਤਰੀ। ਧੁਨਿ ਉਚੀ ਪੈ ਸ਼ੋਭਤਿ ਸੁਥਰੀ।
ਜਨੁ ਮੰਗਲ ਕੇ ਸੰਗਲ ਡਾਰਾ। ਥਿਰ ਰਹੁ ਘਰ, ਜਿਨ ਤਜਿ ਤਿਨ ਦ੍ਵਾਰਾ ॥ ੧੯ ॥
[ਰੁਤ ੧ ਅੰਸੂ ੧੧

੧੯. ਭਾਈ ਬਿਧੀ ਚੰਦ ਜੀ ਦੇ ਖੋਜਾ ਅਨਵਰ ਨਾਲ ਯੁੱਧ ਦਾ ਚਿੱਤ੍ਰ ਤੇ ਫਿਰ ਭਾਈ ਬਿਧੀ ਚੰਦ ਦੇ ਤੀਰ ਨਾਲ ਖੋਜੇ ਦੀ ਮੌਤ ਤੇ ਉਸ ਦੇ ਮੱਥੇ ਵਿਚ ਦੀ ਪਾਰ ਹੋ ਗਏ ਤੀਰ ਦੀ ਮਾਨੋ ਹੂਬਹੂ ਤਸਵੀਰ ਚਿੱਤ੍ਰਿਤ ਕੀਤੀ ਹੈ:—

ਤਬਿ ਬਿਧੀਚੰਦ ਹਯ ਕੋ ਸੰਭਾਰਿ ॥੩੩॥ ਇਤ ਉਤ ਧਵਾਇ ਚੌਗਿਰਦ ਫੇਰਿ।
ਗੁਨ ਮਾਹਿਂ ਅਰੋਪਿ ਖਪਰਾ ਬਡੇਰ। ਧਨੁ ਤਾਨਿ ਕਾਨ ਲਗ ਰਿਸ ਮਹਾਨ।
ਰਿਪੁ ਤਾਕਿ ਲੱਛ ਛੋਡਯੋ ਸੁ ਬਾਨ ॥੩੪॥ ਸਮ ਸਰਪ ਸ਼ੂੰਕਿ ਚਾਲਯੋ ਬਿਸਾਲ।
ਬਡ ਬੇਗ ਸਹਿਤ ਲਗਿ ਸ਼ਤ੍ਰੁ ਭਾਲ। ਪੰਖਨ ਸਮੇਤ ਧਸਿ ਹੋਇ ਪਾਰ।
ਕੁਛ ਰਹਯੋ ਦਿਖਤਿ ਬਾਗਰ ਅਕਾਰ ॥੩੫॥ ਜੁਗ ਭੌਂਹ ਬੀਚ ਸੋ ਅਸ ਸੁਹਾਇ।
ਜਨੁ ਤਿਲਕ ਲਾਲ ਸੁੰਦਰ ਲਗ ਇ। ਕਿਹ ਜਤਨ ਸੰਗ ਕੇ ਗੁਲ ਅਨਾਰ।
ਬਹੁ ਸਜਹਿ ਭਾਲ ਰਾਖਯੋ ਸੁਧਾਰਿ॥੩੬॥ਜਨੁ ਬੈਠਨਿਡਜ ਮਹਿ ਸਿਰ ਨਿਕਾਰ।
ਇਹ ਬਤਸ ਸ਼ਾਰਕਾ ਮੁਖ ਪਸਾਰ। ਜਨੁ ਬਿਧੀ ਚੰਦ ਕੋ ਕ੍ਰੋਧ ਲਾਲ।
ਥਿਰ ਭਯੋ ਜਾਇ ਤਕਿ ਸ਼ਤ੍ਰੁ ਭਾਲ ॥੩੭॥ ਗਿਰ ਪਰਯੋ ਭੂਮ ਪਰ ਝੂੰਮਿ ਸੋਇ।
ਲਗਿ ਬਾਯੁ ਬੇਗ ਜਯੋਂ ਬ੍ਰਿਛ ਕੋਇ ॥ [ਰਾ: ੮ ਅੰਸੂ ੩੪

## ੬. ਰੁਤ ਵਰਣਨ।

ਹਿੰਦੀ ਕਾਵਯ ਵਿਚ ਰੁਤ ਵਰਣਨ ਵੀ ਇਕ ਹਿੱਸਾ ਹੈ। ਲਾਯਕ ਕਵੀ ਇਸ ਵਿਚ ਵੀ ਅਪਣੇ ਕਮਾਲ ਨੂੰ ਦਰਸਾਯਾ ਕਰਦੇ ਹਨ। ਕਵੀ ਸੰਤੋਖ ਸਿੰਘ ਜੀ ਨੇ ਵੀ ਰੁਤਾਂ ਤੇ ਆਪਣੇ ਖਯਾਲਾਂ ਦੀ ਉਚਾਈ ਦਿਖਾਈ ਹੈ। ਨਮੂਨੇ ਲਈ ਅਸੀਂ ਛੇਆਂ ਰੁਤਾਂ ਦੇ ਵਰਣਨ ਸੰਕਲਤ ਕਰਕੇ ਅੱਗੇ ਦੇਂਦੇ ਹਾਂ:—

**ਬਸੰਤ**— ਦੋਹਰਾ—ਸਤਿਗੁਰ ਲੀਲਾ ਲਲਿਤ ਇਉਂ ਕਰਤਿ ਬ੍ਰਿਧਤਿ ਜਗਕੰਤ।
ਪਰਫੁਲਜਤ ਕਲ ਫੂਲ ਸੋਂ ਸ਼ੋਭਤਿ ਰਿਤੁ ਬਸੰਤ ॥ ੨ ॥
ਚੌਪਈ—ਸੁੰਦਰ ਮ੍ਰਿਦੁਲ ਸਦਲ ਤਰੁ ਰਾਜੀ। ਬਰਨ ਬਰਨ ਬਰ ਉਪਮਾ ਛਾਜੀ।
ਜਨੁ ਬਸੰਤ ਨਿਜ ਸੈਨ ਸ਼ਿੰਗਾਰੀ। ਜੀਤਨ ਜੇ ਬਿਰਹੀ ਨਰ ਨਾਰੀ ॥ ੩ ॥
ਸਭਿ ਪਲਾਸ ਤੇ ਪਾਤ ਨਿਪਾਤੀ। ਫੂਲੈਂ ਫੂਲ ਲਾਲ ਭਲਿ ਭਾਂਤੀ।
ਮਨਹੁੰ ਸੁਭਟ ਪਟ ਹਿੰਗਨ ਰਾਂਗੇ। ਚਢੇ ਯੁੱਧ ਕਰਿ ਆਰੁਨ ਬਾਗੇ ॥ ੪ ॥
ਆਂਬੂ ਮੌਰ ਪਿਖਿ ਆਨਦ ਜਾਸੂ। ਕੂਕਤਿ ਕੋਕਿਲ ਕਲ ਰਵ ਤਾਸੂ।
ਜਨੁ ਬਸੰਤ ਕੀ ਦੇਤਿ ਦੁਹਾਈ। ਮਾਨਨਿ ਦੇਸ਼ ਜਿ ਮਾਨ ਕਢਾਈ ॥ ੫ ॥
ਪੁਸ਼ਪਨ ਕੀ ਮਕਰੰਦ ਨਿਹਾਰੀ। ਤਿਨ ਪਰ ਮਧੁਕਰ ਕਰਤਿ ਗੁੰਜਾਰੀ।
ਜਨੁ ਬਸੰਤ ਨ੍ਰਿਪ ਆਗੇ ਬੀਨਾ। ਜਾਇ ਬਜਾਵਹਿਂ ਗੁਨੀ ਪ੍ਰਬੀਨਾ ॥ ੬ ॥
ਲਲਿਤ ਬਿਹੰਗ ਬੋਲਹੀ ਬਾਨੀ। ਜਨੁ ਬੰਦੀਜਨ ਕੀਰਤਿ ਗਾਨੀ।
ਸੀਤਲ ਮੰਦ ਸੁਗੰਧਿ ਸਮੀਰਾ। ਮਾਨਨਿ ਬਿਰਹਿਨਿ ਕਰਤਿ ਅਧੀਰਾ ॥ ੭ ॥
ਸ੍ਵੇਤ ਸ਼ਜਾਮ ਸ੍ਰੋਣਤ ਪੁਨ ਪੀਤਾ। ਬਿਗਸੇ ਕੁਸਮ ਨਵੀਨੀ ਰੀਤਾ।
ਤਰੁ ਸ਼ਾਖਾ ਪਰ ਮੰਜਰੀ ਸੋਹੀ। ਮਨਹੁ ਧਰੀ ਕਲਗੀ ਮਨ ਮੋਹੀ ॥ ੮ ॥
ਅਸ ਬਿਧ ਜਹਿਂ ਬਨ ਬਡ ਛਬਿ ਧਾਰੀ। ਬਿਚਰਤਿ ਤਹਿਂ ਨਾਨਕ ਸੁਖਕਾਰੀ।
[ਨਾ: ਪ੍ਰ: ਪੂ: ਥਿ: ੧੧

ਕਵਿ ਜੀ ਨੇ ਇਸ ਵਰਣਨ ਵਿਚ ਪਦ 'ਰਿਤੁਰਾਜ' ਨੂੰ ਸਫਲ ਕੀਤਾ ਹੈ ਤੇ ਉਸ ਦਾ ਸਾਰਾ ਰੂਪਕ ਬੰਨ੍ਹ ਦਿਖਾਇਆ ਹੈ। ਬਸੰਤ ਦਾ ਨਾਮ ਹੈ 'ਰਿਤੁਰਾਜ' ਜਿਸ ਦਾ ਅਰਥ ਹੈ 'ਰੁਤਾਂ ਦਾ ਰਾਜਾ'। ਇਥੇ ਬਸੰਤ ਦੀ ਸਾਰੀ ਸਮੱਗ੍ਰੀ ਨੂੰ ਆਪ ਨੇ ਰਾਜ ਸਾਜ ਵਿਚ ਘਟਾਕੇ ਦਿਖਾ ਦਿੱਤਾ ਹੈ ਤੇ ਨਾਲ ਹੀ ਬਸੰਤ ਦਾ ਸਾਰਾ ਸਾਮਾਨ ਅੱਖਾਂ ਅਗੇ ਆ ਗਿਆ ਹੈ। ਨਵੀਨ ਪੱਤੀਆਂ ਤੇ ਰੰਗ ਰੰਗ ਦੇ ਫੁਲਾਂ ਨਾਲ ਪ੍ਰਫੁਲਜਤ ਬਨਸਪਤੀ ਨੂੰ ਸੈਨਾ ਨਾਲ ਉਪਮਾ ਦੇਕੇ ਉਸ ਨੂੰ ਕਵੀ ਜੀ ਬਿਰਹੀ ਨਾਰੀਆਂ ਤੇ ਬਿਜੈ ਪ੍ਰਾਪਤਿ ਕਰਨ ਲਈ ਰੁਤਾਂ ਦਾ ਰਾਜਾ ਚੜ੍ਹਿਆ ਦੱਸਦੇ ਹਨ।

ਇਸੇ ਤਰ੍ਹਾਂ ਜੋ ਕਾਵ੍ਯ ਦੇ ਰਸੀਏ ਧ੍ਯਾਨ ਨਾਲ ਸਾਰੀਆਂ ਰੁਤਾਂ ਨੂੰ ਪੜ੍ਹਨਗੇ ਓਹ ਕਵੀ ਜੀ ਦੀ ਕਵਿਤਾ ਦੇ ਆਨੰਦ ਨੂੰ ਅਨੁਭਵ ਕਰਨਗੇ।

**ਗ੍ਰੀਖਮ** ਪੁਨ ਗ੍ਰੀਖਮ ਰਿਤੁ ਕੀਨਸਿ ਜੋਰਾ। ਤਪਤਿ ਭਈ ਅਤਿਸ਼ੈ ਚਹੁੰ ਓਰਾ।
ਤਪਹਿ ਰਿਦਾ ਜਿਵ ਮਤਸਰ ਧਾਰੀ। ਤਿਉਂ ਤਪ ਗਈ ਭੂਮਿਕਾ ਸਾਰੀ ॥ ੪੩ ॥
ਬਹਿਤਿ ਜ਼ੋਰ ਸੋਂ ਤਪਤ ਸਮੀਰਾ। ਜੋ ਤਾਪਹਿ ਨਰ ਨਾਰਿ ਸਰੀਰਾ।
ਜਸੋਂ ਖਲ ਉਚਰਹਿ ਬਚਨ ਕੁਚਾਲੀ। ਰਿਦਾ ਤਪਾਇ ਦੇਤਿ ਰਿਸ ਨਾਲੀ ॥੪੪॥
ਮਾਰਤੰਡ ਕੀ ਚੰਡ ਮਰੀਚਾ। ਦੁਖੀ ਜੀਵ ਲਘੁ ਤਾਲਨ ਬੀਚਾ।
ਜਿਉਂ ਜਗ ਭਗਤ ਹੀਨ ਹੈਂ ਪ੍ਰਾਨੀ। ਜਨਮ ਮਰਨ ਮਹਿਂ ਨਿਤ ਦੁਖ ਖਾਨੀ॥੪੫॥
ਸੂਕੇ ਜਲ ਕਰਦਮ ਬਿਹਰਾਨੀ। ਜਨੁ ਪ੍ਰੇਮੀ ਉਰ ਸੀਖ ਸਿਖਾਨੀ।
ਸਹਿਤ ਧੂਰ ਬਹੁ ਭ੍ਰਮਤਿ ਬਘੂਰੇ। ਜਸੋਂ ਮਤਿ ਭ੍ਰਮਤਿ ਬਿਨਾ ਗੁਰ ਪੂਰੇ ॥ ੪੬ ॥

ਮ੍ਰਿਗ ਤ੍ਰਿਸ਼ਨਾ ਕੋ ਦੇਰਹਿਂ ਨੀਰਾ। ਦੌਰਤਿ ਮ੍ਰਿਗ ਨਹਿਂ ਪਾਵਹਿ ਧੀਰਾ।
ਜਯੋਂ ਮਨ ਬਿਸ਼ਯ ਸੁਖਨ ਹਿਤ ਧਾਈ।ਤ੍ਰਿਪਤਿ ਨ ਹੋਇ ਨ ਥਿਰਤਾ ਪ ਈ॥੪੭॥
ਪਸੁ ਪੰਛੀ ਹੇਰਹਿਂ ਤਰੁ ਛਾਯਾ। ਬੈਸਹਿਂ ਤਪਤਹਿ ਤੇ ਸੁਖ ਪਾਯਾ।
ਬਹੁਤ ਜਗਤ ਦੁਖ ਤੇ ਜਗਯਾਸੀ। ਜਯੋਂ ਮਿਲਿ ਸਤਿ ਸੰਗਤਿ ਸੁਖ ਰਾਸੀ॥੪੮॥
ਭਾਵਹਿ ਬ੍ਰਹੁ ਸੀਤਲਤਾ ਪਾਨੀ। ਭਾਗ ਜਗੇ ਜਯੋਂ ਗੁਰਕੀ ਬਾਨੀ।
ਅਸ ਗ੍ਰੀਖਮ ਮਹਿਂ ਸ੍ਰੀ ਜਗ ਸਾਈਂ। ਬਿਚਰਤਿ ਲੀਲਾ ਕਰਤਿ ਸੁਹਾਈ॥੪੯॥
[ਨਾ: ਪ੍ਰ: ਪ੍ਰ: ਬਿ: ੧੨

**ਪਾਵਸ**—ਬਹੁਰੋ ਰਿਤੁ ਪਾਵਸ ਸ਼ੁਭ ਆਈ। ਗਗਨ ਬੀਚ ਬਾਦਰ ਦ੍ਰਿਸ਼ਟਾਈ॥ ੨॥
ਭਾਗ ਜਗੇ ਪੂਰਬ ਜਗਯਾਸੀ। ਜਯੋਂ ਤਨ ਧਰਤਿ ਸੰਤ ਸੁਖਰਾਸੀ।
ਚਢੀ ਘਟਾ ਕਾਲੀ ਜਿਵ ਕਾਲੀ। ਪਰਨੌ ਬੱਜ੍ਰ ਬਜਾਵਤਿ ਤਾਲੀ॥ ੩॥
ਸਾਸਨਪਾਕ ਸਰਾਸਨ ਜੋਊ। ਬਾਂਕੀ ਭ੍ਰਿਕੁਟੀ ਲਖੀਅਤਿ ਸੋਊ।
ਅਤਿ ਕਰਕਨ ਜਿਹਕੀ ਕਿਲਕਾਰੀ। ਡਰਤਿ ਅਸੁਰ ਮੈ ਮੇਚਕ ਬਜਾਰੀ॥ ੪॥
ਹੋਤਿ ਘੋਖ ਜਿਹ ਗਰਜ ਸੁਹਾਵਤਿ। ਅਮਰ ਮਯੂਰ ਹਰਖ ਉਪਜਾਵਤਿ।
ਚੰਚਲ ਜੋ ਚੰਚਲਾ ਚਮਕਾਵਤਿ। ਪਾਨ ਕ੍ਰਿਪਾਨਹਿ ਲਏ ਨਚਾਵਤਿ॥ ੫॥
ਦੰਤ ਪੰਕਤੀ ਸ਼ੁਭਤਿ ਬਲਾਕਾ। ਸ਼ਯਾਮ ਸਰੂਪ ਬਨਯੋ ਅਸ ਤਾਂਕਾ।
ਮਿਲਿ ਦਾਦੁਰ ਬਹੁ ਸ਼ਬਦ ਪੁਕਾਰਾ। ਮਨਹੁੰ ਪਢਤਿ ਬਾਲਕ ਚਟਸਾਰਾ॥ ੬॥
ਜਰ ਤੇ ਜਰ ਗਯੋ ਜੂਹ ਜਵਾਸਾ। ਜਯੋਂ ਹਰਿ ਭਜਨ ਹੋਤਿ ਅਘ ਨਾਸਾ।
ਮਿਲਿ ਸਰਿਤਾ ਸੋਂ ਜੋ ਲਘੁ ਨਾਲਾ। ਸਿੰਧ ਸਰੂਪ ਭਏ ਤਿਹ ਕਾਲਾ॥ ੭॥
ਬ੍ਰਹਮ ਗਯਾਨ ਤੇ ਜੈਸ ਮੁਮੋਖੂ। ਬ੍ਰਹਮ ਰੂਪ ਹੋਵਤਿ ਬਿਨ ਦੋਖੂ।
ਤਜਿ ਮ੍ਰਿਯਾਦ ਉਛਰੇ ਲਘੁ ਤਾਲਾ। ਜਯੋਂ ਸ੍ਰੀ ਮਦ ਤੇ ਨੀਚ ਕੁਚਾਲਾ॥ ੮॥
ਉਡਤਿ ਧੂਰ ਜੋ ਸਗਲ ਬਿਲਾਨੀ। ਜਯੋਂ ਸਤਿਗੁਰ ਮਿਲਿ ਕੁਮਤਿ ਨਸਾਨੀ।
ਪੰਥੀ ਚਲਤਿ ਧਾਮ ਬਿਸਰਾਮੇ। ਜਿਉਂ ਮਨ ਥਿਰ ਸਿਮਰਤਿ ਹਰਿਨਾਮੇ॥ ੯॥
ਜਿਉਂ ਲੀਲਾ ਕੀਨੀ ਰਿਤੁ ਬਰਖਾ। ਤਿਉ ਮੈਂ ਕਹਿ ਹੌਂ ਸੁਨਹੁ ਸ ਹਰਖਾ।
[ਨਾ: ਪ੍ਰ: ਪ੍ਰ: ਨਿ: ੧੨

**ਪੁਨਾ:**—ਦਿਨ ਸਾਵਣ ਕੇ ਬਰਖਾ ਹੋਤਿ। ਬਰਨ ਬਰਨ ਕੇ ਜਲਦ ਉਦੋਤਿ।
ਘੋਖਤਿ ਘਨ ਗਨ ਇਤ ਉਤ ਧਾਵੈਂ।ਧਰਾ ਸਜਲ ਕਰਿ ਅਨੰਦ ਉਪਾਵੈਂ॥੪੩॥
ਹਰਿਆਵਲ ਅਵਿਨੀ ਪਰ ਹੋਈ। ਇੰਦਬਧੂ ਬਿਚਰਤਿ ਬਿਚ ਜੋਈ।
ਮਨਹੁ ਸਬਿੰਦੂ ਨੀਲ ਉਢੇਨੀ। ਊਪਰ ਪਹਿਰੀ ਸੁੰਦਰ ਛੈਨੀ॥ ੪੪॥
ਬਧਯੋ ਪ੍ਰਵਾਹ ਨਦੀ ਬਹੁ ਨਾਰੇ। ਜਿਤ ਕਿਤ ਬਰਖਹਿਂ ਜਲਧਰ ਧਾਰੇ।...
ਦੋਹਰਾ—ਬਾਰ ਬਾਰ ਬਰ ਬਾਰ ਕੇ ਬਾਰਦ ਬਰਸਤਿ ਬ੍ਰਿੰਦ॥
ਪਿਖਤਿ ਬਹਾਰ ਉਦਾਰ ਕੇ ਨਿਤ ਸ੍ਰੀ ਹਰਿਗੋਬਿੰਦ॥ ੧॥
**ਛੇਪਈ**—ਬਰ ਤਰੁਵਰੁ ਸਰਵਰ ਪਰ ਖਰੇ। ਨਿਰਮਲ ਜਲ ਨਵੀਨ ਸੋਂ ਭਰੇ।

ਧਰਾ ਤਰਾਵਤਿ ਜਹਿਂਕਹਿਂ ਪਿਖੀਯਤਿ।ਹਰਿਆਵਲ ਮੁਦਦਾਇਕ ਦਿਖੀਯਤ॥੨॥
ਕੂਹਕਤਿ ਕੋਕਿਲਕਾ ਉਪਬਨ ਮੈਂ । ਤੜਿਤਾ ਦਮਕਤਿ ਬਹੁ ਬਿਧ ਘਨ ਮੈਂ ।
ਮਧੁਰ ਮਧੁਰ ਉਪਜਤਿ ਘਨਘੋਰ । ਠੌਰ ਠੌਰ ਮੋਰਨ ਕੇ ਸ਼ੋਰ ॥ ੩ ॥......

[ਰਾਸ ੬ ਅੰਸੂ ੨੫ ਤੇ ੨੬

ਬਿਦਤੇ ਜਲਧਰ ਗਗਨ ਮਝਾਰੀ । ਜਸੋਂ ਤਨ ਧਰਹਿਂ ਸੰਤ ਉਪਕਾਰੀ ॥ ੧੫ ॥
ਕੇਲਰ ਖੇਤ ਸਕਲ ਥਲ ਬਰਖੈਂ । ਦੇਖਿ ਦੇਖਿ ਕਰਿ ਜਨ ਗਨ ਹਰਖੈਂ ।
ਜਿਮ ਗੁਰ ਗਿਰਾ ਸੁਨਹਿ ਸਭਿ ਕੋਈ । ਪ੍ਰੇਮ ਬੀਜ ਕਹੁ ਉਤਪਤਿ ਹੋਈ ॥ ੧੬॥
ਮਧੁਰ ਮਧੁਰ ਧੁਨਿ ਸੁਨਿ ਸੁਨਿ ਮੋਰ। ਠੌਰ ਠੌਰ ਬੋਲਤਿ ਕਰਿ ਸ਼ੋਰ ।
ਜਥਾ ਕੀਰਤਨ ਸੁਨਿ ਜਗਜਾਸੀ । ਬਸਹਿ ਰਿਦੇ ਪੁਨ ਗਾਇ ਪ੍ਰਕਾਸ਼ੀ ॥ ੧੭ ॥
ਦਾਦਰ ਟੇਰਤਿ ਹੈਂ ਚਹੂ ਓਰ । ਜਿਮ ਸਿਖ ਪਢਹਿਂ ਗਿਰਾ ਗੁਰ ਜੋਰ ।
ਬਹੁ ਜਲ ਪਾਇ ਮੁਦਤਿ ਭੇ ਮੀਨ । ਜਥਾ ਸਿੱਖ ਗੁਰ ਪ੍ਰੇਮ ਪ੍ਰਬੀਨ ॥ ੧੮ ॥
ਜਰਯੋ ਜਵਾਸਾ ਜਰਯੋ ਨ ਜਲ ਕੋ । ਸੁਨਿ ਨਿੰਦਕ ਜਸ ਗੁਰੂ ਬਿਮਲ ਕੋ।
ਹਰਿਆਵਲ ਸਗਰੇ ਜਗ ਹੋਈ । ਗੁਰ ਸਿੱਖੀ ਜਿਮ ਸਭ ਥਲ ਜੋਈ ॥ ੧੯ ॥
ਸਰਿਤਾ ਕੋ ਪ੍ਰਵਾਹ ਬਹੁ ਬਾਢਾ । ਜੁਗ ਕੰਠਨਿ ਤੇ ਜਲ ਕਹੁ ਕਾਢਾ।
ਜਿਮ ਭਗਤਨਿ ਕੋ ਪ੍ਰੇਮ ਪ੍ਰਵਾਹੂ। ਰਸ ਕੋ ਲੇਬੇ ਵਧਹਿ ਉਮਾਹੂ ॥ ੨੦ ॥
ਪਾਵਸ ਪਾਇ ਬੀਜ ਬਹੁ ਉਪਜੈਂ । ਜਿਮ ਸਿੱਖੀ ਤੇ ਗੁਨ ਗਨ ਨਿਪਜੈਂ ।
ਸਤਿਗੁਰ ਸਲਿਤਾ ਕੇ ਤਟ ਜਾਇ । ਬੈਠਿ ਬਿਲੋਕਹਿਂ ਜਲ ਸਮੁਦਾਇ ॥ ੨੧ ॥
ਬਡੇ ਬੇਗ ਤੇ ਬਹਹਿ ਪ੍ਰਵਾਹੁ । ਕਾਸ਼ਟ ਬਹੇ ਜਾਹਿਂ ਗਨ ਮਾਂਹੂ ।
ਨੀਰ ਨਵੀਨ ਮਲੀਨ ਸੁ ਪੀਨ । ਤਰੁ ਜੁਤਿ ਤਟ ਕੋ ਢਾਹਨਿ ਕੀਨ ॥ ੨੨ ॥
ਸਹਤ ਅਨੇਕ ਬਿਕਾਰ ਅਸ਼ੇਖੂ । ਹਤਹਿ ਗਜਾਨ ਜਿਮ ਰਾਗ ਰੁ ਦ੍ਵੇਖੂ ।

[ਰਾਸ ੬ ਅੰਸੂ ੭੫

**ਸਰਦ—** ਪਾਵਸ ਕਰਤਿ ਬਿਲਾਸ ਬਿਤਾਈ । ਬਹੁਰ ਨਵੀਨ ਅਪਰ ਰਿਤੁ ਆਈ ।
ਸੁੰਦਰ ਸਰਦ ਸ਼ਾਰਦਾ ਮਾਨੋ । ਬਦਨ ਚੰਦ੍ਰਮਾ ਬਿਮਲ ਪਛਾਨੋ ॥ ੨ ॥
ਅੰਬਰ ਬਰ ਨੀਲਾਂਬਰ ਲੀਨਾ । ਜਾਂਕੇ ਸ਼ੁਭਤਿ ਪਯੋਧਰ ਪੀਨਾ ।
ਉਡਗਨ ਭੂਖਨ ਜਰੇ ਜਰਾਊ । ਲਲਿਤ ਮਰਾਲੈ ਪਾਵਨ ਪਾਊ ॥ ੩ ॥
ਮ੍ਰਿਦੁਲ ਕਮਲ ਕਰ ਜਿਹ ਦੁਤਿ ਭੂਰੀ । ਉੱਜਲ ਦੇਹਿ ਚੰਦ੍ਰਿਕਾ ਰੂਰੀ ।
ਕੁਮਤੀ ਕਰਤਿ ਤਪਤ ਸੀ ਕੁਮਤੀ । ਸਦਾ ਬਧਾਵਤਿ ਸੀਤਲ ਸੁਮਤੀ ॥ ੪ ॥
ਘਰ ਘਰ ਪਿਤਰ ਪਰਾਹੁਨ ਆਏ । ਪੰਥੀ ਪੁਰ ਨਿਜ ਪੰਥ ਸਿਧਾਏ ।
ਪੂਜਿ ਪਾਇਤਾ ਚੰਡਿ ਗਨੇਸ਼ਾ । ਰਿਪੁ ਦੇਸ਼ਨਿ ਪਰ ਚਢੇ ਨਰੇਸ਼ਾ ॥ ੫ ॥
ਭਏ ਸੇਤ ਜਲਮੁਘ ਜਲ ਹੀਨਾ । ਜਸੋਂ ਤਨ ਬਿਤੀ ਬੈਸ ਬਲ ਛੀਨਾ ।
ਨਾਸੇ ਅਲਪ ਜੰਤੁ ਜੇ ਰਾਸੀ । ਜਨੁ ਗਜਾਨੀ ਬਾਸ਼ਨਾ ਬਿਨਾਸ਼ੀ ॥ ੬ ॥

[ਨਾ: ਪ੍ਰ: ਪ੍ਰ ਧਿ: ੧੩

**ਹਿਮ—** ਪੁਨ ਰਿਤੁ ਪਰਵਿਰਤੀ ਹੇਮੰਤਾ। ਤਿਨ ਮਹਿ ਸੁਨਹੁ ਜੁ ਭਾ ਵਿਰਤੰਤਾ।
ਤਾਲਨਿ ਬਾਰਜ ਬਨੀ ਬਿਨਾਸੀ। ਜਿਉਂ ਕੁਸੰਗ ਨਾਸਹਿ ਜਸੁ ਰਾਸੀ ॥ ੭ ॥
ਨਿਕਟ ਅਗਨਿ ਕੇ ਰਹਹਿ ਮਹਾਨਾ। ਜਿਉਂ ਨ੍ਰਿਪ ਸੇਵਹਿਂ ਜੇ ਮਤਿਵਾਨਾ।
ਮੰਦ ਤੇਜ ਸੂਰਜ ਕਾ ਭਯੋ। ਜਯੋਂ ਭੂਪਤਿ ਹੁਇ ਅਲਾਸ ਕਯੋ ॥ ੮ ॥
ਨਰ ਨਾਰਿਨਿ ਕੋ ਸੀਤ ਕੰਪਾਵਤਿ। ਮ੍ਰਿਗ ਬਨਬਾਸੀ ਤਿਨਹਿ ਦੁਖਾਵਤਿ।
ਕਾਹੂ ਸਮੇਂ ਨ੍ਰਿਪ ਹੁਇ ਬਿਨ ਜੋਰਾ। ਜਯੋਂ ਦੁਖ ਦੇਹਿ ਪ੍ਰਜਾ ਕੋ ਚੋਰਾ ॥ ੯ ॥
ਨਿਸ ਦੀਰਘ ਮਹਿ ਲੇਤ ਨਿਹਾਲੀ। ਸੋਵਹਿ ਸੀਤ ਬਿਦਾਰਿ ਸੁਖਾਲੀ।
ਜਯੋਂ ਸਤਿਗੁਰ ਕੀ ਲੇ ਪਗ ਧੂਰੀ। ਭਵ ਸੰਕਟ ਸਿਖ ਕਰਹਹਿਂ ਦੂਰੀ ॥ ੧੦ ॥
ਆਤਪ ਖਰੀ ਸੁਹਾਇ ਸਰੀਰਾ। ਜਯੋਂ ਸਤਿਸੰਗਤ ਜਨ ਮਤਿ ਧੀਰਾ।
ਸੀਤਲ ਬਹਿਹੀ ਨੀਰ ਸਮੀਰਾ। ਜੋ ਰੰਕਨ ਕੋ ਕਰਤਿ ਅਧੀਰਾ ॥ ੧੧ ॥
ਜਯੋਂ ਬਿਨ ਸਤਿਗੁਰ ਤੇ ਰਖਵਾਰਾ। ਜੱਗਜਾਸੀ ਕੋ ਕਰਤਿ ਬਿਕਾਰਾ।
ਅਸ ਹਿਮੰਤ ਰਿਤੁ ਮਹਿਂ ਜਗਕੰਤਾ। ਪਰੇ ਰਹਹਿਂ ਸੁਖਦਾਨੀ ਸੰਤਾ ॥ ੧੨ ॥

[ਨਾ: ਪ੍ਰ: ਪ੍ਰ: ਚਿ: ੧੭

**ਸਿਸਰ—** ਚਲੇ ਪੰਥ ਮੰਦ ਮੰਦ ਆਨੰਦ ਦੇ ਕੰਦ ਜੋਊ ਸੁੰਦਰ ਮੁਕੰਦ ਪਦ ਨੈਨ ਅਰਬਿੰਦ ਸੇ।
ਦੇਖਤਿ ਸਿਸੁਰ ਰੁਤ ਕਾਨਨ ਨਿਪਾਤ ਪਾਤ ਨਗਨ ਬਿਟਪ ਭੇ ਨਰਕ ਅਘਵੰਦ ਸੇ।
ਆਂਬਨ ਕੇ ਮੌਰ ਭਖ ਕੰਠ ਕਲ ਕੋਕਲਾ ਕੇ ਕੂਕਤਿ ਸੁਨਾਇ ਕੂਕ ਪਾਵਤਿ ਅਨੰਦ ਸੇ।
ਕੀਰ, ਕਲਬਿੰਕ, ਕੰਕ, ਤੋਕਕ, ਕਕੰਨ, ਕੋਕ, ਕੁਰਕਟ, ਲੇਟੁ, ਕਾਕ, ਕੇਕੀ ਹੈਂ ਨਰਿੰਦਸੇ ॥੧੦॥
ਬੋਲਤਿ ਕਪੋਤ ਭ੍ਰਿੰਗ ਖੰਜਨ ਕੁਲਿੰਗ ਕਲ ਸਾਰਸ ਕੁਰੰਗ ਨਾਨਾ ਰੰਗ ਕੇ ਬਿਹੰਗ ਹੈਂ।
ਕਾਨਨ ਉਲੰਘ ਗਏ ਨੱਗਰ ਉਮੰਗ ਪਿਖਿ ਨਾਗਰ ਔ ਨਾਗਰੀ ਅਨੰਦ ਬਹੁ ਰੰਗ ਹੈਂ।
ਗਾਵਤਿ ਬਸੰਤ ਮਿਲਿ ਨਾਚਤਿ ਅਨੰਤ ਘਰ ਰਾਇ ਰੰਕ ਤਜੀ ਸ਼ੰਕ ਫਿਰਤਿ ਨਿਸ਼ੰਕ
ਹੈਂ। ਹਾਥ ਸੌਂ ਬਜਾਇੰ ਤਾਰੀ ਮੁਖ ਤੇ ਸੁਨਾਇੰ ਗਾਰੀ ਡਾਰੈਂ ਪਿਚਕਾਰੀ ਭਰਿ ਰੰਗਤ
ਸੁਰੰਗ ਹੈਂ ॥ ੧੧ ॥

[ਨਾ: ਪ੍ਰ: ਪ੍ਰ: ਚਿ: ੧੮

ਛੇਆਂ ਰੁਤਾਂ ਦਾ ਵਰਣਨ ਕਵੀ ਜੀ ਦਾ ਐਸਾ ਹੈ ਕਿ ਜੇ ਇਹੋ ਇੱਕੋ ਚੀਜ਼ ਆਪ ਦੀ ਰਹਿ ਜਾਵੇ ਤਾਂ ਬੀ ਆਪ ਦਾ ਨਾਮ ਉਚੇ ਪਾਏ ਦੇ ਕਵੀਆਂ ਵਿਚ ਗਿਣਿਆ ਜਾਵੇ। ਵਰਣਨ ਐਸੇ ਕਰਨੇ ਕਿ ਹੂਬਹੂ ਸਮੇਂ ਦਾ ਨਕਸ਼ਾ ਬੰਨ੍ਹ ਦੇਣਾ, ਰੂਪਕ ਜੇਹੜਾ ਚੁੱਕਣਾ ਨਿਬਾਹ ਦੇਣਾ ਤੇ ਹੋਰਨਾਂ ਅਲੰਕਾਰਾਂ ਦੇ ਨਾਲ ਸਥੂਲ ਸਾਮਾਨਾਂ ਲਈ ਦ੍ਰਿਸ਼ਟਾਂਤ ਸੂਖਮ ਦੇਣੇ, ਤ੍ਰੈਏ ਗਲਾਂ ਆਪ ਦੀਆਂ ਆਪਣੀ ਚੋਟੀ ਤੇ ਹਨ। ਤੀਸਰੀ ਗਲ—ਸੂਖਮ ਦ੍ਰਿਸ਼ਟਾਂਤਾਂ ਵਾਲੀ ਤਰਜ਼—ਤੁਲਸੀ ਦਾਸ ਜੀ ਦੀ ਤਰਜ਼ ਨਾਲ ਮਿਲਦੀ ਜੁਲਦੀ ਹੈ ਤੇ ਕੁਛਕ ਖਿਆਲ ਬੀ ਮਿਲਦੇ ਹਨ—ਤੁਲਸੀ ਜੀ ਨੇ ਰਾਮਾਯਣ ਵਿਚ ਦੋ ਰੁਤਾਂ ਪਾਵਸ ਤੇ ਸਰਦ ਜੋ ਲਿਖੀਆਂ ਹਨ ਉਹਨਾਂ ਵਿਚ ਸਥੂਲ ਗੱਲਾਂ ਲਈ ਸੂਖਮ ਦ੍ਰਿਸ਼ਟਾਂਤ ਵਰਤੇ ਹਨ। ਇਸ ਦੇ ਟਾਕਰੇ ਤੇ ਜੇ ਦੇਖੀਏ ਤਾਂ ਕਵੀ ਜੀ ਨੇ ਛੇ ਰੁੱਤਾਂ ਵਰਣਨ ਕੀਤੀਆਂ ਹਨ, ਛੇਆਂ ਵਿਚ ਉਹਨਾਂ ਦੇ ਅਸਲੀ ਖਿਆਲਾਂ ਦੀ ਭਰਮਾਰ ਹੈ, ਬਜ਼ਾਨ ਅਛੋਤੇ ਢੰਗ ਦਾ ਹੈ, ਬੰਦਸ਼ ਪੂਰਨ ਉਸਤਾਦਾਨਾ ਹੈ ਅਤੇ ਸੂਖਮ ਦ੍ਰਿਸ਼ਟਾਂਤਾਂ ਵਾਲੀ ਤਰਜ਼ ਅਨੂਪਮ ਹੈ। ਫਿਰ

ਇਸ ਦੇ ਨਾਲ ਹੂਬਹੂ ਦਰਸ਼ਨ ਦਾ ਵਰਣਨ ਤੇ ਹੋਰ ਦ੍ਰਿਸ਼ਟਾਂਤ ਤੇ ਉਪਮਾਂ ਦਾ ਨਿਬਾਹ ਬੀ ਕਵੀ ਜੀ ਦੀ ਪ੍ਰਬੀਨਤਾ ਦਾ ਨਮੂਨਾ ਹੈ। ਰਿਤੁਰਾਜ (ਬਸੰਤ) ਵਿਚ ਰਾਜਾ ਦਾ ਤੇ ਉਸ ਦੀ ਚੜ੍ਹਾਈ ਦਾ, ਪਾਵਸ ਵਿਚ ਕਾਲੀ ਦਾ ਤੇ ਸ਼ਰਦ ਵਿਚ ਸ਼ਾਰਦਾ ਦਾ ਰੂਪਕ ਬੰਨ੍ਹਣ ਵਿਚ ਬੀ ਆਪ ਨੇ ਆਪਣੀ ਵਿਦਵਤਾ ਦਾ ਕਮਾਲ ਦਰਸਾਇਆ ਹੈ।

## ੭ ਕੁਦਰਤੀ ਨਜ਼ਾਰੇ ਬੰਨ੍ਹਣੇ।

ਕੁਦਰਤੀ ਨਜ਼ਾਰਿਆਂ ਪਰ ਬੀ ਆਪ ਦੀ ਕਲਮ ਦੀ ਦੌੜ ਕਮਾਲ ਦੀ ਹੈ। ਉਂਞ ਤਾਂ ਰੁੱਤਾਂ ਦੇ ਵਰਣਨ ਵਿਚ ਕੁਦਰਤੀ ਨਜ਼ਾਰੇ ਕਈ ਆ ਚੁਕੇ ਹਨ, ਫਿਰ ਬੀ ਵੰਨਗੀ ਮਾਤ੍ਰ ਕੁਝ ਕੁ ਹੋਰ ਹੇਠਾਂ ਦਿੰਦੇ ਹਾਂ:—

**ਝਰਨੇ, ਨਾਲੇ—** ਹੇਮਕੂੰਟ ਪਰਬਤ ਬਿਸਤਾਰਾ। ਝਰਨੇ ਝਰਹਿ ਅਨੇਕ ਪ੍ਰਕਾਰਾ ॥੨॥
ਨਿਸ ਬਾਸੁਰ ਜਿਨ ਮਹਿੰ ਧੁਨਿ ਭਾਰੀ। ਸੁੰਦਰ ਬਿਮਲ ਪ੍ਰਵਾਹਤਿ ਬਾਰੀ।
ਕਹੂੰ ਬੇਗ ਸੋਂ ਚਲਹਿੰ ਸਜ਼ੋਰ। ਕਹੂੰ ਭ੍ਰਮਰਕਾ ਪਰਹਿੰ ਬਿਲੋਰ ॥ ੩ ॥
ਫਟਕ ਸਮਾਨ ਸ੍ਵੱਛ ਜਲ ਸੁੰਦਰ। ਨਾਹੇ ਬਹੈਂ ਮੀਨ ਗਨ ਅੰਦਰ।
ਕਹੂੰ ਫੇਨ ਉੱਜਲ ਬਿਧਿ ਹੂਰੰ। ਕਿਤ ਸੁਨਿਯਤਿ ਧੁਨਿ ਦੂਰਹਦੂਰੰ ॥ ੪ ॥
[ਰਾਸ ੧੧ ਅੰਸੂ ੪੯

**ਪਰਬਤ, ਬਨ, ਬ੍ਰਿੱਛ, ਪਸ਼ੂ, ਪੰਛੀ—**

ਅਨਿਕ ਧਾਤ ਕੇ ਚਿੱਤ੍ਰਿਤਿ ਗਿਰਵਰ। ਪੀਤ, ਰਕਤ, ਅੰਜਨ ਕੇ ਸਮਸਰ।
ਦੂਰਬਾ ਸਮ ਬੈਡੂਰਜ ਜਹਿੰਵਾ। ਅਨਿਕ ਭਾਂਤਿ ਕੀ ਔਸ਼ਧਿ ਤਹਿੰਵਾ ॥ ੫ ॥
ਸੁੰਦਰ ਥਲ ਜਹਿਂ ਅਨਿਕ ਪ੍ਰਕਾਰਾ। ਤੁੰਗ ਸਥੰਡਲ ਪਾਂਤਿ ਉਦਾਰਾ।
ਚਾਰੋਂ ਓਰ ਨੀਰ ਤਹਿਂ ਫਿਰਿਹੀ। ਹਰਿਆਵਲ ਸਭਿ ਥਲ ਮਨ ਹਰਿਹੀ ॥ ੬ ॥
ਫੂਲਨਿ ਬਾਰੀ ਚਹੁੰ ਦਿਸ਼ ਮਾਂਹਿ। ਰੰਗ ਰੰਗ ਕੇ ਬਿਗਸੇ ਤਾਂਹਿ।
ਮਹਾਂ ਸੁਗੰਧਤਿ ਭੌਰ ਗੁੰਜਾਰਤਿ। ਸੀਤਲ ਮੰਦ ਬਹਿਤ ਬਰ ਮਾਰੁਤ ॥ ੭ ॥
ਪਿਖਤਿ ਬਿਲੋਚਨ ਆਨੰਦ ਦਾਨੀ। ਰਚਨਾ ਮਨੁਹਰ ਗੰਧਨਿ ਸਾਨੀ।
ਮ੍ਰਿਦੁਲ ਦਲਨ ਕੇ ਪਹੇ ਬਿਛੌਨੇ। ਰਕਤ ਬਰਨ ਕੇ ਦੀਖਤਿ ਲੋਨੇ ॥ ੮ ॥
ਫਲ ਮਧੁਰੇ ਬਹੁ ਸ੍ਵਾਦ ਬਿਸਾਲੇ। ਅਲਬਾਲਤਿ ਤਰੁ ਥਲ ਜਲ ਚਾਲੇ।
ਖਗ ਮ੍ਰਿਗ ਸੇਵਤਿ ਜਿਨ ਕੋ ਨੀਤਾ। ਸਰਬ ਜੰਤੁ ਤੇ ਭੈ ਸਭਿ ਬੀਤਾ ॥ ੯ ॥
ਕਰਹਿਂ ਪਰਸਪਰ ਅਨੰਦ ਘਨੇਰਾ। ਬੈਰ ਬਿਸਾਰਯੋ ਆਪਸ ਕੇਰਾ।
ਬ੍ਰਿੱਛਨ ਕੇ ਸਿਬ੍ਰਹ ਬਹੁ ਖਰੇ। ਖਰੇ ਸ੍ਵਾਦ ਫਲ ਦਲ ਕਲ ਹਰੇ ॥ ੧੦ ॥
ਸਾਲ, ਸਰਲ, ਬਦਰੀ, ਕਚਨਾਲ। ਨਾਲਕੇਰ, ਬ੍ਰਿੰਦਲ, ਕ੍ਰਿਤਮਾਲ।
ਮਾਲਕ ਪਿਚ, ਫਲਰਹਾ, ਰਸਾਲ। ਸ਼ਾਲਮਲੀ, ਪੁੰਨਾਂਗ ਬਿਸਾਲ ॥ ੧੧ ॥
ਸਿੰਦੁਕ, ਤਿੰਦੁਕ, ਮਧੁਰ, ਤਮਾਲ। ਕਦਰ, ਖਦਰ, ਬਟ, ਨਕਤੈਮਾਲ।
ਕੁਲਕ, ਤਿਲਕ, ਚਲਦਲ, ਸੁ ਕਦੰਬ। ਬਾਤਪੋਤ, ਸਿੰਸਪਾ, ਕਦੰਬ ॥ ੧੨ ॥
ਖਰੇ, ਮਧੂਕ, ਉਦਾਲਕ ਹਰੇ। ਹਰੇਤਪਤ, ਚੰਪਕ ਗੰਧ ਭਰੇ।

ਬਰੇ ਲਤਾ ਇਕਸਾਰੇ ਜਰੇ। ਜਰੇ ਨ ਕਬਿ ਅਸ ਤਰੁਵਰ ਖਰੇ ॥ ੧੩ ॥
ਖਿਰਣੀ, ਅਰਣੀ, ਬਰਣ, ਬਿਕੀਰਣ। ਕੀਰਣ, ਸਪਤ ਪਰਣ ਬਿਸਤੀਰਣ।
ਅਰਜਨ, ਕੁੰਦ, ਕੁੰਭ, ਕਾਰੰਭਾ। ਰੰਭਾ, ਭੁਰਿੰਡੀ ਸੁ ਅਦੰਭਾ ॥ ੧੪ ॥
ਨੀਚਲ ਫਲ, ਗੂਲਰ, ਚ ਕਨੇਰ। ਨੇਰ ਨੇਰ ਮੁਦਪਰਨ ਘਨੇਰ।
ਬੀਰ ਬ੍ਰਿੱਖ, ਚੈਤਕੀ, ਬਹੇਰਾ। ਹੇਰਾ ਜਿਨ ਦੇ ਮੋਦ ਬਡੇਰਾ ॥ ੧੫ ॥
ਕੁਟਜ, ਕੁਟੰਨਟ, ਸੀਤਾ, ਬੇਂਜਲ। ਜਲ ਜੁਤਿ ਰਾਇਬੇਲ, ਤਰੁ ਮੰਜਲ।
ਤਲ, ਛਿਤ, ਕੇਸ, ਮਾਲਤੀ ਜਾਲ। ਜਾਲ ਇੰਗੁਦੀ ਖਰੇ ਬਿਸਾਲ ॥ ੧੬ ॥
ਉਤਕੰਟਕ, ਸਜੰਦਨ, ਸਹਿਕਾਰ। ਸਮੀ, ਸਸੰਬਰ, ਸਾਂਵਰ ਸਾਰ।
ਜੰਬੂ, ਰੁਚਿਰ, ਮਾਲਤੀ ਤਾਲ। ਤਾਲ ਭਰੇ ਸੁੰਦਰ ਜਲ ਨਾਲ ॥ ੧੭ ॥
ਦੇਵਦਾਰ, ਅਮਰੂਦਕ, ਸੇਵ। ਸੇਵਤ ਖਗ ਜਿਨ ਸ਼ੋਭਾ ਦੇਵ।
ਜ਼ਰਦਾਲੂ, ਅੰਗੂਰ ਉਦਾਰ। ਦਾਰਮ ਨਾਗ ਰੰਗ ਫਲ ਭਾਰ ॥ ੧੮ ॥

ਸਵੈਯਾ—ਕੋਰਿਨ ਕੇ ਮੁਖ ਚੇ ਮੁਕਲੇ ਬਿਕਸੇ ਰੰਗ ਫੂਲ ਨਿਕੋਰਨ ਕੇ।
ਕੋਰਨ ਕੇ ਧਰਤਾ ਬਹੁ ਰਾਜਤਿ ਬਾਜਤਿ ਪਾਤ ਪਤੋਰਨ ਕੇ।
ਤੋਰਨ ਕੇ ਨਹਿਂ ਦਾਇ ਬਡੇ ਫਲ ਬੂਟ ਬਿਸਾਲ ਬਿਜੋਰਨ ਕੇ।
ਜੋਰਨ ਕੇ ਸ਼ਿਖਰੇ ਜਨੁ ਰੰਦਤਿ ਬਾਯੂ ਕੇ ਬੇਗ ਅਕੋਰਨ ਕੇ ॥ ੧੯ ॥
ਬਾਰੀ ਬਡੀ ਤਰੁ ਝੂਲ ਰਹੇ ਅਨਕੂਲ ਬਹੇ ਨਿਤ ਮੂਲਨ ਬਾਰੀ।
ਬਾਰੀਨ ਪਾਇ ਬਿਹੰਗਮ ਬੋਲਤਿ ਨੰਦਨ ਕੀ ਸੁਖਮਾ ਸਭਿ ਬਾਰੀ।
ਬਾਰੀ ਅਧੂਮ ਮਨੋ ਅਗਨੀ ਅਸ ਲਾਲ ਮਹਾਂ ਫਲ ਫੂਲਨ ਬਾਰੀ।
ਬਾਰੀਜ ਰੰਗ ਅਨੇਕਨ ਕੇ ਗਨ ਭੌਰ ਗੁੰਜਾਰ ਤਿਨ੍ਹੇ ਪਰ ਬਾਰੀ ॥ ੨੦ ॥
ਮੋਰ ਬਿਹੰਗ, ਮਰਾਲ ਬਿਸਾਲ, ਕਬੂਤਰ ਕੋਕਿਲ, ਕੀਰ ਅਘੋਰ।
ਘੋਰਨ ਤੇ ਘਨ ਬੋਲ ਉਠੇਂ ਪਿਖਿ ਚਾਤ੍ਰਿਕ ਖੰਜਨ ਕੀ ਸੁਨਿ ਸ਼ੋਰ।
ਸੋ ਰਹਿਂ ਸੇਵਤਿ ਕਾਨਨ ਕੋ ਨਿਤ ਬੈਰ ਬਿਸਾਰਿ ਨਹੀਂ ਕਰਿ ਜੋਰ।
ਜੋਰ ਸੁ ਦੰਪਤਿ ਹ੍ਵੈਕਰਿ ਕੂੰਜਤਿ ਬੈਠਤਿ ਪੰਖ ਸੁਧਾਰਤਿ ਮੋਰ ॥ ੨੧ ॥
ਜੋਟ ਮਿਲੇ ਚਕਵਾਨ ਜਿ ਕੂੰਜਤਿ ਪੂਜਤ ਕਾਮ ਰਹੇ ਹਰਖਾਇ।
ਖਾਇ ਸਦਾ ਮਨ ਭਾਵਤਿ ਜੇ ਫਲ ਭੌਰ ਗੁੰਜਾਰਤਿ ਹੈਂ ਅਕੁਲਾਇ।
ਲਾਇਕ ਜੋ ਸੁਖਦਾਇਕ ਸੁੰਦਰ, ਅੰਦਰ ਕਾਨਨ ਕੇ ਬਿਰਧਾਇ।
ਧਾਇ ਮਹਾਂ ਮ੍ਰਿਗਮਾਲ ਫਿਰੈ ਗਨ ਰੋਝ ਸੈਂਧਾਰਨਿ ਕੇ ਸਮੁਦਾਇ ॥ ੨੨ ॥
ਕੇਹਰਿ, ਭਾਲਕ ਡੋਲਤਿ ਹੈਂ, ਗਜ ਬੋਲਤਿ ਹੈਂ ਕਰਨੀ ਅਵਿਲੋਕ।
ਬਾਘ ਬਕਾਰਿ, ਫਨੀਨ ਫੁੰਕਾਰਿ, ਮਨੀਨਿ ਸੁਧਾਰਿ ਬਸੈਂ ਕਰਿ ਓਕ।
ਕੋਲ, ਸਸੇ, ਨਕੁਲੇ ਤਰਕੈਂ, ਗਨ ਜੰਬੁਕ, ਸਾਰਕ, ਸਾਰਸ, ਕੋਕ।
ਕ੍ਰੌਂਚ ਸੁ ਆਰਨਚੂੜ ਪੁਕਾਰਤਿ ਕੋਕ ਸੁ ਬੱਤਕ ਬ੍ਰਿੰਦ ਅਸ਼ੋਕ ॥ ੨੩ ॥

ਹੇਮਕੁੰਟ ਦਾ ਇਹ ਨਕਸ਼ਾ ਬੰਨ੍ਹਣ ਵਿਚ ਕਵੀ ਜੀ ਨੇ ਕਵਿਤਾ ਦਾ ਇਕ ਕਮਾਲ ਕੀਤਾ ਹੈ, ਪਰ ਜਾਪਦਾ ਹੈ ਕਿ ਆਪ ਹੇਮਕੁੰਟ ਨਹੀਂ ਗਏ ਨਾ ਆਪ ਨੂੰ ਅੱਖੀਂ ਡਿੱਠੇ ਹਾਲ ਪ੍ਰਾਪਤ ਹੋਏ*, ਪਰ ਜਿਸ ਕਿਸੇ ਗ੍ਰੰਥ ਵਿਚੋਂ ਆਪ ਨੇ ਇਹ ਖਿਆਲ ਲਏ ਹਨ ਉਸ ਦੀ ਟੋਹ ਅਜੇ ਨਹੀਂ ਲਗ ਸਕੀ।

---

*ਖੋਜ ਕਰਨੇ ਪਰ ਹੇਮਕੁੰਟ ਦੇ ਅਸਲੀ ਹਾਲਾਤ ਜੋ ਲੱਭੇ ਹਨ ਇਸ ਪ੍ਰਕਾਰ ਹਨ:—

੧. ਸ੍ਰੀ ਪੰਡਿਤ ਤਾਰਾ ਸਿੰਘ ਜੀ ਨਰੋਤਮ ਦੀ ਹੇਮਕੁੰਟ ਬਾਬਤ ਖੋਜ ਦਾ ਸਾਰ ਇਹ ਹੈ:—

ਜਿਸ ਗੰਧਮਾਦਨ ਨਾਮ ਦੇ ਪਰਬਤ ਪਰ ਬਦਰੀਨਾਥ ਦਾ ਮੰਦਿਰ ਹੈ, ਉਸ ਤੋਂ ਛੇ ਕੁ ਕੋਹ ਉਤਰਾਈ ਪਰ ਪੰਡੁਕੇਸ਼ਰ ਗ੍ਰਾਮ ਹੈ, ਜਿੱਥੇ ਰਾਜੇ ਪੰਡੁ ਨੇ ਯੋਗ ਮਾਰਗ ਦੀ ਸਾਧਨਾ ਸਾਧੀ ਸੀ। ਇਹ ਪ੍ਰਸੰਗ ਮਹਾਂ ਭਾਰਥ ਆਦਿ ਪਰਬ ਅਧ੍ਯਾਯ ੧੧੯ ਵਿਚ ਲਿਖਿਆ ਹੈ। ਇਥੇ ਮਹਾਂ ਦੇਵ ਦਾ ਮੰਦਰ ਤੇ ਪੰਡੁਕੇਸ਼ਰ ਇਸ ਰਾਜੇ ਦੇ ਨਾਮ ਤੇ ਪਿੰਡ ਹਣ ਤਕ ਮੌਜੂਦ ਹੈ। ਬਦਰੀ ਨਾਥ ਦੇ ਯਾਤ੍ਰੂ ਪੰਡਕੇਸ਼ਰ ਤੋਂ ਹੀ ਬਦਰੀ ਨਾਥ ਨੂੰ ਜਾਂਦੇ ਹਨ। ਪੰਡੁਕੇਸ਼ਰ ਤੋਂ ਅੱਠ ਕੋਹ ਪਰੇ ਉਚਾਈ ਵਾਲੇ ਪਾਸੇ ਗੁਰੂ ਜੀ ਨੇ ਤਪ ਕੀਤਾ ਸੀ। ਉਸੇ ਸਪਤ ਸ਼੍ਰਿੰਗ ਦੇ ਸੱਜੇ ਪਾਸੇ ਹੇਮਕੁੰਟ ਨਾਮ ਪਰਬਤ ਹੈ। ਹੇਮਕੁੰਟ ਦੇ ਵਿਚਕਾਰ ਇਕ ਸਰ ਹੈ, ਉਸ ਨੂੰ ਲੋਹਪਾਲ ਆਖਦੇ ਹਨ। ਇਸ ਦੇ ਪੱਛਮ ਵੱਲ ਦੁਸ਼ਟ ਦਮਨ ਤਪੱਸ੍ਰੀ ਦੇ ਤਪ ਕਰਨ ਦੀ ਦੀ ਜਗਾ ਹੁਣ ਤਕ ਦੱਸੀਦੀ ਹੈ। ਇਹ ਨਾਮ ਗੁਰੂ ਜੀ ਦੇ ਉਥੇ ਤਪ ਕਰਨ ਵੇਲੇ ਦਾ ਹੈ।

੨. ਇਕ 'ਹੇਮਕੂਟ' ਹੇਠ ਦੱਸੀਦਾ ਹੈ ਜੋ ਪਟਣੇ ਦੇ ਜ਼ਿਲੇ ਵਿਚ ਹੈ, ਜਿਸ ਨੂੰ ਰਤਨਾਗਿਰੀ ਕਹਿੰਦੇ ਹਨ। ਪਾਲੀ ਪੁਸਤਕਾਂ ਵਿਚ ਜੋ ਪੰਡਾਓ ਪਰਬਤ ਆਉਂਦਾ ਹੈ, ਉਹ ਇਹ ਰਤਨਾਗਿਰੀ ਹੀ ਹੈ।

੩. ਦੱਖਣ ਵਿਚ ਗੋਦਾਵਰੀ ਕਿਨਾਰੇ ਜੋ ਪ੍ਰਸਿੱਧ ਸ਼ਹਿਰ ਨਾਸਕ ਹੈ, ਇਥੋਂ ੨੨ ਕੁ ਮੀਲ ਤੇ ਸੱਤ ਚੋਟੀਆਂ ਦਾ ਪਹਾੜ ਹੈ, ਉਥੇ ਬੀ ਹੇਮਕੁੰਟ ਦੱਸੀਦਾ ਹੈ ਤੇ ਪਾਂਡਵਾਂ ਦੇ ਏਥੇ ਜਾਣ ਦਾ ਬੀ ਜ਼ਿਕਰ ਕਰਦੇ ਹਨ।

੪. ਇਕ ਸਜਣ ਦਾ ਖਿਆਲ ਮਾਨ ਸਰੋਵਰ ਤੇ ਹੀ ਇਸ ਟਿਕਾਣੇ ਦੇ ਹੋਣ ਦਾ ਹੈ। 'ਹੇਮਕੁੰਟ' ਬਰਫ ਦਾ ਪਹਾੜ ਕੈਲਾਸ਼ ਖਿਆਲ ਕਰਦੇ ਹਨ ਕਿਉਂਕਿ ਇਸ ਨੂੰ ਉਧਰ ਕੈਂਗਰਿੰਪਾਚੈਂ=ਪਵਿਤ੍ਰ ਪਹਾੜ ਤੇ 'ਗੰਗੀ' (ਅਰਥਾਤ ਬਰਫ ਦਾ ਪਹਾੜ) ਬੀ ਸੱਦਦੇ ਹਨ। ਇਸ ਦੇ ਲਾਗੇ ਸੱਤ ਚੋਟੀਆਂ ਬੀ ਗਿਣਦੇ ਹਨ:—

(ੳ) ਗੁਰਲਾ ਮਾਨਧਾਤਾ ਦੀ ਦੱਖਣ-ਦੱਖਣ-ਪੱਛਮ ਦੀ ਚੋਟੀ।

(ਅ) ਗੁਰਲਾ ਮਾਨਧਾਤਾ ਦੀ ਦੱਖਣ-ਪੱਛਮ ਦੀ ਚੋਟੀ।

(ੲ) South 60°W., ਬਰਫਾਨੀ ਚੋਟੀ ਜੋ ਦੱਖਣ ਵੰਨੇ ੬੦ ਡਿਗਰੀ ਪੱਛੋਂ ਨੂੰ ਹੈ।

(ਸ) West North West ਪੱਛੋਂ ਰੁਖ ਨੂੰ ਪਛਮੋਤਰ ਵੱਲ ਨੂੰ ਹੈ। (ਹ) ਕੈਲਾਸ਼।

(ਕ), (ਖ) ਦੋ ਚੋਟੀਆਂ ਵਾਲਾ ਪੁੰਡੀ ਉਤਰ ਵਾਲੇ ਪਾਸੇ ੨੦ ਡਿਗਰੀ ਪੱਛੋਂ ਰੁਖ ਨੂੰ।

**ਸਿਧਾਂਤ—**ਪਰੰਤੂ ਹੁਣ ਤਕ ਦੀ ਖੋਜ ਬਦਰੀਨਾਥ ਤੋਂ ਉਰੇ ਪੰਡੁਕੇਸ੍ਵਰ ਤੋਂ ੧੨ ਕੁ ਮੀਲ ਉਪਰ ਵਾਲੇ ਟਿਕਾਣੇ ਨੂੰ ਹੀ ਉਹ ਹੇਮਕੁੰਟ ਸਹੀ ਕਰਦੀ ਹੈ ਕਿ ਜਿੱਥੇ ਗੁਰੂ ਜੀ ਨੇ ਤਪ ਕੀਤਾ ਸੀ। ਕਿਉਂਕਿ ਪੰਡਰਾਜ ਦੇ ਜੋਗ ਕਰਨ ਦਾ ਪਤਾ ਗੁਰੂ ਜੀ ਨੇ ਹੇਮਕੁੰਟ ਦਾ ਆਪ ਦਿੱਤਾ ਹੈ। ਯਥਾ—'ਪੰਡੁਰਾਜ ਜਹਿ ਜੋਗ ਕਮਾਵਾ'। ਤੇ ਪੰਡੁ ਰਾਜ ਨੇ ਜੋਗ ਪੰਡਕੇਸ੍ਵਰ ਯਾ ਇਸ ਦੇ ਨੇੜੇ ਕਮਾਇਆ ਹੈ, ਪੰਡੁਕੇਸ੍ਵਰ ਵਿਚ ਪਾਂਡਵਾਂ ਦੀਆਂ ਕੁਝ ਯਾਦਗਾਰਾਂ ਪਈਆਂ ਸੁਣੀਦੀਆਂ ਹਨ। ਇਸ ਤੋਂ ਕੁਛ ਮੀਲ ਉਪਰ ਉਸ ਦੇ ਤਪ ਦਾ ਨਿਸ਼ਾਨ 'ਪਾਂਡੁਸ਼ਿਲਾ' ਹੈ। ਜਿਥੇ ਇਕ ਚਸ਼ਮਾ ਹੈ, ਜਿਸ ਦਾ ਨਾਮ 'ਰਾਮ ਗੰਗਾ' ਪ੍ਰਸਿਧ ਹੈ। ਮਹਾਂ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

**ਬਾਗ—**ਚਾਰੂ ਤਰੁ ਫੂਲ ਰਹੇ, ਛਾਯਾ ਅਨਕੂਲ ਰਹੇ, ਮੂਲ ਦ੍ਰਿਢ ਝੂਲ ਰਹੇ, ਨੀਕੇ ਆਲ-ਬਾਲ ਰਹੇ। ਦੀਪਤਿ ਕਦੰਬ ਰਹੇ, ਬੇਲ ਕੇ ਅਲੰਬ ਰਹੇ, ਮਿਲੇ ਨਿਤ ਅੰਬ ਰਹੇ, ਰਸ ਮੈਂ ਰਸਾਲ ਰਹੇ। ਚੰਪਕ ਚਮਕ ਰਹੇ, ਗੰਧ ਮੇਂ ਰਮਕ ਰਹੇ, ਡਾਰ ਤੇ ਲਮਕ ਰਹੇ, ਛਬਿ ਕੋ ਉਛਾਲ ਰਹੇ। ਚਾਰੋਂ ਓਰ ਝਾਲ ਰਹੇ, ਧਾਰਿ ਫੂਲ ਮਾਲ ਰਹੇ, ਦਲ ਚਲ-ਚਾਲ ਰਹੇ, ਤੁੰਗ ਹ੍ਵੈ ਬਿਸਾਲ ਰਹੇ॥ ੯॥

ਫਲਦਾਰ ਬਾਗ: --

ਨਾਨਾ ਰੰਗ ਫੂਲ ਹੈਂ ਸੁ ਆਲਬਾਲ ਮੂਲ ਹੈਂ ਸਿਕੰਧ ਝੁਕ ਝੂਲ ਹੈਂ ਫਲੇ ਸੁ ਫਲ ਭਾਰਈ। ਅਲਪ ਬਿਸਾਲ ਪੀਤ ਸਬਜ਼ ਸੁ ਲਾਲ ਦਲ, ਮਾਨੋ ਘਨ ਘਟਾ ਘਨੇ ਸੰਘਨੈਕਸਾਰਈ॥੨॥ ਜਾਮਨ ਜੁਗਲ, ਬਟ, ਪੀਪਰ, ਖਜੂਰ ਤੁੰਗ, ਬੱਦਰੀ ਅਨੇਕ ਝੁਕੀ ਭਾਰ ਤੇ ਬਿਸਾਲ ਕੀ। ਦਾੜਮ, ਨੁਰੰਗੀ, ਬੀਜਪੂਰ ਤੇ ਸੁਪਾਰੀ ਬਹੁ ਖਾਰਕ ਖਰੇ ਹੈਂ ਖਰੀ ਖਿਰਨੀ ਸੁ ਡਾਲ ਕੀ। ਆੜੂ, ਅਮਰੂਦ, ਕਦਲੀਨ ਕੇ ਬਗੀਚੇ ਬਡੇ ਫੈਲ ਰਹੇ ਫਾਲਸੇ ਫਲੇ ਹੈਂ ਫਲ ਜਾਲ ਕੀ। ਛਬਿ ਆਲ ਬਾਲ ਕੀ ਉਦਾਲਕ ਰਸਾਲ ਕੀ, ਸਰਲ ਤਰੁ ਤਾਲ ਕੀ, ਹਿੰਤਾਲ ਕੀ, ਤਮਾਲ ਕੀ॥ ੩॥


ਫੁਲਦਾਰ:—

ਸਰੂ ਏਕ ਸਾਰ ਖਰੇ ਹਰੇ ਹਰੇ ਪਾਤ ਜਰੇ, ਦੇਖੇ ਮਨ ਹਰੇ ਜਹਾਂ ਸ਼ੋਭਾ ਰੇਲ ਝੇਲ ਹੈ। ਸੇਵਤੀ ਕੇ ਸੇਵਤਿ ਸੁ ਮਾਲੀ ਮਾਲ ਮਾਲਤੀ ਕੋ, ਚੰਪਕ ਤੇ ਚੌਂਪ ਹੋਤਿ ਰਾਜੇਂ ਗਨ ਏਲ ਹੈਂ। ਸੁੰਦਰ ਗੁਲਾਬ ਹੈਂ, ਅਜਾਬ ਸੀਂਚੇ ਆਬ ਹੈਂ, ਉਦੇ ਸੁ ਆਫਤਾਬ ਹੈ ਖਿਲਤ ਚਟਕੇਲ ਹੈਂ। ਰਾਇਬੇਲ ਫੈਲ ਹੈ ਸੁਰਸ ਨਾਲਕੇਲ ਹੈ ਚੰਬੇਲੀ ਨਾਗਬੇਲ ਹੈ, ਗੁਰੂ ਜੀ ਤਹਾਂ ਖੇਲ ਹੈਂ॥ ੮॥ [ਰਾਸ ੧੨ ਅੰਸੂ ੧੮

---

☞[ਪਿਛਲੇ ਪੰਨੇ ਦੀ ਬਾਕੀ ਟੂਕ]

ਭਾਰਥ ਆਦਿ ਪਰਬ ਅਧਯਾਯ ੧੧੯ ਸ਼ਲੋਕ ੪੭-੫੦ ਵਿਚ ਜਿੱਥੇ ਗੰਧਮਾਦਨ ਪਰਬਤ ਹੇਮਕੁੰਟ ਤੇ ਸਪਤ ਸ਼੍ਰਿੰਗ ਦਾ ਪਤਾ ਦਿੱਤਾ ਹੈ, ਸੋ ਟਿਕਾਣਾ ਇਹੋ ਹੈ ਤੇ 'ਪਾਂਡਵ ਸ਼ਿਲਾ' ਤੇ 'ਪੰਡੁਕੇਸ਼੍ਵਰ' ਰਾਜਾ ਪੰਡੂ ਦੇ ਨਾਮ ਦੇ ਟਿਕਾਣੇ ਬੀ ਏਥੇ ਹੀ ਹੁਣ ਤਕ ਹੈਨ। ਇਸ ਟਿਕਾਣੇ ੧੯੩੬ ਈ: ਵਿਚ ਗੁਰਦੁਆਰਾ ਕਾਇਮ ਹੋ ਚੁਕਾ ਹੈ, ੧੦ ਫੁਟ ਮੁਰੱਬਾ ਦਾ ਕਮਰਾ ਤੇ ਅਗੇ ਤਿੰਨ ਫੁਟ ਦਾ ਵਿਰਾਂਡਾ। ਇਕ ਅਸਥਾਨ ਰਸਤੇ ਵਿਚ ਤਿੰਨ ਮੀਲ ਉਰੇ 'ਧਰਮਸਾਲਾ' ਨਾਮ ਦਾ ਯਾਤ੍ਰੀਆਂ ਦੇ ਰਾਤ ਕੱਟਣ ਲਈ ਤੇ ਇਕ ਹੋਰ ਬਦਰੀਨਾਥ ਦੇ ਚਾਲੂ ਰਸਤੇ ਪਰ, ਪੰਡਕੇਸ਼੍ਵਰ ਤੇ ਘਾਟ ਚੱਟੀ ਦੇ ਵਿਚਕਾਰ, ਜਿਥੋਂ ਬਦਰੀ ਨਾਥ ਨੂੰ ਜਾਣ ਵਾਲੇ ਰਸਤੇ ਤੋਂ ਸ੍ਰੀ ਹੇਮ ਕੁੰਟ ਤਪੋ ਧਾਮ ਲਈ ਰਸਤਾ ਪਾਟਦਾ ਹੈ 'ਸ੍ਰੀ ਗੋਬਿੰਦ ਘਾਟ' ਨਾਮੇ ਗੁਰਦੁਆਰਾ ਤੇ ਵਿਸ਼੍ਰਾਮ ਘਰ ਬਣ ਗਿਆ ਹੈ। ਸ੍ਰੀ ਮਾਨ ਸੰਤ ਸੋਹਣ ਸਿੰਘ ਜੀ ਤੋਂ ਬਾਦ ਹੌਲਦਾਰ ਮੋਦਨ ਸਿੰਘ ਜੀ ਸੇਵਾ ਦਾ ਸੋਹਣਾ ਉਦਮ ਨਿਬਾਹ ਰਹੇ ਹਨ। ਹਰ ਸਾਲ ਯਾਤ੍ਰੂ ਇਸ ਗੁਰਧਾਮ ਦੀ ਯਾਤ੍ਰਾ ਕਰਨ ਜਾਂਦੇ ਹਨ। ਸੜਕ ਬੀ ਮੋਟਰ ਲਾਰੀ ਵਾਲੀ ਬਣ ਰਹੀ ਹੈ ਜੋ ਹੁਣ ਰਿਖੀਕੇਸ਼ ਤੋਂ ਪਿਪਲ ਕੋਟੀ ਤਕ, ਜੋ ਸਫਰ ਪੈਦਲ ਕੀਤਾ ਜਾਂਦਾ ਸੀ ਹੁਣ ਮੋਟਰ ਲਾਰੀ ਤੇ ਹੋ ਸਕਦਾ ਹੈ ਤੇ ਬਾਕੀ ਸਫਰਪੈਦਲ ਕਰਨਾ ਪੈਂਦਾ ਹੈ, ਹਰ ਸਾਲ ਮੋਟਰ ਦੀ ਸੜਕ ਅਗੇ ਵਧ ਰਹੀ ਹੈ। ਪਾਠਕਾਂ ਦੇ ਸੁਖ ਲਈ ਜਿਸ ਪਹਾੜ ਸ਼੍ਰੇਣੀਆਂ—ਉੱਤ੍ਰਾ ਖੰਡ—ਵਿਚ ਹੇਮਕੁੰਟ ਹੈ, ਉਸਦਾ ਨਕਸ਼ਾ ਅਗਲੇ ਪੰਨੇ ਤੇ ਦਿੱਤਾ ਜਾਂਦਾ ਹੈ ਤਾਂ ਜੋ ਹੇਮਕੁੰਟ ਦੇ ਟਿਕਾਣੇ ਦੀ ਸਮਝ ਉਸ ਦੇ ਉਦਾਲੇ ਪੁਦਾਲੇ ਦੇ ਸੰਬੰਧ ਵਿਚ ਨਿਸ਼ਚਿਤ ਹੋ ਸਕੇ।




ਇਹ ਨਕਸ਼ਾ ਦੱਸਦਾ ਹੈ ਕਿ ਉਤ੍ਰਾ ਖੰਡ ਵਿਚ ਚੌਰਨਾਂ ਟਿਕਾਣਿਆਂ ਦੇ ਸੰਖੇਪ ਵਿਚ 'ਹੇਮਕੁੰਟ' ਕਿਸ ਟਿਕਾਣੇ ਹੈ।

All Rights Reserved.

**ਦਰਿਯਾ**—ਕੇਤੀ ਦੂਰ ਤੀਰ ਤੀਰ ਫਿਰੇ ਬਰ ਬੀਰ ਧੀਰ ਹੇਰਤਿ ਗੰਭੀਰ ਨੀਰ ਸੀਰ ਸ਼ੁਭ ਚਾਲਤੇ । ਕਹੂੰ ਬੇਗ ਜ਼ੋਰਤੇ ਮਰੋਰਤੇ ਸੁ ਭੌਰੀ ਪਰੇ ਕਹੂੰ ਫੇਨ ਫੋਰਤੇ ਕਹੂੰਕ ਸੋ ਉਠਾਲਤੇ। ਕਤਹੂੰ ਉਤੰਗ ਸ਼ਜਾਮ ਰੰਗ ਕੇ ਤਰੰਗ ਬ੍ਰਿੰਦ ਕਤਹੂੰ ਮਤੰਗ ਅੰਗ ਸੰਗਨ ਉਛਾਲਤੇ। ਪਾਥਰ ਪਖਾਲਤੇ ਕਹੂੰਕ ਤਟ ਡਾਲਤੇ ਕਿਤੇਕ ਜਲ ਹਾਲਤੇ ਝਖਾਦਿ ਜੰਤੁ ਜਾਲ ਤੇ॥ ੧੨ ॥ [ਰੁਤ ੧ ਅੰਸੂ ੪੬

**ਜੇਠ ਦੀ ਤਪਤ**—ਜੇਠ ਮਾਸ ਆਯੋ ਜਿਸ ਕਾਲਾ। ਚੰਡ ਸੂਰ ਤੇ ਘਾਮ ਬਿਸਾਲਾ।
ਦਸਹੂੰ ਦਿਸ਼ ਮਹਿਂ ਤਪਤ ਘਨੇਰੀ। ਲੋਵਾਂ ਚਲਹਿਂ ਬੇਗ ਤਿਸ ਬੇਰੀ ॥ ੧੩ ॥
[ਰਾਸ ੭ ਅੰਸੂ ੧੯

**ਪ੍ਰਭਾਤ**—ਭਯੋ ਅਰਣੋਦਯ ਅਰਣਚੂੜ ਬੋਲੇ ਰਵ ਖਿਰੇ ਅਰਬਿੰਦ ਪਰ ਸਾਹਿਗ ਸੁ ਡੋਲਹੀਂ। ਪ੍ਰਾਚੀ ਪਿਯਰਾਨੀ ਚਾਰੁ ਚਟਿਕਾ ਚੁਚਾਨੀ ਬਾਨੀ ਚੱਕ੍ਰਵਾਕ ਮਿਲੇ ਲੋਲ ਬੋਲ ਕੈ ਕਲੋਲ ਹੀ। ਭਾਜੇ ਦੁਤ ਚੋਰ ਪੁਰਿ ਗ੍ਰਾਮਨਿ ਕੋ ਛੋਰਿ ਛੋਰਿ ਭਾਨੁ ਕਰ ਦੌਰੀ ਗੋਣ ਸਿੰਖ ਮੁਖ ਬੋਲਹੀ। ਉਡਗਨ ਸਨ ਭਯੋ ਤਿਮਰ ਨਿਧਨ ਘਨ, ਗਜਾਨ ਜੈਸੇ ਮੋਹ ਸੈਨ ਹਨੈ ਝਕਝੋਲਹੀ ॥ ੨੮ ॥ [ਨਾ: ਪ੍ਰ: ਪੂ: ਧਿ: ੩੮

ਸਵੈਯਾ—ਭੋਰ ਭਈ ਅਰਬਿੰਦ ਖਿਰੇ ਅਰਣੋਦਯ ਤੇ ਚਕਵੇ ਹਰਖਾਏ।
ਜਜੋਂ ਗੁਰ ਕੀ ਕਰੁਨਾ ਬਿਕਸੇ ਉਰ ਮੇਲ ਸੁਖੀ ਸੁਮਤੀ ਮਨ ਪਾਏ।
ਤਾਰੇ ਛਪੇ ਜਜੋਂ ਬਿਕਾਰ ਨਸੇ ਜਨੁ ਮੋਹ ਤਮੰ ਨਹਿਂ ਦੀਸਨ ਪਾਏ।
ਕੀਨ ਸ਼ਨਾਨ ਗਏ ਉਦਿਆਨ ਇਕੰਤ ਸਥਾਨ ਮੈਂ ਬੈਸਿ ਸੁਹਾਏ॥੨੮॥
[ਨਾ: ਪ੍ਰ: ਪੂ: ਧਿ: ੪੭

**ਰਾਤਿ**—ਤਿਮਰ ਤ੍ਰਿਜਾਮਾ ਛਾਇ ਅੱਗ ਅੱਗਜਾਨ ਜਜੋਂ।
ਹੋ ਬਿਸ਼ੇ ਮਨੋਰਥ ਅਨਿਕ ਸੁ ਉਡਗਨ ਜਾਨਿ ਤਜੋਂ ॥ ੨੮ ॥ [ਨਾ: ਪ੍ਰ: ਪੂ: ਧਿ: ੨੪

## ੮. ਨਗਰ ਸ਼ੋਭਾ।

ਨੱਗਰ ਸ਼ੋਭਾ ਵਰਣਨ ਕਰਨ ਵਿਚ ਬੀ ਆਪ ਦਾ ਕਦਮ ਸ਼ਿਖਰੇ ਹੀ ਜਾਂਦਾ ਹੈ:—

**ਤਲਵੰਡੀ**—ਤਲਵੰਡੀ ਕੇ ਨਿਕਟ ਪਹੂਚੇ। ਬਾਜਤਿ ਬਾਜੇ ਜਿਨ ਧੁਨਿ ਊਚੇ।
ਤਬਿ ਪੁਰਿ ਪਾਈ ਸਾਗਰ ਸ਼ੋਭਾ। ਉਮਗੇ ਨਰ ਜਨੁ ਬਾਢਜੋ ਛੋਭਾ ॥ ੩੮ ॥
ਕਰਿ ਸ਼ਿੰਗਾਰ ਕੋ ਨਾਗਰ ਨਾਰੀ। ਕੰਚਨ ਭੂਖਨ ਰੁਚਿਰ ਸੁਵਾਰੀ।
ਪਰਿਪਾ ਚਲੀ ਪ੍ਰਕਾਸ਼ ਛਬੀਲਾ। ਮੋਹਤਿ ਜਜੋਂ ਬੜਵਾਨਲ ਕੀਲਾ ॥ ੩੯ ॥
ਕੀਰਤਿ ਰਾਂਕਾ ਬਨੀ ਸੁਹਾਤੀ। ਉਡਗਨ ਭੂਖਨ ਸਹਤ ਬਰਾਤੀ।
ਬਚਨ ਅਮੀ ਅਹਿਲਾਦ ਮੁਕੰਦਾ। ਅਸ ਸ਼੍ਰੀ ਨਾਨਕ ਪੂਰਨ ਚੰਦਾ ॥ ੪੦ ॥
ਤਿਸਹਿ ਬਿਲੋਕਨ ਹੇਤ ਉਮੰਗਾ। ਆਵਤਿ ਨਰ ਜਨ ਉਠੇ ਤਰੰਗਾ।
ਨਗਰ ਕੋਟ ਬੇਲਾ ਤਜਿ ਤੂਰਨ। ਫੈਲਜੋ ਜਲ ਜਜੋਂ ਵਹਿਰ ਸੰਪੂਰਨ ॥ ੪੧ ॥

ਦੇਖਿ ਦੇਖਿ ਪਰਮੋਦ ਨ ਥੋਰਾ। ਸਭਹਿ ਬਿਲੋਚਨ ਕੀਨ ਚਕੋਰਾ।
ਚਿਰੰਕਾਲ ਬਿਛੁਰੇ ਸੁਖ ਰਾਸਾ। ਜਿਨ ਕੋ ਮਿਲਨੇ ਕੀ ਬਹੁ ਪਜਾਸਾ॥ ੪੨॥

[ ਨਾ: ਪੂ: ਪੂ: ਧਿ ੨੩

**ਆਨੰਦਪੁਰਿ**–ਆਈ ਨਵੋਂ ਨਿੱਧਿ ਸਭ ਕਾਰਜ ਕੋ ਕਰੈਂ ਸਿੱਧ ਰਿੱਧਿ ਭਈ ਘਰ ਘਰ ਕਮੀ ਹੈ ਨ ਕਾਹਿ ਕੀ। ਬਸੈਂ ਬੁੱਧਿਮਾਨ ਗੁਨ ਸੰਗ੍ਰਹ ਕੀ ਚਾਹ ਜਾਨਿ, ਸੁਨਿ ਸੁਨਿ ਕਾਨ ਆਨਿ ਆਨਿ ਥਿਤ ਤਾਹਿਕੀ। ਨਏ ਨਿਤ ਮੰਗਲ ਉਮੰਗ ਸੰਗ ਨਾਰੀ ਨਰ ਰੰਗ ਰੰਗ ਕੌਤਕ ਬਿਲੰਦ ਉਤਸਾਹਿ ਕੀ। ਅਧਿਕ ਅਨੰਦ ਪੁਰ ਭਯੋ ਹੈ ਅਨੰਦ ਪੁਰ ਸ਼੍ਰੀ ਗੁਬਿੰਦ ਸਿੰਘ ਜੀ ਬਸਾਯੋ ਬ੍ਰਿੰਦ ਚਾਹਿਕੀ॥ ੮॥

**ਸਵੈਯਾ**–ਭੀਰ ਅਨੇਕ ਘਨੀ ਪੁਰਿ ਆਨਦ ਆਨਿ ਦੁਕਾਨ ਕਰੇ ਬਿਵਹਾਰਾ।
ਅੰਬਰ ਲੇ ਪਸ਼ਮੰਬਰ ਕੌ ਗਿਨਿ ਬ੍ਰਿੰਦ ਪਟੰਬਰ ਕੇਰ ਅੰਬਾਰਾ।
ਬੈਠਿ ਸਰਾਫ ਸੁ ਥਾਤਨ ਲੈ ਰਜਤੰ ਗਨ ਕੰਚਨ ਕੀਨ ਬਪਾਰਾ।
ਭੂਖਨ ਬ੍ਰਿੰਦ ਧਰੇ ਤਨ ਮੈਂ ਪਹਿਰੇ ਬਰ ਚੀਰ ਬਸਜੇ ਪੁਰਿ ਸਾਰਾ॥ ੪॥

[ ਰੁਤ ੨ ਅੰਸੂ ੩੬

ਫਿਰ ਚਮਕੌਰ ਤੇ ਅਨੰਦ ਪੁਰ ਦੇ ਅਲੰਕਾਰਕ ਦਰਸ਼ਨ ਦੇਖੋ ਪਿੱਛੇ ਇਸੇ ਪੁਸਤਕ ਵਿਚ '੪. ਅਲੰਕਾਰ' ਦਾ ਉਤਪ੍ਰੇਖਾ ਅਲੰਕਾਰ ਅਤੇ '੫. ਵਿਸ਼ੇਸ਼ ਚਮਤਕਾਰ' ਦਾ ੯ ਅੰਕ।

## ੬ ਸਤੋਤ੍ਰ।

ਸਤੋਤ੍ਰ ਰਚਨਾ ਸ਼ਰਧਾ ਭਾਵ ਤੋਂ ਵਿਹੂਨ ਹਿਰਦੇ ਲਈ ਕਠਨ ਕੰਮ ਹੈ। ਜੇ ਕੋਈ ਰਚੇ ਤਾਂ ਰਸ ਹੀਨ ਹੁੰਦਾ ਹੈ ਤੇ ਧੂੜ ਧੂੜ ਉਡਦੀ ਦਾ ਆਭਾਸ ਪੈਂਦਾ ਹੈ। ਪਰ ਕਵੀ ਜੀ ਦੇ ਰਚੇ ਸਤੋਤ੍ਰ ਪੜ੍ਹੋ ਕੈਸੇ ਕਵਿਤਾ ਵਿਚ ਸੁੰਦਰ ਤੇ ਰਸ ਵਿਚ ਰਸਦਾਇਕ ਠੰਢੇ ਠੰਢੇ ਤੇ ਸੁਹਾਵਣੇ ਹਨ।

ਦੇਵਤਿਆਂ ਦੀ ਜ਼ਬਾਨੀ ਸ਼੍ਰੀ ਗੁਰ ਨਾਨਕ ਦੇਵ ਜੀ ਦਾ ਸਤੋਤ੍ਰ ਆਪ ਐਉਂ ਅੰਕਿਤ ਕਰਦੇ ਹਨ:–

**ਨਰਾਜ ਛੰਦ**–ਨਮਸਤ ਆਦਿ ਰੂਪਣੇ ਸਮਸਤ ਮੈਂ ਬਿਰਾਜ ਹੀ। ਮਯੰਕ ਮਾਂਹਿ ਕ੍ਰਾਂਤਿ ਮਾਰਤੰਡ ਦੀਪ ਛਾਜ ਹੀ। ਸਪੰਦ ਮੈਂ ਪ੍ਰਭੰਜਨੋ ਜਲੋ ਦ੍ਰਵੰਤ ਰੂਪ ਹੋ। ਅਕਾਸ਼ ਮੈਂ ਵਿਕਾਸ਼ ਤੂੰ ਧਰਾ ਧ੍ਰਿਤੀ ਅਨੂਪ ਹੋ॥ ੩੬॥ ਸੁ ਤੇਜ ਮੈਂ ਹੁਤਾਸਨੋ ਸਮੁੰਦ੍ਰ ਮੈਂ ਗੰਭੀਰਤਾ। ਸੰਤੋਖ ਬਿੱਪ੍ਰ ਬ੍ਰਿੰਦ ਜੇ ਛੱਤ੍ਰੀਨ ਬੀਚ ਬੀਰਤਾ। ਮਝਾਰ ਬੇਸ਼ ਬਾਨਜੰ, ਸੁ ਸੇਵ ਸ਼ੂਦ੍ਰਵਾਨਯੰ। ਭਿਖਾਰਿ ਮਾਂਹਿ ਜਾਚਨਾ, ਦਤਾਰ ਮਾਂਹਿ ਦਾਨਯੰ॥ ੩੭॥ ਨਰੇਸ਼ ਮਹਿਂ ਨਰੇਸ਼ਤਾ ਸੁ ਰੰਕ ਮਾਂਹਿ ਰੰਕਤਾ। ਸਥਾਵਰੋ ਸਥਿਰਤਤਾ ਚਰੀ ਬਿਖੇ ਚਰੰਤਤਾ। ਕ੍ਰਿਪਾਲ ਮੈਂ ਦਯਾ ਸਰੂਪ ਕ੍ਰੂਰ ਮੈਂ ਸੁ ਕ੍ਰੂਰਤਾ। ਕਿ ਊਨ ਮਾਂਹਿ ਊਨਤਾ ਸਪੂਰਨੋ ਸਪੂਰਤਾ॥ ੩੮॥ ਸਮੂਹ ਮੈਂ ਸਮੂਹ ਰੂਪੰ ਬੀਜ ਬੀਚ ਬੀਜਤਾ। ਸਰੋਸ ਮਾਂਹਿ ਰੋਸਤਾ ਪ੍ਰਸੀਜ ਮੈਂ ਪ੍ਰਸੀਜਤਾ। ਤਪੀ ਬਿਖੇ ਤਪੰਤਤਾ ਪ੍ਰਕਾਸ਼ ਮੈਂ ਪ੍ਰਕਾਸ਼ਤਾ। ਜਿ ਤੱਤ ਗਜਾਤ ਮਾਨਵੀ ਸੁ ਤਾਂਹਿ ਐਸ ਭਾਸਤਾ॥ ੩੯॥ ਪ੍ਰਭੂ ਸਮਸਤ ਲੋਕ ਕੇ

ਸਮਸਤ ਕੇਰ ਕਾਰਣੰ। ਸਮਸਤ ਕੋ ਸੰਘਾਰਿ ਕੇ ਕਰੰਤਿ ਪ੍ਰੰਤਿਪਾਰਣੰ। ਸਮਸਤ ਕੇ ਸਿੰਘਾਰਕੰ ਸਮਾਨ ਕੋਇ ਔਰ ਨਾ। ਜਹਾਂ ਤਹਾਂ ਬਿਰਾਜਤੇ ਕਹੂੰਕ ਊਣ ਠੌਰ ਨਾ॥ ੪੦॥ ਸਮਸਤ ਬੀਚ ਤੂੰ ਬਸੇਂ ਸਮਸਤ ਮਾਂਹਿ ਤੋਹਿ ਹੈ। ਮਿਲੇ ਨਿਰਾਲਮਾ ਰਹੈਂ, ਅਲੇਪ ਹੈਂ, ਅਮੋਹ ਹੈਂ। ਅਨਾਦਿ ਤੂੰ, ਅਜਾਦਿ ਤੂੰ, ਸਕੇਵਲੰ, ਅਕਾਰਣੰ। ਅਸੰਗ ਹੋ, ਅਭੰਗ ਹੋ, ਅਨੰਗ ਦੋਖ ਹਾਰਣੰ॥ ੪੧ ॥ ਅਨੰਤ ਸ੍ਰੀ ਮਹੰਤ ਸਰਬ ਕੰਤ ਮੋਹ ਭੰਜਨੰ। ਅਧਾਰ ਲੋਕ ਚਉਦਹੂੰ ਅਪਾਰ ਰੂਪ ਰੰਜਨੰ। ਨਿਰੰਜਨੰ, ਅਗੰਜਨੰ ਅਸ੍ਰਿਜਨੰ ਸੁਜਾਨਿਯੰ। ਸਦੀਵ ਨੇਤਿ ਨੇਤਿ ਭੂਤ ਭੌ ਬਿਯੰ ਬਖਾਨਯੰ॥੪੨॥ ਗੁਰੂ ਸਰੂਪ ਧਾਰਿ ਸੱਤਿਨਾਮ ਕੋਪਦੇਸਿਯੰ। ਪਖੰਡ ਕੋ ਨਿਕੰਦਿ ਕੇ ਨ ਮਾਨ ਛੋਰਿ ਲੇਸਿਯੰ। ਗੁਬਿੰਦ, ਹੀਨ ਦੁੰਦ ਕੇ, ਮੁਕੰਦ ਸਰਬ ਬੰਦ ਜੂ। ਨਮਸਤਯੰ ਨਮਸਤਯੰ ਨਮਸਤਯੰ ਅਨੰਦ ਜੂ॥ ੪੩ ॥ ਛਪਯ॥ ਭਾਉ ਭਗਤਿ ਬਿਸਤਾਰਿ ਗੁਰੂ ਸਿੱਖੀ ਜਗ ਕੀਨੀ। ਪੂਰਬ ਸਾਧਨ ਮੁਕਤਿ ਕਰਤਿ ਔਰੈ ਬਿਧਿ ਚੀਨੀ। ਤਿਨ ਤੇ ਤੁਮਹਿ ਸੁਖੇਨ ਕੀਨ ਇਹੁ ਰੀਤਿ ਨਵੀਨੀ॥ ਗਾਡੀ ਰਾਹੁ ਚਲਾਇ ਨਰਨ ਕੋ ਸ਼ੁਭ ਮਤ ਦੀਨੀ। ਪ੍ਰਭੁ ਨਮਹਿ ਨਮਹਿ ਪੁਨ ਪੁਨ ਨਮਹਿ ਚਰਨ ਸ਼ਰਨ ਤਾਰਨ ਤਰਨ। ਦੁਖ ਦਰਨ, ਕਰਨ ਸੁਖ, ਹਰਨ ਅਘ, ਸ੍ਰੀ ਨਾਨਕ ਕਾਰਨ ਕਰਨ॥ ੪੪ ॥

[ਨਾ: ਪ੍ਰ: ਉ: ਧਿ: ੫੫

ਸ੍ਰੀ ਗੁਰੂ ਅਮਰ ਦੇਵ ਜੀ ਦੇ ਹਜ਼ੂਰ ਆਪ ਨੇ ਇਕ ਛੋਟਾ ਜਿਹਾ ਸਤੋਤ੍ਰ ਹਾਜ਼ਰ ਕੀਤਾ ਹੈ:—

ਤ੍ਰਿਭੰਗੀ ਛੰਦ॥ ਕਲਜੁਗ ਨਰ ਤਾਰਨ ਲਖਿ ਇਹ ਕਾਰਨ ਤਨ ਕੋ ਧਾਰਨ ਕੀਨ ਪ੍ਰਭੋ!
ਸਿਖਜਨਿ ਹਿਤਕਾਰੀ ਜਮ ਭੈ ਹਾਰੀ ਭਗਤਿ ਬਿਥਾਰੀ ਆਪ ਬਿਭੋ!
ਦਾਸਨ ਸੁਖਦਾਤਾ ਪੁਰਖ ਬਿਧਾਤਾ ਅਨ ਭੈ ਰਾਤਾ ਰੂਪ ਬਿਰੇ।
ਜੈ ਜੈ ਗੁਰੁ ਦੇਵਾ ਅਲਖ ਅਭੇਵਾ ਸੁਰ ਨਰ ਸੇਵਾ ਦੇਵ ਹਰੇ॥ ੨੬ ॥
ਕਲਿ ਕਲੁਖ ਨਿਕੰਦਨ ਜਗ ਗੁਰ ਬੰਦਨ ਤਾਰਹੁ ਮੰਦਨ ਕਰਿ ਕਰੁਨਾ।
ਸਭਿਹਿਨਿ ਕੇ ਸੁਾਮੀ ਅੰਤਰਜਾਮੀ ਨਿਤਿ ਨਿਸ਼ਕਾਮੀ ਦੁਖਦਰਨਾ।
ਉਰ ਇੱਛਾ ਪੂਰਨ ਸ਼ਤ੍ਰੂਨਿ ਚੂਰਨਿ ਦਾਸਨਿ ਤੂਰਨ ਦੇ ਸ਼ਰਨਾ।
ਜੈ ਜੈ ਗੁਰ ਅਮਰੇ, ਪਤਿ ਸਭਿ ਅਮਰੇ, ਸਦ ਅਜ ਅਮਰੇ ਹਮ ਪਰਨਾ॥੨੭॥

[ਰਾਸ ੧ ਅੰਸੂ ੨੯

ਪੁਨਾ:—ਭੁਜੰਗ ਛੰਦ—ਨਮੋਦੀਨ ਦਯਾਲੰ,ਨ ਆਦੰਨਅੰਤੰ।ਅਗਾਧੰ,ਅਬਾਧੰ,ਰਚੇਸਰਬ ਜੰਤੰ।
ਤੁਹੀ ਲੋਕ ਚੌਦਾ ਰਚੇ ਧਾਰਿ ਲੀਲਾ। ਪ੍ਰਵੇਸ਼ਜੇ ਸਬੈ ਮੈਂ,ਅਲੇਪੰ,ਸੁ ਮੀਲਾ॥੧੫॥
ਮਹਾਂ ਬੀਜ ਬੀਜੈ ਬਿਥਾਰੇ ਬਿਥਾਰਾ। ਤੁਹੀ ਏਕ ਮੂਲੇ ਜਗੀ ਸਾਖ ਸਾਰਾ।
ਉਪਾਵੈਂ ਤੁਹੀ, ਫੇਰ ਪਾਲੇਂ ਸੰਘਾਰੈਂ। ਸੰਕੋਚੈਂ ਸਬੈ ਦ੍ਰਿਸਜਮਾਨੰ ਪਸਾਰੈ॥ ੧੬ ॥
ਲਖੇ ਨਾਂਹਿ ਕੋਈ ਅਕਾਰਿ ਕਿਤੋ ਹੈ। ਤੁਹੀ ਆਪ ਜਾਨੈਂ ਗਤੀ ਮੇਂ ਜਿਤੋ ਹੈਂ।
ਰਚੇ ਪੰਚ ਭੂਤੰ ਰਿਖੀਕੋ ਜਿ ਸਾਰੀ। ਕਰੀ ਖਾਨ ਚਾਰੀ ਅਨੇਕੈ ਪ੍ਰਕਾਰੀ॥੧੭॥
ਕ੍ਰਿਪਾ ਧਾਰਿ ਜਾਂਕੋ ਕਰੋ ਦਾਨ ਨਾਮੰ। ਰਟੈ ਨੀਤਿ ਸੋਈ ਪਰੈ ਤੋਹਿ ਸਾਮੰ।
ਤਜੇ ਦੇਹਿ ਹੰਤਾ ਲਖੈ ਸੋ ਨਿਰਾਲਾ। ਲਗੇ ਮੀਠ ਭਾਣਾ ਰਹੰਤੇ ਸੁਖਾਲਾ॥ ੧੮॥
ਲਖੇ ਮੀਤ ਤੋਹੀ, ਸਰੈਂ ਕਾਜ ਸਾਰੇ। ਅਨੇਕਾਨ ਮੇਂ ਏਕ ਤੋਹੀ ਨਿਹਾਰੇ

ਤੁਹੀ ਦੀਨ ਬੰਧੂ ਦਯਾ ਸਿੰਧੁ ਸ੍ਵਾਮੀ। ਉਧਾਰੇਂ ਲਖੇਂ ਦਾਸ ਪ੍ਰੇਮੀ ਅਕਾਮੀ ॥੧੯॥
ਮਹਾਂਰਾਜ ਰਾਜਾ ਪ੍ਰਤਾਪੰ ਬਿਰਾਜੇ। ਤੁਹੀ ਸਰਬ ਕੇ ਸੀਸ ਪੈ ਏਕ ਛਾਜੇਂ।
ਘਨਾਨੰਦ ਗਜਾਨੰ ਮਨਿੰਦੇ ਨ ਕੋਈ। ਕਲੀ ਦੇਹਿ ਧਾਰਜੋ ਕਲਾ ਸਰਬ ਗੋਈ ॥੨੦॥
ਗੁਰੂ ਰੂਪ ਹੋਏ ਤ੍ਰਿਤੀ ਥਾਨ ਸੋਹੈਂ। ਅਸੰਖੇ ਉਧਾਰੇ ਬਨੇ ਦਾਸ ਜੋ ਹੈਂ।
ਨਈ ਰੀਤਿ ਸਿੱਖੀ ਬਿਥਾਰੀ ਉਦਾਰੀ। ਲਈ ਧਾਰਿ ਜਾਂਹੀ ਭਏ ਦੁੱਖਜ ਪਾਰੀ ॥੨੧॥
ਸਦਾ ਜੈ ਸਦਾ ਜੈ ਸਦਾ ਜੈ ਗੁਸਾਈਂ। ਮਯਾ ਕੀਨ ਮੋਪੈ ਸੁ ਲੀਨੋ ਬਚਾਈ।
ਗੁਬਿੰਦੇ, ਮੁਕੰਦੇ, ਅਨੰਦੇ, ਅਨੂਪੇ। ਨਮਸਤੰ ਨਮਸਤੰ ਸਮਸਤੰ ਸਰੂਪੇ॥ ੨੨॥

[ਰਾਸ ੧ ਅੰਸੂ ੫੩

ਇਸ ਤਰ੍ਹਾਂ ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਉਤ੍ਰਾਰਧ ਅਧਯਾਯ ੫੪ ਦੇ ਅੰਕ ੨੪ ਤੋਂ ੩੨ ਤੱਕ ਬ੍ਰਹਮਾ ਵਲੋਂ, ਫਿਰ ਉਤ੍ਰਾਰਧ ਅਧਯਾਯ ੫੧ ਅੰਕ ੩੪ ਤੋਂ ੪੨ ਵਿਚ ਸ਼੍ਰੀ ਪਾਵਨ ਲਹਿਣਾ ਜੀ ਵਲੋਂ ਤੇ ਅਧਯਾਯ ੫੭ ਅੰਕ ੪੮ ਤੋਂ ੫੬ ਵਿਚ ਬਾਬਾ ਬੁੱਢਾ ਜੀ ਵਲੋਂ ਸ਼੍ਰੀ ਗੁਰ ਨਾਨਕ ਦੇਵ ਜੀ ਦੇ ਹਜ਼ੂਰ ਬੜੇ ਵਚਿੱਤ੍ਰ ਅਸ਼ਟਕ ਸਤੋਤ੍ਰ ਕਵੀ ਜੀ ਨੇ ਦਿੱਤੇ ਹਨ। ਸ਼੍ਰੀ ਗੁਰ ਪ੍ਰਤਾਪ ਸੂਰਜ ਵਿਚ ਬੀ ਕਈ ਥਾਂ ਇਨ੍ਹਾਂ ਦੀ ਜੜਤਕਾਰੀ ਦ੍ਰਿਸ਼ਟੀ ਪੈਂਦੀ ਹੈ।

## ੧੦. ਸਮੱਸਯਾ ਪੂਰਤੀ।

ਕਵੀ ਹਰ ਸਮੇਂ ਕਵੀ ਸੰਮੇਲਨਾਂ ਵਿਚ ਯਾ ਉਂਞ ਆਪਣੇ ਆਪ ਯਾ ਫੁਰਮਾਇਸ਼ਾਂ ਪੈਣ ਪਰ ਸਮੱਸਯਾ ਪੂਰਤੀਆਂ ਕਰਦੇ ਆਏ ਹਨ। ਸ਼ਾਗਿਰਦਾਂ ਨੂੰ ਸਮੱਸਯਾ ਦੇਕੇ ਉਹਨਾਂ ਦੇ ਭਰੇ ਛੰਦਾਂ ਨੂੰ ਸੋਧਦੇ ਯਾ ਸੋਧਦਿਆਂ ਆਪ ਵੈਸੇ ਬਣਾਕੇ ਬੀ ਦਿਖਾਇਆ ਕਰਦੇ ਸਨ ਤੇ ਕਈ ਵੇਰ ਸਮੱਸਯਾ ਵਿਚ ਕਿਸੇ ਆਸ਼ੇ ਦੀ ਖ਼ਾਤਰ ਪਦ ਵਟਾ ਵੀ ਲਿਆ ਕਰਦੇ ਸਨ। ਸਮੱਸਯਾ ਦਾ ਭਾਵ ਇਹ ਹੈ ਕਿ ਇਕ ਤੁਕ ਕਿਸੇ ਕਵੀ ਦੀ ਰੱਖ ਦੇਈਦੀ ਹੈ ਤੇ ਉਸ ਦੇ ਵਜ਼ਨ ਪਰ ਅਰ ਉਸ ਕਿਸਮ ਦੇ ਖਿਆਲ ਦੀ ਲੈ ਵਿਚ ਦੂਸਰੇ ਕਵੀ ਛੰਦ ਰਚਦੇ ਹਨ। ਅਤੇ ਇਹ ਗਲ ਕਦੇ ਕਦਾਈਂ ਹੀ ਹੁੰਦੀ ਹੈ ਕਿ ਸਮੱਸਯਾ ਪੂਰਤੀ ਕਰਨੇ ਵਾਲਾ ਸਮੱਸਯਾ ਵਾਲੇ ਛੰਦ ਨਾਲੋਂ ਪ੍ਰਾਗੱਲਭ ਛੰਦ ਲਿਖ ਸਕੇ, ਪਰ ਕਵੀ ਸੰਤੋਖ ਸਿੰਘ ਜੀ ਦੇ ਜੀਵਨ ਵਿਚ ਐਸੇ ਵਾਕਿਆ ਹੋਏ ਹਨ।

ਭੂਖਣ ਨਾਮੇ ਇਕ ਕਵੀ ਔਰੰਗਜ਼ੇਬ ਦੇ ਸਮੇਂ ਹੋਏ ਹਨ। ਏਹ ਮਹਾਰਾਜਾ ਸੇਵਾ ਜੀ ਮਰਹਟੇ ਦੇ ਦਰਬਾਰੀ ਕਵੀ ਸਨ, ਜਿੱਥੋਂ ਇਨ੍ਹਾਂ ਨੂੰ ੫੨ ਲੱਖ ਰੁਪੱਯੇ ਮਿਲੇ ਦੱਸੀਦੇ ਹਨ। ਇਨ੍ਹਾਂ ਜੈਸਾ ਕਵਿਤਾਂ ਤੋਂ ਸੁਭਾਗ ਹੋਇਆ ਕਵੀ ਕੋਈ ਘੱਟ ਹੀ ਦਿੱਸੇਗਾ। ਇਨ੍ਹਾਂ ਦੇ ਰਚੇ ਇਕ ਛੰਦ ਦੀ ਇਕ ਸਮੱਸਯਾ ਪੂਰਤੀ ਦਾ ਅਵਸਰ ਕਵੀ ਜੀ ਨੂੰ ਬਣਿਆ। ਉਹ ਸਮੱਸਯਾ ਇਹ ਸੀ:—

ਤੇਜ ਤਮ ਅੰਸ ਪਰ, ਕਾਨ ਜਿਮ ਕੰਸ ਪਰ
ਤਜੋਂ ਮਲੇਛ ਬੰਸ ਪਰ ਸ਼ੇਰ ਸ਼ਿਵਰਾਜ ਹੈ*।

---

*ਸਮੱਸਯਾ ਦੇ ਅਖੀਰਲੇ ਪਦ ਕਵੀ ਜੀ ਨੇ ਬਦਲੇ ਹਨ, ਕਿਉਂਕਿ ਉਹਨਾਂ ਨੇ 'ਸ਼ਿਵਰਾਜ' ਅਖੀਰ ਨਹੀਂ ਬੰਨ੍ਹਣਾ ਸੀ, ਉਨ੍ਹਾਂ ਨੇ ਤਾਂ ਆਪਣੇ ਆਦਰਸ਼ ਦਾ ਨਾਮ, 'ਸ਼੍ਰੀ ਗੁਰੂ ਗੁਬਿੰਦ ਸਿੰਘ' ਐਥੇ ਲਿਆਉਣਾ ਸੀ।

ਕਵੀ ਜੀ ਨੇ ਇਸ ਸਮੱਸਜਾ ਪਰ ਇਹ ਛੰਦ ਰਚਿਆ:–

ਰਾਮ ਛੱਤ੍ਰ ਬੰਧ ਪਰਿ, ਰਾਮ ਦਸਕੰਧ ਪਰਿ, ਰਾਮ ਜਰਾਸੰਧ ਪਰਿ, ਤ੍ਰੈ ਜਯੋਂ ਨਰਸਿੰਘ ਹੈਂ।
ਰੁੱਦ੍ਰ ਜਿਮਿ ਮਾਰ ਪਰਿ, ਬੈਨਤੇਯ ਮਾਰ ਪਰਿ, ਪੌਨ ਦੀਪ ਮਾਰ ਪਰਿ, ਮਾਰ ਪਰ ਸਿੰਘ ਹੈ।
ਸੂਰ ਤਮ ਬ੍ਰਿੰਦ ਪਰਿ, ਸੂਰ ਰਨ ਦੁੰਦ ਪਰਿ, ਸੂਰ ਦਿਤੀ ਨੰਦ ਪਰਿ, ਦੂਜੇ ਨਰਸਿੰਘ ਹੈ।
ਕਾਲ ਸਰਬੰਸ ਪਰਿ,ਦਾਵਾ ਬਨਬੰਸ ਪਰਿ,ਤਯੋਂ ਮਲੇਛਬੰਸ ਪਰਿ,ਸ੍ਰੀ ਗੁਬਿੰਦਸਿੰਘ ਹੈਂ*॥੨੮॥
[ ਰੁ੩ ੫ ਅੰ: ੫੨

ਛੇਕੜਲੀ ਤੁਕ ਵਿਚ ਕਵੀ ਜੀ ਨੇ ਸਮੱਸਜਾ ਦੇ ਪਦ 'ਬੰਸ' ਦੇ ਵਜ਼ਨ ਕੈਸੇ ਮਿਲਾਏ ਹਨ, ਛੰਦ ਦੀ ਗੋਂਦ ਕੈਸੀ ਬੀੜਵੀਂ ਗਈ ਹੈ ਤੇ ਖਿਆਲ ਦੀ ਲੜੀ ਪ੍ਰੋਤਵੀਂ ਤੋਂ ਛੁੱਟ ਹਰ ਸਤਰ ਵਿਚ ਯਮਕ ਕੈਸੀ ਭਰੀ ਹੈ!

ਇਹ ਛੰਦ ਭੂਖਣ ਦੇ ਛੰਦ ਕੋਲੋਂ ਵਧੀਆ ਹੈ। ਇਸ ਖਿਆਲ ਤੋਂ ਕਿ ਪਾਠਕ ਆਪ ਦੇਖ ਸਕਣ ਕਿ ਕਵੀ ਜੀ ਸਮੱਸਜਾ ਪੂਰਨ ਕਰਕੇ ਸਮੱਸਜਾ ਕਰਤਾ ਤੋਂ ਵਧੇਰੇ ਪ੍ਰਬੀਨ ਹਨ ਅਸੀਂ ਹੇਠਾਂ ਭੂਖਣ ਜੀ ਦਾ ਸਾਰਾ ਛੰਦ ਦੇਂਦੇ ਹਾਂ:–

ਇੰਦ੍ਰ ਜਿਮਿ ਜੰਭ ਪਰ, ਬਾੜਵ ਸੁਅੰਭ ਪਰ, ਰਾਵਨ ਸਦੰਭ ਪਰ, ਰਘੁਕੁਲ ਰਾਜ ਹੈ।
ਪੌਨ ਬਾਰਿ ਬਾਹ ਪਰ, ਸੰਭੁ ਰਤਿਨਾਹ ਪਰ, ਜਯੋਂ ਸਹੰਸ ਬਾਹੁ ਪਰ ਰਾਮ ਦ੍ਵਿਜ ਰਾਜ ਹੈ।
ਦਾਵਾ ਦ੍ਰੁਮ ਦੰਡ ਪਰ, ਚੀਤਾ ਮ੍ਰਿਗ ਝੁੰਡ ਪਰ, ਭੂਖਨ ਵਿਤੁੰਡ ਪਰ ਜੈਸੇ ਮ੍ਰਿਗਰਾਜ ਹੈ।
ਤੇਜ ਤਮ ਅੰਸ ਪਰ,ਕਾਨ੍ਹੁ ਜਿਮਿ ਕੰਸ ਪਰ,ਤਯੋਂ ਮਲੇਛ ਵੰਸ ਪਰ ਸ਼ੇਰ ਸ਼ਿਵਰਾਜ ਹੈ।

ਫਿਰ ਕਵੀ ਜੀ ਨੇ ਇਸੇ ਚਾਲ ਦਾ ਇਕਹੋਰ ਛੰਦ ਰਚਿਆ ਉਸ ਵਿਚਸਮੱਸਜਾ ਦੇ ਮਗਰ ਨਹੀਂ ਗਏ ਪਰ ਤਰਜ਼ ਇਸੇ ਛੰਦ ਦੀ ਲਈ ਹੈ ਜਿਸ ਦੀ ਸੁੰਦਰਤਾ ਦੋਹਾਂ ਤੋਂ ਵੱਧ ਗਈ ਹੈ, ਉਹ ਛੰਦ ਇਹ ਹੈ:–

ਬਾਨ ਜਿਮ ਲੱਛ ਪਰ, ਬੀਰ ਭੱਦ੍ਰ ਦੱਛ ਪਰ, ਨਦੀ ਮੱਧ ਮੱਛ ਪਰ ਦਾਸ ਜਾਲ ਪਾਨ ਹੈ।
ਸ਼ੇਰ ਜਿਮ ਭੱਛ ਪਰ, ਬਾਜ ਜਿਮ ਪੱਛ ਪਰ, ਚੰਡਿ ਬਿੜਾਲੱਛ ਪਰ ਕੀਨ ਦੁਤਿਹਾਨ ਹੈ।
ਰਾਮ ਛਿਤਪਾਲ ਪਰ, ਰਾਮ ਸੁਰਸਾਲ ਪਰ, ਰਾਮ ਮਘਪਾਲ ਪਰ ਜੈਸੇ ਸਾਵਧਾਨ ਹੈ।
ਸ਼ੱਕ੍ਰ ਜਿਮ ਕੋਹ ਪਰ, ਚੱਕ੍ਰ ਹਰਿਦ੍ਰੋਹ ਪਰ, ਗੁਰੂ ਸਿਖ ਮੋਹ ਪਰ ਤੈਸੇ ਬਲਵਾਨ ਹੈ* ॥ ੧ ॥
[ ਨਾ: ਪ੍ਰ: ਪ੍ਰ: ਧਿ: ੮

ਇਸੇ ਤਰਜ਼ ਪਰ ਕਵੀ ਜੀ ਦੇ ਵੱਡੇ ਪੁੱਤ੍ਰ ਅਜੈ ਸਿੰਘ ਜੀ ਨੇ ਬੀ ਜ਼ੋਰ ਅਜ਼ਮਾਈ ਕੀਤੀ ਹੈ, ਦੇਖੋ ਪਿਛੇ ਇਸੇ ਪੋਥੀ ਦਾ ਸਫ਼ਾ ੧੭੪।

ਫਿਰ ਆਪ ਜੀ ਨੇ ਭਾਈ ਗੁਰਦਾਸ ਜੀ ਦੀ ਸਮੱਸਜਾ ਲੈਕੇ ਬੀ ਸਮੱਸਜਾ ਪੂਰਤੀ ਕੀਤੀ ਹੈ, ਯਥਾ:–"ਜ਼ਾਹਰ ਪੀਰ ਜਗਤ ਗੁਰ ਬਾਬਾ।" [ ਵਾ: ੨੪ ਪੌ: ੬–੪

ਸੇਤ ਰਚਯੋ ਜਗ ਸਾਗਰ ਕੋ ਸਭਿ ਖੰਡ ਪਖੰਡਨ ਸ਼ੋਰ ਸ਼ਰਾਬਾ।
ਕੀਰਤਿ ਗਾਇ ਸੁਨੈ ਪ੍ਰਭੁ ਕੀ ਤਨ ਹੈ ਤਜਿਯੇ ਲਖਿ ਰੰਗ ਸ਼ਹਾਬਾ।

---

*ਏਹ ਦੋਵੇਂ ਛੰਦ ਅਤੇ ਇਸੇ ਪੋਥੀ ਦੇ ਸਫ਼ਾ ੧੯੭ ਉਪਰ ਦਾ 'ਦਯੋਤ ਕਰ ਚੰਡ ਮਹਿ' ਵਾਲਾ ਕਬਿਤ ( ਜੋ ਨਾ: ਪ੍ਰ: ਪ੍ਰ: ਧਿਆ ੭ ਵਿਚੋਂ ਹੈ), ਤ੍ਰੈਏ ਬੂੜੀਆ ਨਿਵਾਸ ਦੇ ਦਿਨਾਂ ਵਿਚ ਰਚੇ ਗਏ ਸੇ।

ਰੰਕ ਧਨੀ ਦੁਖ ਪਾਰ ਪਰੈ ਅਵਿਲੋਕਤਿ ਹੀ ਨਿਜ ਰੂਪ ਅਜਾਬਾ।
ਦੇਵਨ ਦੇਵ ਸਦਾ ਪਦ ਸੇਵਹੁ ਜ਼ਾਹਰ ਪੀਰ ਗੁਰੂ ਜਗ ਬਾਬਾ ॥ ੨ ॥

ਉਪ੍ਰੋਕਤ ਸਮੱਸਜਾ ਦਾ ਹੀ ਤੁਕਾਂਤ ਬਦਲ ਕੇ ਆਪ ਨੇ ਇਕ ਹੋਰ ਛੰਦ ਰਚਿਆ ਹੈ:—

ਮਤਿਮੰਦ ਭਏ ਕਲ ਮੈਂ ਨਰ ਰੰਕ ਦਯੋ ਹਰਿ ਨਾਮ ਤਿਨ੍ਹੈਂ ਮਨ ਮਾਣਕ।
ਤਨ ਮਾਨ ਤਜੇ ਸਿਮਰੇ ਜਿ ਸਦਾ ਪ੍ਰਗਟੇ ਘਟ ਅੰਤਰ ਗਜਾਨ ਅਚਾਨਕ।
ਲਖਿ ਕੂਰ ਪਦਾਰਥ ਕੇ ਤਜਿ ਸ੍ਵਾਰਥ ਭੇ ਪਰਮਾਤ੍ਥ ਮੈਂ ਦੁਖ ਹਾਨਕ।
ਗੁਨ ਬ੍ਰਿੰਦ ਗਹੀਰ ਸਰੀਰ ਧਰਯੋ ਬਰ ਜ਼ਾਹਰ ਪੀਰ ਗੁਰੂ ਜਗ ਨਾਨਕ ॥ ੩ ॥

[ਨਾ: ਪ੍ਰ: ਉ: ਧਿ: ੧

## ੧੧. ਆਮ ਵਾਕਫ਼ੀਅਤਿ।

ਕਵੀ ਜੀ ਦੀ ਆਮ ਵਾਕਫੀ ਬੀ ਕਦਰ ਯੋਗ ਹੈ। ਸ਼ਸਤ੍ਰਾਂ ਬਾਬਤ, ਜੁੱਧ ਬਾਬਤ, ਘੋੜਿਆਂ ਸੰਬੰਧੀ, ਰਾਜ ਗ੍ਰਹਿ, ਨੀਤੀ, ਹਰ ਵਿਸ਼ੇ ਵਲ, ਹਰ ਪਹਿਲੂ ਪਰ ਪੂਰੀ ਜਾਣ ਪਛਾਣ ਰੱਖਦੇ ਹਨ। ਪੇਸ਼ਿਆਂ, ਕਮਾਮਾਂ ਵਿਚ ਬੀ ਸਭ ਗੱਲਾਂ ਦਾ ਪਤਾ ਹੈ। ਇਕ ਹਾਸੇ ਦੀ ਗਲ ਹੈ ਕਿ ਹਰ ਇਕ ਆਦਮੀ ਨੂੰ ਪਤਾ ਨਹੀਂ ਹੈ ਕਿ ਸਾਬੂਣਗਰ ਸਾਬਣ ਬਣਾਕੇ ਉਸ ਦੇ ਗਾਚੇ ਕਾਹਦੇ ਨਾਲ ਕੱਟਦਾ ਹੈ, ਸਾਬੂਣਗਰ ਹੀ ਜਾਣਦੇ ਹਨ। ਪਰ ਕਵੀ ਜੀ ਨੂੰ ਪਤਾ ਹੈ ਕਿ ਸਾਬਣ ਤਾਰ ਨਾਲ ਕੱਟੀਦਾ ਹੈ ਤੇ ਦ੍ਰਿਸ਼ਟਾਂਤ ਵਜੋਂ ਜਦ ਵਰਤਣਗੇ ਤਾਂ ਕਦੇ ਗ਼ਲਤੀ ਨਾਲ ਨਾਂ ਕਹਿ ਜਾਣਗੇ ਕਿ ਸਾਬੂਣਗਰ ਦੇ ਛੁਰੀ ਨਾਲ ਸਾਬੁਣ ਕੱਟਣ ਵਾਂਙੂੰ। ਇਸੇ ਤਰ੍ਹਾਂ ਪਰ ਕਵੀ ਜੀ ਦੀ ਹਰ ਗਲ ਵਿਚ, ਚਾਹੇ ਵਡੀ ਹੈ ਚਾਹੇ ਨਿੱਕੀ, ਜਿਸ ਨੂੰ ਕਿਸੇ ਤਰ੍ਹਾਂ ਆਪ ਨੇ ਛੁਹਿਆ ਹੈ, ਪੂਰਨ ਵਾਕਫੀ ਦੀ ਝਲਕ ਦਿੱਸ ਪੈਂਦੀ ਹੈ। ਹੇਠਾਂ ਕੁਛ ਨਮੂਨੇ ਦਿਖਾਲਦੇ ਹਾਂ:—

### ੳ. ਜੁੱਧ ਵਿਦਜਾ—

ਦੋਹਰਾ—ਉਤਮ ਮੱਧਮ ਅਧਮ ਹੈਂ ਜੋਧਾ ਤੀਨ ਪ੍ਰਕਾਰ।
ਅੰਭਜਾਸੈਂ ਸ਼ਸਤ੍ਰਨ ਹਤਨ ਨਿਤ ਪ੍ਰਤਿ ਬਾਰੰਬਾਰ ॥ ੨੬ ॥

ਟਿਕੇ ਜੰਗ ਲਰਤਾ ਰਹੈ ਬਾਮ ਦਾਹਨੇ ਹੋਇ। ਸਨਮੁਖ ਹਤੇ ਕਿ ਹੇਲ ਮੈਂ ਸ਼ਤ੍ਰੂ ਬਿਨਾਸੇ ਜੋਇ॥੨੭॥ਟਿਕੇ ਜੰਗ ਮਹਿਂ ਅੱਗ੍ਰ ਵਧਿ ਮਾਰਹਿ ਰਿਪੁ ਕੋ ਧਾਇ। ਮੱਧਮ ਜੋਧਾ ਜਾਨੀਏ ਪਰ ਦਲ ਦਏ ਚਲਾਇ ॥੨੮॥ ਭਾਜਜੋ ਪਰ ਦਲ ਦੇਖਿਕੈ ਦੇ ਧ੍ਰਿਤ ਸਭਿਨਿ ਹਟਾਇ। ਫਿਰੇ ਆਪ ਰਿਪੁ ਸਮੁਖ ਹਤਿ ਉੱਤਮ ਲਖਹੁ ਸੁਭਾਇ ॥ ੨੯ ॥ ਦਲ ਪਲਾਇ ਧਰਿ ਤ੍ਰਾਸ ਕੋ ਟਿਕਹਿ ਨ ਪਾਇ ਜਮਾਇ। ਦੁਸ਼ਤਰ ਤਿਨਹੁ ਬਹੋਰਨਾ ਜਿਮ ਜਲ ਹੜ ਕੋ ਜਾਇ ॥੩੦॥ ਮ੍ਰਿਗ ਗਨ ਥੰਭੈ ਨ ਭਾਜਤੇ ਤਿਮ ਪਲਾਇਬੋ ਜੰਗ। ਤਬਿ ਧੀਰਜ ਧਰਿ ਰੁਇ ਖਰੋ ਜਿਮ ਰਣ ਥੰਭ ਨਿਸੰਗ ॥ ੩੧ ॥ ਕਰਹਿ ਵਾਰ ਤਬਿ ਆਪਨੇ ਰਿਪੁ ਤੇ ਸਹਿਕੇ ਅੰਗ। ਖਰੇ ਕਰੈ ਭਟ ਮੰਗ ਕੇ ਰੋਕਹਿ ਸ਼ੱਤ੍ਰਨਿ ਜੰਗ ॥ ੩੨ ॥ ਭੁਏ ਪਲਾਇਨ ਬੀਰ ਜੇ ਜੋ ਰੋਕਹਿ ਧਰਿ ਧੀਰ। ਫਲ ਪ੍ਰਾਪਤਿ ਅਸੁਮੇਧ ਕੋ ਉੱਤਮ ਸੂਰ ਅਭੀਰ* ॥

*ਇਹ ਖਿਆਲ ਮਾਤ੍ਰ ਨਹੀਂ ਲਿਖ ਰਹੇ। ਸਿੰਘਾਂ ਸੂਰਮਿਆਂ ਦਾ ਇਹ ਗੁਣ ਅਮਲੀ ਸੀ। ਇਸੇ ਮਰਦਾਨਗੀ ਕਰਕੇ ਅਬਦਾਲੀ ਵਰਗਾ ਜੋਧਾ ਭੱਜ ਗਏ ਸਿੱਖਾਂ ਦਾ ਬੀ ਪਿੱਛਾ ਕਰਨੋਂ ਡਰਦਾ ਹੁੰਦਾ ਸੀ।

੩੩ ॥ ਸੁਭਟਨ ਤੇ ਪਰਵਾਰਿਓ ਮਾਰਹਿ ਸਹਹਿ ਪ੍ਰਹਾਰ । ਪਹੁੰਚੇ ਅਛੈ ਸੁ ਲੋਕ ਮਹਿਂ ਤਨ ਕਲੰਕ ਸਭਿ ਡਾਰਿ ॥੩੪॥ ਕਹੈ ਕਲੀਵ ਨ ਬਾਕ ਕੋ ਬਜਾਕੁਲ ਹੋਇ ਨ ਜੋਇ । ਅਸਤ੍ਰ ਸ਼ਸਤ੍ਰ ਕੋ ਨਹਿਂ ਗਨਹਿ ਮਾਰਨ ਮਹਿਂ ਰਿਸ ਹੋਇ ॥ ੩੫ ॥ ਮਰਨ ਬਿਖੇ ਨਿਸ਼ਚੈ ਜਿਸੈ ਰਣਪ੍ਰਿਯ ਧੀਰ ਸਮੇਤ । ਪਜਾਰੇ ਕਰੇ ਨ ਪ੍ਰਾਨ ਕੋ ਲਰੇ ਧਰਮ ਕੇ ਹੇਤ ॥ ੩੬ ॥ ਚਮੂੰ ਵਜੂਹ ਕੇ ਅੱਗ੍ਰ ਮੈਂ ਠਹਿਰਾਵੈ ਬਰ ਬੀਰ । ਹੁਇ ਜੋਧਾ ਇਕ ਜੋਰ ਕੇ ਬਿਚ ਤੇ ਭਜੇ ਨ ਭੀਰੁ ॥ ੩੭ ॥ ਮੁਖ ਲੱਛਣ ਇਹ ਜੀਤ ਕੇ ਹਿਯੇ ਹਰਖ ਭਟ ਹੋਇ । ਹਣੈ ਸ਼ੱਤ੍ਰ ਕੋ ਜੰਗ ਮਹਿਂ ਯਹੈ ਚਹੈ ਸਭਿ ਕੋਇ ॥ ੩੮ ॥ ਬਾਯੁ ਪ੍ਰਿਸ਼ਟ ਰਵਿ ਪ੍ਰਿਸ਼ਟਿ ਪਰ ਘੰਨ ਬੀ ਹੁਇ ਪਸ਼ਚਾਤ । ਪੀਛੇ ਬੋਲ ਬਿਹੰਗ ਹੁਇ ਲਖੇ ਜੀਤ ਕੀ ਬਾਤ ॥ ੩੯ ॥ ਬਯ ਬਾਕੀ ਜਾਵਦ ਅਹੈ ਮਰੇ ਨਹੀਂ ਕਿਸ ਥਾਇ । ਪੂਰਿ ਆਰਬਲ ਹੋਨ ਤੇ ਬਚੇ ਨ ਕੋਟ ਉਪਾਇ ॥ ੪੦ ॥ ਇਮ ਲਖਿਕੈ ਧੀਰਜ ਧਰੇ ਪਰ ਦਲ਼ ਕਰੇ ਬਿਨਾਸ਼ । ਜੀਤੇ ਧਨ ਜਸ ਪ੍ਰਾਪਤੀ, ਮਰੇ ਸੁਰਗ ਮਹਿ ਬਾਸ ॥ ੪੧ ॥ ਸ਼ਸਤ੍ਰਨਿ ਮਹਿ ਕਰਿ ਪ੍ਰੇਮ ਕੋ ਨਿਤ ਲੈ ਸਾਰ ਸੰਭਾਲ । ਨਿਰਮਲ ਕਰਿ ਧਰਿ ਕਰ ਵਿਖੇ ਅਰਪਹਿ ਪੁਸ਼ਪਨ ਮਾਲ ॥ ੪੨ ॥ ਧੂਪ ਧੁਖਾਇ ਚੰਦਨ ਚਰਚ ਸੌਰਭ ਅਰਪਿ ਚਢਾਇ । ਧਾਰੈ ਆਦਰ ਸਹਿਤ ਭਟ ਰਾਖੇ ਅੰਗ ਲਗਾਇ ॥ ੪੩ ॥ ਪ੍ਰਥਮ ਟਿਕਾਵੇ ਹਾਥ ਨਿਜ ਅਨਿਕ ਗੁਲੇਲੇ ਮਾਰਿ । ਪੁਨ ਧਨੁ ਖੈਂਚਨ ਕੇ ਬਿਖੇ ਨਿਤ ਹੀ ਜਤਨ ਸੰਭਾਰਿ ॥ ੪੪ ॥ ਹਾਥ ਸਿਕੰਧੇ ਸਮ ਕਰੈ ਨਿਸ਼ਚਲ ਨੈਨ ਸਮੇਤ । ਦ੍ਰਿਸ਼ਟਿ ਮੁਸ਼ਟ ਤੇ ਲੱਛ ਕੋ ਛਾਦਹਿ ਇਕਤਾ ਲੇਤਿ ॥ ੪੫ ॥ ਦ੍ਰਿਸ਼ਟ ਮੁਸ਼ਟ ਮਨ ਲੱਛ ਜਬਿ ਇਕ ਸੰਗਤ ਕੋ ਪਾਇੰ । ਨਹਿਂ ਚੂਕਹਿ ਸੋ ਹਤਨ ਤੇ ਇਮ ਅੱਭਯਾਸ ਕਮਾਇ ॥ ੪੬ ॥ ਬਾਮ ਮੁਸ਼ਟ ਧਨ ਪਰ ਟਿਕੀ ਤਥਾ ਤੁਪਕ ਕੇ ਸਾਥ । ਬਲ ਪਰ ਨਿਹਚਲ ਹੋਤਿ ਹੈ ਨਹਿਂ ਡੋਲਹਿ ਪੁਨ ਹਾਥ ॥ ੪੭ ॥ ਦੀਦਮਾਨ, ਮਨ, ਦ੍ਰਿਸ਼ਟ, ਲਛ, ਮੱਖੀ ਜੁਤਿ ਸਭਿ ਕੋਇ । ਪੰਚਹੁੰ ਜੇ ਇਕ ਸੂਤ ਹ੍ਵੈਂ ਹਤਯੋ ਬਚੈ ਨਹਿਂ ਕੋਇ ॥ ੪੮ ॥ ਨਿਤ ਅੱਭਯਾਸਹਿ ਕਰ ਟਿਕਹਿ ਮਿਲਯੋ ਰਹੈ ਤਿਨ ਸੰਗ । ਸੋ ਆਯੁਧ ਭਟ ਹਾਥਕੇ ਕਯੋਂ ਨ ਕਾਜ ਦੇ ਜੰਗ ॥ ੪੯ ॥ ਸਿਰ ਤਰ ਰਖਹਿ ਨ ਸ਼ਸਤ੍ਰ ਕੋ ਅਦਬ ਸਹਤ ਧਰਿ ਪਾਸ । ਅੰਗ ਸੰਗ ਲਾਯਹੁ ਰਹੈ ਕਰਹਿ ਨ ਰਿਪੁ ਵਿਸ਼ਵਾਸ਼ ॥ ੫੦ ॥ [ ਰੁ: ੫ ਅੰਸੂ ੪੦

## ਅ. ਰਾਜ ਨੀਤੀ—

੧. ਏਕ ਗ੍ਰਾਮ ਹਿਤ ਦੇਸ਼ ਦੁਖਾਵੇ । ਤਉ ਤਿਹ ਤਯਾਗਨਿ ਹੀ ਬਨਿਆਵੇ ।
ਇਕ ਕੁਲ ਹੇਤ ਗ੍ਰਾਮ ਦੁਖ ਪਾਇ । ਤਉ ਤਿਸ ਕੁਲ ਕੋ ਤਯਾਗ ਕਰਾਇ ॥੫ ॥
ਇਕ ਕੇ ਤਯਾਗੇ ਕੁਲ ਬਚ ਰਹੈ । ਕਰਹਿ ਤਜਨ ਯੌਂ ਬੁਧਿ ਜਨ ਕਹੈਂ ।
[ਰਾਸ ੧ ਅੰਸੂ ੨੨

੨. ਬਸਹਿ ਨੰਮ੍ਰਤਾ ਦੰਡ ਕਰਾਲਾ ।
ਜਿਮ ਦਧਿ ਮਥੀਯਤਿ ਇਤ ਉਤ ਬਲ ਤੇ । ਤਬਿ ਸੁੰਦਰ ਨਵਨੀਤ ਨਿਕਲਤੇ ॥ ੨੮ ॥
ਜਿਮ ਬਲ ਤੇ ਤਰੁ ਲਾਠ ਦਬਾਵਹਿ । ਕੋਲ੍ਹੂ ਊਖ ਸੁਰਸ ਨਿਕਸਾਵਹਿ ।

ਤਥਾ ਜਗਤ ਕੀ ਰੀਤਿ ਸੁ ਲਾਗੇ। ਪਿਖਹਿਂ ਦੰਡ ਕਰ ਨੰਮ੍ਰਹਿਂ ਆਗੇ ॥ ੨੯ ॥
[ਰਾਸ ੬ ਅੰਸੂ ੨੯

੩. ਖਰਚ ਬਿਸਾਲ ਲਾਭ ਲਘੁ ਜਿਹ ਥਲ ਸੋ ਕਾਰਜ ਬੁਧਿ ਕਰਿਤੇ ਨਾਂਹਿ।
[ਰਾਸ ੭ ਅੰਸੂ ੫੬-੨

੪. ਭੀਰ ਪਰੈ ਹੱਖਜਕ ਬਨੈ ਭ੍ਰਾਤਾ ਸੁਤ ਕੇ ਮੀਤ। ਤ੍ਰਿਮ ਦਾਤਾ ਦੁਰਭਿੱਛ ਮੈਂ ਤੀਨਹੁੰ ਲੈਂ ਜਸ ਨੀਤ ॥ ੩੧ ॥ ਭ੍ਰਾਤਨ ਪਰ ਉਪਕਾਰ ਜੋ ਜਿਮ ਧਨ ਸਿੰਚਯੋ ਹੋਤਿ। ਪਰੈ ਭੀਰ ਦਾਰਿਦ ਜਬੈ ਸਭਿ ਸੰਕਟ ਕੋ ਖੋਤਿ ॥ ੩੨ ॥
[ਰਾਸ ੮ ਅੰਸੂ ੧੧

੫. ਦਾਵ ਘਾਵ ਜੇ ਜਾਨਹਿਂ ਨਾਂਹੀ। ਤਿਨ ਕੀ ਫਤਹ ਨ ਹ੍ਵੈ ਰਣ ਮਾਂਹੀ।
ਰਿਪੁ ਕੋ ਬਲ ਦਲ ਦੁਰਗ ਸਕੋਸ਼। ਸਖਾ ਸਹਾਇਕ ਜਾਂਹਿ ਭਰੋਸ ॥ ੩੭ ॥
ਲਖਿਬੇ ਉਚਿਤ ਅਹੈਂ ਇਹ ਸਾਰੇ। ਬਹੁਰ ਆਪਨੇ ਹੇਰਿ ਬਿਚਾਰੇ।
ਅਧਿਕ ਸ਼ੱਤ੍ਰ ਮਹਿਂ ਜਾਨਹਿ ਜੋਇ। ਤਿਹ ਕੋ ਜਤਨ ਕਰਹਿ ਬੁਧਿ ਸੋਇ ॥ ੩੮ ॥
[ਰ ਸ ੮ ਅੰਸੂ ੧੬

੬. ਸੁਨਿ ਗੁਰ ਉਚਰਯੋ 'ਜਬਿ ਜੁਗ ਫੂਟੈਂ। ਤਿਸਕੋ ਸ਼ੱਤ੍ਰ ਤੁਰਤ ਹੀ ਕੂਟੈਂ।
ਘਰ ਲਗ ਜਾਨਿ ਨ ਦੇਹਿਂ ਸੁਜਾਨ। ਪਹੁੰਚੈਂ ਤੁਰਤ ਕਰੱਹਿਂ ਤਿਸ ਹਾਨਿ'।
[ਰਾਸ ੮ ਅੰਸੂ ੧੭

੭. ਦੇਸ਼, ਦੁਰਗ, ਦਲ, ਦਰਬ ਰੁ ਦਾਨ। ਪੰਚ ਦਕਾਰੀ ਭੂਪ ਪ੍ਰਧਾਨ ॥ ੨੪ ॥
[ਰਾਸ ੯ ਅੰਸੂ ੨੫

੮. ਸ਼ਸਤ੍ਰ ਘਾਵ ਮਿਲਿਕੇ ਮਿਟਿ ਜਾਹਿ। ਬਚਨ ਘਾਵ ਕਰਕਤਿ ਉਰ ਮਾਂਹਿ।
[ਰਾਸ ੧੦ ਅੰਸੂ ੧੦ ਅੰਕ ੩੪

੯. ਜੇ ਅਖੇਰ ਮ੍ਰਿਗ ਕੇ ਹੁਇ ਤਜਾਰੇ। ਕਰਹਿ ਸਮਾਜ ਸ਼ੇਰ ਕੋ ਭਾਰੇ।
ਸੋ ਬੁਧਿਵਾਨ ਗਿਨਯੋ ਨਰ ਜਾਇ। ਨਿਜ ਐਸ੍ਵਰਜ ਕੋ ਲੇਹਿ ਬਧਾਇ ॥ ੨੪ ॥
[ਰਾ: ੧੧ ਅੰਸੂ ੧੧

੧੦. ਜਿਸ ਮਹਿਂ ਸੰਸਾ ਸਦਾ ਨਿਹਰੀਏ। ਬਿਨਾਂ ਬਿਚਾਰੇ ਤਿਸੀ ਪ੍ਰਹਰੀਏ ॥ ੪੮ ॥
ਨਾਂਹਿ ਤ ਪਸਚਾਤਾਪ ਕਰੈਤਾ। ਘਾਤ ਪਾਇ ਕਰਿ ਦਾਵ ਚੁਕੈਤਾ।
[ਰਾਸ ੧੧ ਅੰਸੂ ੧੧

੧੧. ਜਹਾਂ ਏਕ ਤੇ ਕਾਰਜ ਹੋਇ। ਬਹੁ ਕੋ ਕਸ਼ਟ ਨ ਦੇ ਹੈ ਕੋਇ।
[ਰਾਸ ੧੨ ਅੰਸੂ ੨੯ ਅੰਕ ੩੫

੧੨. ਤਊ ਨੀਤਿ ਮਹਿਂ ਐਸੀ ਬਾਤ। ਸੁਜਾਨੇ ਪੁਰਖ ਭਨਹਿ ਅਵਿਦਾਤ।
ਨਿਕਟ ਭੂਪ ਕੇ ਭੂਪਤਿ ਜੋਈ। ਮਿਲਯੋ ਦੇਸ਼ ਰੱਯਤ ਜੁਤਿ ਹੋਈ ॥ ੨੪ ॥
ਸੋ ਆਪਸ ਮਹਿਂ ਸ਼ੱਤ੍ਰ ਬਨੈਂ। ਕਬਹੂੰ ਲਰਨਿ ਹੋਇ ਰਿਸ ਸਨੇ।
ਤਿਸ ਰਿਪੁ ਤੇ ਜੁ ਪਰੈ ਮਹਿਪਾਲਾ। ਸੋ ਕਰੀਅਹਿ ਹੈ ਮਿੱਤ੍ਰ ਬਿਸਾਲਾ ॥ ੨੫ ॥
ਤਿਸ ਤੇ ਪਰੇ ਤੀਸਰੋ ਜੋਇ। ਉਦਾਸੀਨ ਰਹਿ, ਭਾਖਹਿਂ ਸੋਇ।
[ਰੁਤ ੧ ਅੰਸੂ ੨੫

੧੩. ਰਾਜਨੀਤਿ ਜਾਨਹਿਂ ਜੇ ਸੁਜਾਨੇ। ਜਤਨ ਕਰਨਿ ਸਭਿ ਬਿਧਿਨਿ ਬਖਾਨੇ।
ਕਯੋਂ ਹੂੰ ਬਾਂਛਾ ਪੂਰਵਹਿ ਨਾਂਹੀ। ਸ਼ਾਮ ਰੁ ਦਾਮ ਭੇਦ ਕੇ ਮਾਂਹੀ ॥ ੧੯ ॥

ਕਰਨੋਂ ਬਨਹਿ ਦੰਡ ਪੁਨ ਆਛੇ। ਬਲ ਦਲ ਨਿਜ ਪਰ ਲਖਿ ਕਰਿ ਆਛੇ।
ਜਥਾ ਕਰਮ ਇਨ ਕਰਹਿ ਬਨਾਈ। ਪ੍ਰਥਮ ਸਾਮ ਮਿਲਿਬੋ ਬਨਿਆਈ ॥੨੦॥
ਜਿਸ ਤੇ ਕਾਜ ਸੁਧਾਰਹਿ ਨਾਨਾ। ਸੋ ਕਹੀਅਤਿ ਅਤਿਸ਼ੈ ਮਤਿਵਾਨਾ।
ਜੇ ਇਸਤੇ ਨਹਿ ਬਾਂਛਾ ਪੂਰੇ। ਦਾਮ ਦੇਨਿ ਕੋ ਸ਼ੁਭ ਮਤਿ ਧਰੇ ॥ ੨੧ ॥
ਪਰ ਕੇ ਉਰ ਲਾਲਚ ਉਪਜਾਇ। ਅਪਨੇ ਕਾਰਜ ਲਏ ਬਨਾਇ।
ਸੋ ਪੂਰਬ ਤੇ ਲਘੁ ਮਤਿ ਅਹਿਈ। ਰਾਜ ਨੀਤਿ ਗਜਾਤਾ ਇਮ ਕਹਿਈਂ ॥੨੨॥
ਇਨ ਦੋਇਨ ਤੇ ਕਾਜ ਨ ਬਨੇ। ਤ੍ਰਿਤਿਯ ਭੇਦ ਕਰਿਬੋ ਪੁਨ ਭਨੇ।
ਪਰ ਕੇ ਭਟ ਕੇ ਸਚਿਵ ਸਯਾਨੇ। ਕਿਧੋਂ ਮੁਸਾਹਿਬ ਸਖਾ ਪਛਾਨੇ ॥ ੨੩ ॥
ਇਤਯਾਦਿਕ ਪਰ ਕੇ ਅਪਨਾਇ। ਦਰਬ ਕਿ ਆਦਰ ਆਦਿਕ ਗਾਇ।
ਇਸਤੇ ਅਪਨੋ ਕਾਰਜ ਕਰੈ। ਜੋ ਮਹਿਪਾਲਕ ਸ਼ੁਭ ਮਤਿ ਧਰੈ ॥ ੨੪ ॥
ਜੇ ਤੀਨਹੁੰ ਤੈ ਪੁਰਹਿ ਨ ਲਾਲਸ। ਬਹੁਰ ਨ ਕਰੈ ਲਰਨ ਕੋ ਆਲਸ।
ਚਾਰਹੁੰ ਮਹਿਂ ਜੇ ਪੁਰਖ ਸਿਆਨੇ। ਕੂਰ ਕਪਟ ਕੋ ਨਿਪਟ ਸੁ ਠਾਨੇਂ ॥ ੨੫ ॥
ਇਨ ਤੇ ਹੀ ਕਾਰਜ ਸ਼ੁਭ ਬਨਿ ਹੀ। ਪਰ ਕੇ ਸਾਥ ਰਹੇ ਛਲ ਸਨ ਹੀ।
[ਰੁਤ ੧ ਅੰਸੂ ੪੦]

੧੪. ਸਦਾ ਸਮੀਪ ਬਾਸ ਜਿਸ ਕੇਰਾ। ਕਰੈ ਪ੍ਰੇਮ ਕੈ ਦ੍ਵੈਸ਼ ਬਡੇਰਾ ॥ ੨੦ ॥
ਤਿਸ ਤੇ ਹ੍ਵੈ ਸੁਖ ਕੈ ਦੁਖ ਨੀਤ। ਹਰਖ ਸ਼ੋਕ ਕੇ ਰਹਿ ਬਸਿ ਚੀਤ।
[ਰੁਤ ੧ ਅਸੂ ੩੨]

੧੫. ਨਿਸਾਨੀ ਛੰਦ—ਦ੍ਵੈ ਨ੍ਰਿਪ ਹੁਇਂ ਇਕ ਦੇਸ਼ ਮਹਿਂ ਕਿਉਂ ਮਚਹਿ ਨ ਰੌਰਾ।
ਪਰੈ ਅੰਧੇਰਾ ਜਗਤ ਮਹਿਂ ਰਵਿ ਸਸਿ ਇਕ ਠੌਰਾ।
ਕਾਨਨ ਮਹਿਂ ਇਕ ਕੇਹਰੀ ਸੁਨਿ ਕਾਨਨ ਨਾਦਾ।
ਕਰਹਿ ਨਿਕਾਸਨ ਦੂਸਰੋ ਸਹਿ ਸਕੇ ਨ ਬਾਦਾ ॥ ੮ ॥
ਦ੍ਵੈ ਪਤਿ ਹੋਇ ਨ ਭਾਰਜਾ ਤਿਮ ਅਵਨੀ ਰਾਜਾ।
ਜੇ ਮਿਲਿ ਜਾਹਿਂ ਕਦਾਚਿਤੀ ਬਿਗਰਹਿ ਸਭਿ ਕਾਜਾ।
[ਰੁਤ ੧ ਅੰਸੂ ੧੯]

੧੬. ਰਾਜ ਨੀਤਿ ਕੇ ਚਤੁਰ ਉਪਾਇ। ਸਕਲ ਬਿਚਾਰਹੁ ਚਿਤ ਕੋ ਲਾਇ ॥ ੪ ॥'''
ਸ਼ਾਮ, ਦਾਮ ਅਰ ਭੇਦ ਨ ਭਯੇ। ਦੰਡ ਉਪਾਇ ਚਤੁਰਥੋ ਕਿਯੋ ॥ ੬ ॥
ਇਹ ਤ੍ਰੈ ਤੇ ਪਾਛੇ ਬਨਿ ਆਵਤ। ਸੋ ਹਮ ਪ੍ਰਥਮ ਕੀਨ ਮਨ ਭਾਵਤਿ ॥'''
ਪ੍ਰਥਮ ਕਰਨ ਜੋ ਚਹੀਯਤਿ ਤੀਨ। ਸੋ ਅਬਿ ਕਰਹੁ ਬਿਚਾਰ ਪ੍ਰਬੀਨ।
ਦੰਡ ਉਪਾਇ ਤਯਾਗ ਕਰਿ ਸਬੈ। ਸ਼ਾਮ ਆਦਿ ਕੋ ਕਰੀਅਹਿ ਅਬੈ।
[ਰੁਤ ੪ ਅੰਸੂ ੪]

## ੲ. ਨੀਤੀ ਤੇ ਸਿਖਯਾ—

੧. ਧਨੀ ਪੁਰਖ ਸਭਿ ਮਹਿਂ ਪਰਧਾਨਾ। ਧਨੀ ਮੂਢ ਕੋ ਕਹਿਤ ਸੁਜਾਨਾ ॥ ੨੦ ॥
ਮਿਲਹਿ ਧਨੀ ਕੋ ਸਕਲ ਭਲਾਈ। ਧਨ ਬਿਨ ਕਾਰਜ ਹ੍ਵੈ ਨਹਿਂ ਰਾਈ।

ਜਸੋਂ ਤਨ ਨਿਬਹੈ ਪ੍ਰਾਣ ਅਧਾਰਾ। ਤਜੋਂ ਧਨ ਤੇ ਸਭਿ ਜਗ ਬਿਉਹਾਰਾ ॥ ੨੧॥
ਜਿਉਂ ਜਲ ਹੀਨ ਨ ਤਾਲ ਸੁਹਾਵਾ। ਤਜੋਂ ਧਨ ਬਿਨ ਨਰ ਸ਼ੋਭ ਨ ਪਾਵਾ।
ਸਜਲਮੇਘ ਬਿਨ ਜਸੋਂ ਕ੍ਰਿਖਿ ਨਾਂਹੀ।ਧਨ ਬਿਹੀਨ ਤਜੋਂ ਬਨਜ ਨ ਆਹੀ॥੨੨॥
[ਗੁ: ਨਾ: ਪ੍ਰ ਪੂ: ਧਿ: ੨੬

੨. ਸੋਰਠਾ—ਜੋ ਜਿਹ ਆਦਿ ਸੁਭਾਇ ਉਪਕਾਰੀ ਕ੍ਰਿਤਘਨ ਬਟੁਰ।
ਅੰਤ ਤੀਕ ਨਿਬਹਾਇ ਬਿਬ ਬਿਪਰੀਤ ਨ ਹੋਇ ਕਬਿ ॥੪੨॥
ਤੋਟਕ—ਸਮ ਪੰਨਗ ਲੇਹੁ ਪਛਾਨ ਤਿਸੈ। ਢਿਗ ਪੀਵਤਿ ਪੈ ਜਿਸ ਤਾਂਹਿ ਡਸੈ।
ਉਪਕਾਰਿ ਕਿ ਸੰਗ ਬੁਰਾ ਕਰਿਹੀ। ਨਰ ਘੋਰ ਨਿਰੈ ਮਰਿ ਸੋ ਪਰਿਹੀ ॥੪੩॥
ਪਰਮਾਰਥ ਮੈਂ ਮਤ ਹੈ ਜਿਨਕੀ। ਕਬਿ ਹੋਇ ਬੁਰੇ ਮਹਿ ਨਾਂ ਤਿਨਕੀ।
ਹਰਖੈਂ ਪਰ ਕੋ ਸੁਖਿ ਦੇਖਿ ਸਦਾ। ਪਰ ਪੀਰ ਸਹਾਰ ਸਕੈਂ ਨ ਕਦਾ ॥ ੪੪ ॥
ਕਰੁਨਾ ਮਨ ਕੋਮਲ ਸ਼ੀਲ ਜੁਤੈ। ਸੁਖ ਪਾਵਤਿ ਹਿਯਾਂ ਪਰਲੋਕ ਗਤੈ।
ਇਰਖਾ ਪਰਖਾ ਛਰ ਆਮਰਖਾ। ਮਨ ਸ਼ਾਂਤਿ ਸਦਾ ਇਨ ਤੇ ਤਰਖਾ ॥ ੪੫ ॥
[ਨਾ: ਪ੍ਰ ਪੂ: ਧਿ: ੨੬

੩. ਬਡਿਅਨਿ ਕੀ ਰਿਸ ਅਗਨੀ ਸਮਸਰ ਬਿਨੈ ਨੀਰ ਤੇ ਹੋਵਤਿ ਸ਼ਾਂਤਿ।
ਅਵਰਉਪਾਵ ਨਹੀਂ ਕੁਛਬਨਿਹੈ,ਕਰਹਿੰ ਜਿ ਬਲ ਛਲ ਘ੍ਰਿਤ ਪਰਿਜਾਤਿ॥੨੨॥
[ਰਾਸ ੧ ਅੰਸੂ ੩੨

੪. ਪਿਸਤ੍ਰਾਸਨੀ ਆਸ ਦੁਖਦਾਈ ॥ ਪੁਰਹਿ ਨ ਰਾਜ ਤ੍ਰਿਲੋਕੀ ਪਾਈ ॥
[ਰਾਸ ੧ ਅੰਸੂ ੩੬—੩੧

੫. ਏਕ ਸੰਤ ਪੈ ਸਿੱਖ ਸੁ ਬੋਲਯੋ। ਸੋ ਸੁਨਿ ਹੋ ਧਰਿ ਧਯਾਨ ਅਮੋਲਯੋ ॥ ੪੧ ॥
'ਜੇ ਕਾਹੂ ਕੋ ਬੁਰਾ ਕਰਾਵੈ। ਤੌ ਕਯਾ ਕਰੈ ਕਹੋ ਸੁਖਦਾਵੈ'।
'ਭਲਾ ਕਰੈ ਜੋ ਬੁਰਾ ਕਰਾਵੈ। ਬਦਲਾ ਲੇਵਨ ਤੇ ਹਟਿ ਜਾਵੈ' ॥ ੪੨ ॥
'ਫੇਰ ਕਰੈ ਤੌ' 'ਕਰਿ ਹੈ ਕਰਿ ਹੈ। ਤਉ ਭਲਿਆਈ ਵਹੁ ਦੁਖ ਭਰਿ ਹੈ।
ਕਰਨੇ ਜੋਗਾ ਰਹੈ ਨ ਸੋਊ। ਆਪੇ ਹੀ ਮਰਿ ਜੈ ਹੈ ਸੋਊ' ॥ ੪੩ ॥
ਜੈਸੀ ਕਹੈ ਸੁ ਤੈਸੀ ਪਾਵੈ। ਗੁਰ ਸਥਾਨ ਨੀਵੇਂ ਬਿਰਧਾਵੈ।
[ਰਾਸ ੧ ਅੰਸੂ ੩੯

੬. ਗੁਣ ਬਿਹੀਨ ਪੂਜਾ ਕਹਾਂ, ਬਿਦਯਾ ਬਿਨ ਮਾਨਾ। ਜੀਤ ਕਹਾਂ ਬਿਨ ਸੂਰਤਾ
ਮਨ ਥਿਤ ਬਿਨ ਧਯਾਨਾ। ਬਿਨ ਸੰਤੋਖ ਉਰ ਸੁਖ ਕਹਾਂ, ਤਪ ਬਿਨਾ ਨ
ਰਾਜੂ। ਗਯਾਨ ਕਹਾਂ ਬਿਨ ਤਿਗ੍ਯੂ, ਸ਼ੋਭਾ ਬਿਨ ਲਾਜੂ ॥ ੮ ॥ ਬਿਨ ਜਹਾਜ
ਤਰਿਬੋ ਕਹਾਂ, ਸਾਗਰ ਅਸਗਾਹੂ। ਭਗਤਿ ਕਹਾਂ ਬਿਨ ਪ੍ਰੇਮ ਕੇ ਪਗ ਪੰਕਜ
ਮਾਹੂ। ਕਵਿਤਾ ਬਿਨ ਕੀਰਤਿ ਕਹਾਂ ਜਸ ਬਿਨਾਂ ਨ ਦਾਨਾਂ। ਮੁਕਤਿ ਕਹਾਂ
ਬਿਨ ਪ੍ਰਭੁ ਕੇ, ਸੁਰ ਬਿਨਾਂ ਨ ਗਾਨਾ ॥ ੯ ॥ ਸਦਗੁਣ ਬਿਨਾਂ ਨ ਸ਼੍ਰੇਯ ਹੈ
ਸ਼ਰਧਾ ਬਿਨ ਸੇਵਾ। ਮੰਤ੍ਰ ਸਿੱਧ ਬਿਨ ਜਪ ਕਹਾਂ, ਬਰ ਬਿਨਾਂ ਨ ਦੇਵਾ।
ਬਿਨ ਸਿੱਖੀ ਤਰਿਬੋ ਕਹਾਂ ਜਗ ਸਾਗਰ ਭਾਰਾ। ਦਯੋਸ ਕਹਾਂ ਸੂਰਜ ਬਿਨਾਂ—
ਮੈਂ ਏਵ ਬਿਚਾਰਾ ॥ ੧੦ ॥ [ਰਾਸ ੨ ਅੰਸੂ ੩੯

੭. ਬਾਜ ਕੁਮਤਿ ਨਰ ਮਹਿੰ ਇਹ ਖੋਟ।
ਤ੍ਰਿਪਤਿ ਹੋਇ ਪੁਨ ਕਾਮ ਨ ਆਵੈਂ। ਦਗਾ ਦੇਤਿ ਪ੍ਰਭੁ ਤੇ ਫਿਰ ਜਾਵੈਂ॥ ੪॥
[ਰਾਸ ੬ ਅੰਸੂ ੭

੮. ਜੇ ਨਹਿੰ ਕਟਹਿੰ ਸੁਭਟ ਕੇ ਠਟ ਤੇ ਲੋਹਾ ਸਹੈਂ ਨਹੀਂ ਤਜਿ ਥਾਇ।
ਸੋ ਨਰ ਅਬਲਾ ਮ੍ਰਿਦੁਲ ਜੀਤ ਕਰਿ ਬਸੀ ਬਨਾਇ ਲੇਤਿ ਸਤਿ ਭਾਇ॥
[ਰਾਸ ੮ ਅੰਸੂ ੯ ਅੰਕ ੧੧

੯. ਅਪਨ ਪੰਥ ਕੋ ਹੋਰਾ ਗੋਰਾ। ਸੁਨਤਿ ਜਾਇ ਮਿਲੀਏ ਤਿਸ ਠੌਰਾ।
ਸ਼ੁਭ ਮਾਰਗ ਕੀ ਬਾਤ ਬਤਾਵੈ। ਦਰਸ਼ਨ ਬੋਲਨਿ ਪੁੰਨ ਉਪਾਵੈ॥ ੩੧॥
ਬਧਹਿ ਧਰਮ ਸੁਧਰਹਿ ਪਰਲੋਕ। ਸੁਜਸ ਕਹਹਿੰ ਨਿਜ ਪੰਥੀ ਲੋਕ।
ਪਰ ਮਤ ਕੋ ਮਿਲਿਬੋ ਨਹਿੰ ਨੀਕਾ। ਨਹਿ ਕਲਜਾਨ ਹੋਤਿ ਤਿਸ ਜੀ ਕਾ॥੩੨॥
[ਰਾਸ ੧੧ ਅੰਸੂ ੩੪

੧੦. ਤ੍ਰੀਯਨ ਕੋ ਚਿੱਤ ਐਸੇ ਚਾਹਤਿ ਹਮੇਸ਼ ਤੈਸੇ:—
ਪਤਿ ਕੀ ਪ੍ਰਸੰਨਤਾ, ਕੈ ਸੁਤ, ਰੂਪ, ਧਨ ਕੀ। [ਰੁਤ ੨ ਅੰਸੂ ੩੭–੨੦
੧੧. ਸਿਖ ਅਰ ਸਤੀ ਸਮਾਨ ਪਛਾਨੋ। ਨੇਕ ਮੁਰੇ ਮਨ ਧਰਮ ਸੁ ਹਾਨੋ। [ਰੁਤ ੪ ਅੰਸੂ ੩੬

## ਸ. ਜਗਤ ਪ੍ਰਸਿੱਧ ਮੁਹਾਵਰੇ (ਅਖਾਣ)—

੧. ਸਭਿ ਆਗਮ ਸਭਿ ਮਤ ਜਿਤੇ ਭਾਖਤਿ ਸਭਹਿ ਪੁਰਾਨ।
'ਸਾਚ ਸਮਾਨ ਨ ਪੁੰਨ ਕੋ ਪਾਪ ਨ ਝੂਠ ਸਮਾਨ'॥ ੪੪॥ [ਨਾ: ਪ੍ਰ: ਪੂ: ਧਿ: ੬੨
੨. ਜੀਵਨ ਤੇ ਮਰਿਬੋ ਭਲੋ ਧਿਕ ਖਾਨਾ ਖਾਨੇ।
'ਘਰ ਕੇ ਰਹੇ ਨ ਘਾਟ ਕੇ' ਇਮ ਲੋਕ ਬਖਾਨੇ। [ਰਾ: ੮ ਅੰਸੂ ੧੨
੩. 'ਹਿੰਮਤ ਕੋ ਹਿਮਾਯਤੀ ਹਰ ਹੈ'। [ਰਾ: ੯ ਅੰਸੂ ੧੮ ਅੰਕ ੧੧
੪. ਸਜਾਨੇ ਪੁਰਖਨਿ ਕੀ ਮਤ ਏਹੋ। 'ਗ੍ਰਾਸ ਦਿਹੋ ਪਰ ਬਾਸ ਨ ਦੇਹੋ'॥ ੪੨॥
[ਰਾ: ੧੦ ਅੰਸੂ ੬
੫. 'ਨਿਤ ਨਿਰਬਲ ਕੇ ਬਲ ਗੁਰ ਅਹੈਂ'। ਬਿਦਤਿ ਬਾਤ ਇਹ ਸਭਿ ਜਗ ਕਹੈ।
[ਰਾਸ ੧੦ ਅੰਸੂ ੮ ਅੰਕ ੨੨
੬. 'ਭੂਖਨ ਕਿਸਕੇ ਬਾਂਦੀ ਕਿਸਕੀ'। ਇਮ ਨ ਲਖੈ ਮੂਰਖ ਮਤਿ ਤਿਸਕੀ।
[ਰਾਸ ੧ ਅੰਸੂ ੧ ਅੰਕ ੫੪

## ਹ. ਜੋਤਿਸ਼*—

੧. ਅੰਗ ਬਿਲੰਦ ਸਕਲ ਸ਼ੁਭ ਲੱਛਨ ਮੱਛ ਅਕਾਰ ਰੇਖ ਕਰ ਪਾਇ॥ ੩੩॥
ਰੇਖ ਛਤਰ ਕੀ ਦਾਹਨ ਕਰ ਮਹਿੰ ਕਮਲ ਰੇਖ ਸ਼ੋਭਤਿ ਹੈ ਬਾਮ।
ਨਖ ਗਨ ਰਕਤ ਸੁਮਿਲ ਸਭਿ ਅੰਗੁਰੀ ਬ੍ਰਿਤਲਾਕਾਰ ਬਦਨ ਹੈ ਬਾਮ।
ਰੁਚਿਰ ਚਿਕਰ ਮੇਚਕ ਲਘੁ ਚਿੱਕ੍ਰਨ ਬਡੇ ਬਿਲੋਚਨ ਬਰਨੀ ਬਾਮ।

*ਆਪ ਨੇ ਤ੍ਰੈ ਪੁਸਤਕ ਜੋਤਿਸ਼ ਦੇ ਬੀ ਕਵਿਤਾ ਵਿਚ ਲਿਖੇ ਹਨ। ਦੇਖੋ ਇਸੇ ਪੁਸਤਕ ਦਾ ਪੰਨਾ ੧੨੪।

ਬਾਲਕ ਬਪੁ ਬਿਰਾਜਤਿ ਸ੍ਰੀ ਪ੍ਰਭੁ ਬਰਨਤਿ ਬਾਨੀ ਬ੍ਰਹਮਾ ਬਾਮ† ॥ ੩੪ ॥
[ਰਾ: ੩ ਅਸੂ ੫

੨. ਪੋਖ ਮਾਸ ਕੋ ਪੱਖ ਸੁਕਲ ਹੈ। ਸਪਤਮ ਥਿਤ ਕੋ ਸਮੋ ਸੁ ਕਲ ਹੈ।
ਆਦਿਤਵਾਰ ਜਾਮਨੀ ਜਾਮੂੰ । ਭਯੋ ਜਨਮ ਬਾਲਿਕ ਬਲ ਧਾਮੂੰ ॥ ੧੭ ॥
ਪਰੇ ਲਗਨ ਮਹਿੰ ਗ੍ਰਿਹ ਦੇ ਮੰਗਲ। ਉਚਿਕੇ ਸੂਰਜ ਸ਼ਨਿ ਕਵਿ ਮੰਗਲ।
ਲਾਭ ਸਥਾਨ ਆਇ ਗ੍ਰੇਹ ਆਛੇ । ਪੂਰਨ ਦਿਸ਼ਟਿ ਵਿਲੋਕਤਿ ਬਾਂਛੇ ॥ ੧੮ ॥
ਜਨਮ ਕੁੰਡਲੀ ਜਿਮ ਅਵਤਾਰਨ। ਤਿਮ ਲਖੀਅਤਿ ਪ੍ਰਤਾਪ ਬਡ ਕਾਰਨ।
[ਰਾਸ ੧੨ ਅੰਸੂ ੧੩

੩. ਆਸ਼ਿਖਬਾਦ ਆਨ ਕਰਿ ਦੀਯਸ। 'ਅਵਨਿ ਸਿੰਧ ਵਿਚ ਜੇਤਿਕ ਲੀਯਸ।
ਤਿਸ ਮਹਿੰ ਤਪਹੁ ਤੇਜ ਅਤਿ ਤੈਕੋ। ਜਿਮ ਬ੍ਰਿਖ ਰਾਸ਼ਿ ਬਿਖੈ ਰਵਿ ਐਕੋ' ॥ ੩੩ ॥
[ਰੁ: ੩ ਅੰਸੂ ੫

## ਕ. ਅਪਸ਼ਗੁਨ—

੧. ਛੀਂਕ ਦਾਹਿਨੇ ਦਿਸ ਮਹਿੰ ਹੋਈ । ਸਨਮੁਖ ਪੌਨ ਧੂਰ ਮੁਖ ਗੋਈ ॥ ੬ ॥
ਬਾਮ ਬਿਲੋਚਨ ਫਰਕਨ ਲਾਗਾ। ਘਟ ਫੂਟਯੋ ਇਕ ਆਵਤਿ ਆਗਾ।
[ਰਾਸ ੧੧ ਅੰਸੂ ੧੩

੨. ਭਏ ਸ਼ਗੁਨ ਮੰਦੇ ਅਵਿਲੋਕ । ਸਜਾਨੇ ਦਿਲ ਮਹਿੰ ਧਾਰਤਿ ਸ਼ੋਕ।
ਸਮੁਖ ਵਾਯੁ ਮ੍ਰਿਗ ਮਾਲ ਕੁਫੇਰੀ । ਹਯ ਰੋਦਤਿ ਦ੍ਰਿਗ ਅੱਸ਼੍ਰੂ ਗੇਰੀ ॥ ੪੦ ॥
ਸਿਰ ਪਰ ਬਾਯਸ ਗੀਧ ਭ੍ਰਮਾਵੈਂ। ਸਿਵਾ ਅਸਿਵਾ ਪੁਕਾਰਤਿ ਆਵੈਂ।
ਗਿਰਹਿੰ ਅਚਾਨਕ ਚਾਲਤਿ ਘੋਰੇ । ਮਨ ਸੂਰਨ ਕੇ ਮਲਿਨ ਅਥੋਰੇ ॥ ੪੧ ॥
ਮਿਲਯੋ ਕਾਠ ਕੋ ਭਾਰ ਅਗਾਰੀ। ਖਰ ਬੋਲਯੋ ਮ੍ਰਿਤੁ ਸੂਚਤਿ ਭਾਰੀ।
ਦੁੰਦਭਿ ਬਾਜਤਿ ਅਲਪ ਮਲੀਨਾ। ਜਾਤਿ ਲੀਏ ਮਿਰਤਕ ਸਭਿ ਚੀਨਾ ॥ ੪੨ ॥
[ਰਾ: ੬ ਅੰਸੂ ੩੦

## ਖ. ਸੁਭ ਸ਼ਗੁਨ—

੧. ਆਗੇ ਮਿਲੇ ਸ਼ਗੁਨ ਸੁਭ ਹੋਤਿ । ਰਿਪੁ ਨਾਸ਼ਨ ਗੁਰ ਵਿਜੈ ਉਦੋਤਿ ॥ ੪੩ ॥
ਮਿਲੀ ਜੇਖਤਾ ਬਾਲਕ ਗੋਦ । ਹੁਤੀ ਸੁਹਾਗਨ ਸਹਿਤ ਪ੍ਰਮੋਦ।
ਸੁਰਭੀ ਬਤਸ ਚੁੰਘਾਵਤਿ ਠਾਢੀ । ਚਾਟਤਿ ਰਿਦੇ ਪ੍ਰੀਤ ਬਹੁ ਬਾਢੀ ॥ ੪੪ ॥
ਸੁੰਦਰ ਗੌਨ ਪੌਨ ਤਬਿ ਕੀਨ । ਮ੍ਰਿਗਨ ਸੁ ਮਾਲ ਦਾਹਿਨੇ ਲੀਨਿ।
ਮ੍ਰਿਦੁਲ ਸ਼ਬਦ ਕੋ ਕਰਹਿੰ ਬਿਹੰਗ । ਜੇ ਸੁਭ ਹੋਤਿ ਭਏ ਸੁਖ ਅੰਗ ॥ ੪੫ ॥
[ਰਾ: ੬ ਅਸੂ ੨੬

੨. ਦੋ ਘਟ ਨਾਰਿ ਸੁਹਾਗਨ ਲੇ ਤਹਿੰ ਆਨਿ ਮਿਲੀ ਜਹਿੰ ਸ੍ਰੀ ਜਗ ਸਾਈਂ।
ਖੇਲ ਸੁਹਾਵਨ, ਬਾਇਸ ਦਾਹਨ, ਧਾਇ ਭਲੇ ਮ੍ਰਿਗ-ਮਾਲਹਿ ਆਈ।
ਹੇਰਤਿ ਹੈਂ ਨਕੁਲਾ ਸਭਿ ਹੀ, ਸੁਰਭੀ ਹੁਇ ਸਾਮੁਹਿ ਖੀਰ ਪਿਆਈ।

†'ਬ' ਅੱਖਰ ਦੀ ਵਰਣ ਮੈਤ੍ਰੀ ਕੈਸੀ ਨਿਭੀ ਹੈ।

ਸੁੰਦਰ ਮੰਦ ਸਮੀਰ ਬਹੀ ਅਵਿਲੋਕ ਬਰਾਤ ਰਹੀ ਹਰਖਾਈ ॥ ੪੯ ॥
[ਨਾਃ ਪ੍ਰਃ ਪੂਃ ਧਿਃ ੨੧

## ਗ. ਵੇਦਾਂਤ–

ਕਵੀ ਜੀ ਦੀ ਵੇਦਾਂਤ ਵਿਚ ਪ੍ਰਾਗੱਲਭਤਾ ਦੇ ਨਿਬਾਹ ਨੂੰ ਦੇਖਣਾ ਹੋਵੇ ਤਾਂ ਦੇਖੋ ਰੁਤ ੫ ਅੰਸੂ ੪੦ ਤੋਂ ੪੯।

## ਘ ਯੋਗ–

ਨਾਃ ਪ੍ਰਃ ਪੂਰਬਾਰਧ ਅਧ੍ਯਾਯ ੪੮ ਤੇ ੪੯ ਵਿਚ ਆਪ ਜੀ ਨੇ ਹਠ ਯੋਗ ਤੇ ਭਗਤਿ-ਯੋਗ ਨੂੰ ਖੋਲ੍ਹ ਕੇ ਲਿਖਿਆ ਹੈ, ਓਥੇ ਆਪ ਨੇ ਹਠ ਯੋਗ ਨੂੰ ਕਸ਼ਟ ਯੋਗ ਵਰਣਨ ਕੀਤਾ ਹੈ ਤੇ ਹੋਰਨੀਂ ਥਾਈਂ ਬੀ ਜਿੱਥੇ ਮਾਮੂਲੀ ਜਿਹਾ ਬੀ ਜ਼ਿਕਰ ਛਿੜਦਾ ਹੈ ਤਾਂ ਆਪ ਪੂਰਨ ਵਾਕਫੀਅਤਿ ਉਸ ਸਬੰਧੀ ਦ੍ਰਿਸ਼ਟਾਉਂਦੇ ਹਨ ਜਿਵੇਂ ਕਿ ਨਾਃ ਪ੍ਰਃ ਪੂਃ ਧਿਃ ੬੦ ਵਿਚ ਪੰਜ ਤੱਤ, ੨੫ ਪ੍ਰਕ੍ਰਿਤੀਆਂ, ਦਸ ਪਉਣਾ, ਖਟ ਚੱਕ੍ਰ ਆਦਿ ਸਬੰਧੀ ਖੋਲ੍ਹਕੇ ਲਿਖਦੇ ਹਨ ਤੇ ਫਿਰ ਉਤ੍ਰਾਰਧ ਅਧ੍ਯਾਯ ੫੧ ਵਿਚ ਪੱਚੀ ਪ੍ਰਕ੍ਰਿਤੀਆਂ ਆਦਿਕਾਂ ਦੇ ਹਾਲ ਦੱਸਦੇ ਹਨ।

## ਙ. ਪੌਰਾਣਿਕ ਕਥਾ–

ਹੋਰਨਾਂ ਵਿਸ਼ਿਆਂ ਦੇ ਨਾਲ ਹੀ ਆਪ ਦੀ ਪੌਰਾਣਿਕ ਵਾਕਫੀਅਤਿ ਬੀ ਬਹੁਤ ਹੈ। ਦੇਖੋ ਰਾਸ ੧ ਅੰਸੂ ੪੭, ੪੮, ੪੯ ਵਿਚ ਮੇਦਨੀ ਦੀ ਆਦਿ ਕਥਾ, ਮਾਰਤੰਡ ਦਾ ਹਾਲ, ਰਾਸ ੧੦ ਅੰਸੂ ੨੨, ੨੩ ਤੇ ੨੪ ਵਿਚ ਧੁੰਧੂ ਤੇ ਉਤੰਕ ਰਿਖੀ ਦੀ ਵਾਰਤਾ, ਤੇ ਅੰਸੂ ੨੫ ਤੇ ੨੬ ਵਿਚ ਗਾਲਵ ਰਿਖੀ, ਰਾਜਾ ਜਜਾਤੀ ਦਾ ਪ੍ਰਸੰਗ, ਰਾਸ ੧੧ ਅੰਸੂ ੫੦, ੫੧ ਵਿਖੇ ਦੇਵੀ ਦੀ ਪੁਰਾਤਨ ਕਥਾ ਤੇ ਇਸੇ ਰਾਸ ਦੇ ਅੰਸੂ ੫੯, ੬੦, ੬੧ ਵਿਚ ਜਰਾਸੰਧ ਦਾ ਪ੍ਰਸੰਗ ਆਦਿ।

## ਚ. ਗੁਰਮਤਿ ਗ੍ਯਾਨ–

ਪੰਜਵੀਂ ਰੁਤ (ਅੰਸੂ ੫੦) ਵਿਚ ਹੋਰਨਾਂ ਮਤਾਂ ਦੇ ਆਤਮ ਗ੍ਯਾਨ ਨਿਰਣਯ ਕਰਕੇ ਗੁਰਮਤ ਦਾ ਗ੍ਯਾਨ ਖੋਲ੍ਹਕੇ ਤੇ ਨਿਖੇੜਕੇ ਵਰਣਨ ਕੀਤਾ ਹੈ। ਕਵੀ ਜੀ ਨੇ ਸ੍ਰੀਗੁਰਨਾਃਪ੍ਰਃ ਪੂਰ-ਬਾਰਧ ਅਧ੍ਯਾਯ ੪੯ ਵਿਚ ਹਠਯੋਗ (ਜਿਸ ਨੂੰ ਕਸ਼ਟ ਯੋਗ ਕਹਿਕੇ ਤ੍ਰਿਸਕਾਰਦੇ ਹਨ) ਦੇ ਮੁਕਾਬਲੇ ਤੇ ਗੁਰਮਤਿ ਦਾ ਭਗਤਿਯੋਗ ਯੋਗ ਦੇ ਅੰਗਾਂ ਪਰ ਘਟਾਕੇ ਦਿਖਾਇਆ ਹੈ।

## ਛ ਵੈਦਿਕ–

ਹੇਠਲੇ ਛੰਦਾਂ ਵਿਚ ਕਵੀ ਜੀ ਰੋਗ ਤੇ ਉਨ੍ਹਾਂ ਦੇ ਇਲਾਜ ਇਕ ਅਲੰਕਾਰਕ ਢੰਗ ਨਾਲ ਪਰਮਾਰਥ ਵਿਚ ਘਟਾਕੇ ਦੱਸਦੇ ਹਨ:–

ਪਰਗੁਨ ਪਰਧਨ ਪਰਨ ਪ੍ਰਸ਼ੰਸਾ। ਜਰੇ ਨ ਇਹ ਜੁਰ ਲਖਹੁ ਨਿਸੰਸਾ।
ਸਭਿ ਜੀਵਨ ਸੋਂ ਮੈਤ੍ਰੀ ਕਰਨੀ। ਤਿਹ ਕੋ ਇਹ ਔਖਧ ਬਰ ਹਰਨੀ ॥ ੫੨ ॥
ਜਿਉਂ ਮਿਤ੍ਰਾਨ ਸੁਖ ਲਖਿ ਕਰਿ ਸੁਖੀਆ। ਤੈਸੀ ਬਿਰਤਿ ਸਭਿਨਿ ਸੋਂ ਰਖੀਆ।
ਨਿਜ ਗੁਣ ਧਨ ਨਿਜ ਜਸ ਬਿਸਤੀਰਨ। ਕਰਤਿ ਮਾਨ ਇਹ ਹੈ ਬਡ ਜੀਰਨ ॥ ੫੩ ॥

ਲਖਿ ਕਰਿ ਸਭਿ ਹਰਿਕੀ ਵਡਿਆਈ। ਰਿਦੇ ਗ਼ਰੀਬੀ ਚੂਰਨ ਖਾਈ।
ਹਰਿ ਸਿਮਰਨ ਰੁਚਿ ਸੋਂ ਲਿਵਲਾਗੀ। ਲਖਹਿ ਅਰੁਜ ਇਹ ਭੂਖ ਸੁ ਜਾਗੀ ॥ ੫੪ ॥
ਬਿਸ਼ੈ ਬਾਸ਼ਨਾ ਤ੍ਰਿਸ਼ਨਾ ਖਾਂਸੀ। ਦਿਨ ਪ੍ਰਤਿ ਵਰਧਤਿ ਕਬਿ ਨ ਬਿਨਾਸ਼ੀ।
ਮਿਥਜਾ ਸਭਹਿ ਪਦਾਰਥ ਜਾਨੀ। ਇਹ ਚਟਨੀ ਤਿਹ ਕਰਿਹੀ ਹਾਨੀ ॥ ੫੫ ॥
ਕਾਮ ਕ੍ਰੋਧ ਅਰ ਮੋਹ ਤ੍ਰਿਦੋਖੂ। ਜਿਨ ਸਭਿ ਜੀਵਨ ਕੀ ਸੁਧ ਸੋਖੂ।
ਸਤਿਗੁਰ ਬਚਨ ਤ੍ਰੰਬੇਸੁਰ ਪੂਰੀ। ਨਿਤ ਸੇਵਹਿ ਤਿਹ ਸੋਂ ਹੁਇ ਦੂਰੀ ॥ ੫੬ ॥
ਬਮਨ ਰੋਗ ਕਰਿਹੀ ਪਰਨਿੰਦਾ। ਹਟਹਿ ਲਖਹਿ ਸਭਿ ਤੇ ਨਿਜ ਮੰਦਾ।
ਅਸ ਬਿਧਿ ਕੇ ਰੁਜ ਸੋਂ ਮਨ ਪੂਰਨ। ਮਿਟਹਿ ਸੇਵ ਗੁਰ ਪਦ ਰਜ ਚੂਰਨ ॥ ੫੭ ॥
[ਨਾ: ਪ੍ਰ: ਪੂ: ਧਿ: ੧੩

## ਜ. ਬੋਲੀਆਂ—

੧. ਲਹਿੰਦਾ ਪੰਜਾਬੀ—ਮੈਂਡਾ ਪੀਰ ਸਦੇਂਦਾ ਤੋਕੋ। ਬਾਤ ਬੁਝੇਂਦਾ ਭੇਜਾ ਮੋਕੋ।
ਵਤ ਪਿੰਨਣ ਮੈਂ ਆਯੋ ਧਾਈ। ਜੁਲ ਦਰਵੇਸ਼ ਪੀਰ ਇਹ ਥਾਈਂ ॥੬੧॥
[ਨਾ: ਪ੍ਰ: ਉ: ਧਿ: ੩੧
ਪਿੰਨਹੁ ਵਤ ਗਲਾਈਏ ਜੋ ਮੈ ਤੇ ਕੋ ਬੱਦ। [ਨਾ: ਪ੍ਰ: ਉ: ਬਰ—੧੨
ਮੈਂ ਕੂੰ ਪਿੰਨਹੁ ਵੰਵ ਉਥਾਊਂ ॥ [ਨਾ: ਪ੍ਰ: ਉ: ਬਰ—੨੭

੨. ਉਰਦੂ ਫਾਰਸੀ ਮਿਲਵੀਂ—
ਵਲਾਇਤ ਵਲੀ ਅਹਲਿ ਆਰਫ ਕਮਾਲ। ਜਿਨ੍ਹੋਂ ਕੇ ਮਿਲੇ ਰੱਬ ਪਾਈਏ ਜਮਾਲ।
ਆਰਫ ਫਕਰ ਰੱਬ ਕੀ ਪਾਕ ਜ਼ਾਤ। ਜਿਨ੍ਹੋਂ ਕੀ ਮਿਹਰ ਸੰਗ ਹੋਈਅਹਿ ਨਿਜਾਤ ॥ ੧੭ ॥
ਕਾਦਰ ਪਿਖਨਿ ਇਕ ਸ਼ਕਲ ਦਰਮਿਯਾਂ। ਜਿਨ੍ਹੋਂ ਪੈ ਮਿਹਰ ਤੁਮ ਤਿਨ੍ਹੋਂ ਇਹ ਲਿਯਾਂ।
ਮਿਲੋਂ ਆਪ ਕੇ ਸੰਗ ਅੱਲਹੁ ਕਰਮ। ਹਾਸਲ ਮੁਰਾਦੇਂ ਮਿਟਾਵੇ ਭਰਮ ॥ ੧੮ ॥
ਮੁਰਸ਼ਿਦ ਮਿਯਾਂ ਮੀਰ ਮੋਹੂ ਕਹਾ। ਸ਼ੁਨੀਦਮ ਸਿਫਤ ਬਡ ਸੁ ਦੀਦਨ ਚਹਾ।
ਸ਼ਬੋ ਰੋਜ਼ ਦੀਦਾਰ ਕੋ ਸ਼ੌਕ ਹੈ। ਜੁ ਤਾਲਿਬ ਫਕਰ ਕਾ ਤਿਸੇ ਜ਼ੌਕ ਹੈ ॥ ੨੦ ॥
[ਰਾਸ ੯ ਅੰਸੂ ੧੪

੩. ਸੰਸਕ੍ਰਿਤ—ਨਾਮ ਕੋਸ਼, ਬਾਲਮੀਕੀ ਰਾਮਾਯਣ ਤੇ ਆਤਮ ਪੁਰਾਣ ਦਾ ਅਨੁਵਾਦ ਆਪ ਦੀ ਸੰਸਕ੍ਰਿਤ ਦੀ ਵਾਕਫੀ ਦੀ ਦਲੀਲ ਹਨ। ਸੰਸਕ੍ਰਿਤ ਵਿਚ ਰਚਨਾ ਕਰਨ ਲਈ ਦੇਖੋ:—

ਵਿਸ਼੍ਰੇਸ਼ੰ ਵਿਸ਼੍ਰ ਮਿਤਜੁਕ੍ਤੰ ਸੰਪੁਟੇ ਵਿਸ਼੍ਰ ਭੂਸ਼ਣੈਂ:।
ਵਿਸ਼੍ਰ ਬੋਧੰ ਸ੍ਰਧੰ ਬ੍ਰਹਮ ਤੰ ਪ੍ਰਣਵਾਦੀ ਨਮਾਮਿਹੰ* ॥ ੧ ॥ [ਰਾਸ ੭ ਅੰਸੂ ੩

੪. ਪੰਜਾਬੀ—

---

*ਜਾਪਦਾ ਹੈ ਕਿ ਇਹ ਤੇ ਇਸ ਤੋਂ ਅਗਲੇ ਸਲੋਕ ਭਾਈ ਗੁਰਦਾਸ ਜੀ ਦੀ ਪੌੜੀ ੪੯ ਵਾਰ ੧ ਦਾ ਸੰਸਕ੍ਰਿਤ ਵਿਚ ਕਵੀ ਜੀ ਨੇ ਖੁੱਲ੍ਹਾ ਅਨੁਵਾਦ ਕੀਤਾ ਹੈ। ਹੋ ਸਕਦਾ ਹੈ ਕਿ ਏਹ ਸੰਸਕ੍ਰਿਤ ਸਲੋਕ ਭਾਈ ਗੁਰਦਾਸ ਜੀ ਕ੍ਰਿਤ ਹੀ ਹੋਣ, ਪਰੰਤੂ ਉਹਨਾਂ ਦੇ ਰਚਿਤ ਗ੍ਰੰਥਾਂ ਵਿਚ ਏਹ ਅਜੇ ਤਕ ਕਿਤੇ ਨਜ਼ਰ ਨਹੀਂ ਪਏ। ਇਥੇ ਹੀ ਇਹ ਆਏ ਹਨ ਤੇ ਕਵੀ ਜੀ ਨੇ ਕੋਈ ਵੇਰਵਾ ਨਹੀਂ ਖੁਹਲਿਆ।

ਗਰਜੇ ਪੁੰਜ ਪਹਾੜੀ ਭੜਥੂ ਘੱਤਿਆ। ਕੁੱਝ ਨ ਮੁੜੇ ਪਿਛਾੜੀ ਖੜਗ ਪ੍ਰਹਾਰਦੇ।
ਢਾਲੇਂ ਓਟ ਅਗਾੜੀ ਸਿਮੁਖ ਆਂਵਦੇ। ਲਹੁ ਕ੍ਰਿਪਾਣ ਉਘਾੜੀ ਪਕੜ ਨਚਾਂਵਦੇ॥ ੧੧॥
ਇਤ ਤੇ ਛਾਲੀਂ ਉੱਠੇ ਸਿੰਘ ਸੁਹਾਂਵਦੇ।ਰੋਰੀ ਤੀਰਨ ਵੁੱਠੇ ਛਹਿਬਰ ਸੀ ਲਗੀ।
ਹਥਾਵੱਥ ਹੁਇ ਕੁੱਠੇ ਅੱਗੇ ਆਂਵਦੇ। ਤੜਫਤਿ ਧਰ ਪਰ ਲੁੱਠੇ ਪਏ ਕਰਾਂਹਦੇ॥ ੧੨॥
[ਰੁਤ ੪ ਅੰਸੂ ੧੬

੫. ਬ੍ਰਿਜਭਾਸ਼ਾ—ਆਪ ਦੀ ਰਚਨਾਂ ਹੀ ਇਸੇ ਬੋਲੀ ਵਿਚ ਹੈ ਉਦਾਹਰਣ ਦੇਣ ਦੀ ਕੋਈ ਖਾਸ ਲੋੜ ਨਹੀਂ।

## ੪. ਘੋੜਿਆਂ ਸੰਬੰਧੀ—

੧. ਤਨ ਕੋ ਬਰਨ ਦਿਪਤ ਇਸ ਭਾਂਤੀ। ਮਨਹੁੰ ਤਾਫਤਾ ਸੁੰਦਰ ਕਾਂਤੀ।
ਜੁਗਮ ਸ਼੍ਰੋਨ ਲਘੁ ਸੁੰਦਰ ਖਰੇ। ਆਯੁਤ ਛਾਤੀ ਲੋਚਨ ਖਰੇ॥ ੭॥
ਅਲਪ ਗਾਮਚੀ, ਸੁੰਮ ਬਡੇਰੇ। ਬੰਕੀ ਗ੍ਰੀਵ ਚਲਹਿ ਜਿਸ ਬੇਰੇ।......
ਸੁੰਦਰ ਚਾਲ ਪਾਇ ਕਰਿ ਫੇਰਾ। ਰੋਕਤਿ ਚਾਹਤਿ ਬੇਗ ਬਡੇਰਾ।
ਬਹੁਰੋ ਲਾਗਾ ਫੇਰਨਿ ਕੀਨਿ। ਕਰਤਿ ਓਜ ਗੁਰ ਧੀਰਜ ਦੀਨ॥ ੯॥
ਛੋਟੀ ਛਾਲ ਉਛਾਲਨਿ ਕਰੇ। ਗਿਨਿ ਗਿਨਿ ਚਰਨ ਮਨਹੁ ਧਰਿ ਧਰੇ।
ਬਹੁਰ ਧਵਾਇ ਬੇਗ ਕੋ ਹੇਰਾ। ਭਾਖਤਿ ਕਵਿ ਤਿਹ ਸੁਜਸੁ ਬਡੇਰਾ॥ ੧੦॥
ਜਨੁ ਬਾਜੀ ਮੇਲੀ ਬਡ ਬਾਜੀ। ਨਟ ਬਾਜੀ ਜਿਸ ਦੇਖਤਿ ਲਾਜੀ।
ਪੌਨ ਗੌਨ ਕੋ ਕੀਨ ਪਿਛੇਰੇ। ਬਪੁਰੇ ਮ੍ਰਿਗ ਕਹਾਂ ਸਮ ਦੌਰੇਂ॥ ੧੧॥
ਮਨ ਕੇ ਸਾਥ ਸਖਾਪਨ ਧਾਰੇ। ਜਨੁ ਚਪਲਾ ਕੋ ਚਪਲ ਸਿਖਾਰੇ।
ਨਯਨ ਨਾਗਰੀ ਤੇ ਹੁਇ ਆਗਰ। ਕਿਧੋਂ ਜੂਪ ਕੋ ਦਾਵ ਉਜਾਗਰ॥ ੧੨॥
ਛਾਤੀ ਛੁਵੈਂ ਛਾਲ ਪਗ ਦੌਨ। ਛਿਤ ਲਗ ਪਾਛਲ ਪਾਇ ਸੁ ਔਨ।
ਥਰਕਤਿ ਮਨਹੁ ਥਾਰ ਮਹਿਂ ਮੋਤੀ। ਜਨੁ ਜਲ ਮਛਲੀ ਇਤ ਉਤ ਹੋਤੀ॥੧੩॥
[ਰਾਸ ੬ ਅੰਸੂ ੪੬

੨. ਤੇਜ ਜਾਨ ਭਾਈ ਕਰ ਛੇਰਾ। ਗਿਨਿ ਗਿਨਿ ਚਰਨ ਧਰੇ ਤਿਸ ਬੇਰਾ।
ਲਘੁ ਛਾਲਨ ਤੇ ਸੋਹਤਿ ਬਾਜੀ। ਜਨੁ ਉੱਤਮ ਨਟ ਕੀਨਸਿ ਬਾਜੀ॥ ੩੬॥
ਸੁੰਮ ਆਗਲੇ ਛੁਵਤਿ ਸੁ ਛਾਤੀ। ਕਰਤਿ ਕੁੰਡਲੀ ਜੁਗ ਇਕ ਭਾਂਤੀ।
ਛਿਤ ਛੁਹਾਇ ਪਾਛਲ ਪਗ ਜਾਨੂੰ। ਉਠਿ ਉਠਿ ਪਰਤਿ ਸ਼ੁਭਤਿ ਬਲਵਾਨੂੰ॥ ੩੭॥
ਚਪਲਤਿ ਚਲਤਿ ਕਹਾਂ ਮ੍ਰਿਗਛੌਨਾ। ਧਾਇ ਪਿਛਾਰੀ ਡਾਰਤਿ ਪੌਨਾ।
ਇਕ ਦੁਇ ਛਾਰ ਕਰਾਇ ਬਡੇਰੀ। ਧੀਰ ਦੇਤਿ ਰੋਕਯੋ ਤਿਸ ਬੇਰੀ॥ ੩੮॥
[ਰਾਸ ੭ ਅੰਸੂ ੩੯

੩. ਹਯ ਅਰੁਢਿਬੇ ਬਿਦਜਾ ਫੇਰਨ। ਅਧਿਕ ਧਵਾਵਹਿਂ ਫਾਂਧਹਿਂ ਪ੍ਰੇਰਨ॥ ੧੩॥
ਛਾਲ ਬਿਸਾਲ ਅਲਪ ਕਰਵਾਵਹਿ। ਬਾਗਨ ਕੇ ਅਨੁਸਾਰ ਭ੍ਰਮਾਵਹਿਂ।
ਕਰਹਿਂ ਕੁੰਡਲਾਕਾਰ ਬਿਸਾਲੇ। ਪਲਟਹਿਂ ਤੁਰਤ ਫੁਰਤ ਕਰ ਨਾਲੇ॥ ੧੪॥
ਪੁਨਹਿਂ ਅਟੇਰਨ ਕੀ ਬਿਧ ਪ੍ਰੇਰਨ। ਹੋਤ ਚਲਾਕੀ ਫਿਰ ਫਿਰ ਫੇਰਨ। [ਰੁਤ ੧ ਅੰਸੂ ੧੮

੪. ਅੜੀਅਲ ਘੋੜਿਆਂ ਦੇ ਐਬ ਭੀ ਆਪ ਨੂੰ ਪਤਾ ਸਨ, ਯਥਾ:—

ਇਕ ਬੜਵਾ ਤਹਿਂ ਖਰੀ ਤਬੇਲੇ। ਜਿਸ ਪਰ ਚੜਨੌਂ ਅਧਿਕ ਦੁਹੇਲੇ ॥ ੩੪ ॥
ਅਤਿ ਅਰੀਅਲ ਨਹਿਂ ਚਲਹਿ ਅਗਾਰੇ। ਹਤੈ ਕਸਾ ਬਹੁ ਪੁਸ਼ਤ ਨਿਕਾਰੇ।
ਚਰਖੀ ਫਿਰਿ ਗੇਰਹਿ ਅਸਵਾਰਾ। ਫਾਂਧਤਿ ਬੱਕ੍ਰ ਨ ਦੇਹਿ ਸੰਭਾਰਾ ॥ ੩੫ ॥
ਭਾਜ ਚਲਹਿ ਤਬਿ ਅਟਕਹਿ ਨਾਂਹੀ। ਮੂਹਤਾਣੀ ਬਹੁ ਐਬਨ ਮਾਂਹੀ।

[ਰਾਸ ੧ ਅੰਸੂ ੪

## ੧੨. ਧਿਆਨ ਮੂਰਤੀ।

ਕਵਿ ਸੰਤੋਖ ਸਿੰਘ ਜੀ ਨੇ ਆਪਣੇ ਭਗਤੀ ਭਾਵ ਤੇ ਪ੍ਰੇਮ ਤਰੰਗਾਂ ਵਿਚ ਸਤਿਗੁਰਾਂ ਦੇ ਸਰੂਪ ਵਰਣਨ ਕੀਤੇ ਹਨ, ਇਸ ਤਰ੍ਹਾਂ ਕਿ ਧਿਆਨ ਵਿਚ ਮੂਰਤੀ ਝਾਉਲੇ ਮਾਰਨ ਲਗ ਜਾਂਦੀ ਹੈ। ਏਹ ਬੰਦਸ਼ਾਂ ਕਵਿਤਾ ਦੇ ਚਮਤਕਾਰਾਂ ਨਾਲ ਮਾਲਾ ਮਾਲ ਹਨ। ਯਥਾ:—

੧. ਸ੍ਰੀ ਗੁਰ ਨਾਨਕ ਦੇਵ ਜੀ ਦੇ ਅਤਿ ਸੂਖਮ ਬਾਲ ਅਵਸਥਾ ਦੇ ਦਰਸ਼ਨ—

ਸਭਿ ਅੰਗਨ ਕੇ ਸੁੰਦਰ ਲੱਛਨ। ਲਗਜੇ ਬਿਲੋਕਨਿ ਬਿੱਪ ਬਿਚੱਛਨ।
ਅਰੁਨ ਚਰਨ ਬਰ ਮ੍ਰਿਦੁਲ ਸੁਹਾਵੈਂ। ਜਿਮ ਦਲ ਕੋਕਨਦੰ ਦੁਤਿ ਪਾਵੈਂ ॥੨੭॥
ਭੁਜਾ ਆਜਾਨ ਕੰਧ ਸ਼ੁਭ ਊਚੇ। ਕਰਜ ਅਰੁਨ ਜਿਉਂ ਨਗ ਹੁਇੰ ਸੂਚੇ।
ਕਰ ਸ਼ਾਖਾ ਇਕਸਾਰ ਬਿਸਾਲਾ। ਉਰ ਆਯੁਤ ਸ਼ੋਭਤਿ ਛਬਿ ਛਾਲਾ ॥ ੨੮ ॥
ਦਾਹਨ ਕਰ ਮਹਿਂ ਚਮਰ ਬਨਾਵਾ। ਛਤਰ ਬਾਮ ਮਹਿਂ ਰੁਚਿਰ ਸੁਹਾਵਾ।
ਕੋਮਲ ਗੋਲ ਕਪੋਲ ਸੁਹਾਵਨ। ਉਨਤ ਨਾਸਕਾ ਮੋਦ ਬਢਾਵਨ ॥ ੨੯ ॥
ਅਰਧੰ ਚੰਦ੍ਰਾਕਾਰ ਲਿਲਾਰੰ। ਧਨੁ ਭ੍ਰਿਕੁਟੀ ਸੁਕ੍ਰਚ ਬਿਨ ਬਾਰੰ।

[ਨਾ: ਪ੍ਰ: ਪੂ: ਕਿ: ੪

੨. ਸ੍ਰੀ ਗੁਰ ਨਾਨਕ (ਯੁਵਾ ਅਵਸਥਾ) ਦਰਸ਼ਨ—

ਸੁੰਦਰ ਬਦਨ ਪਰ ਤਨਕ ਸ਼ਮਸ ਮਸ, ਮਾਨਹੁੰ ਸ਼ਿੰਗਾਰ ਨਿਜ ਰੂਪ ਪ੍ਰਗਟਾਵਈ।
ਕਿਧੌਂ ਸੰਸੀ ਪਾਸ ਰਹਿ ਪਸਰਯੋ ਤਮਸ ਜਸ, ਕਿਧੌਂ ਮੁਖ ਸਾਰਸ ਮੈਂ ਮਧੁਪ ਸੁਹਾਵਈ।
ਭੁਜਾਂ ਹੈ ਪ੍ਰਲੰਬ ਭਾਰੀ, ਉੱਨਤ ਸਿਕੰਧ ਚਾਰੀ, ਦਯਾ ਭਰੀ ਨੈਨ ਕੋਰ ਚਿੱਤ ਕੋ ਚੁਰਾਵਈ।
ਕੁੰਡਲ ਕਪੋਲ ਪਰ ਝਲਕਤਿ ਲੋਲ ਭਏ, ਚਿਬੁਕ ਅਮੋਲ ਛਬਿ ਹੇਰੇ ਤੇ ਲੁਭਾਵਈ ॥੧੬॥

[ਨਾ: ਪ੍ਰ: ਪੂ: ਧਿ: ੧੬

੩. ਸ੍ਰੀ ਗੁਰ ਨਾਨਕ (ਵੀਰ ਰਸੀ) ਦਰਸ਼ਨ—ਹੇਠਲੇ ਛੰਦ ਵਿਚ ਸਰੂਪ ਦਾ ਵਰਣਨ ਨਹੀਂ ਪਰ ਗੁਰੂ ਜੀ ਨੂੰ ਜੋਧੇ ਦਾ ਰੂਪ ਦੇਕੇ ਧਰਮ ਯੁੱਧ ਲਈ ਦੈਵੀ ਗੁਣਾਂ ਦਾ ਗੁਣ ਸਰੂਪ ਬਿੰਨ੍ਹ ਵਿਖਾਇਆ ਹੈ।

ਦਿਗਬਿਜੈ ਹੇਤ ਸਾਜਿ ਬੇਦੀ ਕੁਲ ਕੇਤ ਦਲ ਚਲੇ ਦੰਭ ਦਲਿਬੇ ਕਉ ਦਲਨਿ ਬਿਦਾਰਿਯਾ। ਭਗਤਿ ਕੀ ਕੇਤ ਪਟ ਪ੍ਰੇਮ ਕੇ ਸਮੇਤ ਕਰ, ਕੀਰਤਿ ਨਿਸ਼ਾਨੋ ਘਹਿਰਾਨੋ ਘਨ ਭਾਰਿਯਾ। ਗਜਾਨ ਕੋ ਖੜਗ ਧਰਿ, ਜੁਗਤ ਕਮਾਨ ਕਰਿ, ਨਾਨਾ ਦ੍ਰਿਸ਼ਟਾਂਤ ਲੀਨ ਸਿਲੀਮੁਖ ਧਾਰਿਯਾ। ਜਹਾਂ ਦਿਢ ਕੋਟ ਤਹਾਂ ਕਰਾਮਾਤ ਤੋਪ ਸੰਗ ਢਾਹਿਕੇ ਮੈਦਾਨ ਕੀਨ, ਮਿਲੇ ਅਰਿ ਹਾਰਿਯਾ ॥ ੨ ॥ ਨਾਮ ਕੇ ਭਜਨ ਨੀਕੋ ਪਹਿਰ ਸੰਨਾਹ

ਤਨ, ਕੋਟਿਕ ਤਰਕ ਤਰਵਾਰ ਨ ਕਟਤਿ ਹੈ। ਨੀਵੇਂ ਮਨ ਰਾਖਨ ਸਿਪਰ ਗਹਿ ਹਾਥ ਬਿਖੈ ਕ੍ਰੋਧ ਰੂਪ ਬਾਨ ਜਾਂਕੇ ਛੁਇ ਨ ਸਕਤਿ ਹੈ। ਧੀਰਜ ਸੰਤੋਖ ਸਤਿ ਦਾਨ ਇਸ਼ਨਾਨ ਮਤਿ ਦਯਾ ਉਪਕਾਰ ਅਤਿ ਸ੍ਰਧਾ ਜੀ ਛਕਤਿ ਹੈ। ਧਰਮ ਤੇ ਆਦਿ ਜੋਧਾ ਔਰ ਬਡੇ ਚਢੇ ਸੰਗ ਜੀਤਿਬੇ ਕੋ ਮੋਹ ਮਾਰ ਮਾਰ ਹੀ ਰਟਤ ਹੈਂ ॥੩॥ [ਨਾ: ਪ੍ਰ: ਪ੍ਰ: ਪਿ: ੬੦

੪. ਸ੍ਰੀ ਗੁਰੂ ਹਰਿ ਗੋਵਿੰਦ ਦਰਸ਼ਨ—

ਉਦੇ ਭਯੋ ਦਿਨਕਰ ਜਿਸ ਕਾਲੇ। ਪਹਿਰਜੋ ਜਾਮਾ ਜਿਸ ਗਨ ਪਾਲੇ।
ਛਬਿ ਉਸ਼ਨੀਕ ਸੀਸ ਪਰ ਧਾਰੀ। ਜਿਗਾ ਬਧੀ ਊਪਰ ਦੁਤਿ ਕਾਰੀ ॥ ੬ ॥
ਕਲਗੀ ਮੁਕਤਾ ਗੁੱਛ ਉਜਾਲਾ। ਮੁਖ ਮੰਡਲ ਪਰ ਕੁੰਡਲ ਝਾਲਾ।
ਮਾਲ ਬਿਸਾਲ ਸੁਢਾਲ ਜਿ ਮੁਕਤਾ। ਸਬਜ਼ੇ ਹੀਰਨ ਚਾਰ ਸੁ ਯੁਕਤਾ ॥ ੭ ॥
ਨਵਰਤਨੇ ਪਹਿਰਤਿ ਛਬਿ ਪਾਇ। ਜਨ ਨਵ ਗ੍ਰੇਹ ਤਿਸਕੇ ਮਿਸ ਆਏ।
ਅੰਗਦ ਸੁੰਦਰ ਸ਼ੋਭਤਿ ਜ਼ਾਹਰ। ਜ਼ਬਤ ਜ਼ੇਬ ਜਿਨ ਜਰੇ ਜਵਾਹਰ ॥ ੮ ॥
ਕੰਕਨ ਕੰਚਨ ਕੇ ਖਚਿ ਹੀਰੇ। ਛਾਪ ਛਲਾਯਨ ਛਬਿ ਗੰਭੀਰੇ।
[ਰਾਸ ੪ ਅੰਸੂ [illegible]

ਦੁਇ ਸ਼ਮਸ਼ੇਰ ਗਰੇ ਸਮ ਸ਼ੇਰ। ਕਢ ਨਿਖੰਗ ਕਰ ਮਹਿੰ ਧਨੁ ਹੇਰਿ।
ਸ਼ਸਤ੍ਰਨ ਸਹਿਤ ਡੀਲ ਬਰ ਬੰਕਾ। ਸੁਖਦ ਸੇਵਕਨਿ ਰਿਪੁਨਿ ਅਤੰਕਾ ॥ ੯ ॥
[ ਰ ਸ ੪ ਅੰਸੂ [illegible]

ਦਿਨ ਪ੍ਰਤਿ ਸਤਿਗੁਰ ਚਾਰੁ ਸ਼ਰੀਰ। ਬਲ ਯੁਤਿ ਬਧਹਿ ਰਿਦੇ ਬਹੁ ਧੀਰ।
ਚਰਨ ਬਿਲੰਦ ਮ੍ਰਿਦੁਲ ਅਰਬਿੰਦ। ਨਖ ਸੁੰਦਰ ਯੁਤ ਅੰਗੁਰੀ ਬ੍ਰਿੰਦ ॥ ੧੯ ॥
ਏੜੀ ਜੁਕਤਿ ਅਰੁਣ ਹੈ ਬਰਣ। ਗੁਲਫ ਉਤੰਗ ਸ਼ੁਭੋਪਰ ਚਰਣ।
ਜਾਨੂੰ ਜੰਘ ਮਹਾਂ ਦਿਢ ਹੋਏ। ਮਨਹੁ ਓਜ ਕੇ ਥੰਭ ਖਰੋਏ ॥ ੨੦ ॥
ਆਯੁਤ ਛਾਤੀ ਅਤਿਸ਼ੈ ਗਾਢੇ। ਬੱਜ੍ਰ ਕਪਾਟ ਕਠਨ ਰਿਪੁ ਠਾਢੇ।
ਉਦਰ ਸਤ੍ਰਿਵਲੀ ਸੁੰਦਰ ਮੋਹਤਿ। ਨਾਭਿ ਗੰਭੀਰ ਦਿਖਤਿ ਚਿਤ ਮੋਹਤਿ ॥੨੧॥
ਬਾਹੁ ਅਜਾਨ ਸੁ ਅਸ ਅਜ ਮਾਨੋ। ਸ਼ੁਭਤਿ ਕਰੀ ਕਰ ਬਲੀ ਮਹਾਨੋ।
ਦਿਪਤਿ ਪ੍ਰਚੰਡ ਬਡੇ ਭੁਜਦੰਡ। ਮਨਹੁੰ ਬੱਜ੍ਰ ਕੇ ਇਹ ਜੁਗ ਖੰਡ ॥ ੨੨ ॥
ਤੁੰਗ ਸਿਕੰਧਨ ਤੇ ਬਹੁ ਛੈਲ। ਜਿਮ ਕ੍ਰਿਖਿਚਰ ਸ਼ੁਨੋ ਬਡ ਬੈਲ।
ਗ੍ਰੀਵਾ ਸਵਾ ਗਲਿਸ਼ਟਿ ਉਚੇਰੀ। ਮੁਕਤਾ ਹੀਰਨਿ ਦਿਪਤਿ ਘਨੇਰੀ ॥ ੨੩ ॥
ਚਿਬੁਕ ਚਾਰੁ ਚੌਰੀ ਕੁਛ ਗੋਲ। ਸੁੰਦਰ ਚਮਕਤਿ ਜੁਗਲ ਕਪੋਲ।
ਅਧਰ ਮ੍ਰਿਦੁਲ ਅਰ ਲਾਲ ਬਿਸਾਲਾ। ਹੀਰਨਿ ਪੰਕਤਿ ਦੰਤ ਉਜਾਲਾ ॥ ੨੪॥
ਮੁਸਕਾਵਤਿ ਐਸੇ ਦਮਕਾਵਤਿ। ਸੰਪੁਟ ਬਿੱਦ੍ਰਮ ਕਲੀ ਲਖਾਵਤਿ।
ਮੁਖ ਮੰਡਲ ਆਯੁਤ ਦਿਪਤਾਵੈ। ਕਮਲ ਪ੍ਰਫੁੱਲਜਤਿ ਮਹਤ ਲਖਾਵੈ ॥ ੨੫ ॥
ਸ਼ਾਰਦ ਚੰਦ ਮਨਹੁੰ ਸੁਖਕੰਦ। ਬਚਨ ਸੁਧਾ ਸ੍ਰਵਤੇ ਗਨ ਬੂੰਦ।
ਦੀਰਘ ਦਰਸ਼ਨ ਦੇਖਤਿ ਭਾਵੇ। ਕੀਰ ਨਾਸਕਾਂ ਤੁੰਗ ਸੁਹਾਵੇਂ ॥ ੨੬ ॥
ਕੁੰਡਲ ਕਰਨ ਜਰਾਊ ਬਨੇ। ਡੋਲਤਿ ਰੁਚਿਰ ਲਾਗ ਧਨ ਘਨੇ।

ਕਮਲ ਪਾਂਖਰੀ ਚਾਰੁ ਸਰੇਖੀ। ਆਂਖ ਬਡੀ ਜੁਗ ਤੀਖੀ ਤੀਖੀ॥ ੨੭॥
ਬਰਨੀ ਕੁਟਿਲ ਕੋਰ ਸਮ ਬਾਨਾ। ਤਿਰਛੀ ਚਿਤਵਨ ਕ੍ਰਿਪਾ ਨਿਧਾਨਾ।
ਦੁੰਦਭਿ ਸੁਰ ਸੋਂ ਸ਼ਬਦ ਗੰਭੀਰਾ। ਉਪਦੇਸ਼ਤਿ ਸਿੱਖਨ ਬਰ ਬੀਰਾ॥ ੨੮॥
ਭ੍ਰਿਕੁਟੀ ਕੁਟਿਲ ਕਮਾਨ ਸਮਾਨਾ। ਭਰਜੇ ਭਾਗ ਤੇ ਭਾਲ ਮਹਾਨਾ।
ਮੇਚਕ ਚਿੱਕ੍ਰਨ ਕੇਸ਼ ਵਿਸ਼ੇਸ਼। ਸਿਰ ਉਸ਼ਨੀਕ ਸੁਹਾਇ ਅਸ਼ੇਸ਼॥ ੨੯॥
ਕਲਗੀ ਜਿਗਾ ਜ਼ੇਬ ਜਿਨ ਜ਼ਾਹਰ। ਜ਼ਬਰ ਜੋਤਿ ਜਗਮਗਤਿ ਜਵਾਹਰ।
ਸਰਬ ਬਿਭੂਖਨ ਭੂਖਤਿ ਭਾਰੇ। ਬਰਣ ਬਰਣ ਬਰ ਬਸਤ੍ਰ ਸੁਧਾਰੇ॥ ੩੦॥
ਧਨੁ ਬਿੱਦਜਾ ਅਭਜਾਸ ਕਮਾਵੈਂ। ਕਹਿ ਕਹਿ ਖਪਰੇ ਤੀਰ ਘਰਾਵੈਂ।
ਧਰਿ ਧਰਿ ਮਾਰਹਿਂ ਦੂਰ ਨਿਸ਼ਾਨਾ। ਬਡੇ ਬੇਗ ਤੇ ਛੁਟਹਿਂ ਬਾਨਾ॥ ੩੧॥
ਚਾਂਪ ਕਠੋਰ ਕਹਤਿ ਬਨਿਵਾਵਹਿਂ। ਬਡ ਬਲ ਕਰਿ ਜੋ ਐਂਚਜੇ ਜਾਵਹਿ।
ਸੰਮਤ ਏਕ ਬਿਤਹਿ ਪੁਨ ਕਹੈਂ। ਧਨੁ ਦੁਗਨੋ ਦਿਢ ਕਰ ਮਹਿਂ ਗਹੈਂ॥ ੩੨॥
ਜੰਗੀ ਤੀਰ ਫੁਲਾਦੀ ਖਪਰੇ। ਕਹਿ ਕਹਿ ਬ੍ਰਿੰਦ ਕਰਾਵਹਿਂ ਅਪਰੇ।
ਹੇਰਿ ਹੇਰਿ ਤੀਖਨ ਬਡ ਤੀਰ। ਸ੍ਰੀ ਸਤਿਗੁਰ ਹਰਿਗੋਬਿੰਦ ਧੀਰ॥ ੩੩॥
ਤੁਰਕ ਸ਼ੱਤ੍ਰੁਗਨ ਅੰਗ ਮਝਾਰਾ। ਮਮ ਕਰ ਤੇ ਪ੍ਰਵਿਸ਼ਹਿਂ ਕਿਸ ਬਾਰਾ।
ਕਬਹੁ ਜੰਗ ਮਹਿਂ ਹੋਇ ਨਿਸੰਗ। ਕਰੌਂ ਪ੍ਰਹਾਰਨ ਖਰਨ ਖਤੰਗ॥ ੩੪॥
ਕਬਿ ਤੁਫੰਗ ਕੋ ਕਹੈਂ ਚਲਾਵੈਂ। ਮਾਰਿ ਲੱਛ ਕੋ ਤਰੈ ਗਿਰਾਵੈਂ।
ਮੁੰਗਰੀ ਗਹਿ ਭਾਰੀ ਕੋ ਫੇਰਹਿਂ। ਅਨਿਕ ਬਾਰ ਬਾਹਨ ਤੇ ਪ੍ਰੇਰਹਿਂ॥ ੩੫॥
ਸਰਬ ਨਰਨ ਤੇ ਡੀਲ ਬਡੇਰੋ। ਨਹਿਂ ਸਮ ਅਪਰ ਕਹੂੰ ਕਿਤ ਹੇਰੈ।
ਭੁਜਾ ਜੰਘ ਆਦਿਕ ਅੰਗ ਸਾਰੇ। ਕਰਹਿਂ ਸਰਾਹਨ ਮਿਲਹਿਂ ਨਿਹਾਰੇ॥ ੩੬॥

[ ਰਾ:ਸ ੪ ਅੰਸੂ ੪੫

ਸ਼੍ਰੀ ਗੁਰ ਗੋਬਿੰਦ ਸਿੰਘ (ਬੀਰਰਸੀ) ਦਰਸ਼ਨ—

ਸੋਹਤਿ ਸੁਠ ਸੋਢੀ ਕੁਲ ਟੀਕਾ। ਦਰਸ਼ਨ ਕਰਹਿਂ ਭਾਵ ਧਰਿ ਜੀਕਾ।
ਜੁਗਲ ਚਰਨ ਅੰਬੁਜ ਅਰੁਨਾਰੇ। ਨਖ ਪਿਖਿ ਸਸਿ ਟੁਕਰਾ ਦੁਤਿ ਹਾਰੇ॥੨੦॥
ਮ੍ਰਿਦੁਲ ਅਧਿਕ ਰੇਖਾ ਜੁਤ ਤਰਵਾ। ਸੋ ਦੁਤਿ ਜਾਨਹਿ ਜਿਨਹਿ ਨਿਹਰਿਵਾ।
ਜੁਗਲ ਜੰਘ ਕਦਲੀ ਇਕਸਾਰੀ। ਕਟ ਮਹਿਂ ਕਾਛ ਕਛੀ ਛਬਿ ਨਜਾਰੀ॥੨੧॥
ਕੁੰਭੀ ਸ਼ਿੰਡੁ ਸੁੰਡ ਭੁਜਦੰਡੇ। ਕੰਚਨ ਅੰਗਦ ਮੰਡਨ ਮੰਡੇ।
ਕਟ ਮਹਿਂ ਜਟਤਿ ਤੁਨੀਰ ਸੁਹਾਯੋ। ਚੰਦ੍ਰਹਾਸੁ ਇਕ ਦਿਸ਼ਿ ਛਬਿ ਪਾਯੋ॥੨੨॥
ਧਨੁਖ ਕਠੋਰ ਸਿਕੰਧੇ ਧਾਰਾ। ਕੋਸਨ ਲਗ ਜਿਸਕੀ ਹੈ ਮਾਰਾ।
ਪੰਕਜ ਪਾਨ ਬਾਨ ਇਕ ਲੀਨੇ। ਕਬਿ ਕਬਿ ਫੇਰ ਪਿਖਹਿਂ ਦ੍ਰਿਗ ਦੀਨੇ॥੨੩॥
ਅੰਸ ਉਤੰਗ ਸਿੰਘ ਕੀ ਨਜਾਈ। ਜਾਮਾ ਗਰੇ ਬਿਮੋਲ ਸੁਹਾਈ।
ਉਰ ਬਿਸਤਾਰ ਮੋਤੀਅਨਿ ਮਾਲ। ਝੁਲਤਿ ਝਮਕ ਦੁਤਿ ਹੋਤਿ ਉਜਾਲਾ॥੨੪॥
ਸ਼ਮਸ ਬਦਨ ਪਰ ਸੁੰਦਰ ਸੋਹੀ। ਮਧੁਪਾਵਲਿ ਪੰਕਜ ਪਰ ਹੋਹੀ।
ਕੁੰਡਲ ਚੰਚਲ ਕਾਨਨਿ ਮਾਹੀਂ। ਮੁਖ ਮੰਡਲ ਪਰ ਸ਼ੋਭਤਿ ਛਾਹੀ॥ ੨੫॥

ਕ੍ਰਿਪਾ ਭਰੇ ਦ੍ਵੈ ਨੈਨ ਰਸੀਲੇ। ਚਿਤਵਨ ਤਿਰਛੇ ਛਕਤਿ ਛਬੀਲੇ।
ਬਿਨ ਗੁਨ ਧਨੁਖ ਕੁਟਿਲ ਅਸ ਭੌਹੈਂ।ਭਾਲ ਭਾਗ ਭਰਿ ਹੁਇ ਸਭ ਸੌਹੈਂ ॥੨੬॥
ਚਿਕਨੇ ਕੇਸ ਪਾਸ ਸਰਸਾਏ। ਜਨੁ ਪੰਨਗ ਛੌਨਾ ਸਮੁਦਾਏ।
ਸੀਸ ਬੰਧੀ ਉਸ਼ਨੀਕ ਸੁਹਾਈ। ਊਪਰ ਜਿਗਾ ਅਧਿਕ ਛਬਿ ਛਾਈ॥ ੨੭ ॥
ਕਲਗੀ ਝੁਲਤਿ ਉਤੰਗ ਸੁਰੰਗਾ। ਜਟਤਿ ਜਵਾਹਰਿ ਜੇ ਬਹੁ ਰੰਗਾ।
ਪ੍ਰਰਟ ਦੰਡ ਜਟਤੀ ਬਹੁ ਜਾਂਹੀ। ਢੁਰਤਿ ਚੌਰ ਚਾਰਹੁ ਦਿਸ ਮਾਂਹੀ॥ ੨੮ ॥
ਜਗਮਗ ਭੂਖਨ ਕਰਤਿ ਸਰੀਰਾ। ਬੈਠੇ ਬਿਕਸਤਿ ਮੁਖ ਬਰ ਬੀਰਾ।
ਹਿੰਦੁ ਧਰਮ ਰੱਛਕ ਗੁਨ ਸਾਗਰ। ਤੁਰਕ ਤਰਨ ਤੋਰਨ ਗਜ ਨਾਗਰ॥ ੨੯ ॥
ਜੇ ਅਸ ਧ੍ਯਾਨ ਰਿਦੇ ਮਹੁੰ ਧਰਿਹੀਂ। ਬਿਨ ਪ੍ਰਯਾਸ ਜਗ ਸਾਗਰ ਤਰਿਹੀਂ।
[ ਰੁਤ ੪ ਅੰਸੂ ੧੭

ਇਸੇ ਤਰ੍ਹਾਂ ਆਪ ਨੇ ਰੁਤ ੧ ਅੰਸੂ ੨੧ ਵਿਚ ਸ੍ਰੀ ਕਲਗੀਧਰ ਜੀ ਦਾ ਬੀਰ ਰਸੀ ਚਿੱਤ੍ਰ ਅੰਕ ੧੮ ਤੋਂ ੩੯ ਤੱਕ ਬੜਾ ਲੰਬਾ ਤੇ ਵਚਿੱਤ੍ਰ ਬੱਧਾ ਹੈ।

## ੧੩. ਕਵੀ ਜੀ ਦੇ ਰਚਿਤ ਗੁਰੂ ਜਸ ਦੇ ਦੁਰਲਭ ਛੰਦ।

ਇਸ ਗ੍ਰੰਥਾਵਲੀ ਵਿਚ ਗੁਰੂ ਜਸ ਦੇ ਛੰਦ, ਗ੍ਰੰਥ ਦੇ ਛਪ ਜਾਣ ਕਰਕੇ, ਸਭ ਨੂੰ ਪ੍ਰਾਪਤ ਹਨ, ਪਰ ਕਵੀ ਜੀ ਦੇ ਹੋਰ ਐਸੇ ਚਮਤਕਾਰੀ ਛੰਦ ਪ੍ਰਾਪਤਿ ਨਹੀਂ। ਓਹ ਵਿਸ਼ੇਸ਼ ਕਰਕੇ ਰਾਮਾਯਣ ਵਿਚ ਜਗਾ ਜਗਾ ਹਨ। ਜੋ ਛੰਦ ਦੋਹਾਂ ਗ੍ਰੰਥਾਂ ਵਿਚ ਸਾਂਝੇ ਹਨ ਸੋ ਅਸਾਂ ਪਿੱਛੇ ਬਾਲਮੀਕ ਰਾਮਾਯਣ ਦੇ ਹਾਲ ਵਿਚ ਨਕਸ਼ੇ ਵਿਚ ਦਿਖਾ ਦਿਤੇ ਹਨ, ਪਰ ਜੋ ਛੰਦ ਰਾਮਾਯਣ ਆਦਿ ਹੋਰ ਥਾਵਾਂ ਤੇ ਲਿਖੇ ਹਨ ਪਰ ਗੁ: ਪ੍ਰ: ਸੂ: ਵਿਚ ਨਹੀਂ ਆਏ, ਓਹ ਪਾਠਕਾਂ ਨੂੰ ਪ੍ਰਾਪਤਿ ਨਹੀਂ ਹਨ, ਕਿਉਂਕਿ ਰਾਮਾਯਣ ਤੇ ਕੋਸ਼ ਆਦਿ ਗ੍ਰੰਥ ਹੁਣ ਆਮ ਮਿਲਣ ਵਾਲੀਆਂ ਪੁਸਤਕਾਂ ਨਹੀਂ ਹਨ। ਇਸ ਕਰਕੇ ਓਹ ਛੰਦ ਅਸੀਂ ਸੰਕਲਤ ਕਰਕੇ ਏਥੇ ਦੇਂਦੇ ਹਾਂ, ਤਾਕਿ ਕਵੀ ਜੀਦੀ ਕੀਤੀ ਹੋਈ ਮਿਹਨਤ ਤੇ ਪ੍ਰੇਮਾ ਭਗਤੀ ਤੋਂ ਇਸ ਗ੍ਰੰਥ ਦੇ ਪਾਠਕ ਪੂਰਨ ਲਾਭ ਉਠਾ ਸਕਣ।

੧. ਕਬਿਤ—

ਸ੍ਰੀ ਗੁਰੂ ਨਾਨਕ ਅਨੂਪ ਬ੍ਰਹਮ ਰੂਪ ਭਏ ਅੰਗਦ ਅਮਰ ਗੁਰੂ ਰਾਮਦਾਸ ਦੋਸ਼ ਹਰਿ।
ਸਤਿਗੁਰੂ ਅਰਜਨ ਸ੍ਰੀ ਹਰਿਗੁਬਿੰਦ ਚੰਦ ਹਰਿਰਾਇ ਦੇਤਿ ਹੈਂ ਅਨੰਦ ਕੋ ਬਿਲੰਦ ਬਰ।
ਕਸ਼ਟ ਨਿਕੰਦ ਹਰਿ ਕ੍ਰਿਸ਼ਨ ਮੁਕੰਦ ਜਨ ਤੇਗ ਸੁ ਬਹਾਦਰ ਬਿਸ਼ਾਰਦ ਬਿਗ੍ਯਾਨ ਤਰ[1]।
ਸ੍ਰੀ ਗੁਬਿੰਦਸਿੰਘ ਲੌ ਅਰਿੰਦਮ[2]ਪਦਾਰਬਿੰਦ ਬੰਦੋਂ ਬੈਦਿ ਦੁੰਦ ਹਰਿਦੁੰਦ ਹਾਥ ਬੰਦ ਕਰਿ[3]।
[ਬਾਲ ਕਾਂਡ ਸਰਗ ੧

੨. ਹਾਥ ਪੇ ਬਿਰਾਜਜੋ ਬਾਜ, ਸਾਜਿਓ ਅਖੇਰ ਸਾਜ, ਰਾਜੇਂ ਮਹਾਂਰਾਜ ਦੁਤਿ ਲਾਜਤਿ ਅਨੰਗ ਕੋ।
ਕੰਧੇ ਪੇ ਕਮਾਨ, ਏਕ ਪਾਨ ਗਹੀ ਬਾਗ ਤਾਨ[4], ਕਟ ਸੌਂ ਕ੍ਰਿਪਾਨ ਕਸਜੋ ਸੁੰਦਰ ਨਿਖੰਗ ਕੋ।

---

[1]ਜੋ ਤੱਤ੍ਵ ਗ੍ਯਾਨ ਵਿਚ ਪ੍ਰਸਿੱਧ ( ਅਥਵਾ ਚਤੁਰ ) ਹੋਏ ਹਨ ਉਹਨਾਂ ( ਸਭਨਾਂ ) ਤੋਂ ਵਿਸ਼ੇਸ਼ ਹਨ।
[2]ਵੈਰੀਆਂ ਨੂੰ ਦਮਨ (ਨਾਸ਼) ਕਰਨ ਵਾਲੇ। [3]ਦੋਵੇਂ ਹੱਥ ਜੋੜਕੇ ਦੁੰਦਾਂ ਦੇ ਨਾਸ਼ ਕਰਨ ਵਾਲੇ (ਸਾਰੇ) (ਗੁਰੂ ਸਾਹਿਬਾਂ) ਨੂੰ ਬੰਦਨਾਂ ਕਰਦਾ ਹਾਂ। [4]ਖਿੱਚ ਕੇ (ਘੋੜੇ ਦੀ) ਵਾਗ ਇਕ ਹੱਥ ਵਿਚ ਫੜੀ ਹੋਈ ਹੈ।

ਦਿਪੇ ਮੁਖ ਮੰਡਲ; ਸੁਹਾਇੰ ਕਾਨ ਕੁੰਡਲ, ਅਖੰਡਲ ਕੇ ਨਾਥ[1] ਹੋਤਿ ਅੰਚਲ ਉਤੰਗ ਕੋ[2]
ਕਲਗੀ ਸੁਹਾਵਤਿ, ਪ੍ਰਮੋਦ ਕੋ ਬਢਾਵਤਿ ਹੈਂ, ਆਵਤਿ ਕੁਦਾਵਤਿ ਕੁਰੰਗ ਜਜੋਂ ਤੁਰੰਗ ਕੋ[3] ॥੪॥

[ਅਜੱਧਯਾ ਕਾਂਡ ਸਰਗ ੧

੩. ਸ੍ਰੀ ਗੁਰ ਨਾਨਕ ਕੀਰਤਿ ਰਾਨੀ ਕੀ ਸੇਜ ਸੁਹਾਇ, ਅਕਾਸ਼ ਨਹੀਂ[4]।
ਛਾਈ ਨੀਲਾਂਬਰ ਸੋ ਨਹਿਂ ਸਜਾਮਤਾ, ਪਾਸਿ ਪਿਟਾਰੀ ਨ ਚੰਦ ਤਹੀਂ[5]।
ਤਾਂ ਮੱਧਿ ਪਾਈ ਮ੍ਰਿਗੰਮਦ ਦੀਸਤਿ ਹੈ ਨ ਕਲੰਕ ਨਿਸੰਕ ਲਹੀਂ[6]।
ਹੈਂ ਕਲਿਕਾ ਮਲਿਕਾ ਕੀ ਬਖੇਰੀ ਉਡੰਗਨ ਪਾਂਤਿ ਨ ਜਾਨੀ ਸਹੀ[7] ॥੧੬॥

[ਅਰਿਨਿ ਕਾਂਡ ਸਰਗ ੧੨

੪. ਕਬਿੱਤ—ਮਾਸ ਬਿਖੇ ਏਕਿ ਦਿਨ ਪੂਰਨ ਰਹਿਤਿ ਸੋਊ[8] ਏ[9] ਤੋ ਸਦਾ ਏਕਸਾਰ ਪੂਰਨ ਰਹਿਤਿ ਹੈ। ਸੋ ਤੌ ਗੁਰੂ ਦੋਖ ਹੂੰ ਤੇ ਤ੍ਰਿਸਕ੍ਰਿਤਿ ਹੋਯੋ ਰਹੈ[10] ਏ ਤੌ ਐਸੇ ਦੋਸ਼ ਕੋ ਦਰਸ ਤੇ ਦਹਿਤ ਹੈ[11]। ਦਿਨ ਮੇਂ ਮਲੀਨ ਸ਼ੋਭਾਹੀਨ ਸੋ ਸੰਤੋਖ ਸਿੰਘ, ਸਦਾ ਈ ਪ੍ਰਕਾਸ਼ੇ ਇਹ ਸੁਜਸ ਸਹਿਤ ਹੈ। ਸ੍ਰੀ ਗੁਬਿੰਦ ਸਿੰਘ ਮੁਖ ਚੰਦ ਕੀ ਬਰਾਬਰੀ ਕੋ ਕੈਸੇ ਸੋਊ ਚੰਦ ਸਕਲੰਕ ਹ੍ਵੈ ਚਹਿਤ ਹੈ[12] ॥੧੭॥

[ਅਰਿਨ ਕਾਂਡ ਸਰਗ ੧੨

੫. ਦੋਹਰਾ—ਸ੍ਰੀ ਕਲਗੀਧਰ ਰਾਵਰੇ ਅਚਰਜ ਚਲਿਤਿ ਗੰਭੀਰ।
ਸ਼ੱਤ੍ਰ ਮਿੱਤ੍ਰ ਕੋ ਪਰਖਿ ਕੇ ਬਖਸ਼ਤਿ ਹੈ ਨਿਜ ਤੀਰ[13] ॥ ੧੮॥ [ਅਰਿਨ ਕਾਂਡ ਸ: ੧੨

੬. ਕਬਿੱਤ—ਸਫਲ ਪਰਸ ਅਰ ਸਦਲ ਦਰਸ ਬਰ[14], ਸੁਮਨ ਬਿਕਾਸੇਂ ਗਜਪਤਿ

---

[1]ਇੰਦਰ ਦੇ ਸੁਆਮੀ ਹਨ। [2]ਪੱਲਾ ਉੱਚਾ ਉਡ ਰਿਹਾ ਹੈ। [3]ਘੋੜੇ ਨੂੰ ਹਰਨ ਵਾਂਗ ਕੁਦਾਉਂਦੇ ਆਉਂਦੇ ਹਨ। [4](ਇਹ) ਅਕਾਸ਼ (ਜੋ ਦਿਖਾਈ ਦੇ ਰਿਹਾ ਹੈ, ਇਹ ਅਕਾਸ਼) ਨਹੀਂ, (ਇਹ ਤਾਂ) ਸ੍ਰੀ ਗੁਰੂ ਨਾਨਕ (ਦੇਵ ਜੀ ਦੀ) ਕੀਰਤੀ ਰੂਪ ਰਾਣੀ ਦੀ ਸਿਹਜਾ ਸ਼ੋਭ ਰਹੀ ਹੈ। [5](ਤੇ ਦਿੱਸ ਰਿਹਾ ਨੀਲ) ਕਾਲੋਂ ਨਹੀਂ ਹੈ ਉਹ ਤਾਂ ਨੀਲੇ ਕੱਪੜੇ ਨਾਲ (ਉਹ ਸਿਹਜਾ) ਛਾਈ ਹੋਈ ਹੈ, (ਤੇ ਚੰਦ) ਚੰਦ ਨਹੀਂ, ਇਹ ਓਥੇ (ਸਿਹਜਾ ਦੇ) ਪਾਸ ਪਈ ਪਿਟਾਰੀ ਹੈ। [6](ਤੇ ਜੇਹੜਾ ਚੰਦ ਦੇ ਵਿਚ ਕਲੰਕ ਦਿੱਸ ਰਿਹਾ ਹੈ ਉਹ) ਬਿਨਾਂ ਸੰਸੇ ਕਲੰਕ ਨਹੀਂ ਹੈ (ਉਹ) ਉਸ (ਪਟਾਰੀ) ਵਿਚ ਪਾਈ ਕਸਤੂਰੀ ਦਿੱਸ ਰਹੀ ਹੈ। [7](ਤੇ) ਤਾਰਿਆਂ ਦੀ ਪੰਗਤੀ ਨੂੰ (ਬੀ ਤਾਰੇ) ਨਾ ਜਾਣੋ (ਓਹ) ਨਿਸਚੇ ਚੰਬੇਲੀ ਦੀਆਂ ਕਲੀਆਂ ਹਨ (ਜੋ ਸਿਹਜਾ ਪਰ) ਬਿਖੇਰੀਆਂ ਹੋਈਆਂ ਹਨ। [8]ਉਹ (ਅਕਾਸ਼ਾਂ ਪਰ ਵਿਚਰਨ ਵਾਲਾ ਚੰਦ) ਮਹੀਨੇ ਵਿਚ ਇਕ ਦਿਨ ਪੂਰਨ ਰਹਿੰਦਾ ਹੈ (ਨਹੀਂ ਤਾਂ ਘਟਦਾ ਵਧਦਾ ਹੀ ਰਹਿੰਦਾ ਹੈ)। [9](ਪਰ) ਏਹ (ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੁਖ ਚੰਦਰਮਾ)। [10]ਚੰਦਰਮਾਂ ਨੂੰ ਉਸ ਦੇ ਗੁਰੂ ਨੇ ਸ੍ਰਾਪ ਦਿਤਾ ਸੀ ਸੋ ਤ੍ਰਿਸਕਾਰਿਆ ਰਹਿੰਦਾ ਹੈ। [11]ਤੇ ਗੁਰੂ ਜੀ ਦਾ ਮੁਖ ਤਾਂ ਆਪਣੇ ਦਰਸ਼ਨ ਨਾਲ ਗੁਰੂ ਸਰਾਪਿਆਂ ਦੇ ਦੋਸ਼ਾਂ ਨੂੰ ਦੂਰ ਕਰਦਾ ਹੈ। [12](ਭਲਾ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚੰਦ੍ਰ ਮਖ ਦੀ ਬਰਾਬਰੀ ਨੂੰ ਕਿਵੇਂ ਉਹ ਕਲੰਕ ਵਾਲਾ ਚੰਦ ਪੁਜ ਸਕਦਾ ਹੈ? [13]ਤੀਰ ਇਕ ਪਦ ਵਰਤਕੇ ਸ਼ੱਤ੍ਰੂ ਤੇ ਮਿਤ੍ਰ ਲਈ ਦੋ ਅਰਥ ਵੱਖ ਵੱਖ ਕਰਕੇ ਚਮਤਕਾਰ ਦਿਖਾਇਆ ਹੈ। ਇਕ ਤਾਂ 'ਤੀਰ' ( ਅਸਤ੍ਰ ) ਹੈ ਜੋ ਵੈਰੀ ਨੂੰ ਬਖਸ਼ਦੇ (ਮਾਰਦੇ) ਹਨ। ਦੂਸਰਾ ਅਰਥ ਸਮੀਪਤਾ ਨਜ਼ਦੀਕੀ ਹੈ ਜੋ ਮਿੱਤ੍ਰਾਂ ਨੂੰ ਦੇਂਦੇ ਹਨ। [14]ਇਸ ਛੰਦ ਵਿਚ ਕਲਪ ਬ੍ਰਿਛ ਨਾਲ ਸਤਿਗੁਰੂ ਜੀ ਦੀ ਉਪਮਾ ਢੁਕਾ ਢੁਕਾ ਕੇ ਅੰਤ ਵਿਚ ਅਧਿਕਤਾ ਦਿਖਾਈ ਹੈ। ਅਰਥ—(ਸਤਿਗੁਰਾਂ ਦਾ) ਪਰਸਣਾਂ ਤਾਂ (ਕਲਪ ਬ੍ਰਿਛ ਦੇ) ਫਲਾਂ ਸਮੇਤ (ਹੋਣ ਸਮ ਹੈ ਤੇ) ਦਰਸ਼ਨ ਕਰਨਾ ਪੱਤਿਆਂ ਸਮੇਤ (ਹੋਣ ਦੇ ਤੁਲ) ਹੈ।

ਸੇਵੇਂ ਚਾਇਕੇ[੧] । ਰਸ ਮੈਂ ਬਿਸੇਖ ਅੰਗ ਜਸ ਮੈਂ ਬਿਸੇਖ ਹੈ ਸੁ ਬਾਸ ਮੈਂ ਬਿਸੇਖ
ਦੇਖ ਅਭਿਖੇਕੈਂ ਧਾਇਕੇ[੨] । ਜਾਚਕ ਕੋ ਦਾਨ ਦੇ ਪਦਾਰਥ ਚਹਤ ਜੋਇ, ਦੁਜ
ਬ੍ਰਿੰਦ ਜਾਂਕੇ ਰਹੈਂ ਆਸਰੇ ਸੁਹਾਇਕੇ[੩] । ਚੇਤਨ ਨ ਸੁਰ ਤਰੁ ਮੋਖ ਦੇ ਨ ਭੇਦ ਯਹਿ, ਦੋਊ
ਹੈਂ ਅਧਿਕ ਸ੍ਰੀ ਗੁਬਿੰਦ ਸਿੰਘ ਰਾਇਕੇ[੪] ॥ ੫ ॥ [ਕਿਸ਼ਕਿੰਧਾ ਕਾਂਡ ਸਰਗ ੧

੭. ਰਿਪੁਨ ਕੋ ਤਾਪ ਦੇਤਿ, ਲੇਤਿ ਹੈਂ ਪ੍ਰਤਾਪ ਪੁੰਜ, ਕਾਇਰਤਾ ਦੇਤਿ, ਜਬਿ ਲੇਤਿ
ਪ੍ਰਾਨ ਜੋਧ ਕੋ[੫] । ਧੀਰਜ ਕੋ ਲੇਤਿ ਹੈਂ, ਅਧੀਰਜ ਕੋ ਦੇਤਿ ਉਰ[੬], ਬੁੱਧਿ ਬੋਧ
ਲੇਤਿ ਆਪ, ਦੇਤਿ ਹੈਂ ਅਬੋਧ ਕੋ[੭] । ਲੈਤਿ ਬਿਜੈ ਲੱਛਮੀ, ਪਰਾਜੈ ਅਰਿ ਦੇਤਿ, ਜਬਿ
ਤੀਰਨ ਕੀ ਚੋਟ ਦੇਤਿ, ਲੇਤਿ ਪ੍ਰਾਨ ਜੋਧ ਕੋ[੮] । ਸ਼੍ਰੀ ਗੋਬਿੰਦ ਸਿੰਘ ਜੁੱਧ ਰਚਜੋ ਹੈ
ਬਜਾਰ ਕਿਧੌਂ, ਕਰਤਿ ਬਨਜ ਲਾਭ ਵਾਰੋ ਸੋਧ ਸੋਧਿ ਕੋ[੯] ॥ ੩੬ ॥ [ਕਿਸ਼ਕਿੰਧਾ ਕਾਂਡ ਸਰਗ ੬੭

੮. ਸਵੈਯਾ–ਰਾਵਰਿ ਮੰਡਲ ਨੀਤਿ ਅਖੰਡ ਹੈ[੧੦] ਸੋ ਖੰਡ ਖੰਡ ਘਟੇ ਬਧਿ ਹੋਕੇ[੧੧] ।
ਸੂਰ ਸਮੀਪਿ ਪ੍ਰਕਾਸ਼ ਨ ਤਾਂ ਕਹੁ ਆਪਿ ਬਡੇ ਸਿਰਮੌਰ ਤਿਨੋਕੇ[੧੨] ।

---

[੧](ਸੁਹਣੇ ਮੁਖਾਰਬਿੰਦ ਦਾ ਸਦਾ) ਖਿੜੇ ਰਹਿਣਾ (ਉਸ ਦੇ) ਫੁਲਾਂ (ਸਮਾਨ ਤੇ ਇਹ ਬੀ ਗਲ ਸਮਾਨ ਹੀ ਹੈ ਕਿ ਕਲਪ ਤਰੂ ਨੂੰ) ਐਰਾਵਤਿ ਹਾਥੀ ਸੇਂਵਦੇ ਹਨ (ਤੇ ਇਧਰ ਗੁਰੂ ਜੀ ਨੂੰ ਬੀ ਐਰਾਵਤਿ ਹਾਥੀ) ਚਾਊ ਨਾਲ (ਸਵਾਰੀ ਦਿੰਦੇ ਹਨ)। [੨]ਰਸ ਵਿਚ ਦੁਇ (ਸਭ ਤੋਂ) ਵਿਸ਼ੇਸ਼ ਹਨ (ਉਸ ਵਿਚ ਜਲ ਰੂਪੀ ਰਸ ਹੈ, ਗੁਰੂ ਜੀ ਵਿਚ ਨਾਮ ਰੂਪੀ ਰਸ ਹੈ), ਜਸ ਵਿਚ (ਬੀ ਦੁਏ) ਵਿਸ਼ੇਸ਼ ਹਨ, (ਦੁਏ ਮੂੰਹੋਂ ਮੰਗੀ ਮੁਰਾਦ ਦੇਂਦੇ ਹਨ) ਸੁਗੰਧੀ ਵਿਚ (ਬੀ ਦੁਇ) ਵਿਸ਼ੇਸ਼ ਹਨ (ਉਸ ਦੀ ਸੁਗੰਧੀ ਸਰੀਰਕ ਹੈ, ਗੁਰੂ ਜੀ ਦੀ ਸੁਗੰਧੀ ਕੀਰਤੀ ਹੋਕੇ ਫੈਲ ਰਹੀ ਹੈ) (ਏਹ ਗੁਣ) ਦੇਖਕੇ (ਉਸ ਨੂੰ ਦੇਵਤੇ) ਪੂਜਦੇ ਹਨ, (ਗੁਰੂ ਜੀ ਨੂੰ ਦੇਵਤੇ ਅਰ ਮਾਨੁਖ ਦੋਏ) ਪੂਜਦੇ ਹਨ। [੩]ਯਾਚਕਾਂ ਨੂੰ ਜੋ ਓਹ ਚਾਹੁੰਦੇ ਹਨ ਓਹੀ ਪਦਾਰਥ (ਗੁਰੂ ਜੀ ਤੇ ਕਲਪ ਬ੍ਰਿਛ ਪਾਸੋਂ) ਦਾਨ ਮਿਲ ਜਾਂਦੇ ਹਨ। (ਫਿਰ ਉਧਰ) (ਦੁਜ=) ਬ੍ਰਾਹਮਣ (ਤੇ ਇਧਰ ਗੁਰੂ ਜੀ ਦੇ) ਆਸਰੇ (ਦੁਜ=ਦ੍ਵਿਜਨਮੇ=) ਅੰਮ੍ਰਿਤਧਾਰੀ ਸਿੰਘ ਰਹਿੰਦੇ ਸ਼ੋਭਦੇ ਹਨ। [੪](ਪਰ) ਕਲਪ ਬ੍ਰਿਛ ਨਾ ਚੇਤਨ ਹੈ ਨਾ ਮੁਕਤੀ ਦਾਤਾ ਹੈ, ਦੋਵੇਂ (ਗੁਣ ਚੇਤਨ ਹੋਣਾ ਤੇ ਮੋਖ ਦੇਣਾ) ਵੱਧ ਹਨ ਸ੍ਰੀ ਗੁਬਿੰਦ ਸਿੰਘ ਰਾਇ ਜੀ ਦੇ।

[੫]ਇਸ ਕਬਿੱਤ ਵਿਚ ਕਵੀ ਜੀ ਨੇ ਕਲਗੀਧਰ ਜੀ ਦੇ ਜੁਧ ਨੂੰ ਬਜ਼ਾਰ ਦੇ ਸੌਦਾ ਲੈਣ ਦੇਣ ਦੇ ਰੂਪਕ ਵਿਚ ਵਰਣਨ ਕੀਤਾ ਹੈ, ਕਹਿੰਦੇ ਹਨ ਕਿ:–ਵੈਰੀਆਂ ਨੂੰ ਸੰਤਾਪ ਦੇਕੇ (ਆਪ) ਮਹਾਨ ਪ੍ਰਤਾਪ ਲੈਂਦੇ ਹਨ ਤੇ ਜਦੋਂ (ਵੈਰੀ) ਦੇ ਜੋਧਿਆਂ ਦੇ ਪ੍ਰਾਨ ਲੈਂਦੇ ਹਨ (ਤਾਂ ਕਾਇਰਾਂ ਨੂੰ) ਕਾਇਰਤਾ ਦਿੰਦੇ ਹਨ (ਭਾਵ ਓਹ ਡਰ ਕੇ ਨੱਸ ਜਾਂਦੇ ਹਨ)। [੬](ਆਪ) ਧੀਰਜ ਲੈਂਦੇ ਹਨ (ਤੇ ਵੈਰੀਆਂ ਨੂੰ) ਅਧੀਰਜ ਦਿੰਦੇ ਹਨ (ਭਾਵ ਆਪ ਪੈਰ ਗੱਡਕੇ ਧੀਰਜ ਨਾਲ ਯੁਧ ਕਰਦੇ ਹਨ ਤਾਂ ਵੈਰੀ ਧੀਰਜ ਧਾਰਕੇ ਖੜੇ ਨਹੀਂ ਸਕਦੇ।)

[੭]ਭਾਵ ਆਪ ਪਰਮ ਸਿਆਣਪ ਤੇ ਨਿਪੁੰਨਤਾ ਨਾਲ ਹਰ ਪਹਿਲੂ ਤੇ ਵਿਚਾਰ ਕੇ ਯੁਧ ਕਰਦੇ ਹਨ ਤੇ ਉਸ ਜੁਧ ਨਿਪੁਨਤਾ ਦੇ ਅੱਗੇ ਵੈਰੀ ਦੀ ਮੱਤ ਮਾਰੀ ਜਾਂਦੀ ਹੈ। [੮]ਜਦੋਂ ਤੀਰਾਂ ਦੀ ਚੋਟ ਦੇਂਦੇ ਹਨ ਤਾਂ ਵੈਰੀ ਦੇ ਪ੍ਰਾਣ ਲੈ ਲੈਂਦੇ ਹਨ ਤਦੋਂ ਬਿਜੈ ਲੱਛਮੀ ਲੈ ਲੈਂਦੇ ਹਨ ਤੇ ਵੈਰੀ ਨੂੰ ਹਾਰ ਦੇ ਦੇਂਦੇ ਹਨ। [੯]ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਜੁੱਧ ਰਚਿਆ ਹੈ ਯਾ ਬਜ਼ਾਰ, ਜਿਸ ਵਿਚ (ਆਪ) ਸੋਧ ਸੋਧਕੇ ਲਾਭ ਵਾਲੇ ਵਣਜ ਕਰਦੇ ਹਨ। [੧੦]ਆਪ ਦਾ (ਮੁਖ) ਮੰਡਲ ਸਦਾ ਇਕ ਰਸ ਹੈ। [੧੧]( ਪਰ ) ਉਹ ( ਚੰਦ ਮੰਡਲ ) ਵਧਕੇ ਜਰਾ ਜਰਾ ਹੋਕੇ ਘਟਦਾ ਹੈ ਯਾ, ਉਹ ਘਟਦਾ ਵਧਦਾ ਖੰਡਿਤ ਹੁੰਦਾ ਰਹਿੰਦਾ ਹੈ। [੧੨](ਫਿਰ ਉਸ ਦਾ) ਸੂਰਜ ਦੇ ਪਾਸ ਹੋਣ ਤੇ ਪ੍ਰਕਾਸ਼ ਨਹੀਂ ਰਹਿੰਦਾ ( ਪਰ ) ਆਪ ਉਹਨਾਂ ( ਸੂਰਜ ਚੰਦ੍ਰ ਦੁਹਾਂ ) ਦੇ ਸ਼੍ਰੋਮਣੀ ਹੈ।

ਰਾਹੁ ਤੇ ਸੋ ਦੁਖ ਪਾਵਤਿ ਹੈ ਦਬਿ ਤਾਂਤੇ ਹੁਲਾਸ ਕਰੋ ਦੁਖ ਖੋਕੈ[1] ।
ਤੁਲਜ ਨ ਚੰਦ ਕੇ ਗੋਬਿੰਦਸਿੰਘ ਜੀ ! ਆਨੰਦ ਕੰਦ ਬਿਲੰਦ ਜਿਨੈਂ ਕੋ[2] ॥੩੧॥
੯. ਬੁਧ ਰੂਪ ਅਨੂਪ ਹੀ ਸੰਗਿ, ਅਨੇਕ ਸਮੀਪਿ ਸਦਾਈ ਬਿਰਾਜਤਿ ਹੈਂ[3] ।
ਜਹਿਂ ਮੰਗਲ ਨੀਤਿ ਉਮੰਗਤਿ ਹੈਂ ਰੰਗ ਰੰਗ ਅਪਾਰ ਹੀ ਸਾਜਤਿ ਹੈਂ[4] ।
ਕਮਲਾ ਕਰ ਬ੍ਰਿੰਦ ਖੁਲੈ ਕਰ ਪਾਇ ਹੁਲਾਸ ਮਹਾਂ ਉਪਰਾਜਤਿ ਹੈ[5] ।
ਕਿਮਿ ਚੰਦ ਸਮਾਨ ਕਹੈਂ ਕਲਗੀਧਰ ਨਜਾਇ ਕਵੀ ਉਰ ਲਾਜਤਿ ਹੈਂ[6]॥੩੨॥

[ਸੁੰਦਰ ਕਾਂਤ ਸਰਗ ੬੮

੧੦. ਦੋਹਰਾ—ਧਨੁਖ ਪਾਨ ਉਰ ਗਜਾਨ ਘਨ ਕਟ ਸੌਂ ਤੇਗ ਨਿਖੰਗ[7] ।
ਮੁਕਤਾ ਮਾਲ ਬਿਸਾਲ ਗਰ ਕਲਗੀ ਸੀਸ ਉਤੰਗ ॥ ੧੪ ॥

[ਅਯੋ: ਕਾਂਡ ਸਰ: ੧੩੨ ਤੇ ਗਰਬ ਗੰਜਨੀ ਦਾ ਆਦਿ

੧੧. ਜਗਮਗਾਤ ਕਲਗੀਨ ਕੇ ਜਰੇ ਜਵਾਹਰ ਜੋਇ ।
ਜਨੁ ਸਤਿਗੁਰ ਕੇ ਤੇਜ ਨੇ ਤਾਰੇ ਤੋਰਿ ਪਰੋਇ ॥ ੬ ॥ [ ਗਰਬ ਗੰਜਨੀ

੧੨. ਕਬਿੱਤ—
ਏਕੋਂਕਾਰ* ਉਤਪਤਿ ਸਤਿਗੁਰੂ ਮੋਹਿ ਗਤਿ ਜਗਤਿ ਭਗਤਿ ਦੇਤ ਕਰਤਿ ਉਧਾਰ ਹੈਂ[8] ।
ਨਾਨਕ ਜੀ ਦੇਭ ਖੰਡ ਬਿਘਨ ਬਿਨਾਸਨ ਜੇ ਦਾਸਨਕੇ ਗਤਿਕਾਰ ਸਿਖ ਹਿਤਕਾਰ ਹੈਂ ।
ਅੰਗਦ ਅਜਰ ਜਰ ਫੇਰੂ ਆਨ[9] ਜਾਨਿਯੇ ਜੁ,ਤੇਜੋ ਨੰਦ ਅਮਰ ਕਿ ਬਰ ਦਾ ਉਦਾਰਹੈਂ ।
ਸੋਢਿ ਅਵਤੰਸ ਰਾਮਦਾਸ ਸੁਧਾਸਰ ਕਾਰ[10] ਅਰਜਨ ਧੁਜ ਧ੍ਰੰਮ ਭਗਤਿ ਬਿਥਾਰ ਹੈਂ ॥ ੧ ॥
ਸ੍ਰੀ ਹਰਿਗੁਵਿੰਦ ਸੁੰਦਰੰਗ ਹੈਂ ਨਿਖੰਗਧਾਰੀ ਪੌਂਵੇ ਕੋ ਨਿਕੰਦਕਾਰੀ ਚੰਦ੍ਰਹਾਸ ਧਰਿਹੈਂ[11] ।

---

[1](ਚੰਦ) ਰਾਹੂ ਤੋਂ ਦਬਕੇ ਦੁਖ ਪਾਉਂਦਾ ਹੈ ਤੇ ਆਪ ਉਸ ਦਾ ਦੁਖ ਦੂਰ ਕਰਕੇ (ਉਸ ਨੂੰ) ਆਨੰਦ ਬਖਸ਼ਣ ਵਾਲੇ ਹੋ। [2]ਸ੍ਰੀ ਗੁਰੂ ਗੋਬਿੰਦ ਸਿੰਘ ਜੀਓ ! (ਆਪ) ਜਿਨ੍ਹਾਂ (ਚੰਦ ਆਦਕਾਂ)ਨੂੰ ਮਹਾਂ ਆਨੰਦ ਦੇ ਦਾਤੇ ਹੋ (ਉਹ) ਚੰਦ (ਆਪ ਦੀ) ਤੁਲਯਤਾ ਨਹੀਂ ਪਾ ਸਕਦਾ। (ਅ) ਜਿਨ੍ਹਾਂ ਦਾ ਆਤਿਸ਼ੈ ਆਨੰਦ ਸਰੂਪ ਹੈ। [3](ਜੇ ਇਹ ਕਹੀਏ ਕਿ ਚੰਦ ਦੇ ਪਾਸ ਬੁਧ ਗ੍ਰਹ ਰਹਿੰਦਾ ਹੈ ਤਾਂ ਉਸ ਬੁਧ ਨਾਲੋਂ ਬੀ) ਅਨੂਪਮ ਰੂਪ ਵਾਲੇ ਅਨੇਕ ਬੁੱਧ ਸਦਾ ਆਪਦੇ ਸੰਗ ਬਿਰਾਜ ਰਹੇ ਹਨ। [ਬੁਧ=ਇਕ ਗ੍ਰੈਹ। ਬੁੱਧ=ਨਿਰਵਾਣ ਅਵਸਥਾ ਨੂੰ ਪ੍ਰਾਪਤ ਪੁਰਖ]। [4](ਚੰਦ੍ਰਮਾਂ ਨੂੰ ਮੰਗਲ ਨੇੜੇ ਹੈ ਪਰ ਆਪ ਦਾ ਦ੍ਵਾਰਾ ਵੱਡਾ ਹੈ) ਜਿੱਥੇ ਕਿ (ਅਨੇਕਾਂ) ਮੰਗਲ ਸਦਾ ਉਮੰਗਾਂ ਦੇ ਭਰੇ ਹੋਏ ਅਪਾਰ ਰੰਗਾਂ ਦੀ ਸਾਜਨਾ ਕਰਦੇ ਰਹਿੰਦੇ ਹਨ। [ਮੰਗਲ=ਇਕ ਗ੍ਰੈਹ। ਮੰਗਲ=ਆਨੰਦ]। [5](ਚੰਦ੍ਰਮਾਂ ਦੇ ਦਰਸ਼ਨ ਨਾਲ ਕਮਲ ਬੰਦ ਹੁੰਦੇ ਤੇ ਕੁਮੁਦਨੀਆਂ ਖਿੜਦੀਆਂ ਹਨ ਪਰ ਤੁਸਾਂ ਤੋਂ) ਕਮਲ ਵਾੜੀ (ਤੁੱਲ ਸਿੱਖ ਸਮੂਹ, ਦਰਸ਼ਨ ਰੂਪ) ਕਿਰਨਾਂ ਪਾਕੇ ਆਨੰਦ ਹੋ ਪਾਸ ਪ੍ਰਕਾਸ਼ ਰਹੇ ਹਨ। [6]ਕਿਵੇਂ ਆਖੀਏ ਕਿ ਚੰਦ ਕਲਗੀਧਰ ਜੀ ਦੇ ਸਮਾਨ ਹੈ, ਨਜਾਇ ਕਵੀ ਦੇ ਰਿਦੇ ਨੂੰ ਲੱਜਿਤ ਕਰ ਰਿਹਾ ਹੈ। [7]ਭੱਥਾ। [8]ਮੇਰੇ (ਦਸੋ) ਸਤਿਗੁਰੂ ਜੋ ਏਕਓਂਕਾਰ ਤੋਂ ਉਤਪਤ ਹੋਏ ਹਨ ਜਗਤ ਨੂੰ ਭਗਤੀ ਤੇ ਮੁਕਤੀ ਦੇਕੇ ਉਧਾਰ ਕਰਦੇ ਹਨ।(ਅ) ਏਕੰਕਾਰ ਹੀ ਸਤਿਗੁਰ ਹੋ ਉਪਜਿਆ ਅਥਵਾ ਪ੍ਰਗਟਿਆ। (ੲ) ਜਗਤ ਨੂੰ ਭਗਤੀ ਦੇਕੇ ਜੋ ਉਧਾਰ ਕਰਦੇ ਹਨ ਮੈਨੂੰ ਬੀ ਗਤੀ ਦੇਵਣ। [9]ਅਜਰ ਨੂੰ ਜਰਨ ਵਾਲੇ ਬਾਬਾ ਫੇਰੂ ਜੀ ਦੇ ਸਪੁਤ੍ਰ ਸ੍ਰੀ ਗੁਰੂ ਅੰਗਦ ਦੇਵ ਜੀ। [10]ਸੁਧਾ ਸਰੋਵਰ ਰਚਣ ਵਾਲੇ। [11](ਮੀਰੀ ਤੇ ਪੀਰੀ) ਦੀਆਂ ਕ੍ਰਿਪਾਨਾਂ ਧਾਰਨ ਵਾਲੇ।

*ਹਥੀ ਕਲਮ ਲਿਖਿਤ ਮੂਲ ਵਿਚ ਪਾਠ ਇਸੇ ਤਰ੍ਹਾਂ ਹੈ।

ਗੁਰੂ ਹਰਿਰਾਇ ਸਪਤਮ ਪਾਤਿਸਾਹ ਦਾਸ ਦਾਰਿਦ ਬਿਨਾਹ ਜਾਂਕੀ ਸਾਖ ਜਗ ਭਰਿ ਹੈ।
ਦਰਸ ਦੁਖਾਰੀ[1] ਹਰਿਕ੍ਰਿਸਨ ਅਪਾਰੀ ਕਾਲ ਕੰਟਕ ਬਿਦਾਰੀ ਸਿੱਖ ਬਾਲ ਬੈਸ ਗੁਰ ਹੈਂ।
ਤੇਗ ਜੀ ਬਹਾਦਰ ਤੁਰਕ ਜਰ ਨਾਸਕਾਰੀ ਦਾਸ ਜੋ ਸੰਤੋਖ ਸਿੰਘ ਕੁਮਤਿਤਾ ਹਰਿ ਹੈਂ ॥ ੨ ॥

੧੩. ਸਵੈਯਾ—ਹਰਿ ਗੋਵਿੰਦ ਨੰਦਨ ਨੰਦਨ[2] ਬੰਦਨ ਹਿੰਦ ਅਲੰਬ ਸੁ ਪੰਥ ਪ੍ਰਕਾਸ਼ੀ।
ਕਲਗੀਧਰ ਦੁਖ ਹਤੂ, ਅਘ ਹਾ[3], ਦਸਵਾਂ ਸੁ ਗੁਰੂ ਗਿਰ ਰਾਜਨ ਨਾਸੀ।
ਦਿਜ ਗੋ ਰਛਕਾਰ ਸਦਾ ਤੁਰਕਾਰਿ[4] ਧਰਾ ਰਖਵਾ ਬ੍ਰਿਖ ਕੋ ਸੁਖਰਾਸੀ[5]।
ਗੁਰ ਗੋਬਿੰਦ ਸਿੰਘ ਸਰਾਸਨ ਕੋ ਧਰਿ ਦਾਸਨ ਕੇ ਗਤਿ ਦਾ ਅਬਿਨਾਸ਼ੀ ॥ ੩ ॥

੧੪. ਦੋਹਰਾ—ਦਸੋ ਪਾਤਿਸਾਹੀ ਗੁਰੂ ਧਰਜੋ ਜਗਤ ਅਵਤਾਰ।
ਪ੍ਰਿਥਕ ਪ੍ਰਿਥਕ ਮਮ ਬੰਦਨਾ ਸਿਰ ਚਰਨਨ ਪਰ ਧਾਰਿ ॥ ੪ ॥
[ਨਾਮ ਕੋਸ਼ ਪ੍ਰਥਮ ਵਰਗ

੧੫. ਨਾਨਕਾਦਿ ਪਤਿਸਾਹ ਦਸ ਗੋਬਿੰਦ ਸਿੰਘ ਕ੍ਰਿਪਾਲ।
ਨਮਸਕਾਰ, ਮੁਰ ਉਰ ਬਸੈਂ, ਟੂਟ ਜਾਂਹਿ ਜਮਜਾਲ ॥ ੨ ॥
[ਨਾਮ ਕੋਸ਼ ਦੂਸ ਵਰਗ

੧੬. ਸਵੈਯਾ—ਜਗਦੇਖ ਦੁਖੀਜੁਗ ਲੋਕਨ ਤੇਸੁਖ ਲੇਸ਼ ਨ ਪ੍ਰਾਪਤਿਹੈ ਕਿਹ ਥਾਈਂ[6]।
ਰਟਿ ਦੇਸ਼ ਬਿਦੇਸ਼ਨ ਨੌ ਖੰਡ ਲੌ ਹਰਿ ਕੀਰਤਿ ਕੀ ਸ਼ੁਭ ਰੀਤਿ ਚਲਾਈ।
ਜਿਨ ਧਾਰਿ ਕ੍ਰਿਪਾ ਸਭਿ ਊਪਰ ਭੂਰ ਦਿਯੋ ਉਪਦੇਸ਼ ਸੁ ਪੰਥ ਬਤਾਈ।
ਗੁਰ ਨਾਨਕ ਜੁ ਸੁਖ ਸਾਗਰ ਕੋ ਪਦ ਬੰਦਨ ਕੀਨ ਭਲੇ ਹਿਤ ਲਾਈ ॥ ੧ ॥

੧੭. ਦੋਹਰਾ—ਸ੍ਰੀ ਅੰਗਦ ਗੁਰ ਅਮਰ ਜੀ ਰਾਮਦਾਸ ਗੁਨ ਖਾਨਿ।
ਗੁਰ ਅਰਜਨ ਸਿਰਜਨ ਸੁਖਨ ਹਰਿ ਗੁਬਿੰਦ ਗਤਿਦਾਨਿ ॥੨॥

੧੮. ਸ੍ਰੀ ਹਰਿ ਰਾਇ ਹਰਿ ਕ੍ਰਿਸ਼ਨ ਜੀ ਤੇਗ ਬਹਾਦਰ ਨਾਮ।
ਸਭਨਿ ਕਰੌਂ ਪਦ ਬੰਦਨਾਂ ਪੂਰਤਿ ਅਭਿਮਤਿ ਕਾਂਮ[7] ॥ ੩ ॥

੧੯. ਸਵੈਯਾ—ਕਲਗੀ ਛਬਿ ਚਾਰੁ ਛਕੀ ਸਿਰਪੈ ਧਰੀਆ ਕਰ ਤੀਰ ਸਰਾਸਨ ਕੇ[8]।
ਮ੍ਰਿਦੁ ਹਾਸ ਕਟਾਖ, ਅਵਾਸ ਕ੍ਰਿਪਾ, ਦੁਖ ਰਾਸ ਹਰੈਂ ਜਮ ਵਾਸਨ ਕੇ[9]।
ਮੁਖ ਵਾਕ ਪ੍ਰਕਾਸ਼ ਕਰੈਂ ਸਬਿਲਾਸ ਬਿਖੇਦ ਹੀ ਮੋਖ ਪ੍ਰਯਾਸਨ ਕੇ[10]।
ਗੁਰ ਗੋਬਿੰਦ ਸਿੰਘ ਨਮੋ ਪਦ ਪੰਕਜ ਤ੍ਰਾਸ ਬਿਨਾਸਨ ਦਾਸਨ ਕੇ ॥ ੪ ॥

---

[1]ਜਿਨ੍ਹਾਂ ਦਾ ਦਰਸ਼ਨ ਦੁੱਖਾਂ ਦਾ ਅਰੀ (ਵੈਰੀ) ਹੈ। [2]ਭਾਵ ਸ੍ਰੀ ਗੁਰੂ ਗੋਬਿੰਦ ਸਿੰਘ ਜੀ। [3]ਦੁਖ ਦੂਰ ਤੇ ਪਾਪ ਨਾਸ਼ ਕਰਨ ਵਾਲੇ। [4]ਤੁਰਕਾਂ ਦੇ ਵੈਰੀ। [5]ਧਰਤੀ (ਨੂੰ ਸਿਰ ਤੇ) ਰੱਖਣ ਵਾਲੇ ਬੈਲ ਨੂੰ ਸਮੂੰਹ ਸੁਖ ਦੇਣ ਵਾਲੇ ਹਨ। ਭਾਵ ਧਰਮ ਰੂਪੀ ਧੌਲ ਦੇ ਰੱਖਯਕ। [6](ਸ੍ਰੀ ਗੁਰੂ ਨਾਨਕ ਦੇਵ ਜੀ ਨੂੰ) ਜਗਤ ਨੂੰ ਦੂਹਾਂ ਲੋਕਾਂ ਵਿਚ ਦੁਖੀ ਵੇਖਕੇ (ਤੇ ਇਹ ਤੱਕਕੇ ਕਿ) ਕਿਸੇ ਥਾਵੇਂ ਰੰਚਕ ਮਾਤ੍ਰ ਬੀ (ਕੋਈ) ਸੁਖੀ ਨਹੀਂ। [7](ਮੇਰੇ) ਰਿਦੇ ਦੀਆਂ ਵਾਂਛਤਿ ਕਾਮਨਾ ਪੂਰਨ ਕਰਨ। [8]ਹਥ ਵਿਚ ਧਨੁਖ ਬਾਣ ਧਾਰਨ ਵਾਲੇ। [9]ਜਮ ਦੀਆਂ ਫਾਹੀਆਂ ਦੇ ਸਮੂਹ ਦੁਖ ਦੂਰ ਕਰਦੇ ਹਨ। [10]ਜਦ ਬਿਲਾਸ ਸਹਿਤ ਸ੍ਰੀ ਮੁਖਵਾਕ ਉਚਾਰਦੇ ਹਨ ਤਾਂ ਦਾਸਾਂ ਦੇ (ਸਾਧਨਾ ਆਦਿਕ ਕਰਨ ਦੇ) ਯਤਨਾਂ ਦੇ ਦੁਖ ਤੋਂ ਬਿਨਾਂ ਹੀ ਮੁਕਤਿ ਦਾਨ ਕਰ ਦੇਂਦੇ ਹਨ।

੨੦. ਸੋਰਠਾ—ਸ੍ਰੀ ਗੁਰ ਕੁਸਲ ਨਿਧਾਨ ਪਰਮ ਤੇਜ ਪਰਮੰਪਰਾ ।
ਹੇਤ ਨਰਨ ਕੱਲਜਾਨ ਜਗ ਮਹਿੰ ਨਿਜ ਨਰ ਤਨ ਧਰਾ ॥ ੫ ॥

[ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰਸੰਗ

੨੧. ਕਬਿੱਤ—

ਬੈਠਿਕੈ ਬੀਰਾਸਨ ਸਰਾਸਨ ਕੋ ਪਾਨ ਗਹੇ ਬਾਨ ਕੋ ਨਿਕਾਸਨ ਨਿਖੰਗ ਤੇ ਸੁਧਾਰਹੀਂ ।
ਬੈਰਨਿ ਕੋ ਦੇਖ ਰਸ ਬੀਰ ਬਨੇ ਬੇਖ ਧਾਰੇ ਕ੍ਰੋਧ ਕੋ ਬਿਸੇਖ ਸੁ ਪ੍ਰਤਿੰਚਾ ਮੈਂ ਸਿੰਚਾਰਹੀਂ[1] ।
ਤਾਨਤਾਨ ਕਾਨ ਲਗਮੋਚਤਿ ਹੈਂ ਤਾਕਤਾਕ ਭਾਜਭਾਜ ਜਾਂਇ ਰਿਪੁ ਧੀਰਜ ਨ ਧਾਰਿਹੀਂ ।
ਆਨੰਦ ਕੇ ਕੰਦ ਸ੍ਰੀ ਗੁਬਿੰਦ ਸਿੰਘ ਦੂੰਦ ਹਰਿ ਸ਼ੋਭਤਿ ਅਨੰਦਪੁਰ ਤੀਰਨ ਪ੍ਰਹਾਰਹੀਂ[2] ॥ ੬ ॥

੨੨. ਸਵੈਯਾ—ਕੋਟਨਿ ਕੋਟ ਸੋਂ ਕੋਸ਼ ਭਰੇ ਸਭ ਰੰਗ ਕੁਰੰਗ ਸੇ ਸੰਗ ਤੁਰੰਗੇ[3] ।
ਕੰਚਨ ਪੇਰ ਜ਼ੰਜੀਰ ਬੰਧੇ ਦਰ ਝੁਲੈਂ ਅੰਬਾਰੀ ਉਤੰਗ ਮਤੰਗੇ[4] ।
ਅੰਗਨਾਂ ਅੰਗ ਅਨੰਗ ਸੇ ਸੁੰਦਰ ਦੇਖਤਿ ਜਾਂਹਿ ਅਨੰਦ ਉਮੰਗੇ[5] ।
ਏਤੇ ਭਏ ਗਏ ਬਾਦ ਜੋ ਪੈ ਗੁਰ ਗੋਬਿੰਦ ਸਿੰਘ ਕੇ ਰੰਗ ਨ ਰੰਗੇ[6] ।

[ਸ੍ਰੀ ਗੁਰ ਉਸਤਤਿ

---

[1]ਵੈਰੀਆਂ ਨੂੰ ਵੇਖਕੇ ਡਾਢੇ ਕ੍ਰੋਧ ਵਿਚ ਆਕੇ ਚਿੱਲੇ ਵਿਚ ਤੀਰ ਸੰਨ੍ਹਦੇ (ਐਉਂ ਪ੍ਰਤੀਤ ਹੁੰਦੇ ਹਨ ਮਾਨੋ) ਬੀਰ ਰਸ ਹੀ ਰੂਪ ਧਾਰਕੇ ਫਬ ਰਿਹਾ ਹੈ। [2]ਤੀਰ ਚਲਾਉਂਦੇ (ਐਉਂ) ਸ਼ੋਭ ਰਹੇ ਹਨ ਸ੍ਰੀ ਅਨੰਦਪੁਰ ਸਾਹਿਬ। [3]ਕ੍ਰੋੜਾਂ ਹੀ ਕਿਲ੍ਹਿਆਂ ਜਿਡੇ ਖਜ਼ਾਨੇ ਭਰੇ ਹੋਏ ਹੋਣ, ਫਿਰ ਸੁਹਣੇ ਰੰਗਾਂ ਦੇ ਹਰਨਾਂ ਵਰਗੇ (ਤੇਜ਼ ਰਫਤਾਰ ਵਾਲੇ) ਘੋੜੇ ਪਾਸ ਹੋਣ। [4]ਦਰਵਾਜੇ ਅੱਗੇ ਉਚੀਆਂ ਅੰਬਾਰੀਆਂ ਵਾਲੇ ਹਾਥੀ ਸੋਨੇ ਦੀਆਂ ਜ਼ੰਜੀਰਾਂ ਪੈਰਾਂ (ਵਿਚ) ਬੱਧੇ ਹੋਏ ਝੁਲਦੇ ਹੋਣ। [5]ਕਾਮ ਤੋਂ ਬੀ ਸੁਹਣੇ ਅੰਗਾਂ ਵਾਲੀਆਂ ਇਸਤ੍ਰੀਆਂ ਹੋਣ ਜਿਨ੍ਹਾਂ ਨੂੰ ਦੇਖਕੇ ਹੀ ਆਨੰਦ ਉਮਗੇ। [6]ਇਤਨੇ ਪਦਾਰਥ ਪਾਸ ਹੋਣੇ ਵਿਅਰਥ ਹਨ ਜੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰੇਮ ਦੀ ਰੰਗਣ ਨਹੀਂ ਚੜ੍ਹੀ ਤਾਂ। ਭਾਵ ਸੰਸਾਰਕ ਸਾਰੀ ਵਿਭੂਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਪ੍ਰੇਮ ਕਰਨ ਦੀ ਤੁੱਲਤਾ ਨਹੀਂ ਰੱਖਦੀ।

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ੫. ਇਸ ਗ੍ਰੰਥਾਵਲੀ ਨੂੰ ਪੜ੍ਹਨ ਤੋਂ ਪਹਿਲਾਂ ਜ਼ਰੂਰੀ ਪੜ੍ਹਨ ਜੋਗ ਰੱਲਾਂ!

## ੧. ਪਾਠਾਂਤ੍ਰ ਭੇਦ।

ਇਸ ਗ੍ਰੰਥਾਵਲੀ ਨੂੰ ਛਾਪਣ ਤੋਂ ਪਹਿਲਾਂ ਸੋਧਿਆ ਗਿਆ ਹੈ, ਅਨੇਕਾਂ ਲਿੱਖਤ ਦੇ ਤੇ ਕਈ ਇਕ ਅੱਡ ਅੱਡ ਛਾਪੇ ਦੇ ਨੁਸਖਿਆਂ ਦਾ ਮੁਕਾਬਲਾ ਕੀਤਾ ਗਿਆ ਹੈ। ਜੋ ਪਾਠ ਸ਼ੁੱਧ ਤੇ ਬਹੁਤਿਆਂ ਵਿਚ ਨਿਕਲੇ ਓਹ ਪਾਠ ਮੂਲ ਵਿਚ ਹਨ, ਜਿੱਥੇ ਪਾਠਾਂ ਵਿਚ ਫਰਕ ਸੀ ਓਥੇ ਸਫੇ ਦੇ ਹੇਠਾਂ*-†-‡-§-¶ ਆਦਿ ਨਿਸ਼ਾਨ ਦੇਕੇ ਵੱਖਰੇ ਪਾਠ ਟੂਕਾਂ ਵਿਚ ਦੱਸੇ ਗਏ ਹਨ, ਉਸਦੇ ਨਾਲ ਲਿਖਿਆ ਗਿਆ ਹੈ, 'ਪਾਠਾਂਤ੍ਰ—' ਯਾ 'ਪਾ:', ਜਿਹਾ ਕੁ ਇਕ ਪਾਠ ਹੈ 'ਕਪਾਲੀ' ਪਰ ਇਕ ਨੁਸਖੇ ਵਿਚ ਇਸਦਾ ਪਾਠ ਸੀ 'ਕ੍ਰਿਪਾਲੀ'; ਸੋ 'ਕਪਾਲੀ' ਪਦ ਨੂੰ *ਇਹ ਨਿਸ਼ਾਨ ਲਾਕੇ ਮੂਲ ਵਿਚ ਐਉਂ ਦਿੱਤਾ ਹੈ:—ਕਪਾਲੀ*। ਤੇ ਹੇਠਾਂ ਟੂਕਾਂ ਵਿਚ ਇੰਵ ਲਿਖਿਆ ਹੈ:—*ਪਾ:—ਕ੍ਰਿਪਾਲੀ।

ਕਈ ਕੁ ਨੁਸਖਿਆਂ ਦੇ ਮੁਕਾਬਲੇ ਤੋਂ ਪਾਠਾਂ ਵਿਚ ਜੋ ਫਰਕ ਨਿਕਲਦੇ ਹਨ ਏਹ ਕਵੀ ਜੀ ਦੇ ਨਹੀਂ ਪਾਏ ਹੋਏ, ਪਰ ਲਿਖਾਰੀਆਂ ਨੇ ਜਦ ਨਕਲਾਂ ਕੀਤੀਆਂ ਤਾਂ ਕਿਤੇ ਕਿਤੇ ਸਹਿ ਸੁਭਾਵ ਪੈ ਗਏ ਹਨ। ਅਸੀਂ ਏਹ ਪਾਠਾਂਤ੍ਰ ਜੋ ਸਾਨੂੰ ਮੁਕਾਬਲਾ ਕਰਦਿਆਂ ਜਿੱਥੇ ਜਿੱਥੇ ਮਿਲੇ ਹਨ ਟੂਕਾਂ ਵਿਚ ਦਰਸਾਏ ਹਨ। ਸਾਡਾ ਇਹ ਮਤਲਬ ਨਹੀਂ ਕਿ ਇਹ ਸ਼ੁੱਧ ਹਨ ਤੇ ਇਨਾਂ ਦਾ ਬੀ ਅਰਥ ਜ਼ਰੂਰ ਠੀਕ ਬੈਠਦਾ ਹੈ। ਕਈ ਥਾਈਂ ਐਸੇ ਪਾਠਾਂਤ੍ਰ ਬੀ ਹਨ ਜੋ ਅਰਥਾਂ ਵਿਚ ਠੀਕ ਨਹੀਂ ਬੈਠਦੇ, ਛੰਦਾਂ ਦੀ ਚਾਲ ਵਿਚ ਬੀ ਪੂਰੇ ਨਹੀਂ ਉਤਰਦੇ। ਉਹ ਕੇਵਲ ਇਸ ਖਿਆਲ ਤੇ ਦਿਖਾਏ ਗਏ ਹਨ, ਕਿ ਕੋਈ ਸੱਜਣ ਆਪਣਾ ਘਰ ਦਾ ਕੋਈ ਪੁਰਾਤਨ ਨੁਸਖਾ ਦੇਖੇ ਤੇ ਇਹ ਛਪਿਆ ਵੇਖਕੇ ਮੁਕਾਬਲਾ ਕਰਕੇ ਕੋਈ ਪਾਠਾਂਤ੍ਰ ਭੇਦ ਨਿਕਲੇ ਤਾਂ ਉਸਨੂੰ ਖਿਆਲ ਨਾ ਫੁਰੇ ਕਿ ਪਾਠ ਅਸਾਂ ਬਦਲਿਆ ਹੈ, ਉਸਦਾ ਪਾਠ ਫੁਟ ਨੋਟ ਵਿਚੋਂ ਦਿੱਸ ਪਵੇ, ਯਾ ਉਹ ਦੇਖ ਲਵੇ ਕਿ ਲਿਖਾਰੀਆਂ ਤੋਂ ਸਹਿਵਨ ਬਦਲੀਆਂ ਹੁੰਦੀਆਂ ਆਈਆਂ ਹਨ, ਉਸੇ ਤਰ੍ਹਾਂ ਦੀ ਕੋਈ ਬਦਲੀ ਇਹ ਬੀ ਹੈ। ਸਾਡਾ ਯਤਨ ਇਸ ਬਾਤ ਦੇ ਇਤਿਹਾਸ ਨੂੰ ਕਾਇਮ ਰੱਖਣ ਦਾ ਹੈ ਕਿ ਲਿਖਾਰੀਆਂ ਦੇ ਹੱਥੀਂ ਪਾਠਾਂ ਵਿਚ ਕਿਵੇਂ ਫਰਕ ਪੈਂਦੇ ਆਏ ਹਨ। ਅਸਲ ਪੋਥੀ ਕਵੀ ਜੀ ਦੀ ਨਿਜ ਲਿਖਤ ਸਾਨੂੰ ਮਿਲੀ ਨਹੀਂ। ਜੇ ਉਹ ਮਿਲਦੀ ਤਾਂ ਪਾਠਾਂਤ੍ਰ ਭੇਦ ਲਾਉਣ ਦੀ ਬੀ ਲੋੜ ਨਾ ਪ੍ਰਤੀਤ ਕੀਤੀ ਜਾਂਦੀ ਤੇ ਬਹੁਤੇ ਨੁਸਖਿਆਂ ਤੋਂ ਸੋਧਣ ਦੀ ਲੋੜ ਬੀ ਨਾ ਵਾਪਰਦੀ। ਹੁਣ ਬੀ ਇਸ ਮੁਕਾਬਲੇ ਵਿਚ ਜੇਹੜੇ ਪਾਠਾਂਤ੍ਰ ਮਿਲੇ ਹਨ ਉਨ੍ਹਾਂ ਨੂੰ ਅਸੀਂ ਐਉਂ ਵਰਤਿਆ ਹੈ ਕਿ ਜੇਹੜੇ ਪਾਠ ਗਿਣਤੀ ਵਿਚ ਵਧੇਰੇ ਥਾਵੀਂ ਹਨ ਤੇ ਅਰਥ ਭਾਵ ਕਿ ਛੰਦ ਦੀ ਚਾਲ ਨਾਲ ਬਹੁਤ ਨੇੜੇ ਤੇ ਠੀਕ ਭਾਸਦੇ ਰਹੇ ਹਨ ਉਨ੍ਹਾਂ ਨੂੰ ਉਪਰ ਮੂਲ ਵਿਚ ਰੱਖ ਲੀਤਾ ਹੈ। ਜੇਹੜੇ ਦੂਸਰੇ ਪਾਠ ਹਨ,

ਉਨ੍ਹਾਂ ਨੂੰ ਹੇਠਾਂ ਟੂਕਾਂ ਵਿਚ ਦਰਸਾ ਦਿੱਤਾ ਹੈ, ਭਾਵੇਂ ਉਹ ਪਾਠ ਨਾਲ ਮਿਲਕੇ ਕੋਈ ਅਰਥ ਦੇ ਸਕਦੇ ਹਨ ਤੇ ਭਾਵੇਂ ਨਹੀਂ। ਕਿਤੇ ਬਹੁ ਸੰਮਤੀ ਵਾਲਾ ਪਾਠ ਮੂਲ ਵਿਚ ਹੈ ਤੇ ਘੱਟ ਸੰਮਤੀ ਵਾਲਾ ਪਾਠਾਂਤ੍ਰ ਵਿਚ ਹੈ, ਚਾਹੇ ਪਾਠਾਂਤ੍ਰ ਵਾਲਾ ਢੁਕਦਾ ਵਿਸ਼ੇਸ਼ ਹੈ।

## ੨. ਛੇਵੇ ਜਾਂ ਵਿਰਾਮ।

ਛੇਵਾ ਯਾ ਵਿਰਾਮ ਜੋ ਗ੍ਰੰਥ ਵਿਚ ਹੈ ਸੋ ਇਕ ਹੈ ਦੁਡੰਡੀਆ—'॥'। ਕਵੀ ਜੀ ਦੇ ਇਸ ਆਪਣੇ ਲਾਏ ਛੇਵੇ ਨੂੰ ਅਸਾਂ ਜਿਉਂ ਕਾ ਤਿਉਂ ਰਹਿਣ ਦਿੱਤਾ ਹੈ। ਏਹ ਦੁਡੰਡੀਆਂ ਕਵੀ ਜੀ ਛੰਦ ਦੀ ਤੁਕ ਅਤੇ ਪਾਦ ਮੁੱਕਣ ਮਾਤ੍ਰ ਤੇ ਲਾਉਂਦੇ ਹਨ, ਇਸ ਤੋਂ ਅਰਥ ਭਾਵ ਵਿਚ ਸਹਾਇਤਾ ਘੱਟ ਮਿਲਦੀ ਹੈ। ਅਰਥਾਂ ਨੂੰ ਸੌਖਾ ਕਰਨ ਵਾਸਤੇ ਅਸਾਂ ਹੇਠ ਲਿਖੇ ਛੇਵੇ ਯਾ ਵਿਰਾਮ ਵਾਧੂ ਵਰਤਣ ਦਾ ਜਤਨ ਕੀਤਾ ਹੈ:—

(ੳ), ਇਹ ਨਿਸ਼ਾਨ ਦੋ ਵਾਕਾਂ ਨੂੰ ਅੱਡ ਕਰਦਾ ਹੈ, ਜਿਵੇਂ:—ਆਨਨ ਤੇ ਨਹਿਂ ਬੋਲਤਿ ਹੈਂ ਬਚ, ਹੋਵਤਿ ਰੰਜ ਰਿਦੇ ਸਭਿ ਹੀ॥ ਤਥਾ—ਬਰੀ ਦਰ ਨਾਰੀ, ਗੁਰਮਾਤ ਸਤਿਕਾਰੀ ਸਭਿ, ਭਈ ਭੀਰ ਭਾਰੀ, ਘਰ ਥਾਂਵ ਹੂੰ ਨ ਪਾਵਤੀ॥

ਕਈ ਚੀਜ਼ਾਂ ਦੀ ਗੇਣਤੀ ਵੇਲੇ ਹਰ ਸ਼ੈ ਦੇ ਅਗੇ, ਉਹਨਾਂ ਨੂੰ ਅੱਡ ਅੱਡ ਦੱਸਣ ਵਾਸਤੇ ਬੀ ਇਹੋ ਚਿੰਨ੍ਹ ਵਰਤਿਆ ਹੈ, ਯਥਾ—ਦਮਾਮੇ ਬਡੇ, ਤੁਰਰੀ, ਡਫ ਸੌਂ, ਮੁਰਲੀ, ਕਰਨਾਈ।

(ਅ) ਇਕ ਡੰਡੀਆ:—'।'. ਇਹ ਨਿਸ਼ਾਨ ਛੰਦ ਦੇ ਹਰੇਕ ਚਰਨ ਮੁੱਕਣ ਤੇ ਅਸਾਂ ਵਰਤਿਆ ਹੈ ਤੇ ਜਿੱਥੇ ਸਾਰਾ ਛੰਦ ਮੁਕਾ ਹੈ ਉਥੇ ਦੁਡੰਡੀਆ ਲਾਇਆ ਹੈ, ਤਾਕਿ ਪਾਠਕਾਂ ਨੂੰ ਛੰਦ ਦੇ ਮੁੱਕਣ ਦਾ ਥਹੁ ਪੈ ਜਾਵੇ।

(ੲ) ' ' ਜਿੱਥੇ ਗਲਾਂ ਬਾਤਾਂ ਹੋ ਰਹੀਆਂ ਹਨ, ਓਥੇ ਮੂੰਹ ਦੇ ਉਚਾਰੇ ਵਾਕ ਇਨ੍ਹਾਂ ਨਿਸ਼ਾਨਾਂ ' ' ਦੇ ਵਿਚ ਕਰ ਦਿੱਤੇ ਹਨ, ਕਿਉਂਕਿ ਕਵਿਤਾ ਹੋਣ ਕਰਕੇ ਹਰੇਕ ਨੂੰ ਸਮਝ ਨਹੀਂ ਪੈਂਦੀ ਕਿ ਹੁਣ ਗੁਫਤਗੂ (ਬੋਲ ਚਾਲ) ਸ਼ੁਰੂ ਹੋ ਗਈ ਹੈ। ਫੇਰ ਕਈ ਥਾਂ ਕਵੀ ਜੀ ਨਹੀਂ ਦੱਸਦੇ ਕਿ ਹੁਣ ਫਲਾਣਾ ਬੋਲਿਆ ਹੈ ਤੇ ਗਲ ਬਾਤ ਆਮ੍ਹੋ ਸਾਮ੍ਹਣੀ ਕਵਿਤਾ ਵਿਚ ਲਿਖੀ ਜਾਂਦੇ ਹਨ, ਓਥੇ ਏਹ ਨਿਸ਼ਾਨ ਦੱਸ ਦੇਣਗੇ ਕਿ ਇਕ ਦੀ ਗਲ ਮੁੱਕ ਗਈ ਹੈ ਤੇ ਹੁਣ ਦੂਏ ਦੀ ਆਰੰਭ ਹੋਈ ਹੈ। ਯਥਾ—

'ਤਜਯੋ ਨ ਜਾਇ ਬਨਜ ਇਹ, ਬਾਲਾ!'

(ਸ) " " ਜਿੱਥੇ ਕੋਈ ਲੰਮੇ ਪ੍ਰਸੰਗ ਕਿਸੇ ਵਲੋਂ ਸੁਣਾਏ ਜਾ ਰਹੇ ਕਵੀ ਜੀ ਨੇ ਲਿਖੇ ਹਨ ਤੇ ਓਹ ਕਈ ਵਾਰੀ ਇਕ ਅਧਜਾਯ ਯਾ ਇਕ ਅੰਸ਼ੂ ਤੋਂ ਵੀ ਵਧ ਗਏ ਹਨ ਤਾਂ ਉਥੇ ਉਹਨਾਂ ਦੇ ਆਦਿ ਤੇ ਅੰਤ ਵਿਚ ਇਹ ਚਿੰਨ੍ਹ " " ਵਰਤੇ ਗਏ ਹਨ।

(ਹ)—ਜਿਥੇ ਗੁਫਤਗੂ ਦੇ ਵਿਚ ਗੁਫਤਗੂ ਆ ਗਈ ਹੈ ਯਾ ਕਿਸੇ ਦੇ ਮਨ ਦੀ ਗੇਣਤੀ ਯਾ ਖਿਆਲ ਦੱਸਣਾ ਹੈ, ਜੋ ਉਸ ਨੇ ਬੋਲਿਆ ਨਹੀਂ ਪਰ ਖਿਆਲਿਆ ਹੈ ਤਾਂ ਉਸ ਦੇ ਅੱਗੜ ਪਿਛੜ ਇਹ — ਨਿਸ਼ਾਨ ਦਿੱਤਾ ਹੈ, ਯਥਾ—

ਰਿਦੇ ਗੁਨਹਿਂ—ਕੋ ਭਯੋ ਕੁਕਾਜੂ। ਚਿੰਤ ਮਾਨ ਹ੍ਵੈ ਬੈਠਯੋ ਆਜੂ—।

(ਕ)? ਪ੍ਰਸ਼ਨ ਵਾਚੀ ਵਾਕਾਂ ਨੂੰ ਸਫੁਟ ਕਰਨ ਲਈ ਇਹ '?' ਨਿਸ਼ਾਨ ਲਾਇਆ ਹੈ, ਯਥਾ—

'ਕਿਸ ਕੀ ਕਿਸ ਦਿਸ਼ ਸ਼ੇਸ਼ ਘਨੇਰੀ ?'

(ਖ) ! ਸੰਬੋਧਨ ਲਈ, ਅਸਚਰਜਤਾ ਲਈ, ਸ਼ੋਕ ਲਈ ਵਾਕਾਂ ਦੇ ਮਗਰ ਇਹ '!' ਨਿਸ਼ਾਨ ਲਾਇਆ ਹੈ, ਯਥਾ–'ਸੁਨਹੁ ਨ੍ਰਿਪਤ ! ਨਿਜ ਕਰੀਏ ਲੇਖਾ।'

## ੩. ਪ੍ਰਯਾਯ।

ਉਪਰ ਮੂਲ ਵਿਚ ਬਰੀਕ ਟਾਈਪ ਦੇ ਕਈ ਅੰਕ ਲਾਏ ਗਏ ਹਨ, ਜਿੱਥੇ ਮੂਲ ਮੁੱਕਦਾ ਹੈ ਹੇਠ ਇਕ ਲਕੀਰ ਖਿੱਚੀ ਗਈ ਹੈ, ਜਿੰਨੇ ਉਹ ਬ੍ਰੀਕ ਅੰਕ ਉਪਰ ਮੂਲ ਵਿਚ ਆਏ ਹਨ ਉਤਨੇ ਹੀ ਉਸ ਲਕੀਰ ਦੇ ਹੇਠਾਂ ਤਰਤੀਬ ਵਾਰ ਦੇਕੇ ਉਹਨਾਂ ਅਗੇ ਪ੍ਰਯਾਯ ਲਾਏ ਗਏ ਹਨ। ਪ੍ਰਯਾਵਾਂ ਦੇ ਏਹ ਅੰਕ ਕਦੇ ਤਾਂ ਕੇਵਲ ਉਸੇ ਪਦ ਦੇ ਅਰਥ ਦੱਸਦੇ ਹਨ, ਜਿਸ ਨੂੰ ਕਿ ਓਹ ਉਪਰ ਮੂਲ ਵਿਚ ਲਾਏ ਗਏ ਹਨ, ਕਦੇ ਉਸ ਅੰਕ ਤੋਂ ਪਹਿਲੇ ਇਕ ਦੋ ਪਦਾਂ ਦੇ ਅਰਥ ਰਲਾਕੇ ਦੱਸਦੇ ਹਨ ਤੇ ਕਦੇ ਸਾਰੀ ਤੁਕ ਦੇ ਹੀ ਅਰਥ ਸਪਸ਼ਟ ਕਰਦੇ ਹਨ ਅਤੇ ਕਈ ਵਾਰੀ ਇਨ੍ਹਾਂ ਵਿਚ ਨਾਲ ਭਾਵ ਬੀ ਹੁੰਦਾ ਹੈ। ਕਵੀ ਜੀ ਦੇ ਵਰਤੇ ਸੰਸਕ੍ਰਿਤ ਮੂਲਕ ਪਦਾਂ ਦੇ ਸੰਸਕ੍ਰਿਤ ਰੂਪ, ਵਿਤਪਤੀਆਂ ਤੇ ਧਾਤੂ ਆਦਿ ਬੀ ਇਨ੍ਹਾਂ ਹੀ ਅੰਕਾਂ ਵਿਚੋਂ ਮਿਲਦੇ ਹਨ ਜੋ ਅਕਸਰ ਪ੍ਰਯਾਯ ਦੇ ਮਗਰੋਂ ਇਨ੍ਹਾਂ ਨਿਸ਼ਾਨਾਂ [ ] ਦੇ ਵਿਚਕਾਰ ਹੁੰਦੇ ਹਨ।

ਕਈ ਸਫਿਆਂ ਪਰ ਉਪਰ ਮੂਲ ਵਿਚ ਇਕੋ ਅੰਕ ਵੱਖ ਵੱਖ ਪਦਾਂ ਅੱਗੇ ਕਈ ਵਾਰ ਆਇਆ ਹੈ ਪਰ ਹੇਠਾਂ ਪ੍ਰਯਾਯ ਇਕੋ ਹੀ ਹੈ। ਉਸ ਦੀ ਮੁਰਾਦ ਇਹ ਹੈ ਕਿ ਉਪਰਲੇ ਸਾਰੇ ਪਦਾਂ ਦਾ, ਜਿਨ੍ਹਾਂ ਨੂੰ ਕਿ ਇਹ ਅੰਕ ਲਗਾ ਹੈ ਅਰਥ ਇਕੋ ਹੀ ਹੈ। ਜਿਹਾ ਕੁ 'ਪਨਹੀ' 'ਪੈਜਾਰ' ਜੇ ਇਕ ਸਫੇ ਤੇ ਆ ਗਏ ਹਨ ਤੇ 'ਪਨਹੀ' ਪਰ ਅੰਕ ੨ ਹੈ ਤੇ 'ਪੈਜਾਰ' ਉਸ ਸਫੇ ਤੇ ਜਿਥੇ ਆਇਆ ਹੈ ਅਸਾਂ ਉਸ ਪਰ ਬੀ ਅੰਕ ੨ ਹੀ ਲਾਇਆ ਹੈ ਚਾਹੋ ਉਸ ਦੀ ਵਾਰੀ ੫ ਅੰਕ ਦੀ ਸੀ। ਤੇ ਹੇਠਾਂ ਪ੍ਰਯਾਯ ਵਿਚ ਅੰਕ ੨ ਦੇ ਅਗੇ ਅਰਥ ਦਿੱਤਾ ਹੈ 'ਜੁੱਤੀ'। ਇਹ ਇਸ ਲਈ ਕਿ ਪਦ 'ਪੈਜਾਰ' ਤੇ 'ਪਨਹੀ' ਦੋਹਾਂ ਦਾ ਅਰਥ ਜੁੱਤੀ ਹੀ ਹੈ।

## ੪. ਪਦਜੋੜ, ਸੰਕੇਤ।

ਦੇਸ਼ ਵਿਚ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਦੇ ਅੱਡ ਅੱਡ ਸਮਿਆਂ ਵਿਚ ਲਿਖੇ ਗਏ ਨੁਸਖੇ ਮਿਲਦੇ ਹਨ। ਅੱਡ ਅੱਡ ਲਿਖਾਰੀਆਂ ਦੀਆਂ ਲਿਖਤਾਂ ਹੋਣ ਕਰਕੇ ਪਦਜੋੜਾਂ ਵਿਚ ਫਰਕ ਪੈ ਗਏ ਹਨ। ਜੈਸਾ ਕਿ ਇਕ ਪਦ 'ਸਭ' ਦੇ ਕਈ ਪਾਠ ਮਿਲਦੇ ਹਨ:–ਸਬ, ਸਭੁ, ਸਭਿ। ਸੋ ਕਈ ਨੁਸਖਿਆਂ ਨੂੰ ਦੇਖਕੇ ਅਸਾਂ ਜਿਸ ਰੂਪ ਨੂੰ ਵਧੇਰੇ ਵਰਤਿਆ ਵੇਖਿਆ ਉਹ ਧਾਰਨ ਕਰ ਲਿਆ ਹੈ। ਇਸ ਕਰਕੇ ਐਸੇ ਪਦਾਂ ਦੇ ਪਾਠਾਂਤ੍ਰ ਭੇਦ ਨਹੀਂ ਲਾਏ। ਉਹ ਪਦ ਏਹ ਹਨ:–

ਉਚਿਤ, ਉਦਕ, ਉਦਧਿ, ਆਤੁਰ, ਆਇਸੁ, ਇਸ਼ਟ, ਇੰਦੁ, ਸਮੁਦਾਇ, ਸਲਿਤਾ, ਸੰਗਤਿ, ਸੁਧਿ, ਸ਼ਕਤਿ, ਸੰਤਤਿ, ਸਭਿ, ਸੁੰਦਰ, ਕੀਰਤਿ, ਕੇਤਿਕ, ਗਰੁੜ, ਜੋਤਿ, ਤਨੁਜ, ਤਨੁਜਾ, ਦੰਪਤਿ, ਦੁੰਦਭਿ, ਪਸ਼ੁ, ਪ੍ਰਭੁ ਪ੍ਰੀਤਿ, ਬਾਸੁਰ, ਮਧੁਪ, ਮਧੁਰ, ਮੰਦਿਰ, ਰਿਖਿ, ਰੁਚਿ, ਰੀਤਿ, ਵਸਤੁ ਆਦਿ।

ਕਵੀ ਜੀ ਦੀਆਂ ਅਪਣੇ ਹੱਥਾਂ ਦੀਆਂ ਲਿਖੀਆਂ ਚੀਜ਼ਾਂ ਜੋ ਸਾਡੇ ਦੇਖਣ ਵਿਚ ਆਈਆਂ ਹਨ, ਉਹਨਾਂ ਤੋਂ ਬੀ ਉੱਪਰਲੇ ਪਾਠ ਉਹਨਾਂ ਨੇ ਸਹੀ ਮੰਨੇ ਸਮਝੇ ਪੈਂਦੇ ਹਨ। ਸਾਡੇ ਸੰਕਲਤ

ਕੀਤੇ ਇਸ ਗ੍ਰੰਥ ਵਿਚ ਜੇ ਕਿਤੇ ਕੋਈ ਪਾਠ ਇਹਨਾਂ ਉਪਰਲੇ ਪਦ ਜੋੜਾਂ ਤੋਂ ਕੁਛ ਵਿਲੱਖਣ ਮਿਲੇ ਤਾਂ ਉਹ ਪ੍ਰੈਸ-ਉਕਾਈ ਸਮਝਕੇ ਠੀਕ ਕਰ ਲੈਣਾ। ਹੋਰ:—

੧. ਤਲਵੰਡੀ / ਤਿਲਵੰਡੀ } ਦੁਇ ਪਾਠ ਮਿਲਦੇ ਹਨ। ਮੁਰਾਦ ਇਕੋ ਟਿਕਾਣੇ ਤੋਂ ਹੈ ਅਸਾਂ ਛਾਪੇ ਦੇ ਨੁਸਖੇ ਦਾ ਪਾਠ ਜੈਸਾ ਜਿੱਥੇ ਸੀ ਰਹਿਣ ਦਿੱਤਾ ਹੈ।

੨. ਵਰਤਮਾਨ ਕ੍ਰਿਯਾ ਬਹੁ ਬਚਨ ਦੇ ਕਿਤੇ ਪਾਠ 'ਹਿੰ' ਅੰਤਕ ਹਨ ਤੇ ਕਿਤੇ 'ੈਂ' ਅੰਤਕ। ਫਰਕ ਅਰਥ ਵਿਚ ਕੁਛ ਨਹੀਂ ਪੈਂਦਾ ਜੈਸੇ—ਅਵਗਾਹਹਿੰ, ਅਵਗਾਹੈਂ। ਜਾਵਹਿੰ, ਜਾਵੈਂ।

੩. ਸੋਕ, ਸ਼ੋਕ, ਸੋਗ ਅਰਥ ਇਕੋ ਹੈਨ, ਸੋ ਜੈਸਾ ਪਾਠ ਜਿੱਥੇ ਸੀ ਰਿਹਾ ਹੈ।

੪. ਕੋ, ਕਉ, ਕਹੁ ਦਾ ਅਰਥ ਇਕੋ ਹੈ, ਜੈਸਾ ਜਿੱਥੇ ਸੀ ਰਹਿਣ ਦਿੱਤਾ ਹੈ। ਇਸੇ ਤਰ੍ਹਾਂ ਕਿਛੁ, ਕਛੁ। ਦੇਸ, ਦੇਸੁ। ਨਰੇਸ, ਨਰੇਸੁ ਆਦਿ।

੫. ਇਸੀ ਤਰ੍ਹਾਂ ਬਬੇ ਵਵੇ ਦੇ ਫਰਕ ਨਹੀਂ ਲਾਏ। ਜੈਸਾ ਪਾਠ ਜਿੱਥੇ ਸੀ ਰਹਿਣ ਦਿੱਤਾ ਹੈ, ਅਰਥ ਦਾ ਫਰਕ ਨਹੀਂ ਪੈਂਦਾ।

ਹੇਠ ਲਿਖੀਆਂ ਹਾਲਤਾਂ ਵਿਚ ਕਵੀ ਜੀ ਦੇ ਲਿਖੇ ਹਿਜੇ (ਪਦਜੋੜ) ਜਿਵੇਂ ਸਿੱਧ ਹੋਏ ਉਸੇ ਤਰ੍ਹਾਂ ਲਿਖਣ ਦਾ ਜਤਨ ਕੀਤਾ ਗਿਆ ਹੈ:—

੧. ਕ੍ਰਿਯਾ ਵਾਚੀ ਪਦਾਂ ਦੇ ਅਖੀਰਲੇ ਅੱਖਰ ਨੂੰ ਕਵੀ ਜੀ ਦੀ ਲਿਖਤਿ ਵਿਚ ਆਮ ਸਿਹਾਰੀ ਦੇਖੀ ਗਈ ਹੈ ਜਿਵੇਂ:—ਨਿਕਸਿ, ਰਹਤਿ, ਜਾਵਤਿ, ਪੇਖਤਿ ਆਦਿ।

੨. ਕ੍ਰਿਯਾ ਵਾਚੀ ਉਹਨਾਂ ਪਦਾਂ ਦੇ ਅਖੀਰਲੇ ਅੱਖਰ ਨੂੰ ਸਿਹਾਰੀ ਲਾਈ ਹੋਈ ਹੈ ਜਿਨ੍ਹਾਂ ਦੇ ਅਰਥ ਵਿਚ 'ਕੇ' ਯਾ 'ਕਰ' ਆਉਂਦਾ ਹੈ, ਜਿਵੇਂ ਵੇਖਕੇ, ਸੁਣਕੇ, ਚੱਲਕੇ, ਖਾਕੇ, ਪੀ ਕਰ, ਬੈਠ ਕਰ ਆਦਿ ਯਥਾ:—ਸ਼੍ਰੌਨਨਿ ਮਹਿ ਸੁਨਿ ਬਾਜਜਨਿ ਕੀ ਧੁਨਿ......

੩ ਗੁਨਿਕੈ, ਸੁਨਿਕੈ, ਪੇਖਿਬੇ, ਕਰਿਬੇ ਆਦਿ ਪਦਾਂ ਦੇ ਮੱਧ ਦੇ ਅੱਖਰ ਨੂੰ ਬੀ ਸਿਹਾਰੀ ਲਗੀ ਹੋਈ ਹੈ।

੪. ਸੰਗਯਾ ਪਦਾਂ ਦੇ ਬਹੁ ਵਾਚੀ ਰੂਪ ਵਿਚ ਉਹਨਾਂ ਦੇ ਅੰਤਲੇ 'ਨ' ਅਖਰ ਨੂੰ ਬੀ ਸਿਹਾਰੀ ਦੇਖੀ ਗਈ ਹੈ, ਜਿਵੇਂ ਸ਼੍ਰੌਨਨਿ, ਬਾਜਜਨਿ, ਰਿਖਿਨਿ ਸੁਤਨਿ ਆਦਿ।

੫. ਅਕਸਰ ਕਵੀ ਜੀ ਨੇ ਸੰਸਕ੍ਰਿਤ ਪਦ ਜੋ 'ਙ' ਦੀ ਅਵਾਜ਼ ਅੰਤ ਪਰ ਰਖਦੇ ਹਨ 'ਿ' ਅੰਤ ਦੇਕੇ ਰਖੇ ਹਨ, ਉਹ ਉਵੇਂ ਹੀ ਰਹੇ ਹਨ, ਜੈਸਾ ਕਿ ਸੰਤਤਿ, ਅਤਿ ਆਦਿ।

ਕਈ ਪਦ ਐਸੇ ਹਨ ਜਿਨ੍ਹਾਂ ਦਾ ਅਰਥ ਵਿਚ ਤਾਂ ਬਹੁਤ ਫਰਕ ਹੈ, ਪਰ ਜਿਨ੍ਹਾਂ ਦੇ ਰੂਪ ਵਿਚ ਲਗ ਮਾਤ੍ਰ ਦਾ ਜ਼ਰਾ ਕੁ ਹੀ ਫਰਕ ਹੈ, ਜਿਵੇਂ 'ਕਰਨਾ' ਕੰਮ ਕਰਨੇ ਨੂੰ ਕਹਿੰਦੇ ਹਨ ਪਰ 'ਕਰੁਨਾ' ਕ੍ਰਿਪਾ ਨੂੰ ਕਹਿੰਦੇ ਹਨ। ਬਾਜ਼ੇ ਪਾਠ ਐਸੇ ਹਨ ਕਿ ਉਹਨਾਂ ਦੀ ਆਵਾਜ਼ ਤਾਂ ਭਿੰਨ ਨਹੀਂ ਪਰ ਅਰਥ ਭਿੰਨ ਹਨ, ਪਾਠਕਾਂ ਨੂੰ ਅਰਥ ਲਾਉਣ ਵੇਲੇ ਭੁਲੇਖਾ ਪੈ ਜਾਂਦਾ ਹੈ। ਜੈਸਾ ਕਿ 'ਕਰ' ਨਾਮ ਹੈ ਹੱਥ ਦਾ, ਪਰ 'ਕਰਨਾ' ਕ੍ਰਿਯਾ ਦਾ 'ਆਗਯਾ ਵਾਚੀ' ਦਾ ਰੂਪ ਬੀ ਇਹੋ ਬਣਦਾ ਹੈ 'ਕਰ', ਜਿਸ ਦਾ ਅਰਥ ਹੈ 'ਤੂੰ ਕੰਮ ਕਰ'। ਅਸਾਂ ਫਿਰ ਗੁ: ਪ੍ਰ: ਸੂਰਜ ਦੇ ਕਈ ਨੁਸਖਿਆਂ ਤੋਂ ਤੇ ਕਵੀ ਜੀ ਦੇ ਹੱਥੀਂ ਲਿਖੇ ਲੇਖਾਂ ਤੋਂ ਲੱਭ ਲਿਆ ਕਿ ਕਵੀ ਜੀ ਨੇ ਸੰਗਯਾ ਅਰਥਾਂ ਵੇਲੇ ਪਦ 'ਕਰ' ਵਰਤਿਆ ਹੈ ਤੇ ਕ੍ਰਿਯਾ ਵੇਲੇ 'ਕਰਿ'। ਸੋ ਅਸਾਂ ਨੇ ਇਹੋ ਸੰਕੇਤ ਇਸ ਨੁਸਖੇ ਵਿਚ ਨਿਬਾਹੁਣ ਦਾ ਯਤਨ ਕੀਤਾ ਹੈ। ਇਸ ਤਰ੍ਹਾਂ ਦੇ ਯਤਨ ਨਾਲ ਟੋਹਾਂ ਲਾ ਲਾ ਕੇ ਜੋ

ਸੰਕੇਤ ਸਾਨੂੰ ਲੱਭੇ ਓਹ ਵਰਤੇ ਹਨ ਤੇ ਉਹਨਾਂ ਦਾ ਪਤਾ ਹੇਠਾਂ ਦੇਂਦੇ ਹਾਂ। ਪਾਠਕ ਕਿਤੇ ਇਹਨਾਂ ਸੰਕੇਤਾਂ ਤੋਂ ਵਿਲੱਖਣਤਾ ਵੇਖਣ ਤਾਂ ਉਹ ਪ੍ਰੈਸ-ਉਕਾਈ ਸਮਝ ਕੇ ਆਪ ਠੀਕ ਕਰ ਲੈਣ। ਐਸੇ ਪਦ ਏਹ ਹਨ:—

ਪਦ । ਅਰਥ

ਅਸ=ਐਸਾ।
ਅਸੁ=ਘੋੜਾ।
ਅਸ੍ਰੁ=ਅੱਸ਼੍ਰੂ।
ਅਸਿ=ਤਲਵਾਰ।
ਆਸ=ਉਮੈਦ।
ਆਸੁ=ਛੇਤੀ।
ਅਰਨ=ਸੂਰਜ।
ਅਰੁਨ=ਲਾਲ।
ਅਰਿਨਿ=ਵੈਰੀਆਂ ਨੂੰ।
ਅਰਿਣ=ਰਿਣ ਤੋਂ ਰਹਿਤ।
ਸੋ=ਓਹ।
ਸੌਂ=ਨਾਲ।
ਸੇਤ, ਸਿਤ } =ਚਿੱਟਾ।
ਸੇਤੁ=ਪੁਲ।
ਸਹਤ, ਸਹਤਿ } =ਨਾਲ।
ਸਹਿਤ=ਹਿਤ ਨਾਲ।
ਸ਼੍ਰੋਣ=ਲਹੂ।
ਸ਼੍ਰੋਨ=ਕੰਨ।
ਹੇਤ=ਪਿਆਰ।
ਹੇਤੁ=ਕਾਰਨ।
ਕਟ, ਕਟਿ } =ਕੱਟਣਾ। ਲੱਕ
ਕਟੁ=ਕੌੜਾ, ਕਰੜਾ।
ਕਰ=ਹਥ।
ਕਰ=ਕਿਰਣ।
ਕਰਿ=ਤੂੰ ਕਰ (ਕ੍ਰਿਯਾ ਵਾਚੀ)।

ਪਦ । ਅਰਥ

ਕਰਨਾ=ਕੰਮ ਕਰਨਾ (ਕ੍ਰਿਯਾ)
ਕਰੁਨਾ, ਕਰੁਣਾ } =ਕ੍ਰਿਪਾ, ਕਰੁਨਾ ਰਸ।
ਗਤ=ਤਾਲ ਦਾ ਬੋਲ ਜੋ ਤਬਲੇ ਆਦਿ ਵਿਚ ਵੱਜੇ।
ਗਤਿ=ਚਾਲ, ਮੁਕਤੀ, ਪ੍ਰਾਪਤੀ, ਹਾਲਤ।
ਚਾਰ=ਅੰਕ ੪।
ਚਾਰੁ=ਸੁੰਦਰ।
ਜਾਂਹਿ=ਜਿਸ ਨੂੰ।
ਜਾਹਿਂ=ਜਾਂਦੇ ਹਨ।
ਜਨ=ਦਾਸ।
ਜਨੁ=ਮਾਨੋ।
ਜੌਨ=ਜਿਹੜਾ।
ਜੌਨ੍ਹ=ਚਾਂਦਨੀ।
ਤਰ=ਹੇਠਾਂ। ਅਤਿਸ਼ੇ ਕਰਿਕੇ।
ਤਰੁ=ਬ੍ਰਿਛ।
ਤਰਨ=ਜਹਾਜ।
ਤਰਣਿ, ਤਰਨਿ=ਸੂਰਜ।
ਤਰੁਣ=ਜੁਆਨ।
ਤਰਨੀ=ਬੇੜੀ।
ਤਰੁਨਿ, ਤਰਨੀ, ਤਰੁਣਿ, ਤਰੁਣੀ } =ਜੁਆਨ ਇਸਤ੍ਰੀ।
ਧਰ=ਧਰਤੀ।
ਧਰਿ=ਰੱਖਕੇ, ਧਰਕੇ, ਫੜਕੇ।
ਪਤ=ਇੱਜ਼ਤ।
ਪਤਿ=ਸੁਆਮੀ।
ਪਾਤ=ਪੱਤੇ।

ਪਦ । ਅਰਥ

ਪਾਂਤਿ=ਪੰਕਤੀ।
ਬਿਧਿ=ਬ੍ਰਹਮਾ, ਤਰ੍ਹਾਂ।
ਬਿਧੁ=ਚੰਦ।
ਬੁਧ=ਇਕ ਗ੍ਰੈਹ।
ਬੁੱਧ=ਬੁੱਧੀਮਾਨ। ਨਿਰਵਾਨ ਪਦ ਆਰੂੜ।
ਬੁਧਿ=ਅਕਲ=ਮੱਤਿ।
ਭਾਨ=ਮਲੂਮ ਯਾ ਪ੍ਰਤੀਤ ਹੋਣਾ।
ਭਾਨੁ=ਸੂਰਜ।
ਮਹਿ=ਧਰਤੀ।
ਮਹਿਂ=ਵਿਚ।
ਮੋਹ=ਪ੍ਰੀਤ।
ਮੋਹਿ=ਮੈਨੂੰ।
ਮਤ=ਧਰਮ।
ਮਤਿ=ਬੁੱਧੀ।
ਮਨ=ਹ੍ਰਿਦਾ।
ਮਨੁ=ਮਾਨੋਂ।
ਰਾਸ=ਢੇਰ, ਬਹੁਤ, ਦਰੁਸਤ।
ਰਾਸਿ=ਸੂਰਜਦੀਆਂ ੧੨ਰਾਸਾਂ, ਗੁ: ਪ੍ਰ: ਸੂ: ਦੇ ਹਿੱਸੇ।
ਰਹਤਿ=ਰਹਿੰਦਾ (ਕ੍ਰਿਯਾਵਾਚੀ)।
ਰਹਿਤ=ਖਾਲੀ। ਮ੍ਰਿਯਾਦਾ।
ਰਵ=ਅਵਾਜ਼, ਗੁੰਜਾਰ।
ਰਵਿ=ਸੂਰਜ।
ਰਾਵਰ=ਆਪ।
ਰਾਵਰਿ=ਆਪਦੀ ਯਾ ਆਪਦਾ।
ਲਾਂਗਲ=ਹਲ।
ਲਾਂਗੁਲ=ਪੂਛ।

—੪ ਇਤਿ ੪—